ਸਿੱਖ ਨਸਲਕੁਸ਼ੀ ਤੇ ਚੁਰਾਸੀ ਦੇ ਘੱਲੂਘਾਰੇ

ਸਰੂਪ ਸਿੰਘ ਨਾਰੰਗ

ਬ੍ਰਿਟਿਸ਼ ਸਿੱਖ ਕੌਂਸਲ

ਸਿੱਖ ਨਸਲਕੁਸ਼ੀ ਤੇ ਚੁਰਾਸੀ ਦੇ ਘੱਲੂਘਾਰੇ

ਲੇਖਕ: ਸਰੂਪ ਸਿੰਘ ਯੂ.ਕੇ.

ਸਭ ਹੱਕ ਲੇਖਕ ਦੇ ਰਾਖਵੇਂ ਹਨ

I. S. B. N. O-9534187-2-3

ਪਹਿਲੀ ਵਾਰ ਨਵੰਬਰ 2004
ਕੁਲ ਪੁਸਤਕਾਂ 2000
ਮੁੱਲ **£5-00**
$8-00
RS-150

Published By : -
ਭਾਈ ਤਰਸੇਮ ਸਿੰਘ ਦਿਉਲ
Guru Nanak Parkashan Academy,
P.O. Box 621,
Willenhall, West Midland. WV 13 2YS
Tel: 01902 608306
Email : Deol_bsc@hotmail.com
ਸਭ ਵਾਦ ਵਿਵਾਦ ਲੰਡਨ ਦੀਆਂ ਨਿਆਂਪਾਲਕਾਵਾਂ ਅਧੀਨ

Computer Work by :
Bimal Creation Jalandhar
13-A Sidhu Market Phagwara Gate Jalandhar
Ph: 98146-05445, 0181-2281430

ਤਤਕਰਾ

ਮੁੱਢਲੇ ਸ਼ਬਦ – ਲੇਖਕ ਵਲੋਂ 5
ਮੁੱਢਲੇ ਸ਼ਬਦ – ਪ੍ਰਕਾਸ਼ਕ ਵਲੋਂ 10
ਮੁੱਖਬੰਧ 13

ਭਾਗ 1
- ਅਜ਼ਾਦੀ ਦੇ ਪਹਿਲੇ ਦਿਨ ਤੋਂ ਹੀ ਸਿੱਖ ਨਸਲਕੁਸ਼ੀ ਸ਼ੁਰੂ 16
- ਕੌਮਾਂ ਨੂੰ ਖਤਮ ਕਰਨ ਦੇ ਢੰਗ 22
- ਭਾਰਤੀ ਰਾਜਨੀਤਕਾਂ ਦਾ ਇਤਿਹਾਸਕ ਪਿਛੋਕੜ 27
- ਸਿੱਖ ਨਸਲਕੁਸ਼ੀ ਦੇ ਮਸਲੇ 'ਤੇ ਸਭ ਪਾਰਟੀਆਂ ਇਕਮਤ 45
- ਆਰ.ਐਸ.ਐਸ.ਦਾ ਪਿਛੋਕੜ 53

ਭਾਗ 2
- ਪੰਜਾਬ 'ਚ ਰਾਜ ਕਿਸ ਦਾ? 60
- ਸਿੱਖ ਪ੍ਰਧਾਨ ਮੰਤਰੀ 71

ਭਾਗ 3
- ਸਿੱਖ ਨਸਲਕੁਸ਼ੀ ਧਾਰਮਿਕ ਪੱਖੋਂ 76
- ਸਿੱਖ ਨਸਲਕੁਸ਼ੀ ਆਰਥਿਕ ਪੱਖੋਂ 82
- ਸਿੱਖ ਨਸਲਕੁਸ਼ੀ ਸਭਿਆਚਾਰਕ ਪੱਖੋਂ 89
- ਵਿਦਿਅਕ ਪੱਖੋਂ ਸਿੱਖ ਨਸਲਘਾਤ–ਸਿੱਖ ਕੌਮ ਦੀ ਪਨੀਰੀ ਤੋਂ 108
- ਸਿੱਖਾਂ ਨੂੰ ਨਸ਼ਿਆਂ 'ਚ ਡੋਬ ਮਾਰਨਾ ਹਥਿਆਰ 115
- ਫੌਜ 'ਚੋਂ ਸਿੱਖਾਂ ਦੀ ਨਫਰੀ ਕਿਵੇਂ ਘਟਾਈ ਗਈ? 121

ਭਾਗ 4
ਸਿੱਖ ਨਸਲਕੁਸ਼ੀ ਦਾ ਪਹਿਲਾ ਦੌਰ –ਅਠੱਤਰ ਦੀ ਖ਼ੂਨੀ ਵਿਸਾਖੀ
- ਖ਼ੂਨੀ ਸਾਕੇ ਦਾ ਪਿਛੋਕੜ 130
- ਨਿਰੰਕਾਰੀਆਂ ਸਬੰਧੀ ਜਾਣਕਾਰੀ 136
- ਖ਼ੂਨੀ ਸਾਕਾ 145

ਭਾਗ 5

ਸਿੱਖ ਨਸਲਕੁਸ਼ੀ ਦਾ ਦੂਜਾ ਖ਼ੂਨੀ ਦੌਰ –ਸਾਕਾ ਨੀਲਾ ਤਾਰਾ

- ਅਕਾਲੀਆਂ ਤੇ ਸੰਤ ਭਿੰਡਰਾਂਵਾਲਿਆਂ ਦਾ ਰੋਲ 159
- ਸੁਪਰ ਇੰਟੈਲੀਜੈਂਸ ਏਜੰਸੀ ਦਾ ਰੋਲ 170
- ਸਿੱਖ ਨਸਲਕੁਸ਼ੀ ਦਾ ਪੰਜਾਹ ਸਾਲਾ ਪਲਾਨ 177
- ਘੱਲੂਘਾਰੇ ਦਾ ਪਿਛੋਕੜ 188
- ਸਾਕਾ ਨੀਲਾ ਤਾਰਾ ਦੀ ਤਿਆਰੀ 192
- ਸਰਕਾਰ ਵਲੋਂ ਦਹਿਸ਼ਤਵਾਦ ਸ਼ੁਰੂ 199
- ਹਮਲੇ ਦਾ ਹੁਕਮ ਦੇਣਾ 210
- ਸਰਕਾਰ ਵਲੋਂ ਦੱਸੇ ਗਏ ਹਮਲੇ ਦੇ ਕਾਰਨਾਂ 'ਤੇ ਟਿਪਣੀ 215
- ਸਾਕਾ ਨੀਲਾ ਤਾਰਾ ਦੀਆਂ ਖਾਸ ਘਟਨਾਵਾਂ 235
- ਸਾਕਾ ਨੀਲਾ ਤਾਰਾ ਤੇ ਭਾਰਤੀ ਫੌਜ 235
- ਅਸਾਵੀਂ ਜੰਗ 242
- ਸਾਕਾ ਨੀਲਾ ਤਾਰਾ ਸਬੰਧੀ ਕੁਝ ਲੋਕਾਂ ਦੇ ਵਿਚਾਰ 252

ਭਾਗ 6

ਸਿੱਖ ਨਸਲਕੁਸ਼ੀ ਦਾ ਤੀਜਾ ਦੌਰ – ਚੁਰਾਸੀ ਦਾ ਘੱਲੂਘਾਰਾ

- ਘੱਲੂਘਾਰੇ ਦਾ ਪਿਛੋਕੜ – ਓਪਰੇਸ਼ਨ ਸ਼ਾਂਤੀ 260
- ਹਿੰਦੂਤਵੀ ਵਹਿਸ਼ਤ ਦਾ ਤਾਂਡਵ ਨਾਚ 263
- ਖ਼ੂਨੀ ਘੱਲੂਘਾਰੇ ਸਬੰਧੀ ਲੋਕਾਂ ਦੇ ਵਿਚਾਰ 278
- ਸਿੱਖਾਂ ਦਾ ਵਹਿਸ਼ੀਆਨਾ ਕਤਲੇਆਮ ਦੰਗੇ ਕਿਵੇਂ ਹੋਏ? 282
- ਆਰ.ਐਸ.ਐਸ.ਸਬੰਧੀ ਸੰਖੇਪ ਜਾਣਕਾਰੀ 284
- ਆਰ.ਐਸ.ਐਸ.ਵਲੋਂ ਜਾਰੀ ਕੀਤੇ ਗਏ ਕੁਝ ਸਰਕੁਲਰ 290
- ਕੀ ਸਿੱਖ ਖਤਮ ਹੋ ਗਏ ਹਨ? 302
- ਸਿੱਖ ਕੌਮ ਦੀਆਂ ਕਦੋਂ ਅੱਖਾਂ ਖੁਲ੍ਹਣਗੀਆਂ? 306

ਮੁੱਢਲੇ ਸ਼ਬਦ (ਲੇਖਕ ਵਲੋਂ)

ਜ਼ਰੂਰੀ ਨੋਟ–

• ਅਕਾਲੀਆਂ ਤੋਂ ਮੇਰਾ ਭਾਵ ਉਹਨਾਂ ਖ਼ੁਦਗਰਜ਼ ਅਕਾਲੀ ਲੀਡਰਾਂ ਤੋਂ ਹੈ, ਜਿਹੜੇ ਕੌਮ ਦੀਆਂ ਬੇੜੀਆਂ ਰੋੜ੍ਹਦੇ ਰਹੇ ਨੇ ਜਾਂ ਰੋੜ੍ਹ ਰਹੇ ਹਨ। ਸਾਧਾਰਨ ਅਕਾਲੀ ਵਰਕਰ ਤਾਂ ਕੌਮ ਖ਼ਾਤਰ ਜਾਨਾਂ ਵਾਰਨ ਵਾਲੇ ਹਨ ਅਤੇ ਪੂਰਨ ਸਤਿਕਾਰ ਦੇ ਪਾਤਰ ਹਨ। 'ਹਿੰਦੂ' ਤੋਂ ਮੇਰਾ ਭਾਵ ਹਿੰਦੂ ਸਾਮਰਾਜੀ ਅਤੇ 'ਬ੍ਰਾਹਮਣ' ਤੋਂ ਮੇਰਾ ਭਾਵ ਮਨੂਵਾਦੀ ਬ੍ਰਾਹਮਣਵਾਦ ਹੈ, ਜਿਹੜੇ ਸਿੱਖੀ ਦੀ ਫੱਟੀ ਪੋਚ ਦੇਣ 'ਤੇ ਤੁਲੇ ਹੋਏ ਹਨ। 'ਮੁਗ਼ਲ' ਤੋਂ ਮੇਰਾ ਭਾਵ ਜ਼ਾਲਮ ਮੁਗ਼ਲਸ਼ਾਹੀ ਹੈ। ਸਾਧਾਰਨ ਹਿੰਦੂ, ਬ੍ਰਾਹਮਣ, ਮੁਸਲਮਾਨ ਜਾਂ ਈਸਾਈ ਮਨੁੱਖ ਹੋਣ ਦੇ ਨਾਤੇ ਸਭ ਸਤਿਕਾਰ ਦੇ ਪਾਤਰ ਹਨ।

• ਮੈਂ ਕਿਸੇ ਵੀ ਸੰਸਥਾ ਜਾਂ ਜਥੇਬੰਦੀ ਦਾ ਮੈਂਬਰ ਨਹੀਂ ਅਤੇ ਨਾ ਹੀਂ ਕਿਸੇ ਵੀ ਜਥੇਬੰਦੀ ਦਾ ਪੱਖ ਪੂਰਨਾ ਮੇਰਾ ਨਿਸ਼ਾਨਾ ਹੈ। ਮੈਂ ਗੁਰਮਤਿ ਅਨੁਕੂਲ ਸਿੱਖ ਕੌਮ ਦੀ ਚੜ੍ਹਦੀ ਕਲਾ ਲਈ ਕੌਮੀ ਦ੍ਰਿਸ਼ਟੀਕੋਨ ਤੋਂ ਲਿਖਣ ਦੀ ਨਿਸ਼ਕਾਮ ਸੇਵਾ ਕਰਦਾ ਹਾਂ। ਹੱਥਲੀ ਪੁਸਤਕ ਵੱਖ ਵੱਖ ਲਿਖੇ ਲੇਖਾਂ 'ਤੇ ਆਧਾਰਤ ਹੋਣ ਕਾਰਨ ਕਈ ਥਾਵਾਂ 'ਤੇ ਲੇਖ ਨੂੰ ਪ੍ਰਭਾਵਸ਼ਾਲੀ ਬਨਾਣ ਲਈ ਮੈਂ ਕਈ ਫ਼ਿਕਰੇ ਜਾਂ ਪੈਰੇ ਜਾਂ ਟੂਕਾਂ ਦੁਹਰਾਉਣ ਦੀ ਲੋੜ ਸਮਝੀ ਹੈ ਜਿਸ ਲਈ ਖਿਮਾ ਦਾ ਜਾਚਕ ਹਾਂ। ਸੁਹਿਰਦ ਤੇ ਕਦਰਦਾਨ ਪਾਠਕਾਂ ਵਲੋਂ ਆਏ ਸੁਝਾਵਾਂ ਲਈ ਧੰਨਵਾਦੀ ਹੋਵਾਂਗਾ। ਕਿਸੇ ਨੂੰ ਉਚਿਆਂ ਜਾਂ ਨੀਵਿਆਂ ਦੱਸਣਾ ਮੇਰੀ ਲਿਖਤ ਦਾ ਮਨੋਰਥ ਨਹੀਂ। ਇਸ ਪੁਸਤਕ ਦਾ ਮਨੋਰਥ ਸਿੱਖ ਕੌਮ ਦੀ ਕੀਤੀ ਗਈ ਨਸਲਕੁਸ਼ੀ 'ਤੇ ਝਾਤ ਪੁਆਣਾ ਹੈ। ਜੋ ਸਿੱਟੇ ਮੈਂ ਕੱਢੇ ਹਨ, ਹੋ ਸਕਦਾ ਹੈ, ਗ਼ਲਤ ਹੋਣ, ਸਿੱਟੇ ਕੱਢਣਾ ਮੇਰਾ ਮਨੋਰਥ ਨਹੀਂ। ਸਚਾਈ ਨਾਲ ਆਪਣੇ ਖਿਆਲ ਬੜੇ ਅਦਬ ਨਾਲ ਪੇਸ਼ ਕਰਨ ਦੀ ਕੋਸ਼ਿਸ਼ ਕਰਦਾ ਹਾਂ। ਇਹਨਾਂ ਦੇ ਠੀਕ ਹੋਣ ਦਾ ਕੋਈ ਦਾਅਵਾ ਨਹੀਂ ਕਰਦਾ। ਸਗੋਂ ਆਪਣੇ ਹਮਸਫਰਾਂ ਨੂੰ ਅਸਲੀਅਤ 'ਤੇ ਝਾਤ ਪੁਆਣ ਦਾ ਯਤਨ ਕਰਦਾ ਹਾਂ। (ਲੇਖਕ)

'ਬਹਾਦਰ ਸਿੱਖ ਕੌਮ ਕਿਵੇਂ ਪਿੰਜਰੇ 'ਚ ਪਈ' ਤੋਂ ਬਾਅਦ 'ਸਿੱਖ ਨਸਲਕੁਸ਼ੀ ਤੇ ਚੁਰਾਸੀ ਦੇ ਘੱਲੂਘਾਰੇ ਨਾਂ ਦੀ ਪੁਸਤਕ ਮੈਂ ਪਾਠਕਾਂ ਦੀ ਸੇਵਾ 'ਚ ਹਾਜ਼ਰ ਕਰਨ ਦੀ ਖੁਸ਼ੀ ਲੈ ਰਿਹਾ ਹਾਂ। ਪੁਸਤਕ ਤਾਂ ਦੇਣੀ ਸੀ 'ਸਿੱਖ ਸੰਘਰਸ਼ ਦੇ ਖ਼ੂਨੀ ਪੱਤਰੇ' ਜਾਂ 'ਸਿੱਖ ਸੰਘਰਸ਼ ਦਾ ਲੇਖਾ ਜੋਖਾ' ਪਰ ਪੁਸਤਕ ਦਾ ਆਕਾਰ ਬਹੁਤ ਵੱਡਾ ਹੋ ਜਾਣਾ ਸੀ, ਜੇ ਮੈਂ ਇਸ ਦੇ ਤਿੰਨੇ ਭਾਗ ਇਕ ਪੁਸਤਕ 'ਚ ਪੇਸ਼ ਕਰਦਾ। ਇਸ ਕਰਕੇ ਮੈਂ ਇਸ ਦੇ ਤਿੰਨ ਭਾਗ ਕਰ ਦਿੱਤੇ ਹਨ। ਪਹਿਲੇ ਭਾਗ ਦੀ ਹੱਥਲੀ ਪੁਸਤਕ 'ਸਿੱਖ ਨਸਲਕੁਸ਼ੀ' ਤੇ ਚੁਰਾਸੀ ਦੇ ਘੱਲੂਘਾਰੇ' 'ਚ ਮੈਂ ਅਠੱਤਰ ਦੀ ਖ਼ੂਨੀ ਵਿਸਾਖੀ ਤੋਂ ਲੈਕੇ ਚੁਰਾਸੀ ਦੇ ਦੋ ਘੱਲੂਘਾਰਿਆਂ ਤਕ ਸਿੱਖ ਨਸਲਘਾਤ ਦੇ ਪਲਾਨ ਮੁਤਾਬਕ ਕੀਤੀ ਗਈ ਸਿੱਖ ਨਸਲਕੁਸ਼ੀ ਦੇ

ਤਿੰਨ ਦੌਰਾਂ ਦਾ ਜ਼ਿਕਰ ਕੀਤਾ ਹੈ। ਦੂਜੇ ਭਾਗ ਦੀ ਪੁਸਤਕ 'ਸਿੱਖ ਨਸਲਕੁਸ਼ੀ ਤੇ ਖ਼ੂਨੀ ਸਿੱਖ ਸੰਘਰਸ਼' (ਸਿੱਖ ਨਸਲਕੁਸ਼ੀ ਦਾ ਚੌਥਾ ਦੌਰ – 1985 ਤੋਂ 1995) 'ਚ ਇਹ ਦੱਸਣ ਦਾ ਯਤਨ ਕੀਤਾ ਹੈ ਕਿ ਕਿਵੇਂ ਹਾਕਮ ਜਮਾਤ ਵਲੋਂ ਸਿੱਖ ਨਸਲਕੁਸ਼ੀ ਕਰਨ ਲਈ ਆਪਣੇ ਸਿੱਖ ਹੱਥਠੋਕੇ ਲੀਡਰਾਂ ਰਾਹੀਂ ਖਾਲਿਸਤਾਨ ਦੇ ਐਲਾਨ ਕਰਵਾਏ ਗਏ, ਪੰਥਕ ਕਮੇਟੀਆਂ ਬਣਵਾਈਆਂ ਗਈਆਂ, ਸਿੱਖਾਂ ਦੇ ਮੂੰਹ 'ਚ ਖਾਲਿਸਤਾਨ ਦਾ ਨਾਅਰਾ ਪਾਇਆ ਗਿਆ, ਹੱਥਾਂ 'ਚ ਹਥਿਆਰ ਫੜਾਏ ਗਏ, ਜਿਸ ਬਹਾਨੇ ਸਿੱਖ ਨੌਜਵਾਨਾਂ ਦਾ ਸ਼ਿਕਾਰ ਖੇਡਿਆ ਗਿਆ ਅਤੇ ਸਿੱਖ ਨਸਲ ਘਾਤ ਕੀਤੀ ਗਈ? ਤੀਜੇ ਭਾਗ ਦੀ ਪੁਸਤਕ 'ਸਿੱਖ ਹੁਣ ਕੀ ਕਰਨ?' 'ਚ ਸਿੱਖ ਕੌਮ ਦੀ ਵਰਤਮਾਨ ਦਸ਼ਾ ਦਾ ਵਿਸ਼ਲੇਸ਼ਣ ਕਰਕੇ ਇਹ ਦੱਸਣ ਦਾ ਯਤਨ ਕੀਤਾ ਹੈ ਕਿ ਸਿੱਖ ਇਥੋਂ ਕਿਧਰ ਨੂੰ ਮੋੜ ਕੱਟਣ।

ਚੁਰਾਸੀ ਦੇ ਘੱਲੂਘਾਰਿਆਂ ਸਬੰਧੀ ਬਹੁਤ ਕੁਝ ਲਿਖਿਆ, ਪੜਚੋਲਿਆ ਅਤੇ ਪ੍ਰਸਾਰਿਆ ਗਿਆ ਹੈ ਪਰ ਉਨ੍ਹਾਂ ਨੂੰ ਸਿੱਖ ਨਸਲਕੁਸ਼ੀ ਦੇ ਪੱਖ ਤੋਂ ਘੱਟ ਹੀ ਵਿਚਾਰਿਆ ਗਿਆ ਹੈ। ਇਸ ਪੁਸਤਕ 'ਚ ਸਿੱਖ ਨਸਲਕੁਸ਼ੀ ਦੇ ਪੰਜਾਹ ਸਾਲਾ ਪਲਾਨ ਬਾਰੇ ਦੱਸਣ ਦਾ ਯਤਨ ਕੀਤਾ ਗਿਆ ਹੈ ਕਿ ਇਹ ਪਲਾਨ ਕਦੋਂ ਬਣਿਆ, ਕਿਵੇਂ ਅਮਲ 'ਚ ਲਿਆਂਦਾ ਗਿਆ ਅਤੇ ਕਿਵੇਂ ਸਿੱਖ ਨਸਲਕੁਸ਼ੀ ਕੀਤੀ ਗਈ? ਅਠੱਤਰ ਦੀ ਖ਼ੂਨੀ ਵਿਸਾਖੀ ਤੇ ਚੁਰਾਸੀ ਦੇ ਘੱਲੂਘਾਰੇ ਕੋਈ ਇੱਕੜ-ਦੁੱਕੜ ਵਾਰਦਾਤਾਂ ਨਹੀਂ ਸਨ, ਸਗੋਂ ਵਿਉਂਤਬੰਦ ਢੰਗ ਨਾਲ ਸਿੱਖ ਨਸਲਘਾਤ ਦੀਆਂ ਹੀ ਕੜੀਆਂ ਸਨ। ਚੁਰਾਸੀ ਵਾਲਾ ਘੱਲੂਘਾਰਾ ਖਾਲਸੇ ਦੇ ਤਿੰਨ ਸੌ ਸਾਲਾ ਸ਼ਾਜਨਾ ਦਿਹਾੜੇ (1999 ਵਾਲੀ ਵਿਸਾਖੀ) ਨੂੰ ਵਰਤਾਇਆ ਜਾਣਾ ਸੀ, ਪਰ ਇੰਦਰਾ ਗਾਂਧੀ ਵਲੋਂ ਇਸ ਨੂੰ ਅਗਾਊਂ ਵਰਤਿਆ ਗਿਆ ਜਿਸ ਦਾ ਜ਼ਿਕਰ ਅੱਗੇ ਚੱਲ ਕੇ ਆਏਗਾ। ਇਸ ਕਲਮ ਨੇ ਹੀ ਸਭ ਤੋਂ ਪਹਿਲਾਂ ਸਿੱਖ ਨਸਲਕੁਸ਼ੀ ਪਲਾਨ ਬਾਰੇ ਆਪਣੀਆਂ ਪੁਸਤਕਾਂ – 'ਖਾਲਿਸਤਾਨ ਦੀ ਲੋੜ ਕਿਉਂ' ਅਤੇ 'ਬਹਾਦਰ ਸਿੱਖ ਕੌਮ ਕਿਵੇਂ ਪਿੰਜਰੇ 'ਚ ਪਈ' 'ਚ ਇਸ ਪਲਾਨ ਬਾਰੇ ਜ਼ਿਕਰ ਕੀਤਾ ਸੀ। ਸਿੱਖ ਨਸਲਕੁਸ਼ੀ ਦਾ ਅਮਲ ਅਜ਼ਾਦੀ ਦੇ ਪਹਿਲੇ ਦਿਨ ਤੋਂ ਹੀ ਸ਼ੁਰੂ ਕਰ ਦਿੱਤਾ ਗਿਆ ਸੀ।

'ਸਿੱਖ ਨਸਲਕੁਸ਼ੀ ਤੇ ਚੁਰਾਸੀ ਦੇ ਘੱਲੂਘਾਰੇ' ਨਾਂ ਦੀ ਹੱਥਲੀ ਪੁਸਤਕ ਇਕ ਹੋਰ ਲੂੰ ਕੰਡੇ ਖੜੇ ਕਰ ਦੇਣ ਵਾਲੀ ਹਿਰਦੇ-ਵੇਧਕ ਗਾਥਾ ਹੈ। ਬ੍ਰਾਹਮਣਵਾਦ ਵਲੋਂ ਕਿਵੇਂ ਯੋਜਨਾ-ਬੱਧ ਢੰਗ ਨਾਲ ਸਿੱਖ ਨਸਲਘਾਤ ਕੀਤੀ ਗਈ ਅਤੇ ਇਸ ਦੀ ਬੁੱਚੜ ਫੌਜ ਵਲੋਂ ਆਪਣੇ

ਹੀ ਨਿਰਦੋਸ਼ ਤੇ ਨਿਹੱਥੇ ਸ਼ਹਿਰੀਆਂ ਨੂੰ ਕੋਹ-ਕੋਹ ਕੇ ਮਾਰਿਆ ਗਿਆ। ਇਸ ਦੇ ਨਾਲ ਹੀ ਸਿੱਖ ਕੌਮ ਦੇ ਆਪਣੇ ਹੀ ਲੀਡਰਾਂ ਵਲੋਂ ਜਿਸ ਨੀਚਤਾ ਨਾਲ, ਜਿਸ ਅਕ੍ਰਿਤਘਣਤਾ ਨਾਲ, ਜਿਸ ਦੁਸ਼ਟਤਾ ਨਾਲ, ਜਿਸ ਪੱਥਰ ਦਿਲੀ ਨਾਲ, ਜਿਸ ਬੇਕਿਰਕੀ ਨਾਲ ਅਤੇ ਜਿਸ ਦਗਾਬਾਜ਼ੀ ਨਾਲ ਬ੍ਰਾਹਮਣ-ਬਾਣੀਏ ਦੇ ਹੱਥਠੋਕੇ ਬਣਕੇ, ਹਰਿਮੰਦਰ ਸਾਹਿਬ 'ਤੇ ਹਮਲਾ ਕਰਵਾ ਕੇ, ਸਿੱਖ ਕੌਮ ਦੀ ਨਸਲਘਾਤ ਕਰਵਾਈ, ਉਸ ਤਰ੍ਹਾਂ ਦੀ ਨੀਚਤਾ ਦੀ ਮਿਸਾਲ ਅੱਜ ਤਕ ਦੇ ਕਲਮਬੰਦ ਹੋ ਚੁੱਕੇ ਮਨੁੱਖੀ ਇਤਿਹਾਸ ਵਿੱਚ ਹੋਰ ਕਿਤੇ ਵੀ ਨਹੀਂ ਮਿਲਦੀ। ਸੁਆਰਥੀ ਤੇ ਵਿਸਾਹਘਾਤਕ ਸਿੱਖ ਲੀਡਰਾਂ ਵਲੋਂ ਹਰਿਮੰਦਰ ਸਾਹਿਬ 'ਤੇ ਹਮਲਾ ਕਰਵਾਉਣ ਦੀ ਨੀਵੀਂ ਤੋਂ ਨੀਵੀਂ ਪੱਧਰ ਦੀ ਸੁਆਰਥਕਤਾ, ਨੀਚਤਾ ਅਤੇ ਅਕ੍ਰਿਤਘਣਤਾ ਦੀ ਇਹ ਦਿਲ-ਚੀਰਵੀਂ ਅਦੁੱਤੀ ਮਿਸਾਲ ਹੈ।

ਸਿੱਖ ਲੀਡਰਾਂ ਦੀ ਵਜ਼ੀਰੀਆਂ ਦੀ ਭੁੱਖ, ਗੁਰਦੁਆਰਿਆਂ ਦਾ ਧਾਨ ਖਾਣ ਦੀ ਭੁੱਖ ਅਤੇ ਪ੍ਰਧਾਨਗੀਆਂ ਤੇ ਚੌਧਰਾਂ ਦੀ ਭੁੱਖ ਬੇਸ਼ਰਮੀ ਦੀਆਂ ਸਾਰੀਆਂ ਹੱਦਾਂ ਪਾਰ ਕਰ ਗਈ ਹੈ। ਇਹਨਾਂ ਦੀ ਵਜ਼ਾਰਤਾਂ, ਜਥੇਦਾਰੀਆਂ ਅਤੇ ਪ੍ਰਧਾਨਗੀਆਂ ਦੀ ਭੁੱਖ ਨੇ ਹੀ ਹਰਿਮੰਦਰ ਸਾਹਿਬ 'ਤੇ ਹਮਲਾ ਕਰਵਾਇਆ ਸੀ ਅਤੇ ਇਹਨਾਂ ਦੀ ਇਹ ਭੁੱਖ ਹੀ ਸਿੱਖ ਕੌਮ ਨੂੰ ਮਲੀਆ ਮੇਟ ਕਰਦੀ ਆ ਰਹੀ ਹੈ। ਜੇ ਬੀਤੇ ਸਮੇਂ ਵਿੱਚ ਅਜ਼ਾਦੀ ਸਮੇਂ ਸਿੱਖ ਲੀਡਰਾਂ ਫ਼ੈਸਲੇ ਦੀਆਂ ਘੜੀਆਂ ਸਮੇਂ ਠੀਕ ਫ਼ੈਸਲੇ ਲਏ ਹੁੰਦੇ, ਤਾਂ ਅੱਜ ਸਿੱਖ ਕੌਮ ਆਪਣੇ ਅਜ਼ਾਦ ਮੁਲਕ ਦੀ ਮਾਲਕ ਹੁੰਦੀ। ਨਾ ਘਲੂਘਾਰਿਆਂ ਦੇ ਸੰਤਾਪ ਹੰਢਾਉਣੇ ਪੈਂਦੇ, ਨਾ ਕੌਮ ਦੀ ਵੱਢ-ਟੁੱਕ ਹੋਈ ਹੁੰਦੀ, ਨਾ ਸੰਘਰਸ਼ ਦੀ ਲੋੜ ਪੈਂਦੀ ਅਤੇ ਨਾ ਹੀਂ ਕੌਮ ਨੂੰ ਗ਼ੁਲਾਮੀ ਦਾ ਜ਼ਲੀਲ ਜੀਵਨ ਜੀਉਣਾ ਪੈਂਦਾ।

ਮੈਂ 'ਗੁਰੂ ਨਾਨਕ ਪ੍ਰਕਾਸ਼ਨ ਅਕੈਡਮੀ' ਦੇ ਪ੍ਰਬੰਧਕਾਂ ਦਾ ਧੰਨਵਾਦੀ ਹਾਂ, ਜਿਨ੍ਹਾਂ ਨੇ ਇਸ ਪੁਸਤਕ ਦੇ ਛਪਵਾਉਣ-ਵੰਡਣ ਦੀ ਜ਼ਿਮੇਵਾਰੀ ਲੈਕੇ ਮੇਰਾ ਕਾਫ਼ੀ ਭਾਰ ਹਲਕਾ ਕੀਤਾ ਹੈ। ਇਹ ਇਕ ਬੜੀ ਵੱਡੀ ਜ਼ਿਮੇਵਾਰੀ ਹੈ ਜਿਸ ਨੂੰ ਨਿਭਾਉਣਾ ਸੁਖਾਲਾ ਕੰਮ ਨਹੀਂ। ਇਹਨਾਂ ਦੇ ਇਸ ਉਪਰਾਲੇ ਨਾਲ ਮੈਂ ਅਗਲੀ ਪੁਸਤਕ ਨੂੰ ਜਲਦੀ ਸਿਰੇ ਚਾੜ੍ਹ ਸਕਾਂਗਾ। ਮੈਂ ਭਾਈ ਤਰਸੇਮ ਸਿੰਘ ਜੀ ਦਾ ਰਿਣੀ ਹਾਂ, ਜਿਨ੍ਹਾਂ ਨੇ ਇਸ ਪੁਸਤਕ ਨੂੰ ਬੜੇ ਉਤਸ਼ਾਹ ਨਾਲ ਛਪਵਾਉਣ ਦੀ ਜ਼ਿਮੇਵਾਰੀ ਲਈ ਹੈ। ਆਪ ਜੀ ਵਲੋਂ ਖਰੜੇ ਨੂੰ ਪੜ੍ਹਨ ਅਤੇ ਵੱਡਮੁੱਲੇ ਸੁਝਾਅ ਦੇਣ ਲਈ ਵੀ ਧੰਨਵਾਦ ਕਰਦਾ ਹਾਂ। ਵਾਹਿਗੁਰੂ ਆਪ ਜੀ ਨੂੰ ਅਜਿਹੇ ਕੌਮੀ ਕੰਮਾਂ ਨੂੰ ਸਿਰੇ ਚਾੜ੍ਹਨ ਵਿੱਚ ਹੋਰ ਜ਼ਿਆਦਾ ਬਲ ਬਖ਼ਸ਼ੇ।

ਮੈਂ ਉਹਨਾਂ ਸਾਰੇ ਵਿਦਵਾਨਾਂ ਅਤੇ ਰਸਾਲਿਆਂ ਦੇ ਅਦਾਰਿਆਂ

ਦਾ ਰਿਣੀ ਹਾਂ,ਜਿਨ੍ਹਾਂ ਦੇ ਹਵਾਲੇ ਮੈਂ ਇਸ ਪੁਸਤਕ ਵਿੱਚ ਵਰਤੇ ਹਨ। 'ਅਦਾਰਾ ਚੜ੍ਹਦੀ ਕਲਾ','ਅਦਾਰਾ ਸਿੱਖ ਵਿਰਸਾ','ਅਦਾਰਾ ਸਿੱਖ ਬੁਲੇਟਿਨ ਅਤੇ 'ਅਦਾਰਾ ਸਿੱਖ ਸ਼ਹਾਦਤ' ਦਾ ਮੈਂ ਖ਼ਾਸ ਤੌਰ ਤੇ ਧੰਨਵਾਦ ਕਰਨ ਦਾ ਮੌਕਾ ਲੈਂਦਾ ਹਾਂ,ਜੋ ਕਈ ਸਾਲਾਂ ਤੋਂ ਮੈਨੂੰ ਆਪਣਾ ਪਰਚਾ ਭੇਟਾ ਰਹਿਤ ਭੇਜ ਰਹੇ ਹਨ।

ਸਭ ਤੋਂ ਪਹਿਲਾਂ ਮੈਂ ਯੂ.ਕੇ.ਦੇ ਸੁਲਝੇ ਹੋਏ ਗੁਰਸਿੱਖ ਵਿਦਵਾਨ ਭਾਈ ਰਸ਼ਪਾਲ ਸਿੰਘ ਜੀ ਫ਼ੌਜੀ ਦਾ ਧੰਨਵਾਦ ਕਰਦਾ ਹਾਂ,ਜਿਨ੍ਹਾਂ ਨੇ ਇਸ ਪੁਸਤਕ ਦੀ ਸੁਧਾਈ ਵਿੱਚ ਵੀ ਯੋਗਦਾਨ ਪਾਇਆ ਅਤੇ ਫਾਈਨਲ ਖਰੜਾ ਪੜ੍ਹਨ ਵਿੱਚ ਵੀ। ਜਿਸ ਲਈ ਮੈਂ ਆਪ ਜੀ ਦਾ ਰਿਣੀ ਹਾਂ। ਮੈਂ ਸ੍ਰ.ਹਰਬਿੰਦਰ ਸਿੰਘ ਜੀ ਦਾ ਦਿਲੋਂ ਧੰਨਵਾਦ ਕਰਨ ਦਾ ਮੌਕਾ ਲੈਂਦਾ ਹਾਂ ਜਿਨ੍ਹਾਂ ਨੇ ਆਪਣੇ ਘਰੋਗੀ ਰੁਝੇਵਿਆਂ ਵਿੱਚੋਂ ਕੀਮਤੀ ਸਮਾਂ ਕੱਢ ਕੇ ਖਰੜੇ ਦੀ ਸੁਧਾਈ ਕਰਨ ਵਿੱਚ ਯੋਗਦਾਨ ਪਾਇਆ ਅਤੇ ਮੈਨੂੰ ਭਾਵ-ਪੂਰਤ ਸੁਝਾਅ ਵੀ ਦਿੱਤੇ,ਜਿਸ ਲਈ ਮੈਂ ਆਪ ਜੀ ਦਾ ਧੰਨਵਾਦੀ ਹਾਂ। ਯੂ.ਕੇ.ਦੀ ਸਿਰਮੌਰ ਵਿਦਵਾਨ ਸੰਸਥਾ 'ਸਿੱਖ ਸਟੱਡੀ ਫੋਰਮ' ਦੇ ਕਨਵੀਨਰ ਸ੍ਰ.ਬਲਦੇਵ ਸਿੰਘ ਸਾਬਰ ਜੀ ਦਾ ਧੰਨਵਾਦੀ ਹਾਂ ਜਿਨ੍ਹਾਂ ਨੇ ਖਰੜਾ ਵੀ ਪੜ੍ਹਿਆ ਅਤੇ ਇਸ ਪੁਸਤਕ ਲਈ ਭਾਵਪੂਰਤ ਭੂਮਿਕਾ ਵੀ ਲਿਖੀ।

ਮੈਂ ਗਿਆਨੀ ਜਸਵੰਤ ਸਿੰਘ ਜੀ ਦਾ ਵੀ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਢਿੱਲੀ ਸਿਹਤ ਹੋਣ ਦੇ ਬਾਵਜੂਦ ਖਰੜਾ ਪੜ੍ਹਨ ਵਿੱਚ ਯੋਗਦਾਨ ਪਾਇਆ। ਮੈਂ ਸ੍ਰ.ਸੁਰਜੀਤ ਸਿੰਘ ਗਿੱਲ ਅਤੇ ਸਰਦਾਰਨੀ ਅਮਰਜੀਤ ਕੌਰ ਜੀ ਗਿੱਲ ਦਾ ਵੀ ਧੰਨਵਾਦੀ ਹਾਂ ਜਿਨ੍ਹਾਂ ਨੇ ਆਪਣਾ ਕੀਮਤੀ ਸਮਾਂ ਦੇਕੇ ਖਰੜਾ ਪੜ੍ਹਨ ਵਿੱਚ ਯੋਗਦਾਨ ਪਾਇਆ। ਮੈਂ ਸ੍ਰ.ਗੁਰਬਿੰਦਰ ਸਿੰਘ ਸਮਰਾ ਦਾ ਇਕ ਵਾਰ ਫੇਰ ਦਿਲੋਂ ਧੰਨਵਾਦ ਕਰਨ ਦਾ ਮੌਕਾ ਲੈਂਦਾ ਹਾਂ ਜਿਨ੍ਹਾਂ ਨੇ ਮੈਨੂੰ ਨਾ ਕੇਵਲ ਇਤਨਾ ਸੁੰਦਰ ਪੰਜਾਬੀ ਫ਼ੌਂਟ ਬਣਾ ਕੇ ਦਿੱਤਾ,ਸਗੋਂ ਮੇਰੀ ਲੋੜ ਮੁਤਾਬਕ ਬਹੁਤ ਸਾਰੀਆਂ ਤਬਦੀਲੀਆਂ ਕਰਕੇ ਮੇਰੇ ਲਈ ਟਾਈਪ ਕਰਨਾ ਸੁਖਾਲਾ ਵੀ ਬਣਾਇਆ।

ਮੈਂ ਹੇਠ ਲਿਖੇ ਸੁਹਿਰਦ ਲੇਖਕਾਂ,ਵਿਦਵਾਨਾਂ,ਸਨੇਹੀਆਂ ਅਤੇ ਪਾਠਕਾਂ ਦਾ ਰਸਮੀ ਤੌਰ ਤੇ ਨਹੀਂ ਸਗੋਂ ਦਿਲੋਂ ਸਤਿਕਾਰ ਸਹਿਤ ਧੰਨਵਾਦ ਕਰਨ ਦਾ ਮੌਕਾ ਲੈਂਦਾ ਹਾਂ,ਜੋ ਮੇਰੀ ਕਲਮ ਨੂੰ ਚੱਲਦਿਆਂ ਰੱਖਣ ਵਿੱਚ ਕਿਸੇ ਨਾ ਕਿਸੇ ਰੂਪ ਵਿੱਚ ਸਹਾਇਕ ਬਣਦੇ ਰਹਿੰਦੇ ਹਨ ਅਤੇ ਜਿਨ੍ਹਾਂ ਦੇ ਉਤਸ਼ਾਹ ਤੇ ਉਦਮ ਨਾਲ ਇਹ ਪੁਸਤਕ ਵਜੂਦ ਵਿੱਚ ਆਈ ਹੈ। ਇਹਨਾਂ ਤੋਂ ਬਿਨਾਂ ਹੋਰ ਜਿਸ ਕਿਸੇ ਨੇ ਵੀ ਇਸ ਪੁਸਤਕ

ਦੇ ਛਪਵਾਉਣ ਵਿੱਚ ਯੋਗਦਾਨ ਪਾਇਆ ਅਤੇ ਮੈਂ ਉਹਨਾਂ ਦੇ ਨਾਂ ਨਹੀਂ ਦੇ ਸਕਿਆ, ਉਹਨਾਂ ਸਭਨਾਂ ਦਾ ਵੀ ਇਥੇ ਹਾਰਦਿਕ ਧੰਨਵਾਦ ਕਰਨ ਦਾ ਮੌਕਾ ਲੈਂਦਾ ਹਾਂ–

ਸ੍ਰ. ਰਾਜਿੰਦਰ ਸਿੰਘ ਭਸੀਨ, ਸਰਦਾਰਨੀ ਹਰਵਿੰਦਰ ਕੌਰ ਭਸੀਨ, ਸ੍ਰ. ਭੁਪਿੰਦਰ ਸਿੰਘ, ਸ੍ਰ. ਮਖਨ ਸਿੰਘ ਸਿੱਧੂ, ਬੀਬੀ ਰਾਜਵਿੰਦਰ ਕੌਰ ਸਿੱਧੂ, ਸੁਰਿੰਦਰ ਕੌਰ ਗੁਲਾਟੀ, ਜਸਬੀਰ ਕੌਰ ਸਿੱਧੂ, ਸ੍ਰ. ਸਤਵੰਤ ਸਿੰਘ, ਸ੍ਰ. ਹਰਚੰਦ ਸਿੰਘ ਗਰੇਵਾਲ, ਸ੍ਰ. ਮੋਹਨ ਸਿੰਘ ਰੰਧਾਵਾ, ਸ੍ਰ. ਦਲਜੀਤ ਸਿੰਘ ਸ਼ੇਰਗਿਲ ਸ੍ਰ. ਕੁਲਦੀਪ ਸਿੱਘ ਭੋਗਲ, ਸਰਦਾਰਨੀ ਸੁਰਿੰਦਰ ਕੌਰ, ਸ੍ਰ. ਪਰਮਿੰਦਰ ਸਿੰਘ, ਬੀਬੀ ਤਲਵਿੰਦਰ ਕੌਰ, ਬੀਬੀ ਅਮਰਜੀਤ ਕੌਰ, ਸ੍ਰ. ਜਰਮਨ ਸਿੰਘ ਸੀਹਰਾ, ਬੀਬੀ ਰਛਪਾਲ ਕੌਰ ਸੀਹਰਾ, ਸ੍ਰ. ਕਸ਼ਮੀਰ ਸਿੰਘ ਸਰਕਾਰੀਆ, ਤੇਜਿੰਦਰ ਸਿੰਘ ਨਾਰੰਗ, ਸ੍ਰ. ਜਸਵੰਤ ਸਿੰਘ, ਯੂ. ਕੇ., ਪ੍ਰਿੰਸੀਪਲ ਅਮਰਜੀਤ ਸਿੰਘ, ਭਾਈ ਬਲਵੰਤ ਸਿੰਘ ਜੀ, ਭੈਣ ਇੰਦਰਜੀਤ ਕੌਰ, ਸ੍ਰ. ਮਾਨ ਸਿੰਘ ਜੀ, ਡਾ. ਖੜਕ ਸਿੰਘ ਜੀ, ਹਰਜਿੰਦਰ ਸਿੰਘ ਜੀ ਮਾਂਗਟ, ਡਾ. ਪਰਮਜੀਤ ਕੌਰ, ਸਰਦਾਰਨੀ ਮਨਜੀਤ ਕੌਰ ਅਹੂਜਾ, ਸ੍ਰ. ਕੁਲਦੀਪ ਸਿੰਘ ਅਹੂਜਾ, ਡਾ. ਬਲਜੀਤ ਕੌਰ ਇੰਡੀਆ, ਡਾ. ਅਮਰਜੀਤ ਸਿੰਘ, ਸਰਦਾਰਨੀ ਕਰਮਜੀਤ ਕੌਰ, ਹਰਦੇਵ ਸਿੰਘ ਸ਼ੇਰਗਿੱਲ, ਡਾ. ਗੁਰਮੀਤ ਸਿੰਘ ਔਲਖ ਅਮਰੀਕਾ, ਭਾ. ਜੁਝਾਰ ਸਿੰਘ, ਸਤਨਾਮ ਸਿੰਘ ਰੰਧਾਵਾ, ਡਾ. ਪਰਮਜੀਤ ਕੌਰ, ਬੀਬੀ ਅੰਮ੍ਰਿਤ ਕੌਰ ਖ਼ਾਲਸਾ ਅਤੇ ਡਾ. ਹਰਜਿੰਦਰ ਸਿੰਘ ਦਿਲਗੀਰ।

ਪਾਠਕਾਂ ਦੀ ਸੇਵਾ ਵਿੱਚ ਹੱਥਲੀ ਪੁਸਤਕ ਪੇਸ਼ ਕਰਨ ਦੀ ਖੁਸ਼ੀ ਲੈ ਰਿਹਾ ਹਾਂ। ਆਸ ਕਰਦਾ ਹਾਂ ਕਿ ਇਹ ਪੁਸਤਕ ਪਾਠਕਾਂ ਦੀ ਜਾਣਕਾਰੀ ਵਿੱਚ ਕੁਝ ਨਾ ਕੁਝ ਜ਼ਰੂਰ ਵਾਧਾ ਕਰੇਗੀ। ਮੈਂ ਆਮ ਪਾਠਕਾਂ ਲਈ ਲਿਖਦਾ ਹਾਂ, ਆਮ ਲੋਕਾਂ ਦੀ ਸਮਝ ਵਾਲੀ ਸ਼ਬਦਾਵਲੀ ਦੀ ਹੀ ਵਰਤੋਂ ਕਰਦਾ ਹਾਂ ਅਤੇ ਪੰਡਤਾਊ ਸ਼ਬਦਾਂ ਦੀ ਵਰਤੋਂ ਤੋਂ ਸੰਕੋਚ ਕਰਦਾ ਹਾਂ। ਆਸ ਹੈ ਕਿ ਪਾਠਕ ਇਸ ਸੇਵਾ ਨੂੰ ਪ੍ਰਵਾਨ ਕਰਨਗੇ। ਹਰ ਪਾਠਕ ਦੇ ਵਿਚਾਰਾਂ ਦਾ ਸਤਿਕਾਰ ਕਰਨ ਵਾਲਾ:

ਸਰੂਪ ਸਿੰਘ ਯੂਕੇ

19 Manor Ave; Hounslow, Middx;TW4 7JP. London, U.K.

Email : S_S_Narang@Hotmail.com

ਮੁੱਢਲੇ ਸ਼ਬਦ (ਪ੍ਰਕਾਸ਼ਕ ਵਲੋਂ)

ਇਹ ਇਕ ਮੰਨੀ ਹੋਈ ਹਕੀਕਤ ਹੈ ਕਿ ਕਲਮ ਹਜ਼ਾਰਾਂ ਤਲਵਾਰਾਂ ਨੂੰ ਜਨਮ ਦਿੰਦੀ ਹੈ ਪਰ ਲੱਖਾਂ ਤਲਵਾਰਾਂ ਮਿਲਕੇ ਵੀ ਇਕ ਕਲਮ ਨੂੰ ਜਨਮ ਨਹੀਂ ਦੇ ਸਕਦੀਆਂ। ਹਾਂ,ਕਲਮ ਲੱਖਾਂ ਤਲਵਾਰਾਂ ਅਤੇ ਸੂਰਮੇ ਪੈਦਾ ਕਰ ਸਕਦੀ ਹੈ। ਇਸੇ ਕਰਕੇ ਕਲਮ ਤਲਵਾਰ ਨਾਲੋਂ ਜ਼ਿਆਦਾ ਸ਼ਕਤੀਸ਼ਾਲੀ ਹਥਿਆਰ ਮੰਨਿਆ ਗਿਆ ਹੈ। ਕਲਮ ਦੀ ਸ਼ਕਤੀ ਉਸਾਰੂ ਵੀ ਹੋ ਸਕਦੀ ਹੈ ਅਤੇ ਢਾਹੂ ਵੀ। ਆਮ ਤੌਰ ਤੇ ਹਾਕਮ ਜਮਾਤਾਂ ਆਪਣੀਆਂ ਗ਼ੁਲਾਮ ਕੌਮ ਨੂੰ ਗ਼ੁਲਾਮ ਬਣਾਈ ਰੱਖਣ ਲਈ ਉਸ ਦੇ ਲੇਖਕਾਂ ਨੂੰ ਖਰੀਦ ਕੇ ਇਸ ਹਥਿਆਰ ਦੀ ਵਰਤੋਂ ਕਰਦੀਆਂ ਹਨ। ਸਾਹਿਤ ਕਿਸੇ ਸਮਾਜ ਦਾ ਸ਼ੀਸ਼ਾ ਹੁੰਦਾ ਹੈ। ਕਿਸੇ ਵੀ ਕੌਮ ਬਾਰੇ ਉਸ ਦਾ ਸਾਹਿਤ ਦੱਸ ਸਕਦਾ ਹੈ ਕਿ ਉਹ ਕੌਮ ਕਿਥੇ ਖੜੀ ਹੈ। ਵਕਤ ਦੇ ਹਾਣ ਦੀਆਂ ਬਣਨ ਵਾਲੀਆਂ ਕੌਮਾਂ ਦਾ ਖ਼ਜ਼ਾਨਾ ਉਸ ਦਾ ਅਮੀਰ ਸਾਹਿਤ ਹੀ ਹੁੰਦਾ ਹੈ। ਅਜ਼ਾਦੀ ਲਈ ਲੜ ਰਹੀਆਂ ਕੌਮਾਂ ਲਈ ਉਨ੍ਹਾਂ ਦਾ ਸਾਹਿਤ ਤੇ ਇਤਿਹਾਸ ਹੀ ਪ੍ਰੇਰਣਾ ਦੇ ਸੋਮੇ ਬਣਦੇ ਹਨ।

ਇਤਿਹਾਸ ਕੌਮਾਂ ਦਾ ਵੱਡਮੁਲਾ ਖ਼ਜ਼ਾਨਾ ਹੁੰਦਾ ਹੈ। ਮਹਾਂਪੁਰਸ਼ਾਂ ਦੇ ਕਾਰਨਾਮੇ ਇਕ ਐਸੀ ਕਰਾਮਾਤੀ ਸ਼ਕਤੀ ਹੈ,ਜਿਸ ਨਾਲ ਠੰਡੇ ਲਹੂ 'ਚ ਮੁੜ ਤਪਸ਼ ਅਤੇ ਮੁਰਦਾ ਰੱਗਾਂ 'ਚ ਨਵੀਂ ਜੀਵਨ ਸ਼ਕਤੀ ਛਲਕਾਂ ਮਾਰਨ ਲੱਗ ਜਾਂਦੀ ਹੈ। ਸਾਡੇ ਗੁਰੂਆਂ ਦੀਆਂ ਸ਼ਹਾਦਤਾਂ ਪਿੱਛੇ ਸਿੱਖੀ ਅਸੂਲ ਤੇ ਗੁਰਮਤਿ ਦਰਸ਼ਨ ਸੰਮਿਲਤ ਹਨ। ਹੁਣ ਤਕ ਅਸੀਂ ਸ਼ਹੀਦਾਂ ਦੇ ਲਹੂ ਭਿਜੇ ਇਤਿਹਾਸ ਸਦਕਾ ਹੀ ਆਪਣੀ ਹੋਂਦ ਨੂੰ ਕਾਇਮ ਰੱਖਿਆ ਹੈ। ਜਿਹੜੀਆਂ ਕੌਮਾਂ ਆਪਣੇ ਇਤਿਹਾਸ ਨੂੰ ਭੁਲਾ ਬੈਠਦੀਆਂ ਹਨ,ਉਹ ਕੌਮਾਂ ਗਏ ਗੁਜ਼ਰੇ ਸਮੇਂ ਦੀ ਕਹਾਣੀ ਬਣਕੇ ਰਹਿ ਜਾਂਦੀਆਂ ਹਨ। ਜਿਹੜੀਆਂ ਕੌਮਾਂ ਆਪਣੇ ਇਤਿਹਾਸ ਤੋਂ ਸਬਕ ਨਹੀ ਸਿਖਦੀਆਂ,ਉਹ ਮੁੜ ਮੁੜ ਕੇ ਧੋਖਾ ਖਾਂਦੀਆਂ ਹਨ।

ਉਹ ਕੌਮਾਂ ਹੀ ਸੰਸਾਰ 'ਚ ਆਪਣੀ ਹੋਂਦ ਕਾਇਮ ਰੱਖ ਸਕਦੀਆਂ ਹਨ,ਜਿਨ੍ਹਾਂ ਦਾ ਸ਼ਾਨਦਾਰ ਇਤਿਹਾਸਕ ਵਿਰਸਾ ਹੋਵੇ ਅਤੇ ਗੌਰਵਮਈ ਰਵਾਇਤਾਂ ਹੋਣ। ਆਪਣੇ ਗੌਰਵਮਈ ਇਤਿਹਾਸ ਦੀ ਰੌਸ਼ਨੀ 'ਚ ਹੀ ਕੌਮਾਂ ਆਪਣਾ ਭਵਿੱਖ ਰੌਸ਼ਨ ਬਣਾ ਸਕਦੀਆਂ ਹਨ। ਜ਼ਿੰਦਾ ਕੌਮਾਂ ਨੂੰ ਢਹਿੰਦੀਆਂ ਕਲਾ 'ਚੋਂ ਉਹਨਾਂ ਦਾ ਸ਼ਾਨਦਾਰ ਇਤਿਹਾਸ ਹੀ ਉਠਾ ਕੇ ਆਪਣੇ ਪੈਰਾਂ 'ਤੇ ਖੜਾ ਕਰਦਾ ਹੈ। ਜਿਹੜੀ ਕੌਮ ਆਪਣੇ ਕੌਮੀ ਵਿਰਸੇ ਦੀ ਗੌਰਵਤਾ ਦਾ ਅਹਿਸਾਸ ਖੋਹ ਬੈਠਦੀ ਹੈ,ਉਸ ਕੌਮ ਅੰਦਰੋਂ ਕੌਮੀ ਭਾਵਨਾ ਖਤਮ ਹੋ ਜਾਂਦੀ ਹੈ ਅਤੇ ਉਹ ਜਲਦੀ ਹੀ ਗ਼ੁਲਾਮ ਬਣ ਜਾਂਦੀ ਹੈ। ਆਪਣੇ ਕੌਮੀ ਵਿਰਸੇ ਤੇ ਮਾਣ ਕਰਨ ਨਾਲ ਹੀ ਮਨੁੱਖ ਅੰਦਰ

ਕੌਮੀ ਭਾਵਨਾ ਜਾਗਦੀ ਹੈ।

ਇਤਿਹਾਸ ਜੇਤੂਆਂ ਵਲੋਂ ਲਿਖਿਆ ਜਾਂਦਾ ਹੈ। ਕਿਸੇ ਕੌਮ ਨੂੰ ਖਤਮ ਕਰ ਦੇਣ ਲਈ ਜੇਤੂ ਕੌਮ ਉਸ ਦਾ ਇਤਿਹਾਸ ਹੀ ਮੇਟ ਕੇ ਰੱਖ ਦਿੰਦੀ ਹੈ। ਜਿਹੜੀਆਂ ਕੌਮਾਂ ਆਪਣਾ ਇਤਿਹਾਸ ਵਿਸਾਰ ਦੇਂਦੀਆਂ ਹਨ,ਇਤਿਹਾਸ ਉਹਨਾਂ ਨੂੰ ਵਿਸਾਰ ਦਿੰਦਾ ਹੈ। ਇਤਿਹਾਸ ਦੀ ਬੇਕਦਰੀ ਕਰਨ ਵਾਲੀਆਂ ਕੌਮਾਂ ਦਾ ਇਤਿਹਾਸ ਹੀ ਸਮਾਪਤ ਨਹੀ ਹੁੰਦਾ,ਸਗੋਂ ਉਹ ਆਪ ਹੀ ਖਤਮ ਹੋ ਜਾਂਦੀਆਂ ਹਨ। ਆਪਣਾ ਇਤਿਹਾਸ ਭੁੱਲ ਜਾਣ ਵਾਲੇ ਵਿਅਕਤੀ ਤਾਂ ਕੀ ਕੌਮਾਂ ਵੀ ਖੁਰ ਜਾਂਦੀਆਂ ਹਨ। ਹਾਕਮ ਜਮਾਤ ਨੇ ਪੰਜਾਬ ਦੀਆਂ ਤਿੰਨਾਂ ਯੂਨੀਵਰਸਿਟੀਆਂ ਰਾਹੀਂ ਸਿੱਖਾਂ ਦਾ ਸ਼ਾਨਦਾਰ ਇਤਿਹਾਸ ਮੇਸ ਦਿੱਤਾ ਹੋਇਆ ਹੈ ਅਤੇ ਪੰਜਾਬੀ ਸਾਹਿਤ 'ਚੋਂ ਸਿੱਖੀ ਕਿਰਦਾਰ ਅਲੋਪ ਕਰ ਦਿੱਤਾ ਹੈ। ਸਿੱਖ ਇਤਿਹਾਸ ਨੂੰ ਪਰਸਾਰਨਾ,ਖੋਜ ਦਾ ਪਾਤਰ ਬਨਾਉਣਾ ਅਤੇ ਇਸ ਦੀ ਪੁਣ-ਛਾਣ ਕਰਕੇ ਇਸ ਨੂੰ ਆਉਣ ਵਾਲੀ ਨਵੀਂ ਪਨੀਰੀ ਤਕ ਪਹੁੰਚਾਣਾ ਵਕਤ ਦੀ ਮੰਗ ਹੈ।

ਆਪਣੇ ਗੌਰਵਮਈ ਵਿਰਸੇ ਨੂੰ ਭੁਲਾਈ ਬੈਠੀ ਸਿੱਖ ਕੌਮ ਨੂੰ ਜਾਗਣ ਦੀ ਲੋੜ ਹੈ। ਜਿਹੜੀਆਂ ਕੌਮਾਂ ਆਪਣੇ ਕੌਮੀ ਆਚਾਰ ਤੇ ਕਿਰਦਾਰ ਦੀ ਕਦਰ ਨਹੀਂ ਕਰਦੀਆਂ,ਉਹ ਕੌਮ ਦਿਨੋ ਦਿਨ ਨਿਘਰ ਕੇ ਖਤਮ ਹੋ ਜਾਂਦੀਆਂ ਹਨ। ਜਿਸ ਕੌਮ ਦਾ ਇਤਿਹਾਸ ਗੌਰਵਮਈ ਨਹੀ,ਉਹ ਕੌਮ ਸਮਾਂ ਪਾ ਕੇ ਮਰ-ਮਿਟ ਜਾਂਦੀ ਹੈ। ਸਿੱਖ ਲੇਖਕਾਂ ਦਾ ਅੱਜ ਅਖਲਾਕੀ ਫ਼ਰਜ਼ ਬਣਦਾ ਹੈ ਕਿ ਉਹ ਸਿੱਖ ਕਿਰਦਾਰ ਅਤੇ ਸਿੱਖੀ ਕਦਰਾਂ ਕੀਮਤਾਂ ਨੂੰ ਸਾਹਮਣੇ ਰੱਖ ਕੇ ਉਚ ਪਾਏ ਦਾ ਪੰਜਾਬੀ ਸਾਹਿਤ ਸਿਰਜਣ ਤਾਂ ਜੋ ਸਿੱਖ ਨੌਜਵਾਨ ਪੰਜਾਬੀ ਸਾਹਿਤ ਵਿਚਲੀਆਂ ਉੱਚੀਆਂ ਤੇ ਸੁੱਚੀਆਂ ਕਦਰਾਂ ਕੀਮਤਾਂ ਨਾਲ ਲੈਸ ਹੋ ਕੇ ਸਿੱਖੀ ਨੂੰ ਆਪਣਾ ਮਾਡਲ ਸਮਝਣ। ਅੱਜ ਸਿੱਖ ਕੌਮ ਨੂੰ ਕਲਮ,ਕਿਤਾਬ ਜਾਂ ਅਖਬਾਰ ਦੇ ਹਥਿਆਰਾਂ ਨਾਲ ਬ੍ਰਾਹਮਣਵਾਦ ਦਾ ਮੁਕਾਬਲਾ ਕਰਨ ਵਾਲੇ ਵਿਦਵਾਨਾਂ ਦੀ ਵਧੇਰੇ ਲੋੜ ਹੈ।

ਸ.ਨਾਰੰਗ ਨੇ ਆਪਣੀ ਪੁਸਤਕ 'ਸਿੱਖ ਨਸਲਕੁਸ਼ੀ ਤੇ ਚੁਰਾਸੀ ਦੇ ਘੱਲੂਘਾਰੇ' ਨਾਂ ਦੀ ਹੱਥਲੀ ਪੁਸਤਕ 'ਚ ਸਿੱਖ ਇਤਿਹਾਸਕ ਹਵਾਲੇ ਦੇ ਕੇ ਇਹ ਸਪਸ਼ਟ ਕੀਤਾ ਹੈ ਕਿ ਬ੍ਰਾਹਮਣਵਾਦ ਗੁਰੂ ਨਾਨਕ ਸਾਹਿਬ ਦੇ ਸਮੇਂ ਤੋਂ ਹੀ ਹਰ ਹੱਥ ਆਏ ਮੌਕੇ 'ਤੇ ਸਿੱਖੀ ਦੀਆਂ ਜੜ੍ਹਾਂ ਵੱਢਦਾ ਆ ਰਿਹਾ ਹੈ। ਅਠੱਤਰ ਦੀ ਵਿਸਾਖੀ ਤੋਂ ਸ਼ੁਰੂ ਕਰਕੇ ਚੁਰਾਸੀ ਦੇ ਘੱਲੂਘਾਰਿਆਂ ਤਕ ਸਿੱਖ ਕੌਮ ਦੀ ਵਹਿਸ਼ੀਆਨਾ ਢੰਗ ਨਾਲ ਕੀਤੀ ਗਈ ਸਿੱਖ ਨਸਲਕੁਸ਼ੀ ਦਾ ਬਿਆਨ ਬੜੇ ਭਾਵਪੂਰਤ ਢੰਗ ਨਾਲ ਪੇਸ਼

ਕੀਤਾ ਹੈ। ਦਾਸ ਗੁਰੂ ਨਾਨਕ ਪ੍ਰਕਾਸ਼ਨ ਅਕੈਡਮੀ ਵਲੋਂ ਸਰਦਾਰ ਨਾਰੰਗ ਦਾ ਧੰਨਵਾਦ ਕਰਦਾ ਹੈ ਜਿਨ੍ਹਾਂ ਨੇ ਇਹ ਪੁਸਤਕ ਛਪਵਾਉਣ ਦੀ ਸੇਵਾ ਦਿੱਤੀ ਹੈ। ਮੈਂ ਅਕੈਡਮੀ ਵਲੋਂ ਹੇਠ ਲਿਖੇ ਗੁਰਸਿੱਖਾਂ ਦਾ ਦਿਲੋਂ ਧੰਨਵਾਦ ਕਰਨ ਦਾ ਮੌਕਾ ਲੈਂਦਾ ਹਾਂ ਜਿਨ੍ਹਾਂ ਨੇ ਇਸ ਪੁਸਤਕ ਦੇ ਛਪਵਾਉਣ 'ਚ ਯੋਗਦਾਨ ਪਾਇਆ ਹੈ:-

ਸ.ਨਰਿੰਦਰ ਸਿੰਘ ਜੀ,ਸ.ਸੁਖਵਿੰਦਰ ਸਿੰਘ ਜੀ ਧਾਰੀਵਾਲ ਅਤੇ ਸ.ਬਲਜੀਤ ਸਿੰਘ ਜੌਹਲ।

ਤਰਸੇਮ ਸਿੰਘ

Guru Nanak Parkashan Academy
P.O. Box No 621, Wolverhampton
West Midlands. WV13 2YS. U.K.
Tel: 01902 608306
Email : Deol _bsc @ hotmail . com

ਮੁਖ-ਬੰਧ

ਸ੍ਰ. ਸਰੂਪ ਸਿੰਘ ਨਾਰੰਗ ਦੀ ਲਿਖੀ ਹੱਥਲੀ ਪੁਸਤਕ 'ਸਿੱਖ ਨਸਲਕੁਸ਼ੀ ਤੇ ਚੁਰਾਸੀ ਦੇ ਘੱਲੂਘਾਰੇ' ਦੇ ਸਮੁੱਚੇ ਅਧਿਐਨ ਤੋਂ ਗਿਆਤ ਹੁੰਦਾ ਹੈ ਕਿ ਇਹ ਇਕ ਦਰਦਨਾਕ ਪ੍ਰਮਾਣਿਤ ਵਿਥਿਆ ਹੈ। ਇਹ ਕੌੜਾ ਸੱਚ ਹੈ ਕਿ ਕੇਂਦਰੀ ਹਿੰਦੂਵਾਦੀ ਸਰਕਾਰ ਨੇ ਆਪਣੇ ਹੀ ਜਮਹੂਰੀ ਦੇਸ 'ਚ ਸਿੱਖਾਂ ਦੇ ਪਵਿੱਤਰ ਤੇ ਪੂਜਨਯੋਗ ਅਸਥਾਨ-ਹਰਿਮੰਦਰ ਸਾਹਿਬ ਤੇ ਫੌਜੀ ਹਮਲਾ ਕਰ ਸਿੱਖਾਂ ਦੀ ਨਸਲਕੁਸ਼ੀ ਕਰਨ ਦਾ ਕੁਕਰਮ ਸਿੱਧ ਕੇ ਤੇ ਜਾਣਬੁੱਝ ਕੇ ਕੀਤਾ ਤਾਂ ਜੋ ਸੂਰਬੀਰ ਤੇ ਅਣਖੀਲੇ ਜਾਣੇ ਜਾਂਦੇ ਸਿੱਖਾਂ ਨੂੰ ਸਬਕ ਸਿੱਖਾਇਆ ਜਾ ਸਕੇ। ਗਿਣੀ-ਮਿਥੀ ਸਾਜ਼ਸ਼ ਅਨੁਸਾਰ ਹਮਲਾ ਵੀ 3 ਜੂਨ - ਸ਼ਹੀਦੇ. ਆਜ਼ਮ ਗੁਰੂ ਅਰਜਨ ਸਾਹਿਬ ਦੇ ਸ਼ਹੀਦੀ ਪੁਰਬ ਵਾਲੇ ਦਿਨ ਕੀਤਾ ਤਾਂ ਜੋ ਹਜ਼ਾਰਾਂ ਆਏ ਯਾਤਰੀਆਂ ਦਾ ਅਸਾਨੀ ਨਾਲ ਘਾਣ ਕੀਤਾ ਜਾ ਸਕੇ।

ਪੰਜਾਬ ਨੂੰ ਦੁਪਿਆਰਨ ਵਾਲੀ ਕਾਂਗਰਸ ਨੇ ਜਿੱਥੇ ਸਿੱਖ ਕੌਮ ਦੇ ਸਰਬਉਚ ਅਸਥਾਨ 'ਤੇ ਫੌਜਾਂ ਚਾੜ੍ਹੀਆਂ, ਉਥੇ ਭਾਜਪਾ ਆਗੂਆਂ ਨੇ ਉਸ ਭਿਆਨਕ ਕਾਰੇ ਦੀ ਰਜ ਕੇ ਸ਼ਲਾਘਾ ਕੀਤੀ। ਸਪਸ਼ਟ ਹੈ ਕਿ ਸ਼ਾਤਰ ਦਿਮਾਗ਼ ਹਿੰਦੂਆਂ ਦੀ ਬਹੁਗਿਣਤੀ ਹਮਲੇ ਦੇ ਹੱਕ 'ਚ ਸੀ। ਕੀ ਕਾਂਗਰਸ ਤੇ ਕੀ ਭਾਜਪਾ ਸਿੱਖਾਂ ਦੀ ਨਸਲਘਾਤ ਕਰਨ ਦੇ ਮਾਮਲੇ 'ਤੇ ਸਭ ਇਕ ਹਨ। ਕਾਂਗਰਸ ਸਰਕਾਰ ਨੇ ਆਪਣੇ ਹੀ ਕੁਰਬਾਨੀ ਦੇ ਪੁਤਲੇ ਸਿੱਖ ਨਾਗਰਕਾਂ ਨੂੰ ਜਾਣ-ਬੁਝ ਕੇ ਧੋਖਾ ਦਿੱਤਾ। ਹਮਲਾ ਬੇਬਸ, ਨਿਹੱਥੇ ਤੇ ਫਾਹੇ ਹੋਏ ਯਾਤਰੀਆਂ 'ਤੇ ਕੀਤਾ ਗਿਆ। ਹਰਿਮੰਦਰ ਸਾਹਿਬ ਭਵਨ-ਸਮੂਹ 'ਤੇ ਹਵਾਈ ਤੇ ਪਿਆਦਾ ਦੋਹਾਂ ਫੌਜਾਂ ਨੇ ਅਜੇਹੀ ਧੂੰਆਂਧਾਰ ਬੰਬਾਰੀ ਕੀਤੀ ਕਿ ਅਕਾਲ ਤਖਤ ਦੀ ਇਮਾਰਤ ਨੂੰ ਬਰਬਾਦ ਕਰ ਕੇ ਰੱਖ ਦਿੱਤਾ ਅਤੇ ਸਾਰੇ ਭਵਨ ਸਮੂਹ ਦਾ ਵੀ ਬਹੁਤ ਜਾਨੀ ਤੇ ਮਾਲੀ ਨੁਕਸਾਨ ਕੀਤਾ। ਇਥੇ ਹੀ ਬਸ ਨਹੀਂ ਸਾਰੇ ਪੰਜਾਬ ਦੀ ਮੁਕੰਮਲ ਫੌਜੀ ਨਾਕਾਬੰਦੀ ਕਰਕੇ ਹਰਿਮੰਦਰ ਸਾਹਿਬ ਤੋਂ ਇਲਾਵਾ 42 ਤੋਂ ਵੱਧ ਪੰਜਾਬ ਦੇ ਹੋਰ ਪ੍ਰਸਿੱਧ ਇਤਿਹਾਸਕ ਗੁਰਦੁਆਰਿਆਂ 'ਤੇ ਵੀ ਵਹਿਸ਼ੀਆਨਾ ਹਮਲਾ ਕੀਤਾ ਗਿਆ।

ਇਸ 'ਚ ਕੋਈ ਸ਼ਕ ਨਹੀਂ ਕਿ ਭਾਰਤ 'ਚ ਹਰਿਮੰਦਰ ਸਾਹਿਬ ਹੀ ਇਕੋ ਇਕ ਧਾਰਮਿਕ ਅਸਥਾਨ ਹੈ ਜਿੱਥੇ ਸਭ ਦੂਜੇ ਧਰਮਾਂ ਦੇ ਲੋਕਾਂ ਨੂੰ ਦਰਸ਼ਨ ਕਰ ਪ੍ਰਾਰਥਨਾ ਕਰਨ ਦੀ ਪੂਰੀ ਪੂਰੀ ਖੁਲ੍ਹ ਹੈ। ਚਾਰੇ ਵਰਨਾਂ-ਬ੍ਰਾਹਮਣ, ਕਸ਼ਤਰੀ, ਵੈਸ਼ ਤੇ ਸ਼ੂਦਰ ਸਭ ਲਈ ਚਾਰੇ ਦਰਵਾਜ਼ੇ ਹਮੇਸ਼ਾ ਖੁਲ੍ਹੇ ਹਨ। ਸ਼ੋਕ ਦੀ ਗੱਲ ਇਹ ਹੈ ਕਿ ਇਹ ਹਮਲਾ ਧਰਮ-ਨਿਰਪੇਖਤਾ ਦਾ ਦਾਅਵਾ ਕਰਨ ਵਾਲੀ ਕਾਂਗਰਸ ਸਰਕਾਰ ਨੇ

ਸਿੱਖਾਂ ਦੇ ਪਵਿੱਤਰ ਸ਼ਹਿਰ ਸ੍ਰੀ ਅੰਮ੍ਰਿਤਸਰ ਦੀ ਬੇਅਦਬੀ ਕਰਨ, ਸਿੱਖਾਂ ਦੀ ਬਰਬਾਦੀ ਤੇ ਤਬਾਹੀ ਕਰਨ ਅਤੇ ਸਿੱਖਾਂ ਦੀ ਅਣਖ ਨੂੰ ਰੋਲਣ ਲਈ ਕੀਤਾ ਸੀ। ਜਿੱਥੋਂ ਤਕ ਹਰਿਮੰਦਰ ਸਾਹਿਬ ਦੇ ਅੰਦਰ ਰਹਿੰਦੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਤੇ ਹੋਰ ਕੁਝ ਕੁ ਸਿੰਘਾਂ ਨਾਲ ਸਿੱਝਣ ਦਾ ਸਬੰਧ ਸੀ, ਸਰਕਾਰ ਬਾਹਰੋਂ ਰਾਸ਼ਨ-ਪਾਣੀ ਤੇ ਆਵਾਜਾਈ ਬੰਦ ਕਰ ਪੂਰੀ ਤਰ੍ਹਾਂ ਨਾਕਾਬੰਦੀ ਦੁਆਰਾ ਹੀ ਮਸਲੇ ਦਾ ਹਲ ਬਾਖੂਬੀ ਲੱਭ ਸਕਦੀ ਸੀ। ਪਰੰਤੂ ਬੁਖਲਾਈ ਹੋਈ ਘਮੰਡੀ ਬੀਬੀ ਇੰਦਰਾ ਗਾਂਧੀ ਲਈ ਸਵਾਲ ਤਾਂ ਅਣਖੀਲੀ, ਜਫਾਕਸ਼ ਤੇ ਮਾਨਮਤੀ ਸਿੱਖ ਕੌਮ ਨੂੰ ਦੁਬੇਲ ਬਣਾ, ਨਿਮੂਝੂਣਾ ਤੇ ਜ਼ਲੀਲ ਕਰਨ ਅਤੇ ਵਿਨਾਸ਼ ਕਰਨ ਦਾ ਸੀ। ਅਸਲ 'ਚ ਉਸ ਨੂੰ ਸਿੰਘਾਂ ਦੀ ਸਰਦਾਰੀ, ਮਰਦਾਨਗੀ ਤੇ ਮੋਰਚਾਬਾਜ਼ੀ ਵਾਲਾ ਸਿਆਸੀ ਵਤੀਰਾ ਭਾਉਂਦਾ ਨਹੀਂ ਸੀ।

ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਮੌਤ ਤੋਂ ਬਾਅਦ ਨਵੰਬਰ ਚੁਰਾਸੀ 'ਚ ਦਿੱਲੀ ਵਿਖੇ ਤੇ ਹੋਰ ਸ਼ਹਿਰਾਂ 'ਚ ਰਾਜੀਵ ਗਾਂਧੀ ਦੀ ਹਲਾਸ਼ੇਰੀ ਤੇ ਕਾਂਗਰਸ ਦੇ ਤਿਆਰ ਕੀਤੇ ਜਰਾਇਮ ਪੇਸ਼ਾ ਗੁੰਡਿਆਂ ਨੇ ਸਿੱਖਾਂ ਦੇ ਘਰ ਸਾੜ-ਫੂਕ ਕੇ, ਲੁੱਟ-ਮਾਰ ਕਰਕੇ ਅਤੇ ਸਿੱਖ ਪਰਿਵਾਰਾਂ ਦੇ ਜੀਆਂ ਨੂੰ ਜੀਂਦਿਆਂ ਜਲਾ ਕੇ ਤਾਂਡਵ ਨਾਚ ਨਚਿਆ। ਇਥੇ ਹੀ ਬਸ ਨਹੀਂ ਹਿੰਦੂ ਮੁਸ਼ਟੰਡਿਆਂ ਦੀਆਂ ਜੁੰਡਲੀਆਂ ਦਾ ਸ਼ਰੇਆਮ ਗਲੀਆਂ-ਬਜ਼ਾਰਾਂ 'ਚ ਬੇਬਸ ਸਿੱਖ ਔਰਤਾਂ ਦਾ ਬਲਾਤਕਾਰ ਕਰਨਾ ਆਪਣੇ ਆਪ 'ਚ ਇਕ ਸ਼ਰਮਨਾਕ ਕਾਲਾ ਕਾਰਾ ਹੈ। ਇਹ ਵੀ ਕੌੜਾ ਸੱਚ ਹੈ ਕਿ ਸੈਂਕੜੇ ਕੁੜੀਆਂ ਅਗਵਾ ਕੀਤੀਆਂ ਗਈਆਂ, ਜਿਨ੍ਹਾਂ ਦਾ ਹਾਲਾਂ ਤਕ ਕੋਈ ਸੁਰ-ਪਤਾ ਨਹੀਂ ਲੱਗਿਆ। ਇਸ ਤੋਂ ਵੱਡਾ ਕਾਲਾ ਕਾਰਾ ਹੋਰ ਕੀ ਹੋ ਸਕਦਾ ਹੈ? ਇਸ ਤਰ੍ਹਾਂ ਤਸ਼ਦੱਦ ਕਰਾ ਰਾਜੀਵ ਗਾਂਧੀ ਨੇ ਜਰਮਨੀ ਦੀ ਨਾਜ਼ੀ ਪਾਰਟੀ ਦੇ ਦੂਜੇ ਸੰਸਾਰ ਯੁੱਧ 'ਚ ਕੀਤੀ ਯਹੂਦੀਆਂ ਦੀ ਤਬਾਹੀ ਨੂੰ ਮਾਤ ਪਾ ਦਿੱਤਾ ਸੀ। ਸਿੱਖਾਂ ਦਾ ਸਰਬਨਾਸ਼ ਕਰ ਦੇਣ ਦੀ ਇਹ ਇਕ ਗਿਣੀ-ਮਿਥੀ ਦਿਲ ਕੰਬਾਊ ਤੇ ਹੌਲਨਾਕ ਸਾਜ਼ਸ਼ ਸੀ। ਗੁੰਡੇ ਆਪਣੇ ਕਾਰੇ ਕਰਦੇ ਰਹੇ ਤੇ ਪੁਲਿਸ ਤਮਾਸ਼ਾ ਵੇਖਦੀ ਰਹੀ। ਹਿੰਦੂ ਪੁਲਿਸ ਨੂੰ ਤਾਂ ਹੁਕਮ ਹੀ ਤੁਮਾਸ਼ਾ ਵੇਖਣ ਦਾ ਸੀ ਅਤੇ ਸਭ ਸਿੱਖ ਪੁਲਿਸ ਕਰਮਚਾਰੀਆਂ ਨੂੰ ਪਹਿਲਾਂ ਹੀ ਲਾਈਨ ਹਾਜ਼ਰ ਕਰਾ ਲਿਆ ਗਿਆ ਸੀ। ਜੇ ਹਿਟਲਰ ਤਾਨਾਸ਼ਾਹੀ ਡਿਕਟੇਟਰ ਸੀ ਤਾਂ ਇੰਦਰਾ ਤੇ ਰਾਜੀਵ ਵੀ ਉਸ ਤੋਂ ਘੱਟ ਸਾਬਤ ਨਹੀਂ ਹੋਏ। ਕਿੰਨੇ ਰੋਸ ਵਾਲੀ ਗੱਲ ਹੈ ਕਿ ਅਪਣੇ ਹੀ ਦੇਸ ਦੀ ਲੋਕਤੰਤਰਾਤਮਕ ਤੇ ਧਰਮ-ਨਿਰਪੱਖ ਸਰਕਾਰ ਵਲੋਂ ਕੀਤੇ ਫੌਜੀ ਹਮਲੇ ਦੀ ਐਸੀ ਘਿਨੌਣੀ ਮਿਸਾਲ ਦੁਨੀਆ ਦੇ ਇਤਿਹਾਸ 'ਚ ਕਿਤੇ ਨਹੀਂ ਮਿਲਦੀ। ਦੁਨੀਆ ਦੇ ਇਤਿਹਾਸ 'ਚ ਭਾਰਤੀ ਹਿੰਦੂਵਾਦੀ ਕਾਂਗਰਸ ਸਰਕਾਰ ਦਾ

ਇਹ ਕਾਲਾ ਕਾਰਨਾਮਾ ਇਕ ਹੌਲਨਾਕ ਘਟਨਾ ਸਮਝੀ ਜਾਏਗੀ। ਇਹ ਸਭ ਉਪੱਦਰ ਬੀਬੀ ਇੰਦਰਾ ਗਾਂਧੀ ਦੀਆਂ ਵਧੀਕੀਆਂ ਤੇ ਕੂਟਨੀਤੀਆਂ ਕਾਰਨ ਹੋਏ।

ਲੇਖਕ ਨੇ ਚੋਖੀ ਦਲੇਰੀ ਤੇ ਹਿੰਮਤ ਕਰ ਚੁਰਾਸੀ ਦੇ ਘੱਲੂਘਾਰੇ 'ਤੇ ਇਹ ਗੰਭੀਰ ਵਾਰਤਾ ਬੜੇ ਜ਼ਾਬਤੇ ਤੇ ਸਲੀਕੇ ਨਾਲ ਸਾਡੇ ਨਾਲ ਸਾਂਝੀ ਕੀਤੀ ਹੈ, ਜੋ ਇਕ ਸ਼ਲਾਘਾਯੋਗ ਉਦਮ ਹੈ। ਮੈਂ ਸਮਝਦਾ ਹਾਂ ਕਿ ਇਤਿਹਾਸ ਜਿਹੜਾ ਸਾਮਰਾਜੀ ਸਾਜ਼ਸ਼ਾਂ ਤੇ ਕੂਟਲਨੀਤੀਆਂ ਨੂੰ ਚੰਗੀ ਤਰ੍ਹਾਂ ਨੰਗਾ ਤੇ ਨਸ਼ਰ ਨਹੀਂ ਕਰਦਾ, ਉਹ ਸੱਚਾ ਇਤਿਹਾਸ ਨਹੀਂ ਹੋ ਸਕਦਾ। ਪ੍ਰੰਤੂ ਲੇਖਕ ਨੇ ਆਪਣੀ ਵਾਰਤਾ 'ਚ ਕੀਤੇ ਗਏ ਜ਼ੁਲਮ, ਉਪੱਦਰ ਤੇ ਹਿਟਲਰੀ ਤਾਨਾਸ਼ਾਹੀ ਨੂੰ ਨੰਗਾ ਕਰਕੇ ਬੜੀ ਜੁਰਅਤ ਕਰ ਸੱਚ ਕਮਾਇਆ ਹੈ। ਰੌਂਗਟੇ ਖੜੇ ਕਰਨ ਵਾਲੀ ਇਸ ਪੁਸਤਕ ਦਾ ਅਧਿਐਨ ਪਾਠਕਾਂ ਲਈ ਇਕ ਲਲਕਾਰ ਤੇ ਚੁਣੌਤੀ ਸਾਬਤ ਹੋਵੇਗੀ ਅਤੇ ਉਨ੍ਹਾਂ ਨੂੰ ਸੱਚੇ ਮਾਰਗ ਤੇ ਚਲਦਿਆਂ, ਸ਼ਸਤਰ ਤੇ ਸ਼ਬਦ ਦੇ ਖੇਤਰ 'ਚ ਨਿਪੁੰਨ ਹੋ ਸਿੱਖ ਕੌਮ ਦੇ ਪੈਰੀਂ ਪਈਆਂ ਬੇੜੀਆਂ ਤੋੜ, ਪੰਜਾਬ ਦੇਸ ਦੀ ਅਜ਼ਾਦੀ ਲਈ ਜੂਝਨ ਲਈ ਸਮਰਥਾ ਪ੍ਰਦਾਨ ਕਰੇਗੀ। ਸੱਚੀ ਗੱਲ ਤਾਂ ਇਹ ਹੈ ਕਿ ਸਿੱਖਾਂ ਨੂੰ ਪੰਥਕ ਰਵਾਇਤਾਂ ਅਨੁਸਾਰ ਸਿੱਖੀ ਸਿਧਾਂਤਾਂ 'ਤੇ ਚਲਣ ਦੀ ਅਤੇ ਸੱਚ ਦੀ ਗਵਾਹੀ ਭਰਨ ਦੀ ਅੱਜ ਅਤਿਅੰਤ ਲੋੜ ਹੈ।

ਬਲਦੇਵ ਸਿੰਘ ਸਾਬਰ
226 Romford road, London E 7 9 HZ

ਭਾਗ 1

ਸਿੱਖ ਨਸਲਕੁਸ਼ੀ ਤੇ ਚੁਰਾਸੀ ਦੇ ਘੱਲੂਘਾਰੇ

ਅਜ਼ਾਦੀ ਦੇ ਪਹਿਲੇ ਦਿਨ ਤੋਂ ਹੀ ਸਿੱਖ ਨਸਲਕੁਸ਼ੀ ਸ਼ੁਰੂ

ਕਾਂਗਰਸੀ ਹਿੰਦੂ ਲੀਡਰ ਅਜ਼ਾਦੀ ਤੋਂ ਪਹਿਲਾਂ ਜਦੋਂ ਸਿੱਖ ਲੀਡਰਾਂ ਨੂੰ ਸਪੈਸ਼ਲ ਖਿੱਤਾ ਦੇਣ ਦੇ ਲਾਰੇ ਲਾ ਰਹੇ ਸਨ, ਉਦੋਂ ਹੀ ਇਨ੍ਹਾਂ ਵਲੋਂ ਸਿੱਖ ਨਸਲਕੁਸ਼ੀ ਕਰਨ ਦੀਆਂ ਸਕੀਮਾਂ ਤਿਆਰ ਕੀਤੀਆਂ ਜਾ ਰਹੀਆਂ ਸਨ। ਅਜ਼ਾਦੀ ਮਿਲਣ ਤੋਂ ਪਹਿਲਾਂ ਨਾ ਕੇਵਲ ਪਲਾਨ ਤਿਆਰ ਹੋ ਚੁੱਕਾ ਸੀ ਸਗੋਂ ਉਸ ਨੂੰ ਲਾਗੂ ਕਰਨ ਦੀਆਂ ਡਿਊਟੀਆਂ ਵੀ ਲੱਗਾ ਦਿੱਤੀਆਂ ਗਈਆਂ ਸਨ। ਸਿੱਖ ਨਸਲਕੁਸ਼ੀ ਦੀਆਂ ਸਕੀਮਾਂ ਅਜ਼ਾਦੀ ਤੋਂ ਪਹਿਲਾਂ ਹੀ ਤਿਆਰ ਕਰ ਲਈਆਂ ਗਈਆਂ ਸਨ।

ਪਾਕਿਸਤਾਨ ਨੂੰ ਅਮਲੀ ਰੂਪ ਦਿੱਤੇ ਜਾਣ ਦਾ 14 ਅਗਸਤ ਦਾ ਦਿਨ ਨਿਰਧਾਰਤ ਕੀਤਾ ਗਿਆ ਸੀ। ਇਸ ਤੋਂ ਤਿੰਨ ਦਿਨ ਪਹਿਲਾਂ ਹੀ ਰਾਸ਼ਟਰੀ ਸਵੈਮ ਸੇਵਕ ਸੰਘ (ਆਰ.ਐਸ.ਐਸ.) ਦੇ ਕਾਰਕੁੰਨਾਂ ਨੇ ਨਹਿਰੂ-ਪਟੇਲ ਦੀ ਛਤਰ ਛਾਇਆ ਹੇਠ ਆਪਣਾ 'ਕੰਮ' (ਮੁਸਲਮਾਨਾਂ ਤੇ ਸਿੱਖਾਂ ਦਾ ਕਤਲੇਆਮ) ਕਰਨ ਲਈ ਡਿਊਟੀਆਂ ਸੰਭਾਲ ਲਈਆਂ ਸਨ। 14 ਅਗਸਤ ਦੀ ਰਾਤ ਤੋਂ ਲੈਕੇ 31 ਅਗਸਤ ਤਕ ਮੌਜੂਦਾ ਭਾਰਤ ਵਿੱਚ ਲੱਖਾਂ ਮੁਸਲਮਾਨ ਤੇ ਸਿੱਖ ਯੋਜਨਾਬੱਧ ਢੰਗ ਨਾਲ ਮੌਤ ਦੇ ਘਾਟ ਉਤਾਰ ਦਿੱਤੇ ਗਏ ਸਨ, ਜਿਵੇਂ ਨਵੰਬਰ ਚੁਰਾਸੀ ਵਿੱਚ ਸਾਰੇ ਭਾਰਤ ਵਿੱਚ ਦਿਨ-ਦਿਹਾੜੇ ਸਿੱਖਾਂ ਦਾ ਕਤਲੇਆਮ ਕੀਤਾ ਗਿਆ ਸੀ। ਅੱਜ ਉਸੇ ਆਰ.ਐਸ.ਐਸ.ਦਾ ਸਿਆਸੀ ਵਿੰਗ 'ਭਾਜਪਾ' ਦਿੱਲੀ ਤਖਤ 'ਤੇ ਬਿਰਾਜਮਾਨ ਹੈ।

15 ਅਗਸਤ 1947 ਵਾਲੇ ਦਿਨ ਕਾਂਗਰਸ ਦੇ ਹੱਥਾਂ 'ਚ ਰਾਜ ਸੱਤਾ ਆਈ। ਕੇਂਦਰੀ ਸਰਕਾਰ ਅਤੇ ਸਾਰੇ ਦੇਸ਼ ਦੀਆਂ ਸੂਬਾਈ ਸਰਕਾਰਾਂ ਨੂੰ ਬਹਾਲ ਕਰਨ ਤੋਂ ਬਿਨਾਂ ਇਨ੍ਹਾਂ ਸਾਹਮਣੇ ਲੱਖਾਂ ਤੋਂ ਕੱਖ ਹੋ ਕੇ, ਘਰੋਂ ਬੇਘਰ ਹੋਕੇ, ਉੱਜੜ ਕੇ ਆਏ ਲੱਖਾਂ ਸ਼ਰਨਾਰਥੀਆਂ ਦੇ ਵਸੇਬੇ ਦੇ ਪ੍ਰਬੰਧ ਦਾ ਭਿਅੰਕਰ ਮਸਲਾ ਮੂੰਹ ਅੱਡੀ ਖੜੋਤਾ ਸੀ। ਇਸ ਸਭ ਕੁਝ ਦੇ ਬਾਵਜੂਦ ਸਿੱਖ ਨਸਲਘਾਤ ਦੀਆਂ ਹਦਾਇਤਾਂ 8 ਅਕਤੂਬਰ 1947 ਤਕ ਪੰਜਾਬ ਦੇ ਗਵਰਨਰ ਚੰਦੂ ਲਾਲ ਤਰਵੇਦੀ ਨੇ ਪੰਜਾਬ ਸਰਕਾਰ ਦੇ ਸਾਰੇ ਸਕੱਤਰਾਂ, ਡਿਪਟੀ ਕਮਿਸ਼ਨਰਾਂ ਅਤੇ ਪੁਲਸ ਕਪਤਾਨਾਂ ਦਾ ਸੰਮੇਲਨ ਬੁਲਾ ਕੇ ਦੇ ਦਿੱਤੀਆਂ ਸਨ। ਇਹ ਹਦਾਇਤਾਂ ਲਿਖਤੀ ਰੂਪ 'ਚ ਨਹੀ ਸਨ ਦਿੱਤੀਆਂ ਗਈਆਂ।

ਉਨ੍ਹਾਂ ਹਦਾਇਤਾਂ ਦਾ ਪਿਛੋਕੜ ਇਹ ਦਿੱਤਾ ਗਿਆ ਕਿ ਇਨ੍ਹਾਂ ਲੋਕਾਂ (ਸਿੱਖਾਂ) ਨੇ ਕਾਨੂੰਨ ਆਪਣੇ ਹੱਥ 'ਚ ਲੈ ਲਿਆ ਹੈ, ਇਸ ਲਈ ਸਰਕਾਰੀ ਸੱਤਾ ਨੂੰ ਕਾਇਮ ਰੱਖਣ ਲਈ ਚਾਲੂ ਕਾਨੂੰਨਾਂ ਨੂੰ ਵੀ ਅੱਖੋਂ ਉਹਲੇ ਕਰਕੇ ਸਖਤੀ ਤੋਂ ਕੰਮ ਲਿਆ ਜਾਵੇ ਅਰਥਾਤ ਜਦੋਂ ਤੁਸੀਂ ਕੋਈ ਅਜਿਹਾ ਬੰਦਾ (ਸਿੱਖ) ਵੇਖੋ, ਉਸ ਨੂੰ ਥਾਂ ਤੇ ਹੀ ਗੋਲੀ ਮਾਰ ਦਿਓ। ਜਦੋਂ ਤੁਸੀਂ ਕੋਈ ਅਜਿਹਾ ਬੰਦਾ ਵੇਖੋ, ਉਸ ਨੂੰ ਹਿਰਾਸਤ 'ਚ ਲੈ ਲੈਣ ਦੇ ਹੁਕਮ ਜਾਰੀ ਕਰੋ ਅਤੇ ਜਾਂ ਫਿਰ ਉਨ੍ਹਾਂ ਨੂੰ ਠੀਕ ਕਰਨ ਲਈ ਜੋ ਮਨ 'ਚ ਆਵੇ, ਕਰੋ ਅਤੇ ਆਪਣੇ ਅਫਸਰਾਂ ਨੂੰ ਹਦਾਇਤਾਂ ਕਰ ਦਿਓ ਕਿ ਉਹ ਭੀ ਇਉਂ ਹੀ ਕਰਨ, ਸਰਕਾਰ ਤੁਹਾਡੀ ਪੂਰੀ ਪੁਸ਼ਤਪਨਾਹੀ ਕਰੇਗੀ।

ਤੀਜੇ ਦਿਨ 10 ਅਕਤੂਬਰ 1947 ਨੂੰ ਸਾਰੇ ਡਿਪਟੀ ਕਮਿਸ਼ਨਰਾਂ ਨੂੰ ਲਿਖਤੀ ਰੂਪ 'ਚ ਇਕ ਗੁਪਤ ਪੱਤਰ ਭੇਜਿਆ ਗਿਆ ਜਿਸ 'ਚ ਹਦਾਇਤਾਂ ਇਹ ਸਨ ਕਿ 'ਸਿੱਖ ਸਮੁੱਚੇ ਤੌਰ ਤੇ ਫਸਾਦੀ ਤੇ ਜਰਾਇਮ ਪੇਸ਼ਾ ਕੌਮ ਹਨ ਅਤੇ ਇਸ ਸੂਬੇ ਦੇ ਅਮਨ ਪਸੰਦ ਹਿੰਦੂਆਂ ਲਈ ਖਤਰੇ-ਭਰੀ ਵੰਗਾਰ ਬਣੇ ਹੋਏ ਹਨ। ਡਿਪਟੀ ਕਮਿਸ਼ਨਰ ਇਨ੍ਹਾਂ ਵਿਰੁੱਧ ਵਿਸ਼ੇਸ਼ ਕਦਮ ਚੁੱਕਣ।'

ਅੱਗੇ ਜਾ ਅਮਨ ਤੇ ਕਾਨੂੰਨ ਸਥਾਪਤ ਕਰਣ ਹਿਤ ਸੁਝਾ ਦਿੱਤਾ:

'ਸਿੱਖਾਂ ਨੂੰ ਬੇ-ਕਾਨੂੰਨੀ ਦੇ ਰਾਹ ਪਾਉਣ ਵਾਲੀਆਂ ਉਨ੍ਹਾਂ ਦੀਆਂ ਉਹ ਜਮਾਂਦਰੂ ਪ੍ਰਬਲ ਰੁਚੀਆਂ ਹਨ ਜਿਨ੍ਹਾਂ ਦਾ ਝੁਕਾਅ ਇਸਤਰੀ-ਹਰਨ ਅਤੇ ਲੁੱਟ-ਮਾਰ ਵੱਲ ਹੈ।'

ਉਪਰਲੀ ਨੀਤੀ ਲਾਗੂ ਹੁੰਦਿਆਂ ਹੀ ਇਕ ਦੁਰਘਟਨਾ ਹੁਸ਼ਿਆਰਪੁਰ ਦੇ ਸਿੱਖਾਂ ਦੇ ਇਕ ਪਿੰਡ 'ਚ ਵਾਪਰੀ। ਇਕ ਹਿੰਦੂ ਪੁਲਿਸ ਅਫਸਰ ਪਿੰਡ ਦੇ ਦੋ ਕੁ ਦਰਜਨ ਸਿੱਖਾਂ ਤੋਂ ਕਿਸੇ ਕੇਸ ਦੀ ਪੁੱਛਗਿਛ ਕਰ ਰਿਹਾ ਸੀ। ਅਚਾਨਕ ਉਸ ਦੀ ਨਜ਼ਰ ਇਕ ਦਰਸ਼ਨੀ ਦਾੜ੍ਹੀ ਵਾਲੇ ਸਿੱਖ 'ਤੇ ਪਈ। ਬਿਨਾਂ ਕਿਸੇ ਕਾਰਨ, ਉਠ ਕੇ ਉਸ ਦੀ ਦਾੜ੍ਹੀ ਪੁੱਟ ਮਾਰੀ ਅਤੇ ਹੱਥ 'ਚ ਆਏ ਦਾੜ੍ਹੀ ਦੇ ਕੇਸਾਂ ਨੂੰ ਪੈਰਾਂ ਥੱਲੇ ਰੋਲ ਕੇ ਜੇਬ 'ਚੋਂ ਤੀਲੀ ਕੱਢਕੇ ਸਾੜ ਦਿੱਤਾ ਅਤੇ ਸਾਹਮਣੇ ਬੈਠੇ ਸਿੱਖਾਂ ਨੂੰ ਸੰਬੋਧਨ ਕਰਕੇ ਇੰਜ ਚਿਤਾਵਨੀ ਦਿੱਤੀ:

ਤੁਸੀਂ ਸਾਰੇ ਖਬਰਦਾਰ ਹੋ ਜਾਓ। ਤੁਸਾਂ ਸਿੱਖਾਂ ਨੇ ਇਹ ਸਮਝ ਰੱਖਿਆ ਹੈ ਕਿ ਪੰਜਾਬ 'ਚ ਤੁਸੀਂ ਹੀ ਨਾਢੂ ਖਾਂ ਹੋ। ਤੁਸੀਂ ਮਹਾਰਾਜਾ ਪਟਿਆਲਾ ਨੂੰ ਆਪਣਾ ਆਗੂ ਚੁਣ ਰਹੇ ਹੋ, ਏਸ ਲਈ ਅਸੀਂ ਹਿੰਦੂ ਤੁਹਾਡੀਆਂ ਦਾੜ੍ਹੀਆਂ ਤੇ ਲੰਮੇ ਕੇਸਾਂ ਨੂੰ ਪੈਰਾਂ ਥੱਲੇ ਏਸੇ ਤਰ੍ਹਾਂ ਰੋਲਦੇ ਰਹਾਂਗੇ।

ਪੱਛਮੀ ਪਾਕਿਸਤਾਨ ਤੋਂ ਉਜੜ ਕੇ ਆਏ ਸਿੱਖਾਂ ਨੂੰ ਮੁੜ ਵਸਾਉਣ ਲਈ ਫਿਰਕੂ ਸਕੀਮਾਂ ਪਹਿਲਾਂ ਹੀ ਤਿਆਰ ਕੀਤੀਆਂ ਪਈਆਂ ਸਨ। ਸਿੱਖ ਵਸੋਂ ਨੂੰ ਹਿੰਦੂ ਬਹੁਗਿਣਤੀ ਵਾਲੇ ਇਲਾਕਿਆਂ 'ਚ ਇੰਜ ਖਲੇਰ ਕੇ ਵਸਾਇਆ ਗਿਆ ਤਾਂ ਜੋ ਉਨ੍ਹਾਂ ਦੀ ਕਿਸੇ ਜ਼ਿਲ੍ਹੇ ਜਾਂ ਤਹਿਸੀਲ 'ਚ ਬਹੁਗਿਣਤੀ ਨਾ ਹੋਵੇ ਅਤੇ ਉਹ ਹੌਲੀ ਹੌਲੀ ਆਪਣੇ ਆਪ ਹੀ ਹਿੰਦੂਆਂ 'ਚ ਜਜ਼ਬ ਹੋ ਜਾਣ। ਪੱਛਮੀ ਪੰਜਾਬ ਤੋਂ ਆਏ ਹਿੰਦੂਆਂ ਨੂੰ ਸਿੱਖ ਬਹੁਗਿਣਤੀ ਵਾਲੇ ਇਲਾਕਿਆਂ 'ਚ ਵਸਾਇਆ ਗਿਆ ਤਾਂ ਜੋ ਸਿੱਖ ਬਹੁਗਿਣਤੀ ਨੂੰ ਘਟਾਇਆ ਜਾ ਸਕੇ। ਲਾਇਲਪੁਰ, ਸ਼ੇਖੂਪੁਰਾ ਤੇ ਗੁਜਰਾਂਵਾਲੇ ਤੋਂ ਆਏ ਸਿੱਖਾਂ ਨੂੰ ਕਰਨਾਲ, ਕੁਰੂਕਸ਼ੇਤਰ ਅਤੇ ਰੋਹਤਕ ਆਦਿ ਇਲਾਕਿਆਂ 'ਚ ਵਸਾਇਆਂ ਗਿਆ। ਇਵੇਂ ਹੀ ਕੈਮਲਪੁਰ, ਝੰਗ, ਮੁਲਤਾਨ ਅਤੇ ਬਹਾਵਲਪੁਰ ਤੋਂ ਆਏ ਹਿੰਦੂਆਂ ਨੂੰ ਸਿੱਖ ਬਹੁਗਿਣਤੀ ਵਾਲੇ ਇਲਾਕਿਆਂ ਅਰਥਾਤ ਪਟਿਆਲਾ, ਰਾਜਪੁਰਾ ਤੇ ਬਠਿੰਡਾ ਆਦਿ 'ਚ ਵਸਾਇਆ ਗਿਆ।

ਪੰਜਾਬ ਦਾ ਰਾਜ ਪ੍ਰਬੰਧ ਸੰਭਾਲਦਿਆਂ ਹੀ ਹਿੰਦੂ ਰਾਜ ਦੀਆਂ ਘੰਟੀਆਂ ਖੜਕਾ ਦਿੱਤੀਆਂ ਗਈਆਂ। ਸਿੱਖਾਂ ਨੂੰ ਕਿਸੇ ਵੀ ਮਹਿਕਮੇ 'ਚ 10٪ ਤੋਂ ਵੱਧ ਨੌਕਰੀਆਂ ਨਾ ਦੇਣ, ਕਿਸੇ ਵੀ ਮਹਿਕਮੇ ਦਾ ਮੁੱਖ ਅਫਸਰ ਸਿੱਖ ਭਰਤੀ ਨਾ ਕਰਨ, ਜੇ ਕੋਈ ਪਹਿਲਾਂ ਤੋਂ ਹੈ ਤਾਂ ਉਸ ਨੂੰ ਕੱਢੇ ਜਾਣ ਦੇ ਪ੍ਰਬੰਧ ਕਰਨੇ, ਸਿੱਖਾਂ ਵੱਲੋਂ ਨੌਕਰੀਆਂ ਲਈ ਆਈਆਂ ਦਰਖਾਸਤਾਂ ਦਾ ਜਵਾਬ ਨਾ ਦੇਣਾ, ਹਿੰਦੂਆਂ ਨੂੰ ਹਰ ਥਾਂ ਪਹਿਲ ਦੇਣੀ, ਯੂਨੀਵਰਸਿਟੀ 'ਚ ਕੋਈ ਸਿੱਖ ਅਫਸਰ ਨਾ ਰੱਖੇ ਜਾਣ, ਦਫਤਰਾਂ 'ਚ ਕਿਸੇ ਵੀ ਸਿੱਖ ਅਫਸਰ ਦੀ ਨਿਯੁਕਤੀ ਕਰਨ ਤੋਂ ਪਹਿਲਾਂ ਉਸ ਦੇ ਸਿੱਖੀ ਪਿਛੋਕੜ ਦੀ ਪੁਣਛਾਣ ਕਰਨ ਆਦਿ ਅਤੇ ਸਿੱਖਾਂ ਨੂੰ ਦੂਜੇ ਦਰਜੇ ਦੇ ਸ਼ਹਿਰੀ ਸਮਝੇ ਜਾਣ ਦੀਆਂ ਹਦਾਇਤਾਂ ਦੇ ਦਿੱਤੀਆਂ ਗਈਆਂ ਸਨ।

ਸਿੱਖਾਂ ਨੂੰ ਵਿਧਾਨ 'ਚ ਹਿੰਦੂ ਬੈਗ 'ਚ ਹੀ ਸੁੱਟ ਦਿੱਤਾ ਗਿਆ ਅਤੇ ਸਿੱਖਾਂ ਦੇ ਵੱਖਰੀ ਕੌਮ ਦੇ ਦਾਅਵੇ ਨੂੰ ਬੇਦਖਲ ਕਰ ਦਿੱਤਾ ਗਿਆ। ਇਹਨਾਂ ਦੀ ਅਜ਼ਾਦ ਹਸਤੀ ਹੀ ਖਤਮ ਕਰ ਦਿੱਤੀ ਗਈ। ਇਹਨਾਂ ਨੂੰ ਹਿੰਦੂ ਹੀ ਬਣਾ ਦਿੱਤਾ ਗਿਆ। ਜਾਗਰੂਕ ਮੁਸਲਮਾਨਾਂ ਅਤੇ ਈਸਾਈਆਂ ਲਈ ਤਾਂ ਉਨ੍ਹਾਂ ਦੇ ਧਰਮ ਮੁਤਾਬਕ ਵੱਖਰੇ ਕਾਨੂੰਨ ਬਣਾਏ ਗਏ, ਪਰ ਸਿੱਖਾਂ ਨੂੰ ਹਿੰਦੂ ਕਾਨੂੰਨ ਹੇਠ ਹੀ ਕਰ ਦਿੱਤਾ ਗਿਆ। ਮੂਰਖ ਸਿੱਖ ਲੀਡਰਾਂ ਨੂੰ ਖਰੀਦ ਲਿਆ ਗਿਆ। ਜਿਨ੍ਹਾਂ ਅਵਾਜ਼ ਉਠਾਈ, ਉਨ੍ਹਾਂ ਨੂੰ ਕੁਰਸੀਆਂ ਦੇ ਲਾਲਚ ਦੇ ਕੇ ਉਨ੍ਹਾਂ ਦੀਆਂ ਜ਼ਬਾਨਾਂ ਨੂੰ ਸੋਨੇ ਚਾਂਦੀ ਦੇ ਤਾਲੇ ਲਾ ਦਿੱਤੇ ਗਏ।

ਸਿੱਖਾਂ ਨੂੰ ਕੇਸ ਕਟਾ ਦੇਣ ਦਾ ਆਦੇਸ਼

ਗਾਂਧੀ ਨੇ ਬਿਆਨ ਦਾਗਿਆ ਕਿ ਹੁਣ ਜਦ ਕਿ 800 ਸਾਲ ਦੀ ਗ਼ੁਲਾਮੀ ਬਾਅਦ ਹਿੰਦੂ ਖ਼ੁਦਮੁਖਤਿਆਰ ਹੋ ਕੇ ਸਾਹਮਣੇ ਆਏ ਹਨ ਤਾਂ ਉਹ ਪਰਿਵੀ ਕੌਂਸਲ ਦੇ ਇਸ ਫੈਸਲੇ ਨੂੰ ਨਹੀਂ ਮੰਨਣਗੇ ਕਿ ਸਿੱਖ ਕਿਰਪਾਨ ਰੱਖ ਸਕਦੇ ਹਨ। ਆਪਣੇ ਮਰਨ ਤੋਂ ਕੁਝ ਹੀ ਸਮਾਂ ਪਹਿਲਾਂ ਜਨਵਰੀ 1948 ਨੂੰ ਗਾਂਧੀ ਨੇ ਸਪਸ਼ਟ ਸ਼ਬਦਾਂ 'ਚ ਇਹ ਮੰਗ ਕੀਤੀ ਸੀ ਕਿ ਸਿੱਖ ਆਪਣੇ ਕੇਸ ਕਟਵਾ ਦੇਣ, ਖਾਲਸੇ ਵਾਲੇ ਚਿੰਨ੍ਹ ਰੱਖਣਾ ਛੱਡ ਦੇਣ ਅਤੇ ਹਿੰਦੂਮਤ ਦੀ ਆਮ ਧਾਰਾ 'ਚ ਸ਼ਾਮਲ ਹੋ ਜਾਣ। ਨਾਲ ਹੀ ਉਸ ਨੇ ਇਹ ਵੀ ਕਿਹਾ ਕਿ ਉਹ ਗੁਰੂ ਨਾਨਕ ਜੀ ਨੂੰ ਵਿਸ਼ਨੂ ਦੇ ਅਵਤਾਰ ਹੋਣ ਦਾ ਰੁਤਬਾ ਦੇਣ ਨੂੰ ਤਿਆਰ ਸੀ।

ਪ੍ਰੋ.ਨਿਰੰਜਨ ਸਿੰਘ ਨੂੰ ਦਿੱਲੀ ਬੁਲਾਇਆ ਜਾਣਾ

ਅਜ਼ਾਦੀ ਮਿਲਦਿਆਂ ਹੀ ਹਿੰਦੂ ਕੌਮ ਦੇ ਚੋਟੀ ਦੇ ਲੀਡਰਾਂ – ਬਾਬੂ ਪੁਰਸ਼ੋਤਮ ਦਾਸ ਟੰਡਨ, ਹਰੀ ਹਰ ਨਾਥ ਸ਼ਾਸਤਰੀ ਅਤੇ ਲਾਲਾ ਅਚਿੰਤ ਰਾਮ ਵਲੋਂ ਸਿੱਖਾਂ ਨੂੰ ਹਿੰਦੂਆਂ 'ਚ ਜਜ਼ਬ ਕਰਨ ਦੇ ਪ੍ਰੋਗਰਾਮ ਨੂੰ ਅਮਲੀ ਰੂਪ ਦੇਣਾ ਸ਼ੁਰੂ ਕਰ ਦਿੱਤਾ ਗਿਆ ਸੀ। ਮਾ.ਤਾਰਾ ਸਿੰਘ ਦਾ ਭਰਾ ਪ੍ਰਿੰ.ਨਿਰੰਜਨ ਸਿੰਘ ਅਜ਼ਾਦੀ ਦੀ ਜਦੋਜਹਿਦ ਦੌਰਾਨ ਬੜੇ ਸਿਦਕ ਨਾਲ, ਪੂਰੇ ਤਾਣ ਨਾਲ ਅਤੇ ਪੂਰੀ ਵਫਾਦਾਰੀ ਨਾਲ ਕਾਂਗਰਸ ਦਾ ਪੱਖ ਪੂਰਦਾ ਰਿਹਾ ਅਤੇ ਸਿੱਖਾਂ ਦੀ ਹਰ ਸੰਭਾਵੀ ਮੰਗ ਨੂੰ ਫਿਰਕੂ ਕਹਿ ਕੇ ਭੰਡਦਾ ਆਇਆ ਸੀ। ਅਜ਼ਾਦੀ ਮਿਲਦਿਆਂ ਹੀ ਕਾਂਗਰਸ ਦੇ ਵਡੱਕਿਆਂ ਦੀ ਤਿੱਕੜੀ (ਬਾਬੂ ਪੁਰਸ਼ੋਤਮ ਦਾਸ ਟੰਡਨ, ਹਰੀ ਹਰ ਨਾਥ ਸ਼ਾਸਤਰੀ ਅਤੇ ਲਾਲਾ ਅਚਿੰਤ ਰਾਮ) ਨੇ ਆਪਣੇ ਵਫਾਦਾਰ ਤੇ ਫਰਮਾਂਬਰਦਾਰ ਅਜ਼ਾਦੀ ਦੇ ਘੁਲਾਟੀਏ ਨਿਰੰਜਨ ਸਿੰਘ ਨੂੰ ਕੌਮੀ ਏਕੀਕਰਨ ਦੇ ਸਬੰਧ 'ਚ ਵਿਚਾਰ ਵਟਾਂਦਰਾ ਕਰਨ ਲਈ ਦਿੱਲੀ ਸੱਦ ਭੇਜਿਆ।

ਨਿਰੰਜਨ ਸਿੰਘ ਸੰਭਾਵੀ ਕੌਮੀ ਏਕੀਕਰਨ 'ਤੇ ਵਿਚਾਰ ਵਟਾਂਦਰਾ ਕਰਨ ਲਈ ਆਪਣੇ ਦੋ ਨਜ਼ਦੀਕੀ ਸਹਿਯੋਗੀਆਂ, ਸ.ਜਗਜੀਤ ਸਿੰਘ ('ਸਿੱਖ ਇਨਕਲਾਬ' ਦੇ ਲੇਖਕ) ਅਤੇ ਪ੍ਰੋ.ਰਾਮ ਸਿੰਘ ਨੂੰ ਨਾਲ ਲੈਕੇ ਦਿੱਲੀ ਪਹੁੰਚ ਗਏ। ਆਪਣੇ ਸਾਥੀਆਂ ਨੂੰ ਇੰਡੀਆ ਗੇਟ ਮੈਮੋਰੀਅਲ ਤੇ ਠਹਿਰਾ ਕੇ ਆਪ ਮੀਟਿੰਗ ਵਾਲੀ ਨਿਸਚਿਤ ਥਾਂ 2 ਟੈਲੀਗਰਾਫ ਲੇਨ ਤੇ ਪਹੁੰਚ ਗਏ।

ਮੁੱਢਲੀ ਆਓ ਭਗਤ ਉਪਰੰਤ ਕੌਮ ਦੇ ਆਗੂਆਂ ਨੇ ਸ.ਨਿਰੰਜਨ ਸਿੰਘ ਦੇ ਕੌਮੀ ਅਜ਼ਾਦੀ 'ਚ. ਪਾਏ ਸਰਗਰਮ ਯੋਗਦਾਨ ਦੀ ਸ਼ਲਾਘਾ

ਕੀਤੀ ਅਤੇ ਉਵੇਂ ਹੀ ਕੌਮੀ ਏਕੀਕਰਨ ਕਰਨ 'ਚ ਸਰਗਰਮ ਹਿੱਸਾ ਪਾਉਣ ਦੀ ਲੋੜ ਸਬੰਧੀ ਬੋਲਦਿਆਂ ਆਖਿਆ ਕਿ ਹੁਣ ਤਕ ਸਿੱਖਾਂ ਨੇ ਹਿੰਦੂਆਂ ਦੀ ਬੜੀ ਚੰਗੀ ਤਰ੍ਹਾਂ ਹਿਫਾਜ਼ਤ ਕੀਤੀ। ਹੁਣ ਕਿਉਂਕਿ ਹਿੰਦੂ ਹੁਕਮਰਾਨ ਬਣ ਗਏ ਹਨ, ਸਾਰੀ ਤਾਕਤ ਹਿੰਦੂਆਂ ਦੇ ਹੱਥਾਂ 'ਚ ਆ ਗਈ ਹੈ, ਜਿਸ ਕਰਕੇ ਹੁਣ ਸਿੱਖਾਂ ਦੇ ਰੋਲ ਦੀ ਕੋਈ ਲੋੜ ਬਾਕੀ ਨਹੀਂ ਰਹਿ ਗਈ, ਇਸ ਲਈ ਅੱਜ ਲੋੜ ਹੈ ਕਿ ਸਿੱਖ ਹਿੰਦੂ ਬਹੁਗਿਣਤੀ 'ਚ ਮਿਲ ਜਾਣ।

ਸਿੱਖਾਂ ਵਲੋਂ ਤੇ ਖਾਸ ਕਰਕੇ ਪ੍ਰਿੰਸੀਪਲ ਸਾਹਿਬ ਵਲੋਂ ਅਜ਼ਾਦੀ ਦੌਰਾਨ ਪਾਏ ਯੋਗਦਾਨ ਦਾ ਧੰਨਵਾਦ ਕਰਨ ਉਪਰੰਤ ਪ੍ਰਿੰਸੀਪਲ ਸਾਹਿਬ ਨੂੰ ਅਗਲੇ ਕੌਮੀ ਏਕਤਾ ਦੇ ਪ੍ਰੋਗਰਾਮ 'ਚ ਹਿੱਸਾ ਪਾਉਣ ਲਈ ਆਖਿਆ ਗਿਆ। ਅੱਗੇ ਚੱਲ ਕੇ ਆਖਿਆ ਕਿ ਨੈਸ਼ਨਲਿਸਟ ਸਿੱਖਾਂ ਤੇ ਹਿੰਦੂਆਂ 'ਚ ਕੋਈ ਵਿਚਾਰਧਾਰਕ ਫਰਕ ਤਾਂ ਹੈ ਹੀ ਨਹੀਂ। ਜੇ ਫਰਕ ਹੈ ਤਾਂ ਬਾਹਰੀ ਦਿਖਾਵੇ ਦਾ। ਉਹ ਚਾਹੁੰਦੇ ਹਨ ਕਿ ਪ੍ਰਿੰਸੀਪਲ ਨਿਰੰਜਨ ਸਿੰਘ ਆਪਣੇ ਕੇਸ ਕਤਲ ਕਰਵਾ ਕੇ ਹੋਰਨਾਂ ਨੈਸ਼ਨਲਿਸਟ ਸਿੱਖਾਂ ਨੂੰ ਹਜਾਮਤ ਕਰਵਾਉਣ 'ਚ ਉਤਨਾ ਚਿਰ ਅਗਵਾਈ ਕਰਨ, ਜਿਤਨਾ ਚਿਰ ਤਕ ਕੌਮ ਪ੍ਰਸਤ ਸਿੱਖਾਂ ਦੇ ਨਕਸ਼ੇ ਕਦਮ 'ਤੇ ਚਲਦਿਆਂ ਸਾਰੀ ਸਿੱਖ ਕੌਮ ਸ਼ੇਵ ਕਰਕੇ ਹਿੰਦੂ ਨਹੀਂ ਬਣ ਜਾਂਦੀ। ਉਦੋਂ ਪ੍ਰਿੰਸੀਪਲ ਨਿਰੰਜਨ ਸਿੰਘ ਨੂੰ ਹਿੰਦੂ ਖਾਸੇ ਦਾ ਪਤਾ ਲੱਗਾ ਕਿ ਹਿੰਦੂ ਦੇ ਮੂੰਹ 'ਚ ਰਾਮ ਰਾਮ ਤੇ ਬਗਲ 'ਚ ਛੁਰੀ ਹੁੰਦੀ ਹੈ।

ਇਹ ਉਹੀ ਕਾਂਗਰਸ ਦਾ ਖੈਰਖਾਹ ਖਾਦਮ ਪ੍ਰਿੰਸੀਪਲ ਨਿਰੰਜਨ ਸਿੰਘ ਹੈ ਜਿਸ ਨੇ ਸਿੱਖ ਯੂਨੀਵਰਸਿਟੀ ਬਣਨੋ ਰੋਕੀ ਸੀ। ਸੰਨ 1921 'ਚ ਪ੍ਰਿੰਸ ਆਫ਼ ਵੇਲਜ਼ ਬਰਤਾਨੀਆ ਸਰਕਾਰ ਦੀ ਮਿਤਰਤਾ ਦਾ ਵਿਸ਼ਵਾਸ ਦਿਵਾਉਣ ਲਈ ਹਿੰਦੁਸਤਾਨ ਆਇਆ ਜਿਸ ਦਾ ਕਾਂਗਰਸ ਨੇ ਬਾਈਕਾਟ ਕੀਤਾ ਸੀ। ਵਕਤ ਦੇ ਉਚ ਅੰਗਰੇਜ਼ ਅਫਸਰਾਂ ਨੇ ਕੁਝ ਸਿੱਖ ਪਤਵੰਤਿਆਂ ਨੂੰ ਆਫਰ ਦਿੱਤੀ ਕਿ ਜੇ ਪ੍ਰਿੰਸ ਆਫ ਵੇਲਜ਼ ਦਾ ਖਾਲਸਾ ਕਾਲਜ ਵਿਖੇ ਸਵਾਗਤ ਕੀਤਾ ਜਾਵੇ ਤਾਂ ਪ੍ਰਿੰਸ ਆਫ ਵੇਲਜ਼ ਉਸੇ ਵੇਲੇ ਸਰਕਾਰੀ ਖਰਚ ਤੇ ਖਾਲਸਾ ਕਾਲਜ ਅੰਮ੍ਰਿਤਸਰ ਨੂੰ ਸਿੱਖ ਯੂਨੀਵਰਸਿਟੀ ਬਣਾ ਦੇਣ ਦਾ ਐਲਾਨ ਕਰ ਦੇਵੇਗਾ ਅਤੇ ਜਿਵੇਂ ਹਿੰਦੂ ਤੇ ਮੁਸਲਮਾਨਾਂ ਦੇ ਰੂਹਾਨੀ ਤੇ ਸਮਾਜਕ ਸਿਧਾਂਤਾਂ ਦੇ ਵਿਕਾਸ ਲਈ ਬਨਾਰਸ ਤੇ ਅਲੀਗੜ੍ਹ ਯੂਨੀਵਰਸਿਟੀਆਂ ਹਨ, ਇਹ ਸਿੱਖ ਯੂਨੀਵਰਸਿਟੀ ਉਸੇ ਤਰ੍ਹਾਂ ਸਿੱਖਾਂ ਦੇ ਰੂਹਾਨੀ ਤੇ ਸਮਾਜਕ ਵਿਕਾਸ ਦੇ ਘਾਟੇ ਨੂੰ ਪੂਰਾ ਕਰੇਗੀ।

ਮਾ. ਤਾਰਾ ਸਿੰਘ ਦੇ ਇਸੇ ਭਰਾ ਨਿਰੰਜਨ ਸਿੰਘ ਨੇ ਕੌਮੀ ਵਿਕਾਸ

ਦੀ ਉਸ ਮਹਾਨ ਯੋਜਨਾ ਦਾ ਇਹ ਧਮਕੀ ਦੇਕੇ ਗਲਾ ਘੁਟਿਆ ਸੀ ਕਿ ਉਹ ਪ੍ਰਿੰਸ ਆਫ ਵੇਲਜ਼ ਦੀ ਗੱਡੀ ਹੇਠਾਂ ਆ ਕੇ ਜਾਨ ਦੇ ਦੇਵੇਗਾ ਜੇ ਪ੍ਰਿੰਸ ਆਫ ਵੇਲਜ਼ ਦੀ ਗੱਡੀ ਕਾਲਜ ਦੇ ਗੇਟ ਕੋਲ ਵੀ ਆਈ। ਇਸ ਤਰ੍ਹਾਂ ਇਸ ਨੇ ਸਿੱਖ ਯੂਨੀਵਰਸਿਟੀ ਬਣਦੀ ਰੋਕ ਕੇ ਹਿੰਦੂ ਕਾਂਗਰਸ ਦੀ ਸਿਆਸਤ ਦੀ ਭੇਟ ਚਾੜ੍ਹੀ ਸੀ।

ਸਿੱਖਾਂ ਦੀਆਂ ਧਾਰਮਿਕ, ਆਰਥਿਕ ਅਤੇ ਸਭਿਆਚਾਰਕ ਜੜ੍ਹਾਂ ਕਿਵੇਂ ਕੁਤਰੀਆਂ ਗਈਆਂ? ਦੇ ਸੁਆਲ 'ਤੇ ਵਿਚਾਰ ਕਰਨ ਤੋਂ ਪਹਿਲਾਂ ਅਸੀਂ ਕੌਮਾਂ ਨੂੰ ਖਤਮ ਕਰਨ ਦੇ ਢੰਗ ਅਤੇ ਸਿੱਖ ਨਸਲਕੁਸ਼ੀ ਕਰਨ ਵਾਲੇ ਬ੍ਰਾਹਮਣਵਾਦ ਦੇ ਇਤਿਹਾਸਕ ਕੌਮੀ ਖਾਸੇ 'ਤੇ ਸੰਖੇਪ ਝਾਤ ਮਾਰਦੇ ਹਾਂ।

ਕੌਮਾਂ ਨੂੰ ਖਤਮ ਕਰਨ ਦੇ ਢੰਗ

ਕਿਸੇ ਕੌਮ ਦਾ ਖੁਰਾ-ਖੋਜ ਮਿਟਾਉਣ ਲਈ, ਉਸ ਕੌਮ ਦੇ ਲੋਕਾਂ ਦਾ ਮੁਕੰਮਲ ਨੈਤਿਕ ਪਤਨ ਕਰਨ ਲਈ ਅਤੇ ਉਸ ਕੌਮ ਦੇ ਧਰਮ, ਸਭਿਆਚਾਰ, ਇਤਿਹਾਸ, ਬੋਲੀ ਅਤੇ ਆਰਥਿਕਤਾ ਨੂੰ ਮੇਟਣ ਲਈ ਆਮ ਤੌਰ ਤੇ ਪੰਜ ਮੁਖੀਆ (Five pronged attack) ਹਮਲਾ ਕੀਤਾ ਜਾਂਦਾ ਹੈ। ਜੇ ਕਿਸੇ ਕੌਮ ਨੇ ਦੂਜੀ ਕੌਮ ਨੂੰ ਖਤਮ ਕਰਕੇ ਉਸ ਦਾ ਨਾਮੋ-ਨਿਸ਼ਾਨ ਮਿਟਾ ਦੇਣਾ ਹੋਵੇ ਜਾਂ ਦੁਬੇਲ ਬਣਾ ਕੇ ਰੱਖਣਾ ਹੋਵੇ ਜਾਂ ਦਾਸ ਬਣਾ ਕੇ ਰੱਖਣਾ ਹੋਵੇ ਜਾਂ ਗ਼ੁਲਾਮ ਬਣਾਈ ਰੱਖਣਾ ਹੋਵੇ, ਤਾਂ ਆਮ ਤੌਰ ਤੇ ਪੰਜ ਢੰਗ ਵਰਤੇ ਜਾਂਦੇ ਹਨ।

ਪਹਿਲਾ ਢੰਗ ਹੈ ਉਸ ਕੌਮ ਦੇ ਧਾਰਮਿਕ, ਸਭਿਆਚਾਰਕ ਅਤੇ ਇਤਿਹਾਸਕ ਵਿਰਸੇ ਦਾ ਸਭ ਕੁਝ ਖਤਮ ਕਰਕੇ ਰੱਖ ਦੇਣਾ। ਸੰਸਾਰ ਅੰਦਰ ਜਦ ਵੀ ਕਿਸੇ ਬਹੁਗਿਣਤੀ ਨੇ ਜਾਂ ਕਿਸੇ ਤਾਕਤਵਰ ਜਰਵਾਣੇ ਨੇ ਘੱਟ ਗਿਣਤੀ ਲੋਕਾਂ 'ਤੇ ਰਾਜ ਕੀਤਾ, ਉਸ ਨੇ ਘੱਟ ਗਿਣਤੀ ਦੇ ਲੋਕਾਂ 'ਤੇ ਆਪਣੀ ਭਾਸ਼ਾ, ਆਪਣਾ ਪਹਿਰਾਵਾ, ਆਪਣਾ ਧਰਮ ਅਤੇ ਆਪਣਾ ਸਭਿਆਚਾਰ ਠੋਸਣ ਦੀ ਕੋਸ਼ਿਸ਼ ਕੀਤੀ ਅਤੇ ਉਹਨਾਂ ਲੋਕਾਂ 'ਤੇ ਰਾਜ ਕਰਨ 'ਚ ਸਫਲ ਹੋਇਆ। ਜਿਤਨੀ ਕਾਮਯਾਬੀ ਨਾਲ ਕੋਈ ਆਪਣੀ ਪ੍ਰਾਧੀਨ ਕੌਮ ਦੇ ਧਰਮ, ਸਭਿਆਚਾਰ, ਬੋਲੀ ਅਤੇ ਇਤਿਹਾਸ ਨੂੰ ਖਤਮ ਕਰ ਸਕਿਆ, ਉਤਨੀ ਹੀ ਕਾਮਯਾਬੀ ਨਾਲ ਉਹ ਉਹਨਾਂ 'ਤੇ ਰਾਜ ਕਰ ਸਕਿਆ। ਅਮਰੀਕਾ, ਕੈਨੇਡਾ ਅਤੇ ਸਾਊਥ ਅਮਰੀਕਾ ਦੇ ਆਦਵਾਸੀਆਂ ਦੀ ਮਿਸਾਲ ਸਾਡੇ ਸਾਹਮਣੇ ਹੈ।

ਹਿੰਦੁਸਤਾਨ 'ਚ ਆਰੀਆ ਲੋਕ ਆਏ, ਆਦਵਾਸੀ ਲੋਕਾਂ ਨੂੰ ਕੁੱਟ-ਮਾਰ ਕੇ ਪੂਰਬੀ ਹਿੱਸੇ ਵੱਲ ਧੱਕ ਦਿੱਤਾ ਸੀ ਅਤੇ ਆਪਣੇ ਧਰਮ ਤੇ ਸਭਿਆਚਾਰ ਦਾ ਬੋਲਬਾਲਾ ਕੀਤਾ ਸੀ। ਅਰਬ ਤੋਂ ਲੁੱਟ-ਮਾਰ ਕਰਦੇ ਧਾੜਵੀ ਆਉਂਦੇ ਰਹੇ, ਆਪਣੇ ਧਰਮ, ਆਪਣੀ ਭਾਸ਼ਾ ਅਤੇ ਆਪਣੇ ਸਭਿਆਚਾਰ ਦਾ ਅਸਰ ਪਿੱਛੇ ਛੱਡ ਕੇ ਜਾਂਦੇ ਰਹੇ। ਮੁਗ਼ਲਾਂ ਪੱਕੇ ਤੌਰ ਤੇ ਇਥੇ ਰਾਜ ਕਾਇਮ ਕੀਤਾ, ਉਹਨਾਂ ਆਪਣੀ ਬੋਲੀ ਅਰਬੀ, ਫਾਰਸੀ, ਆਪਣੇ ਧਰਮ ਤੇ ਸਭਿਆਚਾਰ ਦਾ ਪਰਚਾਰ ਪਰਸਾਰ ਕਰਕੇ ਹਿੰਦੁਸਤਾਨੀਆਂ 'ਚ ਫੈਲਾਇਆ।

ਰੋਟੀ ਤੇ ਰੋਜ਼ੀ ਦੀ ਖਾਤਰ ਹਿੰਦੁਸਤਾਨੀਆਂ ਮੁਗ਼ਲਾਂ ਦੀ ਗ਼ੁਲਾਮੀ ਮੰਨਦਿਆਂ ਮੁਗ਼ਲਾਂ ਦੀ ਬੋਲੀ, ਸਭਿਆਚਾਰ ਅਤੇ ਧਰਮ ਨੂੰ ਅਪਨਾਇਆ। ਘਰ-ਘਰ 'ਚ ਮੀਆਂ ਮੀਆਂ ਕਰਨ ਲੱਗ ਪਏ ਸਨ। ਆਪਣੇ ਸਭਿਆਚਾਰ ਨੂੰ ਤਿਲਾਂਜਲੀ ਦੇਕੇ ਮਾਲਕ ਦੇ ਸਭਿਆਚਾਰ 'ਚ ਰੰਗੇ ਜਾਣ ਲੱਗ ਪਏ ਸਨ। ਬੋਲੀ ਬਦਲ ਲਈ ਅਤੇ ਪਹਿਰਾਵਾ ਵੀ ਬਦਲ ਲਿਆ

(ਨੀਲ ਵਸਤ੍ਰ ਹੋਵਹਿ ਪਰਵਾਣੁ)। ਗੋਰਾਂ ਦੀ ਬੋਲੀ ਬੋਲਣ ਲੱਗ ਪਏ ਅਤੇ ਮਾਲਕਾਂ ਦਾ ਨੀਲੇ ਰੰਗ ਦਾ ਪਹਿਰਾਵਾ ਪਹਿਨਣ ਲੱਗ ਪਏ ਸਨ। ਉਦੋਂ ਸੁੱਤੀ ਪਈ ਮਨੁੱਖਤਾ ਨੂੰ ਜਗਾਉਣ ਲਈ ਅਤੇ ਅਜ਼ਾਦੀ ਦੀ ਵੰਗਾਰ ਪਾਉਣ ਲਈ ਗੁਰੂ ਨਾਨਕ ਸਾਹਿਬ ਨੇ ਆਪਣੀ ਮਾਂ ਬੋਲੀ ਅਪਨਾਉਣ ਦੀ ਵੰਗਾਰ ਪਾਈ ਸੀ।

ਬ੍ਰਾਹਮਣਵਾਦ ਵਲੋਂ ਅਜ਼ਾਦੀ ਦੇ ਪਹਿਲੇ ਦਿਨ ਤੋਂ ਹੀ ਸਿੱਖ ਕੌਮ ਨੂੰ ਗ਼ੁਲਾਮ ਬਣਾਈ ਰੱਖਣ ਲਈ ਇਹੀ ਨੁਸਖਾ ਜਾਰੀ ਹੈ। ਪੰਜਾਬ ਦੀਆਂ ਸਾਰੀਆਂ ਯੂਨੀਵਰਸਿਟੀਆਂ ਇਸੇ ਕੰਮ ਵਿੱਚ ਰਾਤ ਦਿਨ ਲੱਗੀਆਂ ਹੋਈਆਂ ਹਨ। ਜਦ ਪੰਜਾਬ ਯੂਨੀਵਰਸਿਟੀ ਸਿੱਖਾਂ ਦੇ ਹੱਥਾਂ ਵਿੱਚ ਰਮਾਇਣ ਮਹਾਂਭਾਰਤ ਦੀਆਂ ਪੁਸਤਕਾਂ ਫੜਾਉਂਣ ਵਿੱਚ ਨਾਕਾਮਯਾਬ ਰਹੀ ਤਾਂ ਪੰਜਾਬੀ ਯੂਨੀਵਰਸਿਟੀ ਇਸ ਕੰਮ ਲਈ ਖੋਲ੍ਹ ਦਿੱਤੀ ਗਈ ਜਿਸ ਨੇ ਸਾਰਾ ਸਿੱਖ ਇਤਿਹਾਸ ਬਦਲ ਕੇ ਰੱਖ ਦਿੱਤਾ ਹੈ। ਇਹੋ ਕੁਝ ਹੀ ਗੁਰੂ ਨਾਨਕ ਯੂਨੀਵਰਸਿਟੀ 'ਚ ਕੀਤਾ ਗਿਆ।

ਦੂਜਾ ਢੰਗ ਉਸ ਕੌਮ ਦੇ ਲੋਕਾਂ ਨੂੰ ਆਰਥਿਕ ਪੱਖੋਂ ਨਿਤਾਣਾ ਬਣਾ ਦੇਣਾ। ਆਰਥਕ ਤੌਰ ਤੇ ਨਿਤਾਣਾ ਹੋਇਆ ਮਨੁੱਖ ਕੁਝ ਵੀ ਕਰਨ ਨੂੰ ਤਿਆਰ ਹੋ ਜਾਂਦਾ ਹੈ। ਜਿਵੇਂ ਕਿ ਸਿੱਖਾਂ ਨੂੰ ਅਜ਼ਾਦੀ ਦੇ ਪਹਿਲੇ ਦਿਨ ਤੋਂ ਹੀ ਆਰਥਕ ਤੌਰ ਤੇ ਨਿਤਾਣਾ ਬਣਾਇਆ ਜਾ ਰਿਹਾ ਹੈ। ਹਾਕਮ ਜਮਾਤ ਕੋਲ ਸਾਰੀ ਤਾਕਤ ਹੁੰਦੀ ਹੈ। ਉਹ ਅਜਿਹੇ ਕਾਨੂੰਨ ਬਣਾਉਂਦੀ ਹੈ ਜਿਸ ਨਾਲ ਚੋਟ ਉਸ ਕੌਮ ਦੇ ਲੋਕਾਂ 'ਤੇ ਲੱਗੇ। ਜਿਵੇਂ ਪੰਜਾਬ ਵਿੱਚ ਸਿੱਖ ਕਿਸਾਨੀ 'ਤੇ ਚੋਟ ਮਾਰਨ ਲਈ ਲੈਂਡ ਸੀਲਿੰਗ ਦਾ ਕਾਨੂੰਨ ਬਣਾਇਆ ਗਿਆ। ਸਿੱਖਾਂ ਦਾ ਨਾਲ ਦੇ ਸੂਬਿਆਂ ਵਿੱਚ ਜ਼ਮੀਨ ਨਾ ਖਰੀਦ ਸਕਣਾ, ਟੈਕਸ ਵਧਾਈ ਜਾਣਾ, ਦਸ ਹਜ਼ਾਰ ਵਾਲੇ ਟਰੈਕਟਰ ਦੀ ਕੀਮਤ ਇਕ ਲੱਖ ਕਰ ਦੇਣੀ, ਖਾਦ ਦੀਆਂ ਕੀਮਤਾਂ ਵਧਾ ਦੇਣੀਆਂ, ਖਾਦ ਤੇ ਟਰੈਕਟਰ ਆਦਿਕ ਨਾਲ ਦੇ ਸੂਬਿਆਂ ਵਿੱਚ ਤਿਆਰ ਕਰਵਾਉਣੇ, ਨੌਕਰੀਆਂ ਉਸ ਕੌਮ ਦੇ ਬੰਦਿਆਂ ਨੂੰ ਨਾ ਦੇਣੀਆਂ, ਫਸਲ ਪੈਦਾ ਕੀਤੀ ਦੀ ਕੀਮਤ ਲਾਗਤ ਨਾਲੋਂ ਵੀ ਘੱਟ ਪਾਉਣੀ, ਤਾਂ ਜੋ ਚਾਰ ਪੈਸੇ ਜੇਬ ਵਿੱਚ ਜਮ੍ਹਾ ਕਦੀ ਨਾ ਹੋਣ ਆਦਿਕ ਹੱਥਕੰਡੇ ਵਰਤ ਕੇ ਉਸ ਕੌਮ ਦੇ ਲੋਕਾਂ ਨੂੰ ਨਿਤਾਣਾ ਬਣਾਇਆ ਜਾਂਦਾ ਹੈ।

ਤੀਜਾ ਢੰਗ ਹੈ 'ਪਾੜੋ ਤੇ ਰਾਜ ਕਰੋ'। ਉਸ ਕੌਮ ਦੇ ਕੁਝ ਨਿਡਰ, ਖੁਲ੍ਹ ਕੇ ਗੱਲ ਕਰਨ ਵਾਲੇ ਅਤੇ ਸੱਚੀ ਗੱਲ ਕਰਨ ਵਾਲੇ ਸਿਰਕੱਢ ਲੀਡਰਾਂ ਨੂੰ ਫੜ ਕੇ ਖਤਮ ਕਰ ਦਿੱਤਾ ਜਾਂਦਾ ਹੈ। ਇਹ ਸੋਚ ਕੇ ਕਿ ਉਨ੍ਹਾਂ ਦੇ ਖਤਮ ਹੋ ਜਾਣ ਨਾਲ ਕੋਈ ਅਗਵਾਈ ਕਰਨ ਵਾਲਾ ਰਹਿਣਾ ਨਹੀਂ, ਲੋਕ ਡਰ ਕੇ ਦਬੜੂ-ਘੁਸੜੂ ਬਣਕੇ ਚੁੱਪ ਕਰਕੇ

ਬਹਿ ਜਾਣਗੇ। ਜਿਹੜੇ ਲੀਡਰ ਖਰੀਦੇ ਜਾ ਸਕਦੇ ਹਨ, ਉਨ੍ਹਾਂ ਨੂੰ ਖਰੀਦ ਲਓ। ਜਿਹੜੇ ਨਹੀਂ ਖਰੀਦੇ ਜਾ ਸਕਦੇ, ਅਜਿਹੇ ਕੌਮ ਦਾ ਪੱਖ ਪੂਰਨ ਵਾਲੇ ਸਿਰਕੱਢ ਆਗੂਆਂ ਨੂੰ ਬੇਦਰਦੀ ਨਾਲ ਖਤਮ ਕਰ ਦੇਵੋ ਅਤੇ ਨਵੇਂ ਬਣਨ ਵਾਲੇ ਲੀਡਰਾਂ ਨੂੰ ਭੈਭੀਤ ਕਰਦੇ ਰਹੋ, ਤਾਂ ਜੋ ਕੋਈ ਅਗਵਾਈ ਕਰਨ ਦਾ ਹੀਆ ਨਾ ਕਰ ਸਕੇ। ਗੁਰੂ ਅਰਜਨ ਸਾਹਿਬ ਅਤੇ ਗੁਰੂ ਤੇਗ ਬਹਾਦਰ ਸਾਹਿਬ ਨੂੰ ਇਸੇ ਆਸ਼ੇ ਨਾਲ ਸ਼ਹੀਦ ਕੀਤਾ ਗਿਆ ਸੀ। ਉਸ ਮਗਰੋਂ ਆਮ ਤੌਰ ਤੇ ਲੋਕਾਂ ਨੂੰ ਦਬਕਾਉਣ, ਯਰਕਾਉਣ ਅਤੇ ਭੈ-ਭੀਤ ਕਰਨ ਦਾ ਅਮਲ ਅਰੰਭ ਕਰ ਦਿੱਤਾ ਜਾਂਦਾ ਹੈ।

ਸਿੱਖ ਲਹਿਰ ਦੀ ਵੱਧ ਰਹੀ ਸ਼ਕਤੀ ਨੂੰ ਮਾਰ-ਮੁਕਾਉਣ ਲਈ ਜਹਾਂਗੀਰ ਨੇ ਗੁਰੂ ਅਰਜਨ ਸਾਹਿਬ ਨੂੰ ਅਣਮਨੁੱਖੀ ਤਸੀਹੇ ਦੇਕੇ ਸ਼ਹੀਦ ਕਰਵਾਇਆ ਸੀ। ਉਸ ਨੂੰ ਯਕੀਨ ਸੀ ਕਿ ਅਜਿਹੇ ਕਹਿਰਾਂ ਦੇ ਤਸੀਹੇ ਦੇਣ ਨਾਲ ਸ਼ਰਧਾਲੂ ਸਿੱਖ ਭੈਭੀਤ ਹੋ ਜਾਣਗੇ ਅਤੇ ਸਿੱਖ ਲਹਿਰ ਹੌਲੀ ਹੌਲੀ ਖਤਮ ਹੋ ਜਾਏਗੀ। ਜਿਸ ਨੇ ਵੀ ਸਿੱਖ ਕੌਮ ਨੂੰ ਮਾਰ-ਮੁਕਾਉਂਣ ਦਾ ਸੁਪਨਾ ਲਿਆ, ਉਸ ਨੇ ਹੀ ਅੰਮ੍ਰਿਤਸਰ 'ਤੇ ਹਮਲਾ ਕੀਤਾ ਅਤੇ ਹਰਿਮੰਦਰ ਸਾਹਿਬ ਅੰਦਰ ਜਗਦੀ ਜੋਤਿ ਨੂੰ ਬੁਝਾ ਦੇਣ ਦਾ ਯਤਨ ਕੀਤਾ। ਉਸ ਨੂੰ ਇਸ ਗੱਲ ਦੀ ਸੋਝੀ ਨਹੀਂ ਸੀ ਕਿ ਸਿੱਖ ਲਹਿਰ ਦੀ ਉਸਾਰੀ 'ਪਰ ਅਧੀਨ ਸੁਪਨੇ ਸੁਖ ਨਾਹੀ' ਅਤੇ ਪਰਵਾਹ ਨਾਹੀ ਕਿਸੇ ਕੇਰੀ' ਦੇ ਸੀਮਿੰਟ ਨਾਲ ਹੋ ਰਹੀ ਸੀ। ਹਰਿਮੰਦਰ ਸਾਹਿਬ ਸਿੱਖਾਂ ਦੀ ਸੁਰਤਿ, ਮਤਿ ਅਤੇ ਬੁਧਿ ਦਾ ਮਰਕਜ਼ ਬਿੰਦੂ ਰਿਹਾ ਹੈ, ਇਹ, ਸਿੱਖ ਕੌਮ ਦਾ ਹਮੇਸ਼ਾ ਪ੍ਰੇਰਨਾ ਸਰੋਤ ਰਿਹਾ ਹੈ ਅਤੇ ਸਿੱਖ ਕੌਮ ਦੀ ਅਣਖ ਤੇ ਅਜ਼ਾਦੀ ਦਾ ਪ੍ਰਤੀਕ ਬਣਿਆ ਰਿਹਾ ਹੈ। ਸਿੱਖ ਕੌਮ ਹਰ ਮੋਰਚਾ ਇਥੋਂ ਹੀ ਆਰੰਭ ਕਰਦੀ ਰਹੀ ਹੈ। ਹਰ ਕੌਮੀ ਮੋਰਚੇ ਦਾ ਆਰੰਭ ਬਿੰਦੂ ਹਮੇਸ਼ਾ ਅੰਮ੍ਰਿਤਸਰ ਹੀ ਰਿਹਾ ਹੈ।

ਚੌਥਾ ਢੰਗ ਉਸ ਕੌਮ ਦੇ ਲੋਕਾਂ ਨੂੰ ਦਬਕਾਉਣਾ, ਡਰਾਉਣਾ, ਭੈਭੀਤ ਕਰਨਾ, ਯਰਕਾਉਣਾ ਅਤੇ ਰਹਿੰਦੇ ਖੂੰਹਦੇ ਆਤਮ ਵਿਸ਼ਵਾਸ਼ ਨੂੰ ਖਤਮ ਕਰ ਦੇਣਾ ਹੁੰਦਾ ਹੈ। ਉਨ੍ਹਾਂ ਦੀ ਅਣਖ 'ਤੇ ਲਗਾਤਾਰ ਸੱਟਾਂ ਮਾਰਦੇ ਰਹਿਣਾ, ਅਵਾਜ਼ੇ ਕੱਸਣੇ, ਉਨ੍ਹਾਂ ਦੇ ਜੀਵਨ ਢੰਗ ਨੂੰ ਘੱਟੀਆ ਦੱਸ ਕੇ ਉਨ੍ਹਾਂ ਦੇ ਮਜ਼ਾਕ ਉਡਾਣੇ ਆਦਿਕ ਸਰਬਪੱਖੀ ਢੰਗ ਵਰਤੇ ਜਾਂਦੇ ਹਨ। ਇਸੇ ਨੁਸਖੇ ਅਧੀਨ ਅੱਜ ਰੇਡੀਓ, ਟੀ.ਵੀ. ਅਤੇ ਫਿਲਮਾਂ 'ਚ ਸਿੱਖਾਂ ਦਾ ਮੌਜੂ ਉਡਾਇਆ ਜਾ ਰਿਹਾ ਹੈ। ਆਪਣੇ ਵਿਰੋਧੀਆਂ ਨੂੰ ਖਤਮ ਕਰਨ ਲਈ ਜਿਥੇ ਮੁਗ਼ਲ ਹਾਕਮਾਂ ਨੇ ਸਰੀਰਕ ਸ਼ਕਤੀ ਵਰਤੀ, ਅੰਗਰੇਜ਼ਾਂ ਨੇ ਦਿਮਾਗੀ ਸ਼ਕਤੀ ਵਰਤੀ, ਉਥੇ ਬ੍ਰਾਹਮਣਵਾਦ ਦੋਵੇਂ ਸ਼ਕਤੀਆਂ ਵਰਤ ਰਿਹਾ ਹੈ।

ਪੰਜਵਾਂ ਢੰਗ ਹੈ ਉਸ ਕੌਮ ਦੇ ਸਭ ਲੋਕਾਂ ਨੂੰ ਮਾਰ ਮੁਕਾ ਦੇਣ ਦਾ। ਸਿੱਖਾਂ ਨੂੰ ਖਤਮ ਕਰਨ ਲਈ ਇਹ ਢੰਗ ਮੁਗ਼ਲ ਹਾਕਮਾਂ, ਅਹਿਮਦ ਸ਼ਾਹ ਅਬਦਾਲੀ, ਫਰਖਸੀਅਰ ਅਤੇ ਲਖਪਤ ਰਾਏ ਵਰਗਿਆਂ ਸੂਬੇਦਾਰਾਂ ਨੇ ਵੀ ਵਰਤਿਆ ਸੀ। ਢੂੰਡ ਢੂੰਡ ਕੇ ਮਾਰ ਮੁਕਾ ਦਿਓ, ਕੋਈ ਬਾਕੀ ਨਾ ਰਹਿਣ ਦਿਓ ਅਤੇ ਸਾਰਿਆਂ ਨੂੰ ਮਾਰ ਦਿਓ। ਇਹੋ ਕੁਝ ਹਿਟਲਰ ਨੇ ਯਹੂਦੀਆਂ ਨੂੰ ਖਤਮ ਕਰਨ ਲਈ ਕੀਤਾ ਸੀ। ਇਹੋ ਢੰਗ ਸਿੱਖਾਂ 'ਤੇ ਵਰਤਿਆ ਗਿਆ। ਅਠੱਤਰ ਦੀ ਖ਼ੂਨੀ ਵਿਸਾਖੀ ਤੋਂ ਆਰੰਭ ਹੋ ਕੇ ਚੁਰਾਸੀ ਦੇ ਦੋ ਘੱਲੂਘਾਰਿਆਂ ਤੋਂ ਹੁੰਦਾ ਹੋਇਆ ਝੂਠੇ ਮੁਕਾਬਲੇ ਬਣਾ-ਬਣਾ ਕੇ ਮਾਰਨ ਅਤੇ ਜੇਲ੍ਹਾਂ ਵਿੱਚ ਤੜਪਾ-ਤੜਪਾ ਕੇ ਮਾਰਨ ਤਕ ਚਲਿਆ ਆ ਰਿਹਾ ਹੈ। ਇਸ ਦੇ ਨਾਲ ਹੀ ਬ੍ਰਾਹਮਣਵਾਦ ਵਲੋਂ ਇਕ ਹੋਰ ਨਵਾਂ ਢੰਗ ਵਰਤਿਆ ਗਿਆ। ਸਿੱਖ ਨਸਲ ਨੂੰ ਤਬਾਹ ਕਰਨ ਅਤੇ ਇਸ ਨੂੰ ਵਧਣੋਂ ਰੋਕਣ ਲਈ ਜਬਰੀ ਨਸ-ਬੰਦੀ ਦਾ ਪਰੋਗਰਾਮ ਸਿੱਖਾਂ 'ਤੇ ਠੋਸਿਆ ਗਿਆ ਸੀ ਤਾਂ ਜੋ ਸਿੱਖਾਂ ਦੀ ਨਸਲ ਨੂੰ ਵਧਣੋਂ ਰੋਕਿਆ ਜਾ ਸਕੇ। ਇਹੋ ਕੁਝ ਮੁਸਲਮਾਨਾਂ ਨਾਲ ਕੀਤਾ ਗਿਆ ਸੀ। ਸੰਜੇ ਗਾਂਧੀ ਨੇ ਜਬਰੀ ਨਸਬੰਦੀ ਦੀ ਮੁਹਿੰਮ 'ਚ ਸਿੱਖਾਂ ਤੇ ਮੁਸਲਮਾਨਾਂ ਨੂੰ ਵਿਸ਼ੇਸ਼ ਨਿਸ਼ਾਨਾ ਬਣਾਇਆ ਸੀ, ਤਾਂ ਜੋ ਇਹਨਾਂ ਦੀ ਨਸਲਘਾਤ ਅਸਾਨੀ ਨਾਲ ਕੀਤੀ ਜਾ ਸਕੇ।

ਉਪਰਲੇ ਦੱਸੇ ਢੰਗਾਂ 'ਚੋਂ ਕਿਹੜਾ ਉਹ ਢੰਗ ਹੈ, ਜਿਹੜਾ ਬ੍ਰਾਹਮਣਵਾਦ ਵਲੋਂ ਸਿੱਖਾਂ ਨੂੰ ਖਤਮ ਕਰਨ ਲਈ ਨਹੀਂ ਵਰਤਿਆ ਗਿਆ? ਜਾਂ ਨਹੀ ਵਰਤਿਆ ਜਾ ਰਿਹਾ ਹੈ? ਸਿੱਖ ਕੌਮ 'ਤੇ ਇਹ ਸਾਰੇ ਢੰਗ ਵਰਤੇ ਜਾ ਚੁੱਕੇ ਹਨ। ਅਸੀਂ ਚੁੱਪ ਕਰਕੇ ਬੈਠੇ ਹੋਏ ਹਾਂ। ਹਾਂ, ਸਾਡੇ ਲੀਡਰ ਦੋ ਕੰਮ ਕਰਦੇ ਹਨ। ਜਾਂ ਮਤੇ ਪਾਸ ਕਰ ਛੱਡਦੇ ਹਨ ਜਾਂ ਅਖਬਾਰਾਂ 'ਚ ਫੋਟੋਆਂ ਖਿਚਾਉਣ ਲਈ ਬਿਆਨ ਦਾਗ ਛਡਦੇ ਹਨ। ਅਸੀਂ ਇੰਜ ਕਰ ਦਿਆਂਗੇ, ਅਸੀਂ ਉਜ ਕਰ ਦਿਆਂਗੇ ਪਰ ਕਰਨਾ ਕਰਾਣਾ ਕੁਝ ਨਹੀਂ।

ਹਿਟਲਰ ਨੇ ਆਪਣੀ ਸਵੈਜੀਵਨੀ 'ਚ ਲਿਖਿਆ ਹੈ ਕਿ ਗ਼ੈਰਤ ਵਾਲੀ ਕੌਮ ਨੂੰ ਤਾਕਤ ਨਾਲ ਮਾਰਨਾ ਔਖਾ ਹੁੰਦਾ ਹੈ। ਇਸ ਲਈ ਉਸ ਦੀ ਬੋਲੀ ਤੇ ਕਲਚਰ ਨੂੰ ਖਤਮ ਕਰ ਦੇਣਾ ਚਾਹੀਦਾ ਹੈ ਅਤੇ ਆਪਣੀ ਬੋਲੀ ਤੇ ਕਲਚਰ ਉਸ 'ਤੇ ਠੋਸੀ ਜਾਣੀ ਚਾਹੀਦੀ ਹੈ। ਕਿਸੇ ਕੌਮ ਦੇ ਸਭਿਆਚਾਰ ਅਤੇ ਸੋਚ ਚਿੰਤਨ ਦਾ ਪਤਨ ਕਰਨ ਲਈ ਉਸ ਦੀ ਬੋਲੀ ਨੂੰ ਬੋਲਣ ਪੱਧਰ ਤਕ ਹੀ ਸੀਮਤ ਕਰ ਦਿੱਤਾ ਜਾਂਦਾ ਹੈ ਅਤੇ ਉਸ ਕੌਮ ਦੀ ਬੋਲੀ ਨੂੰ ਵਿਚਾਰ, ਸੋਚ ਚਿੰਤਨ ਤੇ ਗਿਆਨ ਵਿਗਿਆਨ ਦੇ ਨੇੜੇ ਨਹੀਂ ਫਟਕਣ ਦਿੱਤਾ ਜਾਂਦਾ। ਹਾਕਮ ਜਮਾਤ ਗ਼ੁਲਾਮ ਕੌਮਾਂ ਦੇ ਲੋਕਾਂ ਲਈ ਆਪਣੀ ਬੋਲੀ ਨੂੰ ਹੀ ਪੜ੍ਹੇ-ਲਿਖੇ ਤੇ ਸਭਿਆਚਾਰਕ

ਹੋਣ ਦਾ ਪੈਮਾਨਾ ਨਿਯਤ ਕਰ ਦਿੰਦੀ ਹੈ, ਜਿਸ ਨੂੰ ਭਿਆਨਕ ਸਭਿਆਚਾਰਕ ਹਮਲਾ (Cultural assault) ਕਿਹਾ ਜਾਂਦਾ ਹੈ। ਅਜਿਹੇ ਹਮਲੇ ਦੇ ਲਤਾੜੇ ਹੋਏ ਲੋਕ ਸਦੀਆਂ ਤਕ ਸਭਿਆਚਾਰਕ ਤੇ ਰਾਜਨੀਤਕ ਗ਼ੁਲਾਮੀ ਦਾ ਸ਼ਿਕਾਰ ਬਣੇ ਰਹਿੰਦੇ ਹਨ।

ਇਸ ਤਰ੍ਹਾਂ ਦੀ ਅੱਤ ਹੋ ਜਾਣ ਨਾਲ ਜਦ ਮਨੁੱਖਤਾ ਦਾ ਵੱਡਾ ਹਿੱਸਾ ਗਿਰਾਵਟ ਵੱਲ ਜਾਂਦਾ ਹੈ ਤਾਂ ਕੁਦਰਤ ਵਲੋਂ ਕੋਈ ਉਹਨਾਂ ਦੀ ਬਾਂਹ ਫੜਨ ਲਈ ਸੰਸਾਰ ਵਿੱਚ ਆਉਂਦਾ ਹੈ ਅਤੇ ਉਸ ਕੌਮ ਦੇ ਲੋਕਾਂ ਅੰਦਰ ਚੇਤਨਤਾ ਪੈਦਾ ਕਰਦਾ ਹੈ। ਉਹ ਉਸ ਕੌਮ ਦੇ ਲੋਕਾਂ ਅੰਦਰ ਆਪਣੀ ਬੋਲੀ, ਆਪਣੇ ਇਤਿਹਾਸ ਅਤੇ ਸਭਿਆਚਾਰ ਦੀ ਰਹਿਣੀ-ਬਹਿਣੀ ਲਈ ਪਿਆਰ ਦੀ ਜਾਗ ਲਾਉਂਦਾ ਹੈ। ਗੁਰੂ ਨਾਨਕ ਸਾਹਿਬ ਨੇ ਪੰਜ ਸੌ ਸਾਲ ਪਹਿਲਾਂ ਇਸ ਸੰਕਟ ਨੂੰ ਪਛਾਣ ਕੇ 'ਖਤ੍ਰੀਆ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ' ਦੇ ਫੁਰਮਾਨ ਰਾਹੀਂ ਆਪਣੀ ਬੋਲੀ ਤੇ ਸਭਿਆਚਾਰ ਤੋਂ ਬੇਮੁਖ ਹੋਏ ਲੋਕਾਂ ਨੂੰ ਫਿਟਕਾਰ ਪਾ ਕੇ ਦੱਸਿਆ ਸੀ ਕਿ ਬੋਲੀ ਦੇ 'ਅਵਰ' ਹੋ ਜਾਣ ਨਾਲ ਕੌਮੀ ਸਭਿਆਚਾਰ ਦੀਆਂ ਸਾਰੀਆਂ ਕਦਰਾਂ ਕੀਮਤਾਂ, ਰਹਿਣੀ ਬਹਿਣੀ, ਸੋਚ ਵਿਚਾਰ, ਖਾਣ-ਪੀਣ ਅਤੇ ਬੋਲ ਚਾਲ ਸਭ ਕੁਝ 'ਅਵਰਾਂ' ਵਰਗਾ ਹੀ ਹੋ ਜਾਂਦਾ ਹੈ।

ਭਾਰਤੀ ਰਾਜਨੀਤਕਾਂ ਦਾ ਇਤਿਹਾਸਕ ਪਿਛੋਕੜ

ਕਿਸੇ ਵੀ ਕੌਮ ਜਾਂ ਭਾਈਚਾਰੇ ਦਾ ਕੌਮੀ ਕਿਰਦਾਰ ਘੜਨ-ਤਰਾਸ਼ਣ ਅਤੇ ਨਿਖਾਰਨ 'ਚ ਸਭਿਆਚਾਰਕ, ਆਰਥਿਕ ਤੇ ਹੋਰਨਾਂ ਤੱਤਾਂ ਨਾਲੋਂ ਉਸ ਦੇ ਇਤਿਹਾਸ ਦਾ ਭਾਰੀ ਯੋਗਦਾਨ ਹੁੰਦਾ ਹੈ। ਹਿੰਦੂ ਇਤਿਹਾਸਕ ਅਧਿਐਨ 'ਚੋਂ ਇਹ ਗੱਲ ਬੜੇ ਰੜਕਵੇਂ ਰੂਪ 'ਚ ਪ੍ਰਗਟ ਹੁੰਦੀ ਹੈ ਕਿ ਹਿੰਦੂ ਅਵਤਾਰਾਂ ਤੇ ਦੇਵੀ ਦੇਵਤਿਆਂ ਨੇ ਆਪਣੇ ਨਿਸ਼ਾਨੇ ਦੀ ਪ੍ਰਾਪਤੀ ਲਈ ਹਰ ਅਯੋਗ ਸਾਧਨ ਵਰਤਣ ਨੂੰ ਵੀ ਉਚਿਤ ਠਹਿਰਾਇਆ ਹੈ। ਵਿਰੋਧੀ ਧਿਰ ਨਾਲ ਨਿਪਟਣ ਲਈ ਫਰੇਬ, ਝੂਠ, ਧੋਖਾਦੇਹੀ ਅਤੇ ਵਿਸ਼ਵਾਸਘਾਤ ਕਰਨ ਨੂੰ ਵਿਹਾਰ 'ਚ ਨਿਪੁੰਨ ਹੋਣਾ ਦੱਸ ਕੇ ਸਨਮਾਨਿਆ ਹੈ। ਹਿੰਦੂ ਇਤਿਹਾਸ-ਮਿਥਿਹਾਸ ਦੀ ਹਰ ਜੰਗ ਅੰਦਰ ਹਿੰਦੂ ਅਵਤਾਰਾਂ, ਹਿੰਦੂ ਨਾਮੀ ਨਾਇਕ ਯੋਧਿਆਂ, ਰਿਸ਼ੀਆਂ, ਦੇਵਤਿਆਂ ਆਦਿ ਨੇ ਇਸ ਕਲਾਕਾਰੀ ਦੀ ਨਿਰਸੰਕੋਚ ਵਰਤੋਂ ਕਰਕੇ ਮਿਸਾਲਾਂ ਕਾਇਮ ਕਰਕੇ ਵਿਖਾਈਆਂ ਹਨ ਜਿਨ੍ਹਾਂ ਦੀ ਹਿੰਦੂ ਵਰਗ ਨਾ ਕੇਵਲ ਜੰਗ ਅੰਦਰ ਦੁਸ਼ਮਣ ਦੇ ਖਿਲਾਫ ਵਰਤੋਂ ਕਰਦਾ ਆ ਰਿਹਾ ਹੈ ਸਗੋਂ ਇਹ ਆਪਣੇ ਕਾਰ-ਵਿਹਾਰ ਅੰਦਰ ਵੀ ਇਸ ਦੀ ਪਾਲਨਾ ਕਰਦਾ ਆ ਰਿਹਾ ਹੈ।

ਇਤਿਹਾਸਕ ਮਿਸਾਲਾਂ ਸਾਡੇ ਸਾਹਮਣੇ ਹਨ। ਰੱਬ ਦਾ ਨਾਂ ਜਪਣ ਵਾਲੇ ਬੇਕਸੂਰੇ ਸ਼ੰਬੂਕ ਦਾ ਕਾਤਲ ਰਾਮ ਇਹਨਾਂ ਦਾ 'ਮਰਯਾਦਾ ਪਰਸ਼ੋਤਮ' ਭਗਵਾਨ ਹੈ। ਬਹਾਦਰ ਬਬਰੀਕ ਨੂੰ ਧੋਖੇ ਨਾਲ ਮਾਰਨ ਵਾਲਾ ਕ੍ਰਿਸ਼ਨ ਇਹਨਾਂ ਦਾ ਭਗਵਾਨ ਹੈ। ਬਹਾਦਰ ਇਕੱਲਵਿਆ ਨੂੰ ਸ਼ਸਤਰ ਵਿਦਿਆ ਸਿਖਾਉਣ ਤੋਂ ਇਨਕਾਰ ਕਰਨ ਵਾਲਾ ਅਤੇ ਬਾਅਦ 'ਚ ਉਸ ਦੀ ਪ੍ਰਬੀਨਤਾ ਨੂੰ ਵੇਖ ਕੇ, ਮੱਕਾਰੀ ਨਾਲ ਉਸ (ਸ਼ਿਸ਼) ਤੋਂ ਅੰਗੂਠੇ ਦੀ ਗੁਰੂ ਦਖਸ਼ਣਾ ਦੀ ਮੰਗ ਕਰਕੇ, ਉਸ ਨੂੰ ਅੰਗਹੀਣ ਬਣਾਉਣ ਵਾਲਾ ਦਰੋਣਾਚਾਰੀਆਂ ਗੁਰੂ ਹੈ। ਉਸ ਨੇ ਇਕੱਲਵਿਆ ਨੂੰ ਇਸ ਲਈ ਅੰਗਹੀਣ ਬਣਾਇਆ ਕਿ ਅਰਜਨ (ਉਚੀ ਨਸਲ ਦੇ) ਨਾਲੋਂ ਵਧੇਰੇ ਚੰਗਾ ਤੀਰ ਅੰਦਾਜ਼ ਹੋਰ ਕੋਈ ਨਾ ਹੋਵੇ। ਕਰਣ ਨੂੰ ਜਾਤ ਦੇ ਆਧਾਰ ਤੇ ਮੁਕਾਬਲੇ 'ਚੋਂ ਰੋਕਣ ਵਾਲਾ ਅਰਜਨ 'ਵੀਰ' ਹੈ। ਗੋਸ਼ਟੀ 'ਚ ਹਾਰਨ ਅਤੇ ਹੱਲਾ-ਗੁੱਲਾ ਮਚਾਉਣ ਵਾਲਾ ਪੁੰਡਰੀਕ ਰਾਜ ਰਿਸ਼ੀ ਹੈ। ਦਲਿਤਾਂ ਦੇ ਵੱਖਰੇ ਮਨੁੱਖੀ ਅਧਿਕਾਰਾਂ ਵਿਰੁੱਧ ਮਰਨ ਵਰਤ ਰੱਖਣ ਵਾਲਾ ਗਾਂਧੀ ਰਾਸ਼ਟਰ ਪਿਤਾ ਹੈ।

ਬ੍ਰਾਹਮਣਵਾਦੀ ਕਿਰਦਾਰ ਸਬੰਧੀ ਜੋ ਨਿਰਨਾ ਗੁਰੂ ਨਾਨਕ ਸਾਹਿਬ ਨੇ ਦਿੱਤਾ, ਉਹਦਾ ਅੱਖਰ ਅੱਖਰ ਸਦੀਵੀ ਸੱਚ ਹੋ ਕੇ ਸਾਡੇ ਸਾਹਮਣੇ ਆ ਰਿਹਾ ਹੈ। ਆਪ ਜੀ ਨੇ ਬ੍ਰਾਹਮਣ ਦੇ ਅਸਲੀ ਕਿਰਦਾਰ ਨੂੰ

ਬੇ-ਨਕਾਬ ਕਰਦਿਆਂ ਫ਼ੁਰਮਾਇਆ ਸੀ ਕਿ ਦੂਹਰੀਆਂ ਤੀਹਰੀਆਂ ਧੋਤੀਆਂ ਸਜਾ, ਤਿਲਕ ਲਾ, ਗਲ ਵਿੱਚ ਮਾਲਾ ਪਾਈ ਬੈਠੇ ਬ੍ਰਾਹਮਣ ਧਰਮੀ ਦੇਵਤੇ ਨਹੀਂ ਸਨ, ਸਗੋਂ ਜਗਤ ਠੱਗ ਸਨ, ਜਗਤ ਲੋਟੂ ਸਨ ਅਤੇ ਜਗਤ ਕਸਾਈ ਸਨ। ਬਾਹਰੋਂ ਚਾਹੇ ਉਹ ਧਰਮੀ, ਭਜਨੀਕ, ਨੇਕ ਅਤੇ ਮੂੰਹ ਦੇ ਮਿੱਠੇ ਦਿੱਸਦੇ ਸਨ ਪਰੰਤੂ ਅੰਦਰੋਂ ਦਿਲ ਦੇ ਖੋਟੇ, ਕਠੋਰ-ਚਿਤ, ਗੰਢ ਦੇ ਪੂਰੇ, ਪੱਕੇ ਖ਼ੁਦਗ਼ਰਜ਼ ਅਤੇ ਜਗਤ ਕਸਾਈ ਸਨ। ਜਿਨ੍ਹਾਂ ਨੂੰ ਮਲੇਛ ਆਖਦੇ ਰਹੇ, ਉਹਨਾਂ ਦੀ ਹੀ ਬੋਲੀ ਬੋਲਣ ਵਿੱਚ ਫ਼ਖ਼ਰ ਕਰਦੇ ਰਹੇ, ਉਹਨਾਂ ਦੇ ਹੀ ਪਹਿਰਾਵੇ ਪਹਿਨਦੇ ਰਹੇ ਅਤੇ ਉਨ੍ਹਾਂ ਨੂੰ ਹੀ ਧੀਆਂ ਭੈਣਾਂ ਦੇ ਡੋਲੇ ਦੇਂਦੇ ਰਹੇ। ਜਿਨ੍ਹਾਂ ਨੂੰ ਨੀਵੀਂ ਜਾਤ ਦੇ ਬੰਦੇ ਆਖਦੇ ਰਹੇ, ਉਹਨਾਂ ਦੀ ਹੀ ਕਮਾਈ ਨਾਲ ਢਿੱਡ ਭਰਦੇ ਰਹੇ ਅਤੇ ਉਹਨਾਂ ਦਾ ਹੀ ਧਾਨ ਖਾਂਦੇ ਰਹੇ।

ਚੰਦੂ, ਗੰਗੂ, ਜਿਲ੍ਹੇ, ਡੋਗਰੇ ਭਰਾਵਾਂ ਅਤੇ ਗਾਂਧੀ ਨਹਿਰੂ ਤੋਂ ਲੈਕੇ ਅੱਜ ਤਕ ਦੇ ਚਿੱਟੀਆਂ ਧੋਤੀਆਂ ਟੋਪੀਆਂ ਵਾਲੇ ਲੋਟੂ ਕਾਂਗਰਸੀਆਂ ਦਾ ਕਿਰਦਾਰ ਸਾਡੇ ਸਾਹਮਣੇ ਹੈ। ਇਹ ਕਿਤਨੇ ਜ਼ੁਲਮ ਤੇ ਅਨਰਥ ਕਰਦੇ ਰਹੇ ਤੇ ਕਰ ਰਹੇ ਹਨ; ਕਿਤਨੀ ਨਿਰਦੈਤਾ ਤੇ ਕਿਤਨੇ ਵਹਿਸ਼ੀਆਨਾ ਢੰਗ ਨਾਲ ਇਹ ਸਿੱਖਾਂ ਤੇ ਮੁਸਲਮਾਨਾਂ ਦਾ ਕਤਲੇਆਮ ਕਰਦੇ ਰਹੇ ਤੇ ਕਰ ਰਹੇ ਹਨ; ਕਿਸ ਬੇਦਰਦੀ ਨਾਲ ਇਹ ਰਿਸ਼ਵਤਖ਼ੋਰ ਤੇ ਲੁਟੇਰੇ ਠੱਗ ਦੇਸ਼ ਨੂੰ ਦੁਹੱਥੀਂ ਲੁਟਦੇ ਰਹੇ; ਤਨਖ਼ਾਹਾਂ ਵੀ ਲੈਂਦੇ ਰਹੇ ਤੇ ਕਰੋੜਾਂ-ਅਰਬਾਂ ਦੀਆਂ ਰਿਸ਼ਵਤਾਂ ਵੀ ਲੈਂਦੇ ਰਹੇ ਅਤੇ ਲੋਕਾਂ ਨੂੰ ਭੁੱਖ ਨਾਲ ਮਰਦੇ ਵੇਖਦੇ ਰਹੇ। ਬੋਫ਼ਰਜ਼ ਤੋਪ ਕਾਂਡ ਦੇ ਕਰੋੜਾਂ ਅਰਬਾਂ ਦੇ ਭ੍ਰਿਸ਼ਟਾਚਾਰ ਮਗਰੋਂ ਨਿੱਤ ਨਵੇਂ ਸਕੈਂਡਲ 'ਤੇ ਸਕੈਂਡਲ ਸਾਹਮਣੇ ਆ ਰਹੇ ਹਨ। ਕਰੋੜਾਂ ਅਰਬਾਂ ਦੇ ਘਪਲਿਆਂ, ਸਕੈਂਡਲਾਂ, ਹੇਰਾਂ-ਫੇਰੀਆਂ ਤੇ ਰਿਸ਼ਵਤਖ਼ੋਰੀਆਂ ਦੇ ਕਾਂਡ ਸਾਹਮਣੇ ਆ ਰਹੇ ਹਨ। ਕੋਈ ਅਜਿਹਾ ਸੂਬਾ ਨਹੀਂ, ਜਿਥੇ ਕਰੋੜਾਂ ਦੇ ਘਪਲੇ ਨਹੀਂ ਕੀਤੇ ਗਏ। ਕੋਈ ਅਜਿਹੀ ਵੱਡੀ ਪਾਰਟੀ ਨਹੀਂ, ਜਿਸ ਦਾ ਕੋਈ ਵੱਡਾ ਆਗੂ ਕਿਸੇ ਨਾ ਕਿਸੇ ਸਕੈਂਡਲ ਵਿੱਚ ਭਾਈਵਾਲ ਨਾ ਹੋਵੇ। ਹਰ ਸਰਕਾਰੀ ਮਹਿਕਮਾ ਭ੍ਰਿਸ਼ਟਾਚਾਰ ਦੇ ਕੈਂਸਰ ਨਾਲ ਗਲ-ਸੜ ਚੁੱਕਾ ਹੈ। ਭ੍ਰਿਸ਼ਟਾਚਾਰ ਦੇ ਹਮਾਮ ਵਿੱਚ ਇਹ ਸਾਰੇ ਹੀ ਨੰਗੇ ਹਨ। ਇਹ ਲੋਟੂ ਠੱਗ ਹੀ ਇਹਨਾਂ ਦੀ ਵੇਦਿਕ ਸੰਸਕ੍ਰਿਤੀ ਦਾ ਆਦਰਸ਼ਕ ਨਮੂਨਾ ਹਨ, ਜਿਹੜੀ ਸੰਸਕ੍ਰਿਤੀ ਇਹ ਸਭ 'ਤੇ ਠੋਸਣਾ ਲੋਚਦੇ ਹਨ।

ਝੂਠ-ਫਰੇਬ ਇਹਨਾਂ ਦਾ ਖਾਸਾ ਹੈ। ਹਰਿਮੰਦਰ ਸਾਹਿਬ 'ਤੇ ਵਹਿਸ਼ੀਆਨਾ ਹਮਲਾ ਕਰਨ ਦੇ ਅਖੀਰਲੇ ਦਿਨ ਤਕ ਸਿੱਖਾਂ ਨੂੰ ਧੋਖੇ 'ਚ ਰੱਖਿਆ ਗਿਆ, ਆਮ ਲੋਕਾਂ ਨੂੰ ਧੋਖੇ 'ਚ ਰੱਖਿਆ ਗਿਆ ਅਤੇ ਇਹੀ ਐਲਾਨ ਕੀਤਾ ਜਾਂਦਾ ਰਿਹਾ ਕਿ ਸਰਕਾਰ ਦਾ ਦਰਬਾਰ ਸਾਹਿਬ ਅੰਦਰ ਫੌਜ

ਭੇਜਣ ਦਾ ਕੋਈ ਇਰਾਦਾ ਨਹੀਂ ਹੈ। ਇੰਦਰਾ ਗਾਂਧੀ ਨੇ ਇਹ ਗੱਲ ਕਈ ਮੌਕਿਆਂ 'ਤੇ ਕਈਆਂ ਨੂੰ ਕਹੀ। ਕੇਂਦਰੀ ਮੰਤਰੀ ਪੀ.ਸੀ.ਸੇਠੀ ਨੇ ਪਾਰਲੀਮੈਂਟ ਨੂੰ ਯਕੀਨ ਦੁਆਇਆ ਸੀ ਕਿ ਅਜਿਹੀ ਕੋਈ ਕਾਰਵਾਈ ਸਰਕਾਰ ਦੇ ਵਿਚਾਰ ਅਧੀਨ ਨਹੀਂ। ਇਹ ਸਭ ਕੁਝ ਗਿਣ-ਮਿਥ ਕੇ ਝੂਠ ਬੋਲਿਆ ਜਾ ਰਿਹਾ ਸੀ।

ਵਹਿਸ਼ੀਆਨਾ ਹਮਲਾ ਕਰਨ ਤੋਂ ਪਹਿਲਾਂ ਮਨਚਾਹਿਆ ਝੂਠ ਬੋਲਣ ਅਤੇ ਸਚਾਈ ਨੂੰ ਦਬਾਉਣ ਦੇ ਪੱਕੇ ਇੰਤਜ਼ਾਮ ਕੀਤੇ ਗਏ ਸਨ। ਆਮ ਦੇਸੀ ਪ੍ਰੈਸ 'ਤੇ ਸੈਂਸਰਸ਼ਿਪ ਦੀ ਕੈਂਚੀ ਫੇਰ ਦਿੱਤੀ ਗਈ ਸੀ, ਵਿਦੇਸ਼ੀ ਪੱਤਰਕਾਰਾਂ ਨੂੰ ਚੁਣ-ਚੁਣ ਕੇ ਪੰਜਾਬੋਂ ਬਾਹਰ ਕੱਢ ਦਿੱਤਾ ਗਿਆ ਸੀ ਅਤੇ ਸਰਕਾਰੀ ਮੀਡੀਏ ਨੂੰ ਝੂਠ ਬੋਲਣ ਦੀ ਟਰੇਨਿੰਗ ਦੀ ਲੋੜ ਹੀ ਨਹੀਂ ਸੀ। ਉਹ ਤਾਂ ਆਪਣੇ ਆਪ ਅਜਿਹੇ ਮੌਕਿਆਂ 'ਤੇ ਹਰਕਤ 'ਚ ਆ ਜਾਂਦਾ ਹੈ। ਚੌਣਵੇਂ ਪ੍ਰੈਸ ਦੇ ਪੱਤਰਕਾਰਾਂ ਨੂੰ ਤਾਂ ਅਗਾਊਂ ਆਪਣੇ ਨਾਲ ਜੋੜ ਲਿਆ ਗਿਆ ਸੀ। ਸਿੱਖ ਨਸਲਕੁਸ਼ੀ ਦੇ ਅੰਕੜਿਆਂ, ਜਾਨੀ ਤੇ ਮਾਲੀ ਨੁਕਸਾਨ ਅਤੇ ਜ਼ੁਲਮ ਢੰਗਾਂ ਨੂੰ ਮੂਲੋਂ ਹੀ ਘਟਾ ਕੇ ਪੇਸ਼ ਕਰਨ ਦੇ ਆਦੇਸ਼ ਦੇ ਦਿੱਤੇ ਗਏ ਸਨ।

ਜਲਿਆਂਵਾਲੇ ਬਾਗ਼ ਦੇ ਵਹਿਸ਼ੀਆਨਾ ਸਾਕੇ ਉਪਰੰਤ ਦੁਨੀਆ ਦਾ ਸਾਰਾ ਪ੍ਰੈਸ ਪਹੁੰਚਿਆ ਸੀ, ਲੀਡਰ ਪਹੁੰਚੇ ਸੀ ਅਤੇ ਸਾਰੀ ਦੁਨੀਆ ਨੇ ਜ਼ੁਲਮ ਅੱਖੀਂ ਵੇਖੇ ਸਨ, ਮਾਰੇ ਗਏ ਸਭ ਦੇ ਸਰੀਰਾਂ ਦੀ ਸੰਭਾਲ ਕੀਤੀ ਗਈ, ਸਾਰੀ ਦੁਨੀਆਂ 'ਚ ਹਾ-ਹਾ-ਕਾਰ ਮਚ ਗਈ ਸੀ ਪਰ ਇਸ ਮਨੂ ਸਰਕਾਰ ਨੇ ਕਈ ਹਜ਼ਾਰ ਗੁਣਾ ਵੱਧ ਸਿੱਖ ਨੌਜਵਾਨਾਂ, ਬੱਚਿਆਂ, ਬਜ਼ੁਰਗਾਂ ਤੇ ਇਸਤਰੀਆਂ ਨੂੰ ਕੋਹ-ਕੋਹ ਕੇ ਮਾਰਿਆ, ਉਨ੍ਹਾਂ ਨੂੰ ਤਸੀਹੇ ਦੇ-ਦੇ ਕੇ, ਪਿਆਸ ਨਾਲ ਤੜਪਾ-ਤੜਪਾ ਕੇ ਮਾਰਨ ਦੇ ਅਜ਼ਾਬ ਢਾਹੇ, ਉਨ੍ਹਾਂ ਦੀਆਂ ਲਾਸ਼ਾਂ ਨੂੰ ਖੁਰਦ ਬੁਰਦ ਕੀਤਾ, ਕਿਸੇ ਨੂੰ ਸੂਹ ਤਕ ਨਹੀਂ ਲੱਗਣ ਦਿੱਤੀ, ਕੋਈ ਗਿਣਤੀ ਨਹੀਂ ਹੋਣ ਦਿੱਤੀ, ਕਿਸੇ ਦੀ ਸ਼ਨਾਖਤ ਤਕ ਨਹੀਂ ਹੋਣ ਦਿੱਤੀ ਗਈ। ਦਰਬਾਰ ਸਾਹਿਬ 'ਤੇ ਕਬਜ਼ਾ ਕਰਨ ਉਪਰੰਤ ਦੁਨੀਆ ਨੂੰ ਬੁੱਧੂ ਬਣਾਣ ਲਈ ਵਿਡਿਓ ਰੀਕਾਰਡਿੰਗ ਲਈ ਝੂਠ ਨੂੰ ਸੱਚ ਤੇ ਸੱਚ ਨੂੰ ਝੂਠ ਸਾਬਤ ਕਰਨ ਦੇ ਮਾਹਿਰ ਮੈਲਵੈਲ ਡੀ ਮੈਲੋ ਨਾਂ ਦੇ ਟੀ.ਵੀ.ਪੱਤਰਕਾਰ ਨੂੰ ਲਾਇਆ ਗਿਆ ਜਿਸ ਨੇ 1965 ਤੇ 1971 ਦੀਆਂ ਭਾਰਤ-ਪਾਕ ਜੰਗਾਂ ਦੌਰਾਨ ਆਪਣੀ ਕਲਾਕਾਰੀ ਦੇ ਜੌਹਰ ਵਿਖਾਏ ਸਨ। ਉਸ ਨੇ ਐਸੀ ਕਲਾਕਾਰੀ ਨਾਲ ਆਪਣੇ ਕੈਮਰੇ ਨੂੰ ਅਜਿਹੇ ਚੌਣਵੇਂ ਕੋਣਾਂ ਤੇ ਰੱਖ ਕੇ ਦਰਬਾਰ ਸਾਹਿਬ ਦੀਆਂ ਇਮਾਰਤਾਂ ਦੀਆਂ ਫੋਟੋਆਂ ਖਿਚੀਆਂ ਕਿ ਜਿਸ

ਨਾਲ ਇਮਾਰਤਾਂ ਦਾ ਮਾਮੂਲੀ ਨੁਕਸਾਨ ਹੀ ਨਜ਼ਰ ਆਏ। ਲੜਾਈ ਹੁੰਦਿਆਂ ਦੀ ਰਿਕਾਰਡਿੰਗ ਦਾ ਪ੍ਰਭਾਵ ਦੇਣ ਲਈ ਪਿਛਵਾੜੇ ਗੋਲੀਆਂ ਚੱਲਣ ਦੀਆਂ ਨਕਲੀ ਅਵਾਜ਼ਾਂ ਭਰੀਆਂ ਗਈਆਂ। ਇਸ ਦੇ ਨਾਲ ਹੀ ਸਰਕਾਰ ਦੇ ਸੂਚਨਾ ਤੇ ਪ੍ਰਸਾਰਣ ਮੰਤਰੀ ਦੀਆਂ ਦਿੱਤੀਆਂ ਹਦਾਇਤਾਂ ਅਨੁਸਾਰ ਜਲੰਧਰ ਦੂਰਦਰਸ਼ਨ ਦੁਆਰਾ ਕੀਤੀ ਗਈ ਵਿਡੀਓ ਰਿਕਾਰਡਿੰਗ ਨਾ ਸਿਰਫ ਪ੍ਰਸਾਰਣ ਲਈ ਅਯੋਗ ਕਰਾਰ ਦੇ ਦਿੱਤੀ ਗਈ ਸਗੋਂ ਉਸ ਨੂੰ ਜ਼ਬਤ ਕਰ ਲਿਆ ਗਿਆ ਕਿਉਂਕਿ ਉਹ ਕੁਝ ਸੱਚ ਵੀ ਦੱਸਦੀ ਸੀ।

ਸਿੱਖ ਨਸਲਘਾਤ ਦੇ ਪਲਾਨ ਬਾਰੇ ਜਾਣਕਾਰੀ ਦੇਣ ਤੋਂ ਪਹਿਲਾਂ ਪਾਠਕਾਂ ਦੇ ਗਿਆਤ ਲਈ ਮੈਂ ਇਹ ਦੱਸਣਾ ਵੀ ਜ਼ਰੂਰੀ ਸਮਝਦਾ ਹਾਂ ਕਿ ਭਾਰਤ ਦੀ ਪਾਰਲੀਮੈਂਟ ਉਥੋਂ ਦੇ ਰਾਜਕਾਜ ਦੀ ਨੀਤੀਘਾੜਾ ਨਹੀਂ,ਸਗੋਂ ਪੰਜ ਫ਼ੀਸਦੀ ਬ੍ਰਾਹਮਣਵਾਦ ਦਾ ਥਿੰਕ ਟੈਂਕ ਹੈ,ਜਿਸ ਦਾ ਦਫ਼ਤਰ ਨਾਗਪੁਰ ਵਿੱਚ ਹੈ। ਉਸ ਥਿੰਕ ਟੈਂਕ ਵਿੱਚ ਹਜ਼ਾਰ ਤੋਂ ਉਪਰ ਵੱਖ ਵੱਖ ਵਿਸ਼ਿਆਂ ਦੇ ਚੋਟੀ ਦੇ ਚੋਣਵੇਂ ਪੀ.ਐਚ.ਡੀ.ਕੰਮ ਕਰਦੇ ਹਨ। ਉਹ ਭਾਰਤ ਦੇ ਅਸਲੀ ਨੀਤੀ ਘਾੜੇ ਹਨ ਅਤੇ ਉਹ ਹੀ ਫ਼ੈਸਲੇ ਕਰਦੇ ਹਨ ਕਿ ਭਾਰਤ ਵਿੱਚ ਕਿਹੜਾ ਧਰਮ ਚੱਲਣ ਦੇਣਾ ਹੈ ਤੇ ਕਿਹੜਾ ਨਹੀਂ। ਕਿਹੜੇ ਦੇ ਧਰਮ ਅਸਥਾਨ ਢਾਹੁਣੇ ਹਨ,ਕਦੋਂ ਢਾਹੁਣੇ ਹਨ ਅਤੇ ਕਿਵੇਂ ਢਾਹੁਣੇ ਹਨ।

ਕਿਹੜੀ ਕੌਮ ਨੂੰ ਕਿਵੇਂ ਮਾਰਨਾ ਹੈ? ਕਿਨ੍ਹਾਂ ਨੂੰ ਅੱਤਵਾਦੀ ਤੇ ਵੱਖਵਾਦੀ ਬਣਾਕੇ ਕਿਸ ਢੰਗ ਨਾਲ,ਕਦੋਂ ਤੇ ਕਿਥੇ ਖ਼ਤਮ ਕਰਨਾ ਹੈ। ਕਿਨ੍ਹਾਂ ਨੂੰ ਸਦਾ ਕਾਮੇ ਤੇ ਮਜ਼ਦੂਰ ਬਣਾਈ ਰੱਖਣਾ ਹੈ ਅਤੇ ਕਿਨ੍ਹਾਂ ਨੂੰ ਖ਼ੁਸ਼ਹਾਲ ਬਨਾਣਾ ਹੈ। ਕਿਨ੍ਹਾਂ ਦੀ ਇਜ਼ਤ ਦੀ ਰਾਖੀ ਕਰਨੀ ਹੈ ਅਤੇ ਕਿਨ੍ਹਾਂ ਦੀ ਬਹੂ-ਬੇਟੀਆਂ ਦੀ ਇਜ਼ਤ ਲੁੱਟਣੀ ਹੈ। ਜਿਹੜੀਆਂ ਕੌਮਾਂ ਨੂੰ ਖ਼ਤਮ ਕਰਨਾ ਹੁੰਦਾ ਹੈ,ਉਹਨਾਂ ਲਈ ਕੇਂਦਰ ਵਿੱਚ ਵਖਰਾ ਪ੍ਰਬੰਧਕੀ ਢਾਂਚਾ ਸਦਾ ਲਈ ਕਾਇਮ ਰਹਿੰਦਾ ਹੈ,ਜਿਸ ਰਾਹੀਂ ਉਹਨਾਂ ਕੌਮਾਂ ਦੀ ਨਸਲਕੁਸ਼ੀ ਦੀਆਂ ਸਕੀਮਾਂ ਨੂੰ ਅਮਲੀ ਰੂਪ ਦਿੱਤਾ ਜਾਂਦਾ ਰਹਿੰਦਾ ਹੈ।

ਕੇਂਦਰ ਵਿੱਚ ਕੋਈ ਵੀ ਸਰਕਾਰ ਕਿਉਂ ਨਾ ਆਵੇ,ਉਸ ਨੇ ਉਹਨਾਂ ਸਕੀਮਾਂ ਨੂੰ ਹਰ ਹਾਲਤ ਵਿੱਚ ਜਾਰੀ ਰੱਖਣਾ ਹੈ ਅਤੇ ਉਨ੍ਹਾਂ 'ਚ ਉਹ ਕੋਈ ਤਬਦੀਲੀ ਨਹੀਂ ਕਰ ਸਕਦੀ। ਉਹਨਾਂ ਸਿੱਖ ਨਸਲਕੁਸ਼ੀ ਕਰਨੀ ਹੀ ਕਰਨੀ ਹੈ। ਮਤ ਕੋਈ ਸਮਝੇ ਕਿ ਪੰਜਾਬ ਵਿੱਚ ਬਾਦਲ ਸਰਕਾਰ ਰਾਜ-ਕਾਜ ਚਲਾ ਰਹੀ ਹੈ। ਪੰਜਾਬ ਦਾ ਰਾਜਪਾਲ ਅਤੇ ਪੁਲਸ ਹੀ ਚਲਾ ਰਹੇ ਹਨ ਸਾਰੇ ਪੰਜਾਬ ਦਾ ਰਾਜ ਪ੍ਰਬੰਧ ਪ੍ਰਕਾਸ਼ ਸਿੰਘ ਬਾਦਲ ਜਾਂ ਕੋਈ ਵੀ ਹੋਰ ਤਾਂ ਉਨ੍ਹਾਂ ਦਾ ਮੁਹਰਾ ਹੀ ਹੁੰਦਾ ਹੈ। ਪੰਜਾਬ

ਦੇ ਰਾਜ ਪ੍ਰਬੰਧ ਲਈ ਸਭ ਆਰਡਰ ਕੇਂਦਰ ਵਿੱਚੋਂ ਆਉਂਦੇ ਹਨ।

ਆਮ ਪਾਠਕ ਨੂੰ ਹੈਰਾਨੀ ਹੋ ਸਕਦੀ ਹੈ ਕਿ ਆਖ਼ਿਰ ਹਿੰਦੂ ਸਾਮਰਾਜ ਸਿੱਖ ਕੌਮ ਦੀ ਨਸਲਕੁਸ਼ੀ ਕਿਉਂ ਕਰਨੀ ਲੋਚਦਾ ਹੈ ਜਦ ਕਿ ਸਿੱਖਾਂ ਨੇ ਅਜ਼ਾਦੀ ਲਈ ਸਭ ਤੋਂ ਵੱਧ ਕੁਰਬਾਨੀਆਂ ਦੇ ਕੇ ਇਸ ਨੂੰ ਤਖ਼ਤ 'ਤੇ ਬਿਠਾਇਆ ਅਤੇ ਆਪਣੇ ਅਜ਼ਾਦ ਕੌਮੀ ਘਰ ਮੰਗਣ ਦੀ ਥਾਂ ਆਪਣੀ ਕਿਸਮਤ ਵੀ ਇਸ ਦੇ ਨਾਲ ਹੀ ਜੋੜਨੀ ਠੀਕ ਸਮਝੀ। ਹਜ਼ਾਰਾਂ ਸ਼ਹੀਦੀਆਂ ਦੇ ਕੇ ਇਸ ਨੂੰ ਤਿੰਨ ਲੜਾਈਆਂ ਜਿੱਤ ਕੇ ਦਿੱਤੀਆਂ। ਤਰਾਈ ਦੇ ਜੰਗਲਾਂ ਨੂੰ ਕਮਾਦਾਂ ਦੀਆਂ ਪੈਲੀਆਂ ਵਿੱਚ ਬਦਲਿਆ। ਬੀਕਾਨੇਰ ਦੇ ਰੇਤਲੇ ਥਲਾਂ ਨੂੰ ਉਪਜਾਊ ਪੈਲੀਆਂ ਵਿੱਚ ਬਦਲਿਆ। ਹਰਾ ਇਨਕਲਾਬ ਲਿਆ ਕੇ ਹੱਥਾਂ ਵਿੱਚ ਠੂਠਾ ਲੈ ਕੇ ਮੰਗਣ ਵਾਲਿਆਂ ਦਾ ਢਿੱਡ ਭਰਿਆ। ਫੇਰ ਅਜਿਹੀ ਬਹਾਦਰ ਕੌਮ ਦੀ ਨਸਲਕੁਸ਼ੀ ਕਿਉਂ? ਇਸੇ ਸੁਆਲ ਦੇ ਜਵਾਬ ਨਾਲ ਸਿੱਖ ਸੰਘਰਸ਼ ਦੇ ਸਾਰੇ ਪਿਛੋਕੜ ਦੀ ਤਸਵੀਰ ਸਾਹਮਣੇ ਆ ਜਾਂਦੀ ਹੈ।

ਇਸ ਦੇ ਨਾਲ ਹੀ ਸਾਨੂੰ ਇਸ ਹਕੀਕਤ ਦਾ ਵੀ ਚੰਗੀ ਤਰ੍ਹਾਂ ਪਤਾ ਹੈ ਕਿ ਬਾਣੀਆ ਇਕ ਦਮੜੀ ਵੀ ਅਜਾਂਈ ਖਰਚਣ ਵਾਲਾ ਨਹੀਂ। ਫੇਰ ਇਸ ਬਣੀਏ ਹਿੰਦੂ ਸਾਮਰਾਜ ਨੇ, ਸਿੱਖ ਸਿਆਸੀ ਲੀਡਰਾਂ, ਧਾਰਮਿਕ ਆਗੂਆਂ ਅਤੇ ਬੁੱਧੀਜੀਵੀਆਂ ਨੂੰ ਵਿਕਾਊ ਮਾਲ ਬਣਾਣ 'ਤੇ ਕਰੋੜਾਂ ਨਹੀਂ ਅਰਬਾਂ-ਖਰਬਾਂ ਰੁਪਏ ਖਰਚ ਕੇ ਆਖ਼ਿਰ ਕੀ ਖੱਟਿਆ? ਬਾਣੀਆ ਸਾਮਰਾਜ ਬਹੁਤ ਦੂਰ ਦੀ ਸੋਚਦਾ ਹੈ। ਭਾਰਤ ਦੀ ਆਰਥਕਤਾ ਸਿੱਖ ਕਿਸਾਨ ਦੀ ਹੱਡ-ਭੰਨਵੀਂ ਮਿਹਨਤ 'ਤੇ ਖੜੀ ਹੈ। ਸਿੱਖ ਕੌਮ ਦੀ ਅਣਖ ਤੇ ਗ਼ੈਰਤ ਨੂੰ ਖ਼ਤਮ ਕਰਕੇ ਅਤੇ ਹੀਣਿਆਂ ਤੇ ਘਸਿਆਰਾ ਬਣਾ ਕੇ ਇਸ ਨੂੰ ਸਦਾ ਗ਼ੁਲਾਮ ਬਣਾਈ ਰੱਖਣ ਦੇ ਸ਼ੈਤਾਨੀ ਮਨਸੂਬੇ ਅਧੀਨ ਇਹ ਸਭ ਕੁਝ ਕਰ ਰਿਹਾ ਹੈ। ਜਦ ਤਕ ਸਿੱਖਾਂ ਅੰਦਰ ਸਿੱਖੀ ਸਪਿਰਿਟ ਕਾਇਮ ਹੈ, ਸਿੱਖ ਗ਼ੁਲਾਮ ਨਹੀਂ ਬਣਾਇਆ ਜਾ ਸਕਦਾ।

ਹਿੰਦੂ ਸਾਮਰਾਜ ਸਿਆਣਾ, ਚਾਤੁਰ ਅਤੇ ਦੂਰ-ਅੰਦੇਸ਼ ਹੈ। ਇਸ ਨੂੰ ਸਿੱਖ ਕੌਮ ਦੇ ਖ਼ਾਸੇ, ਬਾਹੂ-ਬਲ ਅਤੇ ਕਮਜ਼ੋਰੀਆਂ ਦਾ ਜਿਤਨਾ ਗਿਆਨ ਤੇ ਚਾਨਣ ਹੈ, ਉਤਨਾ ਸਿੱਖ ਕੌਮ ਦੇ ਕਿਸੇ ਵਿਦਵਾਨ ਨੂੰ ਵੀ ਨਹੀਂ ਹੋਣਾ। ਸਿੱਖ ਕੌਮ ਦੀਆਂ ਬਹਾਦਰੀਆਂ ਤੇ ਕੁਰਬਾਨੀਆਂ ਨੂੰ ਕਲਮਬੰਦ ਕਰਨ ਕਰਾਉਣ ਵਾਲਾ ਵੀ ਇਹ ਆਪ ਹੈ। ਇਹ, ਇਸ ਗੱਲ ਤੋਂ ਚੰਗੀ ਤਰ੍ਹਾਂ ਜਾਣੂ ਹੈ ਕਿ ਜਿਹੜਾ ਤਖ਼ਤ 'ਤੇ ਬਿਠਾ ਸਕਦਾ ਹੈ, ਉਹ ਲਾਹ ਵੀ ਸਕਦਾ ਹੈ। ਇਸ ਨੂੰ ਇਹ ਗੱਲ ਭੁੱਲੀ ਨਹੀਂ ਕਿ ਸਕੇ ਮੁਰਾਦ ਭਰਾ ਦੀ ਸਹਾਇਤਾ ਨਾਲ ਔਰੰਗਜ਼ੇਬ ਰਾਜ ਤਖ਼ਤ 'ਤੇ ਬੈਠਾ ਸੀ ਅਤੇ ਬਾਦਸ਼ਾਹ ਬਣਦਿਆਂ ਹੀ ਸਭ ਤੋਂ ਪਹਿਲਾਂ ਉਸ ਮੁਰਾਦ ਨੂੰ

ਕਤਲ ਕਰਵਾਇਆ ਸੀ ਕਿਉਂਕਿ ਜਿਹੜਾ ਤਖ਼ਤ ਦੁਆ ਸਕਦਾ ਹੈ ਉਹ ਖੋਹ ਵੀ ਸਕਦਾ ਹੈ। ਖ਼ਤਰਾ ਹਮੇਸ਼ਾ ਤਾਕਤ ਤੋਂ ਹੀ ਹੁੰਦਾ ਹੈ।

ਗੁਰਦੁਆਰਾ ਸੁਧਾਰ ਲਹਿਰ ਸਮੇਂ ਪੰਥ ਦੀਆਂ ਸ਼ਾਨਦਾਰ ਕੁਰਬਾਨੀਆਂ ਨੂੰ ਵੇਖ ਕੇ ਹਿੰਦੂ ਕਾਂਗਰਸ ਦੀਆਂ ਅੱਖਾਂ ਚੁੰਧਿਆ ਗਈਆਂ ਸਨ। ਇਨ੍ਹਾਂ ਸਿੱਖਾਂ ਦੀ ਤਾਕਤ ਨੂੰ ਅਜ਼ਾਦੀ ਲਈ ਵਰਤਣ ਅਤੇ ਅਜ਼ਾਦੀ ਮਗਰੋਂ ਸਿੱਖ ਹੋਂਦ ਨੂੰ ਖਤਮ ਕਰਨ ਦੀਆਂ ਸਾਜ਼ਸ਼ਾਂ ਉਦੋਂ ਹੀ ਘੜਨੀਆਂ ਸ਼ੁਰੂ ਕਰ ਦਿੱਤੀਆਂ ਸਨ। ਸਿੱਖ ਲੀਡਰਾਂ ਅੰਦਰ ਘੁੱਸਪੈਠ ਕਰਕੇ, ਉਨ੍ਹਾਂ ਨੂੰ ਸਰਬਪੱਖੀ ਸਬਜ਼ ਬਾਗ਼ ਵਿਖਾ ਕੇ, ਉਨ੍ਹਾਂ ਨੂੰ ਕੌਮ ਦੇ ਹਿਤਾਂ ਨਾਲੋਂ ਦੇਸ਼ ਦੇ ਹਿਤਾਂ ਦੇ ਉਚੇਰੇ ਹੋਣ ਦਾ ਸਬਕ ਪੜ੍ਹਾਇਆ ਸਿਖਾਇਆ ਗਿਆ।

ਬ੍ਰਾਹਮਣਵਾਦ ਸਿੱਖ ਕੌਮ ਨੂੰ ਹੀਣਾ, ਨਿਤਾਣਾ, ਮਾੜੂਆ, ਬੌਣਾ ਅਤੇ ਦੁਬੇਲ ਬਣਾਕੇ ਸਦਾ ਲਈ ਗ਼ੁਲਾਮ ਬਣਾਈ ਰੱਖਣਾ ਚਾਹੁੰਦਾ ਹੈ। ਸੰਸਾਰ ਦੀਆਂ ਹਾਕਮ ਜਮਾਤਾਂ ਆਪਣੀਆਂ ਗ਼ੁਲਾਮ ਕੌਮਾਂ ਨੂੰ ਗ਼ੁਲਾਮ ਬਣਾਈ ਰੱਖਣ ਲਈ 'ਪਾੜੋ ਤੇ ਰਾਜ ਕਰੋ' ਦੀ ਜਗਤ ਪ੍ਰਸਿਧ ਨੀਤੀ ਵਰਤਦੀਆਂ ਆਈਆਂ ਹਨ, ਪਰ ਬ੍ਰਾਹਮਣਵਾਦ ਦੀ ਚਾਣਕੀਆ ਨੀਤੀ ਇਸ ਤੋਂ ਇੱਕ ਕਦਮ ਹੋਰ ਅਗਾਂਹ ਨੂੰ ਜਾਂਦੀ ਹੈ। ਇਹ ਆਪਣੀਆਂ ਗ਼ੁਲਾਮ ਕੌਮਾਂ 'ਤੇ ਰਾਜ ਵੀ ਕਰਨਾ ਚਾਹੁੰਦੀ ਹੈ ਅਤੇ ਉਹਨਾਂ ਦਾ ਧਰਮ ਵੀ ਬਦਲਣਾ ਚਾਹੁੰਦੀ ਹੈ, ਤਾਂ ਜੋ ਉਹਨਾਂ ਦੇ ਬਸ਼ਿੰਦੇ ਚੌਥੇ ਦਰਜੇ ਦੇ ਸ਼ਹਿਰੀ (ਸ਼ੂਦਰ) ਬਣਕੇ, ਨਾ ਕੇਵਲ ਦਿਲੋਂ ਇਸ ਦੀ ਚਾਕਰੀ ਹੀ ਕਰਨ, ਸਗੋਂ ਇਸ ਦੀ ਚਾਕਰੀ ਕਰਨਾ ਆਪਣਾ ਧਰਮ ਸਮਝਣ।

ਅਸਲ 'ਚ ਬ੍ਰਾਹਮਣਵਾਦ ਤੇ ਸਿੱਖੀ ਦੀ ਇਹ ਟੱਕਰ ਵਿਚਾਰਧਾਰਕ ਟੱਕਰ ਹੈ। ਹਿੰਦੂਤਵੀਆਂ ਦੇ ਮਨਾਂ ਅੰਦਰ ਇਹ ਗੱਲ ਪੂਰੀ ਤਰ੍ਹਾਂ ਘਰ ਕਰ ਚੁੱਕੀ ਹੈ ਕਿ ਜੇ ਸਿੱਖ ਨਸਲਘਾਤ ਨਾ ਕੀਤੀ ਗਈ, ਤਾਂ ਹਿੰਦੂ ਰਾਸ਼ਟਰ ਨਹੀਂ ਬਣ ਸਕੇਗਾ। ਗੁਰਦੁਆਰਾ ਸੁਧਾਰ ਦੀ ਜਦੋਜਹਿਦ ਦੌਰਾਨ ਸਿੱਖਾਂ ਦੀਆਂ ਦਿੱਤੀਆਂ ਕੁਰਬਾਨੀਆਂ ਨੂੰ ਵੇਖਕੇ ਉਨ੍ਹਾਂ ਉਦੋਂ ਹੀ ਸਿੱਖ ਨਸਲਕੁਸ਼ੀ ਦੇ ਪਲਾਨ ਉਲੀਕਣੇ ਸ਼ੁਰੂ ਕਰ ਦਿੱਤੇ ਸਨ। ਇਕ, ਤਾਂ ਬ੍ਰਹਮੰਡਵਾਦੀ ਸਿੱਖ ਧਰਮ ਅਤੇ ਸਿੱਖ ਪੰਥ ਦੀਆਂ ਇਤਿਹਾਸਕ ਪ੍ਰਾਪਤੀਆਂ ਹਿੰਦੂ ਗੌਰਵ ਨੂੰ ਚੁਭਦੀਆਂ ਹਨ, ਦੂਜੇ, ਇਹਨਾਂ ਦੇ ਧੁਰ ਅੰਦਰ ਇਹ ਸੰਸਾ ਘਰ ਕਰ ਚੁੱਕਾ ਹੈ ਕਿ ਸਿੱਖ ਆਪਣਾ ਵੱਖਰਾ ਮੁਲਕ ਕਾਇਮ ਕਰਨਾ ਲੋਚਦੇ ਹਨ, ਜੋ ਭਾਰਤ ਦੀ ਸਲਾਮਤੀ ਲਈ ਸਦੀਵੀ ਖਤਰਾ ਬਣ ਸਕਦਾ ਹੈ। ਇਸ ਦੇ ਨਾਲ ਹੀ ਇਹਨਾਂ ਨੂੰ ਇਹ ਵੀ ਖਤਰਾ ਨਜ਼ਰ ਆਉਂਦਾ ਹੈ ਕਿ ਸਿੱਖ ਪਾਕਿਸਤਾਨ ਨਾਲ ਮਿਲਕੇ

ਭਾਰਤ ਦੀ ਸਲਾਮਤੀ ਲਈ ਬਹੁਤ ਵੱਡਾ ਖਤਰਾ ਬਣ ਸਕਦੇ ਹਨ। ਤੀਸਰਾ, ਇਹ ਕਿ ਬ੍ਰਾਹਮਣਵਾਦ ਸਿੱਖ ਧਰਮ ਨੂੰ ਹਰ ਕੀਮਤ 'ਤੇ ਹਿੰਦੂ ਮਹਾਂਸਾਗਰ 'ਚ ਡੋਬ ਕੇ ਬ੍ਰਹਮੰਡਵਾਦੀ ਸਿੱਖ ਚਿੰਤਨ ਨੂੰ ਹਿੰਦੂ ਵਿਰਾਸਤ 'ਚ ਮਿਲਾਣਾ ਚਾਹੁੰਦਾ ਹੈ।

ਸਿੱਖ ਤਾਂ ਆਪਣਾ ਗੌਰਵਮਈ ਇਤਿਹਾਸ ਭੁਲਾਈ ਬੈਠੇ ਹਨ ਪਰ ਹਿੰਦੂਤਵੀਏ ਜਾਣਦੇ ਹਨ ਕਿ ਜੇ ਸਿੱਖੀ ਨੂੰ ਖਤਮ ਨਾ ਕੀਤਾ ਗਿਆ ਤਾਂ ਸਿੱਖ ਇਕ ਸ਼ਕਤੀਸ਼ਾਲੀ ਕੌਮ ਬਣ ਕੇ ਮੁੜ ਦੇਸ਼ 'ਤੇ ਕਾਬਜ਼ ਹੋ ਸਕਦੇ ਹਨ। ਇਹ ਚੰਗੀ ਤਰ੍ਹਾਂ ਜਾਣਦੇ ਹਨ ਕਿ ਸਿੱਖਾਂ ਨੇ ਇਸ ਖਿਤੇ 'ਤੇ ਰਾਜ ਕੀਤਾ ਹੋਇਆ ਹੈ। ਦੋ ਸ਼ਹਿਨਸ਼ਾਹੀਆਂ ਨੂੰ ਖਤਮ ਕਰਨ ਵਾਲੇ ਇਹ ਸਿੱਖ ਹੀ ਸਨ। ਪਹਿਲਾਂ ਪਠਾਣਾਂ ਤੇ ਮੁਗਲਸ਼ਾਹੀ ਨੂੰ ਚਣੇ ਚਬਾ ਕੇ ਖਤਮ ਕੀਤਾ ਸੀ ਅਤੇ ਫਿਰ ਸੰਸਾਰ ਦੇ ਸਭ ਤੋਂ ਸ਼ਕਤੀਸ਼ਾਲੀ ਅੰਗਰੇਜ਼ੀ ਸਾਮਰਾਜ ਨੂੰ ਭਜਾਉਣ ਵਾਲੇ ਵੀ ਸਿੱਖ ਹੀ ਸਨ।

ਅਜ਼ਾਦੀ ਮਿਲਣ ਉਪਰੰਤ ਹਿੰਦੂ ਕਾਂਗਰਸ ਦੇ ਸ਼ਾਸਕਾਂ ਨੇ ਚਾਣਕੀਆ ਨੀਤੀ ਨੂੰ ਆਪਣੀ ਰਾਜ ਪ੍ਰਬੰਧ ਪ੍ਰਣਾਲੀ ਦਾ ਆਦਰਸ਼ ਚੁਣਿਆ, ਬਣਾਇਆ ਅਤੇ ਅਪਣਾਇਆ। ਆਪਣੀ ਸਰਕਾਰ ਦੇ ਗੁਪਤਚਰ ਵਿਭਾਗ ਅਤੇ ਵਿਦੇਸ਼ੀ ਮੰਤਰਾਲੇ ਨਾਲ ਸਬੰਧਤ ਨੀਤੀਘਾੜਿਆਂ ਲਈ ਜਿਸ ਥਾਂ ਦਫ਼ਤਰ ਬਣਾਏ, ਉਸ ਏਰੀਏ ਦਾ ਨਾਂ 'ਚਾਣਕਿਆ ਪੁਰੀ' ਰੱਖਿਆ, ਜਿਸ ਤੋਂ ਬ੍ਰਾਹਮਣਵਾਦ ਦੇ ਇਰਾਦੇ ਸਾਫ਼ ਤੇ ਸਪਸ਼ਟ ਨਜ਼ਰ ਆਉਂਦੇ ਹਨ ਕਿ ਉਹ ਕਿਸ ਤਰ੍ਹਾਂ ਦੀ ਰਾਜਨੀਤੀ ਦਾ ਧਾਰਨੀ ਹੈ। ਝੂਠ-ਫਰੇਬ, ਧੋਖਾਦੇਹੀ ਤੇ ਵਿਸ਼ਵਾਸਘਾਤ ਨਾਲ ਦੁਸ਼ਮਣ ਨੂੰ ਮਾਰਨਾ 'ਚਾਣਕੀਆ ਨੀਤੀ' ਦਾ ਵਿਸ਼ੇਸ਼ ਖਾਸਾ ਹੈ। ਇਹਨਾਂ ਦੀ ਡੈਮੋਕਰੈਸੀ ਕੇਵਲ ਲੋਕ ਦਿਖਾਵੇ ਦੀ ਹੈ।

ਕੂਟਨੀਤੀ ਦੇ ਖੇਤਰ ਵਿੱਚ ਚਾਣਕੀਆ ਦਾ ਕੌਟੱਲਿਆ ਸ਼ਾਸਤਰ ਸਭ ਤੋਂ ਪੁਰਾਣਾ ਮੰਨਿਆ ਗਿਆ ਹੈ। ਚਾਣਕਿਆ ਇਕ ਚਾਲਬਾਜ਼, ਬਦਲਾ-ਲਊ ਰੁਚੀਆਂ ਵਿੱਚ ਮਾਹਿਰ ਅਤੇ ਆਪਣੇ ਦੁਸ਼ਮਣ ਨੂੰ ਬੜੀ ਬੇਕਿਰਕੀ ਨਾਲ ਖਤਮ ਕਰ ਦੇਣ ਵਿੱਚ ਨਿਪੁੰਨ ਬੰਦਾ ਸੀ। ਉਸ ਨੇ ਆਪਣੇ ਵਿਰੋਧੀ ਨੂੰ ਖਤਮ ਕਰਨ ਲਈ ਦੰਡ-ਦਾਮ-ਸਾਮ-ਭੇਦ ਚਾਰ ਢੰਗ ਵਰਤਣ ਦੀ ਵਕਾਲਤ ਕੀਤੀ ਹੈ। ਭਾਵ ਆਪਣੇ ਵਿਰੋਧੀ ਨੂੰ ਸਖਤ ਤੋਂ ਸਖਤ ਸਜ਼ਾ ਦੇਣਾ, ਪੈਸੇ ਦੇ ਜ਼ੋਰ ਨਾਲ ਖਰੀਦ ਲੈਣਾ, ਗਧੇ ਨੂੰ ਬਾਪੂ ਕਹਿਕੇ ਜਾਨ ਛੁਡਾ ਲੈਣੀ ਅਤੇ ਫੇਰ ਧੋਖੇ ਨਾਲ ਵਾਰ ਕਰਨਾ ਤੇ ਅੰਦਰੋਂ ਸੰਨ੍ਹ ਲਾਉਣੀ।

ਨਹਿਰੂ ਚਾਣੱਕਯ ਦੀ ਕੂਟਨੀਤਕ ਕਿਰਤ ਨੂੰ ਹਮੇਸ਼ਾ ਆਪਣੇ

ਸਰਹਾਣੇ ਰੱਖਦਾ ਹੁੰਦਾ ਸੀ ਅਤੇ ਆਪਣੇ ਕਾਰ ਵਿਹਾਰ ਲਈ ਉਸ ਤੋਂ ਅਗਵਾਈ ਲੈਂਦਾ ਹੁੰਦਾ ਸੀ। ਨਹਿਰੂ ਸਿੱਖਾਂ ਦੀ ਹਰ ਮੰਗ ਲਈ ਹਿੰਦੂ ਫਿਰਕਾਪ੍ਰਸਤੀ ਦਾ ਪੱਤਾ ਖੇਡਦਾ ਹੁੰਦਾ ਸੀ। ਉਹ ਕਦੀ ਵੀ ਸਿੱਖਾਂ ਦੀ ਕਿਸੇ ਵੀ ਮੰਗ ਨੂੰ ਮੰਨਣ ਲਈ ਤਿਆਰ ਨਹੀ ਸੀ। 'ਹਾਥੀ ਦੇ ਖਾਣ ਦੇ ਦੰਦ ਹੋਰ ਤੇ ਵਿਖਾਣ ਦੇ ਹੋਰ' ਮੁਤਾਬਕ ਭਾਰਤੀ ਨੀਤੀਕਾਰਾਂ ਨੇ ਦੁਨੀਆ ਨੂੰ ਵਿਖਾਣ ਲਈ ਅਜਿਹਾ ਸੰਵਿਧਾਨ ਬਣਾਇਆ ਜਿਸ 'ਚ ਦੁਨੀਆ ਦੀ ਹਰ ਖੂਬੀ (ਲਿਖਤੀ ਰੂਪ 'ਚ ਹੀ) ਵੇਖੀ ਜਾ ਸਕਦੀ ਹੈ ਪਰ ਅਮਲ 'ਚ ਸਭ ਕੁਝ 'ਮਨੂ ਵਿਧਾਨ' ਅਨੁਸਾਰ ਹੁੰਦਾ ਹੈ।

ਅੱਜ ਭਾਰਤ ਹਿੰਦੂ ਰਾਸ਼ਟਰ ਬਣ ਚੁਕਾ ਹੈ, ਹਿੰਦੂ ਹੀ ਇਸ ਦੇ ਅਸਲੀ ਸ਼ਹਿਰੀ ਹਨ, ਹਿੰਦੂ ਹੀ ਇਥੇ ਮਨੁੱਖ ਸਮਝੇ ਜਾਂਦੇ ਹਨ ਅਤੇ ਹਿੰਦੂ ਹੀ ਮਨੁੱਖੀ ਅਧਿਕਾਰਾਂ ਦੇ ਹੱਕਦਾਰ ਹਨ। ਇਸ ਦੇ ਹਿੰਦੂ ਸ਼ਹਿਰੀਆਂ ਨੂੰ ਸਾਰੇ ਹੱਕ ਪ੍ਰਾਪਤ ਹਨ ਅਤੇ ਹਰ ਗੱਲ ਦੀ ਪੂਰਨ ਅਜ਼ਾਦੀ ਹੈ। ਕੰਮ-ਕਾਜ ਕਰਨ ਦੀ, ਬੋਲਣ ਦੀ, ਰਹਿਣ-ਸਹਿਣ ਦੀ ਅਤੇ ਪੂਜਾ-ਪਾਠ ਕਰਨ ਦੀ। ਘੱਟ ਗਿਣਤੀਆਂ ਨੂੰ ਇਹ ਹੱਕ ਪ੍ਰਾਪਤ ਨਹੀਂ। ਹਜ਼ਾਰਾਂ ਗੁਰਦੁਆਰੇ ਢਾਹੇ ਗਏ, ਮਸਜਿਦਾਂ ਢਾਹੀਆਂ ਗਈਆਂ, ਗਿਰਜੇ ਸਾੜੇ ਗਏ, ਪਰ ਅੱਜ ਤਕ ਕਿਸੇ ਇਕ ਵੀ ਮੰਦਰ ਵਿੱਚ ਪੁਲਸ ਨਹੀਂ ਗਈ, ਨਾ ਕੋਈ ਮੰਦਰ ਢਾਹਿਆ ਗਿਆ ਅਤੇ ਨਾ ਹੀ ਕਿਸੇ ਇਕ ਵੀ ਪੁਜਾਰੀ ਦੀ ਅੱਜ ਤਕ ਗ੍ਰਿਫ਼ਤਾਰੀ ਕੀਤੀ ਗਈ, ਜਿਸ ਤੋਂ ਸਪਸ਼ਟ ਹੈ ਕਿ ਇਸ ਰਾਸ਼ਟਰ ਦੇ ਕੇਵਲ ਹਿੰਦੂ ਸ਼ਹਿਰੀਆਂ ਨੂੰ ਹੀ ਹਰ ਪ੍ਰਕਾਰ ਦਾ ਇਨਸਾਫ਼ ਪ੍ਰਾਪਤ ਹੈ।

ਸਾਰੇ ਭਾਰਤ ਦਾ ਰਾਜ ਪ੍ਰਬੰਧ ਮਨੂ ਸਿਮਰਤੀ ਦੇ ਵਿਧਾਨ ਨਾਲ ਚੱਲਦਾ ਹੈ, ਜਿਸ ਵਿੱਚ ਮਨੁੱਖੀ ਅਧਿਕਾਰ ਉਚੀ ਨਸਲ ਦੇ ਮਨੁੱਖਾਂ (ਹਿੰਦੂਆਂ) ਨੂੰ ਹੀ ਮਿਲ ਸਕਦੇ ਹਨ। ਉਸ ਮਨੂ ਵਿਧਾਨ ਦੀ ਜ਼ਾਤਪਾਤੀ ਵੰਡ ਮੁਤਾਬਕ ਘੱਟ ਗਿਣਤੀਆਂ – ਸਿੱਖ, ਮੁਸਲਮਾਨ, ਈਸਾਈ, ਦਲਿਤ ਆਦਿਕ ਮਨੁੱਖ ਥੋੜੇ ਹਨ। ਹਿੰਦੂ ਰਾਸ਼ਟਰ ਵਿੱਚ ਲੁਹਾਰ, ਤਰਖਾਣ, ਜੁਲਾਹੇ, ਗਲੀਆਂ ਹੂੰਝਣ ਵਾਲੇ ਕਾਮੇ ਬ੍ਰਾਹਮਣ ਦੇ ਬਰਾਬਰ ਦੇ ਮਨੁੱਖ ਕਿਵੇਂ ਹੋ ਸਕਦੇ ਹਨ? ਜੇ ਸਿੱਖ, ਮੁਸਲਮਾਨ ਤੇ ਈਸਾਈ ਆਪਣੇ ਆਪ ਨੂੰ ਮਨੁੱਖ ਸਮਝਦੇ ਹਨ, ਤਾਂ ਪਏ ਸਮਝਣ, ਹਿੰਦੂ ਰਾਸ਼ਟਰ ਵਿੱਚ ਉਹਨਾਂ ਨਾਲ ਸਲੂਕ ਉਹੀ ਹੋਣਾ ਹੈ, ਜਿਹੜਾ ਸ਼ੂਦਰਾਂ ਨਾਲ ਹੁੰਦਾ ਹੈ।

ਪਟਿਆਲੇ ਦੇ ਪਵਨ ਕੁਮਾਰ (ਬ੍ਰਾਹਮਣ) ਨਾਂ ਦੇ ਇਕ ਨਾਮੀ ਮੁਜਰਮ ਕੋਲੋਂ 230 ਵਿਸਫੋਟਕ ਹੈਂਡ ਗਰਨੇਡ ਫੜੇ ਗਏ, ਉਸ ਨੂੰ ਬਿਨਾਂ ਕੋਈ ਕੇਸ ਦਰਜ ਕੀਤੇ ਦੇ ਰਿਹਾ ਕਰ ਦਿੱਤਾ ਗਿਆ ਕਿਉਂਕਿ ਉਹ ਹਾਕਮ ਜਮਾਤ ਦੀ ਉਚੀ ਨਸਲ ਦਾ ਆਪਣਾ ਬੰਦਾ ਸੀ ਅਤੇ ਉਸ ਨੇ ਉਹ ਹੈਂਡ ਗਰਨੇਡ ਸਿੱਖਾਂ ਦੀ ਨਸਲਕੁਸ਼ੀ ਲਈ ਵਰਤਣੇ ਸਨ।

ਫਿਰੋਜ਼ਪੁਰ ਦੇ ਪਿਆਰਾ ਸਿੰਘ ਨਾਂ ਦੇ ਇਕ ਸਿੱਖ ਫੌਜੀ 'ਤੇ ਸਟੈਨਗੰਨ ਚੋਰੀ ਕਰਨ ਦਾ ਇਲਜ਼ਾਮ ਲਾਇਆ ਗਿਆ, ਜਿਹੜੀ ਬਾਅਦ 'ਚ ਇਕ ਹਿੰਦੂ ਫੌਜੀ ਦੇ ਘਰੋਂ ਬਰਾਮਦ ਹੋਈ। ਪਿਆਰਾ ਸਿੰਘ 'ਤੇ ਕੋਈ ਕਾਨੂੰਨੀ ਕਾਰਵਾਈ ਕੀਤੇ ਬਿਨਾਂ ਕੇਵਲ ਸ਼ਕ 'ਤੇ ਹੀ ਇਕ ਹਿੰਦੂ ਫੌਜੀ ਅਫਸਰ ਨੇ ਤਸੀਹੇ ਦੇ ਦੇ ਕੇ ਮਾਰ ਮੁਕਾਇਆ।

1983 'ਚ ਅਸ਼ੋਕ ਕੁਮਾਰ (ਬ੍ਰਾਹਮਣ) ਨਾਂ ਦੇ ਇਕ ਮੁਜਰਮ ਨੂੰ ਪਟਿਆਲਾ ਪੁਲਿਸ ਨੇ ਗੁੰਡਾਗਰਦੀ ਤੇ ਸਾੜ-ਫੂਕ ਕਰਦੇ ਨੂੰ ਗੋਲੀ ਨਾਲ ਮਾਰ ਦਿੱਤਾ। ਕੇਂਦਰੀ ਗ੍ਰਹਿ ਮੰਤਰੀ ਪੀ.ਸੀ.ਸੇਠੀ ਅਤੇ ਗ੍ਰਹਿ ਸਕੱਤਰ ਚਤੁਰਦੇਵੀ ਛਾਣਬੀਣ ਕਰਨ ਲਈ ਪਟਿਆਲੇ ਭੱਜੇ ਆਏ ਕਿਉਂਕਿ ਇਕ ਉੱਚ ਨਸਲ ਦੇ ਬ੍ਰਾਹਮਣ ਦੀ ਹੱਤਿਆ ਹੋ ਗਈ ਸੀ। ਧਰਮ ਯੁੱਧ ਮੋਰਚੇ ਦੌਰਾਨ ਜਦ 200 ਤੋਂ ਵੱਧ ਸਿੱਖਾਂ ਨੂੰ ਪੁਲਿਸ ਨੇ ਮਾਰ ਦਿੱਤਾ, ਤਾਂ ਕਿਸੇ ਵੀ ਕੇਂਦਰ ਦੇ ਅਫਸਰ ਦੇ ਕੰਨਾਂ 'ਤੇ ਜੂੰ ਤਕ ਨਹੀਂ ਸੀ ਸਰਕੀ। ਇਵੇਂ ਹੀ 'ਰਸਤਾ ਰੋਕੋ' ਦੇ ਅੰਦੋਲਨ ਦੌਰਾਨ ਜਦ ਪੁਲਿਸ ਨੇ 8 ਸਿੰਘਾਂ ਨੂੰ ਗੋਲੀਆਂ ਨਾਲ ਮਾਰ ਦਿੱਤਾ, ਤਾਂ ਅਕਾਲੀ ਦਲ ਵਲੋਂ ਪੜਤਾਲ ਕਰਾਏ ਜਾਣ 'ਤੇ ਜ਼ੋਰ ਦੇਣ ਉਪਰੰਤ 8 ਸਿੱਖਾਂ ਅਤੇ ਅਸ਼ੋਕ ਕੁਮਾਰ (ਬ੍ਰਾਹਮਣ) ਦੀ ਮੌਤ ਦੀ ਪੜਤਾਲ ਲਈ ਜਸਟਿਸ ਦੂਬੇ (ਇਕ ਬ੍ਰਾਹਮਣ) ਦੀ ਪ੍ਰਧਾਨਗੀ ਹੇਠ ਇਕ ਮੈਂਬਰੀ ਪੜਤਾਲੀਆ ਕਮਿਸ਼ਨ ਕਾਇਮ ਕੀਤਾ। ਉਸ ਨੇ ਬੜੀ ਬੇਸ਼ਰਮੀ ਨਾਲ 8 ਸਿੱਖਾਂ ਦਾ ਪੁਲਿਸ ਵਲੋਂ ਮਾਰਿਆ ਜਾਣਾ ਠੀਕ ਹੋਣ ਦਾ ਫੈਸਲਾ ਦਿੱਤਾ ਅਤੇ ਅਸ਼ੋਕ ਕੁਮਾਰ (ਬ੍ਰਾਹਮਣ) ਦਾ ਮਾਰਿਆ ਜਾਣਾ ਗ਼ੈਰ-ਕਾਨੂੰਨੀ ਕਤਲ ਦਾ ਫੈਸਲਾ ਸੁਣਾਇਆ।

ਅੰਮ੍ਰਿਤਸਰ ਦੇ ਇਕ ਜਨਸੰਘੀ ਲੀਡਰ ਹਰਬੰਸ ਲਾਲ ਖੰਨਾ ਵਲੋਂ ਸਿੱਖ ਵਿਰੋਧੀ ਨਾਅਰਿਆਂ 'ਦੁੱਕੀ ਤਿੱਕੀ ਖਹਿਣ ਨਹੀਂ ਦੇਣੀ, ਸਿਰ ਤੇ ਪਗੜੀ ਰਹਿਣ ਨਹੀਂ ਦੇਣੀ' ਅਤੇ 'ਕੱਛਾ, ਕੜਾ ਕ੍ਰਿਪਾਨ, ਇਨ ਕੋ ਭੇਜੋ ਪਾਕਿਸਤਾਨ' ਦੇ ਭੜਕਾਊ ਤੇ ਹੱਤਕ ਭਰੇ ਇਸ਼ਤਿਹਾਰ ਛਪਵਾਏ, ਵੰਡੇ, ਸ਼ਹਿਰ ਦੀਆਂ ਕੰਧਾਂ 'ਤੇ ਚਿਪਕਵਾਏ ਅਤੇ ਸ਼ਹਿਰ ਦੀਆਂ ਗਲੀਆਂ ਬਜ਼ਾਰਾਂ 'ਚ ਗੁੰਜਾਏ ਗਏ, ਜੋ ਕਿ ਭਾਰਤੀ ਵਿਧਾਨ ਦੇ ਵਿਰੁੱਧ ਹੈ। ਉਸ ਵਿਰੁੱਧ ਕੋਈ ਫੌਜਦਾਰੀ ਕੇਸ ਨਹੀਂ ਸੀ ਦਰਜ ਕੀਤਾ ਗਿਆ ਕਿਉਂਕਿ ਉਹ ਹਾਕਮ ਜਮਾਤ ਦੀ ਉਚ ਨਸਲ ਦਾ ਬੰਦਾ ਜੁ ਹੋਇਆ। ਜੇ ਕੋਈ ਸਿੱਖ ਅਜਿਹਾ ਇਕ ਲਫਜ਼ ਮੂੰਹੋ ਕੱਢੇ ਤਾਂ ਝੱਟ ਫੌਜਦਾਰੀ ਕੇਸ ਦਰਜ ਕਰ ਦਿੱਤਾ ਜਾਂਦਾ ਹੈ।

ਕੇਂਦਰੀ ਗ੍ਰਹਿ ਮੰਤਰੀ ਪੀ.ਸੀ.ਸੇਠੀ ਨੇ ਇਕ ਵਾਰ ਧਮਕੀ ਦਿੱਤੀ ਸੀ ਕਿ ਉਹ (ਬਿਨਾਂ ਕਿਸੇ ਕਾਨੂੰਨੀ ਚਾਰਾਜੋਈ ਕੀਤੇ ਦੇ) ਸੰਤ

ਭਿੰਡਰਾਂਵਾਲੇ ਨੂੰ ਹਫਤੇ ਦੇ ਅੰਦਰ ਅੰਦਰ ਗੁਰੂ ਨਾਨਕ ਨਿਵਾਸ 'ਚੋਂ ਜਬਰੀ ਬਾਹਰ ਧੂਹ ਲਿਆਵੇਗਾ। ਸੰਤਾਂ ਨੇ ਜਵਾਬ 'ਚ ਕਿਹਾ ਕਿ ਉਸ ਦਾ ਉਹ ਬਿਆਨ ਮੁਜਰਮਾਨਾ ਧਮਕੀ ਦੇ ਤੁਲ ਹੈ। ਉਨ੍ਹਾਂ ਕਿਹਾ ਕਿ ਜੇ ਹਿੰਮਤ ਹੈ ਤਾਂ ਸੇਠੀ ਖੁਦ ਆ ਕੇ ਹੱਥ ਪਾਵੇ। ਇਹ ਗੱਲ ਕਹਿਣ 'ਤੇ ਉਨ੍ਹਾਂ (ਸੰਤਾਂ) 'ਤੇ ਫੌਜਦਾਰੀ ਮੁਕੱਦਮਾ ਦਾਇਰ ਕਰ ਦਿੱਤਾ ਗਿਆ, ਪਰ ਪੀ.ਸੀ.ਸੇਠੀ ਵਿਰੁੱਧ ਕੋਈ ਕਾਰਵਾਈ ਨਹੀਂ ਸੀ ਕੀਤੀ ਗਈ।

ਗ੍ਰਹਿ ਮੰਤਰੀ ਪੀ.ਸੀ.ਸੇਠੀ ਨੇ ਇਹ ਬਿਆਨ ਵੀ ਦਿੱਤਾ ਕਿ ਸਿੱਖਾਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ 35-35 ਹਿੰਦੂਆਂ ਦੇ ਹਿੱਸੇ ਇਕ-ਇਕ ਸਿੱਖ ਆਉਂਦਾ ਹੈ। ਅੱਗਲੇ ਹੀ ਦਿਨ ਇਸ ਦੇ ਜਵਾਬ 'ਚ ਸੰਤ ਭਿੰਡਰਾਂਵਾਲੇ ਨੇ ਕਿਹਾ ਕਿ ਅਸੀਂ ਪੀ.ਸੀ.ਸੇਠੀ ਨੂੰ ਇਹ ਗੱਲ ਦਸ ਦੇਣੀ ਚਾਹੁੰਦੇ ਹਾਂ ਕਿ ਜੇ ਤੁਹਾਡੇ ਮਨਾਂ 'ਚ ਅਜਿਹੇ ਵਿਚਾਰ ਹਨ ਤਾਂ ਫਿਰ ਅਸਲ 'ਚ 35 ਹਿੰਦੂਆਂ ਦੇ ਹਿੱਸੇ ਇਕ ਸਿੱਖ ਨਹੀਂ ਬਲਕਿ ਇਕ ਸਿੱਖ ਦੇ ਹਿੱਸੇ 35 ਹਿੰਦੂ ਆਉਂਦੇ ਹਨ।

ਇੰਦਰਾ ਗਾਂਧੀ ਨੇ ਵੀ ਅਨੇਕਾਂ ਵਾਰ ਬਿਆਨ ਦਿੱਤੇ ਕਿ ਪੰਜਾਬ ਦੇ ਸਿੱਖਾਂ ਨੂੰ ਪੰਜਾਬੋਂ ਬਾਹਰ ਵਸਦੇ ਸਿੱਖਾਂ ਦੇ ਹਸ਼ਰ ਬਾਰੇ ਸੋਚਣਾ ਚਾਹੀਦਾ ਹੈ। ਇਹ ਫਿਰਕੂ ਬਿਆਨ ਸਿੱਖਾਂ ਨੂੰ ਸਿੱਧੀ ਧਮਕੀ ਸੀ। ਕੀ ਅਜਿਹੇ ਬਿਆਨ ਦੇਣਾ ਕਾਨੂੰਨੀ ਅਪਰਾਧ ਨਹੀਂ? ਹਿੰਦੂ ਮੀਡੀਆ ਵਲੋਂ ਗ੍ਰਹਿ ਮੰਤਰੀ ਤੇ ਪ੍ਰਧਾਨ ਮੰਤਰੀ ਦੇ ਦਿੱਤੇ ਬਿਆਨਾਂ ਬਾਰੇ ਤਾਂ ਚੁੱਪ ਸਾਧ ਲਈ ਗਈ ਪਰ ਸੰਤ ਭਿੰਡਰਾਂਵਾਲੇ ਵਲੋਂ ਦਿੱਤੇ ਜਵਾਬ ਨੂੰ ਫਿਰਕੂ ਰੰਗ ਚਾੜ੍ਹ ਕੇ ਵੱਡੀ ਪੱਧਰ ਤੇ ਉਛਾਲਿਆ ਗਿਆ। ਸੰਤ ਭਿੰਡਰਾਂਵਾਲੇ 'ਤੇ ਤਾਂ ਮੁਕੱਦਮਾ ਦਰਜ ਕੀਤਾ ਗਿਆ ਪਰ ਗ੍ਰਹਿ ਮੰਤਰੀ ਅਤੇ ਪ੍ਰਧਾਨ ਮੰਤਰੀ 'ਤੇ ਨਹੀਂ ਕਿਉਂਕਿ ਮਨੂ ਵਿਧਾਨ ਮੁਤਾਬਕ ਉਹ ਦੋਸ਼ ਰਹਿਤ ਹਨ।

ਇੰਦਰਾ ਗਾਂਧੀ ਦੀ ਉਹ ਧਮਕੀ ਫੋਕੀ ਜਾਂ ਖੋਖਲੀ ਨਹੀਂ ਸੀ ਸਗੋਂ ਉਸ ਦਿੱਤੀ ਧਮਕੀ ਨੂੰ ਝੱਟ ਹੀ ਹਰਿਆਣਾ 'ਚ ਅਮਲ 'ਚ ਲਿਆ ਕੇ ਸਿੱਖਾਂ ਨੂੰ ਵਿਖਾਇਆ ਗਿਆ। 15 ਫਰਵਰੀ ਚੁਰਾਸੀ ਤੋਂ 20 ਫਰਵਰੀ ਚੁਰਾਸੀ ਦੌਰਾਨ ਹਰਿਆਣਾ 'ਚ ਸਿੱਖਾਂ 'ਤੇ ਅਤਿਆਚਾਰ ਕੀਤੇ ਗਏ, ਕਈਆਂ ਨੂੰ ਬੇਤਹਾਸ਼ਾ ਮਾਰ-ਕੁੱਟ ਕੇ ਨਕਾਰਾ ਕੀਤਾ ਗਿਆ, ਕਈਆਂ ਦੇ ਕੇਸ ਕਤਲ ਕੀਤੇ ਗਏ, ਕਈਆਂ ਨੂੰ ਕਤਲ ਕੀਤਾ ਗਿਆ, ਪਾਨੀਪਤ, ਕਰਨਾਲ, ਰੁਹਤਕ, ਕੈਥਲ ਅਤੇ ਜੀਂਦ ਆਦਿ ਸ਼ਹਿਰਾਂ 'ਚ ਦਰਜਨ ਦੇ ਕਰੀਬ ਗੁਰਦੁਆਰਿਆਂ ਨੂੰ ਨੁਕਸਾਨ ਪਹੁੰਚਾਇਆ ਗਿਆ ਤੇ ਕਈ ਢਹਿ-ਢੇਰੀ ਕੀਤੇ ਗਏ, ਸਿੱਖਾਂ ਦੀਆਂ ਦੁਕਾਨਾਂ ਸਾੜੀਆਂ ਗਈਆਂ, ਸਿੱਖਾਂ ਦੇ ਘਰਾਂ-ਦੁਕਾਨਾਂ ਨੂੰ ਅੱਗਾਂ ਲਾਈਆਂ

ਗਈਆਂ, ਸਿੱਖ ਇਸਤਰੀਆਂ ਦੇ ਸੋਨੇ ਤੇ ਹੀਰਿਆਂ ਦੇ ਗਹਿਣੇ ਲੁੱਟ ਲਏ ਗਏ ਅਤੇ ਉਨ੍ਹਾਂ ਦੀ ਬੇਪਤੀ ਕੀਤੀ ਗਈ। ਅਨੇਕਾਂ ਹਿੰਦੂ ਅਤੇ ਕਾਂਗਰਸ 'ਆਈ' ਦੇ ਲੀਡਰਾਂ ਨੇ ਬੜੀ ਸ਼ੇਖੀ ਨਾਲ ਬਿਆਨ ਦਿੱਤਾ ਕਿ ਇਹ ਪੰਜਾਬੋਂ ਬਾਹਰਲੇ ਸਿੱਖਾਂ ਨੂੰ ਕੇਵਲ ਇਕ ਟਰੇਲਰ ਹੀ ਦਿਖਾਇਆ ਗਿਆ ਸੀ। ਉਨ੍ਹਾਂ ਉਸ ਟਰੇਲਰ ਦੀ ਅਕਤੂਬਰ-ਨਵੰਬਰ ਚੁਰਾਸੀ ਦੇ ਘੱਲੂਘਾਰੇ ਦੌਰਾਨ ਢਾਹੇ ਗਏ ਵਹਿਸ਼ੀ ਜ਼ੁਲਮਾਂ ਦੀ ਆਪਣੀ ਪੂਰੀ ਲੰਮੀ ਫਿਲਮ ਸਭ ਨੂੰ ਬਾਅਦ 'ਚ ਵਿਖਾ ਹੀ ਦਿੱਤੀ ਸੀ।

ਭਾਰਤੀ ਆਰਮੀ ਦਾ ਮੁੱਖੀ ਕੇਵਲ ਹਿੰਦੂ ਹੀ ਬਣ ਸਕਦਾ ਹੈ। ਫ਼ੌਜ ਦੇ ਸਾਰੇ ਜਰਨੈਲ ਚਾਰਜ ਸੰਭਾਲਣ ਵੇਲੇ ਰਮਾਇਣ, ਮਹਾਂਭਾਰਤ ਤੇ ਗੀਤਾ ਉਪਰ ਹੱਥ ਰੱਖ ਕੇ ਫ਼ੌਜ ਦੇ ਭੇਤ ਗੁਪਤ ਰੱਖਣ ਦੀ ਸਹੁੰ ਖਾਂਦੇ ਹਨ। ਨੇਵੀ ਤੇ ਏਅਰਫ਼ੋਰਸ ਵਿਚਲੇ ਕੋਈ 55 ਅਫ਼ਸਰ ਨਾਜ਼ੀ ਆਰ.ਐਸ.ਐਸ.ਦੇ ਰੈਗੂਲਰ ਮੈਂਬਰ ਹਨ। ਇਹਨਾਂ ਦਾ ਮੁੱਖੀ ਵੀ ਕੇਵਲ ਹਿੰਦੂ ਹੀ ਬਣ ਸਕਦਾ ਹੈ। ਇਸ ਦੇ ਅਫ਼ਸਰ ਵੀ ਚਾਰਜ ਸੰਭਾਲਣ ਵੇਲੇ ਰਮਾਇਣ, ਮਹਾਂਭਾਰਤ ਤੇ ਗੀਤਾ ਉਪਰ ਹੱਥ ਰੱਖ ਕੇ ਵਫ਼ਾਦਾਰੀ ਦੀ ਸਹੁੰ ਖਾਂਦੇ ਹਨ।

ਪਿਛਲੇ ਸੱਤਵੰਜਾ ਸਾਲਾਂ ਦੌਰਾਨ ਕਿਸੇ ਵੀ ਸਰਕਾਰ ਨੇ ਕਿਸੇ ਵੀ ਸਿੱਖ ਨੂੰ ਭਾਰਤੀ ਫ਼ੌਜ ਦਾ ਮੁੱਖੀ ਨਹੀਂ ਬਣਨ ਦਿੱਤਾ, ਭਾਵੇਂ ਉਸ ਦੀ ਸੈਨਿਕ ਯੋਗਤਾ ਹਿੰਦੂ ਜਰਨੈਲ ਨਾਲੋਂ ਕਿਤਨੀ ਹੀ ਵੱਧ ਕਿਉਂ ਨਾ ਹੁੰਦੀ ਹੋਵੇ। ਇਵੇਂ ਹੀ ਮੁਸਲਮਾਨਾਂ ਪ੍ਰਤੀ ਵਤੀਰਾ ਵੀ ਇਸੇ ਤਰ੍ਹਾਂ ਦਾ ਹੀ ਹੈ। ਸ਼ਾਇਦ ਹੀ ਕੋਈ ਅਜਿਹਾ ਮੁਸਲਮਾਨ ਹੋਵੇ, ਜੋ ਲੈਫ਼ਟੀਨੈਂਟ ਜਨਰਲ ਜਾਂ ਮੇਜਰ ਜਨਰਲ ਤਕ ਪਹੁੰਚਿਆ ਹੋਵੇ।

ਘੱਟ ਗਿਣਤੀਆਂ ਦੇ ਮਨੁੱਖੀ ਅਧਿਕਾਰ ਖੋਹ ਲਏ ਗਏ ਹਨ। ਤਾਜ਼ਾ ਮਿਸਾਲ ਵਜੋਂ ਜੰਮੂ ਕਸ਼ਮੀਰ ਵਿੱਚ ਫ਼ੌਜ ਦੀ ਨਵੀਂ ਭਰਤੀ ਕਰਨ ਲਈ ਪਬਲਿਕ ਨੋਟਿਸ ਜਾਰੀ ਕੀਤਾ ਗਿਆ, ਜਿਸ ਵਿੱਚ ਕਿਹਾ ਗਿਆ ਕਿ ਮੁਸਲਮਾਨਾਂ ਨੂੰ ਭਰਤੀ ਹੋਣ ਲਈ ਆਉਣ ਦੀ ਲੋੜ ਨਹੀਂ, ਉਹਨਾਂ ਵਾਸਤੇ ਕੋਈ ਥਾਂ ਨਹੀਂ ਹੈ। ਨੋਟਿਸ ਦੀ ਇਬਾਰਤ ਇਸ ਤਰ੍ਹਾਂ ਹੈ :

'21 ਅਪ੍ਰੈਲ ਤੋਂ 29 ਅਪ੍ਰੈਲ ਤਕ ਅਖਨੂਰ ਵਿਖੇ ਫ਼ੌਜੀ ਭਰਤੀ ਕੀਤੀ ਜਾਵੇਗੀ। ਭਰਤੀ ਲਈ ਹੋਣ ਵਾਲੀ ਰੈਲੀ ਵਿੱਚ ਕਠੂਆ, ਜੰਮੂ, ਡੋਡਾ ਅਤੇ ਰਾਜੌਰੀ ਦੇ ਉਮੀਦਵਾਰ ਸ਼ਾਮਲ ਹੋ ਸਕਦੇ ਹਨ। ਹਿੰਦੂ ਤੇ ਸਿੱਖ ਈਚਾਰਿਆਂ ਨਾਲ ਸਬੰਧਤ ਉਮੀਦਵਾਰਾਂ ਨੂੰ ਹੀ ਰੈਲੀ ਵਿੱਚ ਸ਼ਾਮਲ ਹੋਣ ਦੀ ਇਜਾਜ਼ਤ ਦਿੱਤੀ ਜਾਵੇਗੀ।'

ਇਸ ਤੋਂ ਬਾਦ ਮੋਟੇ ਅੱਖਰਾਂ ਵਿੱਚ ਲਿਖਿਆ ਹੋਇਆ ਹੈ

'ਮੁਸਲਮਾਨਾਂ ਅਤੇ ਵਪਾਰੀਆਂ ਲਈ ਕੋਈ ਥਾਂ ਖ਼ਾਲੀ ਨਹੀਂ ਹੈ'
(ਵੇਖੋ 'ਏਸ਼ੀਅਨ ਏਜ' 6 ਅਪ੍ਰੈਲ 2001)

ਜਦ ਇਸ ਨੋਟਿਸ ਦਾ ਜੰਮੂ-ਕਸ਼ਮੀਰ ਵਿਧਾਨ ਸਭਾ ਵਿੱਚ ਵਿਰੋਧ ਹੋਇਆ ਤਾਂ ਫ਼ੌਜੀ ਅਫ਼ਸਰਾਂ ਨੇ ਇਕ ਕਦਮ ਹੋਰ ਅੱਗੇ ਜਾਂਦਿਆਂ ਇਹ ਬਿਆਨ ਦਾਗ ਦਿੱਤਾ ਕਿ ਫੌਜੀ ਭਰਤੀ ਦੇ ਮਾਮਲੇ ਵਿੱਚ ਉਹਨਾਂ ਲਈ ਸੈਕੂਲਰ ਹੋਣਾ ਕੋਈ ਜ਼ਰੂਰੀ ਨਹੀਂ। ਹੋਰ ਤਾਂ ਹੋਰ ਭਾਰਤੀ ਜਨਤਾ ਪਾਰਟੀ ਦੇ ਵਿਧਾਇਕ ਵੀ ਫ਼ੌਜੀ ਅਫ਼ਸਰਾਂ ਦੇ ਇਸ ਸਟੈਂਡ ਦਾ ਡਟ ਕੇ ਸਮਰੱਥਨ ਕਰ ਰਹੇ ਹਨ। ਇਹ ਹੈ ਮਨੂ ਦਾ ਅਸਲੀ ਰਾਮ ਰਾਜ ਜੋ ਇਹ ਕਾਇਮ ਕਰਨ ਲਈ ਤਰਲੋ ਮੱਛੀ ਹੋ ਰਹੇ ਹਨ।

ਇਹਨਾਂ ਦੀ ਡੈਮੋਕਰੈਸੀ ਦਾ ਇਹ ਹਾਲ ਹੈ ਕਿ ਯੋਗਤਾ ਦੇ ਆਧਾਰ ਤੇ ਜੇ ਕੋਈ ਹਿੰਦੂ ਅੱਗੇ ਵੱਧ ਸਕਦਾ ਹੈ ਤਾਂ ਠੀਕ ਹੈ। ਜੇ ਕੋਈ ਉਸੇ ਯੋਗਤਾ ਦੇ ਆਧਾਰ ਤੇ ਸਿੱਖ ਫੌਜ ਵਿੱਚ ਭਰਤੀ ਹੋਣਾ ਚਾਹੇ ਤਾਂ ਨਹੀ ਹੋ ਸਕਦਾ ਕਿਉਂਕਿ ਸਿੱਖਾਂ ਨੂੰ ਆਬਾਦੀ ਦੇ ਲਿਹਾਜ਼ ਨਾਲ ਹੀ ਭਰਤੀ ਕੀਤਾ ਜਾ ਸਕਦਾ ਹੈ। ਵਿਧਾਨ ਵਿੱਚ ਤਾਂ ਸਿੱਖਾਂ ਨੂੰ ਹਿੰਦੂ ਲਿਖਿਆ ਹੋਇਆ ਹੈ ਪਰ ਫੌਜ 'ਚ ਨੌਕਰੀ ਦੇਣ ਲੱਗਿਆਂ ਸਿੱਖਾਂ ਨੂੰ ਅਬਾਦੀ ਦੇ ਲਿਹਾਜ਼ ਨਾਲ ਫੌਜ 'ਚ ਭਰਤੀ ਕੀਤਾ ਜਾਂਦਾ ਹੈ। ਸਿੱਖਾਂ ਨੂੰ ਦੂਜੇ ਦਰਜੇ ਦਾ ਸ਼ਹਿਰੀ ਨਹੀ ਸਗੋਂ ਚੌਥੇ ਦਰਜੇ ਦਾ ਸ਼ਹਿਰੀ ਸਮਝਿਆ ਜਾਂਦਾ ਹੈ।

ਭਾਰਤ ਦਾ ਵਿਧਾਨ,ਭਾਰਤ ਦੀ ਨਿਆਂ ਪਾਲਕਾਵਾਂ ਅਤੇ ਭਾਰਤ ਦੀ ਕਾਰਜ ਪਾਲਿਕਾਵਾਂ ਹਿੰਦੂ ਬਹੁਗਿਣਤੀ ਲਈ ਹਨ ਅਤੇ ਘੱਟ ਗਿਣਤੀਆਂ ਨੂੰ ਕੁੱਟਣ, ਲੁੱਟਣ ਅਤੇ ਫਾਂਸੀਆਂ ਦੇ ਤਖਤਿਆਂ 'ਤੇ ਲਟਕਾਉਣ ਲਈ ਰਾਤ ਨੂੰ ਵੀ ਅਦਾਲਤਾਂ ਲਾ ਕੇ ਕਾਨੂੰਨੀ ਢਾਂਚੇ ਦੀਆਂ ਧੱਜੀਆਂ ਉਡਾ ਸਕਦੀਆਂ ਹਨ। ਭਾਰਤੀ ਵਿਧਾਨ ਘੱਟ ਗਿਣਤੀਆਂ ਲਈ ਨਹੀਂ ਸਗੋਂ ਕੇਵਲ ਹਿੰਦੂਆਂ ਲਈ ਹੈ ਅਤੇ ਦੁਨੀਆ ਨੂੰ ਵਿਖਾਣ ਵਾਲਾ ਹਾਥੀ ਦਾ ਇਹ ਦੰਦ ਹੈ। ਵਿਧਾਨ ਵਿੱਚ ਜੋ ਕੁਝ ਵੀ ਲਿਖਿਆ ਰਹੇ,ਜਦ ਘੱਟ ਗਿਣਤੀਆਂ ਲਈ ਉਸ 'ਤੇ ਅਮਲ ਹੀ ਨਹੀਂ ਹੋਣ ਦੇਣਾ,ਤਾਂ ਉਥੇ ਕੋਈ ਕੀ ਕਰੇਗਾ? ਘੱਟ ਗਿਣਤੀਆਂ ਲਈ ਵਿਧਾਨ ਵੀ ਮਨੂਵਾਦੀ ਹੈ ਅਤੇ ਇਨਸਾਫ਼ ਦੇਣ ਵਾਲੇ ਜੱਜ ਵੀ ਮਨੂਵਾਦੀ। ਇਹਨਾਂ ਦੀਆਂ ਨਜ਼ਰਾਂ ਵਿੱਚ ਘੱਟ ਗਿਣਤੀਆਂ ਦੇ 2 ਸਾਲ ਤੋਂ 14 ਸਾਲ ਦੇ ਬੱਚੇ ਵੀ ਅੱਤਵਾਦੀ ਹਨ। ਵਹਿਸ਼ੀਆਨਾ ਹਮਲੇ ਉਪਰੰਤ ਬਚ ਗਏ 2 ਸਾਲ ਦੇ ਸਿੱਖ ਬੱਚਿਆਂ ਅਤੇ 80 ਸਾਲ ਦੇ ਬਜ਼ੁਰਗਾਂ ਨੂੰ ਵੀ ਜੇਲ੍ਹਾਂ ਵਿੱਚ ਸੁੱਟ ਦਿੱਤਾ ਗਿਆ।

ਸੁਪਰੀਮ ਕੋਰਟ ਦੇ ਉਘੇ ਵਕੀਲ ਸ.ਹਰਦੇਵ ਸਿੰਘ ਦੀ ਨਿਗਰਾਨੀ

ਵਿੱਚ ਸ੍ਰੀਮਤੀ ਕਮਲਾ ਦੇਵੀ ਚਟੋਪਾਧਿਆਏ ਦੇ ਨਾਮ ਤੇ ਸੁਪਰੀਮ ਕੋਰਟ ਵਿੱਚ ਪਟੀਸ਼ਨ ਦਾਇਰ ਕਰਕੇ ਲੁਧਿਆਣਾ ਜੇਲ੍ਹ 'ਚੋਂ ਸਤੰਬਰ 1984 ਦੇ ਮਹੀਨੇ 37 ਸਿੱਖ ਬੱਚੇ ਰਿਹਾ ਕਰਵਾਏ, ਜਿਨ੍ਹਾਂ ਦੀ ਉਮਰ 2 ਤੋਂ 14 ਸਾਲ ਦੀ ਸੀ। ਇਸ ਦੀ ਜਾਣਕਾਰੀ ਇੰਡੀਅਨ ਐਕਸਪ੍ਰੈਸ (Indian Express) ਨੇ ਛਾਪੀ ਸੀ।

ਘੱਟ ਗਿਣਤੀਆਂ 'ਤੇ ਮਨੂ ਦਾ ਵਿਧਾਨ ਲਾਗੂ ਹੁੰਦਾ ਹੈ, ਜੋ ਇਹਨਾਂ ਪੱਥਰ-ਪੂਜਕਾਂ ਵਾਂਗ ਪੱਥਰ ਦਿਲ ਹੈ। ਸਿੱਖ ਉਸ ਵਿਧਾਨ ਨੂੰ ਕਿਵੇਂ ਮੰਨ ਸਕਦੇ ਹਨ, ਜਿਸ ਮਨੂਵਾਦੀ ਵਿਧਾਨ ਸਾਹਮਣੇ ਦਿੱਲੀ ਵਿੱਚ ਦਸ ਹਜ਼ਾਰ ਤੋਂ ਵੱਧ ਸਿੱਖਾਂ ਨੂੰ ਅਧਮੋਇਆ ਕਰਕੇ, ਉਹਨਾਂ ਉਤੇ ਤੇਲ ਛਿੜਕ-ਛਿੜਕ ਕੇ ਜ਼ਿੰਦਾ ਜਲਾ ਦਿੱਤਾ ਗਿਆ; ਜਿਸ ਵਿਧਾਨ ਸਾਹਮਣੇ ਸੈਂਕੜੇ ਸਿੱਖ ਇਸਤਰੀਆਂ ਤੇ ਬੱਚੀਆਂ ਦੀਆਂ ਹਿੰਦੂ ਵਹਿਸ਼ੀ ਜਾਨਵਰਾਂ ਨੇ ਸੜਕਾਂ 'ਤੇ ਪੱਤਾਂ ਲੁਟੀਆਂ; ਜਿਸ ਵਿਧਾਨ ਸਾਹਮਣੇ ਸਾਰੇ ਭਾਰਤ ਵਿੱਚ ਪੰਜਾਹ ਹਜ਼ਾਰ ਤੋਂ ਵੱਧ ਸਿੱਖਾਂ ਦਾ ਕਤਲੇਆਮ ਕੀਤਾ ਗਿਆ; ਜਿਸ ਵਿਧਾਨ ਸਾਹਮਣੇ ਹਜ਼ਾਰਾਂ ਸਿੱਖ ਇਸਤਰੀਆਂ ਦੇ ਸੁਹਾਗ ਲੁਟੇ ਗਏ ਹੋਣ; ਜਿਸ ਵਿਧਾਨ ਦੇ ਵਹਿਸ਼ੀ ਹੱਥਾਂ ਨੇ ਹਜ਼ਾਰਾਂ ਮਾਸੂਮ ਸਿੱਖ ਬੱਚਿਆਂ ਨੂੰ ਯਤੀਮ ਬਣਾ ਦਿੱਤਾ ਹੋਵੇ; ਜਿਸ ਵਿਧਾਨ ਦੀ ਸਹਿਮਤੀ ਨਾਲ ਸੈਂਕੜੇ ਗੁਰਦੁਆਰਿਆਂ ਨੂੰ ਸਾੜਿਆ ਗਿਆ; ਜਿਸ ਵਿਧਾਨ ਦੀਆਂ ਅੱਖਾਂ ਸਾਹਮਣੇ ਸਿੱਖਾਂ ਦੀਆਂ ਕਰੋੜਾਂ-ਅਰਬਾਂ ਰੁਪਏ ਦੀਆਂ ਜਾਇਦਾਦਾਂ, ਘਰਾਂ, ਫੈਕਟਰੀਆਂ ਦੀ ਸਾੜ-ਫੂਕ ਕੀਤੀ ਗਈ ਹੋਵੇ, ਜਿਸ ਸਭ ਕੁਝ ਨੂੰ ਹਜ਼ਾਰਾਂ ਵਿਧਾਨ ਦੇ ਰਾਖਿਆਂ ਨੇ ਅੱਖੀਂ ਵੇਖਿਆ ਹੋਵੇ ਅਤੇ ਜਿਹੜਾ ਵਿਧਾਨ ਧਾੜਵੀਆਂ, ਕਾਤਲਾਂ ਤੇ ਵਿਭਚਾਰੀਆਂ ਦਾ ਹੱਥਠੋਕਾ ਬਣ ਜਾਏ, ਤਾਂ ਸਪਸ਼ਟ ਹੈ ਕਿ ਉਹ ਵਿਧਾਨ ਸਿੱਖਾਂ ਲਈ ਨਹੀਂ। ਉਸ ਤੋਂ ਇਨਸਾਫ਼ ਦੀ ਕਿਵੇਂ ਆਸ ਰੱਖੀ ਜਾ ਸਕਦੀ ਹੈ? ਜੋ ਕੁਝ ਇਹਨਾਂ ਪਿੱਛੇ ਕੀਤਾ, ਉਹੀ ਕੁਝ ਅੱਜ ਕਰ ਰਹੇ ਹਨ। ਇਹ ਇਹਨਾਂ ਦਾ ਇਤਿਹਾਸਕ ਕਿਰਦਾਰ ਇਸ ਗੱਲ ਦੀ ਗਵਾਹੀ ਭਰਦਾ ਹੈ।

ਬਹਾਦਰ ਇਕੱਲਵਿਆ ਨੂੰ ਸ਼ਸਤਰ ਵਿਦਿਆ ਸਿਖਾਉਣ ਤੋਂ ਇਨਕਾਰ ਕਰਨ ਵਾਲਾ ਅਤੇ ਬਾਅਦ 'ਚ ਉਸ ਦੀ ਪ੍ਰਬੀਨਤਾ ਨੂੰ ਵੇਖ ਕੇ, ਮੱਕਾਰੀ ਨਾਲ ਉਸ (ਸ਼ਿਸ਼) ਤੋਂ ਅੰਗੂਠੇ ਦੀ ਗੁਰੂ ਦਖਸ਼ਣਾ ਦੀ ਮੰਗ ਕਰਕੇ, ਉਸ ਨੂੰ ਅੰਗਹੀਣ ਬਣਾਉਣ ਵਾਲਾ ਦਰੋਣਾਚਾਰੀਆਂ ਇਹਨਾਂ ਦਾ ਗੁਰੂ ਹੈ ਜਿਸ ਨੇ ਇਕੱਲਵਿਆ ਨੂੰ ਇਸ ਲਈ ਅੰਗਹੀਣ ਬਣਾਇਆ ਕਿ ਅਰਜਨ ਨਾਲੋਂ ਵਧੇਰੇ ਤੀਰ ਅੰਦਾਜ਼ ਹੋਰ ਕੋਈ ਵੀ ਨਾ ਰਹੇ। ਜੋ ਕੁਝ ਇਹਨਾਂ ਦੇ ਵਡੇਰਿਆਂ ਨੇ ਪਿੱਛੇ ਕੀਤਾ, ਉਹੀ ਢੰਗ ਅੱਜ ਦੇ ਭਾਰਤ

'ਚ ਅਪਣਾਏ ਜਾ ਰਹੇ ਹਨ। ਜੇਕਰ ਕੋਈ ਦਲਿਤ ਯੂਨੀਵਰਸਿਟੀ 'ਚ ਫਸਟ ਆ ਗਿਆ, ਤਾਂ ਉਸ ਨੂੰ ਮਿੱਟੀ ਦਾ ਤੇਲ ਪਾ ਕੇ ਸਾੜ ਦਿੱਤਾ ਗਿਆ ਕਿਉਂਕਿ ਮਹਾਨ ਭਾਰਤ ਵਰਸ਼ 'ਚ ਦਲਿਤ ਕਿਉਂ ਫਸਟ ਆਇਆ?

ਅੱਜ ਦੇ ਮਹਾਨ ਭਾਰਤ 'ਚ ਜੇ ਦਲਿਤ (ਲੁਹਾਰ) ਅਲਮੋੜਾ ਜ਼ਿਲ੍ਹੇ 'ਚ ਘੋੜੇ 'ਤੇ ਚੜ੍ਹ ਕੇ ਵਿਆਹੁਣ ਗਿਆ ਤਾਂ ਉਸ ਦੀ ਸਾਰੀ ਬਰਾਤ ਜ਼ਿੰਦਾ ਸਾੜ ਦਿੱਤੀ ਗਈ। ਲੁਹਾਰ ਹੋ ਕੇ ਘੋੜੇ 'ਤੇ ਚੜ੍ਹਨ ਦਾ ਕਸੂਰ ਭਾਵੇਂ ਉਸ ਇਕੱਲੇ ਦਾ ਸੀ ਪਰ ਉਸ ਦੇ ਨਾਲ ਬਾਕੀ ਕਿਉਂ ਆਏ? ਜੇ ਦਲਿਤਾਂ ਨੇ ਮੁੰਡਾ ਜੰਮਣ 'ਤੇ ਬੈਂਡ ਵਾਜੇ ਨਾਲ ਖੁਸ਼ੀ ਮਨਾਈ ਤਾਂ ਉਹਨਾਂ ਦੇ ਘਰ ਹੀ ਸਾੜ ਦਿੱਤੇ ਗਏ। ਜੇ ਦਲਿਤ ਪ੍ਰੋਫੈਸਰ ਤੇ ਉਚ ਜਾਤੀ ਦੀ ਪ੍ਰੋਫੈਸਰ ਨੇ ਆਪੋ 'ਚ ਵਿਆਹ ਕਰ ਲਿਆ ਤਾਂ ਜ਼ਾਤਪਾਤ ਦਾ ਬੀਜ ਨਾਸ਼ ਕਰਨ ਵਾਲੇ ਮਹਾਨ ਯੋਧੇ ਗੁਰੂ ਗੋਬਿੰਦ ਸਿੰਘ ਦੇ ਨਾਂ 'ਤੇ ਬਣੇ ਖਾਲਸਾ ਕਾਲਜ 'ਚੋਂ ਉਨ੍ਹਾਂ ਨੂੰ ਨੌਕਰੀ ਤੋਂ ਬਰਖਾਸਤ ਕਰ ਦਿੱਤਾ ਗਿਆ। ਡਾ. ਅੰਬੇਦਕਰ (ਦਲਿਤ) ਦੇ ਨਾਂ 'ਤੇ ਯੂਨੀਵਰਸਿਟੀ ਬਣਾਏ ਜਾਣ ਦੇ ਐਲਾਨ ਹੋਣ ਤੇ ਹੀ ਬਾਰਾਂ ਹਜ਼ਾਰ ਦਲਿਤਾਂ ਦੇ ਘਰ ਸਾੜ ਦਿੱਤੇ ਗਏ। ਸੈਂਕੜੇ ਦਲਿਤ ਔਰਤਾਂ ਨਾਲ ਸਮੂਹਿਕ ਬਲਾਤਕਾਰ ਕੀਤੇ ਗਏ, ਦਲਿਤਾਂ ਦੇ ਖੂਹਾਂ 'ਚ ਜ਼ਹਿਰ ਮਿਲਾ ਦਿੱਤੀ ਗਈ ਅਤੇ ਉਨ੍ਹਾਂ ਨੂੰ ਕੁੱਟ ਕੁੱਟ ਕੇ ਪਿੰਡਾਂ 'ਚੋਂ ਬਾਹਰ ਕੱਢ ਦਿੱਤਾ ਗਿਆ। ਇਹ ਮਨੂਵਾਦੀ ਫ਼ਾਸ਼ੀਵਾਦ ਰਾਜ ਨਹੀਂ ਤਾਂ ਹੋਰ ਕੀ ਹੈ?

ਬ੍ਰਾਹਮਣਵਾਦ ਦਾ ਇਹ ਫ਼ੈਸਲਾ ਹੈ ਕਿ ਭਾਰਤ ਹਿੰਦੂ ਰਾਸ਼ਟਰ ਹੈ। ਮੰਦਰ ਨੂੰ ਮੰਨਣ ਵਾਲਿਆਂ, ਵਰਨ ਵੰਡ ਨੂੰ ਮੰਨਣ ਵਾਲਿਆਂ ਅਤੇ ਮਨੂ ਸਿਮਰਤੀ ਨੂੰ ਮੰਨਣ ਵਾਲਿਆਂ ਦਾ ਇਹ ਰਾਸ਼ਟਰ ਹੈ। ਹਿੰਦੂ ਹੀ ਇਸ ਰਾਸ਼ਟਰ ਦਾ ਅਸਲੀ ਸ਼ਹਿਰੀ ਹੈ। ਇਸ ਰਾਸ਼ਟਰ ਦੇ ਸ਼ਹਿਰੀ ਦੀ ਪਛਾਣ ਹੈ –ਹਿੰਦੂ, ਹਿੰਦੀ, ਹਿੰਦੁਸਤਾਨ। ਬੁੱਤ-ਪੂਜਾ ਤੇ ਵਰਨ-ਵੰਡ ਮਿਟਾਉਣ ਵਾਲਿਆਂ ਦੀ ਇਥੇ ਕੋਈ ਥਾਂ ਨਹੀਂ। ਭਾਵੇਂ ਉਹ ਗੁਰਦੁਆਰੇ ਹੋਣ ਤੇ ਭਾਵੇਂ ਮਸਜਿਦਾਂ, ਇਹ ਹਿੰਦੂ ਰਾਸ਼ਟਰ ਦੇ ਵਿਰੋਧੀ ਹਨ। ਹਿੰਦੂ ਰਾਸ਼ਟਰ ਦੇ ਵਿਰੋਧੀ ਗੁਰਦੁਆਰੇ ਤੇ ਮਸਜਿਦਾਂ ਢਾਹ ਕੇ ਉਥੇ ਰਾਮ-ਕ੍ਰਿਸ਼ਨ ਦੇ ਮੰਦਰ ਬਣਨੇ ਹਨ। ਮਸਜਿਦ ਨੂੰ ਸਿਜਦਾ ਕਰਨ ਵਾਲੇ ਮਲੇਛ ਅੱਤਵਾਦੀ ਹੁਨ ਅਤੇ ਗੁਰਦੁਆਰੇ ਜਾਣ ਵਾਲੇ ਅੱਤਵਾਦੀ ਤੇ ਵੱਖਵਾਦੀ ਹਨ। ਮਲੇਛਾਂ ਤੇ ਅੱਤਵਾਦੀਆਂ ਦਾ ਸਫ਼ਾਇਆ ਕਰਨਾ ਹਿੰਦੂ ਰਾਸ਼ਟਰ ਦਾ ਧਰਮ ਹੈ। ਕੋਈ ਸਮਝੇ ਜਾਂ ਨਾ ਸਮਝੇ, ਮਨੂ ਸਰਕਾਰ ਨੇ ਆਪਣਾ ਪ੍ਰੋਗਰਾਮ ਜਾਰੀ ਰੱਖਿਆ ਹੋਇਆ ਹੈ ਅਤੇ ਉਤਨਾ ਚਿਰ ਜਾਰੀ

ਰੱਖੇਗੀ, ਜਦ ਤਕ ਕਿ ਉਹ ਸਿੱਖਾਂ ਤੇ ਮੁਸਲਮਾਨਾਂ ਨੂੰ ਮੁੜ ਹਿੰਦੂ ਨਹੀਂ ਬਣਾ ਲੈਂਦੀ। ਇਹ ਹੈ ਬ੍ਰਾਹਮਣਵਾਦ ਦਾ ਸੰਦੇਸ਼। ਕੀ ਕਦੀ ਸਿੱਖ ਲੀਡਰ ਇਸ ਸੱਚ ਨੂੰ ਜਾਨਣ ਦੀ ਕੋਸ਼ਿਸ਼ ਕਰਨਗੇ?

ਅੱਜ ਹਿੰਦੂਤਵੀਆਂ ਦੀਆਂ ਨਜ਼ਰਾਂ ਵਿੱਚ ਸਿੱਖ, ਮੁਸਲਮਾਨ, ਈਸਾਈ ਤੇ ਦਲਿਤ ਇੰਜ ਹਨ, ਜਿਵੇਂ ਹਿਟਲਰ ਸਾਹਮਣੇ ਯਹੂਦੀ ਸਨ। ਇਸ ਦੀ ਅਸਲੀ ਮੂਲ ਚਾਲਕ ਸ਼ਕਤੀ ਆਰ.ਐਸ.ਐਸ. ਹੈ, ਜਿਹੜੀ ਕਿ ਅੱਜ ਦੇ ਭਾਰਤ ਦੀ ਸਭ ਤੋਂ ਵੱਡੀ ਤੇ ਖ਼ਤਰਨਾਕ ਫ਼ਾਸ਼ੀ ਤਾਕਤ ਹੈ। ਨਾਜ਼ੀ ਹਿਟਲਰ ਵਾਂਗ ਇਹ ਮਨੂਵਾਦੀ ਫ਼ਾਸ਼ੀਵਾਦ 'ਹਿੰਦੂ ਆਰੀਆ ਨਸਲ' ਨੂੰ ਹੀ ਕੇਵਲ ਰਾਜ ਕਰ ਸਕਣ ਦੇ ਯੋਗ ਸਮਝਦਾ ਹੈ ਅਤੇ ਪਵਿੱਤਰ ਮਨੂਵਾਦੀ ਹਿੰਦੂ ਰਾਸ਼ਟਰ ਸਥਾਪਤ ਕਰਨਾ ਚਾਹੁੰਦਾ ਹੈ। ਫ਼ਾਸ਼ੀਵਾਦੀ ਆਰ.ਐਸ.ਐਸ. ਦੇ ਸੰਚਾਲਕ ਗੋਲਵਾਲਕਰ, ਜਿਸ ਨੂੰ ਇਹ ਗੁਰੂ ਜੀ ਕਹਿੰਦੇ ਹਨ, ਨੇ ਆਪਣੀ ਪੁਸਤਕ 'ਬੰਚ ਆਫ਼ ਥਾਟਸ' ਵਿੱਚ ਸਾਫ਼ ਲਿਖਿਆ ਹੈ -ਹਿੰਦੂ ਹੀ ਇਸ ਦੇਸ਼ ਦੇ ਅਸਲੀ ਵਸਨੀਕ ਹਨ। ਜਿਹੜੇ ਹਿੰਦੂ ਨਹੀਂ ਹਨ, ਉਹਨਾਂ ਨੂੰ ਹਿੰਦੂਆਂ ਦੇ ਬਰਾਬਰ ਅਧਿਕਾਰ ਨਹੀਂ ਦਿੱਤੇ ਜਾ ਸਕਦੇ। ਭਾਰਤੀ ਲੋਕਤੰਤਰ ਅਤੇ ਭਾਰਤੀ ਸੰਵਿਧਾਨ ਦੀਆਂ ਬੁਨਿਆਦਾਂ ਸੈਕੂਲਰਇਜ਼ਮ ਦੇ ਆਧਾਰ 'ਤੇ ਰੱਖੀਆਂ ਗਈਆਂ ਹਨ (ਹੈਨ ਭਾਵੇਂ ਉਹ ਕੇਵਲ ਕਾਗਜ਼ਾਂ 'ਤੇ ਹੀ। -ਲੇਖਕ) ਅਤੇ ਇਸ ਵਿੱਚ ਚੋਰ, ਡਾਕੂਆਂ ਤੇ ਹਮਲਾਵਰਾਂ ਨੂੰ ਬਿਨਾਂ ਸੋਚੇ ਸਮਝੇ ਭਾਰਤ ਦੇ ਸਪੂਤਾਂ ਦੇ ਬਰਾਬਰ ਦਰਜਾ ਦਿੱਤਾ ਗਿਆ ਹੈ।"

ਆਰ.ਐਸ.ਐਸ. ਅਤੇ ਹਿਟਲਰ ਦੀ ਬੜੀ ਡੂੰਘੀ ਸਾਂਝ ਹੈ। ਇਹ ਹਿਟਲਰ ਦੇ ਬੜੇ ਪ੍ਰਸੰਸਕ ਹਨ। ਹਿੰਦੂ ਆਪਣੇ ਮੰਦਰਾਂ 'ਚ ਜਿਸ ਸਵਾਸਤਿਕਾ ਦੀ ਪੂਜਾ ਕਰਦੇ ਹਨ, ਉਹ ਸਵਾਸਤਿਕਾ ਦਾ ਚਿੰਨ ਹਿਟਲਰ ਸਮੇਂ ਉਸ ਦੀ ਸਰਕਾਰ ਦਾ ਸਰਕਾਰੀ ਚਿੰਨ੍ਹ ਸੀ। ਹਿਟਲਰ ਨੇ ਇਹ ਚਿੰਨ੍ਹ ਬ੍ਰਾਹਮਣਵਾਦੀ ਫਲਸਫੇ ਤੋਂ ਹੀ ਲਿਆ ਸੀ। ਹਿਟਲਰ ਨੇ ਬ੍ਰਾਹਮਣ ਫਲਸਫੇ ਦੀ ਨਕਲ ਕੀਤੀ ਸੀ। ਜਿਵੇਂ ਹਿਟਲਰ ਨੇ ਉਦੋਂ ਆਰੀਆ ਨਸਲ ਭਾਵ ਜਰਮਨੀ ਨੂੰ ਸ਼ੁਧ ਤੇ ਉਤਮ ਨਸਲ ਬਣਾਉਣ ਲਈ ਲੱਖਾਂ ਯਹੂਦੀਆਂ ਨੂੰ ਮਾਰ ਕੇ ਉਨ੍ਹਾਂ ਦੀ ਨਸਲਘਾਤ ਕੀਤੀ ਸੀ, ਉਵੇਂ ਹੀ ਭਾਰਤੀ ਹਿੰਦੂਤਵੀ ਸ਼ਕਤੀਆਂ ਭਾਰਤ ਨੂੰ ਸਿਰਫ ਹਿੰਦੂ, ਹਿੰਦੀ, ਹਿੰਦੁਸਤਾਨ ਦਾ ਭਾਵ ਇਕ ਹਿੰਦੂ ਧਰਮ, ਇਕ ਹਿੰਦੂ ਸਭਿਆਚਾਰ ਅਤੇ ਇਕ ਹਿੰਦੂ ਕੌਮ ਦਾ ਰਾਸ਼ਟਰ ਬਣਾਉਣ ਲਈ ਸਿੱਖਾਂ, ਮੁਸਲਮਾਨਾਂ, ਈਸਾਈਆ ਅਤੇ ਦਲਿਤਾਂ ਆਦਿ ਦੀ ਨਸਲਘਾਤ ਕਰਨ 'ਤੇ ਤੁਲੀਆਂ ਹੋਈਆਂ ਹਨ। ਅੱਜ ਬ੍ਰਾਹਮਣ ਹਿਟਲਰ ਦੇ ਨਕਸ਼ੇ ਕਦਮ ਤੇ ਚਲ ਰਿਹਾ ਹੈ। ਹਾਲ ਇਸ ਦਾ ਵੀ ਉਹੋ ਹੋਣਾ ਹੈ, ਜੋ

ਹਿਟਲਰ ਦਾ ਹੋਇਆ ਸੀ।

ਇਥੇ ਇਹ ਗੱਲ ਨੋਟ ਕਰਨ ਵਾਲੀ ਹੈ ਕਿ ਯੋਰਪੀਨ ਮੁਲਕਾਂ 'ਚ ਅਤੇ ਅਮਰੀਕਾ 'ਚ 'ਸਵਾਸਤਿਕਾ' ਦੇ ਛਾਪਣ ਜਾਂ ਲਿਖਣ ਵਾਲੇ ਨੂੰ ਜੇਲ੍ਹ ਯਾਤਰਾ ਕਰਨੀ ਪੈਂਦੀ ਹੈ। ਪਰ ਭਾਰਤੀ ਹਿੰਦੂਤਵੀਆਂ ਨੂੰ ਕੋਈ ਪੁੱਛਣ ਵਾਲਾ ਨਹੀਂ। ਭਾਰਤ ਦਾ ਪ੍ਰਧਾਨ ਮੰਤਰੀ ਅਟੱਲ ਬਿਹਾਰੀ ਵਾਜਪਾਈ ਅਤੇ ਉਪ ਪ੍ਰਧਾਨ ਮੰਤਰੀ ਅਡਵਾਨੀ ਅਤੇ ਹੋਰ ਬਹੁਤ ਸਾਰੇ ਮੰਤਰੀ ਨਾਜ਼ੀ ਆਰ.ਐਸ.ਐਸ. ਦੇ ਮੈਂਬਰ ਹਨ।

ਆਰ.ਐਸ.ਐਸ. ਨਾਜ਼ੀ ਹਿਟਲਰ ਨਾਲੋਂ ਵੀ ਜ਼ਿਆਦਾ ਖ਼ਤਰਨਾਕ ਹੈ। ਇਸ ਦੀ ਚਾਣਕੀਆ ਨੀਤੀ ਨਾਜ਼ੀ ਹਿਟਲਰ ਦੀ ਨੀਤੀ ਨਾਲੋਂ ਇੱਕ ਕਦਮ ਅਗਾਂਹ ਨੂੰ ਜਾਂਦੀ ਹੈ। ਹਿਟਲਰ ਜਿੱਥੇ ਦੂਜੀਆਂ ਕੌਮਾਂ ਨੂੰ ਗ਼ੁਲਾਮ ਬਣਾ ਕੇ ਉਹਨਾਂ ਨੂੰ ਦੂਜੇ ਦਰਜੇ ਦਾ ਸ਼ਹਿਰੀ ਬਣਾਈ ਰਖੱਣਾ ਚਾਹੁੰਦਾ ਸੀ, ਉਥੇ ਬ੍ਰਾਹਮਣਵਾਦ ਗ਼ੁਲਾਮ ਬਣਾ ਕੇ, ਨਾ ਕੇਵਲ ਚੌਥੇ ਦਰਜੇ ਦਾ ਸ਼ਹਿਰੀ ਬਣਾਈ ਰੱਖਣਾ ਚਾਹੁੰਦਾ ਹੈ, ਸਗੋਂ ਆਪਣੀਆਂ ਗ਼ੁਲਾਮ ਕੌਮਾਂ ਦਾ ਧਰਮ ਵੀ ਬਦਲ ਦੇਣਾ ਚਾਹੁੰਦਾ ਹੈ, ਤਾਂ ਜੋ ਉਹ ਚੌਥੇ ਦਰਜੇ ਦੇ ਸ਼ਹਿਰੀ (ਸ਼ੂਦਰ) ਬਣ ਕੇ ਇਸ ਦੀ ਸੇਵ੦ਾ ਕਰਨੀ ਆਪਣਾ ਧਰਮ ਸਮਝਣ ਅਤੇ ਇਸ ਦਾ ਬਚਿਆ-ਖੁਚਿਆ ਖਾ ਕੇ ਦਿਲੋਂ ਇਸ ਦੀ ਚਾਕਰੀ ਕਰਨ।

ਇਸੇ ਆਸ਼ੇ ਅਧੀਨ ਬ੍ਰਾਹਮਣਵਾਦ ਸਿੱਖਾਂ ਦਾ ਧਰਮ ਵੀ ਬਦਲਣਾ ਚਾਹੁੰਦਾ ਹੈ ਅਤੇ ਗ਼ੁਲਾਮ ਵੀ ਬਣਾਈ ਰੱਖਣਾ ਚਾਹੁੰਦਾ ਹੈ, ਤਾਂ ਜੋ ਗ਼ੁਲਾਮ ਸਿੱਖ ਆਪਣੇ ਮਾਲਕਾਂ ਲਈ ਜ਼ਮੀਨਾਂ ਵਾਹੁੰਦੇ ਰਹਿਣ, ਅਨਾਜ ਪੈਦਾ ਕਰਦੇ ਰਹਿਣ, ਆਪਣੇ ਹੱਡ ਭੰਨਦੇ ਰਹਿਣ, ਲਾਲਿਆਂ ਦਾ ਭਾਰ ਢੋਂਹਦੇ ਰਹਿਣ, ਸਰਹੱਦਾਂ ਦੀ ਰਾਖੀ ਕਰਦੇ ਰਹਿਣ, ਹਮੇਸ਼ਾ ਕਰਜ਼ਾਈ ਬਣੇ ਰਹਿਣ ਅਤੇ ਬਾਣੀਏ ਦੀ ਮੁਨਾਫ਼ੇ ਦੀ ਚੱਕੀ ਦੇ ਗਾਲੇ ਬਣੇ ਰਹਿਣ। ਇਸ ਆਸ਼ੇ ਦੀ ਪੂਰਤੀ ਲਈ, ਦੂਜੀਆਂ ਕੌਮਾਂ ਨੂੰ ਮਿਟਾ ਕੇ ਬ੍ਰਾਹਮਣਵਾਦ ਭਾਰਤੀ ਉਪ ਮਹਾਂਦੀਪ ਦਾ ਸਮਰਾਟ ਬਣਨ ਦੇ ਸੁਪਨੇ ਲੈ ਰਿਹਾ ਹੈ ਜਿਵੇਂ ਕਦੀ ਹਿਟਲਰ ਨੇ ਸਾਰੀ ਦੁਨੀਆ 'ਤੇ ਰਾਜ ਕਰਨ ਦੇ ਸੁਪਨੇ ਲਏ ਸਨ। ਹਾਲ ਇਸ ਦਾ ਵੀ ਉਹੋ ਹੋਣਾ ਹੈ ਜੋ ਹਿਟਲਰ ਦਾ ਹੋਇਆ ਸੀ। ਇਸ ਦੇ ਸੁਪਨੇ ਵੀ ਨਾਜ਼ੀ ਹਿਟਲਰ ਵਾਂਗ ਚਕਨਾ-ਚੂਰ ਹੋ ਕੇ ਰਹਿਣੇ ਹਨ।

ਹਿੰਦੂਤਵੀਏ ਪਾਕਿਸਤਾਨ ਨੂੰ ਜਲਦੀ ਤੋਂ ਜਲਦੀ ਭਾਰਤ 'ਚ ਮਿਲਾਉਣ ਲਈ ਉਤਾਵਲੇ ਹਨ ਅਤੇ ਇਸ ਆਸ਼ੇ ਦੀ ਪੂਰਤੀ ਲਈ ਇਸ ਨੂੰ ਹਰ ਢੰਗ ਨਾਲ ਉਛਾਲਦੇ ਆ ਰਹੇ ਹਨ। ਸਿੱਟੇ ਵਜੋਂ ਆਮ ਮਨੁੱਖ ਵੀ ਫੈਸਲਾਕੁੰਨ ਜੰਗ ਰਾਹੀਂ ਪਾਕਿਸਤਾਨ ਨੂੰ ਕੁਚਲ ਕੇ ਰੱਖ

ਦੇਣ ਲਈ ਉਤਾਵਲਾ ਹੈ। ਇਕ ਹੋਰ ਮੰਦਭਾਗੀ ਗੱਲ ਇਹ ਹੈ ਕਿ ਇਹ ਨਫਰਤ ਸਿਰਫ ਹਿੰਦੂ ਵਰਗ ਤਕ ਹੀ ਸੀਮਤ ਨਹੀ ਸਗੋਂ ਸਿੱਖ ਕੌਮ ਦੇ ਵੱਡੇ ਹਿੱਸੇ 'ਚ ਵੀ ਇਹ ਜ਼ਹਿਰੀਲਾ ਅਸਰ ਕਬੂਲਿਆ ਜਾ ਚੁੱਕਾ ਹੈ। ਸਿੱਖ ਕੌਮ ਅੰਦਰ ਇਹ ਵਕਤੀ ਜ਼ਹਿਰ ਨਹੀਂ ਭਰਿਆ ਜਾ ਰਿਹਾ ਸਗੋਂ ਮੁਸਲਮਾਨਾਂ ਵਿਰੁੱਧ ਸਿੱਖਾਂ ਨੂੰ ਵਰਤਣ ਦਾ ਪੂਰਾ ਯੋਜਨਾ ਬੱਧ ਇਤਿਹਾਸ ਮੌਜੂਦ ਹੈ। ਇਸ ਪਿੱਛੇ ਕੰਮ ਕਰ ਰਹੀ ਸੋਚ ਨੂੰ ਸਮਝੇ ਬਿਨਾਂ ਇਸ ਦੀ ਗੰਭੀਰਤਾ ਦਾ ਥਾਹ ਪਾਉਣਾ ਅਸੰਭਵ ਹੈ।

ਪਾਕਿਸਤਾਨ ਦੇ ਸਾਬਕਾ ਪ੍ਰਧਾਨ ਅਯੂਬ ਖਾਂ ਨੇ ਆਪਣੀ ਪੁਸਤਕ 'ਦੋਸਤ ਪਰ ਮਾਲਕ ਨਹੀਂ' 'ਚ ਦੋਹਾਂ ਦੇਸ਼ਾਂ ਵਿਚਕਾਰ ਮਤਭੇਦਾਂ ਦਾ ਜ਼ਿਕਰ ਕਰਦਿਆਂ ਲਿਖਿਆ ਹੈ ਕਿ ਭਾਰਤ ਦੀ ਪਾਕਿਸਤਾਨ ਨੂੰ ਆਪਣੇ 'ਚ ਜਜ਼ਬ ਕਰ ਲੈਣ ਜਾਂ ਉਸ ਨੂੰ ਇਕ ਉਪਗ੍ਰਹਿ 'ਚ ਬਦਲ ਦੇਣ ਦੀ ਖਾਹਿਸ਼ ਹੈ। ਭਾਰਤੀ ਲੀਡਰਾਂ ਵਲੋਂ ਇਸ ਚਾਲ ਸਬੰਧੀ ਕੋਈ ਲੁਕੀ ਹੋਈ ਗੱਲ। ਭਾਰਤ ਦੇ ਪਹਿਲੇ ਗ੍ਰਹਿ ਮੰਤਰੀ, ਕੱਟੜ ਹਿੰਦੂਤਵੀ ਵਿਚਾਰਧਾਰਾ ਦਾ ਧਾਰਨੀ ਅਤੇ ਕਾਂਗਰਸ ਪਾਰਟੀ ਦੇ ਮਜ਼ਬੂਤ ਆਗੂ ਸਰਦਾਰ ਪਟੇਲ ਨੇ ਉਦੋਂ ਹੀ ਐਲਾਨ ਕੀਤਾ ਸੀ ਕਿ ਛੇਤੀ ਜਾਂ ਦੇਰ ਨਾਲ ਅਸੀਂ ਆਪਣੇ ਦੇਸ਼ ਪ੍ਰਤੀ ਸਾਂਝੀ ਸਮਰਪਣਾ ਨਾਲ ਇਕੱਠੇ ਹੋ ਜਾਂਵਾਂਗੇ।

ਹਿੰਦੂ ਪਸਾਰਵਾਦੀ ਹਾਕਮਾਂ ਵਲੋਂ ਦੱਖਣੀ ਏਸ਼ੀਆਈ ਖਿੱਤੇ ਅੰਦਰ ਇਕ ਮਹਾਨ ਸ਼ਕਤੀ ਵਜੋਂ ਉਭਰਨ ਦੀ ਲਾਲਸਾ ਗੁਆਂਢੀ ਦੇਸ਼ਾਂ ਨਾਲ ਆਮ ਕਰਕੇ ਅਤੇ ਪਾਕਿਸਤਾਨ ਨਾਲ ਖਾਸ ਕਰਕੇ ਦੁਸ਼ਮਣੀ ਤੇ ਟਕਰਾਓ ਦੇ ਰਾਹ ਵੱਲ ਧੱਕ ਰਹੀ ਹੈ। ਭਾਰਤ ਤੇ ਪਾਕਿਸਤਾਨ ਵਿਚਕਾਰ ਨਿਰੰਤਰ ਬਣਿਆ ਆ ਰਿਹਾ ਤਣਾਉ ਸਮੁੱਚੇ ਉਪ-ਮਹਾਂਦੀਪ ਲਈ ਘਾਤਕ ਸਾਬਤ ਹੋ ਸਕਦਾ ਹੈ। ਅਜ਼ਾਦੀ ਦੇ ਪਹਿਲੇ ਦਿਨ ਤੋਂ ਹੀ ਪਾਕਿਸਤਾਨ ਆਪਣੀ ਹੋਂਦ ਅਤੇ ਬਚਾਓ ਲਈ ਸਖਤ ਤੇ ਲੰਮੀ ਜਦੋਜਹਿਦ 'ਚ ਉਲਝਿਆ ਹੋਇਆ ਹੈ। ਪਿਛਲੇ ਕੁਝ ਸਮੇਂ ਤੋਂ ਦੋਹਾਂ ਦੇਸ਼ਾਂ ਦੀਆਂ ਫੌਜਾਂ ਨੇ ਇਕ ਦੂਜੇ ਵਿਰੁੱਧ ਸ਼ਿਸਤਾਂ ਸੇਧੀ ਰੱਖੀਆਂ ਅਤੇ ਦੋਵੇਂ ਇਕ ਦੂਜੇ ਵਿਰੁੱਧ ਵਿਹੁਲੇ ਪ੍ਰਚਾਰ ਨਾਲ ਲੋਕਾਂ ਦੇ ਮਨਾਂ ਅੰਦਰ ਨਫਰਤ ਤੇ ਦੁਸ਼ਮਣੀ ਭਰਦੇ ਆ ਰਹੇ ਹਨ। ਹੁਣ ਭਾਵੇਂ ਅਮਰੀਕਾ ਦੇ ਦਬਾਅ ਕਾਰਨ ਭਾਰਤ ਨੇ ਹਾਲ ਦੀ ਘੜੀ ਪੈਂਤੜਾ ਬਦਲ ਲਿਆ ਹੈ ਪਰੰਤੂ ਫਾਸ਼ੀ ਪਸਾਰਵਾਦੀ ਇਰਾਦੇ ਨਹੀਂ ਬਦਲੇ।

ਬੀ.ਜੇ.ਪੀ.ਦਾ ਮੈਨੀਫੈਸਟੋ (1997) ਫਾਸ਼ੀਵਾਦੀ ਹੈ, ਜਿਸ ਨੂੰ ਇਸ ਦੇ ਜਨਰਲ ਸਕੱਤਰ ਰਾਜੂ ਭਈਆ ਨੇ ਤਿਆਰ ਕੀਤਾ ਅਤੇ ਜੋ ਹਿਟਲਰ ਦੇ ਮੈਨੀਫੈਸਟੋ ਨਾਲ ਮੇਲ ਖਾਂਦਾ ਹੈ। ਜਿਸ ਨਾਲ ਹਿਟਲਰ ਦੀ

ਯਾਦ ਤਾਜ਼ਾ ਹੋ ਉਠਦੀ ਹੈ। ਹਿਟਲਰ ਨੇ ਵੀ ਆਪਣੀ ਕਿਤਾਬ 'ਮੀਨ ਕੈਂਪਫ' 'ਚ ਇਕ ਕੌਮ, ਇਕ ਸਭਿਆਚਾਰ, ਇਕ ਦੇਸ਼ ਅਤੇ ਇਕ ਲੋਕ ਦਾ ਨਾਅਰਾ ਦਿੱਤਾ ਸੀ ਅਤੇ ਬੀ.ਜੇ.ਪੀ. ਦੇ ਮੈਨੀਫੈਸਟੋ 'ਚ ਵੀ ਹਿੰਦੂ ਰਾਸ਼ਟਰ ਨੂੰ ਮਜ਼ਬੂਤੀ ਨਾਲ ਅਤੇ ਸ਼ਰ੍ਹੇ ਆਮ ਲਾਗੂ ਕਰਨ ਦਾ ਸੰਕਲਪ ਪੇਸ਼ ਕੀਤਾ ਹੈ।

ਆਰ.ਐਸ.ਐਸ. ਅੱਜ ਐਨ ਉਸੇ ਪਗਡੰਡੀ 'ਤੇ ਚੱਲ ਰਹੀ ਹੈ ਜਿਸ 'ਤੇ ਕਦੀ ਔਰੰਗਜ਼ੇਬ ਤੇ ਹਿਟਲਰ ਚਲੇ ਸਨ। ਔਰੰਗਜ਼ੇਬ ਵੀ ਕਾਫਰਾਂ (ਗ਼ੈਰ-ਮੁਸਲਮਾਨਾਂ) ਨੂੰ ਮੁਸਲਮਾਣ ਬਣਾ ਕੇ ਸਾਰੇ ਹਿੰਦੁਸਤਾਨ ਨੂੰ ਇਕ ਦੀਨ ਵਿੱਚ ਲਿਆਉਣਾ ਚਾਹੁੰਦਾ ਸੀ ਤਾਂ ਜੋ ਉਥੇ ਕੋਈ ਕਾਫਰ ਬਾਕੀ ਨਾ ਰਹਿ ਜਾਏ। ਹਿਟਲਰ ਵੀ ਸਾਰੀ ਦੁਨੀਆ 'ਤੇ ਆਰੀਆ ਨਸਲ ਦਾ ਰਾਜ ਕਾਇਮ ਕਰਨ ਦੇ ਸੁਪਨੇ ਨੂੰ ਪੂਰਾ ਕਰਨ ਲਈ ਯਹੂਦੀ ਨਸਲ ਦਾ ਖਾਤਮਾ ਕਰਨਾ ਚਾਹੁੰਦਾ ਸੀ। ਉਸ ਦਾ ਵਿਸ਼ਵਾਸ ਸੀ ਕਿ ਜਰਮਨ ਉਚ ਨਸਲ ਹੈ ਅਤੇ ਬਾਕੀ ਦੀਆਂ ਨਸਲਾਂ ਘੱਟੀਆਂ ਹਨ। ਸਾਰੀ ਦੁਨੀਆ 'ਤੇ ਜਰਮਨ ਰਾਜ ਕਾਇਮ ਕਰਨਾ ਲੋਚਦਾ ਸੀ।

ਆਰ.ਐਸ.ਐਸ. ਦਾ ਵੀ ਇਹੀ ਨਿਸ਼ਾਨਾ ਹੈ ਕਿ ਹਿੰਦੁਸਤਾਨ ਦੇ ਸਾਰੇ ਵਾਸੀ ਹਿੰਦੂ ਬਣ ਜਾਣ। ਹਿਟਲਰ ਨੇ ਵੀ ਡੈਮੋਕਰੈਟਿਕ ਢੰਗ ਨਾਲ ਰਾਜ ਹੱਥਿਆਇਆ ਸੀ ਅਤੇ ਆਰ.ਐਸ.ਐਸ. ਨੇ ਵੀ। ਹਿਟਲਰ ਦਾ ਵੀ ਡੈਮੋਕਰੈਸੀ ਵਿੱਚ ਕੋਈ ਵਿਸ਼ਵਾਸ ਨਹੀ ਸੀ ਤੇ ਆਰ.ਐਸ.ਐਸ. ਦਾ ਵੀ ਨਹੀਂ। ਔਰੰਗਜ਼ੇਬ ਵੀ ਇਕ ਧਰਮੀ ਏਕਤਾ ਚਾਹੁੰਦਾ ਸੀ ਅਤੇ ਆਰ.ਐਸ.ਐਸ. ਵੀ। ਔਰੰਗਜ਼ੇਬ ਇਕ ਧਰਮੀ ਏਕਤਾ ਪ੍ਰਾਪਤ ਕਰਦਾ-ਕਰਦਾ ਆਪਣਾ ਰਾਜ ਵੀ ਗੁਆ ਬੈਠਾ ਸੀ। ਜਿਵੇਂ ਔਰੰਗਜ਼ੇਬ ਨੇ ਆਪਣਾ ਰਾਜਭਾਗ ਗਵਾ ਲਿਆ ਸੀ, ਇਵੇਂ ਹੀ ਆਰ.ਐਸ.ਐਸ. ਨੇ ਵੀ ਗਵਾ ਲੈਣਾ ਹੈ। ਹਿਟਲਰ ਦਾ ਨਿਸ਼ਾਨ ਵੀ ਸਵਾਸਤਿਕਾ ਹੀ ਸੀ। ਸਾਰੀ ਦੁਨੀਆ 'ਤੇ ਜਰਮਨ ਰਾਜ ਕਾਇਮ ਕਰਦਾ-ਕਰਦਾ ਹਿਟਲਰ ਆਪਣੀ ਕੌਮ ਦੀ ਵੀ ਤਬਾਹੀ ਕਰ ਗਿਆ ਅਤੇ ਯਹੂਦੀ ਕੌਮ ਨੂੰ ਖਤਮ ਕਰ ਦੇਣ ਦੇ ਸੁਪਨੇ ਲੈਂਦਾ-ਲੈਂਦਾ ਇਤਿਹਾਸ ਵਿੱਚ ਪਹਿਲੇ ਯਹੂਦੀ ਰਾਜ ਦੀ ਕਾਇਮੀ ਦਾ ਕਾਰਨ ਵੀ ਬਣਿਆ।

ਹੋਇ ਸਹਾਈ ਜਿਸ ਤੂੰ ਰਾਖਹਿ ਤਿਸੁ ਕਹਾ ਕਰੇ ਸੰਸਾਰਾ॥
(ਪੰ: ੫੦੦ ਗੂਜਰੀ ਮ: ੫)

ਸਿੱਖ ਨਸਲਘਾਤ ਦੇ ਮਸਲੇ 'ਤੇ ਸਭ ਪਾਰਟੀਆਂ ਇਕਮਤ

ਹਿੰਦੂ ਲੀਡਰਸ਼ਿਪ ਜਿੱਥੇ ਬੜੀ ਚਾਤੁਰ, ਚਾਣਕੀਆ ਨੀਤੀ 'ਚ ਨਿਪੁੰਨ ਅਤੇ ਚੰਗੀ ਪੜ੍ਹੀ ਲਿਖੀ ਰਹੀ, ਉਥੇ ਸਿੱਖ ਲੀਡਰਸ਼ਿਪ ਸਿਆਸਤ ਪੱਖੋ ਬਿਲਕੁਲ ਕੋਰੀ ਅਤੇ ਵਿਦਵਤਾ ਪਖੋਂ ਅਨਪੜ੍ਹ ਜਾਂ ਅੱਧਪੜ੍ਹ ਹੀ ਰਹੀ। ਹਿੰਦੂ ਲੀਡਰ ਸਿੱਖਾਂ ਨੂੰ ਇਕ ਹਿੰਦੂ ਦੁਸ਼ਮਣ ਦੇ ਤੌਰ ਤੇ ਸਮਝ ਕੇ ਸਿੱਖ ਨਸਲਘਾਤ ਦੇ ਪਲਾਨ ਨੂੰ ਸਿਰੇ ਚਾੜ੍ਹਦੇ ਆ ਰਹੇ ਹਨ। ਹਰ ਹਿੰਦੂ ਲੀਡਰ ਭਾਵੇਂ ਉਹ ਕਿਸੇ ਵੀ ਪਾਰਟੀ ਦਾ ਹੋਵੇ, ਸਿੱਖਾਂ ਨੂੰ ਹਰ ਖੇਤਰ 'ਚ ਤਬਾਹ ਕਰਨਾ ਆਪਣਾ ਧਾਰਮਿਕ ਫ਼ਰਜ਼ ਸਮਝ ਕੇ ਕੰਮ ਕਰਦਾ ਰਿਹਾ ਹੈ। ਇਸ ਦੇ ਮੁਕਾਬਲੇ 'ਤੇ ਸਿੱਖ ਲੀਡਰ ਵਕਤ ਦੇ ਹਿੰਦੂ ਲੀਡਰਾਂ ਨੂੰ ਵਿਅਕਤੀਗਤ ਤੌਰ ਤੇ ਚੰਗੇ ਜਾਂ ਮਾੜੇ ਸਮਝਦੇ ਆ ਰਹੇ ਹਨ ਨਾ ਕਿ ਇਕ ਬ੍ਰਾਹਮਣਵਾਦੀ ਸੋਚ ਦੇ ਪੱਖੋਂ।

ਸਿੱਖ ਦੁਸ਼ਮਣੀ ਦਾ ਆਧਾਰ ਭਾਰਤ ਦੇ ਕਿਸੇ ਇਕ ਰਾਜਸੀ ਦਲ ਜਾਂ ਪਾਰਟੀ ਦੀ ਨੀਤੀ ਨਹੀਂ ਹੈ। ਸਿੱਖ ਨਸਲਘਾਤ ਕਰਕੇ ਸਿੱਖਾਂ ਨੂੰ ਹਿੰਦੂਆਂ ਅੰਦਰ ਜਜ਼ਬ ਕਰ ਲੈਣ ਦੀ ਨੀਤੀ ਤਾਂ ਸਮੁੱਚੇ ਹਿੰਦੂ ਜਗਤ ਦੀ ਨੀਤੀ ਹੈ। ਘੱਟ ਗਿਣਤੀਆਂ ਨੂੰ ਖਤਮ ਕਰਨ ਦੇ ਮਸਲੇ 'ਤੇ ਇਹ ਸਭ ਇਕ ਹਨ। ਕੇਂਦਰ 'ਚ ਜਦ ਜਨਤਾ ਹਕੂਮਤ ਬਣੀ ਤਾਂ ਸਿੱਖ ਨਸਲਘਾਤ ਦੇ ਮਸਲੇ 'ਤੇ ਉਹ ਕਾਂਗਰਸ ਨਾਲੋਂ ਦੋ ਰੱਤੀਆਂ ਵੱਧ ਹੀ ਸੀ, ਘੱਟ ਨਹੀਂ। ਕਾਂਗਰਸ ਨੇ ਅਕਾਲ ਤਖਤ ਸਾਹਿਬ ਢਾਹਿਆ, ਜਨਸੰਘੀਆਂ ਜਸ਼ਨ ਮਨਾਏ ਅਤੇ ਕਿਹਾ ਕਿ ਇਹ ਕੰਮ ਤਾਂ ਬਹੁਤ ਚਿਰ ਪਹਿਲਾਂ ਹੋਣਾ ਚਾਹੀਦਾ ਸੀ।

ਘੱਟ ਗਿਣਤੀਆਂ ਦੇ ਮਸਲੇ 'ਤੇ ਸਮੁੱਚੇ ਹਿੰਦੂ ਵਰਗ ਦੀ ਸੋਚ ਇਕ ਹੈ। ਇਸ ਦੀ ਕਿਸੇ ਵੀ ਪਾਰਟੀ ਦੀ ਬਣੀ ਸਰਕਾਰ ਤੋਂ ਸਿੱਖ ਭਲੇ ਦੀ ਆਸ ਨਹੀਂ ਕੀਤੀ ਜਾ ਸਕਦੀ। ਪਿਛਲੇ ਤਿੰਨ ਦਹਾਕਿਆਂ ਅੰਦਰ ਵੱਖ-ਵੱਖ ਬਣੀਆਂ ਸਰਕਾਰਾਂ ਵਲੋਂ ਲਾਗੂ ਕੀਤੀਆਂ ਗਈਆਂ ਨੀਤੀਆਂ ਇਸ ਗੱਲ ਦੀ ਪੁਸ਼ਟੀ ਕਰਦੀਆਂ ਹਨ। ਸਿੱਖ ਦੁਸ਼ਮਣ ਵਾਜਪਾਈ ਤੇ ਡਿਸਾਈ ਦੀ ਤਾਂ ਗੱਲ ਹੀ ਛੱਡੋ, ਵੀ. ਪੀ. ਸਿੰਘ ਵਰਗਾ ਨੇਕ ਦਿਲ, ਜਿਸ ਨੇ ਇਲੈਕਸ਼ਨਾਂ ਦੌਰਾਨ ਮੁਸਲਮਾਨਾਂ ਨਾਲ ਲਿਖਤੀ ਖੁਫੀਆ ਇਕਰਾਰਨਾਮਾ ਵੀ ਕੀਤਾ ਸੀ, ਚੰਦਰ ਸ਼ੇਖਰ ਵਰਗਾ 'ਅਖੌਤੀ ਸਿੱਖ ਹਿਤੈਸ਼ੀ', ਦੇਵਗੌੜਾ ਵਰਗਾ ਉਦਾਰ ਦਿਲ ਅਤੇ ਆਪਣੇ ਆਪ ਨੂੰ ਪੰਜਾਬੀ ਪੁੱਤਰ ਦੱਸਣ ਵਾਲਾ ਇੰਦਰ ਕੁਮਾਰ ਗੁਜਰਾਲ ਵਰਗਾ, ਕੋਈ ਵੀ ਸਿੱਖ ਕੌਮ ਨੂੰ ਨਸਲਘਾਤ ਦੇ ਵਾਰ ਤੋਂ ਨਾ ਬਚਾ

ਸਕਿਆ।

ਘੱਟ ਗਿਣਤੀਆਂ ਦੇ ਮਸਲੇ 'ਤੇ ਕਾਂਗਰਸ ਦਾ ਵੀ ਐਨ ਇਹੋ ਰੋਲ ਰਿਹਾ ਜੋ ਅੱਜ ਸੰਘ ਪਰਿਵਾਰ ਕਰ ਰਿਹਾ ਹੈ। ਕਾਂਗਰਸ ਵੀ ਘੱਟ ਗਿਣਤੀਆਂ ਨੂੰ ਹੌਲੀ– ਹੌਲੀ ਖਤਮ ਕਰਨ ਦੇ ਏਜੰਡੇ 'ਤੇ ਕੰਮ ਕਰਦੀ ਰਹੀ ਅਤੇ ਜ਼ੁਲਮ ਕਰਦੀ ਰਹੀ। ਪਰ ਇਸ ਨੇ ਜੋ ਕੁਝ ਕੀਤਾ ਚੋਰੀ–ਚੋਰੀ। 'ਹਾਥੀ ਦੇ ਦੰਦ ਵਿਖਾਉਣ ਦੇ ਹੋਰ ਤੇ ਖਾਣ ਦੇ ਹੋਰ' ਦੀ ਚਾਣਕੀਆ ਨੀਤੀ ਵਰਤਦੀ ਰਹੀ। ਕਾਂਗਰਸ ਜੋ ਕੁਝ ਲੁਕਾ ਕੇ, ਢੱਕ ਕੇ, ਚੋਰ ਢੰਗ ਵਰਤਦੀ ਰਹੀ ਸੀ, ਭਾਜਪਾ ਉਹ ਸਭ ਕੁਝ ਹਿੱਕ ਠੋਕ ਕੇ ਤੇ ਫਖਰ ਨਾਲ ਕਰਦੀ ਰਹੀ। ਗੋਆ ਵਿਖੇ ਭਾਜਪਾ ਦੀ ਨੈਸ਼ਨਲ ਐਗਜ਼ੈਕਟਿਵ ਦੀ ਮੀਟਿੰਗ 'ਚ 27 ਭਾਈਵਾਲ ਪਾਰਟੀਆਂ ਦੇ ਗੱਠਜੋੜ ਨਾਲ ਚਲਾ ਰਹੇ ਭਾਰਤੀ ਪ੍ਰਧਾਨ ਮੰਤਰੀ ਨੇ ਮੁਸਲਮਾਨਾਂ ਪ੍ਰਤੀ ਹੇਠ ਲਿਖਿਆ ਫਤਵਾ ਦੇ ਦਿੱਤਾ:

'ਮੁਸਲਮਾਨ ਜਿਥੇ ਵੀ ਰਹਿੰਦੇ ਹਨ, ਉਹ ਟਿਕ ਕੇ ਨਹੀਂ ਰਹਿਣਾ ਚਾਹੁੰਦੇ।'

ਇਹ ਨੁਸਖਾ ਭਾਜਪਾ ਨੇ ਉਸ ਸਮੇਂ ਛਾਤੀ ਤਾਣ ਕੇ ਪੇਸ਼ ਕੀਤਾ ਜਦ ਕਿ ਉਹਨੂੰ ਹਿੰਦੂਤਵੀ ਏਜੰਡੇ ਨੂੰ ਅੱਗੇ ਲਿਜਾਣ ਲਈ ਲੋਕਾਂ ਦੀ ਹਿਮਾਇਤ ਨਹੀਂ। ਇਥੋਂ ਅੰਦਾਜ਼ਾ ਲਗਾ ਲੈਣਾ ਚਾਹੀਦਾ ਹੈ ਕਿ ਸਾਰੀਆਂ ਪਾਰਟੀਆਂ ਹਿੰਦੂਤਵੀ ਏਜੰਡੇ 'ਤੇ ਇਕਮਤ ਹਨ। ਕਿਸੇ ਵੀ ਪਾਰਟੀ ਨੇ ਗੁਜਰਾਤ 'ਚ ਢਾਈ ਹਜ਼ਾਰ ਤੋਂ ਵੱਧ ਮੁਸਲਮਾਨਾਂ ਦੇ ਕਤਲੇਆਮ ਕੀਤੇ ਜਾਣ 'ਤੇ ਆਪਣੀ ਹਿਮਾਇਤ ਵਾਪਸ ਨਹੀਂ ਸੀ ਲਈ। ਹਿੰਦੂ ਹੁਕਮਰਾਨ ਬਹੁਗਿਣਤੀ ਜਿਹੜੇ ਵੀ ਮੁੱਦੇ ਨੂੰ ਹਿੰਦੂ ਵਿਰੋਧੀ ਮੰਨ ਲਵੇ, ਉਹ ਦੇਸ਼ ਵਿਰੋਧੀ ਕਰਾਰ ਦੇ ਦਿੱਤਾ ਜਾਂਦਾ ਹੈ।

ਆਰ.ਐਸ.ਐਸ. ਦਾ ਹੀ ਥਿੰਕ ਟੈਂਕ ਘੱਟ ਗਿਣਤੀਆਂ ਨੂੰ ਖਤਮ ਕਰਨ ਦੇ ਪਲਾਨ ਤਿਆਰ ਕਰਕੇ ਕਾਂਗਰਸ ਨੂੰ ਦਿੰਦਾ ਰਿਹਾ ਹੈ। ਹੁਣ ਸੱਤਾ ਇਸ ਦੇ ਹੱਥਾਂ 'ਚ ਹੈ ਅਤੇ ਇਸ ਦਾ ਥਿੰਕ ਟੈਂਕ ਹਿੰਦੂ ਬਹੁਗਿਣਤੀ ਦੇ ਖੂਨ 'ਚ ਫਿਰਕੂ ਜ਼ਹਿਰ ਦੇ ਟੀਕੇ ਲਾ ਰਿਹਾ ਹੈ। ਇਹਨਾਂ ਵਲੋਂ ਪੂਰੇ ਮੁਲਕ 'ਚ ਲੱਖਾਂ ਲੋਕਾਂ ਨੂੰ ਵਿਸ਼ੈਲੇ ਸਬਕ ਪੜ੍ਹਾਏ ਜਾ ਰਹੇ ਹਨ। ਝੂਠਾ ਇਤਿਹਾਸ ਪੜ੍ਹਾ ਕੇ ਬੱਚਿਆਂ ਦੇ ਦਿਮਾਗਾਂ 'ਚ ਨਫਰਤ ਭਰ ਰਹੇ ਹਨ ਜੋ ਤਾਲਿਬਾਨ ਦੇ ਮਦਰੱਸਿਆਂ ਨਾਲੋਂ ਹਜ਼ਾਰ ਗੁਣਾਂ ਜ਼ਿਆਦਾ ਖਤਰਨਾਕ ਹੈ।

ਆਰ.ਐਸ.ਐਸ. ਨੇ ਸਾਰੇ ਮੁਲਕੀ ਪ੍ਰਸ਼ਾਸਨ 'ਚ ਆਪਣੀਆਂ ਵਿਚਾਰਧਾਰਕ ਤੰਦਾਂ ਗੰਢ ਲਈਆਂ ਹਨ। ਭਾਰਤ ਦੇ ਕਿਸੇ ਵੀ ਸੂਬੇ ਦੀ ਅਜਿਹੀ ਰਾਜ ਪ੍ਰਬੰਧ ਪ੍ਰਣਾਲੀ – ਪੁਲਿਸ, ਖੁਫੀਆ ਏਜੰਸੀ, ਰਾਜਸੀ

ਪ੍ਰਸ਼ਾਸਨ, ਜੁਡੀਸ਼ੀਅਰੀ, ਵਿਦਿਅਕ ਨਹੀਂ ਜਿਸ 'ਚ ਆਰ.ਐਸ.ਐਸ. ਦੇ ਟਰੇਂਡ ਕੀਤੇ ਉੱਚ ਅਫਸਰ ਨੀਅਤ ਨਹੀਂ ਕਰ ਦਿੱਤੇ ਗਏ। ਉਹ ਦਿਨ ਦੂਰ ਨਹੀਂ ਜਦ ਕਿ ਘੱਟ ਗਿਣਤੀਆਂ ਨੂੰ ਚੁੱਪ ਰਹਿਣ ਦੀ ਜਾਂਚ ਸਿਖਣੀ ਪਏਗੀ ਅਤੇ ਸਮਾਜ ਦੇ ਹਾਸ਼ੀਏ ਤੇ ਰੀਂਗਦੇ ਰਹਿਣਾ ਸਹਿਣਾ ਪਏਗਾ।

ਰਾਜ ਭਾਵੇਂ ਕਿਸੇ ਵੀ ਪਾਰਟੀ ਦਾ ਹੋਵੇ ਸਿੱਖ ਨਸਲਘਾਤ ਕਰਨ ਦੇ ਪ੍ਰੋਗਰਾਮ ਨੂੰ ਉਹ ਕੋਈ ਵੀ ਪਿਛੇ ਨਹੀ ਪਾ ਸਕਦੀ। ਦੂਜੇ ਸ਼ਬਦਾਂ ਵਿੱਚ ਰਾਜ ਉਹੀ ਕਰ ਸਕਦਾ ਹੈ ਜਿਹੜਾਂ ਘੱਟ ਗਿਣਤੀਆਂ ਦੇ ਨਸਲ ਘਾਤ ਦੇ ਪ੍ਰੋਗਰਾਮ ਨੂੰ ਅੱਗੇ ਤੋਰਨ ਵਿੱਚ ਵਚਨਬੱਧ ਹੋਵੇ। ਸਿੱਖੀ ਦੀ ਭੰਨ-ਤਰੋੜ ਕਰਵਾਉਣ ਲਈ ਸਭ ਕੇਂਦਰ ਸਰਕਾਰਾਂ ਇਕ ਹਨ। ਭਾਵੇਂ ਉਹ ਕਾਂਗਰਸ ਦੀ ਸਰਕਾਰ ਹੋਵੇ ਤੇ ਭਾਵੇਂ ਮੁਰਾਰ ਜੀ ਡਿਸਾਈ ਦੀ। ਵੀ.ਪੀ. ਸਿੰਘ ਦੀ ਹੋਵੇ, ਚੰਦਰ ਸ਼ੇਖਰ ਦੀ ਹੋਵੇ ਜਾਂ ਭਾਜਪਾ ਦੀ ਹੋਵੇ। ਸਿੱਖੀ ਨੂੰ ਤਬਾਹ ਕਰਨ ਦੇ ਮਸਲੇ 'ਤੇ ਇਹ ਸਭ ਇਕਮਤ ਹਨ।

ਇਕ ਮਿਸਾਲ ਹਾਜ਼ਰ ਹੈ। ਰੱਖਿਆ ਮੰਤਰੀ ਜਾਰਜ ਫ਼ਰਨਾਂਡੇਜ਼ ਨੇ ਲੋਕ ਸਭਾ ਵਿੱਚ ਈਸਾਈਆਂ 'ਤੇ ਹਮਲਿਆਂ ਦਾ ਜਵਾਬ ਦੇਂਦੇ ਹੋਏ ਕਿਹਾ ਕਿ ਸਰਕਾਰ ਦੇ ਵਿਰੋਧੀ ਭਾਵ ਕਾਂਗਰਸੀ ਇਸ ਮਸਲੇ ਨੂੰ ਬੜਾ ਉਛਾਲ ਰਹੇ ਹਨ, ਪਰ ਕੀ ਉਹਨਾਂ ਨੂੰ ਭੁੱਲ ਚੁੱਕਾ ਹੈ ਕਿ ਪਿਛਲੇ 50 ਸਾਲਾਂ ਵਿੱਚ ਭਾਰਤ ਅੰਦਰ ਜੋ ਸਿੱਖਾਂ ਨਾਲ ਅਨਰਥ ਹੋਇਆ? ਉਸ ਸਾਲ ਚੁਰਾਸੀ ਯਾਦ ਕਰਾਉਂਦਿਆਂ ਕਿਹਾ ਕਿ ਉਸ ਪਾਸ ਇਸ ਦਾ ਸਿੱਖਾਂ ਬਾਰੇ ਲੰਮਾ ਇਤਿਹਾਸ ਮੌਜੂਦ ਹੈ। ਇਸ ਤੇ ਸ੍ਰੀ ਚੰਦਰ ਸ਼ੇਖਰ, ਸਾਬਕਾ ਪ੍ਰਧਾਨ ਮੰਤਰੀ ਨੇ ਦੋ ਬਾਰ ਉਠ ਕੇ ਕਿਹਾ ਕਿ ਇਹ ਕਿੱਸਾ ਇਥੇ ਹੀ ਬੰਦ ਰਹਿਣ ਦਿਓ ਨਹੀਂ ਤਾਂ ਦੇਸ਼ ਦੀ ਸਥਿਤੀ ਕਾਬੂ ਤੋਂ ਬਾਹਰ ਹੋ ਜਾਏਗੀ। ਇਹ ਸੁਣ ਕੇ ਅੱਗੋਂ ਹੋਰ ਬਹਿਸ ਠੱਪ ਕਰ ਦਿੱਤੀ ਗਈ।

ਇਹਨਾਂ 'ਚੋਂ ਕੁਝ ਵਲੋਂ 'ਖਾਣ ਦੇ ਦੰਦ ਹੋਰ ਤੇ ਵਿਖਾਉਣ ਦੇ ਹੋਰ' ਦੇ ਹਿੰਦੂ ਖਾਸੇ ਅਨੁਸਾਰ ਸਿੱਖਾਂ ਦੇ ਰਿਸਦੇ ਜ਼ਖਮਾਂ 'ਤੇ ਮੱਲ੍ਹਮ ਲਾਉਣ ਦੀਆਂ ਦੰਭੀ ਬਾਤਾਂ ਤਾਂ ਚੱਲੀਆਂ ਪਰ ਮੱਲ੍ਹਮ ਦੀ ਡੱਬੀ ਨੂੰ ਹੱਥ ਪਾਉਣ ਤੇ ਖੋਲ੍ਹਣ ਦੀ ਗੱਲ ਤਾਂ ਦੂਰ ਦੀ ਹੈ, ਉਸ ਵੱਲ ਤਕਣ ਦੀ ਵੀ ਕੋਈ ਜੁਰਅੱਤ ਨਹੀਂ ਸੀ ਕਰ ਸਕਿਆ। ਮੱਲ੍ਹਮ ਦੀਆਂ ਬਾਤਾਂ ਪਾਉਣ ਵਾਲੇ ਨੇਕਨੀਅਤ (ਵੀ.ਪੀ. ਸਿੰਘ) ਨੂੰ ਚੁਪ ਕਰਾ ਦਿੱਤਾ ਗਿਆ ਸੀ। ਸਗੋਂ ਚੰਦਰ ਸ਼ੇਖਰ ਨੇ ਤਾਂ ਖਾੜਕੂਆਂ ਨਾਲ ਗੱਲਬਾਤ ਤੋਰਨ ਦੇ ਬਹਾਨੇ ਖਾੜਕੂਆਂ 'ਤੇ ਅੱਖ ਰੱਖ ਕੇ, ਉਹਨਾਂ ਦੇ ਟਿਕਾਣਿਆਂ ਦਾ ਪਤਾ ਕਰਕੇ, ਉਹਨਾਂ ਦਾ ਸਫਾਇਆ ਕਰਵਾ ਕੇ, ਉਸ ਨੇ ਪੂਰਬੀਆਂ ਵਾਲਾ ਕਿਰਦਾਰ ਦੁਹਰਾਇਆ, ਜੋ ਹਿੰਦੂ ਦਾ ਖਾਸਾ ਹੈ।

ਹਰ ਰੋਜ਼ ਅੱਤਵਾਦ ਦੇ ਖਤਰੇ ਦੇ ਐਲਾਨ ਹੁੰਦੇ ਰਹੇ। ਕੀ ਉਪਰ ਤੋਂ ਹੇਠਾਂ ਤਾਂਈ ਸਭ ਨੂੰ ਅੱਤਵਾਦੀਆਂ ਤੋਂ ਕਾਂਬਾ ਛਿੜਿਆ ਰਹਿੰਦਾ ਸੀ? ਨਹੀਂ, ਇਹ ਰੌਲਾ ਪਾਇਆ ਜਾਂਦਾ ਸੀ ਤਾਂ ਜੋ ਘੱਟ ਗਿਣਤੀਆਂ ਨੂੰ ਕੁਚਲਣ ਦਾ ਬਹਾਨਾ ਮਿਲ ਸਕੇ। ਇਹ ਮੁਹਾਰਨੀ ਸਭ ਰਾਜਨੀਤਕ ਪਾਰਟੀਆਂ 'ਚ ਬੈਠੇ ਬੁੱਧੀਜੀਵੀਆਂ ਵਲੋਂ ਵੀ ਲਾਈ ਜਾਂਦੀ ਰਹੀ ਸੀ। ਇੰਦਰਾ ਨੇ ਅਕਾਲ ਤਖਤ ਢੁਆਇਆ ਸੀ। ਨਰਸਿਮਹਾ ਰਾਓ ਨੇ ਆਰ.ਐਸ.ਐਸ.ਨਾਲ ਮਿਲ ਕੇ ਬਾਬਰੀ ਮਸਜਿਦ ਢੁਆਈ। ਸਿੱਖ ਨਸਲਘਾਤ ਦੇ ਮਸਲੇ 'ਤੇ ਇਹ ਸਭ ਇਕ ਹਨ। ਜਦ 1978 'ਚ ਨਿਰੰਕਾਰੀਆਂ ਨੇ ਸਿੱਖੀ ਉਪਰ ਪਹਿਲਾ ਵਾਰ ਕੀਤਾ ਸੀ ਤਾਂ ਉਦੋਂ ਉਹਨਾਂ ਦੀ ਸਟੇਜ 'ਤੇ ਬੀ.ਜੇ.ਪੀ., ਕਾਂਗਰਸ ਦੇ ਹਿੰਦੂ ਲੀਡਰ ਅਤੇ ਪੰਜਾਬ ਦੇ ਸਾਰੇ ਮਹਾਸ਼ਾ ਪੱਤਰਕਾਰ ਬੈਠੇ ਸਨ। ਸਰਕਾਰ ਦੀ ਪੁਲਿਸ ਵੀ ਉਥੇ ਮੌਜੂਦ ਸੀ। ਸਿੱਖਾਂ ਦਾ ਅਤੇ ਸਿੱਖੀ ਦਾ ਵਿਨਾਸ਼ ਕਰਨਾ ਬ੍ਰਾਹਮਣਵਾਦ ਦੀ ਬੁਨਿਆਦੀ ਸੇਧ ਹੈ।

ਰਾਜ ਤਾਂ ਹਮੇਸ਼ਾ ਹਿੰਦੂ ਬਹੁਗਿਣਤੀ ਦਾ ਹੀ ਰਹਿਣਾ ਹੈ। ਰਾਮ ਲਾਲ ਦਾ ਹੋਵੇ ਜਾਂ ਸ਼ਾਮ ਲਾਲ ਦਾ ਹੋਵੇ, ਸਿੱਖ ਨਸਲਕੁਸ਼ੀ ਦੇ ਮਸਲੇ 'ਤੇ ਇਹ ਸਾਰੀਆਂ ਹਿੰਦੂ ਸਿਆਸੀ ਪਾਰਟੀਆਂ, ਸਣੇ ਕਮਿਊਨਿਸਟ ਪਾਰਟੀਆਂ ਦੇ, ਸੌ ਫ਼ੀਸਦੀ ਇੱਕ ਹਨ। ਸਿੱਖ ਸ਼ਕਤੀ ਨੂੰ ਤਬਾਹ ਕਰਨ ਦੇ ਮਸਲੇ 'ਤੇ ਇਹਨਾਂ ਵਿੱਚ ਕੋਈ ਮੱਤਭੇਦ ਨਹੀਂ। ਹਿੰਦੂ ਥਿੰਕ ਟੈਂਕ ਦੀ ਸਿੱਖ-ਮਾਰੂ ਨੀਤੀ ਨਾਲ ਸਾਰੀਆਂ ਪਾਰਟੀਆਂ ਸਹਿਮਤ ਹਨ। ਅੱਜ ਤਕ ਕਿਸੇ ਵੀ ਪਾਰਟੀ ਨੇ ਸਿੱਖਾਂ ਉਤੇ ਹੋਏ ਕਹਿਰਾਂ ਦੇ ਜ਼ੁਲਮਾਂ ਸਬੰਧੀ ਹਾਅ ਦਾ ਨਾਅਰਾ ਨਹੀਂ ਮਾਰਿਆ।

ਅੱਜ ਤਕ ਇਹਨਾਂ ਦੀ ਕਿਸੇ ਪਾਰਟੀ ਦੇ ਲੀਡਰ ਨੇ ਉਹਨਾਂ ਵਹਿਸ਼ੀਆਨਾ ਜ਼ੁਲਮਾਂ ਦੀ ਨਿਖੇਧੀ ਤਕ ਨਹੀਂ ਕੀਤੀ। ਇਹਨਾਂ ਸਭ ਹਿੰਦੂ ਪਾਰਟੀਆਂ ਦੀ ਸੰਮਤੀ ਤੇ ਹਿਮਾਇਤ ਨਾਲ ਹੀ ਪੰਜਾਬ ਲਈ ਕਈ ਵਾਰ ਕਾਲੇ ਕਾਨੂੰਨ ਪਾਸ ਕੀਤੇ ਗਏ, ਜਿਸ ਮੁਤਾਬਕ ਕਿਸੇ ਵੀ ਸਿੱਖ ਨੂੰ ਪੁਲਸ ਜਾਂ ਫ਼ੌਜ ਮੌਕੇ 'ਤੇ ਗੋਲੀ ਮਾਰ ਸਕਦੀ ਹੈ, ਤਲਾਸ਼ੀ ਲੈ ਸਕਦੀ ਹੈ, ਜੇਲ੍ਹ ਵਿੱਚ ਸੁੱਟ ਸਕਦੀ ਹੈ, ਲਾ-ਪਤਾ ਕਰ ਸਕਦੀ ਹੈ, ਉਸ ਪੁਲਸ ਜਾਂ ਫ਼ੌਜ ਦੀ ਕਾਰਵਾਈ ਦੀ ਕੋਈ ਪੁੱਛ-ਪੜਤਾਲ ਨਹੀਂ ਕਰ ਸਕਦਾ। ਉਂਜ ਤਾਂ ਸਿੱਖਾਂ ਨੂੰ ਵਿਧਾਨ ਵਿੱਚ ਹਿੰਦੂ ਲਿਖਿਆ ਹੋਇਆ ਹੈ, ਪਰੰਤੂ ਸਿੱਖ ਨਸਲਕੁਸ਼ੀ ਕਰਨ ਲਈ ਪੰਜਾਬ ਦੇ ਸਿੱਖਾਂ ਲਈ ਵੱਖਰੇ ਕਾਲੇ ਕਾਨੂੰਨ ਪਾਸ ਕੀਤੇ ਜਾਂਦੇ ਹਨ।

ਪਿਛਲੇ ਵੀਹ ਸਾਲਾਂ ਤੋਂ ਸਿੱਖਾਂ ਨੇ ਚੰਗੀ ਤਰ੍ਹਾਂ ਵੇਖ ਲਿਆ ਹੈ। ਸਰਕਾਰਾਂ ਆਉਂਦੀਆਂ ਰਹੀਆਂ, ਜਾਂਦੀਆਂ ਰਹੀਆਂ, ਨਵੀਂਆਂ

ਬਣਦੀਆਂ ਰਹੀਆਂ, ਇਨਕੁਆਇਰੀਆਂ ਦੇ ਢੌਂਗ ਵੀ ਰਚੇ ਜਾਂਦੇ ਰਹੇ, ਲੋਕਾਂ ਦੀਆਂ ਅੱਖਾਂ ਵਿੱਚ ਮਿੱਟੀ-ਘੱਟਾ ਪਾਉਣ ਲਈ ਕਮਿਸ਼ਨ ਕਾਇਮ ਕਰਨ ਦਾ ਸਾਂਗ ਵੀ ਕੀਤਾ ਗਿਆ, ਪਰ ਦੋਸ਼ੀਆਂ ਨੂੰ ਸਜ਼ਾਵਾਂ ਅੱਜ ਤਕ ਨਹੀਂ ਮਿਲੀਆਂ। ਜਦ ਸਰਕਾਰ ਵਲੋਂ ਸਭ ਕੁਝ ਸਭ ਪਾਰਟੀਆਂ ਦੀ ਸਲਾਹ ਨਾਲ ਹੀ ਵਿਉਂਤਿਆ ਗਿਆ ਸੀ ਅਤੇ ਕਰਵਾਇਆ ਗਿਆ ਸੀ, ਤਾਂ ਉਨ੍ਹਾਂ ਵਿੱਚੋਂ ਕਿਸੇ ਵੀ ਪਾਰਟੀ ਦੀ ਸਰਕਾਰ ਆਪਣੇ ਕਾਲੇ ਕਾਰਿਆਂ ਦੀ ਇਨਕੁਆਇਰੀ ਕਿਵੇਂ ਕਰਵਾਏਗੀ? ਸਜ਼ਾਵਾਂ ਦੇਣ ਨਾਲ ਉਨ੍ਹਾਂ ਦੇ ਆਪਣੇ ਕਾਲੇ ਕਾਰੇ ਨੰਗੇ ਹੁੰਦੇ ਹਨ। ਜਿਹੜੀ ਸਭ ਤੋਂ ਵੱਡੀ ਹੈਰਾਨਗੀ ਹੁੰਦੀ ਹੈ, ਉਹ ਇਹ ਕਿ ਇਤਨਾ ਕੁਝ ਵੇਖਣ ਮਗਰੋਂ ਵੀ ਜਿਹੜੇ ਸਿੱਖ ਲੀਡਰ, ਸਿੱਖਾਂ ਦੀ ਇਸ ਕਾਤਲ ਸਰਕਾਰ ਤੋਂ ਇਨਸਾਫ਼ ਦੀ ਆਸ ਰੱਖਦੇ ਹਨ ਅਤੇ ਉਸੇ ਮਨੂਵਾਦੀ ਵਿਧਾਨ ਵਿੱਚ ਰਹਿਕੇ ਕੌਮ ਦੇ ਭਵਿਖ ਦਾ ਫ਼ੈਸਲਾ ਕਰਨ ਲਈ ਸੋਚਦੇ ਹਨ, ਤਾਂ ਰੱਬ ਹੀ ਰਾਖਾ ਉਹਨਾਂ ਬੇਗ਼ੈਰਤ ਤੇ ਬੇਜ਼ਮੀਰੇ ਗਏ ਗੁਜ਼ਰੇ ਸਿੱਖਾਂ ਦੀ ਸੋਚ ਦਾ।

27 ਦਸੰਬਰ 1993 ਨੂੰ ਪ੍ਰਧਾਨ ਕਲਿੰਟਨ ਵਲੋਂ ਮਿ. ਕਾਨਡਿਟ ਨੂੰ ਦਿੱਤੇ ਗਏ ਜਵਾਬ 'ਚ 'ਪੰਜਾਬ ਦੇ ਸਿੱਖਾਂ ਦੇ ਮਨੁੱਖੀ ਅਧਿਕਾਰਾਂ ਦੇ ਸਬੰਧ 'ਚ ਪੁਲਿਸ ਜ਼ਿਆਦਤੀਆਂ ਨੂੰ ਖਤਮ ਕਰਨ ਦੀ ਲੋੜ ਬਾਰੇ ਅਤੇ ਸਿੱਖਾਂ ਦੇ ਹੱਕਾਂ ਦੀ ਰਾਖੀ ਲਈ ਸ਼ਾਂਤਮਈ ਹੱਲ ਦੀ ਇੱਛਾ ਪ੍ਰਗਟ ਕੀਤੀ ਗਈ ਸੀ। ਪ੍ਰਧਾਨ ਕਲਿੰਟਨ ਦੇ ਇਹ ਭਾਵਪੂਰਨ ਸ਼ਬਦ ਭਾਰਤੀ ਹਿੰਦੂ ਸਾਮਰਾਜੀਆਂ ਨੂੰ ਸੂਲਾਂ ਵਾਂਗ ਚੁੱਭੇ। ਜਿਵੇਂ ਕਿ ਪੁਲਿਸ ਜ਼ਿਆਦਤੀਆਂ ਦੇ ਖਾਤਮੇ ਲਈ ਅਤੇ ਸਿੱਖਾਂ ਦੇ ਮਨੁੱਖੀ ਹੱਕਾਂ ਦੀ ਗੱਲ ਕਰਨਾ ਕੋਈ ਜੁਰਮ ਹੋਵੇ। ਇਥੇ ਇਹ ਗੱਲ ਨੋਟ ਕਰਨ ਵਾਲੀ ਹੈ ਕਿ ਪ੍ਰਧਾਨ ਕਲਿੰਟਨ ਨੇ ਖਾਲਿਸਤਾਨ ਦੀ ਕੋਈ ਗੱਲ ਨਹੀਂ ਸੀ ਕੀਤੀ। ਇਸ ਦੇ ਬਾਵਜੂਦ ਭਾਰਤੀ ਸਰਕਾਰ, ਸਾਰਾ ਭਾਰਤੀ ਪ੍ਰੈਸ ਅਤੇ ਸਭ ਭਾਰਤੀ ਪਾਰਟੀਆਂ ਨੇ ਇਕਦਮ ਭਾਰਤ ਅੰਦਰ ਤੂਫਾਨ ਖੜਾ ਕਰ ਦਿੱਤਾ ਸੀ।

ਭਾਰਤੀ ਜਨਤਾ ਪਾਰਟੀ, ਦੋਵੇਂ ਭਾਰਤੀ ਕਮਿਊਨਿਸਟ ਪਾਰਟੀਆਂ, ਜਨਤਾ ਦਲ, ਵਿਦੇਸ਼ ਮੰਤਰਾਲੇ, ਚੰਦਰ ਸ਼ੇਖਰ (ਜਿਸ ਸਾਕਾ ਨੀਲਾ ਤਾਰਾ ਦੀ ਨਿਖੇਧੀ ਕੀਤੀ ਸੀ), ਹੋਰ ਤਾਂ ਹੋਰ ਸਾਬਕਾ ਵਿਦੇਸ਼ ਸਕੱਤਰਾਂ ਨੇ ਵੀ ਪ੍ਰਧਾਨ ਕਲਿੰਟਨ ਖਿਲਾਫ ਆਪਣੀ ਤੂਤੀ ਵਜਾਉਣ 'ਚ ਢਿੱਲ ਨਹੀਂ ਸੀ ਕੀਤੀ। ਕਾਂਗਰਸ 'ਆਈ' ਦੇ ਯੂਥ ਵਿੰਗ ਨੇ ਦਿੱਲੀ 'ਚ ਅਮਰੀਕੀ ਸਫਾਰਤਖਾਨੇ ਸਾਹਮਣੇ ਰੋਸ ਮਾਰਚ ਜਥੇਬੰਦ ਕੀਤਾ ਸੀ।

ਸਿੱਖ ਜਥੇਬੰਦੀਆਂ ਦਾ ਪ੍ਰਤੀਕਰਮ ਕੁਦਰਤੀ ਤੌਰ ਤੇ ਸ਼ੁਕਰਾਨੇ

ਵਾਲਾ ਸੀ। ਸਿੱਖਾਂ ਨੇ ਪ੍ਰਧਾਨ ਕਲਿੰਟਨ ਦੀ ਤੁਲਨਾ ਮਲੇਰ ਕੋਟਲੇ ਦੇ ਨਵਾਬ ਸ਼ੇਰ ਮੁਹੰਮਦ ਨਾਲ ਕੀਤੀ ਜਿਸ ਨੇ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਮਾਸੂਮ ਛੋਟੇ ਸਾਹਿਬਜ਼ਾਦਿਆਂ ਨੂੰ ਅਨਿਆਈਂ ਸਜ਼ਾ ਦਿੱਤੇ ਜਾਣ ਵਿਰੁੱਧ ਸਰਹੰਦ ਦੇ ਸੂਬੇਦਾਰ ਅੱਗੇ ਰੋਸ ਪ੍ਰਗਟ ਕੀਤਾ ਸੀ। ਸਿੱਖਾਂ ਵਲੋਂ ਵਿਦੇਸ਼ਾਂ 'ਚ ਅਤੇ ਪੰਜਾਬ 'ਚ ਪ੍ਰਧਾਨ ਕਲਿੰਟਨ ਵਲੋਂ ਸਿੱਖਾਂ ਪ੍ਰਤੀ ਵਿਖਾਈ ਗਈ ਫਿਕਰਮੰਦੀ ਦਾ ਸਵਾਗਤ ਕੀਤਾ ਗਿਆ ਅਤੇ ਮਤੇ ਪਾਸ ਕੀਤੇ ਗਏ ਅਤੇ ਉਹਨਾਂ ਦੀਆਂ ਕਾਪੀਆਂ ਅਮਰੀਕੀ ਸਫਾਰਤਖਾਨੇ 'ਚ ਭੇਜ ਕੇ ਪ੍ਰਧਾਨ ਕਲਿੰਟਨ ਦਾ ਧੰਨਵਾਦ ਕੀਤਾ ਗਿਆ ਸੀ।

ਜਿਹੜੀ ਵੀ ਸਰਕਾਰ ਸੱਤਾ 'ਚ ਆਉਂਦੀ ਹੈ, ਉਸ ਸਾਹਮਣੇ ਘੱਟ ਗਿਣਤੀਆਂ ਨੂੰ ਖਤਮ ਕਰਨ ਲਈ ਵਚਨਬੱਧ ਹੋਣਾ ਲਾਜ਼ਮੀ ਸ਼ਰਤ ਹੁੰਦੀ ਹੈ। ਸਿੱਖ ਨਸਲਕੁਸ਼ੀ ਦਾ ਪਲਾਨ ਹਰ ਹਾਲਤ 'ਚ ਸਿਰੇ ਚਾੜ੍ਹਿਆ ਜਾਣਾ ਸੀ, ਭਾਵੇਂ ਕੋਈ ਵੀ ਸਰਕਾਰ ਕਿਉਂ ਨਾ ਸੱਤਾ 'ਚ ਆ ਜਾਂਦੀ। ਹਾਂ, ਕੋਈ ਇਸ ਨੂੰ ਵਧੇਰੇ ਜੋਸ਼ ਨਾਲ ਤੇਜ਼ ਰਫਤਾਰ ਨਾਲ ਕਰ ਸਕਦਾ ਹੈ ਅਤੇ ਕੋਈ ਧੀਮੀ ਰਫਤਾਰ ਨਾਲ। ਸ਼ੰਕਰਾਚਾਰੀਆਂ ਵਲੋਂ ਬੋਧੀਆਂ ਨੂੰ ਨੇਸਤੋ ਨਾਬੂਦ ਕੀਤੇ ਜਾਣ ਦੀਆਂ ਲੀਹਾਂ 'ਤੇ ਹੀ ਇੰਦਰਾ ਵਾਂਗ ਨਹਿਰੂ ਵੀ ਪੰਜਾਬੀ ਸੂਬੇ ਦੀ ਜਦੋਜਹਿਦ ਦੌਰਾਨ ਸਿੱਖਾਂ ਨੂੰ ਖਤਮ ਕਰ ਦੇਣ ਦੇ ਰੌਂ ਵਿੱਚ ਸੀ। ਇੰਦਰਾ ਨੇ ਨਾ ਕੇਵਲ ਤੇਜ਼ ਰਫਤਾਰ ਨਾਲ ਸ਼ੁਰੂ ਕੀਤੀ ਸੀ, ਸਗੋਂ ਬੜੇ ਵੱਡੇ ਪੈਮਾਨੇ 'ਤੇ ਵੀ। ਉਸ ਦੇ ਉਤਰ ਅਧਿਕਾਰੀ ਰਾਜੀਵ ਨੇ ਉਸੇ ਰਫਤਾਰ ਨੂੰ ਜਾਰੀ ਰੱਖਿਆ। ਵੀ.ਪੀ.ਸਿੰਘ ਅਤੇ ਚੰਦਰ ਸ਼ੇਖਰ ਦੀਆਂ ਸਰਕਾਰਾਂ ਨੇ ਉਸ ਨੂੰ ਚਲਾਕੀ ਨਾਲ ਗੁਝੇ ਢੰਗ ਨਾਲ ਅੱਗੇ ਤੋਰਿਆ।

ਪੀ.ਵੀ.ਨਰਸਿਮਹਾ ਰਾਓ ਦੇ ਪ੍ਰਧਾਨ ਮੰਤਰੀ ਬਣਨ ਨਾਲ ਫਿਰ ਤੇਜ਼ੀ ਆਈ ਕਿਉਂਕਿ ਇਹ ਪਹਿਲਾਂ ਇੰਦਰਾ ਨਾਲ ਸਿੱਖ ਨਸਲਕੁਸ਼ੀ ਦੇ ਪਲਾਨ 'ਚ ਸਰਗਰਮੀ ਨਾਲ ਕੰਮ ਕਰਦਾ ਰਿਹਾ ਸੀ। ਸਿੱਖ ਨਸਲ ਕੁਸ਼ੀ ਕਰਨ ਦੇ ਅਮਲ ਨੂੰ ਕਸਾਈ ਕੇ.ਪੀ.ਐਸ.ਗਿੱਲ ਨੇ ਜਿਸ ਫੁਰਤੀ ਨਾਲ ਸਿਰੇ ਚਾੜ੍ਹਿਆ, ਉਸ 'ਤੇ ਹਾਕਮ ਜਮਾਤ ਵੀ ਹੱਕੀ ਬੱਕੀ ਰਹਿ ਗਈ। ਇਸ ਨੇ ਦਰਜੇਵਾਰ ਖਾੜਕੂਆਂ ਨੂੰ ਮਾਰਨ ਲਈ ਇਨਾਮ ਦੇਣ ਦੀ ਪਿਰਤ ਪਾਈ ਜਿਹੜੀ ਕਿ ਅਠਾਰਵੀਂ ਸਦੀ ਦੇ ਮੁਗਲ ਹਾਕਮਾਂ ਨੇ ਸਿੱਖਾਂ ਦੇ ਸਿਰਾਂ ਦੇ ਮੁੱਲ ਰੱਖ ਕੇ ਸਿੱਖਾਂ ਦਾ ਬੀਜ ਨਾਸ਼ ਕਰ ਦੇਣ ਦੀ ਮੁਹਿੰਮ ਚਲਾਈ ਸੀ। ਇਸ ਨਾਲ ਸਾਰੇ ਸੁਰੱਖਿਆ ਦਲਾਂ ਦੇ ਹਿਤ ਕਤਲਾਂ ਨੂੰ ਜਾਰੀ ਰੱਖਣ ਨਾਲ ਜੁੜ ਗਏ।

ਜਦ 'ਵੀ.ਪੀ.ਸਿੰਘ ਸਰਕਾਰ' ਹੋਂਦ 'ਚ ਆਈ ਤਾਂ ਉਸ ਦੇ

ਕੇਂਦਰੀ ਗ੍ਰਹਿ ਮੰਤਰੀ ਨੇ 17 ਦਸੰਬਰ 1989 ਨੂੰ ਦਿੱਲੀ ਵਿਖੇ ਸਰਬ ਪਾਰਟੀ ਮੀਟਿੰਗ ਬੁਲਾਈ ਜਿਸ 'ਚ ਪੰਜਾਬ ਬਾਰੇ ਸਾਂਝੀ ਰਾਏ ਨਾਲ ਤਿੰਨ ਨੁਕਤੇ ਪ੍ਰਵਾਨ ਕੀਤੇ ਗਏ। ਇਕ ਇਹ ਕਿ ਦੇਸ਼ ਦੀ ਅਖੰਡਤਾ ਨੂੰ ਕੁਰਬਾਨ ਕੀਤੇ ਬਿਨਾਂ ਸੰਵਿਧਾਨ ਦੇ ਢਾਂਚੇ ਅੰਦਰ ਪੰਜਾਬ ਮਸਲੇ ਦਾ ਹੱਲ। ਦੂਜਾ ਇਹ ਕਿ 1984 'ਚ ਸਿੱਖਾਂ 'ਤੇ ਹਿੰਸਕ ਕਾਰਵਾਈਆਂ ਕਰਨ ਵਾਲੇ ਦੋਸ਼ੀ ਬੰਦਿਆਂ ਨੂੰ ਸਜ਼ਾਵਾਂ ਦਿਵਾਉਣ ਲਈ ਜਲਦੀ ਕਦਮ ਚੁੱਕਣੇ। ਤੀਜਾ ਇਹ ਕਿ ਸੰਵਿਧਾਨ ਦੀ 59ਵੀਂ ਤਰਮੀਮ ਨੂੰ ਰੱਦ ਕਰਨਾ। ਇਸ ਸਾਂਝੀ ਰਾਏ ਨਾਲ ਕਾਂਗਰਸ ਸਹਿਮਤ ਨਹੀਂ ਸੀ। ਇਸ ਦੇ ਪ੍ਰਤੀਨਿਧ ਪੀ.ਵੀ.ਨਰਸਿਮਹਾ ਰਾਓ, ਬੂਟਾ ਸਿੰਘ, ਪੀ.ਚਿਦੰਬਰਮ, ਦਰਬਾਰਾ ਸਿੰਘ ਆਦਿ ਵਲੋਂ ਬਹਿਸ ਗੋਚਰੇ ਮਸਲਿਆਂ ਨੂੰ ਔੜੇ ਪਾਉਣ ਲਈ ਸਰਕਾਰ ਨੂੰ ਹੋਰ ਪਾਸੇ ਲਾਉਣ ਦੇ ਉਪਰਾਲੇ ਕੀਤੇ ਗਏ ਸਨ।

ਵੀ.ਪੀ.ਸਿੰਘ ਦੀ ਸਰਕਾਰ ਬਣਨ ਨਾਲ ਪੰਜਾਬ 'ਚੋਂ ਕੇਵਲ ਗਵਰਨਰ ਰੇ ਹੀ ਨਿਕਲਿਆ ਸੀ। ਉਸ ਦੇ ਜਾਣ ਨਾਲ ਸ਼ਾਂਤੀ ਕਿਥੋਂ ਆ ਜਾਣੀ ਸੀ? ਗਿੱਲ ਦੇ ਕਾਤਲਾਂ ਦੇ ਗਰੋਹ, ਖੁਫੀਆ ਏਜੰਸੀਆਂ ਦੇ ਕਾਤਲ ਟੋਲੇ ਆਦਿ ਤਾਂ ਪੰਜਾਬ ਅੰਦਰ ਆਪਣਾ ਕੰਮ ਜਿਉਂ ਦਾ ਤਿਉਂ ਕਰ ਰਹੇ ਸਨ। ਪੰਜਾਬ ਅੰਦਰ ਗੜਬੜ ਦੇ ਹਾਲਾਤ ਪੈਦਾ ਕਰਨ ਵਾਲੀਆਂ ਖੁਫੀਆ ਏਜੰਸੀਆਂ ਵੀ ਮੌਜੂਦ ਸਨ। ਹਰਮਿੰਦਰ ਸਿੰਘ ਸੰਧੂ ਕੋਲੋਂ ਖਾਲਿਸਤਾਨ ਦਾ ਐਲਾਨ ਕਰਵਾ ਕੇ ਖਾਲਿਸਤਾਨ ਦਾ ਹਊਆ ਖੜਾ ਕਰਨ ਵਾਲੇ ਅਤੇ ਪੰਜਾਬ ਦੀ ਸਿਆਸਤ 'ਚ ਭਾਈ ਮਨਜੀਤ ਸਿੰਘ ਦਾ ਨਵਾਂ ਸਿਆਸੀ ਮੁਹਰਾ ਖੜਾ ਕਰਨ ਵਾਲੇ ਮੌਜੂਦ ਹੀ ਨਹੀਂ ਸਨ ਸਗੋਂ ਪੂਰੀ ਤਰ੍ਹਾਂ ਸਰਗਰਮ ਸਨ।

ਹਿੰਦੂਤਵੀ ਤਾਕਤਾਂ ਨੇ ਵੀ.ਪੀ.ਸਿੰਘ ਦੀ ਨਵੀਂ ਬਣੀ ਸਰਕਾਰ ਨੂੰ ਵੰਗਾਰ ਪਾਈ ਕਿ ਉਹ ਹਰਮਿੰਦਰ ਸਿੰਘ ਸੰਧੂ ਵਲੋਂ ਨਵੇਂ ਸਿਰਿਓਂ ਖਾਲਿਸਤਾਨ ਪੱਖੀ ਐਲਾਨ ਕੀਤੇ ਜਾਣ ਬਾਰੇ, ਕਤਲਾਂ ਦੇ ਜਾਰੀ ਰਹਿਣ ਬਾਰੇ ਅਤੇ ਗੁਰਦੁਆਰਿਆਂ 'ਚ ਮੁੜ ਹਥਿਆਰ ਲਿਜਾਏ ਜਾਣ ਬਾਰੇ ਆਪਣੀ ਨੀਤੀ ਦਾ ਐਲਾਨ ਕਰੇ। 19 ਦਸੰਬਰ ਨੂੰ ਵੀ.ਪੀ.ਸਿੰਘ ਨੇ ਮੁੜ 'ਦਿਲਾਂ 'ਤੇ ਮਲ੍ਹਮ ਲਾਉਣ' ਦੀ ਲੋੜ ਨੂੰ ਦੁਹਰਾਇਆ ਪਰ ਇਹ ਲੋੜ ਬਹੁਤਾ ਚਿਰ ਨਹੀਂ ਸੀ ਰਹੀ। ਕਿਉਂਕਿ ਪੰਜਾਬ 'ਤੇ ਰਾਜ ਵਕਤ ਦੇ ਵਜ਼ੀਰ ਨਹੀਂ ਕਰਦੇ ਸਗੋਂ ਕੇਂਦਰ ਦੀ ਖੁਫੀਆ ਏਜੰਸੀਆਂ ਦਾ ਰਾਜ ਚੱਲਦਾ ਹੈ। ਦੋ-ਚਾਰ ਸਿਆਸੀ ਕਤਲ ਕਰਵਾ ਕੇ ਗੜਬੜ ਦੇ ਹਾਲਾਤ ਪੈਦਾ ਕਰਨਾ ਉਨ੍ਹਾਂ ਦੇ ਖੱਬੇ ਹੱਥ ਦਾ ਕੰਮ ਹੁੰਦਾ ਹੈ। ਦਸੰਬਰ ਦੇ ਅਖੀਰ ਤੇ ਸਰਕਾਰ ਦੇ ਵਤੀਰੇ 'ਚੋਂ ਉਹ ਭਾਵਨਾ ਉਡਪੁਡ ਗਈ ਸੀ।

ਉਂਜ ਵੀ ਭਾਰਤ ਦੀਆਂ ਸਾਰੀਆਂ ਪਾਰਟੀਆਂ 'ਤੇ ਹਿੰਦੂਤਵੀਏ ਹੀ ਗ਼ਾਲਬ ਹਨ। ਭਾਜਪਾ ਤੋਂ ਲੈਕੇ ਕਮਿਊਨਿਸਟ ਪਾਰਟੀਆਂ ਤਕ ਸਭ ਦੇ ਲੀਡਰ ਹਿੰਦੂ ਹੀ ਹਨ। ਸਿੱਖਾਂ ਤੇ ਮੁਸਲਮਾਨਾਂ ਦੇ ਮਸਲੇ 'ਤੇ ਇਹ ਸਭ ਇਕ ਹਨ। ਇਹਨਾਂ ਨੇ ਸੋਚਿਆ ਕਿ ਸਿਮਰਨਜੀਤ ਸਿੰਘ ਮਾਨ ਦੇ ਏਜੰਡੇ ਨੂੰ ਚਾਹੇ ਇਕ ਪਾਸੇ ਰੱਖ ਦਿੱਤਾ ਜਾਏ। ਜੇ ਕੱਲ੍ਹ ਨੂੰ ਅਸੈਂਬਲੀ ਇਲੈਕਸ਼ਨ ਹੋਣ ਤਾਂ ਮਾਨ ਨੇ ਸੀਟਾਂ ਹੂੰਝ ਲਿਜਾਣੀਆਂ ਸਨ। ਇਹਨਾਂ ਦੇ ਹੱਥਠੋਕੇ ਬਾਦਲ ਬਰਨਾਲੇ ਨੂੰ ਕਿਸ ਪੁੱਛਣਾ ਸੀ? ਇਸ ਡਰ ਨਾਲ ਨਾ ਕੇਵਲ ਕਾਂਗਰਸ 'ਆਈ', ਭਾ.ਜ.ਪਾ. ਅਤੇ ਦੇਵੀ ਲਾਲ ਨੂੰ ਹੀ ਕੰਬਣੀ ਛਿੱੜ ਗਈ ਸੀ ਸਗੋਂ ਕਮਿਊਨਿਸਟ ਪਾਰਟੀਆਂ ਸੀ.ਪੀ.ਆਈ. ਅਤੇ ਸੀ.ਪੀ.ਐਮ. ਨੂੰ ਵੀ ਅਤੇ ਹਿੰਦੂਤਵੀ ਮੀਡੀਏ ਨੂੰ ਵੀ। ਹਾਲਾਤ ਨੂੰ ਵਿਗਾੜਨ ਲਈ ਪੁਲਿਸ ਵਲੋਂ ਅਕਾਲੀ ਦਲ ਮਾਨ ਦੇ ਪਾਰਲੀਮੈਂਟ ਮੈਂਬਰ ਬਲਦੇਵ ਸਿੰਘ ਖੁੱਡੀਆ ਨੂੰ ਕਤਲ ਕਰਵਾ ਦਿੱਤਾ ਗਿਆ। ਜਦ ਗਵਰਨਰ ਮੁਕਰਜੀ ਨੇ ਬਿਆਨ ਦਿੱਤਾ ਕਿ ਜਨਵਰੀ 1990 'ਚ ਪੰਜਾਬ ਦੀਆਂ ਚੋਣਾਂ ਬਾਰੇ ਨਜ਼ਰਸਾਨੀ ਕੀਤੀ ਜਾਏਗੀ ਤਾਂ ਟਾਈਮਜ਼ ਆਫ ਇੰਡੀਆ ਨੇ ਆਪਣੇ 30 ਦਸੰਬਰ ਦੇ ਸੰਪਾਦਕੀ 'ਚ ਪੰਜਾਬ 'ਚ ਜਮਹੂਰੀ ਅਮਲ ਬਹਾਲ ਕੀਤੇ ਜਾਣ ਦੇ ਅਮਲ ਨੂੰ ਖਤਰਨਾਕ ਸਾਬਤ ਹੋਣ ਦੀ ਸੰਭਾਵਨਾ ਦੱਸੀ ਸੀ।

ਹੋਇ ਸਹਾਈ ਜਿਸ ਤੂੰ ਰਾਖਹਿ ਤਿਸੁ ਕਹਾ ਕਰੇ ਸੰਸਾਰਾ॥
(ਪੰਃ ੫੦੦ ਗੂਜਰੀ ਮਃ ੫)

ਆਰ.ਐਸ.ਐਸ.ਦਾ ਇਤਿਹਾਸਕ ਪਿਛੋਕੜ

ਆਰ.ਐਸ.ਐਸ.ਦਾ ਮੁੱਖੀ ਬਣਨ ਤੋਂ ਦੋ ਸਾਲ ਪਹਿਲਾਂ 1938 ਵਿੱਚ ਗੋਲਵਾਲਕਰ ਨੇ ਜਰਮਨੀ ਅੰਦਰ ਫਾਸ਼ੀਵਾਦ ਦੇ ਉਭਾਰ ਤੋਂ ਉਤਸ਼ਾਹਤ ਹੋ ਕੇ ਆਪਣੇ ਹਿੰਦੂ ਫ਼ਾਸ਼ੀਵਾਦ ਦਾ ਪ੍ਰਗਟਾਵਾ ਕਰਦਿਆਂ ਹੋਇਆਂ ਲਿਖਿਆ ਸੀ ਕਿ

'ਕੌਮ ਦੀ ਸ਼ੁਧਤਾ ਤੇ ਸਭਿਆਚਾਰ ਨੂੰ ਬਚਾ ਕੇ ਰੱਖਣ ਲਈ ਜਰਮਨੀ ਨੇ ਦੇਸ਼ ਵਿੱਚੋਂ ਸਾਮਵਾਦੀ (Semitic) ਨਸਲਾਂ (ਯਹੂਦੀਆਂ) ਨੂੰ ਖਾਰਜ ਕਰਕੇ ਦੁਨੀਆ ਦੀ ਸੁਰਤ ਹਲੂਣ ਕੇ ਰੱਖ ਦਿੱਤੀ ਹੈ। ਉਥੇ ਕੌਮੀ ਗੌਰਵ ਬੁਲੰਦੀਆਂ 'ਤੇ ਪਹੁੰਚ ਗਿਆ ਹੈ। ਜਰਮਨੀ ਨੇ ਇਹ ਵੀ ਦਿਖਾ ਦਿੱਤਾ ਹੈ ਕਿ ਜੜ੍ਹਾਂ ਤੱਕ ਡੂੰਘੇ ਵਖਰੇਵਿਆਂ ਵਾਲੀਆਂ ਨਸਲਾਂ ਤੇ ਸਭਿਆਚਾਰਾਂ ਦਾ ਇਕ ਇਕਹਿਰੇ ਸਰੂਪ ਵਿੱਚ ਘੁਲ-ਮਿਲ ਜਾਣਾ ਕਿਵੇਂ ਨਾਮੁਮਕਿਨ ਹੈ। ਸਾਨੂੰ ਹਿੰਦੁਸਤਾਨ ਅੰਦਰ ਇਸ ਤੋਂ ਭਰਪੂਰ ਸਿੱਖਿਆ ਗ੍ਰਹਿਣ ਕਰਨੀ ਚਾਹੀਦੀ ਹੈ।'

ਗੋਲਵਾਲਕਰ ਦਾ ਇਸ਼ਾਰਾ ਸਪਸ਼ਟ ਸੀ ਕਿ ਭਾਰਤ ਅੰਦਰ ਗ਼ੈਰ-ਹਿੰਦੂ ਸਭਿਆਚਾਰਾਂ ਵਿਚਕਾਰ ਵਖਰੇਵੇਂ ਮਾਮੂਲੀ ਨਹੀਂ, ਸਗੋਂ 'ਜੜ੍ਹਾਂ ਤੱਕ ਡੂੰਘੇ' ਹਨ ਅਤੇ ਉਹਨਾਂ ਦਾ ਇਕ ਇਕਹਿਰੇ ਸਰੂਪ ਵਿੱਚ ਘੁਲ-ਮਿਲ ਜਾਣਾ ਕਤਈ ਤੌਰ ਤੇ ਮੁਮਕਿਨ ਨਹੀਂ ਹੈ। ਇਸ ਕਰਕੇ ਭਾਰਤ ਅੰਦਰ ਹਿੰਦੂ ਕੌਮ ਦੀ ਸ਼ੁਧਤਾ ਤੇ ਸਭਿਆਚਾਰ ਨੂੰ ਬਚਾ ਕੇ ਰੱਖਣ ਲਈ ਜਰਮਨੀ ਦੇ ਤਜਰਬੇ (ਯਹੂਦੀਆਂ ਨੂੰ ਮਾਰ ਮੁਕਾਉਣ) ਤੋਂ 'ਭਰਪੂਰ ਸਿੱਖਿਆ ਗ੍ਰਹਿਣ ਕਰਨੀ ਚਾਹੀਦੀ ਹੈ'।

ਗੋਲਵਾਲਕਰ ਵਲੋਂ ਉਪਰੋਕਤ ਸਤਰਾਂ ਲਿਖਣ ਵੇਲੇ ਤਕ ਜਰਮਨੀ ਅੰਦਰ ਯਹੂਦੀਆਂ ਕੋਲੋਂ ਨਾਗਰਿਕਤਾ ਖੋਹ ਲਈ ਗਈ ਸੀ। ਸਰਕਾਰੀ ਸਕੂਲਾਂ ਅੰਦਰ ਯਹੂਦੀ ਵਿਦਿਆਰਥੀਆਂ ਦਾ ਦਾਖ਼ਲਾ ਵਰਜਿਤ ਹੋ ਚੁੱਕਾ ਸੀ। ਯਹੂਦੀਆਂ ਦੇ ਕਾਰੋਬਾਰਾਂ ਤੇ ਕਿਤਿਆਂ 'ਤੇ ਪਾਬੰਦੀਆਂ ਲੱਗ ਚੁੱਕੀਆਂ ਸਨ। ਉਹਨਾਂ ਕੋਲੋਂ ਜ਼ਮੀਨਾਂ ਖੋਹ ਲਈਆਂ ਗਈਆਂ ਸਨ। ਪਾਰਕਾਂ, ਲਾਇਬਰੇਰੀਆਂ ਤੇ ਅਜਾਇਬ ਘਰਾਂ ਅੰਦਰ ਉਹਨਾਂ ਦੇ ਦਾਖ਼ਲੇ ਤੇ ਪਾਬੰਦੀਆਂ ਲੱਗ ਚੁੱਕੀਆਂ ਸਨ। ਛੇ ਸਾਲ ਤੋਂ ਵੱਧ ਉਮਰ ਦੇ ਹਰ ਯਹੂਦੀ ਲਈ ਆਪਣੇ ਮੋਢੇ ਤੇ 'ਡੇਵਿਡ ਦੇ ਤਾਰੇ' ਦਾ ਨਿਸ਼ਾਨ ਲਾਉਣਾ ਜ਼ਰੂਰੀ ਹੋ ਗਿਆ ਸੀ। 60 ਲੱਖ ਯਹੂਦੀਆਂ ਨੂੰ ਗੈਸ ਚੈਂਬਰਾਂ ਤੇ ਹੋਰ ਵਹਿਸ਼ੀ ਢੰਗ ਨਾਲ ਮੌਤ ਦੇ ਘਾਟ ਉਤਾਰਿਆ ਗਿਆ ਸੀ। ਜਿਨ੍ਹਾਂ ਦਿਨਾਂ ਵਿੱਚ ਹਿਟਲਰ ਯਹੂਦੀਆਂ ਦਾ ਘਾਣ ਕਰ ਰਿਹਾ ਸੀ, ਹਿੰਦੂ ਚਿੰਤਕ ਗੋਲਵਾਲਕਰ ਨੇ ਹਿਟਲਰ ਦੀ ਤਾਰੀਫ਼ ਵਿੱਚ ਕਿਹਾ ਸੀ-

'ਜੋ ਹੱਲ ਹਿਟਲਰ ਨੇ ਯਹੂਦੀਆਂ ਦਾ ਕੱਢਿਆ ਹੈ, ਭਾਰਤ ਨੂੰ ਹਿੰਦੂ ਰਾਸ਼ਟਰ ਬਣਾਉਣ ਲਈ ਇਹ ਹੀ ਯੋਗ ਹੱਲ ਗੈਰ-ਹਿੰਦੂਆਂ ਨਾਲ ਨਿਪਟਣ ਦਾ ਹੈ'

ਆਪਣੇ ਗੁਰੂ ਗੋਲਵਾਲਕਰ ਦੇ ਸੰਦੇਸ਼ ਮੁਤਾਬਕ ਆਰ.ਐਸ.ਐਸ.ਦਾ ਏਜੰਡਾ ਸਾਫ ਤੇ ਸਪਸ਼ਟ ਹੈ। ਉਹ ਹੈ ਸਿੱਖਾਂ ਨੂੰ ਹਿੰਦੂਆਂ ਅੰਦਰ ਜਜ਼ਬ ਕਰਨਾ। ਇਸ ਆਸ਼ੇ ਦੀ ਪੂਰਤੀ ਲਈ ਚਾਰ-ਪੰਜ ਸੌ ਦੇ ਕਰੀਬ ਪੀ.ਐਚ.ਡੀ.ਦੇ ਮਿਆਰ ਦੇ ਵੱਖ-ਵੱਖ ਵਿਸ਼ਿਆਂ ਦੇ ਸਕਾਲਰਾਂ ਦਾ 'ਥਿੰਕ ਟੈਂਕ' ਜੋ ਸਿੱਖ ਧਰਮ, ਸਿੱਖ ਸਭਿਆਚਾਰ, ਸਿੱਖ ਇਤਿਹਾਸ ਅਤੇ ਸਿੱਖ ਸੋਚ ਵਿੱਚ ਨਿਪੁੰਨ ਹਨ, ਰਾਤ ਦਿਨ ਜੁੱਟਿਆ ਹੋਇਆ ਹੈ। ਉਹ ਪਲਾਨ ਬਣਾ ਕੇ ਦੇਈ ਜਾਂਦੇ ਹਨ ਅਤੇ ਉਹਨਾਂ ਨੂੰ ਅਮਲੀ ਰੂਪ ਦੇਣ ਲਈ ਸਰਕਾਰ ਦਾ ਗੁਪਤ ਮਹਿਕਮਾ ਹੈ ਜੋ ਪੰਜਾਬ ਅਤੇ ਹੋਰਨਾਂ ਥਾਵਾਂ 'ਤੇ ਉਹਨਾਂ ਨੂੰ ਅਮਲੀ ਰੂਪ ਦੇਣ ਵਿੱਚ ਲੱਗਾ ਹੋਇਆ ਹੈ। ਜੇ ਕੋਈ ਪਲਾਨ ਠੀਕ ਤਰ੍ਹਾਂ ਸਿਰੇ ਨਹੀਂ ਚੜ੍ਹਿਆ ਤਾਂ ਉਸ ਦੀ ਥਾਂ ਦੂਜਾ ਪਹਿਲਾ ਹੀ ਤਿਆਰ ਕੀਤਾ ਪਿਆ ਹੁੰਦਾ ਹੈ ਅਤੇ ਉਸ ਨੂੰ ਲਾਗੂ ਕਰ ਦਿੱਤਾ ਜਾਂਦਾ ਹੈ।

ਸਿੱਖਾਂ ਨੂੰ ਹਿੰਦੂਆਂ ਅੰਦਰ ਜਜ਼ਬ ਕਰ ਕੇ ਸਿੱਖਾਂ ਦੀ ਨਵੇਕਲੀ ਹੋਂਦ ਨੂੰ ਖਤਮ ਕਰਨ ਲਈ ਆਰ.ਐਸ.ਐਸ.ਬੜੀ ਹੁਸ਼ਿਆਰੀ, ਲਗਨ, ਸਿਰੜ, ਤਹੱਮਲ ਅਤੇ ਗੰਭੀਰਤਾ ਤੋਂ ਕੰਮ ਲੈਂਦਿਆਂ ਹੋਇਆਂ ਕਾਫ਼ੀ ਸਾਰਾ ਮੁੱਢਲਾ ਕੰਮ (ਹੋਮ ਵਰਕ) ਪੂਰਾ ਕੀਤੀ ਬੈਠਾ ਹੈ। ਆਰ.ਐਸ.ਐਸ.ਦੇ ਲੰਮੇ ਤੇ ਚੰਗੀ ਤਰ੍ਹਾਂ ਸੋਚੇ ਸਮਝੇ ਪਲਾਨ ਹਨ। ਸਿੱਖ ਸਟੇਜਾਂ 'ਤੇ ਕਾਬਜ਼ ਹੋਣ ਲਈ ਅਤੇ ਸਿੱਖਾਂ ਨੂੰ ਸਿੱਖੀ ਤੋਂ ਦੂਰ ਕਰਨ ਲਈ ਆਰ.ਐਸ.ਐਸ.ਨੇ ਰਾਸ਼ਟਰੀਆ ਸਿੱਖ ਸੰਗਤ ਬਣਾਈ, ਆਪਣੇ ਕਲੀਨ ਸ਼ੇਵ ਕੀਰਤਨੀਏ ਤਿਆਰ ਕਰਵਾਏ, ਜਿਨ੍ਹਾਂ ਨੂੰ ਵਿਦੇਸ਼ੀ ਗੁਰਦੁਆਰਿਆਂ 'ਤੇ ਕਾਬਜ਼ ਹੱਥਠੋਕੇ ਪ੍ਰਬੰਧਕਾਂ ਵਲੋਂ ਸਪੈਸ਼ਲ ਟਿਕਟ ਭੇਜ ਕੇ ਕੀਰਤਨ ਕਰਨ ਲਈ ਬੁਲਾਇਆ ਗਿਆ। ਜਦ ਲੋਕਾਂ ਨੇ ਇਤਰਾਜ਼ ਕਰਨੇ ਸ਼ੁਰੂ ਕੀਤੇ ਤਾਂ ਉਹਨਾਂ ਅੰਮ੍ਰਿਤ ਛਕ ਲਿਆ। ਹੈਨ ਉਹੀ ਆਰ.ਐਸ.ਐਸ.ਦੇ ਟਰੇਂਡ ਕੀਤੇ ਗਏ ਨਕਲੀ ਬਹੁਰੂਪੀਏ। ਹੁਣ ਉਹਨਾਂ ਨੂੰ ਕੌਣ ਰੋਕ ਸਕਦਾ ਹੈ ਗੁਰੂ ਘਰਾਂ ਵਿੱਚ ਕੀਰਤਨ ਕਰਨ ਤੋਂ। ਖਾਸ ਕਰਕੇ ਰਾਸ਼ਟਰੀਆ ਸਿੱਖ ਸੰਗਤ ਦਾ ਚੋਗਾ ਪਾ ਕੇ ਤਾਂ ਹੋਰ ਵੀ ਕੰਮ ਅਸਾਨ ਹੋ ਗਿਆ।

ਸੋਚੀ ਸਮਝੀ ਸਾਜ਼ਿਸ਼ ਅਨੁਸਾਰ ਗੁਰੂ ਗਰੰਥ ਸਾਹਿਬ ਨੂੰ ਪੰਜਵਾਂ ਵੇਦ ਅਤੇ ਗੁਰਬਾਣੀ ਨੂੰ ਵੇਦਾਂ 'ਚੋਂ ਨਿਕਲੀ ਗੰਗਾ ਆਖ ਕੇ ਬੁੱਧ ਧਰਮ ਵਾਂਗ ਸਿੱਖੀ ਨੂੰ ਖਤਮ ਕਰਨ ਦੀ ਕੁਟਿਲ ਨੀਤੀ ਦੀ ਸਾਜ਼ਿਸ਼

ਤੋਂ ਵੱਧ ਹੋਰ ਇਹ ਕੁਝ ਵੀ ਨਹੀਂ। ਇਸ ਦਾ ਅਸਲੀ ਭਾਵ ਤਾਂ ਇਹ ਹੈ ਕਿ ਸਿੱਖ ਵੇਦਾਂ ਨੂੰ ਗੁਰਬਾਣੀ ਨਾਲੋਂ ਉਚਾ ਦਰਜਾ ਦੇਣ ਅਤੇ ਸ਼ਬਦ ਗੁਰੂ ਦੇ ਸੰਕਲਪ ਨਾਲੋਂ ਟੁੱਟ ਕੇ ਮੂਰਤੀ ਪੂਜਾ ਨਾਲ ਜੁੜਨ। ਗੁਰੂ ਗਰੰਥ ਸਾਹਿਬ ਦੇ ਨਾਲ ਮੂਰਤੀਆਂ ਰੱਖਕੇ ਉਥੇ ਹਿੰਦੂ ਅਵਤਾਰਾਂ ਦੀ ਪੂਜਾ ਕਰਨੀ ਸ਼ੁਰੂ ਕਰਨ।

ਜੇ ਸਿੱਖਾਂ ਨੇ ਅੱਖਾਂ ਨਾ ਖੋਲ੍ਹੀਆਂ, ਤਾਂ ਉਹ ਦਿਨ ਦੂਰ ਨਹੀਂ ਜਦ ਆਰ.ਐਸ.ਐਸ. ਦੇ ਪਲਾਨ ਮੁਤਾਬਕ ਗੁਰਦੁਆਰਿਆਂ ਅੰਦਰ ਹੁਣ ਟੱਲੀਆਂ ਖੜਕਣਗੀਆਂ, ਗੁਰਦੁਆਰਿਆਂ ਵਿੱਚ ਯੱਗ ਕੀਤੇ ਜਾਣਗੇ, ਸੰਖ ਵਜਣਗੇ, ਤਿਲਕ ਲੱਗਣਗੇ ਅਤੇ ਮੰਦਰਾਂ ਵਿੱਚ ਅਖੰਡ ਪਾਠ ਹੋਣਗੇ। ਇਸ ਪਲਾਨ ਨੂੰ ਅੰਤਿਮ ਰੂਪ ਦੇ ਦਿੱਤਾ ਗਿਆ ਹੈ। ਸਿੱਖ ਇਸ ਜ਼ਹਿਰੀਲੇ ਨਾਗ ਨੂੰ ਭੁਲਾਈ ਬੈਠੇ ਹਨ।

ਸਚਾਈ ਤਾਂ ਇਹ ਹੈ ਕਿ ਇਹ ਉਹੀ ਸਿੱਖ ਦੁਸ਼ਮਣ ਸੰਘ ਪਰਿਵਾਰ ਹੈ, ਜਿਨ੍ਹਾਂ ਬਲਿਊ ਸਟਾਰ ਵਹਿਸ਼ੀਆਨਾ ਹਮਲੇ ਸਮੇਂ ਲੱਡੂ ਵੰਡੇ ਸਨ; ਇਹ ਉਹੀ ਸਿੱਖ ਗੁਰੂਆਂ ਦੇ ਦੁਸ਼ਮਣ ਹਨ, ਜਿਨ੍ਹਾਂ ਨੇ ਅੰਮ੍ਰਿਤਸਰ ਦੇ ਰੇਲਵੇ ਸਟੇਸ਼ਨ ਤੇ ਦਰਬਾਰ ਸਾਹਿਬ ਦਾ ਮਾਡਲ ਤੋੜਿਆ ਸੀ; ਇਹ ਉਹੀ ਬਦਅਖ਼ਲਾਕ ਖ਼ਾਕੀ ਨਿੱਕਰਾਂ ਵਾਲੇ ਹਨ, ਜਿਨ੍ਹਾਂ ਨੇ ਗੁਰੂ ਅਮਰਦਾਸ ਸਾਹਿਬ ਦੀ ਤਸਵੀਰ 'ਤੇ ਬੀੜੀ ਚਮੇੜੀ ਸੀ; ਇਹ ਉਹੀ ਖਾਕੀ ਨਿੱਕਰਾਂ ਵਾਲੇ ਹਨ, ਜਿਨ੍ਹਾਂ ਅੰਮ੍ਰਿਤਸਰ ਵਿੱਚ ਕ੍ਰਿਪਾਨਾਂ ਤੇ ਬੀੜੀਆਂ ਟੰਗਕੇ ਜਲੂਸ ਕੱਢਿਆ ਸੀ; ਇਹ ਉਹੀ ਜਨਸੰਘੀ ਹਨ, ਜਿਨ੍ਹਾਂ ਬਲਿਊ ਸਟਾਰ ਵੇਲੇ ਫ਼ੌਜੀਆਂ ਨੂੰ ਮਿਠਾਈਆਂ ਤੇ ਸ਼ਰਾਬਾਂ ਵੰਡੀਆਂ ਸਨ ਅਤੇ ਗਿੱਧੇ ਪਾਏ ਸਨ; ਇਹ ਉਹੀ ਜਨੂਨੀ ਸ਼ਿਵ ਸੈਨੀਏ ਹਨ, ਜਿਨ੍ਹਾਂ ਨੇ ਕੁਰਾਨ ਸ਼ਰੀਫ਼ ਦੇ ਪੱਤਰਿਆਂ ਨੂੰ ਅੱਗ ਲਾ ਕੇ ਸਾੜਿਆ ਸੀ; ਇਹ ਉਹੀ ਜਨੂਨੀ ਹਨ, ਜਿਨ੍ਹਾਂ ਨੇ ਅੰਮ੍ਰਿਤਸਰ ਦੇ ਪਵਿੱਤਰ ਸਰੋਵਰ ਵਿੱਚ ਬੀੜੀਆਂ ਸੁੱਟੀਆਂ ਸਨ; ਇਹ ਉਹੀ ਜਨੂਨੀ ਹਨ, ਜਿਨ੍ਹਾਂ ਗੁਰੂ ਗਰੰਥ ਸਾਹਿਬ ਦੇ ਪੰਨੇ ਫਾੜ ਕੇ ਬਜ਼ਾਰ ਵਿੱਚ ਖਲੇਰੇ ਸਨ; ਇਹ ਉਹੀ ਫ਼ਿਰਕੂ ਹਨ, ਜਿਨ੍ਹਾਂ ਸਿੱਖਾਂ ਦੇ ਗੁਰਦੁਆਰੇ ਢਾਹੇ ਹਨ; ਇਹ ਸਭ ਬਾਦਲ ਡੋਗਰੇ ਦੇ ਚਾਚੇ, ਮਾਮੇ, ਤਾਏ ਦੇ ਭਰਾ ਹਨ, ਪਰ ਸਿੱਖੀ ਦੇ ਕਾਤਲ ਹਨ।

ਇਹ ਉਹੀ ਸਿੱਖ ਦੁਸ਼ਮਣ ਜ਼ਾਲਮ ਹਿੰਦੂਤਵੀ ਤਾਕਤ ਹੈ ਜੋ ਖੁੱਲ੍ਹੀ ਸਭਾ ਵਿੱਚ ਤਾੜੀਆਂ ਦੀ ਗੂੰਜਾਰ ਵਿੱਚ ਸਿੱਖਾਂ ਦੇ ਕੇਸ ਕਤਲ ਕਰਨ ਵਾਲੀ ਅਤੇ ਕਤਲ ਕੀਤੇ ਕੇਸਾਂ ਦੇ ਰੱਸੇ ਵੱਟ ਕੇ, ਉਨ੍ਹਾਂ ਦਾ ਥਾਂ-ਥਾਂ ਪ੍ਰਦਰਸ਼ਨ ਕਰਨ ਵਾਲੀ ਹੈ। ਇਹ ਉਹੀ ਫ਼ਿਰਕੂ ਹਿੰਦੂਤਵੀ ਮਾਨਸਿਕਤਾ ਹੈ ਜੋ ਤ੍ਰਿਸੂਲਾਂ ਉਤੇ ਸਿਗਰਟਾਂ ਟੰਗ ਕੇ ਅੰਮ੍ਰਿਤਸਰ ਦੇ ਬਜ਼ਾਰਾਂ ਵਿੱਚ ਧਮੱਚਣ ਪਾ ਕੇ, ਹਰਿਮੰਦਰ ਸਾਹਿਬ 'ਤੇ ਵਹਿਸ਼ੀਆਨਾ ਹਮਲਾ ਕਰਨ

ਵਾਲੇ ਫ਼ੌਜੀਆਂ ਨੂੰ ਸ਼ਰਾਬਾਂ, ਮਠਿਆਈਆਂ ਅਤੇ ਛਬੀਲਾਂ ਲਾ ਕੇ ਖ਼ੁਸ਼ੀਆਂ ਮਨਾਣ ਵਾਲੀ ਅਤੇ ਸਿੱਖਾਂ ਦਾ ਤਮਾਸ਼ਾ ਬਣਿਆ ਵੇਖਣਾ ਲੋਚਦੀ ਹੈ। ਪੰਜਾਬ ਦੀ ਹਿੰਦੂ ਮਾਨਸਿਕਤਾ ਸਿੱਖਾਂ ਨੂੰ ਹਿੰਦੂ ਵੀ ਬਨਾਣਾ ਚਾਹੁੰਦੀ ਹੈ ਅਤੇ ਨਾਲ ਹੀ ਦੂਜਿਆਂ ਦੀ ਰਾਖੀ ਕਰਨ ਦੀਆਂ ਡੀਂਗਾਂ ਮਾਰਨ ਵਾਲੇ ਸਿੱਖਾਂ ਦਾ ਥੋੜਾ 'ਤਮਾਸ਼ਾ' ਬਣਿਆ ਵੀ ਵੇਖਣਾ ਚਾਹੁੰਦੀ ਹੈ। ਸਿੱਖੀ ਦੀਆਂ ਇਹਨਾਂ ਜਾਨੀ ਦੁਸ਼ਮਣ ਤਾਕਤਾਂ ਤੋਂ ਖਬਰਦਾਰ ਹੋਣ ਦੀ ਲੋੜ ਹੈ। ਇਹਨਾਂ ਤੋਂ ਕਿਸੇ ਕਿਸਮ ਦੇ ਨਿਆਂ ਦੀ ਆਸ ਰੱਖਣਾ ਮੂਰਖਤਾ ਹੈ।

ਜੇ ਸਿੱਖ ਇਨਸਾਫ਼ ਦੇ ਹੱਕਦਾਰ ਹੁੰਦੇ, ਤਾਂ ਹੁਣ ਤਕ ਕਿਸੇ ਨਾ ਕਿਸੇ ਸਰਕਾਰ ਨੇ ਜਾਂ ਕਿਸੇ ਨਾ ਕਿਸੇ ਪ੍ਰਧਾਨ ਮੰਤਰੀ ਨੇ ਜ਼ਰੂਰ ਦੇ ਦੇਣਾ ਸੀ। ਲੱਗਭੱਗ ਸਾਰੀਆਂ ਹੀ ਸਿਆਸੀ ਪਾਰਟੀਆਂ ਜੋ ਇਸ ਰਾਸ਼ਟਰ ਵਿੱਚ ਹਨ, ਉਹਨਾਂ ਦੀਆਂ ਸਰਕਾਰਾਂ ਬਣ ਚੁੱਕੀਆਂ ਹਨ ਅਤੇ ਦਿੱਲੀ ਦੇ ਤਖ਼ਤ 'ਤੇ ਬੈਠ ਚੁੱਕੀਆਂ ਹਨ। ਵੱਖ-ਵੱਖ ਪਾਰਟੀਆਂ ਦੀਆਂ ਕਿਤਨੀਆਂ ਸਰਕਾਰਾਂ ਬਣੀਆਂ ਹਨ। ਕਾਂਗਰਸ ਦੀ ਸਰਕਾਰ ਬਣੀ, ਜਨਤਾ ਦਲ ਦੀ ਸਰਕਾਰ ਬਣੀ, ਕਈ ਪਾਰਟੀਆਂ ਦੀ ਸੰਯੁਕਤ ਸਰਕਾਰ ਵੀ ਬਣੀ, ਸਭ ਨੇ ਸਿੱਖਾਂ ਦੀ ਕੀਤੀ ਗਈ ਨਸਲਕੁਸ਼ੀ ਨੂੰ ਜਾਇਜ਼ ਠਹਿਰਾਇਆ।

ਸਭ ਰੰਗ ਦੀਆਂ ਸਿਆਸੀ ਪਾਰਟੀਆਂ ਦੇ ਸਮੇਂ ਸਮੇਂ ਆਪੋ ਆਪਣੇ ਪ੍ਰਧਾਨ ਮੰਤਰੀ ਬਣੇ, ਕਈ ਪਾਰਟੀਆਂ ਦੇ ਗੱਠਜੋੜ ਦੀਆਂ ਸਰਕਾਰਾਂ ਦੇ ਵੀ ਪ੍ਰਧਾਨ ਮੰਤਰੀ ਬਣੇ, ਨਹਿਰੂ, ਸ਼ਾਸਤਰੀ, ਇੰਦਰਾ, ਡਿਸਾਈ, ਰਾਜੀਵ, ਦੇਵਗੌੜਾ, ਚਰਨ ਸਿੰਘ, ਚੰਦਰ ਸ਼ੇਖ਼ਰ, ਨਰਸਿੰਮ੍ਹਾ ਰਾਓ, ਪੰਜਾਬੀ ਪੁੱਤਰ ਗੁਜਰਾਲ, ਅਟਲ ਬਿਹਾਰੀ ਵਾਜਪਾਈ। ਅੱਜ ਤਕ ਕਿਸੇ ਨੇ ਕੋਈ ਮਾਫ਼ੀ ਨਹੀਂ ਮੰਗੀ ਅਤੇ ਨਾਹੀਂ ਮੰਗਣੀ ਹੈ। ਜੇ ਮਾਫ਼ੀ ਮੰਗ ਵੀ ਲੈਣ, ਤਾਂ ਜਿਸ ਤਰ੍ਹਾਂ ਸਿੱਖਾਂ ਨੂੰ ਜ਼ਲੀਲ ਕਰਕੇ ਕੋਹ-ਕੋਹ ਕੇ ਮਾਰਿਆ ਗਿਆ ਅਤੇ ਸਿੱਖੀ ਦੀ ਹੇਠੀ ਕੀਤੀ ਗਈ, ਤਾਂ ਕੀ ਮਾਫ਼ੀ ਮੰਗ ਲੈਣ ਨਾਲ ਸਭ ਕੁਝ ਠੀਕ ਹੋ ਜਾਏਗਾ? ਢਾਈ ਲੱਖ ਤੋਂ ਵੱਧ ਸਿੱਖਾਂ ਨੂੰ ਕੁਹਾ ਕੇ, ਅਕਾਲ ਤਖ਼ਤ ਸਾਹਿਬ ਢੁਹਾਕੇ, ਧੀਆਂ-ਭੈਣਾਂ ਦੀ ਬੇਪਤੀ ਕਰਵਾਕੇ, ਕੋਈ ਵੀ ਸੈਮਾਣ ਵਾਲੀ ਕੌਮ ਇਸ ਤਰ੍ਹਾਂ ਦੀ ਮੂਰਖਤਾ ਨਹੀਂ ਕਰ ਸਕਦੀ।

ਪੰਥਕ ਹਿੱਤਾਂ ਦੇ ਪਹਿਰੇਦਾਰ ਬਣਨ ਵਾਲੇ ਭਾਂਤ-ਭਾਂਤ ਦੇ ਅਕਾਲੀ ਦਲ, ਭਾਂਤ-ਭਾਂਤ ਦੀਆਂ ਫ਼ੈਡਰੇਸ਼ਨਾਂ ਅਤੇ ਚਿੱਟੇ ਚੋਲਿਆਂ ਵਾਲੇ ਸੰਤ ਸਮਾਜੀਏ ਇਕ ਦੂਜੇ ਦੀਆਂ ਦਾੜ੍ਹੀਆਂ ਪੁੱਟਣ ਲਈ ਤਾਂ ਬੜੇ ਸ਼ੇਰ ਬਣਦੇ ਹਨ, ਪਰ ਅਜਿਹੇ ਮਸਲੇ 'ਤੇ ਸਾਰਿਆਂ ਦੇ ਮੂੰਹਾਂ ਵਿੱਚ

ਕਿਉਂ ਘੁੰਗਣੀਆਂ ਪਈਆਂ ਰਹੀਆਂ? ਨਾ ਕੋਈ ਫ਼ੈਡਰੇਸ਼ਨ ਬੋਲੀ, ਨਾ ਕੋਈ ਸਰਬ ਹਿੰਦ ਅਕਾਲੀ ਦਲ ਬੋਲਿਆ, ਨਾ ਅੰਮ੍ਰਿਤਸਰ ਅਕਾਲੀ ਦਲ ਬੋਲਿਆ, ਨਾ ਕੋਈ ਚਿੱਟੇ ਚੋਲਿਆਂ ਵਾਲਾ ਸੰਤ ਸਮਾਜੀ ਬੋਲਿਆ, ਨਾ ਕੋਈ ਡੈਮੋਕਰੈਟਿਕ ਦਲ ਹੀ ਬੋਲਿਆ, ਸਭ ਆਪੋ ਆਪਣੀਆਂ ਖੁੱਡਾਂ ਵਿੱਚ ਵੜ ਕੇ ਬੈਠ ਗਏ।

ਜਦ ਸਾਰੇ ਭਾਰਤ ਵਿੱਚ ਹਿੰਦੂਤਵ ਦਾ ਰਾਜ ਹੋਵੇ, ਪੰਜਾਬ ਵਿੱਚ ਆਪਣੀ ਸਰਕਾਰ ਹੋਵੇ, ਕੇਂਦਰ ਵਿੱਚ ਵੀ ਆਪਣੀ ਸਰਕਾਰ ਹੋਵੇ ਅਤੇ ਸ਼ਕਲੋਂ ਸਿੱਖ ਤੇ ਸੀਰਤ ਪੱਖੋਂ ਕਟੱਰ ਹਿੰਦੂ ਡੋਗਰਾ ਮੁੱਖ ਮੰਤਰੀ ਹੋਵੇ, ਤਾਂ ਅਜਿਹੀ ਹਾਲਤ ਵਿੱਚ ਪੰਜਾਬ ਦੇ ਹਿੰਦੂ ਕੋਲੋਂ ਤਹੱਮਲ ਤੇ ਸਬਰ ਦੀ ਮੰਗ ਕੀਤੀ ਜਾਣੀ ਇੰਜ ਹੈ ਜਿਵੇਂ ਕਿ ਇੱਲ ਨੂੰ ਉਸ ਦੇ ਆਪਣੇ ਹੀ ਆਲ੍ਹਣੇ ਵਿੱਚ ਪਏ ਮਾਸ ਨੂੰ ਖਾਣ ਤੋਂ ਸੰਕੋਚ ਵਰਤਣ ਲਈ ਕਿਹਾ ਜਾਵੇ।

ਆਰ.ਐਸ.ਐਸ. ਨੇ ਆਪਣੀ ਨਵੀਂ ਨੀਤੀ ਮੁਤਾਬਕ ਦੇਸ਼ ਭਰ ਦੇ ਵਸਨੀਕਾਂ ਨੂੰ ਦੋ ਵਰਗਾਂ 'ਚ ਵੰਡਿਆ ਹੈ ਇਕ ਚੰਗਾ ਵਰਗ ਅਤੇ ਇਕ ਮੰਦਾ ਵਰਗ। ਸਿੱਖ, ਮੁਸਲਮਾਨ, ਈਸਾਈ ਅਤੇ ਦਲਿਤ ਤਾਂ ਹੈਨ ਹੀ ਦੇਸ਼ ਦੁਸ਼ਮਣ ਜਦ ਤਕ ਕਿ ਉਹ ਆਪਣੇ ਆਪ ਨੂੰ ਦੇਸ਼ ਭਗਤ ਸਿੱਧ ਨਹੀਂ ਕਰਦੇ। ਦੇਸ਼ ਭਗਤ ਬਣਨ ਲਈ ਉਪਰਲੇ ਲੋਕਾਂ ਨੂੰ ਆਪਣੀ ਕੌਮ, ਆਪਣੇ ਧਰਮ ਅਤੇ ਆਪਣੇ ਸਭਿਆਚਾਰ ਨੂੰ ਘੱਟੀਆ ਸਮਝਣਾ ਪਏਗਾ, ਆਪਣੇ ਆਪ ਨੂੰ ਦੂਜੇ ਦਰਜੇ ਦਾ ਸ਼ਹਿਰੀ ਸਮਝਣਾ ਪਏਗਾ ਅਤੇ ਹਿੰਦੂ ਸਭਿਆਚਾਰ ਦੇ ਸੋਹਿਲੇ ਗਾਉਣੇ ਪੈਣਗੇ। ਆਰ.ਐਸ.ਐਸ. ਦੇ ਇਸ ਏਜੰਡੇ ਦੀ ਹਿਮਾਇਤ ਕਰਨ ਵਾਲੇ ਚੰਗੇ ਵਰਗ ਦੇ ਲੋਕ ਹਨ।

ਅਜਿਹੇ ਚੰਗੇ ਸਿੱਖਾਂ, ਮੁਸਲਮਾਨਾਂ, ਦਲਿਤਾਂ ਅਤੇ ਈਸਾਈਆਂ ਨੂੰ ਕੋਈ ਡਰ ਨਹੀਂ। ਇਹਨਾਂ ਫਾਸ਼ੀਆਂ ਦੀ ਨਜ਼ਰ 'ਚ ਸੀ.ਸੀ. ਅਲੈਗਜ਼ੈਂਡਰ ਇਕ ਚੰਗਾ ਈਸਾਈ ਹੈ, ਅਬਦੁਲ ਕਲਾਮ ਇਕ ਬਹੁਤ ਵਧੀਆ ਮੁਸਲਮਾਨ ਹੈ ਅਤੇ ਪ੍ਰਕਾਸ਼ ਸਿੰਘ ਬਾਦਲ ਇਕ ਚੰਗਾ ਸਿੱਖ ਹੈ। ਇਵੇਂ ਹੀ ਪ੍ਰਕਾਸ਼ ਸਿੰਘ ਬਾਦਲ ਵੀ ਸੱਚਾ ਸੁੱਚਾ ਦੇਸ਼ ਭਗਤ ਸਿੱਖ ਹੈ, ਈਮਾਨਦਾਰ ਨੇਤਾ ਹੈ, ਸਣੇ ਪਰਿਵਾਰ ਆਪਣੇ ਧਰਮ ਦੇ ਉਲਟ ਮੱਥੇ 'ਤੇ ਬ੍ਰਾਹਮਣਾਂ ਤੋਂ ਤਿਲਕ ਲੁਆਉਂਦਾ ਹੈ, ਦੇਵੀ ਪੂਜਾ ਕਰਦਾ ਹੈ ਅਤੇ ਹਵਨ ਕਰਾਉਂਦਾ ਹੈ।

ਅਬਦੁਲ ਕਲਾਮ ਸੱਚਾ ਦੇਸ਼ ਭਗਤ ਹੈ ਕਿਉਂਕਿ ਉਸ ਨੇ ਪ੍ਰਮਾਣੂ ਬੰਬ ਤੇ ਮਿਜ਼ਾਈਲਾਂ ਬਣਾ ਕੇ ਦਿੱਤੀਆਂ ਹਨ, ਉਹ ਆਪਣੇ ਆਪ ਨੂੰ ਮੁਸਲਮਾਨ ਹੋਣ ਦਾ ਕੋਈ ਦਾਅਵਾ ਨਹੀਂ ਕਰਦਾ ਅਤੇ

ਭਗਵਤ ਗੀਤਾ ਵੀ ਪੜ੍ਹਦਾ ਹੈ। ਜੋ ਕੰਮ ਕੋਈ ਹੋਰ ਹਿੰਦੂ ਨਹੀਂ ਕਰ ਸਕੇਗਾ, ਉਹ ਇਹ ਮੁਸਲਮਾਨ ਰਾਸ਼ਟਰਪਤੀ ਕਰ ਦਏਗਾ। ਇਸ ਲਈ ਇਸ ਨੂੰ ਰਾਸ਼ਟਰਪਤੀ ਬਣਾ ਦਿੱਤਾ ਗਿਆ ਹੈ।

ਹੋਰ ਕਿਸੇ ਵੀ ਸਿੱਖ, ਮੁਸਲਮਾਨ ਜਾਂ ਈਸਾਈ ਵਾਲੇ ਨਾਂ ਦੇ ਵਿਅਕਤੀ ਨੂੰ ਪੁਲਿਸ ਕਿਸੇ ਵੇਲੇ ਵੀ ਜਿਸ ਨੂੰ ਚਾਹੇ, ਚੁੱਕ ਸਕਦੀ ਹੈ, ਉਸ ਨੂੰ ਖਾਲਿਸਤਾਨੀ ਗਰਦਾਨ ਕੇ ਜਾਂ ਆਈ.ਐਸ.ਆਈ. ਦਾ ਏਜੰਟ ਐਲਾਨ ਕੇ ਜੇਲ੍ਹ ਦੀਆਂ ਸੀਖਾਂ ਪਿੱਛੇ ਗਲਣ-ਸੜਨ ਲਈ ਬੰਦ ਕਰ ਸਕਦੀ ਹੈ। ਹਰ ਅੰਮ੍ਰਿਤਧਾਰੀ ਸਿੱਖ ਖਤਰਨਾਕ ਦੁਸ਼ਮਣ ਹੈ, ਹਰ ਮੁਸਲਮਾਨ ਪਾਕਿਸਤਾਨ ਦਾ ਏਜੰਟ ਹੈ ਅਤੇ ਹਰ ਕਸ਼ਮੀਰੀ ਆਰ.ਐਸ.ਐਸ. ਦੀਆਂ ਅੱਖਾਂ 'ਚ ਰੜਕਦਾ ਹੈ। ਜਿਹੜਾ ਵੀ ਹਿੰਦੂ ਧਰਮ, ਹਿੰਦੂ ਸੰਸਕ੍ਰਿਤੀ ਅਤੇ ਹਿੰਦੂ ਰਹੁਰੀਤਾਂ ਦਾ ਧਾਰਨੀ ਨਹੀਂ ਬਣਦਾ, ਉਹ ਰਾਸ਼ਟਰ ਵਿਰੋਧੀ ਹੈ, ਦੇਸ਼ ਧਰੋਹੀ ਹੈ, ਦੇਸ਼ ਦਾ ਦੁਸ਼ਮਣ ਹੈ ਅਤੇ ਅੱਤਵਾਦੀ ਹੈ। ਅਜਿਹੇ ਅੱਤਵਾਦੀ ਨੂੰ ਮਾਰਨਾ ਇਹਨਾਂ ਅਨੁਸਾਰ ਇਕ ਹਲਕੇ ਕੁੱਤੇ ਨੂੰ ਮਾਰਨ ਬਰਾਬਰ ਹੈ ਜਿਸ ਦੀ ਨਾ ਕੋਈ ਦਾਦ ਹੈ ਤੇ ਨਾ ਫਰਿਆਦ।

ਘੱਟ ਗਿਣਤੀ ਦੇ ਲੀਡਰਾਂ ਨੂੰ ਹਰ ਕਿਸਮ ਦੇ ਲਾਲਚ ਦੇਕੇ ਉਹਨਾਂ ਦੀਆਂ ਜ਼ਮੀਰਾਂ ਖਰੀਦੀਆਂ ਜਾਂਦੀਆਂ ਹਨ, ਵਜ਼ੀਰੀਆਂ ਦੇ ਲਾਲਚ ਦਿੱਤੇ ਜਾਂਦੇ ਹਨ ਅਤੇ ਲੋੜ ਪੈਣ ਤੇ ਡੰਡੇ ਨਾਲ ਵੀ ਸਿੱਧਾ ਕੀਤਾ ਜਾਂਦਾ ਹੈ। ਇਹਨਾਂ ਢੰਗਾਂ ਨਾਲ ਜੇ ਕੋਈ ਸਿੱਧਾ ਨਾ ਹੋਵੇ ਅਤੇ ਫਿਰ ਵੀ ਖੁਦਦਾਰੀ ਵਿਖਾਏ ਤਾਂ ਅਜਿਹੇ ਲੋਕ ਹਿੰਦੂ ਰਾਸ਼ਟਰ ਵਿਰੋਧੀ ਕਰਾਰ ਦੇ ਦਿੱਤੇ ਜਾਂਦੇ ਹਨ। ਉਨ੍ਹਾਂ ਨੂੰ ਗੁੰਡਿਆਂ ਹੱਥੋਂ ਚੁਕਵਾ ਕੇ ਖਤਮ ਕਰ ਦਿੱਤਾ ਜਾਂਦਾ ਹੈ। ਅਜਿਹੇ ਦੇਸ਼ ਦੁਸ਼ਮਣਾਂ ਨੂੰ ਤ੍ਰਿਸ਼ੂਲਾਂ ਤੇ ਰਾਡਾਂ ਨਾਲ ਸਿਰ ਭੰਨ ਕੇ ਕੋਹ-ਕੋਹ ਕੇ ਮਾਰਿਆ ਜਾਏਗਾ, ਉਹਨਾਂ ਦੀਆਂ ਔਰਤਾਂ ਨਾਲ ਪਹਿਲਾਂ ਜਬਰ ਜਿਨਾਹ ਕੀਤਾ ਜਾਏਗਾ ਅਤੇ ਫਿਰ ਜੀਉਂਦਿਆਂ ਸਾੜ ਦਿੱਤਾ ਜਾਏਗਾ। ਉਹਨਾਂ ਦਾ ਮਾਸੂਮ ਬੱਚਿਆਂ ਨੂੰ ਗੰਡਾਸਿਆਂ ਨਾਲ ਵੱਢ ਦਿੱਤਾ ਜਾਏਗਾ, ਜਿਨ੍ਹਾਂ ਨੇ ਅਜੇ ਜਨਮ ਲੈਣਾ ਹੈ, ਉਹਨਾਂ ਨੂੰ ਸਦਾ ਦੀ ਨੀਂਦ ਸੁਆ ਦਿੱਤਾ ਜਾਏਗਾ ਅਤੇ ਉਹਨਾਂ ਦੀ ਨਸਲਘਾਤ ਕਰਕੇ ਇਸ ਧਰਤੀ ਨੂੰ ਪਵਿੱਤਰ ਬਣਾਇਆ ਜਾਏਗਾ।

ਜਿਨ੍ਹਾਂ ਨੂੰ ਵਜ਼ਾਰਤੀ ਅਹੁਦੇ ਜਾਂ ਰੁਤਬੇ ਦਿੱਤੇ ਜਾਂਦੇ ਹਨ, ਉਨ੍ਹਾਂ ਵਿਅਕਤੀਆਂ 'ਤੇ ਹਮੇਸ਼ਾ ਕਰੜੀ ਅੱਖ ਰੱਖੀ ਜਾਂਦੀ ਹੈ, ਉਹਨਾਂ ਦੇ ਟੈਲੀਫੂਨ ਬੱਗ ਹੁੰਦੇ ਹਨ, ਉਹਨਾਂ ਦੇ ਘਰਾਂ ਅੰਦਰ ਨੌਕਰ ਦੇ ਰੂਪ 'ਚ ਜਾਂ ਸੁਰੱਖਿਆ ਦੇ ਰੂਪ 'ਚ ਆਪਣੇ ਜਸੂਸ ਵਾੜੇ ਜਾਂਦੇ ਹਨ ਮਤੇ ਉਹ

ਆਪਣੀ ਔਕਾਤ ਨਾ ਭੁੱਲ ਜਾਣ। ਕਿਸੇ ਘੱਟ ਗਿਣਤੀ ਦੇ ਬੰਦੇ ਦੀ ਪੁਣਛਾਣ ਕਰਨ ਉਪਰੰਤ ਜਦ ਕਿਸੇ ਅਹੁਦੇ 'ਤੇ ਤਾਇਨਾਤ ਕਰ ਦਿੱਤਾ ਜਾਂਦਾ ਹੈ, ਤਾਂ ਆਰ.ਐਸ.ਐਸ.ਵਲੋਂ ਘੱਟ ਗਿਣਤੀਆਂ ਨੂੰ ਆਪਣੇ ਅਜਿਹੇ ਖੜੇ ਕੀਤੇ ਧੜੂਆਂ ਰਾਹੀਂ ਇਹ ਸੰਦੇਸ਼ ਦੇਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਉਹ ਸਿੱਖਾਂ, ਮੁਸਲਮਾਨਾਂ ਜਾਂ ਈਸਾਈਆਂ ਦਾ ਦੁਸ਼ਮਣ ਨਹੀਂ, ਸਗੋਂ ਉਹ ਤਾਂ ਕੇਵਲ ਵਿਗੜੇ ਹੋਏ ਅੰਸ਼ ਨੂੰ ਸਿੱਧੇ ਰਾਹੇ ਲਿਆਉਣ ਲਈ ਸਜ਼ਾ ਦਿੰਦਾ ਹੈ।

ਫਾਸ਼ੀ ਸੋਚ ਕਿਸੇ ਵੀ ਇਨਸਾਨੀ ਬਿਰਤੀ ਦੇ ਮਾਲਕ ਨੂੰ ਨਹੀਂ ਬਖਸ਼ਦੀ। ਜਿਹੜਾ ਵੀ ਇਨਸਾਨ ਇਹਨਾਂ ਦੇ ਫਾਸ਼ੀ ਏਜੰਡੇ ਦੀ ਹਿਮਾਇਤ ਨਹੀਂ ਕਰਦਾ, ਉਸ ਵਿਰੁੱਧ ਹੀ ਇਹ ਜ਼ਹਿਰ ਉਗਲਦੇ ਹਨ। ਜਿਹੜੇ ਥੋੜੇ ਬਹੁਤ ਹਿੰਦੂ ਅਜਿਹੇ ਜ਼ੁਲਮ ਨੂੰ ਨਹੀ ਸਹਾਰ ਸਕਦੇ, ਉਹਨਾਂ 'ਤੇ ਗ਼ਦਾਰ ਹਿੰਦੂ ਦਾ ਲੇਬਲ ਲਾ ਦਿੱਤਾ ਜਾਂਦਾ ਹੈ ਅਤੇ ਦੁਸ਼ਮਣਾਂ ਦੇ ਹਿਮਾਇਤੀ ਗਰਦਾਨ ਕੇ ਡੰਡੇ ਨਾਲ ਸਿੱਧਾ ਕਰ ਦੇਣ ਦੀਆਂ ਧਮਕੀਆਂ ਦਿੱਤੀਆਂ ਜਾਂਦੀਆਂ ਹਨ।

ਭਾਗ 2

ਪੰਜਾਬ 'ਚ ਰਾਜ ਕਿਸ ਦਾ

ਇਹ ਗੱਲ ਪਾਠਕਾਂ ਲਈ ਜਾਣ ਲੈਣੀ ਬਹੁਤ ਜ਼ਰੂਰੀ ਹੈ ਕਿ ਭਾਰਤ ਦਾ ਰਾਜ ਪ੍ਰਬੰਧ ਕਾਂਗਰਸ, ਭਾਰਤੀ ਜਨਤਾ ਪਾਰਟੀ, ਜਨਤਾ ਦਲ ਜਾਂ ਸਹਾਇਕ ਕਮਿਊਨਿਸਟ ਪਾਰਟੀਆਂ ਨਹੀਂ ਚਲਾਉਂਦੀਆਂ ਅਤੇ ਨਾ ਹੀਂ ਭਾਰਤ ਦੇ ਰਾਜ ਪ੍ਰਬੰਧ ਚਲਾਉਣ ਦੀ ਰਾਜਧਾਨੀ ਦਿੱਲੀ ਹੀ ਹੈ। ਅਸਲੀ ਰਾਜ ਪ੍ਰਬੰਧ ਦੀ ਰਾਜਧਾਨੀ ਤਾਂ ਨਾਗਪੁਰ ਹੈ ਜਿਥੇ ਹੈਡਗਵਾਰ ਭਵਨ ਨਾਂ ਦੀ ਪਾਰਲੀਮੈਂਟ ਹੈ, ਜਿਸ 'ਚ ਲੋਕਾਂ ਦੇ ਚੁਣੇ ਹੋਏ ਪੰਜ ਛੇ ਸੌ ਪਾਰਲੀਮੈਂਟ ਮੈਂਬਰ ਨਹੀਂ, ਸਗੋਂ 99% ਬ੍ਰਾਹਮਣਵਾਦ ਦੇ ਚੁਣੇ ਹੋਏ ਨੀਤੀਘਾੜੇ ਹਨ। ਇਕ ਹਜ਼ਾਰ ਤੋਂ ਵੱਧ ਵੱਖ-ਵੱਖ ਵਿਸ਼ਿਆਂ ਦੇ ਪੀ.ਐਚ.ਡੀ. ਫਿਲਾਸਫਰ ਬੈਠੇ ਹਨ। ਇਹ ਅਸਲ 'ਚ ਬ੍ਰਾਹਮਣਵਾਦ ਦਾ ਥਿੰਕ ਟੈਂਕ ਹੈ, ਜੋ ਭਾਰਤ ਦੇ ਨੀਤੀਘਾੜੇ ਹਨ ਅਤੇ ਉਸ ਨੂੰ ਲਾਗੂ ਕਰਨ ਲਈ ਆਪਣੇ ਆਈ.ਏ.ਐਸ. ਭੇਜਦੇ ਹਨ।

ਉਥੇ ਵੱਖ-ਵੱਖ ਘੱਟ ਗਿਣਤੀਆਂ ਦੀ ਨਸਲਕੁਸ਼ੀ ਦੇ ਵੱਖੋ ਵੱਖਰੇ ਵਿਭਾਗ ਹਨ। ਉਹ ਵੰਨ ਸੁਵੰਨੀਆਂ ਸਕੀਮਾਂ ਤਿਆਰ ਕਰਦੇ ਰਹਿੰਦੇ ਹਨ। ਜੇ ਇਕ ਸਕੀਮ ਕਾਮਯਾਬ ਨਾ ਹੋਈ ਤਾਂ ਉਸ ਦੀ ਥਾਂ ਦੂਜੀ ਨੂੰ ਕਿਵੇਂ ਲਾਗੂ ਕਰਨਾ ਹੈ ਜਾਂ ਲੋੜ ਅਨੁਸਾਰ ਕਿਵੇਂ ਬਦਲਣਾ ਹੈ? ਮੁਸਲਮਾਨਾਂ ਨੂੰ ਕਦੋਂ ਸਬਕ ਸਿਖਾਉਣਾ ਹੈ, ਸਿੱਖਾਂ ਦੀ ਨਸਲਘਾਤ ਕਿਵੇਂ ਕਰਨੀ ਹੈ, ਕਿਵੇਂ ਸਿੱਖਾਂ ਨੂੰ ਹਿੰਦੂ ਮਹਾਂਸਾਗਰ 'ਚ ਡੋਬਣਾ ਹੈ, ਸਿੱਖਾਂ ਨੂੰ ਕਿਵੇਂ ਸਬਕ ਸਿਖਾਉਣਾ ਹੈ ਆਦਿ ਸਭ ਕੁਝ ਉਥੋਂ ਤਿਆਰ ਹੋਕੇ ਆਉਂਦਾ ਹੈ।

ਪੰਜਾਬ ਦਾ ਰਾਜਪਾਲ ਸਿਰਫ ਦਿਖਾਵੇ ਦਾ ਰਸਮੀ ਰਾਜਮੁਖੀ ਹੁੰਦਾ ਹੈ। ਪੰਜਾਬ ਨਾਲ ਸਬੰਧਤ ਹਰ ਛੋਟੀ ਤੋਂ ਛੋਟੀ ਗੱਲ ਦਾ ਨਿਰਣਾ ਕੇਂਦਰੀ ਸਰਕਾਰ ਵਲੋਂ ਸਿੱਖ ਨਸਲਕੁਸ਼ੀ ਲਈ ਨਿਯੁਕਤ ਮਹਿਕਮਾ ਹੀ ਕਰਦਾ ਹੈ। ਇੰਦਰਾ ਗਾਂਧੀ ਸਮੇਂ ਤਾਂ ਇਹ ਮਹਿਕਮਾ ਇੰਦਰਾ ਗਾਂਧੀ ਤੇ ਉਸ ਦੀ ਚੋਣਵੀਂ ਸਲਾਹਕਾਰ ਜੁੰਡਲੀ ਤਕ ਹੀ ਸੀਮਤ ਰਿਹਾ ਸੀ। ਸਾਕਾ ਨੀਲਾ ਤਾਰਾ ਦੇ ਵਹਿਸ਼ੀਆਨਾ ਹਮਲੇ ਸਮੇਂ ਜਨਰਲ ਦਿਆਲ ਨੂੰ ਪੰਜਾਬ ਦੇ ਰਾਜਪਾਲ ਬੀ.ਡੀ.ਪਾਂਡੇ ਦਾ ਸਲਾਹਕਾਰ ਬਣਾਣ ਦਾ ਮਤਲਬ ਪੰਜਾਬ ਦੇ ਸਾਰੇ ਪ੍ਰਬੰਧਕੀ ਢਾਂਚੇ ਨੂੰ ਪੂਰਨ ਤੌਰ ਤੇ ਫੌਜ ਦੇ ਹਵਾਲੇ ਕਰਨਾ ਸੀ।

ਪੰਜਾਬ 'ਚ ਰਾਜ ਕਰਨ ਵਾਲੇ ਹੋਰ ਹਨ। ਇਥੋਂ ਦੇ ਮੁਖ ਮੰਤਰੀ ਤਾਂ ਕੇਵਲ ਮੁਹਰੇ ਹੁੰਦੇ ਹਨ। ਜਿਧਰ ਨੂੰ ਇਸ਼ਾਰਾ ਕੀਤਾ ਜਾਂਦਾ ਹੈ, ਉਧਰ ਨੂੰ

ਇਹਨਾਂ ਮੁਹਰਿਆਂ ਨੂੰ ਰੱਖ ਦਿੱਤਾ ਜਾਂਦਾ ਹੈ। ਹੰਟਰ ਤਾਂ ਮਾਲਕ ਦੇ ਹੱਥ 'ਚ ਰਹਿੰਦਾ ਹੈ ਅਤੇ ਸਰਕਸ ਮਾਸਟਰ ਦੇ ਇਸ਼ਾਰਿਆਂ ਅਨੁਸਾਰ ਪੰਜਾਬ ਦੇ ਮੰਤਰੀਆਂ ਨੂੰ ਕਦਮ ਪੁੱਟਣੇ ਪੈਂਦੇ ਹਨ। ਇਹ ਤਾਂ ਹੁਕਮ ਦੇ ਬੰਦੇ ਬਣਕੇ ਹੀ ਕੁਰਸੀ 'ਤੇ ਬੈਠ ਸਕਦੇ ਹਨ। ਪੰਜਾਬ ਦੇ ਸੂਬੇਦਾਰ ਦੀਆਂ ਤਣਾਵਾਂ ਕੇਂਦਰੀ ਸਰਕਾਰ ਦੇ ਹੱਥਾਂ 'ਚ ਹੁੰਦੀਆਂ ਹਨ। ਉਹ ਜਿਧਰ ਨੂੰ ਖਿਚਣ, ਉਧਰ ਨੂੰ ਮੁੜਨਾ ਪੈਂਦਾ ਹੈ। ਪੰਜਾਬ ਅੰਦਰ ਕਿਸੇ ਵੀ ਪਾਰਟੀ ਦੀ ਹਕੂਮਤ ਬਣ ਜਾਏ, ਸਿੱਖਾਂ ਦੀ ਨਿਆਰੀ ਹਸਤੀ ਨੂੰ ਮਲੀਆਮੇਟ ਕਰਨ ਦੇ ਚੱਲ ਰਹੇ ਪਲਾਨ 'ਚ ਕੋਈ ਤਬਦੀਲੀ ਨਹੀਂ ਹੋਣੀ। ਇਕ ਮਿਸਾਲ ਹਾਜ਼ਰ ਹੈ।

ਜਨਵਰੀ 1997 'ਚ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਨੇ ਆਪਣੇ ਪ੍ਰੋਗਰਾਮ ਮੁਤਾਬਕ ਲਾਵਾਰਿਸ ਤੇ ਅਣਪਛਾਤੀਆਂ ਲਾਸ਼ਾਂ ਦੇ ਮਾਮਲੇ 'ਚ ਸੁਣਵਾਈ ਆਰੰਭ ਦਿੱਤੀ ਸੀ। ਫਰਵਰੀ 'ਚ ਅਕਾਲੀ ਸਰਕਾਰ ਹੋਂਦ 'ਚ ਆਈ, ਜਿਸ ਨੇ ਕਾਂਗਰਸ ਨਾਲੋਂ ਵੀ ਸਖਤ ਤੇ ਹਮਲਾਵਰ ਤਰੀਕੇ ਨਾਲ ਕਮਿਸ਼ਨ ਵਲੋਂ ਜਾਂਚ ਕੀਤੇ ਜਾਣ ਦਾ ਵਿਰੋਧ ਕੀਤਾ ਸੀ। ਸਗੋਂ ਬਾਦਲ ਸਰਕਾਰ ਵਲੋਂ ਕਾਤਲ ਪੁਲਿਸ ਅਫਸਰਾਂ ਦੀ ਮੁਕੱਦਮਿਆਂ 'ਚ ਸ਼ਰੇਆਮ ਮਦਦ ਕੀਤੀ ਸੀ। ਆਪਣੀ ਕੁਰਸੀ ਨੂੰ ਬਹਾਲ ਰੱਖਣ ਲਈ ਬਾਦਲ ਦਾ ਕਿਰਦਾਰ ਇਥੋਂ ਤਕ ਗਿਰ ਗਿਆ ਕਿ ਅਕਾਲ ਤਖਤ ਸਾਹਿਬ ਦੀ ਸੇਵਾ ਨਿਭਾ ਚੁੱਕੇ ਨਿਧੜਕ ਭਾਈ ਗੁਰਦੇਵ ਸਿੰਘ ਕਾਉਂਕੇ ਦੀ ਪੁਲਿਸ ਹੱਥੋਂ ਗ਼ੈਰਕਾਨੂੰਨੀ ਤੌਰ ਤੇ ਮਾਰੇ ਜਾਣ ਦੀ ਰਿਪੋਰਟ ਨੂੰ ਪੰਜ ਸਾਲ ਦਬਾਈ ਰੱਖਿਆ ਸੀ। ਪੰਜਾਬ 'ਚ ਰਾਜ ਬਾਦਲ ਨਹੀਂ ਕਰਦਾ, ਰਾਜ ਤਾਂ ਕੇਂਦਰੀ ਸਰਕਾਰ ਕਰਦੀ ਹੈ।

6 ਜੂਨ 2001 ਨੂੰ ਫਗਵਾੜੇ ਵਿੱਚ ਸ਼ਿਵ ਸੈਨਾ ਨੇ ਓਪਰੇਸ਼ਨ ਬਲਿਊ ਸਟਾਰ ਦੌਰਾਨ ਮਾਰੇ ਗਏ ਸੈਨਿਕਾਂ ਦੀ ਯਾਦ ਵਿੱਚ ਹਵਨ ਕਰਵਾ ਕੇ ਸਿੱਖਾਂ ਦੇ ਜ਼ਖ਼ਮਾਂ 'ਤੇ ਨਮਕ ਛਿੜਕਿਆ। ਹੋਰ ਸਿਤਮ ਦੀ ਗੱਲ ਇਹ ਕਿ ਉਸ ਹਵਨ ਵਿੱਚ ਫਗਵਾੜੇ ਦਾ ਡੀ.ਐਸ.ਪੀ. ਰਾਜਜੀਤ ਸਿੰਘ ਸ਼ਾਮਲ ਹੋਇਆ। 7 ਜੂਨ ਦੀਆਂ ਖ਼ਬਰਾਂ ਵਿੱਚ ਇਸ ਸਬੰਧੀ ਖ਼ਬਰਾਂ ਫ਼ੋਟੋਆਂ ਸਹਿਤ ਛਪੀਆਂ। ਉਹਨਾਂ ਫ਼ੋਟੋਆਂ ਵਿੱਚ ਉਕਤ ਡੀ.ਐਸ.ਪੀ. ਆਪਣੀ ਵਰਦੀ ਵਿੱਚ ਹੁੰਦਿਆਂ ਗਲ ਵਿੱਚ ਪਰਨਾ ਪਾਈ ਸ਼ਿਵ ਸੈਨੀਆਂ ਨਾਲ ਮੂਹਰੇ ਬੈਠਾ ਹਵਨ ਕਰ ਰਿਹਾ ਸੀ। ਉਹਨਾਂ ਖ਼ਬਰਾਂ ਵਿੱਚ ਇਹ ਵੀ ਆਇਆ ਕਿ ਇਸ ਤੋਂ ਇਕ ਦਿਨ ਪਹਿਲਾਂ ਸ਼ਿਵ ਸੈਨਾ ਨੇ ਫਗਵਾੜੇ ਦੇ ਇਕ ਬਾਜ਼ਾਰ ਵਿੱਚ ਠੰਡੇ ਪਾਣੀ ਦੀ ਇਕ ਟੈਂਕੀ ਲਾਈ ਸੀ, ਜਿਸ ਦਾ ਉਦਘਾਟਨ ਉਥੇ ਦੇ ਮੁੱਖ ਥਾਣਾ ਅਫ਼ਸਰ ਹਰਭਜਨ ਸਰੂਪ ਨੇ ਕੀਤਾ। ਇਹ ਹੈ ਬਾਦਲ ਡੋਗਰੇ ਦਾ ਪੰਥਕ

ਰਾਜ ਜਾਂ ਫ਼ਾਸ਼ੀ ਆਰ.ਐਸ.ਐਸ.ਤੇ ਸ਼ਿਵ ਸੈਨਾ ਦਾ ਮਨੂਰਾਜ?

ਬਲਿਊ ਸਟਾਰ ਦੇ ਵਹਿਸ਼ੀਆਨਾ ਹਮਲੇ ਦੀ ਹਮਾਇਤ ਵਿੱਚ ਸਰਕਾਰੀ ਅਫ਼ਸਰ ਵਰਦੀਆਂ ਵਿੱਚ ਸ਼ਾਮਲ ਹੋ ਕੇ ਸਿੱਖਾਂ ਦੇ ਜ਼ਖ਼ਮਾਂ 'ਤੇ ਨਮਕ ਛਿੜਕ ਰਹੇ ਹਨ। ਹਜ਼ਾਰਾਂ ਸਿੱਖਾਂ, ਸਿੱਖ ਇਸਤਰੀਆਂ ਅਤੇ ਸਿੱਖ ਬੱਚਿਆਂ ਨੂੰ ਬੇਰਹਿਮੀ ਨਾਲ ਕਤਲ ਕਰਨ ਵਾਲੀ ਫ਼ੌਜ ਲਈ ਹਵਨ ਕਰਾਏ ਜਾ ਰਹੇ ਹਨ। ਕਿਸੇ ਪੁਲਸ ਅਫ਼ਸਰ ਦੀ ਕਿਵੇਂ ਜੁਰਅਤ ਹੋ ਸਕਦੀ ਹੈ ਕਿ ਉਹ ਅਜਿਹੇ ਸਮਾਗਮ ਵਿੱਚ ਸ਼ਾਮਲ ਹੋਵੇ। ਹੁਣ ਸੁਆਲ ਉਠਦਾ ਹੈ ਕਿ ਅਜਿਹਾ ਸਮਾਗਮ ਕਰਨ ਦੀ ਇਜਾਜ਼ਤ ਕਿਸ ਦਿੱਤੀ, ਕਿਵੇਂ ਦਿੱਤੀ ਅਤੇ ਕਿਉਂ ਦਿੱਤੀ? ਫਿਰ ਸੁਆਲ ਉਠਦਾ ਹੈ ਕਿ ਸਰਕਾਰ ਦੇ ਨੋਟਿਸ ਵਿੱਚ ਆਉਣ ਤੋਂ ਬਾਦ ਵੀ ਕੋਈ ਕਾਰਵਾਈ ਕਿਉਂ ਨਹੀਂ ਕੀਤੀ ਗਈ? ਸਾਫ਼ ਜ਼ਾਹਰ ਹੈ ਇਹ ਸਭ ਕੁਝ ਸਰਕਾਰ ਦੀ ਮਰਜ਼ੀ ਨਾਲ ਹੋਇਆ ਅਤੇ ਬਾਦਲ ਦੀ ਸਰਕਾਰ ਦੇ ਨੱਕ ਹੇਠ ਹੋਇਆ।

ਪੁਲਿਸ ਵਲੋਂ ਢਾਹੇ ਗਏ ਵਹਿਸ਼ੀਆਨਾ ਜ਼ੁਲਮਾਂ ਦੀ ਪੁਸ਼ਤਪਨਾਹੀ ਕਰਨਾ ਭਾਰਤੀ ਵਿਧਾਨ ਦੇ ਉਲਟ ਹੈ, ਮਨੁੱਖੀ ਕਦਰਾਂ ਕੀਮਤਾਂ ਦੀ ਉਲੰਘਣਾ ਹੈ, ਇਖਲਾਕੀ ਤੌਰ ਤੇ ਗ਼ਲਤ ਹੈ ਅਤੇ ਸਿੱਖੀ ਸਿਧਾਂਤ ਦੇ ਉਲਟ ਹੈ। ਵਹਿਸ਼ੀ ਪੁਲਿਸ ਦੇ ਅਤਿਆਚਾਰਾਂ ਦੀ ਜੇ ਇਕ ਮਿੰਟ ਲਈ ਗੱਲ ਇਕ ਪਾਸੇ ਵੀ ਕਰ ਦੇਈਏ, ਤਾਂ ਵੀ ਮਾਵਾਂ ਭੈਣਾ ਦੀ ਪੱਤ ਲੁੱਟਣ ਵਾਲੇ ਦੋਸ਼ੀਆਂ ਨੂੰ ਕਟਿਹਰਿਆਂ 'ਚ ਖੜੇ ਨਾ ਕਰਨਾ ਕਿਥੋਂ ਤਕ ਜਾਇਜ਼ ਹੈ? ਪੰਜਾਬ ਦੇ ਨਵੇਂ ਬਣੇ ਮੁੱਖ ਮੰਤਰੀ ਅਮਰਿੰਦਰ ਸਿੰਘ ਵਲੋਂ ਬੇਅੰਤ ਸਿੰਘ ਤੇ ਕੇ.ਪੀ.ਐਸ.ਗਿੱਲ ਦੀ ਅਗਵਾਈ ਹੇਠ ਸਿੱਖਾਂ 'ਤੇ ਵਹਿਸ਼ੀਆਨਾ ਜ਼ੁਲਮ ਢਾਹੁਣ ਵਾਲੇ ਪੁਲਸੀਆਂ ਨੂੰ ਕਾਨੂੰਨੀ ਸ਼ਿਕੰਜੇ 'ਚੋਂ ਬਚਾਉਣ ਦੀ ਗੱਲ ਕਰਨ ਤੋਂ ਸਾਫ ਜ਼ਾਹਰ ਹੈ ਕਿ ਪੰਜਾਬ ਦੇ ਸੂਬੇਦਾਰ ਨੂੰ ਸਿੱਖ ਨਸਲਕੁਸ਼ੀ ਦੇ ਪਲਾਨ ਮੁਤਾਬਕ ਚੱਲਣਾ ਪਏਗਾ ਭਾਵੇਂ ਉਹ ਕਿਸੇ ਵੀ ਪਾਰਟੀ ਦਾ ਕਿਉਂ ਨਾ ਹੋਵੇ।

ਪੰਥਕ ਹਲਕਿਆਂ ਤੋਂ ਤਿੱਖੀ ਵਿਰੋਧਤਾ ਹੋਣ ਦੇ ਬਾਵਜੂਦ ਬਾਦਲ ਨੇ ਨਿਰੰਕਾਰੀਆਂ ਨੂੰ ਕਿਉਂ ਗੁਰੂ ਦੀ ਨਗਰੀ 'ਚ ਸਮਾਗਮ ਕਰਨ ਦਿੱਤਾ ਸੀ? ਕਿਹੜੀ ਉਹ ਗੁੱਝੀ ਤਾਕਤ ਸੀ ਜਿਸ ਉਸ ਦੇ ਹੱਥ ਬੰਨ੍ਹ ਦਿੱਤੇ ਸਨ? ਅਜਿਹੇ ਸੁਆਲਾਂ ਨੂੰ ਬਦਦਿਆਨਤਦਾਰੀ ਤੇ ਚਤੁਰਾਈ ਨਾਲ ਅੱਖੋ ਉਹਲੇ ਕਰਵਾਇਆ ਜਾਂਦਾ ਰਿਹਾ ਹੈ ਤੇ ਕਰਵਾਇਆ ਜਾ ਰਿਹਾ ਹੈ ਕਿਉਂਕਿ ਇਸ ਨਾਲ ਹਿੰਦੂਤਵੀਆਂ ਦੀਆਂ ਸਿੱਖ ਨਸਲਕੁਸ਼ੀ ਦੀਆਂ ਚਾਲਾਂ ਅਤੇ ਅਕਾਲੀ ਆਗੂਆਂ ਦੀਆਂ ਕੌਮ ਨਾਲ ਕੀਤੀਆਂ ਗ਼ਦਾਰੀਆਂ ਦਾ ਸੱਚ ਸਾਹਮਣੇ ਆਉਂਦਾ ਹੈ।

ਦਿੱਲੀ ਸਰਕਾਰ ਪੰਜਾਬ ਅੰਦਰ ਉਸ ਨੂੰ ਹੀ ਸੂਬੇਦਾਰ ਬਣਾਏਗੀ,ਜਿਹੜਾ ਤਨ ਮਨ ਨਾਲ ਸਿੱਖ ਨਸਲਕੁਸ਼ੀ ਕਰਨ ਦੀ ਹਾਮੀ ਭਰੇਗਾ। ਭਾਰਤ ਦੀਆਂ ਸਾਰੀਆਂ ਹਿੰਦੂ ਸਿਆਸੀ ਪਾਰਟੀਆਂ ਨੂੰ ਪੂਰਾ ਵਿਸ਼ਵਾਸ ਹੈ ਕਿ ਬਾਦਲ ਤੋਂ ਹੀ ਸਿੱਖ ਨਸਲਕੁਸ਼ੀ ਦਾ ਦੌਰ ਆਰੰਭ ਹੋਇਆ ਅਤੇ ਇਹ ਹੀ ਬਲਦੇਵ ਸਿੰਘ ਵਾਂਗ ਆਪਣੀਆਂ ਅਰਬਾਂ ਖਰਬਾਂ ਦੀਆਂ ਜਾਇਦਾਦਾਂ ਬਚਾਉਣ ਲਈ ਸਿੱਖ ਨਸਲਕੁਸ਼ੀ ਦਾ ਕੰਮ ਸਿਰੇ ਚਾੜ੍ਹ ਸਕਦਾ ਹੈ।

ਇਥੇ ਇਹ ਗੱਲ ਨੋਟ ਕਰਨ ਵਾਲੀ ਹੈ ਕਿ ਪੰਜਾਬ ਸਿਆਸਤ ਸਬੰਧੀ ਸਾਰੀਆਂ ਹਿੰਦੂ ਜਥੇਬੰਦੀਆਂ ਦੀ ਇਕੋ ਨੀਤੀ ਹੈ। ਉਹ ਇਹ,ਕਿ ਸਿੱਖਾਂ ਨੂੰ ਸਿੱਖਾਂ ਤੋਂ ਹੀ ਮਰਵਾ ਕੇ,ਘਸਿਆਰਾ ਬਣਾ ਕੇ,ਹਰ ਪੱਖੋਂ ਕਮਜ਼ੋਰ ਕਰ ਕੇ,ਇਹਨਾਂ ਨੂੰ ਗ਼ੁਲਾਮ ਬਣਾਈ ਰੱਖਣਾ। ਇਹ ਗੱਲ ਵੀ ਚੇਤੇ ਰੱਖਣ ਵਾਲੀ ਹੈ ਕਿ ਇਹਨਾਂ ਸਾਰੀਆਂ ਪਾਰਟੀਆਂ ਵਿੱਚੋਂ ਕਿਸੇ ਇਕ ਨੇ ਵੀ ਦਰਬਾਰ ਸਾਹਿਬ ਦੇ ਹਮਲੇ ਜਾਂ ਨਵੰਬਰ ਦੇ ਸਿੱਖਾਂ ਦੇ ਕਤਲੇਆਮ ਦੀ ਅੱਜ ਤੱਕ ਨਿਖੇਧੀ ਨਹੀਂ ਕੀਤੀ। ਜਿਹੜਾ ਬਾਦਲ ਸਰਕਾਰੀ ਬੰਦੂਕਾਂ ਦੀ ਛਾਂ ਥੱਲੇ ਵਿਚਰਦਾ ਹੈ ਅਤੇ ਜਿਸ ਨੂੰ ਸਾਰੀਆਂ ਹਿੰਦੂ ਪਾਰਟੀਆਂ ਮੁੱਖ ਮੰਤਰੀ ਬਣਿਆ ਵੇਖਣਾ ਚਾਹੁੰਦੀਆਂ ਹਨ,ਉਹ ਸਿੱਖ ਕੌਮ ਦਾ ਮਿੱਤਰ ਕਿਵੇਂ ਹੋ ਸਕਦਾ ਹੈ? ਇਹ ਜ਼ਰੂਰੀ ਸੁਆਲ ਸਿੱਖ ਕੌਮ ਦਾ ਡੂੰਘੀ ਧਿਆਨ ਮੰਗਦਾ ਹੈ।

ਪੰਜਾਬ ਦੇ ਰਾਜ ਪ੍ਰਬੰਧ ਲਈ ਸਭ ਆਰਡਰ ਕੇਂਦਰ ਵਿੱਚੋਂ ਆਉਂਦੇ ਹਨ। ਪੰਜਾਬ ਅੰਦਰ ਕੋਈ ਵੀ ਅਜਿਹਾ ਕੰਮ ਸਿਰੇ ਨਹੀਂ ਚੜ੍ਹਨ ਦਿੱਤਾ ਜਾਂਦਾ,ਜਿਸ ਨਾਲ ਸਿੱਖ ਨਸਲਕੁਸ਼ੀ ਵਿੱਚ ਕੋਈ ਰੁਕਾਵਟ ਪੈਂਦੀ ਹੋਵੇ। ਜੇ ਪੰਜਾਬ ਦਾ ਕੋਈ ਅਧਿਕਾਰੀ ਗ਼ਲਤ ਬਿਆਨ ਦੇ ਦੇਵੇ,ਤਾਂ ਫ਼ੌਰਨ ਉਸ ਨੂੰ ਤਾੜਨਾ ਕੀਤੀ ਜਾਂਦੀ ਹੈ। ਇਸ ਦੀ ਪੁਸ਼ਟੀ ਲਈ ਮੈਂ "ਇੰਡੀਆ ਟੂਡੇ" ਵਿੱਚ ਛਪੇ ਉਸ ਖ਼ੁਫ਼ੀਆ ਪੱਤਰ ਦਾ ਹਵਾਲਾ ਦੇਣਾ ਚਾਹੁੰਦਾ ਹਾਂ,ਜੋ 30 ਦਸੰਬਰ 1991 ਨੂੰ ਵੀ.ਜੀ.ਵੈਦਿਆ (ਉਦੋਂ ਸਪੈਸ਼ਲ ਡਾਇਰੈਕਟਰ ਤੇ ਮਗਰੋਂ ਤਰੱਕੀ ਪਾ ਕੇ ਬਣੇ ਡਾਇਰੈਕਟਰ ਆਫ਼ ਆਈ.ਬੀ.) ਵਲੋਂ ਮਿਸਟਰ ਗਿੱਲ ਨੂੰ ਲਿਖਿਆ ਗਿਆ ਸੀ ਅਤੇ ਜੋ ਐਸ.ਐਸ.ਪੀ.ਸੰਜੀਵ ਗੁਪਤਾ ਵੱਲੋਂ ਝੂਠੇ ਮੁਕਾਬਲਿਆਂ ਨੂੰ ਉਚਿਤ ਠਹਿਰਾਏ ਜਾਣ ਦੇ ਸਬੰਧ ਵਿੱਚ ਸੀ। ਉਸ ਪੱਤਰ ਵਿੱਚ ਤਾੜਨਾ ਕਰਕੇ ਲਿਖ ਭੇਜਿਆ ਗਿਆ ਸੀ ਕਿ

> **"They (District officials) should refrain from even implicitly hinting that they indulge, connive at or approve of anything which is in violation of the law of the land.**

Their professional compulsion in executive action should not get reflected in their public utterances."

ਉਹ (ਜ਼ਿਲਾ ਅਧਿਕਾਰੀ) ਇਸ ਗੱਲ ਦਾ ਸੰਕੇਤ ਕਰਨ ਤੋਂ ਵੀ ਗੁਰੇਜ਼ ਕਰਨ ਕਿ ਉਹ ਕਿਸੇ ਤਰ੍ਹਾਂ ਦੀ ਵੀ ਦੇਸ਼ ਦੇ ਕਾਨੂੰਨ ਦੀ ਉਲੰਘਣਾ ਕਰਨ ਵਿੱਚ ਖੁਲ੍ਹ ਕੇ ਭਾਗ ਲੈਣ ਤੇ ਅਣਡਿੱਠ ਕਰਨ ਨੂੰ ਮਾਨਤਾ ਦਿੰਦੇ ਹਨ। ਉਹਨਾਂ ਦੇ ਪੇਸ਼ੇ ਦੇ ਜ਼ਬਰਦਸਤੀ ਵਾਲੇ ਪ੍ਰਬੰਧਕੀ ਅਮਲ ਤਕਰੀਰਾਂ ਵਿੱਚ ਨਹੀਂ ਉਛਾਲੇ ਜਾਣੇ ਚਾਹੀਦੇ।"

ਇਕ ਗੱਲ ਪਾਠਕਾਂ ਨੂੰ ਸਦਾ ਚੇਤੇ ਰੱਖਣੀ ਚਾਹੀਦੀ ਹੈ, ਉਹ ਇਹ ਕਿ ਭਾਰਤੀ ਸਰਕਾਰ ਦੀ ਨੀਤੀ ਪੰਜਾਬ ਮਸਲਾ ਹੱਲ ਕਰਨ ਦੀ ਨਹੀਂ ਸਗੋਂ ਜਿਉਂ ਦਾ ਤਿਉਂ ਰੱਖਣ ਦੀ ਰਹੀ ਹੈ। ਨਾ ਇਹ ਇਸ ਨੂੰ ਸੁਲ ਝਾਉਣਾ ਚਾਹੁੰਦੀ ਹੈ ਅਤੇ ਨਾ ਹੀ ਸੁਲਝਣ ਦੇਣਾ ਚਾਹੁੰਦੀ ਹੈ। ਇਹ ਮਸਲਾ ਉਤਨੀ ਦੇਰ ਤੱਕ ਹੱਲ ਨਹੀਂ ਹੋਣਾ, ਜਦ ਤੱਕ ਸਿੱਖੀ ਦਾ ਪੂਰੀ ਤਰ੍ਹਾਂ ਘਾਣ ਨਹੀਂ ਹੋ ਜਾਂਦਾ, ਸਿੱਖ ਪੂਰੀ ਤਰ੍ਹਾਂ ਘਸਿਆਰੇ ਤੇ ਹੀਣੇ ਨਹੀਂ ਬਣ ਜਾਂਦੇ ਅਤੇ ਗ਼ੁਲਾਮੀ ਕਬੂਲ ਕਰਕੇ ਸ਼ੂਦਰ ਬਣਨਾ ਸਵੀਕਾਰ ਨਹੀਂ ਕਰਦੇ। ਹਾਕਮ ਜਮਾਤ ਦਾ ਪੰਜਾਬ ਦੀ ਤਾਣੀ ਨੂੰ ਨਾ ਤਾਂ ਸੁਲਝਾਉਣ ਦਾ ਇਰਾਦਾ ਹੈ, ਨਾ ਇਸ ਸੁਲਝਾਉਣੀ ਹੈ ਅਤੇ ਨਾ ਹੀ ਸੁਲਝਣ ਦੇਣੀ ਹੈ। ਜਿਸ ਦੇ ਦੋ ਮੁੱਖ ਕਾਰਨ ਹਨ। ਇਕ ਤਾਂ ਇਹ ਕਿ ਸਿੱਖ ਕੌਮ ਦੀ ਨਸਲਕੁਸ਼ੀ ਕਰਨੀ ਅਜੇ ਬਾਕੀ ਹੈ, ਦੂਜਾ ਇਹ ਕਿ ਹਿੰਦੂ ਬਹੁਗਿਣਤੀ ਦਾ ਵੋਟ ਹਥਿਆਉਣ ਦਾ ਸਾਧਨ ਬਣਾਈ ਰੱਖਣਾ ਹੈ।

ਇਸ ਦਾ ਨਿਸ਼ਾਨਾ ਇਹ ਰਿਹਾ ਕਿ ਪੰਜਾਬ ਵਿੱਚ ਗੜਬੜ ਹੁੰਦੀ ਰਹੇ, ਗੋਲੀ ਚਲਦੀ ਰਹੇ, ਬੰਬ ਫੱਟਦੇ ਰਹਿਣ ਅਤੇ ਨਿਰਦੋਸ਼ ਸਿੱਖ ਮਰਦੇ ਰਹਿਣ, ਤਾਂ ਜੋ ਇਕ ਪਾਸੇ ਸਿੱਖ ਨਸਲਕੁਸ਼ੀ ਦਾ ਬਕਾਇਆ ਰਹਿੰਦਾ ਕੰਮ ਪੂਰਾ ਹੁੰਦਾ ਰਹੇ ਅਤੇ ਦੂਜੇ ਪਾਸੇ ਲੋੜ ਪੈਣ 'ਤੇ ਹਿੰਦੂ ਵੋਟਾਂ ਵੀ ਪ੍ਰਾਪਤ ਕੀਤੀਆਂ ਜਾ ਸਕਣ। ਇਨ੍ਹਾਂ ਨਾਪਾਕ ਮਨਸੂਬਿਆਂ ਦੀ ਪੂਰਤੀ ਲਈ ਇਸ ਬੁੱਚੜ ਸਰਕਾਰ ਨੇ ਪੰਜਾਬ ਵਿੱਚ ਉਦੋਂ ਤੱਕ ਗੋਲੀ ਚੱਲਦੀ ਰੱਖੀ, ਜਿਤਨਾ ਚਿਰ ਤੱਕ ਸਿੱਖ ਜਵਾਨੀ ਦਾ ਘਾਣ ਨਹੀਂ ਕਰ ਲਿਆ ਅਤੇ ਬਾਕੀ ਬਚ ਰਹੇ ਸਿੱਖਾਂ ਨੂੰ ਦੁਬੱਲ ਨਹੀਂ ਬਣਾ ਲਿਆ।

ਹਿੰਦੂ ਸਾਮਰਾਜ ਦੀ ਨੀਤੀ ਪੰਜਾਬ ਦਾ ਮਸਲਾ ਜਿਉਂ ਦਾ ਤਿਉਂ ਰੱਖਣ ਦੀ ਰਹੀ ਹੈ। ਪੰਜਾਬ ਤਬਾਹ ਹੋ ਰਿਹਾ ਹੈ ਤਾਂ ਸਾਡਾ, ਨਿੱਤ ਦਿਹਾੜੇ ਗਭਰੂ ਪੁੱਤਰ ਮਰ ਰਹੇ ਹਨ, ਤਾਂ ਸਾਡੇ। ਲਹੂ ਡੁੱਲ੍ਹ ਰਿਹਾ ਹੈ, ਤਾਂ ਸਾਡਾ। ਪੱਗਾਂ ਰੁਲ ਰਹੀਆਂ ਹਨ, ਤਾਂ ਸਾਡੇ ਬਾਪੂਆਂ ਦੀਆਂ।

ਬੇਪੱਤੀਆਂ ਹੋ ਰਹੀਆਂ ਹਨ, ਤਾਂ ਸਾਡੀਆਂ ਧੀਆਂ ਭੈਣਾਂ ਦੀਆਂ। ਧਾਰਮਿਕ ਅਤੇ ਸਭਿਆਚਾਰਕ ਵਿਰਸਾ ਤਬਾਹ ਹੋ ਰਿਹਾ ਹੈ, ਤਾਂ ਸਾਡਾ ਅਤੇ ਗ਼ੁਲਾਮਾਂ ਵਾਂਗ ਤਲਾਸ਼ੀਆਂ ਹੋ ਰਹੀਆਂ ਹਨ, ਤਾਂ ਸਾਡੀਆਂ। ਇਹੋ ਕੁਝ ਤਾਂ ਹਿੰਦੂ ਸਾਮਰਾਜ ਚਾਹੁੰਦਾ ਹੈ। ਭਾਰਤ ਦੀਆਂ ਸਾਰੀਆਂ ਪਾਰਟੀਆਂ ਸਿੱਖ ਨਸਲਕੁਸ਼ੀ ਦੇ ਮਸਲੇ 'ਤੇ ਇਕ ਹਨ।

ਪੰਜਾਬ 'ਚ ਹਰ ਸਿੱਖ ਲੀਡਰ ਦੀ ਖੁਫੀਆ ਫਾਈਲ

ਪੰਜਾਬ ਦਾ ਕੋਈ ਸਿੱਖ ਲੀਡਰ ਜਾਂ ਸਿੱਖ ਅਫ਼ਸਰ ਨਹੀਂ, ਜਿਸ ਦੀ ਫ਼ਾਈਲ ਕੇਂਦਰ ਕੋਲ ਨਾ ਹੋਵੇ। ਕਿਹੜਾ ਸਿੱਖ ਲੀਡਰ, ਕਿਸ ਵੇਲੇ, ਕਿਸ ਕੰਮ ਲਈ, ਕਿਵੇਂ ਵਰਤਿਆ ਜਾ ਸਕਦਾ ਹੈ? ਇਸ ਦੀ ਪੂਰਨ ਜਾਣਕਾਰੀ ਹਾਕਮ ਜਮਾਤ ਕੋਲ ਹਰ ਵੇਲੇ ਤਿਆਰ ਰਹਿੰਦੀ ਹੈ। ਖ਼ਾਸ ਕਰਕੇ ਉੱਚ ਪਦਵੀਆਂ ਵਾਲੇ ਸਾਰੇ ਸਰਕਾਰੀ ਸਿੱਖ ਅਫ਼ਸਰ ਵੀ ਇਸ ਵਿੱਚ ਸ਼ਾਮਲ ਹਨ। ਸਾਰੇ ਜ਼ਿੰਮੇਵਾਰ ਸਿੱਖ ਅਫ਼ਸਰਾਂ ਦੇ ਥਲਵੇਂ ਜਾਂ ਉਪਰਲੇ ਹਿੰਦੂ ਅਫ਼ਸਰਾਂ ਨੂੰ ਸਿੱਖ ਅਫ਼ਸਰਾਂ ਸਬੰਧੀ ਪੂਰੀ ਜਾਣਕਾਰੀ ਭੇਜਦੇ ਰਹਿਣ ਦੀਆਂ ਹਦਾਇਤਾਂ ਦਿੱਤੀਆਂ ਹੁੰਦੀਆਂ ਹਨ। ਇਨ੍ਹਾਂ ਸਿੱਖ ਅਫ਼ਸਰਾਂ 'ਤੇ ਹਾਕਮ ਜਮਾਤ ਦੀ ਕਰੜੀ ਅੱਖ ਰਹਿੰਦੀ ਹੈ।

ਹਰ ਛੋਟੇ ਮੋਟੇ ਸਿੱਖ ਲੀਡਰ ਦੀ ਫਾਈਲ ਬਣੀ ਹੋਈ ਹੈ। ਹਾਕਮ ਜਮਾਤ ਨੂੰ ਹਰ ਸਿੱਖ ਲੀਡਰ ਦੇ ਪਲ-ਪਲ ਦੀ ਜਾਣਕਾਰੀ ਮਿਲਦੀ ਰਹਿੰਦੀ ਹੈ ਕਿ ਉਹ ਕੀ ਕਰ ਰਹੇ ਹਨ, ਉਹ ਕੀ ਸੋਚ ਰਹੇ ਹਨ ਅਤੇ ਕੀ ਕਰਨ ਜਾ ਰਹੇ ਹਨ। ਕਿਹੜੇ ਸਿੱਖ ਲੀਡਰ ਨੂੰ ਕਿਸ ਮੁੱਲ ਨਾਲ, ਕਿਵੇਂ ਖਰੀਦਿਆ ਜਾ ਸਕਦਾ ਹੈ ਅਤੇ ਕਿਹੜੇ ਦਾ ਕਿਤਨਾ ਮੁੱਲ ਹੈ ਅਤੇ ਉਹ ਕਿਸ ਰਾਹੀਂ ਕਾਬੂ ਕੀਤਾ ਜਾ ਸਕਦਾ ਹੈ? ਆਦਿ ਸਾਰੀ ਜਾਣਕਾਰੀ ਮੌਜੂਦ ਰਹਿੰਦੀ ਹੈ। ਲੀਡਰਸ਼ਿਪ ਨੂੰ ਆਪਣੇ ਨਿਸ਼ਾਨਿਆਂ ਤੋਂ ਥਿੜਕਾਉਣ ਲਈ ਹਾਕਮ ਜਮਾਤਾਂ ਹਰ ਹੱਥਕੰਡਾ ਵਰਤਦੀਆਂ ਹੁੰਦੀਆਂ ਹਨ। ਲੀਡਰ ਦੀ ਕਮਜ਼ੋਰੀ ਅਨੁਸਾਰ ਲਾਲਚ ਦਿੱਤੇ ਜਾਂਦੇ ਹਨ, ਪੈਸਿਆਂ ਦਾ ਮੀਂਹ ਵਰ੍ਹਾਇਆ ਜਾਂਦਾ ਹੈ, ਧਮਕੀਆਂ ਵੀ ਦਿੱਤੀਆਂ ਜਾਂਦੀਆਂ ਹਨ, ਚਰਿਤਰ ਘਾਣ ਕਰਨ ਦੇ ਉਪਰਾਲੇ ਵੀ ਕੀਤੇ ਜਾਂਦੇ ਹਨ, ਵਜ਼ੀਰੀਆਂ ਦੇ ਲਾਲਚ ਵੀ ਦਿੱਤੇ ਜਾਂਦੇ ਹਨ।

ਸਿੱਖ ਅਫ਼ਸਰ ਭਾਵੇਂ ਉਹ ਤਹਿਸੀਲਦਾਰ ਹੈ, ਥਾਣੇਦਾਰ ਹੈ, ਡਿਪਟੀ ਕਮਿਸ਼ਨਰ ਹੈ, ਐਮ.ਐਲ.ਏ.ਹੈ, ਮੰਤਰੀ ਹੈ, ਮੁੱਖ ਮੰਤਰੀ ਹੈ ਜਾਂ ਗਵਰਨਰ ਹੈ, ਇਹਨਾਂ ਸਾਰਿਆਂ 'ਤੇ ਸਰਕਾਰ ਦੀ ਚੌਵੀ ਘੰਟੇ ਨਿਰੰਤਰ ਨਜ਼ਰ ਰਹਿੰਦੀ ਹੈ। ਇਹਨਾਂ ਦੇ ਟੈਲੀਫ਼ੂਨ ਰਿਕਾਰਡ ਹੁੰਦੇ ਹਨ। ਇਹਨਾਂ ਦੇ ਘਰਾਂ ਵਿੱਚ ਨੌਕਰਾਂ ਦੀ ਸ਼ਕਲ ਵਿੱਚ, ਸਕਿਉਰਿਟੀ ਦੇ ਰੂਪ ਵਿੱਚ ਜਾਂ ਕਿਸੇ ਹੋਰ ਸ਼ਕਲ ਵਿੱਚ ਸੂਹੇ ਨਿਯੁਕਤ ਰਹਿੰਦੇ ਹਨ। ਇਹਨਾਂ ਦੇ

ਬਿਆਨ ਵੀ ਹਾਕਮ ਜਮਾਤ ਵਲੋਂ ਲਿਖੇ ਹੋਏ ਆਉਂਦੇ ਹਨ। ਇਹਨਾਂ ਦੁਆਲੇ ਸਪੈਸ਼ਲ ਸਕਿਉਰਿਟੀ ਦਾ ਜਾਲ ਵਿਛਿਆ ਰਹਿੰਦਾ ਹੈ। ਇਹ ਉਨ੍ਹਾਂ ਚਿਰ ਹੀ ਅਫ਼ਸਰ ਬਣੇ ਰਹਿੰਦੇ ਹਨ, ਜਿੰਨਾ ਚਿਰ ਐਨ ਸੌ ਫ਼ੀਸਦੀ ਮਾਲਕ ਦੇ ਇਸ਼ਾਰਿਆਂ 'ਤੇ ਨੱਚ ਕੇ ਵਿਖਾਉਂਦੇ ਰਹਿੰਦੇ ਹਨ। ਇਹਨਾਂ ਦੇ ਹੱਥਾਂ ਵਿੱਚ ਕੁਝ ਨਹੀਂ, ਸਭ ਕੁਝ ਇਹਨਾਂ ਦੇ ਮਾਲਕ ਦੇ ਹੱਥਾਂ ਵਿੱਚ ਹੈ।

ਪੰਜਾਬ ਅੰਦਰ ਕੇਂਦਰ ਦੀ ਇਸ ਨੀਤੀ ਨੂੰ ਲਾਗੂ ਕਰਨ ਵਾਲਾ ਹੀ ਹਮੇਸ਼ਾ ਪੰਜਾਬ ਦਾ ਸੂਬੇਦਾਰ ਰਿਹਾ ਹੈ। ਜਿਸ ਦਿਨ ਉਸ ਨੇ ਇਹ ਕੰਮ ਜਾਰੀ ਰੱਖਣ 'ਚ ਢਿੱਲ ਵਿਖਾਈ ਜਾਂ ਉਹ ਲਾਗੂ ਕਰ ਸਕਣ ਦੇ ਅਸਮਰਥ ਹੋ ਗਿਆ ਜਾਂ ਅੱਖਾਂ ਵਿਖਾਈਆਂ, ਤਾਂ ਉਸ ਨੂੰ ਇਕ ਪਾਸੇ ਕਰ ਦਿੱਤਾ ਜਾਂਦਾ ਰਿਹਾ ਹੈ। ਪੁਲਿਸ, ਸੀ.ਆਰ.ਪੀ.ਐਫ., ਕੇਂਦਰੀ ਖੁਫੀਆ ਏਜੰਸੀ ਆਦਿਕ ਆਪੋ ਆਪਣੇ ਸਥਾਨਕ ਗੁੰਡੇ, ਕਾਤਲ ਅਤੇ ਲੁੱਟ ਮਾਰ ਕਰਨ ਵਾਲੇ ਬੁਰਛਾਗਰਦ ਰੱਖਦੇ ਰਹੇ ਹਨ ਤੇ ਹੁਣ ਵੀ ਰੱਖਦੇ ਹਨ। ਇਸ ਤੋਂ ਬਿਨਾਂ ਕਈ ਕਾਂਗਰਸ 'ਆਈ' ਦੇ ਬੰਦਿਆਂ ਨੂੰ ਵੀ ਸਿੱਖਾਂ ਦੇ ਮਾਰਨ ਦੀ ਖੁੱਲ੍ਹ ਦੇ ਰੱਖੀ ਸੀ। ਉਹਨਾਂ ਨੂੰ ਹਰ ਲੋੜੀਂਦਾ ਸਮਾਨ ਵੀ ਦਿੱਤਾ ਜਾਂਦਾ ਸੀ ਅਤੇ ਕਾਨੂੰਨੀ ਹਿਫਾਜ਼ਤ ਵੀ ਦਿੱਤੀ ਜਾਂਦੀ ਸੀ। ਉਹਨਾਂ ਨੇ ਆਪਣੇ ਨਿੱਜੀ ਬੁੱਚੜਖਾਨੇ ਖੋਲ੍ਹ ਰੱਖੇ ਸਨ ਜਿਨ੍ਹਾਂ 'ਚ ਉਹ ਅਗਵਾ ਕਰ ਲਿਆਂਦੇ ਬੰਦਿਆਂ ਨੂੰ ਤਸੀਹੇ ਦੇਕੇ ਕੋਹ-ਕੋਹ ਕੇ ਮਾਰਦੇ ਸਨ।

ਅਜ਼ਾਦੀ ਦੇ ਪਹਿਲੇ ਦਿਨ ਤੋਂ ਚੰਦੂ ਲਾਲ ਤਰਵੇਦੀ ਨੇ ਸਰਕੁਲਰ ਜਾਰੀ ਕਰਕੇ ਸਿੱਖਾਂ ਦੇ ਸਭ ਬੁਨਿਆਦੀ ਸ਼ਹਿਰੀ ਹੱਕ ਖੋਹ ਲਏ ਹੋਏ ਨੇ। ਬਿਨਾਂ ਵਾਰੰਟਾਂ ਗਰਿਫਤਾਰੀਆਂ ਕਰਨੀਆਂ, ਹਿਰਾਸਤ 'ਚ ਰੱਖਣਾ, ਤਸੀਹੇ ਦੇਣੇ, ਝੂਠੇ ਮੁਕਾਬਲੇ ਬਣਾ ਕੇ ਗੋਲੀ ਨਾਲ ਭੁੰਨ ਦੇਣਾ, ਘਰ ਵਾਲਿਆਂ ਨੂੰ ਲਾਸ਼ ਵੀ ਨਾ ਦੇਣੀ, ਝੂਠੇ ਦੋਸ਼ ਲਾਕੇ ਝੂਠੇ ਮੁਕੱਦਮਿਆਂ 'ਚ ਫਸਾਉਣਾ, ਬੇਗੁਨਾਹ ਲੋਕਾਂ ਤੋਂ ਵੱਡੇ ਪੈਮਾਨੇ 'ਤੇ ਪੈਸੇ ਬਟੋਰ ਕੇ ਉਹਨਾਂ ਨੂੰ ਰਿਹਾ ਕਰਨਾ ਅਤੇ ਕੁਝ ਮਹੀਨਿਆਂ ਬਾਅਦ ਫਿਰ ਗ੍ਰਿਫਤਾਰ ਕਰ ਲੈਣਾ ਪੁਲਿਸ ਦਾ ਰੋਜ਼ ਦਾ ਕੰਮ ਰਿਹਾ ਹੈ।

ਪੰਜਾਬ 'ਚ ਅਸਲ ਰਾਜ ਤਾਂ ਬੰਦੂਕ ਦਾ ਚਲਦਾ ਹੈ। ਬੰਦੂਕਾਂ ਪੰਜਾਬ ਦੀਆਂ ਖੁਫੀਆ ਏਜੰਸੀਆਂ ਕੋਲ ਵੀ ਰਹਿੰਦੀਆਂ ਨੇ ਅਤੇ ਕੇਂਦਰੀ ਖੁਫੀਆ ਏਜੰਸੀਆਂ ਕੋਲ ਵੀ। ਪੰਜਾਬ ਪੁਲਿਸ ਕੋਲ ਵੀ ਅਤੇ ਸੀ.ਆਰ.ਪੀ.ਐਫ.ਤੇ ਬੀ.ਐਸ.ਐਫ.ਕੋਲ ਵੀ। ਕਾਂਗਰਸ ਆਈ ਵਲੋਂ ਤਿਆਰ ਕੀਤੇ ਦਾਦਿਆਂ ਕੋਲ ਵੀ ਅਤੇ ਖੁਫੀਆ ਏਜੰਸੀਆਂ ਦੇ ਖੜੇ ਕੀਤੇ ਕਾਤਲਾਂ ਕੋਲ ਵੀ। ਸਿੱਖਾਂ ਦੀਆਂ ਸਫਾਂ ਅੰਦਰ ਖੜੇ ਕੀਤੇ

ਜਥੇਦਾਰਾਂ ਕੋਲ ਵੀ ਅਤੇ ਆਰ.ਐਸ.ਐਸ.ਦੇ ਗੁੰਡਿਆਂ ਕੋਲ ਵੀ।

ਬਰਨਾਲੇ ਦੇ ਰਾਜ ਸਮੇਂ ਜਲੰਧਰ ਦੇ ਐਸ.ਪੀ.ਇਜ਼ਹਾਰ ਆਲਮ ਦੀ ਅਗਵਾਈ ਹੇਠ ਪੁਲਿਸ ਤੇ ਸੀ.ਆਰ.ਪੀ.ਐਫ ਨੇ ਨਕੋਦਰ 'ਚ ਇਕ ਜਲੂਸ ਦੇ ਦੌਰਾਨ ਵਹਿਸ਼ੀਆਨਾ ਕਾਰਵਾਈ ਕਰਦਿਆਂ ਫੈਡਰੇਸ਼ਨ ਦੇ ਚਾਰ ਵਿਅਕਤੀ ਮਾਰ ਦਿੱਤੇ। ਉਹਨਾਂ ਦੇ ਪਰਿਵਾਰਾਂ ਨੂੰ ਲਾਸ਼ਾਂ ਵੀ ਨਾ ਦਿੱਤੀਆਂ ਗਈਆਂ ਅਤੇ ਪੁੱਲਸ ਨੇ ਆਪ ਸਸਕਾਰ ਕਰ ਦਿੱਤਾ ਸੀ। ਬਰਨਾਲਾ ਅਜਿਹੇ ਪੁਲਿਸ ਅਫਸਰਾਂ ਨੂੰ ਮੁਅੱਤਲ ਕਰਨ ਦੀ ਥਾਂ ਸਿਰਫ ਬਦਲੀ ਹੀ ਕਰ ਸਕਿਆ ਸੀ।

ਪੰਜਾਬ 'ਚ ਇਕ ਪਾਸੇ ਰੇ-ਰਿਬੇਰੋ ਦੇ ਜ਼ੁਲਮਾਂ ਦੀ ਚੱਕੀ ਚਲਦੀ ਰਹੀ, ਦੂਜੇ ਪਾਸੇ ਬੂਟਾ ਸਿੰਘ ਦੇ ਜ਼ੁਲਮਾਂ ਦੀ। ਬੂਟਾ ਸਿੰਘ ਪੰਜਾਬ ਰਾਜ ਪ੍ਰਬੰਧ ਦੀਆਂ ਖਾਸ ਪੁਜ਼ੀਸ਼ਨਾਂ 'ਤੇ ਆਪਣੇ ਬੰਦੇ ਲਾਉਣ ਦੇ ਯਤਨ ਕਰਦਾ ਰਿਹਾ ਪਰ ਰੇ-ਰਿਬੇਰੋ ਦੀ ਸਿੱਧੀ ਰਾਜੀਵ ਤਕ ਪਹੁੰਚ ਹੋਣ ਕਾਰਨ ਉਹਨਾਂ ਦਾ ਵਧੇਰੇ ਜ਼ੋਰ ਚੱਲਦਾ ਸੀ। ਸਿੱਖਾਂ ਲਈ ਤਾਂ ਗੋਲੀ ਤੇ ਲਾਠੀ ਦਾ ਰਾਜ ਹੀ ਬਣਿਆ ਰਿਹਾ ਹੈ ਤੇ ਬਣਿਆ ਹੋਇਆ ਹੈ। ਬਾਦਲ ਵੇਲੇ ਵੀ ਪੁਲਿਸ ਦਰਬਾਰ ਸਾਹਿਬ ਜਾਂਦੀ ਰਹੀ। ਹੁਣ ਉਸੇ ਕੈਪਟਨ ਅਮਰਿੰਦਰ ਸਿੰਘ ਨੇ ਦਰਬਾਰ ਸਾਹਿਬ 'ਚ ਪੁਲਿਸ ਭੇਜਣਾ ਠੀਕ ਦੱਸਿਆ, ਜਿਸ ਨੇ ਦਰਬਾਰ ਸਾਹਿਬ 'ਚ ਪੁਲਿਸ ਭੇਜਣ ਦੇ ਰੋਸ ਵਜੋਂ ਅਸਤੀਫਾ ਦੇ ਦਿੱਤਾ ਸੀ। ਹਿੰਦੂ ਬਹੁਗਿਣਤੀ ਦੇ ਰਾਜ 'ਚ ਸਿੱਖ ਆਪਣੀ ਹੋਂਦ ਕਾਇਮ ਨਹੀਂ ਰੱਖ ਸਕਦੇ।

ਹਿੰਦੁਸਤਾਨ ਦੀ ਇਕ ਅਰਬ ਦੀ ਅਬਾਦੀ ਵਿੱਚ ਸਵਾ ਜਾਂ ਡੇਢ ਕਰੋੜ ਦੀ ਅਬਾਦੀ ਵਾਲੇ ਸਿੱਖ ਭਾਈਚਾਰੇ ਦੀ ਵੋਟਾਂ ਰਾਹੀਂ ਕਿਸ ਗੱਲ ਸੁਨਣੀ ਹੈ। ਜੇ ੭੪% ਲੋਕ ਪਾਰਲੀਮੈਂਟ ਵਿੱਚ ਇਹ ਬਿਲ ਰੱਖਣ ਕਿ ਸਾਰੇ ਮੈਂਬਰ ਪਾਰਲੀਮੈਂਟ ਵਿੱਚ ਜੰਜੂ ਪਾ ਕੇ ਆ ਸਕਦੇ ਹਨ ਤਾਂ ਉਥੇ ਦੋ ਵੋਟ ਪਾ ਕੇ ਸਿੱਖ ਕੀ ਕਰ ਲੈਣਗੇ? ਸਿੱਖਾਂ ਨੂੰ ਤਬਾਹ ਕਰਕੇ ਹਿੰਦੂ ਬਣਾਉਣ ਦੇ ਮਸਲੇ 'ਤੇ ਤਾਂ ਸਭ ਪਾਰਟੀਆਂ ਇਕਮਤ ਹਨ। ਜਿਹੜੇ ਸਿੱਖ ਲੀਡਰ ਅਜਿਹੇ ਵੋਟਾਂ ਵਾਲੇ ਰਾਜ ਪ੍ਰਬੰਧ ਵਿੱਚ ਸਿੱਖ ਕੌਮ ਦੇ ਭਵਿੱਖ ਦਾ ਹੋਕਾ ਦਿੰਦੇ ਹਨ, ਉਹਨਾਂ ਦੀ ਰਾਜਨੀਤਕ ਸੋਚ ਕੌਮ ਲਈ ਨਹੀਂ ਸਗੋਂ ਆਪਣੇ ਲਈ ਸੱਤਾ ਹਥਿਆਉਣ ਦੇ ਹੱਥਕੰਡੇ ਹਨ।

ਪੰਜਾਬ ਵਿੱਚ ਅਕਾਲੀ ਸਰਕਾਰਾਂ ਬਣ ਚੁੱਕੀਆਂ ਹਨ। ਅੱਜ ਤਕ ਉਹ ਪੰਜਾਬ ਲਈ ਕੀ ਕਰ ਸਕੇ ਹਨ? ਕੁਝ ਵੀ ਨਹੀਂ। ਪੰਜਾਬ ਦੀ ਸਰਕਾਰ ਚਲਾਉਣ ਵਾਲੇ ਹੋਰ ਹਨ। ਸਿੱਖ ਲੀਡਰ ਤਾਂ ਮੁਹਰੇ ਵਜੋਂ ਵਰਤੇ ਜਾਂਦੇ ਹਨ। ਜੋ ਬਿਆਨ ਉਹਨਾਂ ਲਈ ਤਿਆਰ ਕੀਤਾ ਆਉਂਦਾ ਹੈ, ਉਹ ਪੜ੍ਹ ਕੇ ਸੁਣਾ ਦਿੰਦੇ ਹਨ। ਉਹਨਾਂ ਦੇ ਹੱਥ ਪੱਲੇ ਕੁਝ ਨਹੀਂ

ਹੁੰਦਾ। ਹਾਂ, ਜੇ ਕਿਸੇ ਮਾਸਟਰ ਜਾਂ ਪਟਵਾਰੀ ਦੀ ਤਬਦੀਲੀ ਕਰਵਾਉਣੀ ਹੋਵੇ, ਤਾਂ ਉਹ ਅਜਿਹੇ ਕੰਮ ਕਰ ਸਕਦੇ ਹਨ। ਜੇ ਕਹੋ ਕਿ ਪੰਜਾਬ ਦੇ ਉਜਲੇ ਭਵਿੱਖ ਲਈ ਉਹ ਕੋਈ ਕਦਮ ਚੁੱਕ ਸਕਣਗੇ, ਇਹ ਅਸੰਭਵ ਹੈ। ਸਗੋਂ ਉਹਨਾਂ ਨੂੰ ਸਿੱਖ ਨਸਲਘਾਤ ਦੇ ਪ੍ਰੋਗਰਾਮ ਨੂੰ ਸਿਰੇ ਚਾੜ੍ਹਨ ਦੇ ਆਦੇਸ਼ ਦਿੱਤੇ ਜਾਣਗੇ। ਜਿੰਨਾ ਚਿਰ ਉਹ ਸਿੱਖ ਨਸਲਘਾਤ ਕਰਦੇ ਰਹਿਣਗੇ, ਉਹਨਾਂ ਦੀ ਵਜ਼ਾਰਤ ਕਾਇਮ ਰਹੇਗੀ। ਜਦ ਵੀ ਉਹਨਾਂ ਦੇ ਕਿਸੇ ਕੰਮ ਨੂੰ ਸਿਰੇ ਚਾੜ੍ਹਨ ਵਿੱਚ ਢਿੱਲ-ਮਠ ਕੀਤੇ ਜਾਣ ਦੀ ਸੂਹ ਮਿਲੀ, ਉਦੋਂ ਹੀ ਉਹਨਾਂ ਦੀ ਵਜ਼ਾਰਤ ਤੋੜ ਕੇ ਗਵਰਨਰੀ ਰਾਜ ਕਾਇਮ ਕਰ ਦਿੱਤਾ ਜਾਣਾ ਹੈ।

ਪੰਜਾਬ ਦੇ ਹਿੱਤਾਂ 'ਤੇ ਪਹਿਰੇ ਦੇਣ ਦੀ ਜ਼ਾਮਨੀ ਭਰਨ ਦੇ ਹੋਕੇ ਦੇਣੇ ਹੋਰ ਗੱਲ ਹੈ ਅਤੇ ਵਾਅਦਿਆਂ ਨੂੰ ਅਮਲੀ ਜਾਮਾ ਪਹਿਨਾਉਣਾ ਹੋਰ ਗੱਲ ਹੈ। ਅਕਾਲੀਆਂ ਦੇ ਵਾਅਦੇ ਹਮੇਸ਼ਾ ਚੋਣਾਂ ਜਿੱਤਣ ਦੇ ਖੇਖਣ ਹੀ ਸਾਬਤ ਹੁੰਦੇ ਆਏ ਹਨ। ਆਮ ਭੋਲੇ ਭਾਲੇ ਲੋਕਾਂ ਨੂੰ ਮਗਰ ਲਾਉਣ ਵਾਲੇ ਮੱਕਾਰ ਲੀਡਰਾਂ ਨੇ ਅੱਜ ਤਕ ਕੀ ਕੀਤਾ ਹੈ? ਸਿੱਖਾਂ ਨੂੰ ਇਹ ਗੱਲ ਚੰਗੀ ਤਰ੍ਹਾਂ ਸਮਝ ਲੈਣੀ ਚਾਹੀਦੀ ਹੈ ਕਿ ਲੋਕਤੰਤਰੀ ਢਾਂਚੇ ਵਿੱਚ 1-2% ਵਾਲੀ ਘੱਟ ਗਿਣਤੀ ਦਾ ਕੋਈ ਭਵਿੱਖ ਨਹੀਂ। ਉਹਨਾਂ ਦਾ ਕੁਝ ਵੀ ਸੁਰੱਖਿਅਤ ਨਹੀ।

ਜੇ ਸਿੱਖ ਵਿਸ਼ੇਸ਼ ਹੱਕਾਂ ਦੀ ਕੋਈ ਮੰਗ ਰੱਖਣਗੇ ਤਾਂ ਉਸ ਨੂੰ ਬ ਲੋਕਤੰਤਰਕ ਅਸੂਲਾਂ ਦੇ ਉਲਟ ਦਰਸਾ ਕੇ ਠੋਕਰ ਮਾਰ ਕੇ ਇਕ ਪਾਸੇ ਕਰ ਦਿੱਤੀ ਜਾਏਗੀ। ਜੇ ਉਹ ਵੋਟਾਂ ਦੀ ਸਿਆਸਤ ਰਾਹੀਂ ਸੂਬਾਈ ਪੱਧਰ ਤੇ ਆਪਣਾ ਰਾਜ ਕਾਇਮ ਕਰ ਲੈਣ (ਜਿਵੇਂ ਕਿ ਪਹਿਲਾਂ ਅਕਾਲੀ ਕਈ ਵਾਰ ਕਰ ਚੁੱਕੇ ਹਨ) ਤਾਂ ਸੂਬਾਈ ਸਰਕਾਰ ਦੇ ਨਾ ਤਾਂ ਕੁਝ ਹੱਥ ਪੱਲੇ ਹੈ, ਨਾ ਦਿੱਤਾ ਜਾਣਾ ਹੈ ਅਤੇ ਨਾ ਹੀ ਕੁਝ ਹੋਣ ਦੇਣਾ ਹੈ ਕਿਉਂਕਿ ਬਹੁਗਿਣਤੀ ਦਾ ਪਲਾਨ ਹੈ ਕਿ ਸਿੱਖਾਂ ਨੂੰ ਹਿੰਦੂਆਂ ਵਿੱਚ ਜਜ਼ਬ ਕਰਨਾ ਜ਼ਰੂਰੀ ਹੈ। ਉਹ ਕੋਈ ਅਜਿਹਾ ਕਦਮ ਨਹੀਂ ਚੁੱਕਣ ਦੇਣਗੇ ਜਿਸ ਨਾਲ ਪੰਜਾਬੀ ਬੋਲੀ, ਪੰਜਾਬੀ ਸਭਿਆਚਾਰ ਅਤੇ ਸਿੱਖ ਧਰਮ ਪ੍ਰਫੁਲਤ ਹੋ ਸਕੇ।

ਪੰਜਾਬ ਪੁਲਿਸ ਕੋਲ ਅਸੀਮਤ ਅਖਤਿਆਰ

ਪੰਜਾਬ ਦੇ ਹਰ ਥਾਣੇਦਾਰ ਕੋਲ ਜ਼ਿੰਦਗੀ ਮੌਤ ਦੇ ਅਸੀਮਤ ਅਧਿਕਾਰ ਹਨ, ਜੋ ਦੁਨੀਆ ਦੇ ਸਭ ਤੋਂ ਵੱਧ ਸ਼ਕਤੀਸ਼ਾਲੀ ਮੁਲਕ ਅਮਰੀਕਾ ਦੇ ਪ੍ਰੈਜ਼ੀਡੈਂਟ ਕੋਲ ਵੀ ਨਹੀਂ ਹਨ। ਪੰਜਾਬ ਦਾ ਥਾਣੇਦਾਰ ਜਦੋਂ ਚਾਹੇ, ਜਿਸ ਨੂੰ ਚਾਹੇ, ਜਿੱਥੇ ਚਾਹੇ, ਸ਼ਰੇਆਮ ਦਿਨ ਦਿਹਾੜੇ ਗੋਲੀ ਨਾਲ ਭੁੰਨ ਸਕਦਾ ਹੈ। ਕੋਈ ਉਸ ਨੂੰ ਕਿੰਤੂ ਕਰਨ ਵਾਲਾ

ਨਹੀਂ। ਸਿੱਖਾਂ ਲਈ ਪੰਜਾਬ ਵਿੱਚ ਜੰਗਲ ਦਾ ਰਾਜ ਹੈ, ਨਾ ਕੋਈ ਹਕੂਮਤ ਹੈ ਅਤੇ ਨਾ ਹੀ ਉਹਨਾਂ ਲਈ ਕੋਈ ਇਨਸਾਫ਼ ਹੈ।

ਪੰਜਾਬ ਪੁਲਿਸ ਨੂੰ ਹੈਵਾਨੀਅਤ ਦੀ ਅਲੰਬਰਦਾਰ ਜ਼ਾਲਮ ਸਰਕਾਰ ਦੀ ਪੂਰੀ ਪੁਸ਼ਤਪਨਾਹੀ ਹਾਸਲ ਹੈ, ਇਥੇ ਪੁਲਿਸ ਹੀ ਅਦਾਲਤ ਹੈ, ਪੁਲਿਸ ਹੀ ਜੱਜ ਹੈ ਅਤੇ ਪੁਲਿਸ ਹੀ ਜਲਾਦ ਹੈ। ਅਵਾਜ਼ ਉੱਚੀ ਕਰਨ ਵਾਲਿਆਂ ਨੂੰ ਅੱਤਵਾਦੀ, ਵੱਖਵਾਦੀ ਅਤੇ ਦੇਸ਼ ਧਰੋਹੀ ਗਰਦਾਨ ਕੇ, ਤਸੀਹੇ ਦੇ-ਦੇ ਕੇ, ਕੋਹ-ਕੋਹ ਕੇ, ਲਾਵਾਰਸ ਲਾਸ਼ਾਂ ਗਰਦਾਨ ਕੇ, ਝੂਠੇ ਮੁਕਾਬਲਿਆਂ ਵਿੱਚ ਮਾਰੇ ਗਏ ਦੱਸ ਕੇ ਇਨਾਮ ਪ੍ਰਾਪਤ ਕੀਤੇ ਜਾਂਦੇ ਹਨ। ਹਿਟਲਰ ਦੇ ਵਾਰਸ ਸ਼ਿਵ ਸੈਨਿਕ ਹੈਵਾਨੀਅਤ ਤੇ ਸ਼ੈਤਾਨੀਅਤ ਦੇ ਰਾਹਾਂ ਤੇ ਤੁਰ ਰਹੇ ਹਨ। ਅਕਾਲੀ ਲੀਡਰ ਇਹਨਾਂ ਵਹਿਸ਼ੀਆਂ ਦੇ ਹੱਥਠੋਕੇ ਬਣ ਚੁੱਕੇ ਹਨ। ਸਿੱਖਾਂ 'ਤੇ ਕੀਤੇ ਗਏ ਅਤਿਆਚਾਰਾਂ 'ਚ ਇਹ ਭਾਈਵਾਲ ਬਣੇ ਰਹੇ।

ਅਕਾਲੀ ਪਾਰਟੀ ਹੁਣ ਪੰਜਾਬੀ ਪਾਰਟੀ ਬਣ ਚੁੱਕੀ ਹੈ, ਜਿਸ ਦੀ ਸਾਰੀ ਸ਼ਕਤੀ ਬਾਦਲ ਦੇ ਹੱਥਾਂ ਵਿੱਚ ਹੈ। ਬਾਦਲ ਦੀ ਪੰਥਕ ਸਰਕਾਰ ਨੇ ਇਕ ਵੀ ਨੌਜਵਾਨ ਰਿਹਾਅ ਨਹੀਂ ਕਰਵਾਇਆ। ਨੌਜਵਾਨਾਂ ਦੀ ਗੱਲ ਤਾਂ ਇਕ ਪਾਸੇ ਰਹੀ, 80-80 ਸਾਲ ਦੇ ਬਜ਼ੁਰਗ 20-20 ਸਾਲਾਂ ਤੋਂ ਜੇਲ੍ਹਾਂ ਵਿੱਚ ਰੁਲ ਰਹੇ ਹਨ। ਕਿਤਨੇ ਜ਼ੁਲਮ ਤੇ ਅੱਤਿਆਚਾਰ ਸਿੱਖਾਂ ਤੇ ਕੀਤੇ ਗਏ ਹਨ ਅਤੇ ਪੰਜਾਬ ਪੁਲਿਸ ਨੇ ਮਾਸੂਮ ਸਿੱਖਾਂ, ਬੱਚਿਆਂ ਬਿਰਧ ਬਜ਼ੁਰਗਾਂ ਤੇ ਇਸਤਰੀਆਂ ਦੇ ਖ਼ੂਨ ਨਾਲ ਹੋਲੀ ਖੇਡੀ ਹੈ, ਇਹਨਾਂ ਵਹਿਸ਼ੀਆਨਾ ਜ਼ੁਲਮਾਂ ਵਿਰੁੱਧ ਕਦੀ ਕੋਈ ਅਵਾਜ਼ ਉਠਾਈ? ਬਿਲਕੁਲ ਨਹੀਂ, ਉਲਟਾ ਬੀਬੀ ਚਾਵਲਾ ਕਾਂਤਾ ਸਿੱਖਾਂ ਦੇ ਕੀਤੇ ਗਏ ਇਸ ਘਾਣ ਨੂੰ ਦੇਸ ਧਰੋਹੀਆਂ ਦੇ ਖਿਲਾਫ ਲੜਨਾ ਆਖਦੀ ਹੈ। ਫਿਟਕਾਰ ਹੈ ਅਜੇਹੀ ਇਸਤਰੀ ਦੀ ਸੋਚ ਤੇ। ਜੇ ਇਤਨੇ ਜ਼ੁਲਮ ਦਾ ਹਜ਼ਾਰਵਾਂ ਹਿੱਸਾ ਵੀ ਕਿਸੇ ਪੱਛਮੀ ਦੇਸ਼ ਵਿੱਚ ਵਾਪਰਿਆ ਹੁੰਦਾ, ਤਾਂ ਐਮਨੈਸਟੀ ਇੰਟਰਨੈਸ਼ਨਲ, ਮਨੁੱਖੀ ਅਧਿਕਾਰ ਕਮਿਸ਼ਨ, ਏਸ਼ੀਆ ਵਾਚ, ਯੂ.ਐਨ.ਓ. ਦੇ ਅਦਾਰੇ ਅਤੇ ਅਨੇਕਾਂ ਸ਼ਖਸੀਅਤਾਂ ਅੱਗੇ ਆਉਂਦੀਆਂ ਅਤੇ ਕਿਤਾਬਾਂ ਲਿਖੀਆਂ ਜਾਂਦੀਆਂ, ਫਿਲਮਾਂ ਬਣਦੀਆਂ, ਨਾਵਲ ਲਿਖੇ ਜਾਂਦੇ, ਪਰ ਪੰਜਾਬ ਦੀ ਧਰਤੀ ਤੇ ਵਾਪਰ ਰਹੇ ਇਹਨਾਂ ਜ਼ੁਲਮਾਂ ਨੂੰ ਬਾਹਰ ਦੀ ਹਵਾ ਵੀ ਨਹੀਂ ਲੱਗਣ ਦਿੱਤੀ ਜਾਂਦੀ।

ਕੁਰਸੀ ਹਥਿਆਉਣ ਲਈ ਮੋਰਚੇ ਲਾ-ਲਾ ਕੇ, ਮਰਜੀਵੜਿਆਂ ਨੂੰ ਹੱਥੀਂ ਤੋਰ ਕੇ ਸ਼ਹੀਦ ਕਰਵਾਉਂਣ ਵਾਲਿਆਂ ਨੂੰ ਅੱਜ ਸ਼ਹੀਦ ਕਹਿਣ ਤੋਂ ਵੀ ਡਰ ਲੱਗਦਾ ਹੈ ਮਤੇ ਮਾਲਕ ਨਾਰਾਜ਼ ਨਾ ਹੋ ਜਾਣ। ਹੁਣ ਇਹਨਾਂ ਗਦਾਰਾਂ ਨੂੰ ਧਰਮੀ ਨੌਜਵਾਨਾਂ ਦੀ ਲੋੜ ਵੀ ਨਹੀਂ ਰਹੀ। ਹੁਣ

ਆਪਣੇ ਪੁੱਤਾਂ, ਭਤੀਜਿਆਂ, ਭਾਣਜਿਆਂ ਲਈ ਕੁਰਸੀਆਂ ਪੱਕੀਆਂ ਕਰਨ ਲੱਈ ਦੀਨ ਮਜ਼ਹਬ ਸਭ ਕੁਝ ਦਾਅ ਤੇ ਲਾ ਦਿੱਤਾ ਹੋਇਆ ਹੈ। ਕੁਰਸੀ ਹਥਿਆਉਣ ਬਾਅਦ ਕੁਰਬਾਨੀਆਂ ਦੇਣ ਵਾਲੇ ਨੌਜਵਾਨ ਅੱਜ ਕੱਟੜਵਾਦੀ, ਫਿਰਕਾਪ੍ਰਸਤ, ਅੱਤਵਾਦੀ ਅਤੇ ਵੱਖਵਾਦੀ ਦਿੱਸਣ ਲੱਗ ਪਏ ਹਨ, ਖਤਰਨਾਕ ਬਣ ਗਏ ਹਨ ਅਤੇ ਉਹਨਾਂ ਨੂੰ ਜੇਲ੍ਹਾਂ ਦੀਆਂ ਕਾਲ ਕੋਠੜੀਆਂ ਵਿੱਚ ਗਲਦੇ ਸੜਦੇ ਤੇ ਫਾਂਸੀਆਂ ਤੇ ਲਟਕਦੇ ਵੇਖਣਾ ਚਾਹੁੰਦੇ ਹਨ।

ਹਜ਼ਾਰਾਂ ਨੌਜਵਾਨ ਬਣਦੀ ਸਜ਼ਾ ਤੋਂ ਵੀ ਵੱਧ ਜੇਲ੍ਹਾਂ ਕੱਟ ਚੁੱਕੇ ਹਨ, ਪਰ ਫਿਰ ਵੀ ਉਹਨਾਂ ਨੂੰ ਅਜ਼ਾਦ ਨਹੀ ਕੀਤਾ ਜਾ ਰਿਹਾ। ਕਈ ਮੁਕੱਦਮਿਆਂ ਤੋਂ ਬਰੀ ਹੋ ਗਏ ਹਨ, ਪਰ ਉਹਨਾਂ ਨੂੰ ਵੀ ਰਿਹਾਅ ਨਹੀਂ ਕੀਤਾ ਜਾਂਦਾ। ਉਹਨਾਂ ਨੂੰ ਰਿਮਾਂਡਾਂ ਦੇ ਬਹਾਨੇ ਲਿਜਾ ਕੇ, ਤਸੀਹੇ ਦੇ-ਦੇ ਕੇ, ਝੂਠੇ ਪੁਲਿਸ ਮੁਕਾਬਲੇ ਬਣਾ ਕੇ, ਮਾਰ ਦਿੱਤਾ ਜਾਂਦਾ ਹੈ। ਜ਼ਾਲਮ ਪੁਲਿਸ ਨੇ ਇਤਨੇ ਭਿਆਨਕ ਤੇ ਨਾ-ਮੁਆਫ ਕੀਤੇ ਜਾਣ ਵਾਲੇ ਭਿਆਨਕ ਤੇ ਅੱਤਿਆਚਾਰੀ ਗੁਨਾਹ ਕੀਤੇ ਹਨ, ਜਿਨ੍ਹਾਂ ਨੂੰ ਸੁਣ ਪੜ੍ਹ ਕੇ ਮਨੁੱਖ ਨੂੰ ਕਾਂਬਾ ਛਿੜ ਜਾਂਦਾ ਹੈ। ਐਡਵੋਕੇਟ ਕੁਲਵੰਤ ਸਿੰਘ ਸੈਣੀ ਜਿਸ ਦੀ ਪਤਨੀ ਤੇ ਮਾਸੂਮ ਬੱਚਾ ਨਾਲ ਸਨ, ਨੂੰ ਕਿਤਨੇ ਦਰਦਨਾਕ ਢੰਗ ਨਾਲ ਕਤਲ ਕੀਤਾ ਗਿਆ ਹੋਣਾ ਹੈ। ਕਤਲ ਕਰਕੇ, ਕਾਰ ਵਿੱਚ ਰੱਖ ਕੇ ਨਹਿਰ ਵਿੱਚ ਰੋੜ੍ਹ ਦਿੱਤਾ ਕਸਾਈ ਪੁਲਿਸ ਨੇ।

ਸਿੱਖ ਪ੍ਰਧਾਨ ਮੰਤਰੀ?

ਡਾ.ਮਨਮੋਹਨ ਸਿੰਘ ਦੇ ਪ੍ਰਧਾਨ ਮੰਤਰੀ ਬਣਾਏ ਜਾਣ ਦਾ ਐਲਾਨ ਹੁੰਦਿਆਂ ਹੀ ਸਿਆਸਤ ਤੋਂ ਕੋਰੇ, ਭੋਲੇ ਭਾਲੇ ਅਤੇ ਸਿੱਧੇ ਸਾਦੇ ਸਿੱਖ ਖੁਸ਼ੀ ਨਾਲ ਖੀਵੇ ਹੋਕੇ, ਕੱਛਾਂ ਮਾਰਨ ਲੱਗ ਪਏ ਅਤੇ ਥਾਂ-ਥਾਂ ਲੱਡੂ ਵੰਡਣ ਲੱਗ ਪਏ।

ਸੋਚਣ ਵਾਲੀ ਗੱਲ ਹੈ ਕਿ ਸ.ਮਨਮੋਹਨ ਸਿੰਘ ਤੋਂ ਪਹਿਲਾਂ ਕੀ ਕਾਂਗਰਸ ਨੇ ਸਿੱਖ ਸਰੂਪ ਵਾਲੇ ਲੋਕਾਂ ਨੂੰ ਉੱਚੇ ਅਹੁਦੇ 'ਤੇ ਨਹੀਂ ਸੀ ਲਾਇਆ? ਲੋੜ ਅਨੁਸਾਰ ਸਿੱਖ ਸ਼ਕਲ ਵਾਲੇ ਫ਼ਰਮਾਂਬਰਦਾਰ ਸਿੱਖ ਵੱਖ-ਵੱਖ ਅਹੁਦਿਆਂ 'ਤੇ ਤਾਇਨਾਤ ਕੀਤੇ ਜਾਂਦੇ ਰਹੇ ਹਨ। ਕਿਉਂਕਿ ਘੱਟ ਗਿਣਤੀ ਦੇ ਕੋਤਵਾਲ ਜਿਸ ਦਰਿੰਦਗੀ, ਜਿਸ ਕਠੋਰਤਾ ਅਤੇ ਜਿਸ ਨੀਚਤਾ ਨਾਲ ਆਪਣੀ ਕੌਮ ਦੇ ਲੋਕਾਂ ਦਾ ਘਾਣ ਕਰ ਸਕਦੇ ਹਨ, ਉਨ੍ਹਾਂ ਹਾਕਮ ਜਮਾਤ ਦੇ ਨਹੀਂ ਕਰ ਸਕਦੇ।

ਉਹਨਾਂ ਸਿੱਖਾਂ, ਮੁਸਲਮਾਨਾਂ, ਦਲਿਤਾਂ ਤੇ ਈਸਾਈਆਂ ਨੂੰ ਹੀ ਵਜ਼ਾਰਤੀ ਅਹੁਦੇ ਦਿੱਤੇ ਜਾਂਦੇ ਹਨ, ਜਿਹੜੇ ਹਿੰਦੂ ਅਕਸ ਨੂੰ ਆਪੋ ਆਪਣੇ ਭਾਈਚਾਰਿਆਂ 'ਚ ਪ੍ਰਫੁਲਤ ਕਰਦੇ ਹਨ। ਮਾਲਕ ਦੇ ਹੁਕਮਾਂ ਅਨੁਸਾਰ ਆਪੋ ਆਪਣੇ ਭਾਈਚਾਰੇ ਦੇ ਲੋਕਾਂ ਨੂੰ ਦਬਾਉਣ 'ਚ ਸਹਾਇਕ ਬਣਦੇ ਹਨ। ਦੇਸ਼ ਦੇ ਕਿਸੇ ਵੀ ਮਹਿਕਮੇ ਦੇ ਉੱਚੇ ਅਹੁਦੇ 'ਤੇ ਉਹੀ ਬੈਠ ਸਕਦਾ ਹੈ ਜੋ ਭਗਵੇਂ ਰੰਗ 'ਚ ਰੰਗਿਆ ਹੋਵੇ ਜਾਂ ਕਠਪੁਤਲੀ ਵਾਂਗ ਨੱਚਣ 'ਚ ਨਿਪੁੰਨ ਹੋਵੇ। ਇਹਨਾਂ ਗੁਣਾਂ 'ਚ ਨਿਪੁੰਨ ਮਨਮੋਹਨ ਸਿੰਘ ਨੂੰ ਪ੍ਰਧਾਨ ਮੰਤਰੀ ਵੀ ਇਸੇ ਕਰਕੇ ਬਣਾਇਆ ਗਿਆ ਹੈ। ਮਨਮੋਹਨ ਸਿੰਘ ਦੇ ਰਿਸ਼ਤੇਦਾਰਾਂ ਤੇ ਵਾਕਫਾਂ ਨੂੰ ਤਾਂ ਕੁਝ ਨਾ ਕੁਝ ਫਾਇਦਾ ਜ਼ਰੂਰ ਪਹੁੰਚੇਗਾ, ਪਰ ਆਮ ਸਿੱਖਾਂ ਦੀ ਤਾਂ ਨਸਲਕੁਸ਼ੀ ਉਵੇਂ ਹੀ ਜਾਰੀ ਰਹੇਗੀ। ਜਿਸ ਦਿਨ ਮਨਮੋਹਨ ਸਿੰਘ ਨੇ ਇਹ ਕੰਮ ਕਰਨ ਤੋਂ ਨਾਂਹ ਕੀਤੀ, ਦੂਜੇ ਦਿਨ ਉਹ ਪ੍ਰਧਾਨ ਮੰਤਰੀ ਨਹੀਂ ਹੋਵੇਗਾ।

ਅਕਾਲੀ ਦਲ ਨੂੰ ਦੋਫਾੜ ਕਰ ਦੇਣ ਦੀਆਂ ਅਤੇ ਸਿੱਖਾਂ 'ਤੇ ਜ਼ੁਲਮ ਢਾਹੇ ਜਾਣ ਦੀਆਂ ਕੈਰੋਂ ਮੁੱਖ ਮੰਤਰੀ ਦੀਆਂ ਧਾਂਦਲੀਆਂ ਦੀਆਂ ਮਿਸਾਲਾਂ ਸਾਡੇ ਸਾਹਮਣੇ ਹਨ। ਬੇਅੰਤ ਸਿੰਘ ਮੁੱਖ ਮੰਤਰੀ ਅਤੇ ਗਿੱਲ ਵਰਗੇ ਕਸਾਈ ਪੁਲਿਸ ਅਫਸਰਾਂ ਦੇ ਸਿੱਖਾਂ 'ਤੇ ਢਾਹੇ ਗਏ ਵਹਿਸ਼ੀਆਨਾ ਜ਼ੁਲਮ ਕੌਣ ਨਹੀਂ ਜਾਣਦਾ? ਜਦੋਂ ਪੁਲਿਸ ਕੈਟਾਂ ਸਿੱਖਾਂ ਦੇ ਘਰਾਂ 'ਚ ਇਜ਼ਤਾਂ ਲੁੱਟਦੇ, ਡਾਕੇ ਮਾਰਦੇ ਅਤੇ ਸਿੱਖਾਂ ਨੂੰ ਗੋਲੀਆਂ ਨਾਲ ਭੁੰਨਦੇ ਰਹੇ, ਕੋਹ-ਕੋਹ ਕੇ ਮਾਰਦੇ ਰਹੇ, ਉਦੋਂ ਪੰਜਾਬ ਦਾ ਮੁੱਖ ਮੰਤਰੀ ਤੇ ਪੁਲਿਸ ਮੁੱਖੀ ਸਿੱਖ ਸਰੂਪ ਵਾਲੇ ਹੀ ਸਨ। ਸਿੱਖਾਂ 'ਤੇ ਜਿਤਨੇ

ਵਹਿਸ਼ੀਆਨਾ ਜ਼ੁਲਮ ਇਹਨਾਂ ਦੇ ਰਾਜ 'ਚ ਢਾਹੇ ਗਏ, ਉਤਨੇ ਸ਼ਰਮਨਾਕ ਤੇ ਹੌਲਨਾਕ ਜ਼ੁਲਮ ਸਿਧਾਰਥ ਸ਼ੰਕਰ ਰੇ ਤੇ ਜੇ.ਐਫ.ਰਿਬੈਰੋ ਵੀ ਨਹੀਂ ਸਨ ਕਰ ਸਕੇ।

ਜਦ ਗਿਆਨੀ ਜ਼ੈਲ ਸਿੰਘ ਨੂੰ ਰਾਸ਼ਟਰਪਤੀ ਬਣਾਇਆ ਗਿਆ ਸੀ, ਉਦੋਂ ਵੀ ਸਿੱਖਾਂ ਨੇ ਕੱਛਾਂ ਮਾਰੀਆਂ ਸਨ। ਜਦੋਂ ਸਾਕਾ ਨੀਲਾ ਤਾਰਾ ਵਾਪਰਿਆ, ਉਦੋਂ ਭਾਰਤ ਦਾ ਰਾਸ਼ਟਰਪਤੀ ਇਕ ਸਿੱਖ, ਗਿਆਨੀ ਜ਼ੈਲ ਸਿੰਘ ਹੀ ਸੀ ਜੋ ਅਸਤੀਫਾ ਦੇਣ ਤਕ ਦੀ ਜੁਰਅੱਤ ਨਹੀਂ ਸੀ ਕਰ ਸਕਿਆ। ਚੁਰਾਸੀ ਦੇ ਘੱਲੂਘਾਰੇ ਸਮੇਂ ਆਪਣੇ ਗੁਰੂ ਦੁਆਰਿਆਂ ਨੂੰ ਬੰਬਾਂ ਨਾਲ ਤਹਿ ਨਹਿਸ ਕਰਵਾਉਣ ਅਤੇ ਸਿੱਖ ਨਸਲਘਾਤ ਕਰਾਉਣ 'ਚ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਨੇ ਕਿਹੜਾ ਕੁਕਰਮ ਨਹੀਂ ਸੀ ਕੀਤਾ? ਭਾਰਤੀ ਵਿਧਾਨ ਦਾ ਰਾਖਾ ਅਤੇ ਭਾਰਤੀ ਫੌਜਾਂ ਦਾ ਮੁਖੀ ਗਿਆਨੀ ਜ਼ੈਲ ਸਿੰਘ 8 ਜੂਨ ਚੁਰਾਸੀ ਨੂੰ ਦੁੱਧ-ਚਿੱਟਾ ਪਹਿਰਾਵਾ ਤੇ ਖੱਬੇ ਪਾਸੇ ਹਿੱਕ ਨਾਲ ਗੁਲਾਬ ਦਾ ਫੁੱਲ ਟੁੰਗ ਕੇ ਦਰਬਾਰ ਸਾਹਿਬ ਪਹੁੰਚਿਆ ਜਿਵੇਂ ਕਿ ਬਰਾਤੇ ਆਇਆ ਹੋਵੇ।

ਉਦੋਂ ਤਕ ਹਰ ਪਾਸੇ ਖੂਨ ਹੀ ਖੂਨ ਸੀ, ਮਲਬੇ ਦੇ ਢੇਰ ਸਨ ਹਰ ਪਾਸੇ, ਅਕਾਲ ਤਖਤ ਢਹਿਢੇਰੀ ਹੋਇਆ ਪਿਆ ਸੀ, ਦਰਬਾਰ ਸਾਹਿਬ 'ਤੇ ਗੋਲੀਆਂ ਦੇ ਮਘੌਰੇ ਸਨ, ਢਹਿਢੇਰੀ ਹੋਈਆਂ ਪਈਆਂ ਆਲੇ ਦੁਆਲੇ ਦੀਆਂ ਇਮਾਰਤਾਂ ਸਨ, ਕਹਿਰਾਂ ਦੀ ਗਰਮੀ 'ਚ ਭੁੱਜ ਚੁੱਕੀਆਂ ਅਣਸਾਂਭੀਆਂ ਲਾਸ਼ਾਂ ਦੀ ਬਦਬੂ ਵੀ ਉਸ ਨੂੰ ਜ਼ਰੂਰ ਆਈ ਹੋਣੀ, ਵਹਿਸ਼ੀ ਫੌਜ ਵਲੋਂ ਮਚਾਈ ਗਈ ਤਬਾਹੀ ਵੀ ਜ਼ਰੂਰ ਵੇਖੀ ਹੋਣੀ ਹੈ, ਪਰ ਇਹ ਸਭ ਕੁਝ ਵੇਖ ਕੇ ਵੀ ਉਸ ਨੂੰ ਕੋਈ ਦੁੱਖ ਨਹੀਂ ਸੀ ਹੋਇਆ।

ਉਸ ਅਕਾਲ ਤਖਤ ਸਾਹਿਬ ਦੇ ਢਾਹੇ ਜਾਣ ਜਾਂ ਫੌਜ ਵਲੋਂ ਕੀਤੇ ਗਏ ਵਹਿਸ਼ੀਆਨਾ ਜ਼ੁਲਮਾਂ ਦੀ ਕੋਈ ਗੱਲ ਨਹੀਂ ਸੀ ਕੀਤੀ, ਸਗੋਂ ਗਵਰਨਰ ਪਾਂਡੇ ਨੂੰ ਪੁਛਿਆ ਕਿ ਇਤਨੀ ਵੱਡੀ ਮਾਤਰਾ 'ਚ ਅੱਤਵਾਦੀ ਹਥਿਆਰ ਸਮੱਗਲ ਕਰਕੇ ਦਰਬਾਰ ਸਾਹਿਬ ਅੰਦਰ ਕਿਥੋਂ ਤੇ ਕਿਵੇਂ ਲੈ ਆਏ ਸਨ? ਅਸਲ 'ਚ ਉਹ ਨਵੇਂ-ਨਕੋਰ ਤੇ ਚਮਕ ਮਾਰਦੇ ਹਥਿਆਰ ਜੁਝਾਰੂਆਂ ਤੋਂ ਨਹੀਂ ਸਨ ਪ੍ਰਾਪਤ ਹੋਏ ਸਗੋਂ ਫੌਜ ਵਲੋਂ ਹੀ ਹਥਿਆਰ ਲਿਆਉਣ ਤੇ ਪ੍ਰੈਸ ਨੂੰ ਵਿਖਾਉਣ ਦਾ ਡਰਾਮਾ ਖੇਡਿਆ ਗਿਆ ਸੀ। ਅਜਿਹੇ ਕਈ ਡਰਾਮਿਆਂ 'ਚ ਉਹ ਖੁਦ ਜ਼ੈਲ ਸਿੰਘ ਆਪ ਮੁੱਖ ਪਾਤਰ ਦਾ ਵੀ ਰੋਲ ਅਦਾਅ ਕਰਦਾ ਰਿਹਾ ਸੀ।

ਦੇਸ਼ ਵਿਦੇਸ਼ਾਂ ਅੰਦਰ ਵਸਦੇ ਸਿੱਖਾਂ ਨੇ ਜਦ ਗਿਆਨੀ ਜ਼ੈਲ ਸਿੰਘ 'ਤੇ ਲਾਹਨਤਾਂ ਪਾਉਣੀਆਂ ਸ਼ੁਰੂ ਕੀਤੀਆਂ ਤਾਂ ਉਸ ਆਪਣਾ ਸਪਸ਼ਟੀਕਰਨ ਇਹ ਦਿੱਤਾ ਕਿ ਦੇਸ਼ ਦਾ ਸੰਵਿਧਾਨਕ ਮੁੱਖੀ ਹੋਣ ਦੀ

ਹੈਸੀਅਤ 'ਚ ਵੀ ਉਹ ਕੁਝ ਨਹੀਂ ਸੀ ਕਰ ਸਕਿਆ ਭਾਵ ਹਮਲਾ ਕਰਨੋਂ ਫੌਜ ਨੂੰ ਨਹੀਂ ਸੀ ਰੋਕ ਸਕਿਆ। ਚਲੋਂ ਮੰਨ ਲਿਆ ਕਿ ਉਹ ਬੇਵਸ ਸੀ। ਘੱਟੋ-ਘੱਟ ਉਹ ਫੌਜੀ ਕਾਰਵਾਈ ਵਿਰੁੱਧ ਰੋਸ ਵਜੋਂ ਅਸਤੀਫਾ ਤਾਂ ਦੇ ਸਕਦਾ ਸੀ। ਪਰ ਇੰਦਰਾ ਦੇ ਫਰਮਾਂਬਰਦਾਰ ਨੇ ਆਪਣੀ ਮਾਲਕਣ ਨੂੰ ਖੁਸ਼ ਕਰਨ ਅਤੇ ਆਪਣੀ ਕੁਰਸੀ ਨੂੰ ਬਹਾਲ ਰੱਖਣ ਨੂੰ ਤਰਜੀਹ ਦਿੱਤੀ ਸੀ। ਇਹ ਉਹੀ ਗਿਆਨੀ ਜ਼ੈਲ ਸਿੰਘ ਸੀ ਜਿਸ ਰਾਸ਼ਟਰਪਤੀ ਦਾ ਅਹੁਦਾ ਸੰਭਾਲਣ ਤੋਂ ਪਹਿਲਾਂ ਐਲਾਨ ਕੀਤਾ ਸੀ ਕਿ 'ਜੇ ਮੈਨੂੰ ਇੰਦਰਾ ਗਾਂਧੀ ਕਹੇ ਤਾਂ ਮੈਂ ਉਸ ਦੇ ਕਮਰੇ 'ਚ ਝਾੜੂ ਫੇਰਨ ਲਈ ਵੀ ਤਿਆਰ ਹਾਂ।'

ਮਨਮੋਹਨ ਸਿੰਘ ਦੀ ਆਪਣੀ ਕੋਈ ਸਿਆਸੀ ਸ਼ਖਸੀਅਤ ਤਾਂ ਹੈ ਨਹੀਂ, ਫੇਰ ਉਸ ਨੂੰ ਕਿਵੇਂ ਪ੍ਰਧਾਨ ਮੰਤਰੀ ਬਣਾਇਆ ਗਿਆ, ਕਿਉਂ ਬਣਾਇਆ ਗਿਆ ਅਤੇ ਇਸ ਪਿੱਛੇ ਕਿਹੜੀ ਗੁਪਤ ਸ਼ਕਤੀ ਕੰਮ ਕਰ ਰਹੀ ਹੈ। ਵਿਚਾਰਨਯੋਗ ਹੈ। ਹਾਂ, ਉਹ ਆਪਣੀ ਵਫਾਦਾਰੀ, ਯੋਗਤਾ, ਇਮਾਨਦਾਰੀ ਅਤੇ ਵਿੱਤੀ ਸੁਧਾਰਾਂ ਕਾਰਨ ਦੇਸ਼ਵਾਸੀਆਂ ਵਲੋਂ ਵਾਹ-ਵਾਹ ਖੱਟ ਚੁੱਕੇ ਹਨ। ਹਿੰਦੂਤਵੀ ਤਾਕਤਾਂ ਕਿਉਂ ਸਿੱਖ ਪ੍ਰਧਾਨ ਮੰਤਰੀ ਬਣਾਇਆ? ਘੱਟ ਗਿਣਤੀ ਅਤੇ ਖਾਸ ਕਰਕੇ ਸਿੱਖ ਪ੍ਰਧਾਨ ਮੰਤਰੀ ਬਣਾਏ ਜਾਣ ਪਿੱਛੇ ਕਿਹੜੀਆਂ ਰਮਜ਼ਾਂ ਹਨ, ਕਿਹੜੀਆਂ ਸਾਜ਼ਸ਼ਾਂ ਅਤੇ ਕਿਹੜੀਆਂ ਖੇਡਾਂ ਖੇਡੀਆਂ ਜਾਣੀਆਂ ਹਨ, ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ। ਜਦ ਪੰਜਾਬ ਅੰਦਰ ਸਿੱਖਾਂ ਦਾ ਸ਼ਿਕਾਰ ਖੇਡਿਆ ਜਾ ਰਿਹਾ ਸੀ ਅਤੇ ਬੇਅੰਤ-ਗਿੱਲ ਜੁੰਡਲੀ ਸਿੱਖ ਨੌਜਵਾਨਾਂ ਨੂੰ ਕੋਹ-ਕੋਹ ਕੇ ਮਾਰ ਰਹੀ ਸੀ, ਮਨਮੋਹਨ ਸਿੰਘ ਨੇ ਚੂੰ ਤਕ ਨਹੀਂ ਸੀ ਕੀਤੀ ਸਗੋਂ ਵਿਦੇਸ਼ੀ ਦੌਰੇ ਦੌਰਾਨ ਉਸ ਨੇ ਆਖਿਆ ਸੀ ਕਿ ਪੰਜਾਬ ਅੰਦਰ ਮਨੁੱਖੀ ਅਧਿਕਾਰਾਂ ਦੀ ਕੋਈ ਸਮੱਸਿਆ ਨਹੀਂ।

ਆਰ.ਐਸ.ਐਸ. ਨੇ ਹੁਣ ਆਪਣੀ ਬਾਕਾਇਦਾ ਪੁਲਿਸ ਵੀ ਬਣਾ ਲਈ ਹੈ ਜਿਹੜੀ ਸਰਕਾਰੀ ਪੁਲਿਸ 'ਤੇ ਵੀ ਅੱਖ ਰੱਖਦੀ ਹੈ ਅਤੇ ਅਣਚਾਹੇ ਲੋਕਾਂ ਨੂੰ ਸਜ਼ਾ ਵੀ ਦਿੰਦੀ ਹੈ। ਦੋ ਲੱਖ ਤੋਂ ਵੱਧ ਇਸ ਦੇ ਨੀਮ ਫੌਜੀ ਦਸਤੇ ਪੂਰੀ ਤਰ੍ਹਾਂ ਟਰੇਨਿੰਗ ਲੈ ਚੁੱਕੇ ਹਨ ਜੋ ਦੇਸ਼ ਅੰਦਰ ਕਿਤੇ ਵੀ ਤਰਥੱਲੀ ਮਚਾ ਸਕਣ ਦੇ ਸਮਰਥ ਹਨ। ਇਹ ਪੁਲਿਸ ਘੱਟ ਗਿਣਤੀਆਂ ਦੇ ਧਾਰਮਿਕ, ਸਭਿਆਚਾਰਕ ਅਤੇ ਸਿਆਸੀ ਕਾਰਵਾਈਆਂ 'ਤੇ ਕਰੜੀ ਅੱਖ ਰੱਖਦੀ ਹੈ।

ਲੋੜ ਪੈਣ 'ਤੇ ਵਿਸ਼ਵ ਹਿੰਦੂ ਪ੍ਰੀਸ਼ਦ ਤੇ ਬਜਰੰਗ ਦਲ ਵਰਗੀਆਂ ਫਾਸ਼ੀ ਜਮਾਤਾਂ ਉਹਨਾਂ ਕਾਰਵਾਈਆਂ ਨੂੰ ਸਹੀ ਰਾਹ ਤੇ ਲਿਆਉਣ ਲਈ ਤੱਤਪਰ ਰਹਿੰਦੀਆਂ ਹਨ। ਘੱਟ ਗਿਣਤੀਆਂ ਨੂੰ ਡਰਾ ਧਮਕਾ

ਕੇ,ਗੁਲਾਮੀ ਦਾ ਅਹਿਸਾਸ ਕਰਾ ਕੇ ਜੀਉਣ ਲਈ ਮਜਬੂਰ ਕਰਦੀਆਂ ਹਨ।

ਉਂਜ ਤਾਂ ਬਹੁਤਾ ਭਾਰਤੀ ਪ੍ਰੈਸ ਹੈ ਹੀ ਹਿੰਦੂਤਵੀਆ ਪਰ ਉਹਨਾਂ ਦੇ ਕੁਝ ਵਿਰਲੇ ਮੁਲਾਜ਼ਮ ਪੱਤਰਕਾਰ ਖੁਦਦਾਰ ਵੀ ਹਨ,ਜਿਹੜੇ ਅਜਿਹੇ ਵਹਿਸ਼ੀਆਨਾ ਜ਼ੁਲਮ ਵਿਰੁੱਧ ਅਵਾਜ਼ ਉੱਚੀ ਕਰਨੋਂ ਨਹੀਂ ਰਹਿੰਦੇ ਅਤੇ ਫਾਸ਼ੀਆਂ ਦੇ ਏਜੰਡੇ ਨੂੰ ਸਿਰੇ ਚਾੜ੍ਹਨ 'ਚ ਰੋੜਾ ਬਣਦੇ ਹਨ,ਹੁਣ ਉਹਨਾਂ ਵੱਲ ਵੀ ਬੰਦੂਕਾਂ ਸਿਧੀਆਂ ਕਰ ਦਿੱਤੀਆਂ ਗਈਆਂ ਹਨ ਕਿਉਂਕਿ ਮੀਡੀਏ ਦਾ ਕੁਝ ਹਿੱਸਾ ਇਹਨਾਂ ਦੀ ਫਾਸ਼ੀ ਨੀਤੀ ਨੂੰ ਬੂਰ ਨਹੀਂ ਪੈਣ ਦੇ ਰਿਹਾ। ਵੱਡੇ ਵੱਡੇ ਨਾਢੂ ਖਾਨਾਂ ਨੂੰ ਇਹ ਸਿੱਧਾ ਕਰ ਚੁੱਕੇ ਹਨ। ਅਜਿਹੇ ਟਾਵੇਂ ਟਾਵੇਂ ਪੱਤਰਕਾਰ ਕਿਹੜੀ ਬਾਗ਼ ਦੀ ਮੂਲੀ ਹਨ ?

ਉਨ੍ਹਾਂ ਦਾ ਸਿੱਧਾ ਮੁਕਾਬਲਾ ਕਰਨ ਲਈ ਲਾਲ ਕ੍ਰਿਸ਼ਨ ਅਡਵਾਨੀ ਫੌਰਨ ਹੀ ਆਰ.ਐਸ.ਐਸ.ਦੀ ਹਿਮਾਇਤ 'ਤੇ ਉਤਰ ਆਇਆ ਹੈ ਅਤੇ ਉਸ ਨੇ ਐਲਾਨ ਕਰ ਦਿੱਤਾ ਹੈ ਕਿ ਇਕ ਨਵਾਂ ਮੀਡੀਆ ਡਿਪਾਰਟਮੈਂਟ ਬਣਾਇਆ ਜਾਏਗਾ ਜੋ ਹਿੰਦੂਤਵੀ ਸਰਕਾਰ ਵਿਰੁੱਧ ਹੋ ਰਹੇ ਪ੍ਰਾਪੇਗੰਡੇ ਦਾ ਮੁਕਾਬਲਾ ਕਰੇਗਾ। ਜਿਥੇ ਡੰਡੇ ਨਾਲ ਕੰਮ ਨਹੀ ਚੱਲਦਾ,ਉਥੇ ਚੋਪੜੇ ਹੋਏ ਸ਼ਬਦਾਂ ਨਾਲ ਸੇਧਿਆ ਜਾਏਗਾ।

ਨਵੰਬਰ ਚੁਰਾਸੀ 'ਚ ਦਿੱਲੀ ਤੇ ਭਾਰਤ ਦੇ ਹੋਰ ਸਾਰੇ ਸ਼ਹਿਰਾਂ 'ਚ ਜਿਵੇਂ ਸਿੱਖਾਂ ਦਾ ਸ਼ਰ੍ਹੇਆਮ ਕਤਲੇਆਮ ਕੀਤਾ ਗਿਆ ਸੀ ਅਤੇ ਪੁਲਿਸ ਤੇ ਫੌਜ ਵੇਖਦੀ ਰਹੀ ਸੀ,ਇਵੇਂ ਹੀ ਗੁਜਰਾਤ ਵਿਖੇ ਮੁਸਲਮਾਨਾਂ ਦਾ ਕਤਲੇਆਮ ਕਰਕੇ ਘੱਟ ਗਿਣਤੀਆਂ ਨੂੰ ਚਿਤਾਵਨੀ ਦਿੱਤੀ ਗਈ ਹੈ ਕਿ ਘੱਟ ਗਿਣਤੀਆਂ ਨੂੰ ਹਿੰਦੂਤਵੀਆਂ ਦੇ ਰਹਿਮੋ ਕਰਮ 'ਤੇ ਗ਼ੁਲਾਮ ਬਣਕੇ ਰਹਿਣਾ ਪਏਗਾ। ਉਹਨਾਂ ਦੇ ਘਰ-ਬਾਰ ਫੂਕ ਦਿੱਤੇ ਜਾਣਗੇ ਅਤੇ ਸਾਲਾਂ ਬੱਧੀ ਕੈਂਪਾਂ ਦੀਆਂ ਖੁੱਡਾਂ 'ਚ ਰੁਲਣਾ ਪਏਗਾ ਜਿਥੇ ਮੁੱਢਲੀਆਂ ਲੋੜਾਂ ਲਈ ਵੀ ਤਰਸਦੇ ਰਹਿਣਾ ਪਏਗਾ। ਜਿਸ ਨਰਿੰਦਰ ਮੋਦੀ ਨੇ ਹਜ਼ਾਰਾਂ ਮੁਸਲਮਾਨਾਂ ਦਾ ਕਤਲੇਆਮ ਕਰਾਉਣ ਦੀ ਕਮਾਂਡ ਆਪਣੇ ਹੱਥ ਸੰਭਾਲ ਰੱਖੀ ਸੀ,ਉਹ ਦੇਸ਼ ਭਗਤਾਂ ਦਾ ਸਰਦਾਰ ਬਣ ਗਿਆ ਹੈ ਅਤੇ ਆਰ.ਐਸ.ਐਸ.ਦੀਆਂ ਅੱਖਾਂ ਦਾ ਤਾਰਾ ਬਣ ਗਿਆ ਹੈ।

ਪਾਠਕਾਂ ਨੂੰ ਇਕ ਗੱਲ ਹਮੇਸ਼ਾ ਚੇਤੇ ਰੱਖਣੀ ਚਾਹੀਦੀ ਹੈ ਕਿ ਭਾਰਤੀ ਸਰਕਾਰ ਦਾ ਨਿਸ਼ਾਨਾ ਸਿੱਖ ਨਸਲਕੁਸ਼ੀ ਰਿਹਾ ਹੈ,ਹੈ ਅਤੇ ਰਹੇਗਾ। ਇਸ ਦੀ ਪੂਰਤੀ ਲਈ ਹਾਲਾਤ ਮੁਤਾਬਕ ਤਬਦੀਲੀਆਂ ਹੁੰਦੀਆਂ ਰਹਿੰਦੀਆਂ ਹਨ। ਕਦੀ ਇਸ ਨੂੰ ਤੇਜ਼ ਜਾਂ ਕਦੀ ਮੱਧਮ ਤਾਂ

ਕੀਤਾ ਜਾ ਸਕਦਾ ਹੈ ਪਰ ਇਸ ਨੂੰ ਕੋਈ ਵੀ ਵੱਡੇ ਤੋਂ ਵੱਡਾ ਹਾਕਮ ਇਕ ਪਾਸੇ ਨਹੀਂ ਕਰ ਸਕਦਾ। ਕੋਈ ਵੀ ਪੰਜਾਬ ਦਾ ਹਾਕਮ, ਭਾਵੇਂ ਉਹ ਕਿਸੇ ਵੀ ਪਾਰਟੀ ਦਾ ਕਿਉਂ ਨਾ ਹੋਵੇ, ਕੇਂਦਰ ਵਲੋਂ ਦਿੱਤੀ ਪਲਾਨ 'ਚ ਨਾ ਤਬਦੀਲੀ ਕਰ ਸਕਦਾ ਹੈ ਅਤੇ ਨਾ ਹੀ ਇਕ ਪਾਸੇ ਕਰ ਸਕਦਾ ਹੈ। ਉਹ ਉਤਨੀ ਦੇਰ ਹੀ ਮੁੱਖ ਮੰਤਰੀ ਰਹੇਗਾ, ਜਿਤਨੀ ਦੇਰ ਸਿੱਖ ਨਸਲਕੁਸ਼ੀ ਦੇ ਪਲਾਨ ਨੂੰ ਸਿਰੇ ਚਾੜ੍ਹਦਾ ਰਹੇਗਾ। ਇਵੇਂ ਹੀ ਕੇਂਦਰ 'ਚ ਕਿਸੇ ਵੀ ਪਾਰਟੀ ਦਾ ਪ੍ਰਧਾਨ ਮੰਤਰੀ ਸੱਤਾ 'ਚ ਆ ਜਾਵੇ, ਉਹ ਉਤਨਾ ਚਿਰ ਹੀ ਪ੍ਰਧਾਨ ਮੰਤਰੀ ਰਹਿ ਸਕੇਗਾ, ਜਿਤਨੀ ਦੇਰ ਤਕ ਕਿ ਉਹ ਪਲਾਨ ਦੇ ਮਿਥੇ ਟੀਚੇ ਮੁਤਾਬਕ ਘੱਟ ਗਿਣਤੀਆਂ ਦੀ ਨਸਲਕੁਸ਼ੀ ਕਰਦਾ ਰਹੇਗਾ।

ਭਾਗ 3

ਸਿੱਖ ਨਸਲਕੁਸ਼ੀ ਧਾਰਮਿਕ ਪੱਖੋਂ

ਅੱਜ ਆਰ.ਐਸ.ਐਸ.ਵਲੋਂ ਬ੍ਰਹਮੰਡਵਾਦੀ ਸਿੱਖ ਧਰਮ ਨੂੰ ਉਸ ਹਿੰਦੂ ਧਰਮ ਦੀ ਸ਼ਾਖ਼ਾ ਦਰਸਾਉਂਣ ਦੇ ਬੇਬੁਨਿਆਦ ਯਤਨ ਕੀਤੇ ਜਾ ਰਹੇ ਹਨ;ਜਿਸ ਧਰਮ ਦੇ ਅਨੁਆਈ ਤੇਤੀ ਕਰੋੜ ਦੇਵਤਿਆਂ ਦੀਆਂ ਪੱਥਰ ਦੀਆਂ ਮੂਰਤੀਆਂ ਪੂਜਦੇ ਹਨ;ਪਿੱਪਲਾਂ (ਦਰੱਖ਼ਤਾਂ) ਨੂੰ ਪੂਜਦੇ ਹਨ;ਸੱਪਾਂ ਨੂੰ ਪੂਜਦੇ ਹਨ;ਧਨ (ਠੀਕਰੀਆਂ) ਨੂੰ ਪੂਜਦੇ ਹਨ;ਕਬਰਾਂ ਤੇ ਮੜ੍ਹੀਆਂ ਨੂੰ ਪੂਜਦੇ ਹਨ;ਚੰਦ ਸੂਰਜ ਨੂੰ ਪੂਜਦੇ ਹਨ;ਉਹਨਾਂ ਦੇਵਤਿਆਂ ਨੂੰ ਪੂਜਦੇ ਹਨ,ਜਿਨ੍ਹਾਂ ਆਪਣੀਆਂ ਧੀਆਂ ਤੇ ਦੂਜਿਆਂ ਦੀਆਂ ਪਤਨੀਆਂ ਨਾਲ ਮੂੰਹ ਕਾਲੇ ਕੀਤੇ ਦੱਸੇ ਜਾਂਦੇ ਹਨ;ਜਿਸ ਧਰਮ ਦੇ ਧਰਮ-ਪੁੱਤਰਾਂ (ਪਾਂਡਵਾਂ) ਆਪਣੀ ਪਤਨੀ ਨੂੰ ਜੂਏ ਵਿੱਚ ਹਾਰਿਆ,ਜਿਸ ਧਰਮ ਦੇ ਧਰਮ-ਪੁੱਤਰ ਤੇ ਧਰਮ-ਗੁਰੂ ਇਸਤਰੀ ਨੂੰ ਨਗਨ ਹੁੰਦਾ ਵੇਖਕੇ ਆਪਣੇ ਸਿਰ ਨੀਵੇਂ ਕਰਕੇ ਬੈਠ ਗਏ ਸਨ;ਜਿਸ ਧਰਮ ਦੇ ਅਵਤਾਰ ਨੇ ਇਕ ਧੋਬੀ ਦੇ ਕਹਿਣ 'ਤੇ ਸ਼ਕ ਵਜੋਂ ਆਪਣੀ ਗਰਭਵਤੀ ਇਸਤਰੀ (ਸੀਤਾ) ਨੂੰ ਘਰੋਂ ਬਾਹਰ ਕੱਢ ਦਿੱਤਾ ਸੀ,ਅਜਿਹੇ ਹਾਸੋਹੀਣੇ ਪਿਛੋਕੜ ਦਾ ਮਾਲਕ ਬਿੱਪਰਵਾਦ ਮਨਘੜਤ,ਬੇਬੁਨਿਆਦ,ਨਿਰਮੂਲ ਅਤੇ ਨਿਰਆਧਾਰ ਗ਼ਲਤ-ਬਿਆਨੀਆਂ ਰਾਹੀਂ ਸਿੱਖ ਧਰਮ ਦੇ ਇਤਿਹਾਸ ਨੂੰ ਛੁਟਿਆਉਣ ਲਈ ਅੱਜ ਅੱਡੀ ਚੋਟੀ ਦਾ ਜ਼ੋਰ ਲਾਈ ਬੈਠਾ ਹੈ। ਗੁਰਮਤਿ ਤੇ ਬ੍ਰਾਹਮਣਵਾਦ ਦੀ ਇਹ ਵਿਚਾਰਧਾਰਕ ਟੱਕਰ ਹੈ।

ਕਿਥੇ ਬ੍ਰਾਹਮਣਵਾਦ ਦੀ ਵਿਹਲੜ ਜੀਵਨ ਫਿਲਾਸਫੀ ਅਤੇ ਕਿਥੇ ਕਿਰਤ ਕਰਕੇ ਵੰਡ ਛਕਣ ਦੀ ਗੁਰਮਤਿ ਫਿਲਾਸਫੀ। 'ਲੋਕੁ ਧਿਕਾਰੁ ਕਹੈ ਮੰਗਤ ਜਨ ਮਾਨੁ ਨ ਪਾਇਆ' ਦੇ ਹੁਕਮ ਨਾਲ ਗੁਰਮਤਿ ਨੇ ਵਿਹਲੜ ਮੰਗਣ ਵਾਲਿਆਂ 'ਤੇ ਫਿਟਕਾਰ ਪਾਈ ਹੈ। 'ਗੁਰੁ ਪੀਰੁ ਸਦਾਏ ਮੰਗਣ ਜਾਇ॥ ਤਾ ਕੈ ਮੂਲਿ ਨ ਲਗੀਐ ਪਾਇ' ਦੇ ਆਦੇਸ਼ ਨਾਲ ਪਾਖੰਡੀਆਂ ਤੋਂ ਬਚ ਕੇ ਰਹਿਣ ਦਾ ਆਦੇਸ਼ ਦਿੱਤਾ ਹੋਇਆ ਹੈ। 'ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ' ਦੇ ਸੁਨਹਿਰੀ ਅਸੂਲ ਦਾ ਧਾਰਨੀ ਬਣ ਕੇ ਆਪਣੇ ਬਾਜੂ ਦੇ ਜ਼ੋਰ ਨਾਲ ਕਮਾਈ ਕਰਕੇ ਸੁਖ ਭੋਗਣ ਦਾ ਰਾਹ ਵਿਖਾਇਆ ਗਿਆ ਹੈ। ਦੂਜਿਆਂ ਦੀ ਕਮਾਈ 'ਤੇ ਜੀਉਣ ਨੂੰ ਫਿਟਕਾਰਿਆ ਹੈ। 'ਬਾਰਿ ਪਰਾਇਐ ਬੈਸਣਾ' ਨੂੰ ਧਿਕਾਰਿਆ ਗਿਆ ਹੈ। 'ਜੋ ਜੀਵੈ ਪਤਿ ਲਥੀ ਜਾਇ॥ ਸਭੁ ਹਰਾਮੁ ਜੇਤਾ ਕਿਛੁ ਖਾਇ॥' ਦੇ ਰੱਬੀ ਫ਼ੁਰਮਾਨ ਰਾਹੀਂ ਬੇ-ਅਣਖੇ ਜੀਵਨ ਨੂੰ ਤ੍ਰਿਸਕਾਰਿਆ ਹੈ ਅਤੇ ਬੇ-ਗ਼ੈਰਤ ਖਾਧੇ-ਪੀਤੇ 'ਤੇ ਲਾਹਨਤ ਪਾਈ

ਹੈ। 'ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ' ਦੇ ਕਰੜੇ ਹੁਕਮ ਨਾਲ ਦੂਜਿਆਂ ਦੇ ਹੱਕ ਨਾ ਮਾਰਨ ਦੀ ਤਾਕੀਦ ਕੀਤੀ ਗਈ ਹੈ। 'ਮਾਨਸ ਕੀ ਜਾਤਿ ਸਭੈ ਏਕੈ ਪਹਿਚਾਨਬੋ' ਦੇ ਆਦੇਸ਼ ਨਾਲ ਸਾਰੀ ਮਨੁੱਖਤਾ ਨੂੰ ਪਿਆਰਨਾ ਸਿੱਖਾਇਆ ਹੈ। ਜਿੱਥੇ ਆਪਣੀ ਅਜ਼ਾਦ ਹਸਤੀ ਕਾਇਮ ਰੱਖਣਾ ਖ਼ਾਲਸੇ ਦਾ ਵਿਧਾਨਕ ਫ਼ਰਜ਼ ਹੈ, ਉਥੇ ਕਮਜ਼ੋਰਾਂ ਤੇ ਨਿਆਸਰਿਆਂ ਦੇ ਹੱਕਾਂ ਦੀ ਰਾਖੀ ਕਰਨਾ ਵੀ ਖ਼ਾਲਸੇ ਦਾ ਧਰਮ ਹੈ।

ਸਿੱਖ ਧਰਮ ਨੂੰ ਮਲੀਆਮੇਟ ਕਰਨ ਲਈ ਹਿੰਦੂ ਸਾਮਰਾਜੀਆਂ ਨੇ ਅਜ਼ਾਦੀ ਤੋਂ ਪਹਿਲਾਂ ਹੀ ਪੰਜਾਹ ਸਾਲਾ ਪਲਾਨ ਉਲੀਕ ਰੱਖਿਆ ਸੀ। ਸਿੱਖ ਧਰਮ ਨੂੰ ਮਲੀਆਮੇਟ ਕਰਨ ਲਈ ਨੀਚ ਤੋਂ ਨੀਚ ਹੱਥਕੰਡੇ ਵਰਤੇ ਗਏ। ਗੁਰਮਤਿ ਦਾ 'ਸ਼ਬਦ ਗੁਰੂ' ਦਾ ਸਿਧਾਂਤ ਸਿੱਖ ਧਰਮ ਨੂੰ ਨਾ ਕੇਵਲ ਹਿੰਦੂ ਧਰਮ ਨਾਲੋਂ ਨਿਖੇੜਦਾ ਹੀ ਹੈ, ਸਗੋਂ ਇਹ ਬਿੱਪਰਵਾਦੀ ਵਿਚਾਰਧਾਰਾ 'ਤੇ ਕਰੜੀ ਚੋਟ ਵੀ ਮਾਰਦਾ ਹੈ, ਜਿਸ ਕਰਕੇ ਬ੍ਰਾਹਮਣਵਾਦ ਸ਼ੁਰੂ ਤੋਂ ਹੀ ਸਿੱਖੀ ਦੇ ਇਸ ਬ੍ਰਹਮੰਡਵਾਦੀ ਸਿਧਾਂਤ ਨੂੰ ਮੇਸ ਦੇਣ ਤੇ ਤੁਲਿਆ ਹੋਇਆ ਹੈ।

ਬੁੱਧ ਧਰਮ ਦੇ ਵਿਨਾਸ਼ ਕਰਨ ਲਈ ਤਾਂ ਕੋਈ ਪਲਾਨ ਨਹੀਂ ਸੀ ਬਣਾਇਆ ਗਿਆ ਜਿਵੇਂ ਕਿ ਸਿੱਖ ਧਰਮ ਨੂੰ ਖਤਮ ਕਰਨ ਦਾ। ਹਾਂ, ਸਿੱਖ ਧਰਮ 'ਤੇ ਹਮਲੇ ਉਸੇ ਢੰਗ ਨਾਲ ਕੀਤੇ ਗਏ ਅਤੇ ਕੀਤੇ ਜਾ ਰਹੇ ਹਨ ਜਿਵੇਂ ਕਿ ਬੁੱਧ ਧਰਮ 'ਤੇ ਕੀਤੇ ਗਏ ਸਨ। ਅੱਜ ਸਿੱਖ ਧਰਮ ਐਨ ਉਸੇ ਪੜਾਅ 'ਤੇ ਖੜ੍ਹਾ ਹੈ, ਜਿਥੇ ਕਦੀ ਬੁੱਧ ਧਰਮ ਖੜ੍ਹਾ ਸੀ। ਬੁੱਧ ਧਰਮ ਵੀ ਭਾਰਤ ਤੋਂ ਬਾਹਰ ਫੈਲ ਚੁੱਕਾ ਸੀ ਅਤੇ ਸਿੱਖ ਧਰਮ ਵੀ ਬਾਹਰ ਫੈਲ ਚੁੱਕਾ ਹੈ। ਬੁੱਧ ਧਰਮ ਨੂੰ ਵੀ ਭਾਰਤ ਵਿੱਚੋਂ ਨਸ਼ਟ ਕਰ ਦਿੱਤਾ ਗਿਆ ਸੀ ਅਤੇ ਸਿੱਖ ਧਰਮ ਨੂੰ ਵੀ ਕਾਫੀ ਹੱਦ ਤੱਕ ਭਾਰਤ ਵਿੱਚ ਤਬਾਹ ਕਰ ਦਿੱਤਾ ਗਿਆ ਹੈ।

ਬ੍ਰਾਹਮਣਵਾਦ ਨੇ ਬਾਹਰਲੇ ਹਮਲਿਆਂ ਦੇ ਨਾਲ-ਨਾਲ ਬੋਧੀ ਸੰਘਾਂ ਵਿੱਚ ਵੜਕੇ ਅੰਦਰੋਂ ਵੀ ਸੰਨ੍ਹ ਪੂਰੇ ਜ਼ੋਰ ਨਾਲ ਲਾਈ ਸੀ। ਬੋਧੀ ਮੱਠਾਂ ਨੂੰ ਲੁੱਟਿਆ, ਸਾੜਿਆ ਤੇ ਤਬਾਹ ਕੀਤਾ ਸੀ ਅਤੇ ਬੋਧੀ ਕੇਂਦਰਾਂ ਨੂੰ ਬ੍ਰਾਹਮਣੀ ਕੇਂਦਰਾਂ ਵਿੱਚ ਬਦਲ ਦਿੱਤਾ ਸੀ। ਲੱਖਾਂ ਬੋਧੀਆਂ ਦਾ ਖ਼ੂਨ ਵਹਾਇਆ ਗਿਆ ਸੀ ਅਤੇ ਲੱਖਾਂ ਬੋਧੀ ਤਿਬਤ, ਚੀਨ, ਕੋਰੀਆ ਤੇ ਜਾਪਾਨ ਆਦਿਕ ਦੇਸ਼ਾਂ ਵੱਲ ਨੱਠ ਗਏ ਸਨ। ਇਥੇ ਇਹ ਗੱਲ ਨੋਟ ਕਰਨ ਵਾਲੀ ਹੈ ਕਿ ਜਵਾਹਰ ਲਾਲ ਨਹਿਰੂ ਨੇ ਸ਼ੰਕਰਚਾਰੀਆ ਦੇ ਬੁੱਧ ਧਰਮ ਨੂੰ ਭਾਰਤ ਵਿੱਚੋਂ ਖਤਮ ਕਰਨ ਦੇ ਸਮੇਂ ਨੂੰ 'ਭਾਰਤ ਦੀ ਸਭਿਆਚਾਰਕ ਏਕਤਾ' ਅਤੇ 'ਸਾਂਝੀ ਭਾਰਤੀ ਚੇਤਨਤਾ' ਦਾ ਵਿਕਾਸ ਲਿਖਿਆ ਹੈ।

ਵੈਸ਼ਨਵ ਮਤ ਦੂਜੇ ਧਰਮਾਂ ਦੇ ਪੈਗੰਬਰਾਂ ਜਾਂ ਦੇਵਤਿਆਂ ਨੂੰ ਵਿਸ਼ਨੂ ਦਾ ਅਵਤਾਰ ਦੱਸ ਕੇ ਉਹਨਾਂ ਨੂੰ ਆਪਣੇ ਧਰਮ ਵਿੱਚ ਸਮਾ ਲੈਣ ਅਤੇ ਜ਼ਾਤਪਾਤੀ ਢਾਂਚੇ ਵਿੱਚ ਢਾਲ ਲੈਣ ਦਾ ਸ਼ਾਹਰਾਹ ਬਣਿਆ ਰਿਹਾ ਹੈ। ਜੈਨੀਆਂ ਦੇ ਪਹਿਲੇ ਤੀਰਥਾਂਕਰ ਅਤੇ ਬੋਧੀਆਂ ਦੇ ਮਹਾਤਮਾ ਬੁੱਧ ਨੂੰ ਵਿਸ਼ਨੂ ਦੇ ਅਵਤਾਰ ਦੱਸਿਆ ਗਿਆ ਸੀ। ਸਿੱਖ ਧਰਮ ਨੂੰ ਹੜੱਪਣ ਲਈ ਵੀ ਇਹਨਾਂ ਵਲੋਂ ਉਹੀ ਬੋਧੀ ਫਾਰਮੂਲਾ ਹੀ ਵਰਤਿਆ ਜਾ ਰਿਹਾ ਹੈ। ਗੁਰੂ ਨਾਨਕ ਸਾਹਿਬ ਨੂੰ ਵਿਸ਼ਨੂੰ ਦਾ ਅਵਤਾਰ ਦੱਸਿਆ ਜਾ ਰਿਹਾ ਹੈ ਅਤੇ ਗੁਰੂ ਗਰੰਥ ਸਾਹਿਬ ਨੂੰ ਪੰਜਵਾਂ ਵੇਦ।

ਸਿੱਖ ਕੌਮ ਸੁੱਤੀ ਪਈ ਹੈ। ਹਿੰਦੂ ਸਾਮਰਾਜ ਨੇ ਸਾਡੇ ਗੁਰੂਆਂ ਨੂੰ ਲੁਟੇਰੇ ਤਕ ਲਿਖਕੇ ਸਕੂਲਾਂ ਵਿੱਚ ਪੜ੍ਹਾਉਣਾ ਸ਼ੁਰੂ ਕਰ ਦਿੱਤਾ ਹੋਇਆ ਹੈ। ਸਾਡੇ ਧਰਮ, ਸਾਡੇ ਗੁਰੂ ਸਾਹਿਬਾਨ ਅਤੇ ਸਾਡੀਆਂ ਸੰਸਥਾਵਾਂ ਦੀ ਹੱਤਕ ਕਰਨੀ ਸ਼ੁਰੂ ਕਰ ਦਿੱਤੀ ਹੋਈ ਹੈ। ਸਾਡੇ ਲੀਡਰ ਵਿੱਕ ਚੁੱਕੇ ਹਨ ਅਤੇ ਬ੍ਰਾਹਮਣਵਾਦ ਦੇ ਹੱਥਠੋਕੇ ਬਣ ਚੁੱਕੇ ਹਨ। ਨਰਕਧਾਰੀ ਗੁਰਬਚਨੇ ਵਰਗੇ ਗੁਰੂਡੰਮ ਵਾਲਿਆਂ, ਸਾਧਾਂ- ਸੰਤਾਂ-ਬਾਬਿਆਂ-ਡੇਰੇਦਾਰਾਂ, ਰਾਧਾ ਸੁਆਮੀਆਂ, ਨਾਮਧਾਰੀਆਂ, ਭਨਿਆਰਿਆਂ ਅਤੇ ਆਸ਼ੂਤੋਸ਼ਾਂ ਆਦਿਕ ਦੀ ਪੁਸ਼ਤ ਪਨਾਹੀ ਕੌਣ ਕਰ ਰਿਹਾ ਹੈ? ਇਹੀ ਆਰ.ਐਸ.ਐਸ.ਵਾਲੇ ਅਤੇ ਇਹਨਾਂ ਦੀ ਭਾਜਪਾ ਸਰਕਾਰ। ਇਹੀ ਪੈਸੇ ਦਿੰਦੇ ਹਨ ਸਿੱਖੀ ਦੀ ਫੱਟੀ ਪੋਚਣ ਲਈ। ਇਹਨਾਂ ਵਲੋਂ ਹੀ ਨਰਕਧਾਰੀਆਂ, ਸੰਤ ਬਾਬਿਆਂ ਅਤੇ ਭੰਨਿਆਰਿਆਂ ਨੂੰ ਪੈਸੇ ਦੇਕੇ ਸਿੱਖੀ ਦਾ ਘਾਣ ਕਰਵਾਇਆ ਜਾ ਰਿਹਾ ਹੈ। ਇਹ ਲਾਣਾ ਜਦ ਸਾਡੇ ਗੁਰੂਆਂ ਦਾ, ਸਾਡੇ ਗੁਰੂ ਗਰੰਥ ਸਾਹਿਬ ਦਾ ਜਾਂ ਪੰਥ ਦਾ ਅਪਮਾਨ ਕਰਦੇ ਹਨ, ਤਾਂ ਇਹ ਸਿੱਖਾਂ ਦਾ ਮੂੰਹ ਚਿੜਾਉਣ ਲਈ, ਸਿੱਖਾਂ ਨੂੰ ਹੇਠੀ ਵਿਖਾਉਣ ਲਈ, ਸਿੱਖਾਂ ਨੂੰ ਬੇਅਣਖਾ ਬਣਾਉਣ ਲਈ ਅਤੇ ਮਾਲਕਾਂ ਤੋਂ ਇਨਾਮ ਪ੍ਰਾਪਤ ਕਰਨ ਲਈ ਸਭ ਕੁਝ ਕਰਦਾ ਹੈ। ਹੁਣ ਭਈਏ, ਸਿੱਖਾਂ ਨੂੰ ਸਿੱਖੀ ਦਾ ਪਾਠ ਪੜ੍ਹਾਉਣ ਲੱਗ ਪਏ ਹਨ।

ਰੁਜ਼ਗਾਰ ਦੇ ਨਾਂ ਤੇ ਆਏ ਭਈਆਂ ਦੀ ਹੁਣ ਇਤਨੀ ਠੁਕ ਬਣ ਗਈ ਹੈ ਕਿ ਉਹ ਆਪਣੀ ਸਿੱਖੀ ਪੈਦਾ ਕਰਨ ਲੱਗ ਗਏ ਹਨ। ਸੇਵਾਦਾਰਾਂ ਤੋਂ ਇਲਾਵਾ ਗਰੰਥੀ, ਰਾਗੀ, ਢਾਡੀ, ਤੇ ਸੰਤ ਬਣੇ ਹੋਏ ਭਈਆਂ ਨੇ ਸਿੱਖੀ ਮਰਿਆਦਾ ਦਾ 'ਭਈਆਕਰਨ' ਕਰਨਾ ਸ਼ੁਰੂ ਕਰ ਦਿੱਤਾ ਹੋਇਆ ਹੈ। ਇਹਨਾਂ ਦਾ ਆਗੂ ਨੂਰਮਹਿਲੀਆ ਆਸ਼ੂਤੋਸ਼ ਭਈਆ ਬਣਕੇ ਉਭਰਿਆ ਹੈ, ਜੋ ਗੁਰਬਾਣੀ ਦੇ ਅਰਥ ਤੋੜ-ਮਰੋੜ ਕੇ ਆਪਣੀ ਸਿੱਖੀ ਬਣਾਈ ਬੈਠਾ ਹੈ ਅਤੇ ਸਿੱਖਾਂ ਦੇ ਗਾਤਰੇ ਲੁਹਾਈ ਜਾ ਰਿਹਾ ਹੈ। ਇਸੇ ਤਰ੍ਹਾਂ ਦੇ 15-20 ਹੋਰ ਭਈਏ ਵੀ 'ਸੰਤਗੀਰੀ' ਦੇ

ਚੋਲੇ ਪਾ ਕੇ ਭੋਲੇ ਭਾਲੇ ਸਿੱਖਾਂ ਨੂੰ ਲੁੱਟ ਰਹੇ ਹਨ। ਪੰਜਾਬ ਵਿੱਚ ਇਤਨੇ ਭਈਏ ਆ ਜਾਣ ਨਾਲ ਹੁਣ ਪੰਜਾਬ ਦੇ ਪਾਣੀਆਂ ਵਿੱਚ ਬੀੜੀਆਂ ਸਿਗਰਟਾਂ ਦੀ ਜ਼ਹਿਰ ਘੁਲ ਰਹੀ ਹੈ। ਪਿੰਡਾਂ ਸ਼ਹਿਰਾਂ ਵਿੱਚ ਪੈਰ-ਪੈਰ ਤੇ ਜ਼ਰਦੇ-ਪਾਨ ਦੀਆਂ ਦੁਕਾਨਾਂ ਖੁਲ੍ਹ ਗਈਆਂ ਹਨ। ਭਈਆਂ ਦੀ ਵੇਖਾ ਵੇਖੀ ਸਿੱਖ ਨੌਜਵਾਨਾਂ ਵਿੱਚ ਵੀ ਜ਼ਰਦੇ ਪਾਨ ਦਾ ਬੋਲਬਾਲਾ ਹੋ ਗਿਆ ਹੈ ਤੇ ਵੱਧ ਰਿਹਾ ਹੈ।

ਜੇਲ੍ਹ ਅਧਿਕਾਰੀਆਂ ਤੇ ਪੁਲਸ ਅਮਲੇ ਵਲੋਂ ਨਜ਼ਰਬੰਦ ਸਿੱਖਾਂ ਨਾਲ ਮੁਲਾਕਾਤ ਕਰਨ ਜਾਂਦੇ ਪਰਿਵਾਰਾਂ ਅਤੇ ਰਿਸ਼ਤੇਦਾਰਾਂ ਨੂੰ ਪ੍ਰੇਸ਼ਾਨ ਕੀਤਾ ਜਾਂਦਾ ਹੈ। ਤਲਾਸ਼ੀ ਲੈਣ ਸਮੇਂ ਧਾਰਮਿਕ ਪੁਸਤਕਾਂ ਅਤੇ ਗੁਟਕਿਆਂ ਦੀ ਬੇਅਦਬੀ ਕੀਤੀ ਜਾਂਦੀ ਹੈ। ਪੰਜ ਕਕਾਰਾਂ ਵਿੱਚੋਂ ਕੜੇ ਨੂੰ ਉਤਾਰ ਦੇਣ ਲਈ ਮਜਬੂਰ ਕੀਤਾ ਜਾਂਦਾ ਹੈ। ਲਾਕਅੱਪ ਟੀਮ ਬੜੇ ਭੱਦੇ ਢੰਗ ਨਾਲ ਤਲਾਸ਼ੀ ਲੈਕੇ ਅਪਮਾਨ ਕਰਦੀ ਹੈ। ਪਰਿਵਾਰ ਦੇ ਮੈਂਬਰ ਵਲੋਂ ਲਿਆਂਦੀ ਦੇਗ ਤੱਕ ਦਾ ਅਪਮਾਨ ਕੀਤਾ ਜਾਂਦਾ ਹੈ। ਹਿੰਦੂ ਬਹੁਗਿਣਤੀ ਸਿੱਖੀ ਕਿਰਦਾਰ ਨੂੰ ਤਬਾਹ ਕਰਨ 'ਤੇ ਤੁਲੀ ਹੋਈ ਹੈ। ਜਦ ਤੋਂ ਬੀ.ਜੇ.ਪੀ.ਨੇ ਕੇਂਦਰ ਦੀ ਵਾਗਡੋਰ ਸੰਭਾਲੀ ਹੈ, ਉਦੋਂ ਤੋਂ ਕੋਈ ਅਜਿਹਾ ਸਰਕਾਰੀ ਜਾਂ ਗ਼ੈਰ-ਸਰਕਾਰੀ ਅਦਾਰਾ ਨਹੀਂ, ਜਿਹੜਾ ਸਿੱਖੀ ਕਿਰਦਾਰ ਦਾ ਖ਼ੂਨ ਨਾ ਕਰ ਰਿਹਾ ਹੋਵੇ। ਅੱਜ ਸਿੱਖਾਂ ਨੂੰ ਗ਼ੁਲਾਮੀ ਦਾ ਅਹਿਸਾਸ ਜ਼ਿੰਦਗੀ ਦੇ ਹਰ ਕਦਮ ਤੇ ਕਰਾਇਆ ਜਾਂਦਾ ਹੈ।

ਰੀਸਰਚ ਦੀ ਆੜ ਵਿੱਚ ਗੁਰਮਤਿ ਚਿੰਤਨ ਦੀ ਭੰਨ-ਤਰੋੜ ਦਾ ਵਿਸ਼ਾ ਚੁਣਨ ਵਾਲੇ ਅਤੇ ਇਸ 'ਤੇ ਕਿੰਤੂ-ਪਰੰਤੂ ਕਰਨ ਵਾਲੇ ਆਪ ਹੁਦਰੇ, ਭੁੱਲੜ, ਸੁਆਰਥੀ ਅਤੇ ਵਿਕਾਊਮਾਲ ਬੁੱਧੀਜੀਵੀਆਂ ਨੂੰ 'ਪੀ.ਐਚ.ਡੀ.' ਤੇ 'ਡੀ. ਲਿਟ.' ਦੀਆਂ ਸੁਖਾਲੀਆਂ ਡਿਗਰੀਆਂ ਨਾਲ ਸਨਮਾਨ ਕੇ ਸਿੱਖ ਸਿਧਾਂਤਾਂ ਦੀ ਭੰਨ-ਤਰੋੜ ਕਰਵਾਈ ਗਈ ਅਤੇ ਕਰਵਾਈ ਜਾ ਰਹੀ ਹੈ। ਜਿੱਥੇ ਹੋਰਨਾਂ ਧਰਮਾਂ ਵਾਲੇ ਆਪਣੇ ਧਰਮ ਦੇ ਅਸੂਲਾਂ ਤੇ ਇਤਿਹਾਸ ਨੂੰ ਪਾਲਿਸ਼ ਕਰਕੇ, ਲਿਸ਼ਕਾ-ਪੁਸ਼ਕਾ ਕੇ, ਖਿੱਚ-ਧੂਹ ਕੇ, ਦਲੀਲਬਾਜ਼ੀ ਤੇ ਸੂਝ ਬੂਝ ਨਾਲ ਪੇਸ਼ ਕਰਦੇ ਹਨ, ਉਥੇ ਸਾਡੇ ਵਿਕਾਊਮਾਲ ਬੁੱਧੀਜੀਵੀ ਡਿਗਰੀਆਂ ਤੇ ਕੁਝ ਟਕਿਆਂ ਦੀਆਂ ਥੈਲੀਆਂ ਬਦਲੇ ਹੀਰਿਆਂ ਵਾਂਗ ਦਮਕਾਂ ਮਾਰ ਰਹੇ ਗੁਰਮਤਿ ਸਿਧਾਂਤਾਂ 'ਤੇ ਬਿੱਪਰਵਾਦੀ ਪੋਚਾ ਫੇਰ ਕੇ ਇਹਨਾਂ ਵਿੱਚ ਖੋਟ ਮਿਲਾ ਰਹੇ ਹਨ। ਆਖ਼ਿਰ ਇਹਨਾਂ ਵਿੱਚ ਇਤਨੀ ਗਿਰਾਵਟ ਕਿਉਂ?

ਪੰਜਾਬ ਦੀਆਂ ਯੂਨੀਵਰਸਿਟੀਆਂ ਵਿੱਚ ਸਿੱਖ ਇਤਿਹਾਸ ਨੂੰ ਤੋੜ ਮਰੋੜ ਕੇ ਦੁਬਾਰਾ ਲਿਖਵਾਇਆ ਜਾ ਰਿਹਾ ਹੈ: ਸਿੱਖ ਧਰਮ ਅਤੇ ਸਿੱਖ ਇਤਿਹਾਸ 'ਤੇ ਬਿੱਪਰਵਾਦੀ ਪੋਚਾ ਫੇਰਿਆ ਜਾ ਰਿਹਾ ਹੈ; ਸਿੱਖ ਇਤਿਹਾਸ

ਵਿੱਚੋਂ ਸਿੱਖ ਰਾਜ ਦੇ ਵਰਕੇ ਕੱਢੇ ਜਾ ਚੁੱਕੇ ਹਨ; ਸਿੱਖਾਂ ਦੀਆਂ ਬਹਾਦਰੀਆਂ ਤੇ ਸੂਰਮਗਤੀਆਂ ਨੂੰ ਪੰਜਾਬੀਆਂ ਦੀਆਂ ਬਹਾਦਰੀਆਂ ਵਿੱਚ ਬਦਲਿਆ ਜਾ ਚੁੱਕਾ ਹੈ; ਡੋਗਰਿਆਂ ਦੀਆਂ ਗ਼ਦਾਰੀਆਂ ਦੇ ਵਰਕੇ ਫਾੜੇ ਜਾ ਚੁੱਕੇ ਹਨ; ਮਹਾਰਾਜਾ ਰਣਜੀਤ ਸਿੰਘ ਦੇ ਨਾਂ ਨਾਲੋਂ 'ਮਹਾਰਾਜਾ' ਸ਼ਬਦ ਹਟਾ ਕੇ ਕੇਵਲ ਰਣਜੀਤ ਸਿੰਘ ਲਿਖਿਆ ਜਾ ਚੁੱਕਾ ਹੈ ਅਤੇ ਧਿਆਨ ਸਿੰਘ ਵਰਗੇ ਗ਼ਦਾਰ ਡੋਗਰਿਆਂ ਨੂੰ 'ਰਾਜਾ' ਧਿਆਨ ਸਿੰਘ ਲਿਖਿਆ ਜਾ ਚੁੱਕਾ ਹੈ। ਜਿਹੜੇ ਖਾਲਸਾ ਪੰਥ ਨੇ, ਜਿਹੜੀ ਕੌਮ ਨੇ ਇਸ ਖਿਤੇ 'ਤੇ ਰਾਜ ਕੀਤਾ ਹੈ, ਇਤਿਹਾਸ 'ਚੋਂ ਉਸ ਕੌਮ ਦਾ ਨਾਂ ਹੀ ਮੇਸ ਦਿੱਤਾ ਗਿਆ ਹੈ। ਜਿਸ ਕੌਮ ਨੇ ਭਾਰਤ ਦੀਆਂ ਦੋ ਸ਼ਹਿਨਸ਼ਾਹੀਆਂ, ਪਹਿਲਾਂ ਪਠਾਣਾਂ-ਮੁਗ਼ਲਾਂ ਦੀ ਨੂੰ ਅਤੇ ਫਿਰ ਅੰਗਰੇਜ਼ਾਂ ਦੀ ਨੂੰ ਮਾਰ ਭਜਾਇਆ, ਉਸ ਕੌਮ ਦੇ ਅਦੁੱਤੀ ਕਾਰਨਾਮਿਆਂ ਨੂੰ ਭਾਰਤ ਦੇ ਇਤਿਹਾਸ 'ਚ ਇਕ ਇੰਚ ਥਾਂ ਵੀ ਨਹੀਂ ਦਿੱਤੀ ਗਈ।

ਦਿੱਲੀ ਦੇ ਸਰਕਾਰੀ ਸਕੂਲਾਂ ਤੋਂ ਇਲਾਵਾ ਹੁਣ ਖਾਲਸਾ ਸਕੂਲਾਂ ਵਿੱਚ ਵੀ ਸਨਾਤਨ ਧਰਮੀਆਂ ਦੇ ਵਾਲੰਟੀਅਰਾਂ ਨੇ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ ਹੈ। 2001 ਸਾਲ ਦੇ ਅਖੀਰਲੇ ਮਹੀਨੇ ਖਾਲਸਾ ਸਕੂਲ ਦੇਵ ਨਗਰ ਦੇ ਇਕ ਬੱਚੇ ਰਾਹੀਂ ਪਤਾ ਲੱਗਾ ਕਿ ਸਕੂਲ ਵਿੱਚ 6ਵੀਂ ਤੇ 7ਵੀਂ ਜਮਾਤ ਨੂੰ ਗਣਿਤ ਪੜ੍ਹਾਉਣ ਦੀ ਸੇਵਾ ਦੀ ਆੜ ਵਿੱਚ ਬੱਚਿਆਂ ਨੂੰ ਆਪਣੇ ਹਿੰਦੂ ਧਰਮ ਦੀ ਜਾਣਕਾਰੀ ਦੇਂਦੇ ਹਨ। ਇਹ ਵਾਲੰਟੀਅਰ ਗਣਿਤ ਦੇ ਸੁਆਲਾਂ ਦਾ ਇਕ ਕਾਗਜ਼ ਵੰਡਦੇ ਹਨ, ਜਿਸ ਤੇ 'ਓਮ' ਲਿਖਿਆ ਹੁੰਦਾ ਹੈ, ਉਸ ਦੇ ਆਲੇ ਦੁਆਲੇ ਗੁਰੂ ਤੇਗ ਬਹਾਦਰ ਸਾਹਿਬ ਅਤੇ ਵੀਰ ਹਕੀਕਤ ਰਾਏ ਦੀ ਫੋਟੋ। 10-15 ਮਿੰਟਾਂ ਵਿੱਚ ਸੁਆਲਾਂ ਦੇ ਜਵਾਬ ਦੇਣ ਬਾਅਦ ਵਾਲੰਟੀਅਰ ਆਪਣੇ ਧਰਮ ਬਾਰੇ ਜਾਣਕਾਰੀ ਦੇਂਦਿਆਂ ਦੱਸਦੇ ਹਨ ਕਿ ਸਿੱਖ ਧਰਮ ਹਿੰਦੂ ਧਰਮ ਦਾ ਹੀ ਹਿੱਸਾ ਹੈ। ਸਿੱਖ ਪਨੀਰੀ 'ਤੇ ਬਿੱਪਰਵਾਦੀ ਰੰਗ ਚਾੜ੍ਹਨਾ ਸ਼ੁਰੂ ਕਰ ਦਿੱਤਾ ਗਿਆ ਹੈ।

ਬ੍ਰਾਹਮਣਵਾਦ ਦੀ ਪ੍ਰੋਹਿਤਵਾਦੀ ਲੁੱਟ ਖਸੁੱਟ ਕਰਨ ਵਿਰੁੱਧ ਬਗ਼ਾਵਤ ਕਰਨ ਵਾਲੇ ਮਹਾਤਮਾ ਬੁੱਧ ਨੂੰ ਇਹਨਾਂ ਵਿਸ਼ਨੂ ਦਾ ਅਵਤਾਰ ਮੰਨ ਲਿਆ ਸੀ ਅਤੇ ਬੋਧੀਆਂ ਦੇ ਅੰਦਰ ਘੁੱਸਪੈਠ ਕਰਕੇ ਬੁੱਧ ਧਰਮ ਨੂੰ ਆਪਣੇ ਆਪ 'ਚ ਜਜ਼ਬ ਕਰ ਲਿਆ ਸੀ। ਕਈ ਚਾਤੁਰ ਹਿੰਦੂਤਵੀ ਯਸੂਹ-ਮਸੀਹ ਨੂੰ ਵੀ ਵਿਸ਼ਨੂ ਦਾ ਅਵਤਾਰ ਮੰਨਣ ਦੀ ਕਹਾਣੀ ਪਾਉਂਦੇ ਹਨ। ਮੁਸਲਮਾਨਾਂ ਨੂੰ ਆਪਣੇ ਜਾਲ 'ਚ ਫਸਾਉਣ ਲਈ ਕਾਬੇ ਦੇ ਕਾਲੇ ਪੱਥਰ ਨੂੰ ਸ਼ਿਵਲਿੰਗ ਦੱਸਦੇ ਹਨ। ਪਰ ਈਸਾਈ ਤੇ ਸਿਆਣੇ ਮੁਸਲਮਾਨ ਇਹਨਾਂ ਬੁੱਤ ਪ੍ਰਸਤਾਂ ਦੇ ਸ਼ਿਕੰਜੇ 'ਚ ਨਾ ਆਏ ਅਤੇ ਨਾ ਹੀ

ਆਉਣਗੇ। ਪਰ ਭੋਲੇ ਤੇ ਸਿੱਧੜ ਸਿੱਖ ਇਹਨਾਂ ਦਾ ਸ਼ਿਕਾਰ ਬਣ ਚੁੱਕੇ ਹਨ।

ਸਿੱਖਾਂ ਨੂੰ ਤਾਂ ਪਹਿਲਾਂ ਹੀ ਵਿਧਾਨ 'ਚ ਹਿੰਦੂ ਲਿਖ ਦਿੱਤਾ ਹੋਇਆ ਹੈ। ਹੁਣ ਸਿੱਖਾਂ ਦਾ ਬਰੇਨ-ਵਾਸ਼ ਭਾਵ ਪੁੱਠੀ ਮਤ ਦਿੱਤੀ ਜਾ ਰਹੀ ਹੈ ਕਿ ਸਿੱਖ ਤਾਂ ਹੈਨ ਹੀ ਹਿੰਦੂ। ਜਦ ਕੁਝ ਸਿੱਖਾਂ ਨੇ 'ਹਮ ਹਿੰਦੂ ਨਹੀਂ' ਦੀ ਅਵਾਜ਼ ਉਠਾਈ ਤਾਂ ਸਿੱਖ ਕੌਮ ਦੀ ਨਸਲਕੁਸ਼ੀ ਦਾ ਬਿਗਲ ਵਜਾ ਦਿੱਤਾ ਗਿਆ। ਗੁਰਦੁਆਰੇ ਢਾਹੇ ਗਏ, ਸਿੱਖ ਵਿਰਸਾ ਸਾੜਿਆ ਗਿਆ, ਪੰਜਾਬ 'ਚ ਦਹਿਸ਼ਤ ਫੈਲਾਈ ਗਈ, ਸਾਰੇ ਭਾਰਤ 'ਚ ਸਿੱਖਾਂ ਦੀ ਕਤਲੇਆਮ ਕੀਤੀ ਗਈ, ਤਾਂ ਜੋ ਸਿੱਖ ਕਾਇਰ ਬਣਕੇ ਹਿੰਦੂ ਬਣਨਾ ਸਵੀਕਾਰ ਕਰ ਲੈਣ ਅਤੇ ਆਪਣੇ ਆਪ ਨੂੰ ਹਿੰਦੂ ਸਮਝ ਕੇ ਜੀਉਣ। ਗੁਰਦੁਆਰੇ ਮਸਜਿਦਾਂ ਢਾਹੇ ਜਾ ਰਹੇ ਹਨ ਅਤੇ ਉਨ੍ਹਾਂ ਨੂੰ ਮੰਦਰਾਂ 'ਚ ਬਦਲਿਆ ਜਾ ਰਿਹਾ ਹੈ ਜਾਂ ਹੋਰਨਾਂ ਕੰਮਾਂ ਲਈ ਵਰਤਿਆ ਜਾ ਰਿਹਾ ਹੈ। ਸਿੱਖਾਂ ਤੇ ਮੁਸਲਮਾਨਾਂ ਦੇ ਧਾਰਮਿਕ ਗਰੰਥਾਂ ਨੂੰ ਸਾੜ ਕੇ ਉਹਨਾਂ ਦੇ ਜਜ਼ਬਾਤਾਂ 'ਤੇ ਸੱਟਾਂ ਮਾਰੀਆਂ ਜਾ ਰਹੀਆਂ ਹਨ। ਇਹ ਹੈ ਉਠ ਰਿਹਾ ਅਜੋਕਾ ਨਵਾਂ ਸਾਮਰਾਜ।

ਅੱਜ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਅਕਾਲ ਤਖਤ ਸਾਹਿਬ 'ਤੇ ਆਰ.ਐਸ.ਐਸ. ਕਾਬਜ਼ ਹੈ। ਸਿੱਖਾਂ ਨੂੰ ਆਤਮਿਕ ਬਲ ਅਤੇ ਇਨਕਲਾਬੀ ਸਪਿਰਟ ਪ੍ਰਦਾਨ ਕਰਨ ਵਾਲੇ ਇਹਨਾਂ ਮਹਾਨ ਕੇਂਦਰਾਂ ਨੂੰ ਪੂਜਾ ਪਾਠ ਤਕ ਸੀਮਤ ਕੀਤਾ ਜਾ ਰਿਹਾ ਹੈ। ਅਕਾਲ ਤਖਤ ਦੇ ਜਥੇਦਾਰ ਅਤੇ ਹੋਰ ਧਾਰਮਿਕ ਸੰਸਥਾਵਾਂ ਬ੍ਰਾਹਮਣਵਾਦ ਦਾ ਸਾਥ ਦੇ ਰਹੀਆਂ ਹਨ। ਸਿੱਖਾਂ ਦਾ ਸ਼੍ਰੋਮਣੀ ਅਕਾਲੀ ਦਲ ਵੀ ਆਰ.ਐਸ.ਐ.ਦਾ ਹੱਥਠੋਕਾ ਬਣ ਚੁੱਕਾ ਹੈ। ਸਿੱਖੀ ਸਪਿਰਟ ਦੇ ਸਰੋਤਾਂ ਨੂੰ ਅਜ਼ਾਦ ਕਰਾਣਾ ਅੱਜ ਪੰਥ ਲਈ ਇਕ ਵੱਡੀ ਸਮੱਸਿਆ ਬਣ ਚੁੱਕੀ ਹੈ।

ਸਿੱਖ ਸੰਸਥਾਵਾਂ ਅਤੇ ਜਦੋਬੰਦੀਆਂ ਆਰ.ਐਸ.ਐਸ. ਕੋਲ ਵਿਕ ਚੁੱਕੀਆਂ ਹਨ। ਅੱਜ ਸਿੱਖਾਂ ਦੇ ਹੀ ਧਾਰਮਿਕ ਆਗੂਆਂ- ਜਥੇਦਾਰਾਂ, ਪ੍ਰਚਾਰਕਾਂ, ਕੀਰਤਨੀਆਂ ਅਤੇ ਕਥਾਕਾਰਾਂ ਰਾਹੀਂ ਉਨ੍ਹਾਂ ਸਿੱਖ ਸੰਸਥਾਵਾਂ ਦੀ ਭੰਨ-ਤਰੋੜ ਕੀਤੀ ਜਾ ਰਹੀ ਹੈ ਜਿਥੋਂ ਪ੍ਰੇਰਨਾ ਲੈਕੇ ਸਿੱਖ ਆਪਣੇ ਧਰਮ ਲਈ ਮਰ-ਮਿੱਟਣ ਦੀਆਂ ਪਰੰਪਰਾਵਾਂ ਕਾਇਮ ਕਰਦੇ ਆਏ ਹਨ। ਸਿੱਖ ਜਵਾਨੀ ਨੂੰ ਸਿੱਖੀ ਤੋਂ ਦੂਰ ਕਰਨ ਲਈ ਗਿਣੀ-ਮਿਥੀ ਸਾਜ਼ਸ਼ ਅਧੀਨ ਬੜੇ ਹੀ ਸੂਖਮ ਢੰਗ ਵਰਤੇ ਜਾ ਰਹੇ ਹਨ।

ਸਿੱਖ ਨਸਲਘਾਤ ਆਰਥਿਕ ਪੱਖੋਂ

ਸਿੱਖ ਆਰਥਕਤਾ ਨੂੰ ਤਬਾਹ ਕਰਨ ਦਾ ਨਿਸ਼ਾਨਾ

ਪੰਜਾਬ ਦੀ ਆਰਥਕਤਾ ਨੂੰ ਭੰਨਣ ਲਈ ਹਰ ਹੀਲਾ-ਹਰਬਾ ਵਰਤਿਆ ਗਿਆ। ਸਿੱਖ ਕਿਸਾਨੀ ਦਾ ਲੱਕ ਤੋੜਨ ਲਈ ਸਰਕਾਰ ਦਾ ਮਨੂ ਪਰਾਈਸ ਕਮਿਸ਼ਨ ਕਣਕ ਤੇ ਝੋਨੇ ਦਾ ਉਤਨਾ ਹੀ ਭਾਅ ਨੀਅਤ ਕਰਦਾ ਹੈ ਜਿਸ ਨਾਲ ਪੰਜਾਬ ਦਾ ਕਿਸਾਨ ਸਿਰ ਚੁੱਕਣ ਜੋਗਾ ਨਾ ਰਹੇ। ਸਾਰਾ ਟੱਬਰ ਹੱਡ ਭੰਨ ਕੇ ਵੀ ਕਰਜ਼ੇ ਵਿੱਚ ਜੱਕੜਿਆ ਰਹੇ। ਪੰਜਾਬ ਦੀ ਆਰਥਕਤਾ ਨੂੰ ਭੰਨਣ ਲਈ ਇਥੇ ਕੋਈ ਵੱਡੀ ਸਨਅਤ ਲਾਈ ਨਹੀਂ ਗਈ। ਕੇਂਦਰ ਦੇ ਟੈਕਸਾਂ ਦਾ ਬੋਝ ਚੁੱਕਣ ਵੇਲੇ ਸਭ ਤੋਂ ਵੱਧ ਪੰਜਾਬ ਚੁੱਕੇ, ਪਰ ਜਦ ਵੰਡਣ ਦਾ ਵੇਲਾ ਆਉਂਦਾ ਹੈ ਤਾਂ ਸਭ ਤੋਂ ਘਟ ਪੰਜਾਬ ਨੂੰ, ਕਿਉਂਕਿ ਸਿੱਖਾਂ ਤੇ ਪੰਜਾਬ ਨੂੰ ਤਬਾਹ ਜੁ ਕਰਨਾ ਹੋਇਆ। ਜੇ ਕੋਈ ਇਕ ਅੱਧ ਫ਼ੈਕਟਰੀ ਲਾਈ ਵੀ ਹੈ ਤਾਂ ਉਸ ਵਿੱਚ 80 ਫ਼ੀਸਦੀ ਬਾਹਰ ਦੇ ਪ੍ਰਾਂਤਾਂ ਦੀਆਂ ਧਾੜਾਂ ਆ ਵਾੜੀਆਂ ਕਿਉਂਕਿ ਛੇ ਜ਼ਿਲਿਆਂ ਦੀ ਸੂਬੀ ਵਿੱਚ ਵੀ ਹਿੰਦੂਆਂ ਦੀ ਗਿਣਤੀ ਜੁ ਵਧਾਉਣੀ ਹੋਈ। ਪੰਜਾਬ ਦਾ ਪੈਸਾ, ਪੰਜਾਬ ਦੀ ਜ਼ਮੀਨ ਪਰ ਨੌਕਰੀਆਂ ਬਾਹਰੋਂ ਆਏ ਹਿੰਦੂਆਂ ਲਈ। ਸਿੱਖ ਜਵਾਨ ਵਿਹਲੇ ਦੇ ਵਿਹਲੇ।

ਜਿਨਸ ਪੈਦਾ ਕਰੇ ਕਿਸਾਨ ਤੇ ਮੁੱਲ ਮਿਥੇ ਬਾਣੀਆ। ਕਿਤਨੀ ਨਿਰਾਲੀ ਡੈਮੋਕਰੈਸੀ ਹੈ ਮਨੂਵਾਦੀ ਦੇਸ਼ 'ਚ। ਕਿਸਾਨ ਦੀ ਪੈਦਾਵਾਰ ਮੰਡੀ 'ਚ ਰੁਲਦੀ ਰੱਖੀ ਜਾਂਦੀ ਹੈ ਅਤੇ ਕਿਸਾਨ ਰੁਲਦਾ ਰਹਿੰਦਾ ਹੈ ਸੜਕਾਂ 'ਤੇ ਕਿ ਕਦੋਂ ਸਰਕਾਰ ਮੁੱਲ ਨਿਯਤ ਕਰੇ। ਇਹ ਕਹਾਣੀ ਹਰ ਫਸਲ ਸਮੇਂ ਜਾਣ ਬੁਝ ਕੇ ਦੁਹਰਾਈ ਜਾਂਦੀ ਹੈ। ਹਰ ਵਾਰ ਕਿਸਾਨ ਨੂੰ ਆਪਣੀ ਫਸਲ ਵੇਚਣ ਲਈ ਹਾਕਮਾਂ ਅੱਗੇ ਤਰਲੇ ਕਰਨੇ ਪੈਂਦੇ ਹਨ। ਕਦੇ ਚੰਡੀਗੜ੍ਹ ਅਤੇ ਕਦੇ ਦਿੱਲੀ ਜਾ ਕੇ ਚੀਕ-ਪੁਕਾਰ ਕਰਨੀ ਪੈਂਦੀ ਹੈ। ਇਸ ਦੇ ਬਾਵਜੂਦ ਕਿਸਾਨ ਨੂੰ ਲਾਹੇਵੰਦ ਭਾਅ ਕਦੀ ਨਹੀਂ ਮਿਲਿਆ। ਮਿਲੇਗਾ ਵੀ ਕਿਵੇਂ? ਜਦ ਬਾਣੀਏ ਨੇ ਮੁੱਲ ਪਾਣਾ ਹੈ ਤੇ ਉਹ ਵੀ ਸਿੱਖ ਕਿਸਾਨ ਲਈ ਜਿਸ ਨੂੰ ਕਿ ਘਸਿਆਰਾ ਬਣਾਉਣਾ ਸਰਕਾਰ ਦੀ ਨੀਤੀ ਹੈ।

ਪਹਿਲਾਂ 'ਗ਼ੈਰ' ਵਿਦੇਸ਼ੀ ਲੁਟੇਰੇ ਸਨ, ਪਰ ਉਨ੍ਹਾਂ ਦੇ ਦਿਲਾਂ ਅੰਦਰ ਰਤਾ ਜਿੰਨੀ ਇਨਸਾਨੀਅਤ ਤਾਂ ਸੀ। ਹੁਣ ਇਹ ਦੇਸੀ ਮਨੂਵਾਦੀ ਲੁਟੇਰੇ ਤਾਂ ਬਿਲਕੁਲ ਪੱਥਰ ਦਿਲ ਹਨ। ਅੰਗਰੇਜ਼ਾਂ ਨੇ ਤਾਂ ਪੰਜਾਬ ਨੂੰ ਗ਼ੁਲਾਮ ਬਣਾ ਕੇ ਕੇਵਲ ਆਰਥਕ ਪੱਖੋਂ ਲੁੱਟਿਆ ਸੀ, ਪਰ ਇਹਨਾਂ ਦੇਸੀ ਹਾਕਮਾਂ ਨੇ ਤਾਂ ਨਾਲ ਹੀ ਸਿੱਖਾਂ ਨੂੰ ਘਸਿਆਰਾ ਬਣਾਉਣਾ ਵੀ ਨਿਸ਼ਾਨਾ ਬਣਾ ਲਿਆ ਹੈ। ਪੰਜਾਬ ਦੇ ਨੀਤੀ ਨਿਰਣੇ ਦੇ ਫੈਸਲੇ ਲੈਣ

ਵਾਲੇ ਹਾਕਮ ਨਿਰਦਈ ਬਾਣੀਆ ਬ੍ਰਾਹਮਣ ਹਨ। ਪੰਜਾਬ ਤੇ ਦਿੱਲੀ ਦਾ ਹਾਕਮ ਭਾਵੇਂ ਕੋਈ ਵੀ ਹੋਵੇ,ਸਿੱਖ ਕਿਸਾਨ ਦੇ ਮਸਲੇ 'ਤੇ ਇਹ ਸਭ ਇਕ ਹਨ। ਇਹਨਾਂ ਤੋਂ ਕਿਸੇ ਕਿਸਮ ਦੇ ਸੁਧਾਰ ਦੀ ਆਸ ਰੱਖਣੀ ਆਪਣੇ ਆਪ ਨੂੰ ਧੋਖਾ ਦੇਣਾ ਹੈ। ਕਿਸਾਨ ਦੀ ਦਸ਼ਾ 'ਚ ਕੋਈ ਬੁਨਿਆਦੀ ਸੁਧਾਰ ਨਹੀਂ ਆਉਣਾ। ਪਿੱਛਲੇ ਸੱਤਵੰਜਾ ਸਾਲਾਂ ਅੰਦਰ ਹਾਕਮ ਬਦਲ-ਬਦਲ ਕੇ ਆਉਂਦੇ ਰਹੇ,ਪਰ ਕਿਸੇ ਵੀ ਨਵੇਂ ਹਾਕਮ ਨੇ ਸਿੱਖ ਕਿਸਾਨ ਦਾ ਕੁਝ ਨਹੀਂ ਸੁਧਾਰਿਆ ਅਤੇ ਨਾ ਹੀ ਸੁਧਾਰਨਾ ਹੀ ਹੈ।

ਸਿੱਖ ਕਿਸਾਨੀ ਨਾਲ ਜੁੜੇ ਹੋਏ ਹਨ। ਕਰਜ਼ਿਆਂ ਥੱਲੇ ਦੱਬੇ ਪਏ ਹਨ। ਰਾਜ ਹਿੰਦੂ ਬਾਣੀਏ ਦਾ ਹੈ। ਫਸਲ ਦਾ ਭਾਅ ਸਰਕਾਰ ਨਿਯਤ ਕਰਦੀ ਹੈ ਜਿਹੜੀ ਸਿੱਖ ਨਸਲਕੁਸ਼ੀ 'ਤੇ ਤੁਲੀ ਹੋਈ ਹੈ। ਪੰਜਾਬ ਦੇ ਹਿੰਦੂ ਬਾਣੀਏ ਨੂੰ ਮਾਲਾ ਮਾਲ ਕਰਨ ਲਈ ਪੰਜਾਬ ਦੇ ਝੋਨੇ ਤੇ ਕਣਕ ਨੂੰ ਮਿੱਟੀ ਦੇ ਭਾਅ ਨਿਯਤ ਕਰਕੇ ਚੁੱਕਿਆ ਜਾਂਦਾ ਹੈ। ਐਫ.ਸੀ.ਆਈ.ਦਾ ਚੇਅਰਮੈਨ ਹਮੇਸ਼ਾ ਹਿੰਦੂ ਮੂਲਵਾਦੀ ਸੋਚ ਵਾਲਾ ਨਿਯਤ ਕੀਤਾ ਜਾਂਦਾ ਹੈ। ਪੰਜਾਬੀ ਹਿੰਦੂ ਬਾਣੀਏ ਤੇ ਕੇਂਦਰੀ ਮੂਲਵਾਦੀ ਮਿਲ ਕੇ ਵਿਉਂਤਬੰਦ ਢੰਗ ਨਾਲ ਸਿੱਖ ਕਿਸਾਨੀ ਦਾ ਲੱਕ ਤੋੜਨ ਦੇ ਪਲਾਨ ਬਣਾਉਂਦੇ ਹਨ। ਮਨੂ ਦੇ ਭਾਰਤ ਵਰਸ਼ ਦੀ ਡੈਮੋਕਰੈਸੀ 'ਚ ਸਿੱਖ ਕਿਸਾਨ ਨੂੰ ਆਪਣੀ ਫਸਲ ਦਾ ਮੁੱਲ ਆਪ ਮਿਥਣ ਦੀ ਆਗਿਆ ਨਹੀਂ,ਸਗੋਂ ਬਾਣੀਆ ਸਰਕਾਰ ਮਿਥਦੀ ਹੈ। ਉਹ ਇਸ ਢੰਗ ਨਾਲ ਮਿਥਦੀ ਹੈ ਤਾਂ ਜੋ ਸਿੱਖ ਕਿਸਾਨ ਹਮੇਸ਼ਾ ਕਰਜ਼ੇ ਹੇਠ ਜਕੜਿਆ ਰਹੇ।

ਜਿਨਸ ਪੈਦਾ ਕਰੇ ਕਿਸਾਨ ਤੇ ਮੁੱਲ ਪਾਵੇ ਖਰੀਦਾਰ ਬਾਣੀਆ। ਕਿਉਂ? ਜਿਹੜਾ ਕਿਸਾਨ ਹੱਲ ਵਾਹੁੰਦਾ ਹੈ,ਬੀਜ ਬੀਜਦਾ ਹੈ,ਉਸ ਨੂੰ ਸਿੰਜਦਾ ਹੈ,ਖਾਦ ਖਰੀਦ ਕੇ ਵਰਤਦਾ ਹੈ,ਟਰੈਕਟਰ ਖਰੀਦਦਾ ਹੈ,ਹੋਰ ਸੰਦ ਖਰੀਦ ਕਰਦਾ ਹੈ,ਉਸ ਦੀ ਰਾਖੀ ਕਰਦਾ ਹੈ,ਕਾਮਿਆਂ ਤੋਂ ਕੰਮ ਕਰਵਾਉਂਦਾ ਹੈ,ਜੋ ਹੋਰ ਕਈ ਬਿਲ ਤਾਰਦਾ ਹੈ,ਫਸਲ ਦੀ ਰਾਖੀ ਕਰਦਾ ਹੈ,ਫਸਲ ਵੱਢਦਾ ਹੈ,ਉਸ ਨੂੰ ਪਤਾ ਹੀ ਹੋ ਸਕਦਾ ਹੈ ਕਿ ਉਸ ਖੇਤੀ 'ਤੇ ਕਿਤਨਾ ਖਰਚ ਆਇਆ,ਉਹ ਹੀ ਆਪਣੀ ਖੇਤੀ ਦੀ ਲਾਗਤ ਜਾਣ ਸਕਦਾ ਹੈ। ਬਾਣੀਆਂ ਕਿਉਂ ਉਸ ਦੀ ਫਸਲ ਦਾ ਮੁੱਲ ਪਾਏ? ਪੰਜਾਬ ਦੇ 65% ਕਿਸਾਨ ਬੁਰੀ ਤਰ੍ਹਾਂ ਕਰਜ਼ੇ ਹੇਠ ਦੱਬੇ ਪਏ ਹਨ। ਜਿਹੜੇ 35% ਬਾਕੀ ਦੇ ਹਨ,ਉਹ ਵੀ ਥੋੜੇ ਬਹੁਤੇ ਕਰਜ਼ੇ ਹੇਠ ਹਨ। ਆਰਥਕ ਅੰਖਿਆਈ ਬੜੀ ਸਾਹ ਘੁਟਣ ਵਾਲੀ ਅਵਸਥਾ ਹੁੰਦੀ ਹੈ। ਇਹ ਕਰਜ਼ਾ ਆਮ ਤੌਰ ਤੇ ਉਹ ਆੜ੍ਹਤੀਆਂ ਤੇ ਸ਼ਾਹੂਕਾਰਾਂ ਕੋਲੋਂ ਲੈਂਦੇ ਹਨ,ਜੋ 24 ਤੋਂ 36% ਵਿਆਜ ਲੈਂਦੇ ਹਨ।

ਪੰਜਾਬ ਵਿੱਚ ਪੰਜਾਬ ਦੇ ਲੋਕਾਂ ਦੇ ਜਮ੍ਹਾ ਕਰਾਏ ਢਾਈ ਤਿੰਨ

ਅਰਬ ਰੁਪਏ ਜਮ੍ਹਾ ਪਏ ਨੇ ਪਰ ਉਹ ਕਿਸਾਨਾਂ ਨੂੰ 12% ਵਿਆਜ 'ਤੇ ਦੇਣ ਨੂੰ ਤਿਆਰ ਨਹੀਂ ਕਿਉਂਕਿ ਸਿੱਖ ਕਿਸਾਨਾਂ ਦੀ ਬਾਣੀਆਂ ਕੋਲੋਂ ਛਿੱਲ ਜੁ ਲੁਹਾਉਣੀ ਹੋਈ। 25000 ਕਰੋੜ ਰੁਪਏ ਕਿਉਂ ਨਹੀਂ ਉਹਨਾਂ ਕਿਸਾਨਾਂ ਨੂੰ ਘੱਟ ਵਿਆਜ ਤੇ ਦਿੱਤੇ ਜਾਂਦੇ? ਬੈਂਕ ਤੇ ਕਾਰਖਾਨੇਦਾਰ ਸਿੱਖ ਕਿਸਾਨਾਂ ਨੂੰ ਦੋਹਾਂ ਪਾਸਿਆਂ ਤੋਂ ਮੁੰਨਦੇ ਹਨ। ਟਰੈਕਟਰਾਂ ਤੇ ਟਿਊਬਵੈਲਾਂ ਦਾ ਸਮਾਨ ਬਣਾਉਣ ਵਾਲੇ ਕਾਰਖਾਨੇਦਾਰ ਤੇ ਬੈਂਕ ਦੋਵੇਂ ਪੱਕੇ ਯਾਰ ਹਨ।

ਕਾਰਖਾਨੇਦਾਰ ਕੁਝ ਹਜ਼ਾਰ ਦੇ ਲੋਹੇ ਦੇ ਪੁਰਜ਼ਿਆਂ ਦੇ ਟਰੈਕਟਰ ਦੇ ਦੋ-ਤਿੰਨ ਲੱਖ ਰੁਪਏ ਵੱਟਣ ਲਈ ਬੈਂਕਾਂ ਦੇ ਮਾਲਕਾਂ (ਆਪਣੇ ਭਾਈਵਾਲਾਂ) ਤੋਂ ਕਿਸਾਨਾਂ ਨੂੰ ਕਰਜ਼ੇ ਦਿਵਾ ਦਿੰਦੇ ਹਨ। ਇਸ ਤਰ੍ਹਾਂ ਉਹ ਆਪ ਜਿਥੇ ਕਹਿਰਾਂ ਦੇ ਮੁਨਾਫੇ ਕਮਾਉਂਦੇ ਹਨ, ਉਥੇ ਬੈਂਕਾਂ (ਆਪਣੇ ਭਰਾਵਾਂ) ਦੇ ਮੁਨਾਫੇ ਵਿੱਚ ਵੀ ਵਾਧਾ ਕਰਦੇ ਹਨ। ਇਥੇ ਹੀ ਬਸ ਨਹੀ ਟਰੈਕਟਰ ਆਦਿ ਖਰੀਦਣ ਲਈ ਕਿਸਾਨਾਂ ਨੂੰ ਘੇਰ ਕੇ ਲਿਆਉਣ ਵਾਲੇ ਦਲਾਲ ਏਜੰਟ ਵੀ ਕਿਸਾਨ ਦੀ ਹੀ ਖੱਲ ਉਧੇੜਦੇ ਹਨ। ਕਰਜ਼ਾ ਦੇਣ ਵਾਲੇ ਬੈਂਕ ਕਰਮਚਾਰੀਆਂ ਤੇ ਅਫਸਰਾਂ ਨੂੰ ਰਿਸ਼ਵਤਾਂ ਦਿਵਾਉਣ ਦਾ ਕੰਮ ਵੀ ਇਹ ਦਲਾਲ ਹੀ ਕਰਦੇ ਹਨ। ਇਥੇ ਹੀ ਗੱਲ ਖਤਮ ਨਹੀਂ ਹੋ ਜਾਂਦੀ, ਸਗੋਂ ਕਿਸਾਨ ਦੀ ਬਾਕੀ ਰਹਿੰਦੀ ਖੱਲ ਉਧੇੜਨ ਵਾਲੇ ਵਪਾਰੀ ਤੇ ਉਦਯੋਗਪਤੀ ਵੀ ਹਨ। ਸ਼ਾਹੂਕਾਰਾਂ ਤੇ ਬੈਂਕਾਂ ਦੇ ਕਰਜ਼ਾਈ ਕਿਸਾਨ ਖੁਦਕੁਸ਼ੀਆਂ ਕਰ ਰਹੇ ਹਨ। ਇਸ ਸਭ ਕੁਝ ਦਾ ਮੂਲ ਕਾਰਨ ਇਹ ਹੈ ਕਿ ਕਿਸਾਨ ਦੀ ਹੋਣੀ ਗ਼ੈਰਾਂ ਦੇ ਹੱਥਾਂ 'ਚ ਹੀ ਨਹੀਂ ਸਗੋਂ ਦੁਸਮਣ ਅਨਸਰਾਂ ਦੇ ਹੱਥਾਂ 'ਚ ਹੈ।

ਸਿੱਖਾਂ ਨੂੰ ਆਰਥਿਕ ਤੌਰ ਤੇ ਤਬਾਹ ਕਰਨ ਦੇ ਪਲਾਨ ਮੁਤਾਬਕ ਪੰਜਾਬ ਦੇ ਕੁਦਰਤੀ ਵਸੀਲਿਆਂ ਪਾਣੀ ਤੇ ਬਿਜਲੀ 'ਤੇ ਵੀ ਛਾਪਾ ਮਾਰ ਕੇ ਕੇਂਦਰ ਨੇ ਆਪਣੇ ਕਬਜ਼ੇ 'ਚ ਕਰ ਲਏ ਹਨ ਅਤੇ ਗੁਆਂਢੀ ਹਿੰਦੂ ਪਰਾਂਤਾਂ ਨੂੰ ਲੁਟਾਏ ਜਾ ਰਹੇ ਹਨ। ਸਿੱਖਾਂ ਨੂੰ ਆਰਥਕ ਤੌਰ ਤੇ ਤਬਾਹ ਕਰਨ ਲਈ ਇੰਦਰਾ ਗਾਂਧੀ ਨੇ 25 ਮਾਰਚ 1976 ਨੂੰ ਇਕ ਮਨੂਵਾਦੀ ਅਵਾਰਡ ਦਾ ਐਲਾਨ ਕੀਤਾ ਸੀ ਜੋ ਪੰਜਾਬ ਪੁਨਰ-ਗਠਨ ਐਕਟ 1966 ਦੀ ਧਾਰਾ 78 ਅਧੀਨ ਪੰਜਾਬ ਦੇ ਪਾਣੀਆਂ ਤੇ ਬਿਜਲੀ ਨੂੰ ਰਾਜਸਥਾਨ, ਹਰਿਆਣਾ, ਦਿੱਲੀ ਅਤੇ ਪੰਜਾਬ ਵਿੱਚ ਵੰਡਣ ਬਾਰੇ ਸੀ। ਉਸ ਕਾਨੂੰਨ ਅਨੁਸਾਰ ਉਸ ਨੇ 75% ਪਾਣੀ ਗੁਆਂਢੀ ਰਾਜਾਂ ਨੂੰ ਦੇ ਦਿੱਤਾ ਅਤੇ ਪੰਜਾਬ ਦੇ ਕਾਨੂੰਨੀ ਹੱਕਾਂ ਦੇ ਵਿਰੋਧ ਵਿੱਚ ਉਹਨਾਂ ਦੇ ਨਿੱਜੀ ਹੱਕ ਖੜੇ ਕਰ ਦਿੱਤੇ। ਉਹ ਕਾਨੂੰਨ ਪੰਜਾਬ ਦੇ ਸਿੱਖ ਕਿਸਾਨਾਂ ਦੀ ਮੌਤ ਦੇ ਵਾਰੰਟ ਸਨ। ਉਸ ਕਾਨੂੰਨ ਅਨੁਸਾਰ ਪੰਜਾਬ ਨੂੰ ਖੇਤੀਬਾੜੀ ਦਾ ਨੁਕਸਾਨ ਅਤੇ ਗੁਆਂਢੀ ਰਾਜਾਂ ਨੂੰ ਹੋਣ ਵਾਲਾ ਲਾਭ

2500 ਕਰੋੜ ਰੁਪਏ ਤੋਂ ਵੱਧ ਦਾ ਸੀ।

31 ਦਸੰਬਰ 1981 ਨੂੰ ਇੰਦਰਾ ਨੇ ਸਿੰਚਾਈ ਮੰਤਰਾਲੇ ਦੀ ਨਹੀਂ ਸਗੋਂ ਕਾਨੂੰਨ ਮੰਤਰਾਲੇ ਦੀ ਸਲਾਹ ਲੈਕੇ ਪੰਜਾਬ ਦੇ ਦਰਿਆਈ ਪਾਣੀਆਂ ਬਾਰੇ ਹੇਠਾਂ ਦਿੱਤੇ ਅਨੁਸਾਰ ਇਕ ਹੋਰ ਆਪਹੁਦਰਾ ਅਵਾਰਡ ਜਾਰੀ ਕੀਤਾ। ਕਰਦੀ ਵੀ ਕਿਉਂ ਨਾ। ਜਿਸ ਦੀ ਲਾਠੀ ਉਸ ਦੀ ਭੈਂਸ। ਮਿਲਦੇ ਪਾਣੀ ਦੀ ਮਾਤਰਾ 'ਚ ਫਰਜ਼ੀ ਵਾਧਾ ਦੱਸ ਕੇ ਉਸ ਨੂੰ ਕਾਗਜ਼ਾਂ 'ਚ 17.17 ਐਮ.ਏ.ਐਫ.(ਮਿਲੀਅਨ ਏਕੜ ਫੀਲਡ) ਬਣਾ ਦਿੱਤਾ ਅਤੇ ਉਸੇ ਹਿਸਾਬ ਨਾਲ ਪੰਜਾਬ ਤੋਂ ਬਿਨਾਂ ਸਭ ਲਈ ਪਾਣੀ ਦੇਣਾ ਵਧਾ ਦਿੱਤਾ:-

ਪੰਜਾਬ	ਹਰਿਆਣਾ	ਰਾਜਸਥਾਨ	ਦਿੱਲੀ	ਜੰਮੂ ਕਸ਼ਮੀਰ
ਐਮ.ਏ.ਐਫ	ਐਮ.ਏ.ਐਫ	ਐਮ.ਏ.ਐਫ	ਐਮ.ਏ.ਐਫ	ਐਮ.ਏ.ਐਫ
4.2	3.50	8.60	0.20	0.65

ਅਵਾਰਡ ਦਾ ਮੂਲ ਮੁੱਦਾ ਇਹ ਸੀ ਕਿ ਦੋ ਸਾਲਾਂ 31 ਦਸੰਬਰ 1983 ਤਕ ਸਤਲੁਜ-ਜਮਨਾ ਨਹਿਰ ਮੁਕੰਮਲ ਕਰ ਦਿੱਤੀ ਜਾਏਗੀ।

ਪੰਜਾਬ ਦੇ ਪਿੰਡਾਂ ਤੇ ਸ਼ਹਿਰਾਂ ਦੋਹਾਂ ਖੇਤਰਾਂ ਵਿੱਚ ਬੇਰੁਜ਼ਗਾਰੀ ਦੀ ਗਿਣਤੀ ਤੇਜ਼ੀ ਨਾਲ ਵਧਦੀ ਜਾ ਰਹੀ ਹੈ। ਇਸ ਸਮੇਂ ਪੰਜਾਬ ਵਿੱਚ 14.72 ਲੱਖ ਬੇਰੁਜ਼ਗਾਰ ਹਨ। ਜਿਨ੍ਹਾਂ ਵਿੱਚੋਂ 10.40 ਲੱਖ ਪੇਂਡੂ ਬੇਰੁਜ਼ਗਾਰ ਹਨ। ਖੇਤੀ ਬਾੜੀ ਅਰਥਚਾਰੇ ਵਿੱਚ ਆਏ ਨਿਘਾਰ ਕਾਰਨ ਕਿਸਾਨ ਕਰਜ਼ਿਆਂ ਦੇ ਬੋਝ ਥੱਲੇ ਦੱਬੇ ਹੋਏ ਹਨ। ਬੇਰੁਜ਼ਗਾਰ ਪੇਂਡੂ ਸ਼ਹਿਰਾਂ ਵੱਲ ਜਾ ਰਹੇ ਹਨ। ਜ਼ਮੀਨਾਂ ਦੇ ਟੁਕੜੇ ਵਾਜਬ ਆਕਾਰ ਦੇ ਨਹੀ ਰਹੇ ਜਿਸ ਨਾਲ ਪਰਿਵਾਰ ਦੇ ਖਰਚੇ ਪੂਰੇ ਹੋ ਸਕਣ।

ਕੁਝ ਸਿੱਖ ਜਵਾਨੀ ਦਾ ਘਾਣ ਕਰ ਦਿੱਤਾ ਗਿਆ, ਕੁਝ ਨੌਜਵਾਨ ਪੁਲਿਸ ਦੀ ਮਾਰ ਤੋਂ ਬਚਣ ਲਈ ਵਿਦੇਸ਼ਾਂ ਵੱਲ ਮੂੰਹ ਕਰ ਗਏ ਤੇ ਕਰ ਰਹੇ ਹਨ ਅਤੇ ਇਸ ਦੇ ਨਾਲ ਸਰਕਾਰ ਵਲੋਂ ਪਰਵਾਸੀਆਂ ਨੂੰ ਧੱਕੇ ਤੌਰ ਤੇ ਪੰਜਾਬ ਵਿੱਚ ਵਸਾਉਣ ਦੀ ਨੀਤੀ ਨੇ ਕੰਮ ਹੋਰ ਵੀ ਜ਼ਿਆਦਾ ਖਰਾਬ ਕਰ ਦਿੱਤਾ ਹੈ। ਹਜ਼ਾਰਾਂ ਨੌਜਵਾਨ ਰੋਜ਼ੀ-ਰੋਟੀ ਦੀ ਭਾਲ ਵਿੱਚ ਇਧਰ-ਉਧਰ ਟਕਰਾਂ ਮਾਰ ਰਹੇ ਹਨ। ਇਥੇ ਰਹਿੰਦੇ ਵੀ ਵਿਹਲੇ ਹੀ ਵਿਚਰਦੇ ਹਨ। ਹਜ਼ਾਰਾਂ ਬਦਕਿਸਮਤ ਨੌਜਵਾਨ ਅਜਿਹੇ ਵੀ ਹਨ ਜਿਹੜੇ ਲੁਕ-ਛਿਪ ਕੇ ਦਿਨ ਕੱਟੀ ਕਰਦੇ ਹਨ ਜਾਂ ਜੇਲ੍ਹਾਂ ਦੀਆਂ ਸੀਖਾਂ ਪਿਛੇ ਨਜ਼ਰਬੰਦ ਹਨ। ਗੈਰ-ਪੰਜਾਬੀ ਪ੍ਰਵਾਸੀਆਂ ਨੂੰ ਹਿੰਦੂਤਵੀਆਂ ਨੇ ਵਸਣ-ਵਸੇਬੇ ਦੀਆਂ ਸਹੂਲਤਾਂ ਦੇਕੇ ਇਥੇ ਵਸਾਉਣ ਦਾ ਸਿਲਸਿਲਾ ਵੀ ਜਾਰੀ ਕੀਤਾ ਹੋਇਆ ਹੈ। 60 ਲੱਖ ਤੋਂ ਵੱਧ ਪ੍ਰਵਾਸੀ ਇਸ ਵੇਲੇ ਪੰਜਾਬ ਵਿੱਚ ਪੱਕੇ ਤੌਰ ਤੇ ਵਸਾਏ ਜਾ ਚੁੱਕੇ ਹਨ।

ਕਾਰਖਾਨੇ ਹਿੰਦੂਆਂ ਦੇ ਹਨ। ਉਹ ਪ੍ਰਵਾਸੀਆਂ ਨੂੰ ਕੰਮ ਦੇਣਾ ਪਸੰਦ ਕਰਦੇ ਹਨ। ਇਸ ਵੇਲੇ ਪੰਜਾਬ ਦੀ 14٪ ਵਸੋਂ ਝੁੱਗੀਆਂ-ਝੌਂਪੜੀਆਂ ਵਿੱਚ ਰਹਿ ਰਹੀ ਹੈ। (ਪ੍ਰੋ.ਨਿਰਮਲ ਸਿੰਘ ਅਜ਼ਾਦ ਦਾ ਲੇਖ ਚੜ੍ਹਦੀ ਕਲਾ 8 ਮਈ ਤੋਂ 14 ਮਈ 2002)

3 ਅਗਸਤ 2001 ਨੂੰ ਵਾਜਪਾਈ ਸਰਕਾਰ ਨੇ ਪਾਣੀ ਵਿਵਾਦ ਸੋਧ ਬਿਲ ਲੋਕ ਸਭਾ ਵਿੱਚ ਪਾਸ ਕਰਕੇ ਪੰਜਾਬ ਦੇ ਪਾਣੀ ਦਾ ਰੇੜਕਾ ਹੀ ਮੁਕਾ ਦਿੱਤਾ ਹੈ। ਨਵੇਂ ਕਾਨੂੰਨ ਤੋਂ ਪਹਿਲਾਂ ਸੰਵਿਧਾਨ ਦੀ ਧਾਰਾ 162 ਤੇ 246 (III) ਮੁਤਾਬਕ ਸਿੰਚਾਈ ਤੇ ਪਾਣੀ ਦੇ ਮੁਦੇ ਰਾਜਾਂ ਦੇ ਅਧਿਕਾਰ ਵਿੱਚ ਆਉਂਦੇ ਹਨ। ਜੇ ਕਿਤੇ ਦੋ ਰਾਜਾਂ ਵਿੱਚ ਪਾਣੀ ਬਾਰੇ ਵਿਵਾਦ ਹੁੰਦਾ ਹੈ ਤਾਂ ਉਸ ਦੇ ਨਿਪਟਾਰੇ ਲਈ ਦੋਹਾਂ ਰਾਜਾਂ ਦੀ ਸਹਿਮਤੀ ਨਾਲ ਟ੍ਰਿਬਿਊਨਲ ਬਣਾਇਆ ਜਾ ਸਕਦਾ ਸੀ। ਹੁਣ ਨਵੇਂ ਕਾਨੂੰਨ ਮੁਤਾਬਕ ਜੇ ਕੋਈ ਵੀ ਰਾਜ ਕੇਂਦਰ ਕੋਲ ਪਾਣੀ ਸਬੰਧੀ ਸ਼ਿਕਾਇਤ ਕਰੇ ਤਾਂ ਕੇਂਦਰ ਸਰਕਾਰ ਆਪਣੀ ਮਰਜ਼ੀ ਨਾਲ ਉਸ ਦੇ ਨਿਪਟਾਰੇ ਲਈ ਟ੍ਰਿਬਿਊਨਲ ਕਾਇਮ ਕਰ ਸਕਦੀ ਹੈ,ਜੋ ਤਿੰਨ ਸਾਲ ਦੇ ਵਕਫੇ ਪਿਛੋਂ ਇਹ ਟ੍ਰਿਬਿਊਨਲ ਜੋ ਰਿਪੋਰਟ ਦੇਵੇਗਾ,ਉਹ ਰਾਜ ਉਸ ਨੂੰ ਮੰਨਣ ਲਈ ਪਾਬੰਦ ਹੋਣਗੇ।

ਇਸ ਦੇ ਨਾਲ ਹੀ ਨਦੀ-ਖੇਤਰ (ਰਿਵਰ ਬੇਸਨ) ਸਬੰਧੀ ਡੈਟਾ ਬੈਂਕ ਭਾਵ ਤੱਥ ਇਕੱਤਰ ਕਰਨ ਦਾ ਪ੍ਰਬੰਧ ਵੀ ਕੇਂਦਰੀ ਸਰਕਾਰ ਹੀ ਕਰੇਗੀ,ਤਾਂ ਜੋ ਉਹਨਾਂ ਨੂੰ ਤਰੋੜਨ-ਮਰੋੜਨ ਵਿੱਚ ਕੋਈ ਮੁਸ਼ਕਲ ਨਾ ਆਵੇ। ਬਾਦਲ ਲਾਣੇ ਦਾ ਸੁਖਦੇਵ ਸਿੰਘ ਢੀਂਡਸਾ ਵਾਜਪਾਈ ਮੰਤਰੀ ਮੰਡਲ ਦਾ ਮੈਂਬਰ ਸੀ। ਚਾਹੀਦਾ ਤਾਂ ਇਹ ਸੀ ਕਿ ਉਹ ਪੰਜਾਬ ਨਾਲ ਹੋ ਰਹੇ ਇਸ ਧ੍ਰੋਹ ਨੂੰ ਰੋਕਦਾ,ਪਰ ਉਸ ਨੇ ਕੁਰਸੀ ਨੂੰ ਬਹਾਲ ਰੱਖਣ ਲਈ ਚੂੰ ਤਕ ਨਹੀ ਕੀਤੀ। ਇਹ ਹਾਲ ਹੈ ਇਹਨਾਂ ਅਕਾਲੀ ਲੀਡਰਾਂ ਦਾ।

ਇਹੀ ਬਾਦਲ ਪੰਥ ਨੂੰ ਸਤਲੁਜ-ਯਮੁਨਾ ਲਿੰਕ ਨਹਿਰ ਦੀ ਖੁਦਾਈ ਰੋਕਣ ਲਈ ਲੜ-ਮਰਨ ਲਈ ਉਕਸਾਉਂਦਾ ਰਿਹਾ,ਪਰ ਅੱਜ ਬਾਦਲ ਨੇ ਆਪ ਸਭ ਕੁਝ ਕੇਂਦਰ ਦੇ ਹਵਾਲੇ ਕਰ ਦਿੱਤਾ ਹੈ। ਪਾਣੀ ਪੰਜਾਬ ਦਾ,ਪਰ ਵਧੇਰੇ ਵਰਤਣ ਦਾ ਹੱਕ ਹਰਿਆਣੇ ਨੂੰ। 10 ਅਗਸਤ 2001 ਨੂੰ ਭਾਰਤੀ ਪਾਰਲੀਮੈਂਟ ਨੇ ਇਕ ਬਿਲ ਪਾਸ ਕਰ ਦਿੱਤਾ ਹੈ,ਜਿਸ ਮੁਤਾਬਕ ਪੰਜਾਬ ਦਾ ਆਪਣੇ ਪਾਣੀਆਂ 'ਤੇ ਬਣਦਾ ਹੱਕ ਖੋਹ ਲਿਆ ਗਿਆ ਹੈ। ਇਸ ਬਿਲ ਦੇ ਪਾਸ ਹੋਣ ਸਮੇਂ ਬਾਦਲ ਦੇ 8 ਮੈਂਬਰ ਪਾਰਲੀਮੈਂਟ ਵਿੱਚ ਮੌਜੂਦ ਸਨ,ਜਿਨ੍ਹਾਂ ਇਕ ਸ਼ਬਦ ਵੀ ਇਸ ਵਿਰੁੱਧ ਨਹੀਂ ਬੋਲਿਆ। ਕਿਉਂ? ਪੁੱਛਣਾ ਬਣਦਾ ਹੈ। **Inter-State Water**

Disputes (Amendmnt Bill,2001) ਨੂੰ ਪ੍ਰਵਾਨਗੀ ਦੇਕੇ ਪਾਣੀ ਦੀ ਵੰਡ ਸਬੰਧੀ ਸਾਰੇ ਅਧਿਕਾਰ ਭਾਰਤ ਸਰਕਾਰ ਨੂੰ ਹੀ ਸੌਂਪ ਦਿੱਤੇ ਹਨ।

ਸਿੱਖਾਂ ਨੂੰ ਭਾਖੜੇ ਦੇ ਪਾਣੀ ਨਾਲ ਡੋਬ ਮਾਰਨ ਦਾ ਹਥਿਆਰ

ਸਿੱਖਾਂ ਨੂੰ ਜਿਸ ਵੀ ਤਰੀਕੇ ਨਾਲ, ਜਿਸ ਵੀ ਪੱਧੋਂ, ਜਦੋਂ ਵੀ ਤਬਾਹ ਕੀਤਾ ਜਾ ਸਕੇ, ਸਰਕਾਰ ਉਸ ਮੌਕੇ ਨੂੰ ਹੱਥੋਂ ਨਹੀਂ ਜਾਣ ਦਿੰਦੀ। ਸਿੱਖਾਂ ਨੂੰ ਆਰਥਿਕ ਤੌਰ ਤੇ ਤਬਾਹ ਕਰਨ ਅਤੇ ਪਾਣੀ 'ਚ ਡੋਬ ਕੇ ਮਾਰਨ ਲਈ ਗ਼ੈਰ-ਕੁਦਰਤੀ ਆਫਤ ਲਿਆਂਦੀ ਗਈ। ਭਾਖੜਾ ਨੰਗਲ ਦੇ ਜਲਾਗਮ ਇਲਾਕੇ 'ਚ ਬਹੁਤ ਬਾਰਿਸ਼ ਹੋਈ ਅਤੇ ਭਾਖੜੇ ਤੋਂ ਕਾਫੀ ਵੱਡੀ ਮਾਤਰਾ 'ਚ ਇਕਦਮ ਪਾਣੀ ਛੱਡ ਦਿੱਤਾ ਗਿਆ ਜਿਸ ਨਾਲ ਦੱਸ-ਦੱਸ ਫੁੱਟ ਉਚੀਆਂ ਲਹਿਰਾਂ ਵਹਿ ਤੁਰੀਆਂ। ਕੁਝ ਘੰਟਿਆਂ ਦੇ ਅੰਦਰ-ਅੰਦਰ ਪਿੰਡਾਂ ਦੇ ਪਿੰਡ ਵਹਾ ਲੈ ਗਈਆਂ। ਪੰਜਾਬ ਦੇ 12989 ਪਿੰਡਾਂ 'ਚੋਂ 9000 ਪਿੰਡਾਂ 'ਚ ਹੜ੍ਹ ਆ ਗਿਆ ਸੀ। 2500 ਪਿੰਡ ਪੂਰੀ ਤਰ੍ਹਾਂ ਡੁੱਬ ਗਏ ਜਾਂ ਵਹਿ ਗਏ ਸਨ।

ਇਸ ਲਿਆਂਦੀ ਗਈ ਗ਼ੈਰ-ਕੁਦਰਤੀ ਤੇ ਸ਼ੈਤਾਨੀ ਆਫਤ ਨੇ 34 ਲੱਖ ਸਿੱਖ ਲੋਕਾਂ ਨੂੰ ਕਿਸੇ ਨਾ ਕਿਸੇ ਤਰ੍ਹਾਂ ਜਾਨੀ ਤੇ ਮਾਲੀ ਨੁਕਸਾਨ ਪਹੁੰਚਾਇਆ। ਭਾਖੜਾ-ਬਿਆਸ ਮੈਨੇਜਮੈਂਟ ਬੋਰਡ ਦੇ ਚੇਅਰਮੈਨ, ਮੇਜਰ ਜਨਰਲ ਬੀ.ਐਨ.ਕੁਮਾਰ ਨੇ ਸਥਿਤੀ ਨੂੰ ਬਚਾਉਣ ਦਾ ਕੋਈ ਉਪਰਾਲਾ ਤਾਂ ਕੀ ਕਰਨਾ ਸੀ ਸਗੋਂ ਆਪਣੇ ਬਣਦੇ ਫਰਜ਼ ਵਜੋਂ ਲੋਕਾਂ ਨੂੰ ਟੀ.ਵੀ., ਰੇਡੀਓ ਰਾਹੀਂ ਚਿਤਾਵਨੀ ਵੀ ਨਾ ਦਿੱਤੀ। ਦੇਂਦਾ ਵੀ ਕਿਉਂ ਜਦ ਉਸ ਦਾ ਪਲਾਨ ਹੀ ਸਿੱਖਾਂ ਦੀ ਤਬਾਹੀ ਕਰਨਾ ਸੀ। ਜ਼ਖਮਾਂ 'ਤੇ ਨਮਕ ਛਿੜਕਦਿਆਂ ਕੇਂਦਰੀ ਜ਼ਰਾਇਤ ਮੰਤਰੀ ਭਜਨ ਲਾਲ ਨੇ ਹੜ੍ਹਾਂ ਨੂੰ ਜ਼ਮੀਨ ਹੇਠਲੇ ਪਾਣੀ ਦੀ ਪੱਧਰ ਉਚੀ ਹੋਣ ਲਈ 'ਰੱਬੀ ਰਹਿਮਤ' ਕਿਹਾ। ਅਸਲ 'ਚ ਉਸ ਦਾ ਭਾਵ ਇਹ ਸੀ ਕਿ ਸਮੁੱਚੇ ਪੰਜਾਬ ਨੂੰ ਹੜ੍ਹਾਂ 'ਚ ਡੋਬਣ ਦੇ ਭਾਖੜੇ ਦੇ ਹਥਿਆਰ ਦਾ ਪਤਾ ਲੱਗ ਗਿਆ ਹੈ। ਖਾੜਕੂਆਂ ਨੇ ਉਸ ਹਥਿਆਰ ਦੇ ਵਰਤਣ ਵਾਲੇ ਬੀ.ਐਨ.ਕੁਮਾਰ ਨੂੰ ਗੋਲੀਆਂ ਦੀ ਭੇਟ ਕਰ ਦਿੱਤਾ ਅਤੇ ਡੇਢ ਦੋ ਸੌ ਹੋਰ ਬੰਦੇ ਮਾਰ ਦਿੱਤੇ।

ਪੰਜਾਬ ਦੀ ਕਿਸਾਨੀ ਜੋ ਹਮੇਸ਼ਾ ਪੰਥਕ ਜਜ਼ਬੇ ਦਾ ਆਧਾਰ ਰਹੀ ਹੈ, ਆਰਥਿਕ ਸੰਕਟ 'ਚ ਜਕੜ ਕੇ ਉਸ ਨੂੰ ਹਿਲਣ ਜੋਗਾ ਨਹੀਂ ਛੱਡਿਆ। ਜਦ ਤਕ ਪੰਜਾਬ ਦਾ ਕਿਸਾਨ ਗ਼ੁਲਾਮ ਹੈ, ਕੁਝ ਨਹੀਂ ਹੋਣਾ। ਗ਼ੁਲਾਮੀ ਹੀ ਸਭ ਬੁਰਾਈਆਂ ਦੀ ਜੜ੍ਹ ਹੈ। ਪੰਜਾਬ ਦੀ ਆਰਥਿਕ ਮੰਦਹਾਲੀ ਦੀ ਜੜ੍ਹ ਰਾਜਸੀ ਢਾਂਚਾ ਹੈ ਜਿਸ ਨੇ ਸਿਰਫ ਪੰਜਾਬ ਦੇ ਕਿਸਾਨ ਦੀ ਖੁਸ਼ਹਾਲੀ ਦੇ ਹੀ ਰਾਹ ਨਹੀਂ ਡੱਕੇ ਹੋਏ ਸਗੋਂ ਸਾਰੇ ਪੰਜਾਬ

ਦੇ ਲੋਕਾਂ ਦੇ। ਗ਼ੁਲਾਮੀ ਦੀ ਹਕੀਕਤ ਨੂੰ ਪਛਾਨਣ ਦੀ ਲੋੜ ਹੈ। ਇਸ ਨੂੰ ਬਦਲਣ ਲਈ ਰਾਜਸੀ ਚੇਤਨਾ ਨੂੰ ਪਰਚੰਡ ਕਰਨ ਦੀ ਲੋੜ ਹੈ। ਰੋਜ਼ ਨਿੱਤ ਨਵੇਂ ਮੋਰਚਿਆਂ, ਧਰਨਿਆਂ ਤੇ ਸੰਘਰਸ਼ਾਂ ਦੇ ਗਧੀਗੇੜ 'ਚੋਂ ਨਿਕਲਣ ਦੀ ਲੋੜ ਹੈ। ਅਵਾਜ਼ ਬੁਲੰਦ ਕਰਨ ਦੀ ਲੋੜ ਹੈ ਕਿ ਪੰਜਾਬ ਪੰਜਾਬੀ ਲੋਕਾਂ ਦਾ ਹੈ ਨਾ ਕਿ ਦਿੱਲੀ ਦੀਆਂ ਜੋਕਾਂ ਦਾ।

ਵਖਤੁ ਵਿਚਾਰੈ ਸੁ ਬੰਦਾ ਹੋਇ॥

ਸਿੱਖ ਨਸਲਕੁਸ਼ੀ ਸਭਿਆਚਾਰਕ ਪੱਖੋਂ

ਸਭਿਆਚਾਰ ਕੀ ਹੈ

ਸਭਿਆਚਾਰ ਕਿਸੇ ਖਿੱਤੇ ਦੇ ਲੋਕਾਂ ਦਾ ਇਕ ਖਾਸ ਸਰਬ-ਪੱਖੀ ਜੀਵਨ ਢੰਗ ਹੁੰਦਾ ਹੈ, ਉਥੋਂ ਦੇ ਸਮੁੱਚੇ ਲੋਕ ਜੀਵਨ ਦਾ ਇਕ ਪ੍ਰਤੀਬਿੰਬ ਹੁੰਦਾ ਹੈ, ਜੋ ਉਸ ਦੇ ਕਿਸੇ ਵੀ ਤੁਰਦੇ ਫਿਰਦੇ ਵਿਅਕਤੀ 'ਚੋਂ ਆਪਣੀ ਇਕ ਖਾਸ ਝਲਕ ਮਾਰਦਾ ਦਿੱਸਦਾ ਹੈ ਅਤੇ ਜਿਸ ਨੂੰ ਉਸਰਨ-ਪੁੰਗਰਨ-ਨਿਸਰਨ 'ਚ ਕਈ ਪੁਸ਼ਤਾਂ ਲੱਗਦੀਆਂ ਹਨ। ਉਥੋਂ ਦੇ ਲੋਕਾਂ ਦੀਆਂ ਆਪਣੀ ਕਿਸਮ ਦੀਆਂ ਸਮਾਜਕ ਕਦਰਾ-ਕੀਮਤਾਂ ਹੁੰਦੀਆਂ ਹਨ, ਅਖਲਾਕੀ ਕਦਰਾ ਕੀਮਤਾਂ ਹੁੰਦੀਆਂ ਹਨ, ਖੁਸ਼ੀਆਂ ਗ਼ਮੀਆਂ ਦੇ ਆਪਣੇ ਪੈਮਾਨੇ ਹੁੰਦੇ ਹਨ, ਆਪਣੇ ਹੀ ਕਾਰ-ਵਿਹਾਰ ਕਰਨ ਦੇ ਢੰਗ, ਬੋਲਚਾਲ ਦੇ ਢੰਗ ਅਤੇ ਰਹਿਣ ਸਹਿਣ ਦੇ ਢੰਗ ਹੁੰਦੇ ਹਨ, ਜੋ ਉਨ੍ਹਾਂ ਦੇ ਜੀਵਨ ਨੂੰ ਇਕ ਖਾਸ ਢਾਂਚੇ 'ਚ ਢਾਲਦੇ ਹਨ। ਉਸ ਖਿੱਤੇ ਦੇ ਲੋਕਾਂ ਦੀ ਆਪਣੀ ਸਾਂਝੀ ਜ਼ੁਬਾਨ, ਸਾਂਝਾ ਇਤਿਹਾਸ, ਸਾਂਝੀਆਂ ਖੁਸ਼ੀਆਂ-ਗ਼ਮੀਆਂ, ਸਾਂਝੇ ਖਾਣ-ਪੀਣ, ਸਾਂਝੇ ਪਹਿਰਾਵੇ, ਸਾਂਝੀਆਂ ਹਾਰਾਂ-ਜਿੱਤਾਂ, ਸਾਂਝੇ ਝੱਲੇ ਦੁਖਾਂ-ਸੁਖਾਂ ਦੀਆਂ ਯਾਦਾਂ, ਸਾਂਝੀਆਂ ਰਹੁਰੀਤਾਂ, ਸਾਂਝੀਆਂ ਰਵਾਇਤਾਂ ਅਤੇ ਸਾਂਝੇ ਭਵਿੱਖ ਦੇ ਆਦਰਸ਼ ਉਨ੍ਹਾਂ ਦਾ ਸਭਿਆਚਾਰਕ ਵਿਰਸਾ ਬਣਦਾ ਹੈ।

ਸਭਿਆਚਾਰ ਮਨੁੱਖੀ ਜ਼ਿੰਦਗੀ ਨੂੰ ਦੇਖਣ, ਜਾਨਣ, ਮਾਨਣ, ਸਿਰਜਣ ਅਤੇ ਵਿਗਸਣ ਵਿਗਸਾਉਣ ਵਿੱਚ ਉਸਰਦਾ, ਨਿਸਰਦਾ ਤੇ ਪਸਰਦਾ ਹੈ। ਇਹ, ਕਿਸੇ ਇਕ ਹਿੱਸੇ 'ਚ ਵਸਦੇ ਲੋਕਾਂ ਦਾ ਇਕ ਪ੍ਰਕਾਰ ਦਾ ਵਿਸ਼ੇਸ਼ ਮਾਨਸਿਕ ਵਤੀਰਾ ਹੁੰਦਾ ਹੈ ਜੋ ਕਿਸੇ ਕੌਮ ਜਾਂ ਕਬੀਲੇ ਦੇ ਮਨੁੱਖਾਂ ਦੀਆਂ ਸਮੂਹ ਗਤੀਆਂ ਵਿਧੀਆਂ 'ਤੇ ਆਧਾਰਤ ਹੁੰਦਾ ਹੈ। ਹਰ ਖਿਤੇ ਦੇ ਲੋਕ ਆਪਣੀਆਂ ਸਭਿਆਚਾਰਕ ਕਦਰਾਂ ਕੀਮਤਾਂ ਨਾਲ ਭਾਵਕ ਤੌਰ ਤੇ ਜੁੜੇ ਹੋਏ ਹੁੰਦੇ ਹਨ। ਮਨੁੱਖ ਆਪਣੇ ਸਭਿਆਚਾਰ ਨਾਲ ਕਿਸੇ ਵਿਗਿਆਨਕ ਦਲੀਲ ਜਾਂ ਤਰਕ ਨਾਲ ਨਹੀਂ ਜੁੜਦਾ ਸਗੋਂ ਭਾਵਨਾ ਤੇ ਦਿਲੀ ਸਾਂਝ ਕਰਕੇ ਜੁੜਦਾ ਹੈ। ਅਜਿਹੀ ਭਾਵੁਕ ਸਾਂਝ ਕਰਕੇ ਹੀ ਮਨੁੱਖ ਦੀ ਸਭਿਆਚਾਰ ਨਾਲ ਜਕੜ ਵਧੇਰੇ ਪੀਡੀ ਹੁੰਦੀ ਹੈ। ਸਭਿਆਚਾਰਕ ਪਛਾਣ ਦੇ ਸੰਕਟ ਦਾ ਨਾਅਰਾ ਇਸੇ ਕਰਕੇ ਉਥੋਂ ਦੇ ਲੋਕਾਂ 'ਤੇ ਵਧੇਰੇ ਕਾਟ ਕਰਦਾ ਹੈ।

ਪੰਜਾਬ 'ਚ ਭਾਸ਼ਾ ਦੀ ਸਾਂਝ ਹੋਣ ਦੇ ਬਾਵਜੂਦ ਸਮੁੱਚੇ ਪੰਜਾਬੀ ਭਾਈਚਾਰੇ ਦਾ ਸਾਂਝਾ ਸਭਿਆਚਾਰ ਉਭਰ ਕੇ ਸਾਹਮਣੇ ਨਹੀਂ ਆਇਆ ਜਿਸ ਦਾ ਮੁੱਖ ਕਾਰਨ ਇਹ ਹੈ ਕਿ ਪੰਜਾਬੀਆਂ ਦਾ ਪੂਰਨ ਕੌਮ ਵਜੋਂ

ਵਿਕਾਸ ਸੰਭਵ ਨਹੀਂ ਸੀ ਹੋ ਸਕਿਆ। ਇਸ ਦੇ ਕੁਝ ਖਾਸ ਕਾਰਨ ਹਨ। ਪੰਜਾਬੀ ਸਮਾਜ ਦੇ ਤਿੰਨਾਂ ਪ੍ਰਮੁੱਖ ਵਰਗਾਂ– ਸਿੱਖਾਂ, ਹਿੰਦੂਆਂ, ਮੁਸਲਮਾਨਾਂ ਅੰਦਰ ਹਮੇਸ਼ਾ ਧਾਰਮਿਕ, ਸਮਾਜਿਕ ਅਤੇ ਸਭਿਆਚਾਰਕ ਵਖਰੇਵੇਂ ਮੌਜੂਦ ਰਹੇ ਹਨ। ਨਾ ਤਾਂ ਤਿੰਨਾਂ ਦੀ ਕੋਈ ਵਿਸ਼ੇਸ਼ ਇਤਿਹਾਸਕ ਸਾਂਝ ਹੈ, ਨਾ ਸਭਿਆਚਾਰਕ ਵਿਰਸੇ ਦੀ ਸਾਂਝ ਹੈ, ਨਾ ਰਵਾਇਤਾਂ ਸਾਂਝੀਆਂ ਹਨ ਅਤੇ ਨਾਹੀ ਮਾਨਸਿਕ ਸੋਚ ਹੀ ਸਾਂਝੀ ਹੈ। ਤਿੰਨਾਂ ਦੀਆਂ ਇਤਿਹਾਸਕ ਹੋਣੀਆਂ ਵੱਖ ਵੱਖ, ਤਿੰਨਾਂ ਦੇ ਧਾਰਮਿਕ ਅਕੀਦੇ ਅਲੱਗ ਅਲੱਗ, ਤਿੰਨਾਂ ਦੇ ਰੂਹਾਨੀ ਸਰੋਤ ਵੀ ਵੱਖ ਵੱਖ। ਇਕ ਗੁਰੂ ਨਾਨਕ ਸਾਹਿਬ ਕੋਲੋਂ ਰੂਹਾਨੀ ਸ਼ਕਤੀ ਲੈਂਦਾ ਹੈ, ਦੂਜਾ ਮੁਹੰਮਦ ਸਾਹਿਬ ਕੋਲੋਂ ਅਤੇ ਤੀਜਾ ਬੰਸਰੀ ਵਾਲੇ ਕ੍ਰਿਸ਼ਨ ਮੁਰਾਰੀ ਕੋਲੋਂ। ਇਕ ਦਾ ਰੂਹਾਨੀ ਕੇਂਦਰ ਅੰਮ੍ਰਿਤਸਰ ਹੈ, ਦੂਜੇ ਦਾ ਮੱਕਾ ਅਤੇ ਤੀਜੇ ਦਾ ਹਰਿਦੁਆਰ।

ਇਸ ਦੇ ਨਾਲ ਹੀ ਤਿੰਨਾਂ ਦੀ ਨਾ ਰਲ ਕੇ ਝਲੀਆਂ ਮੁਸੀਬਤਾਂ ਦੀ ਕੋਈ ਆਪਸੀ ਸਾਂਝ ਹੈ, ਨਾ ਸਾਂਝੀਆਂ ਜਿੱਤਾਂ 'ਤੇ ਮਾਣ ਕਰ ਸਕਣ ਦਾ ਕੋਈ ਸਾਂਝਾ ਵਿਰਸਾ ਹੈ, ਨਾ ਖ਼ੁਸ਼ੀਆਂ ਤੇ ਗ਼ਮੀਆਂ ਦੇ ਵਲਵਲਿਆਂ ਦੀ ਆਪਸੀ ਕੋਈ ਸਾਂਝ ਹੈ, ਨਾ ਸਾਂਝੇ ਭਵਿੱਖ ਦੀ ਹੀ ਕੋਈ ਤਾਂਘ ਹੈ, ਨਾ ਨਾਇਕਾਂ ਦੀ ਸਾਂਝ ਹੈ ਅਤੇ ਨਾਹੀ ਵੱਡੇ ਵਡੇਰਿਆਂ ਦੇ ਕਾਰਨਾਮਿਆਂ ਦੀ ਹੀ ਸਾਂਝ। ਇਸ ਨੂੰ ਸਪਸ਼ਟ ਕਰਨ ਲਈ ਇਕ ਇਤਿਹਾਸਕ ਮਿਸਾਲ ਪੇਸ਼ ਹੈ:

ਛੋਟੇ ਤੇ ਵੱਡੇ ਘੱਲੂਘਾਰਿਆਂ ਦੀ ਵਹਿਸ਼ੀਆਨਾ ਜ਼ੁਲਮਾਂ ਦੀ ਯਾਦ ਜਿੱਥੇ ਸਿੱਖ ਮਨਾਂ ਨੂੰ ਤੜਫਾਂਦੀ ਹੈ, ਉਥੇ ਪੰਜਾਬ ਦੇ ਹਿੰਦੂ ਮਨਾਂ 'ਤੇ ਕੋਈ ਅਸਰ ਨਹੀਂ ਕਰਦੀ ਅਤੇ ਮੁਸਲਿਮ ਮਨਾਂ 'ਤੇ ਤਾਂ ਉੱਕਾ ਹੀ ਕੋਈ ਪ੍ਰਭਾਵ ਨਹੀਂ ਛੱਡਦੀ। ਅਜੋਕੇ ਚੁਰਾਸੀ ਦੇ ਘੱਲੂਘਾਰਿਆਂ ਦੀ ਅੱਖੀਂ ਵੇਖੀ ਮਿਸਾਲ ਵੀ ਸਾਡੇ ਸਾਹਮਣੇ ਹੈ। ਦਰਬਾਰ ਸਾਹਿਬ 'ਤੇ ਵਹਿਸ਼ੀਆਨਾ ਫੌਜੀ ਹਮਲੇ ਨਾਲ ਜਿੱਥੇ ਸਿੱਖ ਮਨ ਤੜਪ ਉਠੇ ਸਨ, ਉਥੇ ਪੰਜਾਬੀ ਹਿੰਦੂਆਂ ਖ਼ੁਸ਼ੀਆਂ ਦੇ ਜਸ਼ਨ ਮਨਾਏ। ਕਿਉਂ? ਇਹ ਕਿਸੇ ਫਿਰਕੂ ਹਿੰਦੂ ਜਾਂ ਸਿੱਖ ਵਲੋਂ ਖੜੀ ਕੀਤੀ ਵਕਤੀ ਦਰਾੜ ਨਹੀਂ ਸੀ, ਸਗੋਂ ਇਹ ਵੱਖੋ ਵੱਖਰੀ ਵਿਚਾਰਧਾਰਾਵਾਂ ਤੇ ਸਭਿਆਚਾਰਾਂ ਦੀ ਇਤਿਹਾਸਕ ਡੂੰਘੀ ਖਾਈ ਹੈ। ਕਿਉਂ? ਕਿਉਂਕਿ ਅਸੀਂ ਸਮਾਜਕ ਅਖਲਾਕੀ ਕਦਰਾਂ ਕੀਮਤਾਂ ਵਾਲਾ ਅਸਲ ਸਾਂਝਾ ਸਭਿਆਚਾਰ ਨਹੀਂ ਉਸਾਰ ਸਕੇ। ਬੰਗਾਲੀ ਮਦਰਾਸੀ ਇਸ ਗੱਲੋਂ ਕਾਫੀ ਅੱਗੇ ਹਨ।

ਸਿੱਖਾਂ ਦਾ ਆਪਣਾ ਨਵੇਕਲਾ ਜੀਵਨ ਢੰਗ ਹੈ। ਸਿੱਖਾਂ ਦਾ ਵਿਸ਼ੇਸ਼ ਕਿਸਮ ਦਾ ਰਹਿਣ-ਸਹਿਣ, ਖਾਣ-ਪੀਣ, ਬੈਠਣ-ਉਠਣ, ਬਾਹੁ-ਬ, ਚੁਸਤੀ-ਫੁਰਤੀ, ਰਹੁ- ਰੀਤਾਂ, ਰਸਮ-ਰਿਵਾਜ, ਇਸਤਰੀ ਮਰਦ ਦੀ

ਬਰਾਬਰਤਾ, ਜ਼ਾਤਪਾਤ ਤੋਂ ਉੱਚਾ ਉਠਣਾ, ਉੱਚਾ ਸੁੱਚਾ ਆਚਰਣ ਕਾਇਮ ਰੱਖਣਾ, ਸਰਬੱਤ ਦਾ ਭਲਾ ਸੋਚਣਾ, ਨਿਤਾਣੇ ਤੇ ਮਜ਼ਲੂਮ ਦੀ ਸਹਾਇਤਾ ਕਰਨੀ, ਜੇ ਜਾਨ ਦੇਣੀ ਪਏ ਤਾਂ ਵੀ ਪਿੱਛੇ ਨਾ ਹਟਣਾ ਆਦਿਕ ਬੁਨਿਆਦੀ ਲੱਛਣ ਹਨ। ਘਰ ਆਏ ਗਏ ਦੀ ਸੇਵਾ, ਗਰੀਬ ਲੋੜਵੰਦਾਂ ਦੀ ਮਾਇਕ ਸਹਾਇਤਾ, ਇਕੱਤਰ ਹੋਈ ਸਾਧ ਸੰਗਤ ਦੇ ਖਾਣ ਪੀਣ ਲਈ ਲੰਗਰ ਆਦਿ ਦੀ ਸੇਵਾ ਆਦਿਕ ਸਮਾਜਕ ਲੋੜਾਂ ਪੂਰੀਆਂ ਕਰਨੀਆਂ। ਮੈਲਕਮ ਤੇ ਕਨਿੰਘਮ ਵਰਗੇ ਪੱਛਮੀ ਲੇਖਕਾਂ ਨੇ ਬਾਬਾ ਬੰਦਾ ਸਿੰਘ ਤੋਂ ਮਹਾਰਾਜਾ ਰਣਜੀਤ ਸਿੰਘ ਤਕ ਅੱਖੀ ਡਿੱਠਾ ਸਿੱਖ ਆਚਰਣ ਰਜ ਕੇ ਸਲਾਹਿਆ ਹੈ। ਉਨ੍ਹਾਂ ਮੁਤਾਬਕ ਸਰੀਰਕ ਬਲਵਾਨਤਾ, ਸੈਨਿਕ ਯੋਗਤਾ ਤੇ ਸਮਰਥਾ, ਸਦਾਚਾਰਕ ਉੱਚਤਾ, ਭਾਈਚਾਰਕ ਏਕਤਾ ਤੇ ਸੰਗਠਨ, ਵਿਹਾਰਕ ਈਮਾਨਦਾਰੀ ਅਤੇ ਖੁਲ੍ਹਦਿਲੀ ਆਦਿਕ ਉੱਚ ਗੁਣ ਜੋ ਸਿੱਖ ਕੌਮ 'ਚ ਹਨ, ਉਹ ਕਿਸੇ ਹੋਰ ਕੌਮ 'ਚ ਜਾਂ ਧਰਮ 'ਚ ਲਭਣੇ ਅਤਿ ਕਠਨ ਹਨ।

ਇਹ ਇਕ ਮੰਨੀ ਹੋਈ ਹਕੀਕਤ ਹੈ ਕਿ ਜੇ ਪ੍ਰਾਚੀਨ ਕੌਮ ਦੀ ਸਭਿਅਤਾ ਰਾਜਸੀ ਸੱਤਾ ਵਾਲੇ ਦੀ ਸਭਿਅਤਾ ਨਾਲੋਂ ਵਖਰੀ ਹੈ ਤਾਂ ਪ੍ਰਾਚੀਨ ਕੌਮ ਦੀ ਸਭਿਅਤਾ ਕਦੀ ਨਹੀਂ ਬਚ ਸਕਦੀ। ਹਾਕਮ ਜਮਾਤ ਦੀ ਰਾਜਸੀ ਸੱਤਾ ਦਾ ਆਪਣੀ ਮਹਿਕੂਮ ਕੌਮ 'ਤੇ ਬਹੁਤ ਮਾਰੂ ਅਸਰ ਪੈਂਦਾ ਹੈ। ਹਿੰਦੂ ਕੌਮ ਦੀ ਲਿਖਤੀ ਇਤਿਹਾਸਕ ਮਿਸਾਲ ਸਾਡੇ ਸਾਹਮਣੇ ਹੈ। ਮੁਸਲਮਾਨ ਹਾਕਮਾਂ ਨੇ ਹਿੰਦੂ ਸਭਿਆਚਾਰ 'ਤੇ ਇਤਨੀ ਭਾਰੀ ਸੱਟ ਮਾਰੀ ਸੀ ਕਿ ਇਹਨਾਂ ਨੂੰ ਨਿਰਬਲ ਤੇ ਨਿਆਸਰੇ ਬਣਾ ਕੇ ਰੱਖ ਦਿੱਤਾ ਸੀ। ਗੁਰੂ ਨਾਨਕ ਸਾਹਿਬ ਨੇ ਇਸ ਪੱਖੋਂ ਪ੍ਰਾਚੀਨ ਹਿੰਦੂ ਲੋਕਾਂ ਨੂੰ ਚਿਤਾਵਨੀ ਦਿੱਤੀ ਸੀ। ਗੁਰੂ ਅੰਗਦ ਸਾਹਿਬ, ਗੁਰੂ ਅਮਰਦਾਸ, ਗੁਰੂ ਰਾਮਦਾਸ ਸਾਹਿਬ ਨੇ 'ਪਰ ਅਧੀਨ ਸੁਪਨੇ ਸੁਖ ਨਾਹੀ' ਦੇ ਸੰਕਲਪ ਨੂੰ ਸੰਗਤਾਂ 'ਚ ਦ੍ਰਿੜ ਕਰਵਾਇਆ ਸੀ ਅਤੇ ਇਸੇ ਆਸ਼ੇ ਲਈ ਗੁਰੂ ਅਰਜਨ ਸਾਹਿਬ ਨੇ ਆਪਣੀ ਸ਼ਹਾਦਤ ਦਿੱਤੀ ਸੀ।

ਸਿੱਖ ਸਭਿਆਚਾਰ ਨੂੰ ਤਬਾਹ ਕਰਨ ਲਈ ਅਜ਼ਾਦੀ ਦੇ ਪਹਿਲੇ ਦਿਨ ਤੋਂ ਹੀ ਸਿੱਖ ਸਭਿਆਚਾਰ ਤੇ ਸਿੱਖ ਸੋਚ 'ਤੇ ਹਿੰਦੂ ਸਭਿਆਚਾਰ, ਹਿੰਦੂ ਧਰਮ ਅਤੇ ਹਿੰਦੂ ਸੋਚ ਠੋਸਣੀ ਸ਼ੁਰੂ ਕਰ ਦਿੱਤੀ ਹੋਈ ਹੈ। ਪੰਜਾਬੀ ਜ਼ੁਬਾਨ ਨੂੰ ਅਨਪੜ੍ਹ ਲੋਕਾਂ ਦੇ ਗੱਲ-ਬਾਤ ਲਈ ਵਰਤੇ ਜਾਣ ਤਕ ਸੀਮਤ ਕਰਨ, ਸਿੱਖ ਸਭਿਆਚਾਰ, ਸਿੱਖ ਧਰਮ, ਸਿੱਖ ਵਿਰਸੇ ਤੇ ਸਿੱਖ ਸਾਹਿਤ ਦੀਆਂ ਤੰਦਾਂ ਤੋੜਨ ਲਈ ਅਤੇ ਮਾਂ ਬੋਲੀ ਤੋਂ ਦੂਰ ਕਰਨ ਲਈ ਵਿਦਿਅਕ ਅਦਾਰਿਆਂ ਵਿੱਚ ਪੰਜਾਬੀ 'ਤੇ ਹਿੰਦੀ ਸੰਸਕ੍ਰਿਤ ਠੋਸਣ ਦੀਆਂ ਪਲਾਨਾਂ ਉਲੀਕੀਆਂ ਗਈਆਂ। ਸਿੱਖਾਂ ਨੂੰ ਮਾਂ

ਬੋਲੀ ਨਾਲੋਂ ਤੋੜਨ ਦਾ ਹਰ ਹੀਲਾ ਹਰਬਾ ਵਰਤਿਆ ਗਿਆ ਤੇ ਵਰਤਿਆ ਜਾ ਰਿਹਾ ਹੈ ਕਿਉਂਕਿ ਮਾਂ ਬੋਲੀ ਨਾਲ ਹੀ ਦਿਲ ਦੀ ਅਸਲ ਤਾਰ ਖੜਕਦੀ ਹੈ।

ਪਟੇਲ ਅਜਿਹੇ ਕੰਮਾਂ ਵਿੱਚ ਮਾਹਿਰ ਸੀ ਅਤੇ ਅਜ਼ਾਦੀ ਦੌਰਾਨ ਉਸ ਨੇ ਕਈ ਸਿੱਖ ਲੀਡਰਾਂ ਨੂੰ ਖਰੀਦ ਕੇ ਆਪਣੇ ਨਾਲ ਜੋੜਿਆ ਹੋਇਆ ਸੀ। ਉਂਜ ਵੀ ਉਹ ਸਿਆਸਤ ਦੀ ਸ਼ਤਰੰਜ ਦਾ ਮਾਹਿਰ ਅਤੇ ਰੜ੍ਹਿਆ ਹੋਇਆ ਖਿਡਾਰੀ ਸੀ। ਅਜ਼ਾਦੀ ਮਿਲਦਿਆਂ ਹੀ ਹਿੰਦੂਤਵੀਆਂ ਵਲੋਂ ਸਿੱਖ ਸਭਿਆਚਾਰ ਨੂੰ ਹਿੰਦੂ ਸਭਿਆਚਾਰ ਦੀ ਪਿਉਂਦ ਲਾਉਣੀ ਸ਼ੁਰੂ ਕਰ ਦਿੱਤੀ ਗਈ ਸੀ। ਪੰਜਾਬੀ ਜ਼ੁਬਾਨ 'ਤੇ ਸੰਸਕ੍ਰਿਤਾਈ ਹਿੰਦੀ ਦੀ ਅਮਰਵੇਲ ਚਾੜ੍ਹਨੀ ਸ਼ੁਰੂ ਕਰ ਦਿੱਤੀ ਗਈ ਸੀ। ਜਿਸ ਬੂਟੇ 'ਤੇ ਅਮਰ ਵੇਲ ਚੜ੍ਹ ਜਾਏ, ਉਹ ਬੂਟਾ ਕਦੀ ਵੱਧ ਫੁੱਲ ਨਹੀਂ ਸਕਦਾ। ਅਮਰ ਵੇਲ ਉਸ ਦਾ ਸਾਰਾ ਜਿਊਸ ਚੂਸਦੀ ਰਹਿੰਦੀ ਹੈ।

ਹਾਕਮ ਜਮਾਤ ਵਲੋਂ ਇਸ ਕੰਮ ਨੂੰ ਨੇਪਰੇ ਚਾੜ੍ਹਨ ਲਈ ਪੰਜਾਬੀ ਦੇ ਹੀ ਸਿੱਖ ਵਿਦਵਾਨਾਂ, ਪ੍ਰੋਫੈਸਰਾਂ, ਅਨੁਵਾਦਕਾਂ ਅਤੇ ਚਿੰਤਕਾਂ ਨੂੰ ਵੰਗਾਰ ਪਾਈ ਗਈ ਅਤੇ ਕਿਹਾ ਗਿਆ ਕਿ ਉਹ ਪਛੜੀ ਹੋਈ ਪੰਜਾਬੀ ਦੀ ਉਨਤੀ ਲਈ ਕੁਝ ਕਰਨ, ਹਿੰਦੀ ਸੰਸਕ੍ਰਿਤ ਦੀ ਸ਼ਬਦਾਵਲੀ ਪੰਜਾਬੀ ਵਿੱਚ ਭਰਨ, ਜਿਸ ਲਈ ਉਹਨਾਂ ਨੂੰ ਡਿਗਰੀਆਂ, ਤਗਮਿਆਂ ਅਤੇ ਮਾਇਆ ਦੇ ਖੁਲ੍ਹੇ ਗਫੇ ਵੰਡੇ ਜਾਣ ਦੇ ਸਬਜ਼ ਬਾਗ਼ ਵੀ ਵਿਖਾਏ ਗਏ। ਚਾਣਕੀਆ ਨੀਤੀ ਦੇ ਵਿਛਾਏ ਜਾਲ ਤੋਂ ਬੇਖਬਰ ਉਹ ਪੂਰੇ ਤਨ ਮਨ ਨਾਲ ਜੁੱਟ ਗਏ ਇਸ ਕੰਮ ਵਿੱਚ। ਅਜਿਹੇ ਵਿਦਵਾਨਾਂ 'ਚ ਆਪਣੇ ਆਪ ਨੂੰ ਸਰਕਾਰੇ ਦਰਬਾਰੇ ਭਿੰਨ-ਭੇਹਰਾਂ ਵਿੱਚ ਕਹਾਉਣ ਦੀ ਲਾਲਸਾ ਪ੍ਰਬਲ ਹੁੰਦੀ ਹੈ। ਇਸ ਦੇ ਨਾਲ ਪੰਜਾਬ ਦੇ ਹਿੰਦੂਆਂ ਦੇ ਕੰਨਾਂ ਵਿੱਚ ਸੂਰਜਵੰਸ਼ੀ ਤੇ ਚੰਦਰਵੰਸ਼ੀ ਹੋਣ ਦੀਆਂ ਫੂਕਾਂ ਮਾਰ ਕੇ ਹਿੰਦੂਤਵੀ ਪੁਨਰਵਾਦ ਦੀ ਜਾਗ ਲਾਈ ਗਈ। ਪੰਜਾਬੀ ਹਿੰਦੂਆਂ ਮਰਦਮ ਸ਼ੁਮਾਰੀ ਵੇਲੇ ਆਪਣੀ ਮਾਂ ਬੋਲੀ ਤੋਂ ਮੁਨਕਰ ਹੋਕੇ ਆਪਣੀ ਮਾਂ ਬੋਲੀ ਹਿੰਦੀ ਲਿਖਾਈ।

ਜਾਬਰ ਹਾਕਮ ਕੌਮਾਂ ਆਪਣੀਆਂ ਗ਼ੁਲਾਮ ਕੌਮਾਂ ਨੂੰ ਸਦੀਵੀ ਗ਼ੁਲਾਮ ਬਣਾਈ ਰੱਖਣ ਲਈ ਭਾਸ਼ਾ ਦਾ ਹਥਿਆਰ ਵਰਤਦੀਆਂ ਆਈਆਂ ਹਨ। ਸਾਮਰਾਜੀ ਤਾਕਤਾਂ ਆਪਣੀਆਂ ਬਸਤੀਆਂ ਦੇ ਲੋਕਾਂ ਦੀ ਭਾਸ਼ਾਵਾਂ ਨੂੰ ਖਤਮ ਕਰਕੇ ਆਪਣੀ ਜ਼ਬਾਨ ਤੇ ਸਭਿਆਚਾਰ ਮੜ੍ਹਦੀਆਂ ਆਈਆਂ ਹਨ। ਅੰਗਰੇਜ਼ਾਂ ਦੀ ਮਿਸਾਲ ਸਾਡੇ ਸਾਹਮਣੇ ਹੈ। ਇਨ੍ਹਾਂ ਦੀ ਥਾਂ ਲੈਣ ਵਾਲੇ ਕਾਲੇ ਹਾਕਮ ਵੀ ਉਹੀ ਫਾਰਮੂਲਾ ਅਪਨਾ ਰਹੇ ਹਨ। ਭਾਰਤ ਇਕ ਬਹੁਕੌਮੀ ਦੇਸ਼ ਹੈ। ਇਸ ਅੰਦਰ ਵੰਨ-ਸੁਵੰਨੇ ਸਭਿਆਚਾਰ ਦੇ ਲੋਕ

ਵਸਦੇ ਹਨ। ਹਿੰਦੂਤਵੀ ਤਾਕਤਾਂ ਸਭ ਨੂੰ ਇਕਸਾਰ ਕਰਨ ਦੇ ਸੁਪਨੇ ਭੀ ਲੈ ਰਹੀਆਂ ਹਨ। ਇਹ ਸਾਰੇ ਭਾਰਤ 'ਚ ਇਕੋ ਸਭਿਆਚਾਰਕ ਸਾਂਚਾ (patern) ਸਿਰਜਣ ਲਈ ਤਰਲੋਮੱਛੀ ਹੋ ਰਹੇ ਹਨ। ਅੱਜ ਭਾਰਤ ਵਿੱਚ ਧਰਮ ਤੇ ਰਾਜਨੀਤੀ ਦੋਹਾਂ 'ਤੇ ਬ੍ਰਾਹਮਣਵਾਦ ਦਾ ਪੂਰਾ ਕਬਜ਼ਾ ਹੈ ਅਤੇ ਇਸ ਕੋਲ ਅਥਾਹ ਵਸੀਲੇ ਹਨ। ਇਹ ਚਾਣਕੀ ਨੀਤੀ ਦਾ ਧਾਰਨੀ ਹੈ ਅਤੇ ਇਹ ਸਿੱਖ ਸਭਿਆਚਾਰ 'ਤੇ ਬ੍ਰਾਹਮਣਵਾਦੀ ਪੋਚਾ ਫੇਰ ਰਿਹਾ ਹੈ।

ਕਿਸੇ ਕੌਮ ਦਾ ਅਖਲਾਕ ਤੇ ਸਭਿਆਚਾਰ ਉਸ ਕੌਮ ਦੀ ਬੋਲੀ ਨਾਲੋਂ ਉਚਾ ਨਹੀਂ ਹੋ ਸਕਦਾ। ਜਿਤਨੀ ਪ੍ਰਫੁਲਤ ਬੋਲੀ ਹੋਵੇਗੀ, ਉਤਨਾ ਹੀ ਪ੍ਰਫੁਲਤ ਉਸ ਕੌਮ ਦਾ ਇਖਲਾਕ ਹੋਵੇਗਾ। ਕਿਸੇ ਕੌਮ ਦੀ ਬੋਲੀ ਦੇ ਵਿਕਾਸ ਨਾਲ ਉਸ ਕੌਮ ਦੇ ਲੋਕਾਂ ਦੇ ਜੀਵਨ 'ਚ ਵਿਕਾਸ ਆਉਂਦਾ ਹੈ। ਜਿਵੇਂ ਜਿਵੇਂ ਬੋਲੀ ਸੂਖਮਤਾ ਤੇ ਸੰਜਮਤਾ ਆਦਿ ਪੱਖਾਂ ਤੋਂ ਵਿਕਾਸ ਕਰਦੀ ਹੈ, ਉਸ ਕੌਮ ਦੇ ਲੋਕਾਂ ਦਾ ਕਲਾਤਮਕ ਜੀਵਨ ਵੀ ਉਸੇ ਤਨਾਸਬ ਨਾਲ ਵਿਕਾਸ ਕਰਦਾ ਹੈ। ਇਸੇ ਕਰਕੇ ਹਿੰਦੂ ਬਹੁਗਿਣਤੀ ਪੰਜਾਬੀ ਬੋਲੀ ਦਾ ਗਲਾ ਘੁੱਟਣ ਤੇ ਤੁਲੀ ਹੋਈ ਹੈ। ਭਾਸ਼ਾ ਦੇ ਹਥਿਆਰ ਨਾਲ ਹੀ ਪੰਜਾਬੀ ਬੋਲੀ ਦਾ ਖਾਤਮਾ ਕੀਤਾ ਜਾ ਰਿਹਾ ਹੈ।

ਹਿੰਦੂ ਸਾਮਰਾਜ ਨੇ ਮਾਂ ਰਾਣੀ ਪੰਜਾਬੀ ਬੋਲੀ ਨੂੰ ਅੱਜ ਵੀ ਭਾਂਡੇ ਮਾਂਜਣ ਤੇ ਸਫਾਈ ਕਰਨ ਵਾਲੀ ਗੋਲੀ ਬਣਾਇਆ ਹੋਇਆ ਹੈ ਅਤੇ ਮਾਂ ਰਾਣੀ ਦਾ ਰੁਤਬਾ, ਸ਼ਾਨੋਸ਼ੌਕਤ ਤੇ ਆਦਰ ਹਿੰਦੀ ਨੂੰ ਦਿੱਤਾ ਹੋਇਆ ਹੈ। ਜਿਸ ਸ਼ਿਦਤ ਨਾਲ ਹਿੰਦੀ ਤੇ ਸੰਸਕ੍ਰਿਤ ਦਾ ਪੰਜਾਬ 'ਚ ਪ੍ਰਚਾਰ ਕੀਤਾ ਜਾ ਰਿਹਾ ਹੈ, ਉਸ ਦੇ ਭਿਆਨਕ ਸਿੱਟੇ ਨਿਕਲਣੇ ਸ਼ੁਰੂ ਹੋ ਗਏ ਹਨ। ਸਕੂਲਾਂ ਕਾਲਜਾਂ ਦੀਆਂ ਕਿਤਾਬਾਂ ਦੀ ਤਿਆਰੀ 'ਚ ਹਿੰਦੀ ਸੰਸਕ੍ਰਿਤ ਰਲਾ ਕੇ ਪੰਜਾਬੀ ਦਾ ਰੂਪ ਰੰਗ ਹੀ ਬਦਲ ਕੇ ਰੱਖ ਦਿੱਤਾ ਗਿਆ ਹੈ। ਵਾਧਾ ਇਹ ਕਿ ਨਾਲ ਬਿੱਪਰਵਾਦੀ ਰੰਗ ਵੀ ਚਾੜ੍ਹ ਦਿੱਤਾ ਗਿਆ ਹੈ। ਮਾਂ ਬੋਲੀ ਪੰਜਾਬੀ 'ਚੋਂ ਉਰਦੂ ਫਾਰਸੀ ਦੇ ਆਮ ਵਰਤੇ ਜਾਂਦੇ ਸ਼ਬਦ ਕੱਢ ਕੇ ਹਿੰਦੀ ਸੰਸਕ੍ਰਿਤ ਦੇ ਵਾੜੇ ਜਾ ਰਹੇ ਹਨ। ਜਿਵੇਂ ਕਿ ਤਨਖਾਹ ਦੀ ਥਾਂ ਵੇਤਨ, ਮਰਨ ਦੀ ਥਾਂ ਨਿਧਨ ਅਤੇ ਮਿਹਨਤੀ ਦੀ ਥਾਂ ਸ੍ਰਮ ਆਦਿਕ ਸ਼ਬਦਾਂ ਨੂੰ ਟੀ.ਵੀ., ਰੇਡੀਓ ਤੇ ਲਾਜ਼ਮੀ ਬੁਲਾਇਆ ਜਾਂਦਾ ਹੈ। ਅਜਿਹੇ ਸ਼ਬਦਾਂ ਦੀ ਵਰਤੋਂ ਕਰਨ ਲਈ ਖੁਫੀਆ ਸਰਕੁਲਰਾਂ ਰਾਹੀਂ ਇਹ ਆਦੇਸ਼ ਦਿੱਤੇ ਜਾ ਚੁੱਕੇ ਹਨ। ਜੇ ਕਲਕੱਤਾ ਬੰਗਾਲੀ ਬੋਲੀ ਲਈ, ਮਦਰਾਸ ਮਦਰਾਸੀ ਬੋਲੀ ਲਈ ਵਕਫ ਹਨ ਤਾਂ ਜਲੰਧਰ ਰੇਡੀਓ ਸਟੇਸ਼ਨ ਪੰਜਾਬੀ ਬੋਲੀ ਲਈ ਕਿਉਂ ਨਹੀਂ? ਸਾਫ ਜ਼ਾਹਰ ਹੋ ਜਾਂਦੀ ਹੈ ਹਿੰਦੂ ਸਾਮਰਾਜ ਦੀ ਖੋਟੀ ਨੀਅਤ ਕਿ ਇਹ ਸਾਡੇ ਸਭਿਆਚਾਰ ਨੂੰ ਖੋਰਨ 'ਤੇ ਤੁਲਿਆ ਹੋਇਆ ਹੈ। ਕੀ ਪੰਜਾਬੀ ਦੇ

ਬੁੱਧੀਜੀਵੀ, ਸਿੱਖ ਚਿੰਤਕ ਤੇ ਵਿਦਵਾਨ ਇਸੇ ਤਰ੍ਹਾਂ ਕਬੂਤਰ ਵਾਂਗ ਅੱਖਾਂ ਮੀਟੀ ਬੈਠੇ ਰਹਿਣਗੇ ਜਾਂ ਕੁਝ ਕਰਨਗੇ?

ਬੋਲੀ ਦਾ ਹੁਲੀਆ ਵਿਗਾੜ ਕੇ ਹੀ ਕਿਸੇ ਕੌਮ ਨੂੰ ਖਤਮ ਕੀਤਾ ਜਾ ਸਕਦਾ ਹੈ। ਜਿਸ ਕੌਮ ਦੀ ਬੋਲੀ ਗਈ, ਉਸ ਦਾ ਸਭਿਆਚਾਰ ਗਿਆ। ਜਿਸ ਕੌਮ ਦੀ ਬੋਲੀ ਤੇ ਸਭਿਆਚਾਰ ਗਿਆ, ਉਹ ਕੌਮ ਹੀ ਗਈ ਸਮਝੋ। ਜੇ ਬੋਲੀ ਮਰ ਗਈ ਤਾਂ ਕੌਮੀਅਤ ਨੂੰ ਮਾਰਨਾ ਔਖਾ ਨਹੀਂ ਰਹਿ ਜਾਂਦਾ। ਘੱਟ ਤੋਂ ਘੱਟ ੪ ਕਰੋੜ ਲੋਕ ਪੰਜਾਬੀ ਬੋਲਦੇ ਹਨ। ਮਾਂ ਬੋਲੀ ਅਮੋਲਕ ਵਸਤੂ ਹੈ ਅਤੇ ਬਹੁਤ ਹੀ ਮਹਿੰਗੀ ਤੇ ਪਿਆਰੀ ਵਿਰਾਸਤ ਹੈ। ਕਿਸੇ ਕੌਮ ਦੀ ਸਭ ਤੋਂ ਕੀਮਤੀ ਦੌਲਤ ਉਸ ਦੀ ਮਾਂ-ਬੋਲੀ ਹੁੰਦੀ ਹੈ। ਮਨੁੱਖ ਦਾ ਕੋਈ ਅਜਿਹਾ ਚੰਗਾ, ਮਾੜਾ ਜਾਂ ਤੀਖਣ ਰੁਝਾਨ ਜਾਂ ਹਾਵ-ਭਾਵ ਨਹੀਂ, ਜੋ ਮਾਂ-ਬੋਲੀ ਪ੍ਰਗਟ ਨਾ ਕਰ ਸਕਦੀ ਹੋਵੇ। ਕਿਸੇ ਬੋਲੀ ਵਿੱਚ ਉਸ ਭਾਈਚਾਰੇ ਜਾਂ ਕੌਮ ਦੇ ਲੋਕਾਂ ਦੇ ਜਿਥੇ ਸੂਖਮ ਤੋਂ ਸੂਖਮ ਹਾਵ-ਭਾਵ ਪ੍ਰਗਟਾ ਸਕਣ ਦੇ ਭੇਦ ਲੁੱਕੇ ਹੋਏ ਹੁੰਦੇ ਹਨ, ਉਥੇ ਉਸ ਵਿੱਚ ਵੱਡੇ ਤੋਂ ਵੱਡੇ ਸੰਕਲਪਾਂ ਦਾ ਪ੍ਰਗਟਾ ਕਰ ਸਕਣ ਦੀ ਸਮਰਥਾ ਵੀ ਹੁੰਦੀ ਹੈ। ਪੰਜਾਬੀ ਸੁਭਾ ਅਤੇ ਪੰਜਾਬੀ ਉਚਾਰਣ ਢੰਗ ਇਕ ਵਖਰੀ ਕਿਸਮ ਦਾ ਹੈ। ਇਹ ਦੂਜੀਆਂ ਬੋਲੀਆਂ ਦੇ ਸ਼ਬਦ ਨਹੀਂ ਪਚਾ ਸਕਦਾ ਸਿਵਾਏ ਸਾਇੰਸੀ ਟੈਕਨਾਲੋਜੀ ਤੇ ਮਨੁੱਖੀ ਵਿਗਿਆਨ ਦੇ।

ਜ਼ਿੰਦਗੀ ਨੂੰ ਸੁਹਾਵਣਾ ਬਣਾਉਣ ਵਿੱਚ ਮਾਂ ਬੋਲੀ ਤੋਂ ਵੱਡੀ ਹੋਰ ਕੋਈ ਤਾਕਤ ਨਹੀ। ਮਨੁੱਖੀ ਦਿਲ ਇਕ ਸਮੁੰਦਰ ਹੈ। ਇਸ ਵਿੱਚ ਲੁਕੇ ਅਥਾਹ ਖਜ਼ਾਨਿਆਂ ਦੀਆਂ ਕੁੰਜੀਆਂ ਸਿਰਫ ਮਾਂ-ਬੋਲੀ ਦੇ ਸ਼ਬਦਾਂ 'ਚੋਂ ਹੀ ਲੱਭ ਸਕਦੀਆਂ ਹਨ, ਹੋਰ ਕਿਤੋਂ ਨਹੀਂ। ਆਪਣੀ ਮਾਂ-ਬੋਲੀ ਤੋਂ ਅਵੇਸਲੇ ਰਹਿਣਾ ਆਪਣੇ ਜੀਵਨ ਨਾਲ ਬੇਇਨਸਾਫੀ ਕਰਨਾ ਹੈ ਅਤੇ ਆਪਣੇ ਆਪ ਨੂੰ ਜੀਵਨ ਦੇ ਸੁਹਜ- ਸੁਹਪਣ ਤੋਂ ਵਾਝਿਆਂ ਰੱਖਣਾ ਹੈ। ਜੀਵਨ ਨਾਲ ਬੇਇਨਸਾਫੀ ਕਰਦਿਆਂ ਅਸੀਂ ਆਪਣੇ ਬ੍ਰਹਮੰਡਵਾਦੀ ਫ਼ਰਜ਼ ਵੀ ਨਹੀ ਨਿਭਾ ਰਹੇ ਹੋਵਾਂਗੇ। ਸੰਸਾਰ ਅੰਦਰੋਂ ਜੋ ਸੁਹੱਪਣ ਸਾਨੂੰ ਖਿਲੇਰਨਾ ਚਾਹੀਦਾ ਸੀ, ਅਸੀਂ ਉਹ ਨਹੀਂ ਕਰ ਸਕਾਂਗੇ। ਇਹ ਸੁਹੱਪਣ ਤੇ ਸੁਹਜ ਕੇਵਲ ਮਾਂ-ਬੋਲੀ ਦੇ ਸਹਾਰੇ ਹੀ ਦਿੱਤਾ ਜਾ ਸਕਦਾ ਹੈ, ਜੋ ਸੰਸਾਰ ਨੂੰ ਸੁਹਾਵਣਾ ਬਣਾਉਣ ਵਿੱਚ ਵਾਧਾ ਕਰਦਾ ਹੈ। ਇਸ ਲਈ ਹਰ ਮਨੁੱਖ ਨੂੰ ਆਪਣੀ ਬੋਲੀ ਨੂੰ ਅਮੀਰ ਬਣਾਉਣ ਵਿੱਚ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ। ਸਾਨੂੰ ਹਰ ਉਹ ਚੀਜ਼ ਪਿਆਰੀ ਲੱਗਣੀ ਚਾਹੀਦੀ ਹੈ ਜੋ ਸਾਡੇ ਤੇ ਕੌਮ ਦੇ ਜੀਵਨ ਪੱਧਰ ਨੂੰ ਉੱਚਿਆਂ ਕਰਨ ਵਿੱਚ ਸਹਾਇਕ ਬਣਦੀ ਹੈ।

ਕਿਸੇ ਖਿਤੇ 'ਤੇ ਵਿਕਸਤ ਹੋਈ ਬੋਲੀ ਨੇ ਉਸ ਖਿਤੇ ਦੀਆਂ ਕਈ ਪੀੜ੍ਹੀਆਂ ਦੇ ਨਕਸ਼ਾਂ ਨੂੰ ਆਪਣੀ ਬੁੱਕਲ ਵਿੱਚ ਸੰਭਾਲਿਆ ਹੁੰਦਾ ਹੈ, ਜੋ ਉਸ ਖਿੱਤੇ ਦੇ ਲੋਕਾਂ ਨੂੰ ਦੂਜੇ ਖਿੱਤੇ ਦੇ ਲੋਕਾਂ ਨਾਲੋਂ ਨਿਖੇੜਦੇ ਹਨ। ਇਹ ਇਕ ਹਕੀਕਤ ਹੈ ਕਿ ਕਿਸੇ ਉਪਰੀ ਭਾਸ਼ਾ ਨਾਲ ਮਾਂ ਦੇ ਦੁੱਧ ਤੋਂ ਸਿੱਖੀ ਭਾਸ਼ਾ ਵਰਗੀ ਸਾਂਝ ਨਹੀਂ ਪੈ ਸਕਦੀ। ਕਿਸੇ ਵੀ ਖੇਤਰ ਦੇ ਲੋਕ ਜੇ ਕਈ ਪੁਸ਼ਤਾਂ ਤੋਂ ਤੁਰੀ ਆਉਂਦੀ ਆਪਣੀ ਬੋਲੀ ਦੀ ਥਾਂ ਕਿਸੇ ਦੂਜੀ ਬੋਲੀ ਨੂੰ ਵਿਚਾਰਾਂ ਦੇ ਵਾਹਨ ਵਜੋਂ ਵਰਤਣਗੇ, ਤਾਂ ਉਹ ਸਫਲ ਤਾਂ ਬੇਸ਼ਕ ਹੋ ਜਾਣਗੇ, ਪਰੰਤੂ ਉਹਨਾਂ ਦੀ ਆਪਣੇ ਖੇਤਰ ਦੀ ਪ੍ਰਾਕਿਰਤਕ ਅਸਲੀਅਤ ਮਰ ਜਾਏਗੀ।

ਜਿਵੇਂ ਮਨੁੱਖ ਦਾ ਚਿਹਰਾ ਮਨੁੱਖ ਦੀ ਤੰਦਰੁਸਤੀ ਦਾ ਚਿੱਤਰ ਹੈ, ਉਵੇਂ ਹੀ ਬੋਲੀ ਮਨੁੱਖ ਦੀ ਆਤਮਾ ਦਾ ਚਿੱਤਰ ਹੈ। ਆਪਣੀ ਆਤਮਾ ਨੂੰ ਬੋਲੀ ਦੀਆਂ ਕੁੰਜੀਆਂ ਰਾਹੀਂ ਹੀ ਪ੍ਰਭਾਵਸ਼ਾਲੀ ਬਣਾਇਆ ਜਾ ਸਕੀਂਦਾ ਹੈ। ਮਨੁੱਖ ਅੰਦਰਲੇ ਨੈਤਿਕਤਾ ਦੇ ਸਾਰੇ ਗੁਣਾਂ ਨੂੰ ਪ੍ਰਗਟਾਅ ਸਕਣ ਦੀ ਸ਼ਕਤੀ ਕੁਦਰਤ ਨੇ ਉਸ ਦੀ ਮਾਂ-ਬੋਲੀ ਦੇ ਸ਼ਬਦਾਂ ਵਿੱਚ ਭਰ ਦਿੱਤੀ ਹੈ। ਬੋਲੀ ਦੀਆਂ ਡੂੰਘਾਣਾਂ 'ਚੋਂ ਹੀ ਗਿਆਨ ਦੀਆਂ ਸੂਖਮ ਲਹਿਰਾਂ ਉਠਦੀਆਂ ਹਨ। ਜੀਵਨ ਨੂੰ ਉਹਨਾਂ ਤੋਂ ਵਾਂਝਿਆਂ ਰੱਖਣਾ ਜੀਵਨ ਨੂੰ ਰੇਗਿਸਤਾਨ ਬਣਾਉਣਾ ਹੈ ਅਤੇ ਜੀਵਨ ਨਾਲ ਬੇਇਨਸਾਫੀ ਕਰਨਾ ਹੈ।

ਬੋਲੀ ਇਤਨੀ ਮਹੱਤਵ ਪੂਰਨ ਹੈ ਕਿ ਕੁਝ ਮਿੰਟਾਂ ਦੀ ਬੋਲ-ਚਾਲ ਹੀ ਸਾਡੇ ਜੀਵਨ ਵਿੱਚ ਸਮੋਏ ਹੋਏ ਸਭਿਅਕ ਮਿਆਰ ਨੂੰ ਉਜਾਗਰ ਕਰਕੇ ਰੱਖ ਦਿੰਦੀ ਹੈ। ਸਾਡੀ ਬੋਲੀ ਨੂੰ ਸੁਣਨ ਵਾਲਾ ਇਹ ਜਾਣ ਜਾਂਦਾ ਹੈ ਕਿ ਅਸੀਂ ਸਭਿਅਤਾ ਦੇ ਕਿਹੜੇ ਪੌੜੇ 'ਤੇ ਖੜੇ ਹਾਂ ਅਤੇ ਸਾਡੇ ਜੀਵਨ ਨੇ ਸਭਿਅਤਾ ਦੇ ਸਮੁੰਦਰ 'ਚੋਂ ਕਿਹੜੀ ਕਿਸਮ ਦੇ ਮੋਤੀ ਚੁੱਗੇ ਹਨ। ਅਸੀਂ ਹੰਸਾਂ ਵਾਲੇ ਜੀਵਨ ਦੇ ਰਾਹੀ ਹਾਂ ਜਾਂ ਬਗਲਿਆਂ ਵਾਲੇ ਜੀਵਨ ਦੇ ਰਾਹੀ। ਮਾਂ-ਬੋਲੀ ਰਾਹੀਂ ਹੀ ਮਨੁੱਖ ਆਪਣੇ ਸਭਿਆਚਾਰ ਦੀਆਂ ਪੌੜੀਆਂ ਚੜ੍ਹਦਾ ਹੈ।

ਬੋਲੀ ਹੀ ਕਿਸੇ ਖੇਤਰ ਦੀ ਵੰਨ-ਸੁਵੰਨਤਾ ਨੂੰ ਸ਼ਬਦਾਂ ਦੇ ਰੂਪ ਵਿੱਚ ਪੇਸ਼ ਕਰਦੀ ਹੈ। ਕਿਸੇ ਭਾਸ਼ਾ ਦੀ ਸੁਵੰਨਤਾ ਦਾ ਕੁਦਰਤੀ ਆਧਾਰ ਉਸ ਦੇ ਉਸ ਖਿਤੇ ਦੇ ਲੋਕ ਹੁੰਦੇ ਹਨ। ਜੋ ਉਸ ਭਾਸ਼ਾ ਨੂੰ ਆਪਣੇ ਬਾਹਰ ਮੁਖੀ ਤੇ ਅੰਤਰਮੁਖੀ ਹਾਵ ਭਾਵ ਪ੍ਰਗਟ ਕਰਨ ਲਈ ਵਰਤਦੇ ਹਨ। ਇਸ ਤਰ੍ਹਾਂ ਉਹ ਜਿੱਥੇ ਭਾਸ਼ਾ ਦੇ ਵਿਕਾਸ ਦਾ ਕਾਰਨ ਬਣਦੇ ਰਹਿੰਦੇ ਹਨ, ਉਥੇ ਨਾਲ ਹੀ ਜੀਵਨ ਵਿਕਾਸ ਵੀ ਮਾਣਦੇ ਹਨ। ਕਿਸੇ ਬੋਲੀ ਦੇ ਵਿਕਾਸ ਦੀਆਂ ਹੱਦਾਂ ਮਨੁੱਖ ਦੇ ਵਿਕਾਸ ਦੇ ਨਾਲ

–ਨਾਲ ਮੋਕਲੀਆਂ ਹੁੰਦੀਆਂ ਜਾਂਦੀਆਂ ਹਨ।

ਹਰ ਭਾਸ਼ਾ ਦੀਆਂ ਬਹੁਤ ਸਾਰੀਆਂ ਵੱਖ ਵੱਖ ਪਰਤਾਂ ਹੁੰਦੀਆਂ ਹਨ, ਜੋ ਸਬੰਧਤ ਸਭਿਆਚਾਰ ਦੀਆਂ ਵੱਖ-ਵੱਖ ਪਰਤਾਂ ਅਨੁਸਾਰ ਟੁੱਟਦੀਆਂ ਭਜਦੀਆਂ ਤੇ ਉਸਰਦੀਆਂ ਹਨ। ਇਹਨਾਂ ਸਭਿਆਚਾਰਕ ਪਰਤਾਂ ਦੀ ਬਦਲਵੀਂ ਲੋੜ ਅਨੁਸਾਰ ਇਕ ਸ਼ਬਦ ਲਈ ਕਈ ਸ਼ਬਦ ਵਰਤੇ ਜਾਂਦੇ ਹਨ ਜਿਵੇਂ ਕਿ ਟੁੱਕ, ਰੋਟੀ, ਖਾਣਾ, ਭੋਜਨ, ਪ੍ਰਸਾਦ, ਲੰਗਰ, ਭੱਤਾ ਆਦਿ।

ਹਰ ਭਾਸ਼ਾ ਦੇ ਸ਼ਬਦ ਉਸ ਭਾਸ਼ਾ ਦੇ ਸਭਿਆਚਾਰ ਦੀ ਲੋੜ ਅਨੁਸਾਰ ਹੀ ਅਰਥਾਂ ਦਾ ਸੰਚਾਰ ਕਰਦੇ ਹਨ। ਉਪਰੀ ਬੋਲੀ ਵਰਤਣ ਨਾਲ ਸਭਿਆਚਾਰਕ ਪ੍ਰਸੰਗ ਸਹਿਜੇ ਹੀ ਪੱਲਾ ਖਿਸਕਾ ਲੈਂਦੇ ਹਨ। ਬਾਬਾ ਫ਼ਰੀਦ ਜੀ ਦੀ ਮਿਸਾਲ ਸਾਡੇ ਸਾਹਮਣੇ ਹੈ। ਉਹ ਅਰਬੀ ਫ਼ਾਰਸੀ ਦੇ ਚੰਗੇ ਗਿਆਤਾ ਸਨ, ਪਰ ਉਨ੍ਹਾਂ ਜਿਹੜੀ ਕਾਵਿ ਰਚਨਾ ਪੰਜਾਬੀ ਭਾਸ਼ਾ ਵਿੱਚ ਕੀਤੀ, ਉਹ ਪੰਜਾਬ ਦੀ ਮਿੱਟੀ ਨਾਲ ਜੁੜਕੇ, ਇਥੋਂ ਦੇ ਪ੍ਰਸੰਗ, ਇਥੋਂ ਦੇ ਹਵਾਲੇ ਅਤੇ ਅਲੰਕਾਰ ਵਰਤ ਕੇ ਕੀਤੀ ਸੀ। ਇਸੇ ਕਰਕੇ ਹੀ ਉਹ ਠੇਠ ਪੰਜਾਬੀ ਦੇ ਸਭ ਤੋਂ ਪੁਰਾਣੇ ਵਡਿੱਕੇ ਮੰਨੇ ਜਾਂਦੇ ਹਨ। ਉਨ੍ਹਾਂ ਦੇ ਸਲੋਕ ਪੰਜਾਬੀ ਵਿਰਸੇ ਦਾ ਅਟੁੱਟ ਭਾਗ ਬਣਕੇ ਅਟੱਲ ਸੱਚਾਈਆਂ ਵਾਂਗ ਲੋਕਾਂ ਦੇ ਮੂੰਹਾਂ 'ਤੇ ਚੜ੍ਹੇ ਹੋਏ ਹਨ।

ਸਭ ਪੰਜਾਬੀਆਂ ਦੀ ਮਾਂ ਬੋਲੀ ਪੰਜਾਬੀ ਤਾਂ ਹੈ ਪਰੰਤੂ ਉਸ ਪ੍ਰਤੀ ਸਭ ਪੰਜਾਬੀਆਂ 'ਚ ਇਕੋ ਜਿਹਾ ਸਨੇਹ ਨਹੀਂ। ਹਿੰਦੂ ਵਰਗ ਨੇ ਤਾਂ ਸਪਸ਼ਟ ਤੌਰ ਤੇ ਲਿਖ ਕੇ ਦੇ ਦਿੱਤਾ ਹੈ ਕਿ ਪੰਜਾਬੀ ਉਨ੍ਹਾਂ ਦੀ ਬੋਲੀ ਨਹੀਂ ਸਗੋਂ ਹਿੰਦੀ ਹੈ। ਕਿਉਂਕਿ ਇਹ ਹਿੰਦੂ ਕੌਮਪ੍ਰਸਤੀ ਦਾ ਜਜ਼ਬਾ ਉਭਾਰਦੀ ਹੈ।

ਹਿੰਦੂ ਵਰਗ ਵਲੋਂ ਪੰਜਾਬੀ ਬੋਲੀ ਦਾ ਵਿਰੋਧ ਪੰਜਾਬੀ ਸੂਬੇ ਦੀ ਮੰਗ ਕਾਰਨ 1951 ਦੀ ਮਰਦਮ ਸ਼ੁਮਾਰੀ ਤੋਂ ਇਕਦਮ ਨਹੀਂ ਸੀ ਸ਼ੁਰੂ ਹੋਇਆ ਸਗੋਂ 1931 ਦੀ ਮਰਦਮ ਸ਼ੁਮਾਰੀ ਤੋਂ ਹੀ ਪੰਜਾਬੀ ਮਾਂ ਬੋਲੀ ਨੂੰ ਤਿਆਗ ਦੇਣ ਦਾ ਦੋ-ਟੁੱਕ ਫੈਸਲਾ ਲੈ ਲਿਆ ਗਿਆ ਸੀ।

ਉਦੋਂ ਪੰਜਾਬੀ ਸੂਬਾ ਤਾਂ ਅਕਾਲੀਆਂ ਦੇ ਸੁਪਨੇ 'ਚ ਵੀ ਨਹੀਂ ਸੀ ਆਇਆ ਜਦੋਂ ਆਰੀਆ ਸਮਾਜ ਵਲੋਂ ਹੇਠ ਲਿਖੇ ਅਨੁਸਾਰ ਇਸ਼ਤਿਹਾਰ ਵੰਡਿਆ ਗਿਆ ਸੀ:

ਯਾਦ ਰੱਖੋ! ਮਰਦਮ ਸ਼ੁਮਾਰੀ ਦਾ ਅਮਲ ਆਰੰਭ ਹੋ ਚੁੱਕਾ ਹੈ।
ਸੁਆਲ: ਤੁਹਾਡਾ ਜੁਆਬ ਇਹ ਹੋਣਾ ਚਾਹੀਦਾ ਹੈ।
ਧਰਮ: ਵੈਦਿਕ

ਫਿਰਕਾ: ਆਰੀਆ ਸਮਾਜੀ
ਜਾਤੀ: ਕੋਈ ਨਹੀਂ
ਨਸਲ: ਆਰੀਆ
ਭਾਸ਼ਾ: ਆਰੀਆ ਭਾਸ਼ਾ (ਹਿੰਦੀ)

ਮਰਦਮ ਸ਼ੁਮਾਰੀ ਕਮੇਟੀ,
ਆਰੀਆ ਸਮਾਜ, ਵੱਛੋਵਾਲੀ, ਲਾਹੌਰ

ਉਦੋਂ ਹਿੰਦੂਆਂ ਨੇ ਆਪਣੀ ਜ਼ਬਾਨ ਹਿੰਦੀ ਅਤੇ ਮੁਸਲਮਾਨਾਂ ਆਪਣੀ ਮਾਂ ਬੋਲੀ ਉਰਦੂ ਲਿਖਾਈ ਸੀ। ਇਹੀ ਅਮਲ 1941 ਦੀ ਮਰਦਮ ਸ਼ੁਮਾਰੀ ਵੇਲੇ ਦੁਹਰਾਇਆ ਗਿਆ ਸੀ ਜਿਸ ਤੋਂ ਸਪਸ਼ਟ ਹੈ ਕਿ ਪੰਜਾਬੀ ਹਿੰਦੂਆਂ ਦੇ ਮਨਾਂ ਅੰਦਰ ਮਾਂ ਬੋਲੀ ਪੰਜਾਬੀ ਪ੍ਰਤੀ ਕੋਈ ਸਨੇਹ ਨਹੀਂ ਸੀ ਅਤੇ ਨਾ ਹੀ ਹੈ, ਜੋ ਕੁਦਰਤੀ ਤੌਰ ਤੇ ਹੋਣਾ ਚਾਹੀਦਾ ਹੈ। ਇਥੇ ਇਹ ਦੱਸਣਾ ਕੁਥਾਂ ਨਹੀ ਹੋਵੇਗਾ ਕਿ ਬੰਗਾਲ ਦੇ ਆਰੀਆ ਸਮਾਜੀਆਂ ਨੇ ਬੰਗਾਲੀ ਨੂੰ ਨਹੀਂ ਤਿਆਗਿਆ ਅਤੇ ਨਾ ਹੀ ਮਦਰਾਸੀਆਂ ਨੇ। ਬਾਲ ਗੰਗਾਧਰ ਤਿਲਕ ਵਰਗੇ ਹਿੰਦੀ ਦੇ ਕੱਟੜ ਮੁਦਈ ਨੇ ਵੀ ਆਪਣੀ ਮਾਂ ਬੋਲੀ ਮਰਾਠੀ ਨੂੰ ਨਹੀ ਸੀ ਛੁਟਿਆਇਆ। ਇਹ ਹੈ ਇਕ ਵੱਡਾ ਕਾਰਨ ਸਰਬ ਸਾਂਝੇ ਪੰਜਾਬੀ ਸਭਿਆਚਾਰ ਦੀ ਅਣਹੋਂਦ ਦਾ। ਰੇਤ ਦੀਆਂ ਬੁਨਿਆਦਾਂ ਤੇ 'ਸਾਂਝੀ ਪੰਜਾਬੀ ਪਛਾਣ' ਦਾ ਮਹੱਲ ਕਿਵੇਂ ਉਸਾਰਿਆ ਜਾ ਸਕਦਾ ਹੈ?

ਬੋਲੀ ਤੇ ਸਭਿਆਚਾਰ

ਜਾਬਰ ਹਾਕਮ ਕੌਮਾਂ ਆਪਣੀਆਂ ਗ਼ੁਲਾਮ ਕੌਮਾਂ ਨੂੰ ਸਦੀਵੀ ਗ਼ੁਲਾਮ ਬਣਾਈ ਰੱਖਣ ਲਈ ਭਾਸ਼ਾ ਦਾ ਹਥਿਆਰ ਵਰਤਦੀਆਂ ਆਈਆਂ ਹਨ। ਸਾਮਰਾਜੀ ਤਾਕਤਾਂ ਆਪਣੀਆਂ ਬਸਤੀਆਂ ਦੇ ਲੋਕਾਂ ਦੀ ਭਾਸ਼ਾਵਾਂ ਨੂੰ ਖਤਮ ਕਰਕੇ ਆਪਣੀ ਜ਼ਬਾਨ ਤੇ ਸਭਿਆਚਾਰ ਮੜ੍ਹਦੀਆਂ ਆਈਆਂ ਹਨ। ਹਰ ਸਮਾਜ ਦਾ ਮੂਲ ਆਧਾਰ ਉਸ ਦਾ ਇਲਾਕਾ ਹੁੰਦਾ ਹੈ ਉਥੋਂ ਦੇ ਲੋਕਾਂ ਦਾ ਸਭਿਆਚਾਰ ਲੋਕਾਂ ਦੀ ਅਣਖ, ਈਮਾਨ, ਅਕਲ ਅਤੇ ਆਰਥਕਤਾ ਦੇ ਚਾਰ ਥੰਮਾਂ 'ਤੇ ਟਿਕਿਆ ਹੁੰਦਾ ਹੈ।

ਮਧ ਕਾਲੀਨ ਸਮੇਂ ਹਿੰਦੁਸਤਾਨ ਵਿੱਚ ਆਉਣ ਵਾਲੇ ਹਮਲਾਵਰਾਂ ਵਲੋਂ ਇਲਾਕੇ ਨੂੰ ਫਤਹਿ ਕਰਨ ਉਪਰੰਤ ਮੁਸਲਮਾਨ ਹਾਕਮਾਂ ਵਲੋਂ ਹਿੰਦੂ ਸਭਿਆਚਾਰ ਨੂੰ ਖਤਮ ਕਰਨ ਦੇ ਭਰਪੂਰ ਉਪਰਾਲੇ ਕੀਤੇ ਗਏ ਸਨ। ਜ਼ੁਲਮ, ਜਬਰ ਤੇ ਤਸ਼ੱਦਦ ਨਾਲ ਦਹਿਸ਼ਤ ਫੈਲਾ ਕੇ ਸਭਿਆਚਾਰ ਦੇ ਚੌਹਾਂ ਥੰਮਾਂ ਨੂੰ ਨਸ਼ਟ ਕਰ ਕੇ ਇਥੋਂ ਦੇ ਸਭਿਆਚਾਰ ਨੂੰ ਮੁਕੰਮਲ

ਤੌਰ ਤੇ ਤਬਾਹ ਕਰ ਦਿੱਤਾ ਜਾਂਦਾ ਸੀ ਤਾਂ ਜੋ ਲੋਕਾਂ ਦਾ ਇਸ ਤਰ੍ਹਾਂ ਪਤਨ ਹੋ ਜਾਏ ਜਾਂ ਉਹ ਇਸ ਤਰ੍ਹਾਂ ਨਿਘਰ ਜਾਣ ਕਿ ਕਦੀ ਵੀ ਸਿਰ ਚੁੱਕਣ ਦੇ ਕਾਬਲ ਨਾ ਹੋ ਸਕਣ ਅਤੇ ਹਾਕਮ ਟੋਲੇ ਦੇ ਸਦਾ ਗ਼ੁਲਾਮ ਬਣੇ ਰਹਿਣ।

ਮੁਸਲਿਮ ਜਰਵਾਣਿਆਂ ਵਲੋਂ ਭਾਰਤ 'ਤੇ ਹਮਲਾ ਕਰ ਕੇ ਇਲਾਕਾ ਫਤਹਿ ਕਰਨ ਉਪਰੰਤ ਕਤਲੋ-ਗ਼ਾਰਤ, ਸਾੜ-ਫੂਕ, ਲੁੱਟ-ਖਸੁੱਟ ਦੀ ਦਹਿਸ਼ਤ ਨਾਲ, ਔਰਤਾਂ ਦੀ ਬੇਹੁਰਮਤੀ ਤੇ ਬੇਪਤੀ ਕਰਕੇ ਲੋਕਾਂ ਦੀ ਅਣਖ ਤਬਾਹ ਕੀਤੀ ਜਾਂਦੀ ਸੀ, ਹਿੰਦੂਆਂ ਦੇ ਮੰਦਰਾਂ ਤੇ ਧਰਮ ਅਸਥਾਨਾਂ ਨੂੰ ਸਾੜ-ਫੂਕ ਕੇ ਢਹਿਢੇਰੀ ਕਰਕੇ, ਉਹਨਾਂ ਦੇ ਪੂਜਨੀਕ ਦੇਵੀ-ਦੇਵਤਿਆਂ ਦੇ ਬੁੱਤਾਂ ਦੀ ਭੰਨ-ਤਰੋੜ ਕਰਕੇ ਪੈਰਾਂ ਵਿੱਚ ਰੋਲਿਆ ਜਾਂਦਾ ਸੀ ਅਤੇ ਉਥੇ ਮਸਜਿਦਾਂ ਉਸਾਰ ਲਈਆਂ ਜਾਂਦੀਆਂ ਸਨ। ਇਸ ਤਰ੍ਹਾਂ ਇਕ ਪਾਸੇ ਉਹਨਾਂ ਦੇ ਧਰਮ-ਈਮਾਨ ਤੇ ਵਿਸ਼ਵਾਸ ਨੂੰ ਕੁਚਲਿਆ ਜਾਂਦਾ ਸੀ, ਦੂਜੇ ਪਾਸੇ ਉਨ੍ਹਾਂ ਮੰਦਰਾਂ ਦੀ ਬਣਤਰ, ਘਾੜਤ ਅਤੇ ਉਸਾਰੀ ਵਿੱਚੋਂ ਸਾਹਮਣੇ ਆਉਂਦੇ ਹੁਨਰ ਤੇ ਸਭਿਆਚਾਰਕ ਵਿਰਸੇ ਨੂੰ ਮਲੀਆਮੇਟ ਕੀਤਾ ਜਾਂਦਾ ਸੀ।

ਇਸ ਦੇ ਨਾਲ ਹੀ ਮੰਦਰਾਂ, ਮੱਠਾਂ, ਵਿਦਿਅਕ ਅਤੇ ਧਰਮ ਪ੍ਰਚਾਰ ਦੇ ਅਦਾਰਿਆਂ ਨੂੰ ਤਬਾਹ ਕਰਕੇ ਉਨ੍ਹਾਂ ਵਿੱਚ ਸੰਭਾਲ ਰੱਖੇ ਧਰਮ ਗਰੰਥਾਂ, ਪੁਸਤਕਾਂ ਦੇ ਸਾਹਿਤਕ ਤੇ ਇਤਿਹਾਸਕ ਵਿਰਸੇ ਦੀ ਸਾੜ-ਫੂਕ ਕਰਕੇ ਸੁਆਹ ਕੀਤਾ ਜਾਂਦਾ ਸੀ। ਉਥੇ ਵਸਦੇ ਪੰਡਤਾਂ, ਅਧਿਆਪਕਾਂ ਤੇ ਬ੍ਰਾਹਮਣਾਂ ਨੂੰ ਨਾ ਕੇਵਲ ਕਤਲ ਹੀ ਕੀਤਾ ਜਾਂਦਾ ਸੀ ਸਗੋਂ ਉਹਨਾਂ ਦੀ ਪਨੀਰੀ ਉਗਣੋਂ ਰੋਕਣ ਲਈ ਉਹਨਾਂ 'ਤੇ ਜਜ਼ੀਏ ਆਦਿ ਦੇ ਟੈਕਸ ਲਗਾ ਕੇ ਉਨ੍ਹਾਂ ਦੀ ਅਕਲ ਤੇ ਗਿਆਨ ਦਾ ਨਾਸ ਕੀਤਾ ਜਾਂਦਾ ਸੀ। ਮਹਿਮੂਦ ਗ਼ਜ਼ਨਵੀ ਦੇ ਜ਼ੁਲਮ ਦੀ ਹਨੇਰੀ ਅੱਗੇ ਹਿੰਦੂ ਸਮਾਜ ਦੀ ਸੰਸਕ੍ਰਿਤੀ ਤੇ ਸਭਿਆਚਾਰ ਕਾਫ਼ੂਰ ਵਾਂਗ ਉਡ-ਪੁੱਡ ਗਏ ਸਨ। ਹਿੰਦੂਆਂ ਦੀ ਪੂਜਨੀਕ ਗਊ ਮਾਤਾ ਨੂੰ ਸ਼ਰੇਆਮ ਮਾਰਿਆ ਜਾਂਦਾ ਅਤੇ ਇਸ ਦੇ ਰੱਖਣ ਤੇ ਵੀ ਟੈਕਸ ਲਾਇਆ ਜਾਂਦਾ ਸੀ।

ਵੀਹਵੀ ਸਦੀ ਦੇ ਆਖਰੀ ਦਹਾਕੇ ਦੀਆਂ ਕੁਝ ਮਿਸਾਲਾਂ ਸਾਡੇ ਸਾਹਮਣੇ ਹਨ। ਯੂਗੋਸਲਾਵੀਆ ਅੰਦਰ ਭੜਕੀ ਨਸਲੀ ਨਫਰਤ ਦੌਰਾਨ ਉਥੋਂ ਦੇ ਸਰਬਾਂ ਨੇ ਜਿਥੇ ਚੁਣ-ਚੁਣ ਕੇ ਬੋਸਨੀਆ ਦੇ ਲੋਕਾਂ ਦਾ ਕਤਲੇਆਮ ਕੀਤਾ, ਉਥੇ ਵਿਉਂਤਬੰਦ ਢੰਗ ਨਾਲ ਉਨ੍ਹਾਂ ਦੀਆਂ ਲਾਇਬਰੇਰੀਆਂ, ਅਜਾਇਬ ਘਰਾਂ ਅਤੇ ਮਸਜਿਦਾਂ ਦੀ ਵੀ ਸਾੜ-ਫੂਕ ਕੀਤੀ ਸੀ। ਸਰਾਜੀਵੋ ਦੇ ਅਜਾਇਬ ਘਰ ਨੂੰ ਤੋਪਾਂ ਨਾਲ ਢਹਿ ਢੇਰੀ ਕੀਤਾ ਗਿਆ ਸੀ।

ਸ੍ਰੀ ਲੰਕਾ ਦੀ ਫੌਜ ਵਲੋਂ ਜਾਫਨਾ 'ਤੇ ਕਬਜ਼ੇ ਦੀ ਲੜਾਈ ਦੌਰਾਨ ਜਾਫਨਾ ਦੀ ਪਬਲਿਕ ਲਾਇਬਰੇਰੀ ਨੂੰ ਜਾਣ ਬੁੱਝ ਕੇ ਨਿਸ਼ਾਨਾ ਬਣਾਇਆ ਗਿਆ ਸੀ। ਤਾਮਿਲ ਸਭਿਆਚਾਰ ਨਾਲ ਸਬੰਧਤ ਹੋਰ ਕਿਤਨੀਆਂ ਹੀ ਸਾਹਿਤਕ ਤੇ ਇਤਿਹਾਸਕ ਪੁਸਤਕਾਂ ਤੇ ਦਸਤਾਵੇਜ਼ਾਂ ਨੂੰ ਸਾੜ ਕੇ ਸੁਆਹ ਕੀਤਾ ਗਿਆ ਸੀ। ਇਵੇਂ ਹੀ ਸਿੱਖ ਇਤਿਹਾਸਕ ਸਭਿਆਚਾਰ ਦੇ ਸਮੂੰਹ ਸਿੱਖ ਲਾਇਬਰੇਰੀ ਦਾ ਮਲੀਆਮੇਟ ਕਰ ਦੇਣਾ ਇਸੇ ਦੁਸ਼ਟ ਸੋਚ ਦਾ ਹੀ ਨਤੀਜਾ ਸੀ। ਸਿੱਖ ਨਸਲਘਾਤ ਕਰਨ ਲਈ ਹੀ ਸਿੱਖ ਲਾਇਬਰੇਰੀ ਸਾੜੀ ਗਈ ਸੀ। ਗੁਜਰਾਤ ਅੰਦਰ ਹਿੰਦੂਤਵੀਆਂ ਨੇ ਮੁਸਲਮਾਨਾਂ ਦੀ ਨਸਲਕੁਸ਼ੀ ਦੇ ਪਲਾਨ ਅਧੀਨ ਹੀ ਮਸਜਿਦਾਂ ਤੇ ਮਜ਼ਾਰਾਂ ਦੀ ਇੱਟ ਨਾਲ ਇੱਟ ਖੜਕਾਈ ਅਤੇ ਉਨ੍ਹਾਂ ਥਾਵਾਂ 'ਤੇ ਮੰਦਰ ਸਥਾਪਤ ਕੀਤੇ।

ਸਿੱਖ ਲਾਇਬਰੇਰੀ ਕਿਉਂ ਸਾੜੀ ਤੇ ਲੁੱਟੀ ਗਈ?

ਲਾਇਬਰੇਰੀ ਨੂੰ ਅੱਗ ਕਦੋਂ,ਕਿਵੇਂ ਅਤੇ ਕਿਸ ਨੇ ਲਾਈ,ਸਰਕਾਰ ਇਸ ਦਾ ਕੋਈ ਜਚਵਾਂ ਜਵਾਬ ਨਹੀਂ ਦੇ ਸਕੀ। ਸਭ ਤੋਂ ਪਹਿਲਾਂ ਇਹ ਧੁਮਾਇਆ ਗਿਆ ਕਿ ਜੁਝਾਰੂਆਂ ਨੇ ਜਾਣ ਬੁੱਝ ਕੇ ਅੱਗ ਲਾਈ। ਫਿਰ ਇਹ ਧੁਮਾਇਆ ਗਿਆ ਕਿ ਜੁਝਾਰੂਆਂ ਕੋਲ ਕੁਝ ਤੀਲੀਆਂ ਨਾਲ ਚਲਾਣ ਵਾਲੇ ਹੱਥ-ਗੋਲੇ ਸਨ,ਜਿਨ੍ਹਾਂ ਨਾਲ ਅੱਗ ਲੱਗ ਗਈ। ਜਨਰਲ ਕੁਲਦੀਪ ਸਿੰਘ ਬਰਾੜ ਮੁਤਾਬਕ ਫੌਜ ਦੇ ਗਰੇਨੇਡਾਂ ਦੁਆਰਾ ਅੱਗ ਲੱਗੀ। ਲਾਇਬਰੇਰੀ ਦੇ ਪ੍ਰਬੰਧਕ ਸ.ਦਵਿੰਦਰ ਸਿੰਘ ਦੁੱਗਲ ਨੇ ਸਰਕਾਰ ਦੇ ਝੂਠ ਦਾ ਭਾਂਡਾ ਚੌਰਾਹੇ 'ਚ ਫੋੜਦਿਆਂ ਦੱਸਿਆ ਕਿ 6 ਜੂਨ ਦੀ ਸ਼ਾਮ ਤਕ ਲਾਇਬਰੇਰੀ ਸਹੀ ਸਲਾਮਤ ਸੀ। ਉਦੋਂ ਤਕ ਫੌਜ ਨੇ ਦਰਬਾਰ ਸਾਹਿਬ ਕੰਪਲੈਕਸ 'ਤੇ ਆਪਣਾ ਪੂਰਾ ਕਬਜ਼ਾ ਕਰ ਲਿਆ ਹੋਇਆ ਸੀ। ਇਸ ਤਰ੍ਹਾਂ ਲਾਇਬਰੇਰੀ ਨੂੰ ਅੱਗ ਲੜਾਈ ਦੌਰਾਨ ਨਹੀਂ ਸਗੋਂ ਬਾਅਦ 'ਚ ਇੰਦਰਾ ਡੈਣ ਤੋਂ ਹਦਾਇਤਾਂ ਲੈਕੇ ਗਿਣੀ ਮਿਥੀ ਸਾਜ਼ਸ਼ ਮੁਤਾਬਕ ਇਹ ਕਾਲਾ ਕਾਰਾ ਕੀਤਾ ਗਿਆ ਸੀ।

ਫੌਜ ਚੌਣਵੀਆਂ ਇਤਿਹਾਸਕ ਪੁਸਤਕਾਂ-ਦਸਤਾਵੇਜ਼ਾਂ ਦੇ ਡੇਢ ਸੌ ਦੇ ਕਰੀਬ ਬੰਡਲ ਬਣਾ ਕੇ ਲੈ ਗਈ ਅਤੇ ਬਾਕੀ ਦੀ ਲਾਇਬਰੇਰੀ ਨੂੰ ਅੱਗ ਲਾ ਕੇ ਸਾੜ ਦਿੱਤਾ। ਲਾਇਬਰੇਰੀ 'ਚ ਹਜ਼ਾਰਾਂ ਹੀ ਹੱਥ ਲਿਖਤਾਂ ਸਨ,ਗੁਰੂ ਸਾਹਿਬਾਨ ਦੇ ਹੁਕਮਨਾਮੇ ਸਨ ਅਤੇ ਬਹੁਤ ਸਾਰੀਆਂ ਪੁਰਾਤਨ ਬੀੜਾਂ ਸਨ। ਹਜ਼ਾਰਾਂ ਇਤਿਹਾਸਕ ਮਹੱਤਤਾ ਵਾਲੀਆਂ ਕਿਤਾਬਾਂ ਸਨ। ਜਿਨ੍ਹਾਂ 'ਚ 2500 ਦੇ ਕਰੀਬ ਹੱਥ ਲਿਖਤਾਂ ਤੇ ਖਰੜੇ ਸਨ ਜਿਨ੍ਹਾਂ 'ਚ ਗੁਰੂ ਸਾਹਿਬਾਨ ਵਲੋਂ ਸਿੱਖ ਸੰਗਤਾਂ ਨੂੰ ਆਪਣੇ ਮੁਬਾਰਕ ਹੱਥਾਂ ਨਾਲ

ਲਿਖੇ ਹੁਕਮਨਾਮੇ ਵੀ ਸ਼ਾਮਲ ਸਨ। 1500 ਦੇ ਕਰੀਬ ਗੁਰਮੁਖੀ, ਪੰਜਾਬੀ, ਉਰਦੂ, ਫਾਰਸੀ, ਅਰਬੀ ਤੇ ਤਿਬਤੀ ਜ਼ੁਬਾਨ ਦੇ ਅਨੂਪਮ ਗ੍ਰੰਥ ਸਨ। ਇਸ 'ਚ ਗੁਰੂ ਗਰੰਥ ਸਾਹਿਬ ਦੀ ਉਹ ਬੀੜ ਵੀ ਸ਼ਾਮਲ ਹੈ ਜਿਸ ਨੂੰ ਭਾਈ ਗੁਰਦਾਸ ਵਾਲੀ ਬੀੜ ਕਿਹਾ ਜਾਂਦਾ ਹੈ ਜਿਸ ਦੇ ਸ਼ੁਰੂ 'ਚ ਇਕ ਅਜਿਹਾ ਸਫਾ ਲਗਾਇਆ ਗਿਆ ਸੀ, ਜਿਸ ਤੇ ਗੁਰੂ ਤੇਗ ਬਹਾਦਰ ਸਾਹਿਬ ਦੇ ਸ਼ੁਭ ਹੱਥਾਂ ਨਾਲ ਮੂਲ ਮੰਤਰ ਲਿਖਿਆ ਗਿਆ ਸੀ। ਜਿਨ੍ਹਾਂ 'ਚ ਦੁਰਲਭ ਪੁਸਤਕਾਂ - ਗੁਰੂ ਗੋਬਿੰਦ ਸਿੰਘ ਸਾਹਿਬ ਦੀ ਬਾਦਸ਼ਾਹ ਜ਼ਫਰ ਨਾਲ ਮੁਲਾਕਾਤ ਬਾਰੇ ਫਾਰਸੀ 'ਚ ਪੁਸਤਕ, ਬਹਾਦਰ ਸ਼ਾਹ ਦੀ ਮੁਲਾਕਾਤ ਦਾ ਪ੍ਰਸੰਗ, 'ਗੁਰੂ ਨਾਨਕ ਚੰਦ੍ਰਦਯ', ਪਰਚੀ ਮਹਾਂਸੁੰਦਰ, ਸੁਰਜਨ ਦਾਸ ਦਾ ਅਜੀਤ ਸਾਗਰ, ਬਿਧੀ ਚੰਦ ਦਾ ਸਦਾਸਰ ਆਦਿ ਪੁਸਤਕਾਂ ਜਿਹੜੀਆਂ ਕਿਤੋਂ ਨਹੀਂ ਮਿਲ ਸਕਦੀਆਂ।

ਬੂਟਾ ਸਿੰਘ ਨੇ ਗਿਆਨੀ ਕਿਰਪਾਲ ਸਿੰਘ ਨੂੰ 9 ਜੁਲਾਈ 1984 ਨੂੰ ਦੱਸਿਆ ਸੀ ਕਿ ਫੌਜ ਰਿਕਾਰਡ ਦੀਆਂ ਦਸਤਾਵੇਜ਼ਾਂ ਤੇ ਕਿਤਾਬਾਂ ਦੇ 125 ਬੰਡਲ ਅੰਮ੍ਰਿਤਸਰ ਛਾਉਣੀ ਲੈ ਗਈ ਸੀ। ਉਸ ਦਾ ਕੀ ਬਣਿਆ ਕਿਸੇ ਸਿੱਖ ਲੀਡਰ ਨੂੰ ਕੋਈ ਫਿਕਰ ਨਹੀਂ। ਕਿਰਪਾਲ ਸਿੰਘ ਨੇ ਆਪਣੀ ਪੁਸਤਕ 'ਇਤਿਹਾਸ ਦੇ ਖੂਨੀ ਪੱਤਰੇ' 'ਚ ਲਿਖਿਆ ਹੈ ਕਿ ਉਸ ਨੇ ਆਪਣੇ ਸਟਾਫ ਮੈਂਬਰਾਂ ਰਾਹੀਂ ਪੁਸ਼ਟੀ ਕਰਾਈ ਸੀ ਜਿਸ ਅਨੁਸਾਰ ਲਾਇਬਰੇਰੀ ਦੀ ਲੁੱਟ ਦਾ ਕੁਝ ਹਿੱਸਾ ਉਥੇ ਛਾਉਣੀ 'ਚ ਰੱਖਿਆ ਗਿਆ ਸੀ। ਅੱਜ ਤਕ ਕਿਸੇ ਬਾਦਲ-ਬਰਨਾਲੇ-ਟੌਹੜੇ ਨੂੰ ਚੇਤਾ ਨਹੀਂ ਆਇਆ ਅਤੇ ਨਾਹੀਂ ਪਿਛੋਂ ਬਣੀਆਂ ਵੀ.ਪੀ.ਸਿੰਘ ਤੇ ਚੰਦਰ ਸ਼ੇਖਰ ਦੀਆਂ ਸਰਕਾਰਾਂ ਨਾਲ ਹੀ ਇਨ੍ਹਾਂ ਵਲੋਂ ਇਸ ਦੁਰਲੱਭ ਸਿੱਖ ਵਿਰਸੇ ਬਾਰੇ ਕੋਈ ਗੱਲਬਾਤ ਕੀਤੀ ਗਈ। ਸਿੱਖ ਲੀਡਰਾਂ ਨੂੰ ਇਤਿਹਾਸਕ ਵਿਰਸੇ ਨਾਲ ਕੀ?

1992 ਦੀਆਂ ਵਿਧਾਨ ਸਭਾ ਦੀਆਂ ਚੋਣਾਂ ਬਾਅਦ ਬੇਅੰਤ ਸਿੰਘ ਦੀ ਸਰਕਾਰ ਨੇ ਸਰਕਾਰੀ ਦਹਿਸ਼ਤ ਦੇ ਨਾਲ ਨਾਲ ਸਿੱਖ ਸਭਿਆਚਾਰ ਨੂੰ ਤਬਾਹ ਕਰਨ ਲਈ ਲੱਚਰ ਗਾਇਕੀ ਲੋਕ ਸੱਥਾਂ 'ਚ ਵਾੜਨੀ ਸ਼ੁਰੂ ਕਰ ਦਿੱਤੀ ਸੀ। ਜਿਸ ਨਾਲ ਸਿੱਖ ਬੱਚੇ ਤੇ ਨੌਜਵਾਨ ਕੈਸਿਟ ਕਲਚਰ ਨਾਲ ਧੜਾ ਧੜ ਜੁੜਨ ਲੱਗ ਪਏ ਸਨ। ਰਹਿੰਦੀ ਕਸਰ ਟੀ.ਵੀ. ਚੈਨਲਾਂ ਅਤੇ ਫਿਲਮਾਂ ਦੇ ਪ੍ਰਭਾਵ ਨੇ ਪੂਰੀ ਕਰ ਦਿੱਤੀ। ਹਾਲਾਤ ਇਥੋਂ ਤਕ ਪਹੁੰਚ ਗਏ ਹਨ ਕਿ ਦੂਜੀ-ਤੀਜੀ ਜਮਾਤ ਤੋਂ ਲੈਕੇ ਦਸਵੀਂ ਜਮਾਤ ਤਕ ਦੇ ਬੱਚੇ ਲੱਚਰ ਕਲਚਰ ਦੀ ਜਕੜ 'ਚ ਫਸ ਚੁੱਕੇ ਹਨ। ਇਥੇ ਇਹ ਗੱਲ ਚੇਤੇ ਰੱਖਣੀ ਚਾਹੀਦੀ ਹੈ ਕਿ ਇਕੱਲੇ ਢੋਲ ਦੀ ਦੈਂ ਗੜ-ਦੈਂ ਗੜ ਨਾਲ ਲੱਚਰ ਬੋਲ ਹੀ ਸਭਿਆਚਾਰ ਨਹੀ ਬਣ

ਜਾਂਦਾ।

ਪੰਜਾਬ ਦੇ ਪਿੰਡਾਂ 'ਚ ਬਿੱਪਰਵਾਦੀ ਡਰਾਮਿਆਂ ਰਾਹੀਂ ਬ੍ਰਾਹਮਣਵਾਦੀ ਸਭਿਆਚਾਰ ਫੈਲਾਇਆ ਜਾ ਰਿਹਾ ਹੈ। ਹਰੀਸ਼ ਚੰਦਰ, ਪੂਰਨ ਭਗਤ, ਮੀਰਾਂ ਬਾਈ ਅਤੇ ਰਾਮ ਲੀਲਾ ਦੇ ਸਾਂਗਾਂ ਨਾਲ ਪੰਜਾਬੀ ਸਿੱਖ ਸਭਿਆਚਾਰ 'ਤੇ ਬਿੱਪਰਵਾਦੀ ਪੋਚਾ ਫੇਰਨ ਦੇ ਕੋਝੇ ਯਤਨ ਕੀਤੇ ਜਾ ਰਹੇ ਹਨ। ਬ੍ਰਾਹਮਣਵਾਦ ਸਿੱਖ ਕੌਮ ਦੀ ਹੋਂਦ ਨੂੰ ਖਤਮ ਕਰਨ ਦੀਆਂ ਸਾਜ਼ਸ਼ਾਂ ਅਧੀਨ ਪੰਜਾਬ ਦੇ ਗੁਰੂਆਂ ਦੇ ਸਭਿਆਚਾਰ ਨੂੰ ਖਤਮ ਕਰ ਦੇਣ 'ਤੇ ਤੁਲਿਆ ਹੋਇਆ ਹੈ। ਪੰਜਾਬ ਦੇ ਸ਼ਹਿਰਾਂ 'ਚ ਤਾਂ ਨੀਲੀਆਂ (ਨਗਨ ਤੇ ਕਾਮਕ) ਫਿਲਮਾਂ ਦੀ ਮੰਡੀ ਕਾਫੀ ਚਿਰ ਤੋਂ ਖੋਲ੍ਹ ਰੱਖੀ ਹੋਈ ਹੈ, ਹੁਣ ਪੰਜਾਬ ਦੇ ਪਿੰਡਾਂ 'ਚ ਵੀ ਇਹ ਬੀਮਾਰੀ ਪਹੁੰਚਾ ਦਿੱਤੀ ਗਈ ਹੈ। ਕਿਸੇ ਕੌਮ ਦਾ ਇਖਲਾਕ ਤੇ ਸਭਿਆਚਾਰ ਉਸ ਦੀ ਬੋਲੀ ਨਾਲੋਂ ਉਚਾ ਨਹੀਂ ਹੋ ਸਕਦਾ। ਸਭਿਆਚਾਰ ਅਤੇ ਬੋਲੀ ਲੋਕ ਜੀਵਨ ਵਿੱਚ ਪਲਰਦੇ ਹਨ। ਲੋਕ ਜੀਵਨ ਨਾਲ ਇਹਨਾਂ ਦਾ ਤਾਣੇ ਪੇਟੇ ਦਾ ਰਿਸ਼ਤਾ ਬਣ ਜਾਂਦਾ ਹੈ।

ਬਾਦਲ ਦੇ ਪੰਜਾਬ ਵਿੱਚ ਸਿੱਖ ਨੌਜਵਾਨਾਂ ਨੇ ਕੇਸ ਕਟਵਾਉਣੇ ਸ਼ੁਰੂ ਕਰ ਦਿੱਤੇ ਹਨ। ਸਿੱਖੀ ਦੇ ਰਾਖੇ ਅਕਾਲੀ ਆਗੂਆਂ ਦੇ ਪੁੱਤਰ ਪੋਤਰਿਆਂ ਦੀ ਗਿਣਤੀ ਜੇ ਵੱਧ ਨਹੀਂ ਤਾਂ ਘੱਟ ਵੀ ਨਹੀਂ। ਨੌਜਵਾਨ ਨਸ਼ਿਆਂ ਵਿੱਚ ਡੁੱਬੇ ਰਹਿੰਦੇ ਹਨ, ਦੂਰਦਰਸ਼ਨ 'ਤੇ ਪੌਪ ਸੰਗੀਤ ਦਾ ਬੋਲਬਾਲਾ ਹੈ। 'ਭਾਂਡੇ ਭੰਨ ਤੇ ਪੀਪੇ ਤੋੜ' ਇਹ ਸੰਗੀਤ ਸਾਡੇ ਮੁੰਡੇ ਕੁੜੀਆਂ ਨੂੰ ਚੰਗਾ ਲੱਗਦਾ ਹੈ। ਪੰਜਾਬੀ ਬੋਲਣਾ ਨਮੋਸ਼ੀ ਸਮਝੀ ਜਾਂਦੀ ਹੈ ਤੇ ਹਿੰਦੀ ਵਿੱਚ ਗੱਲ ਕਰਨਾ ਮਾਣ ਤੇ ਸਟੇਟਸ ਦਾ ਪ੍ਰਤੀਕ ਬਣਦਾ ਜਾ ਰਿਹਾ ਹੈ। ਅੱਜ ਹਾਕਮ ਜਮਾਤ ਵਲੋਂ ਪੰਜਾਬੀ ਸਭਿਆਚਾਰ ਨੂੰ ਮੀਡੀਏ ਦੀ ਰੰਗੀਨੀ ਜ਼ਹਿਰ ਰਾਹੀਂ ਲੱਚਰਪੁਣੇ ਦੀ ਅਦਾਕਾਰੀ ਰਾਹੀਂ ਯੋਜਨਾਬੱਧ ਢੰਗ ਨਾਲ ਤਹਿਸ-ਨਹਿਸ ਕੀਤਾ ਜਾ ਰਿਹਾ ਹੈ। ਬਾਦਲ ਕਿਆਂ ਦਾ ਚਰਿੱਤਰਹੀਣ ਮੁੱਖ ਹੀਰੋ ਪੰਜਾਬੀ ਯੂਨੀਵਰਸਿਟੀ ਦੇ ਸਾਬਕਾ ਵਾਈਸ ਚਾਂਸਲਰ ਆਹਲੂਵਾਲੀਏ ਦੀਆਂ ਸ਼ਬਾਬ-ਕਬਾਬ ਤੇ ਇਸ਼ਕ ਮਿਜ਼ਾਜੀ ਦੀਆਂ ਰੰਗੀਨ ਕਹਾਣੀਆਂ ਅੱਜ ਦੇਸ਼-ਵਿਦੇਸ਼ 'ਚ ਚਰਚਿਤ ਹਨ। ਅਜਿਹੇ ਸ਼ਰਾਬੀ-ਕਬਾਬੀ ਬੰਦਿਆਂ ਨੂੰ ਹੀ ਅਜਿਹੇ ਅਹੁਦੇ ਦਿੱਤੇ ਜਾਂਦੇ ਹਨ ਤਾਂ ਸਿੱਖਾਂ ਦੀ ਨੌਜਵਾਨ ਪੀੜੀ ਨੂੰ ਤਬਾਹ ਕਰ ਦਿੱਤਾ ਜਾਏ। ਅਸ਼ਲੀਲ ਸਭਿਆਚਾਰ ਨਾਲ ਭਰਪੂਰ ਨਾਚ ਗਾਣੇ ਤੇ ਖੇਡ ਤਮਾਸ਼ੇ ਸਿੱਖ ਸਭਿਆਚਾਰ ਨੂੰ ਗਾਲਣ ਲਈ ਫੈਲਾਏ ਜਾ ਰਹੇ ਹਨ। ਜਿਸ ਕੌਮ ਦਾ ਸਭਿਆਚਾਰ ਤੇ ਬੋਲੀ ਖਤਮ ਹੋ ਗਈ, ਉਹ ਕੌਮ ਮਰ ਗਈ ਸਮਝ ਲੈਣੀ ਚਾਹੀਦੀ ਹੈ।

ਪੰਜਾਬੀ ਦਾ ਕੀਤਾ ਜਾ ਰਿਹਾ ਭਈਆਕਰਨ

ਕੇਂਦਰੀ ਸਰਕਾਰ ਦੀ ਮਿਲੀਭੁਗਤ ਨਾਲ ਪਿਛਲੇ ਤਿੰਨ ਦਹਾਕਿਆਂ ਤੋਂ ਯੂ.ਪੀ., ਬਿਹਾਰ ਅਤੇ ਲਾਗਲੇ ਹਿੰਦੀ ਭਾਸ਼ਾਈ ਸੂਬਿਆਂ ਤੋਂ ਭੱਈਆਂ ਦੀਆਂ ਧਾੜਾਂ ਲਿਆ ਕੇ ਪੰਜਾਬ ਅੰਦਰ ਲਗਾਤਾਰ ਵਸਾਈਆਂ ਜਾ ਰਹੀਆਂ ਹਨ। ਉਨ੍ਹਾਂ ਸੂਬਿਆਂ ਦੀਆਂ ਜੇਲ੍ਹਾਂ ਤੋਂ ਰਿਹਾ ਕਰਕੇ ਮੁਜਰਮਾਂ ਨੂੰ ਇਥੇ ਵਸਾਇਆ ਜਾ ਰਿਹਾ ਹੈ। ਸ਼ਹਿਰੀ ਇਲਾਕਿਆਂ 'ਚ ਇਹਨਾਂ ਦੀ ਵਸੋਂ ਐਨੀ ਜ਼ਿਆਦਾ ਹੋ ਗਈ ਹੈ ਕਿ ਲੁਧਿਆਣੇ ਸਮੇਤ ਕਈ ਸ਼ਹਿਰਾਂ 'ਚ ਇਹ ਪੰਜਾਬੀਆਂ ਨਾਲੋਂ ਵੱਧ ਗਿਣਤੀ 'ਚ ਜਾਪਦੇ ਹਨ।

ਮਈ 2002 'ਚ ਹੋਈਆਂ ਨਗਰ ਨਿਗਮ ਚੋਣਾਂ ਸਮੇਂ ਲੁਧਿਆਣੇ ਤੋਂ ਇਹਨਾਂ ਦੇ ਤਿੰਨ ਕੌਂਸਲਰ ਚੁਣੇ ਗਏ ਹਨ। ਜਦ ਕਿ ਪਿਛਲੇ ਹਾਊਸ 'ਚ ਕੇਵਲ ਇਕ ਕੌਂਸਲਰ ਸੀ। ਲੁਧਿਆਣੇ ਤੋਂ 25 ਕਿਲੋਮੀਟਰ ਦੂਰ ਪਿੰਡ ਪੱਖੋਵਾਲ ਦੀ ਪੰਚਾਇਤ 'ਚ ਇਕ ਮੈਂਬਰ ਯੂ.ਪੀ. ਨਾਲ ਸਬੰਧ ਰੱਖਦੀ ਹੈ। ਸਾਬਕਾ ਐਮ.ਪੀ. ਅਤਿੰਦਰਪਾਲ ਸਿੰਘ ਨੇ ਲੁਧਿਆਣੇ ਇਕ ਸੈਮੀਨਾਰ 'ਚ ਆਪਣਾ ਪਰਚਾ ਪੜ੍ਹਦਿਆਂ ਕਿਹਾ ਸੀ ਕਿ 'ਇਕ ਦਿਨ ਆਏਗਾ ਕਿ ਕੋਈ ਲਾਲ ਯਾਦਵ ਪੰਜਾਬ ਦਾ ਮੁੱਖ ਮੰਤਰੀ ਹੋਵੇਗਾ।'

ਬਾਦਲ ਸਰਕਾਰ ਦੇ ਇਕ ਸੀਨੀਅਰ ਅਕਾਲੀ ਮੰਤਰੀ ਅਨੁਸਾਰ 'ਭੱਈਆਂ ਦੀ ਇਕ ਗੱਡੀ ਭਰ ਕੇ ਹਰ ਰੋਜ਼ ਪੰਜਾਬ ਆ ਜਾਂਦੀ ਹੈ, ਇਨ੍ਹਾਂ ਦਾ ਕੀ ਕਰੀਏ, ਸਾਡੀਆਂ ਸਾਰੀਆਂ ਯੋਜਨਾਵਾਂ ਫੇਲ੍ਹ ਕਰ ਕੇ ਰੱਖ ਦਿੱਤੀਆਂ ਹਨ?' ਪੰਜਾਬ ਦੇ ਸ਼ਹਿਰਾਂ 'ਚ ਭੱਈਏ ਆ ਜਾਣ ਨਾਲ ਪੰਜਾਬੀ ਬੋਲਣ ਵਾਲਿਆਂ ਨਾਲੋਂ ਹਿੰਦੀ ਬੋਲਣ ਵਾਲਿਆਂ ਦੀ ਗਿਣਤੀ ਲਗਾਤਾਰ ਵੱਧ ਰਹੀ ਹੈ। ਇਹਨਾਂ ਦਾ ਕਲਚਰ ਹੁਣ ਪੰਜਾਬੀ ਕਲਚਰ 'ਤੇ ਭਾਰੂ ਹੋ ਰਿਹਾ ਹੈ। ਉਹ ਪੰਜਾਬੀ ਬੋਲਣਾ, ਪੜ੍ਹਨਾ, ਲਿਖਣਾ ਸਿੱਖਣ ਦੀ ਥਾਂ ਹਿੰਦੀ ਸਭਿਆਚਾਰ ਫੈਲਾ ਰਹੇ ਹਨ। ਇਹਨਾਂ ਦੀ ਆਮਦ ਨਾਲ ਹਿੰਦੀ ਅਖਬਾਰਾਂ ਨੇ ਪੰਜਾਬ 'ਤੇ ਹਮਲਾ ਕਰ ਦਿੱਤਾ ਹੈ।

ਦੈਨਿਕ ਜਾਗਰਾ, ਅਮਰ ਉਜਾਲਾ ਤੇ ਭਾਸਕਰ ਵਲੋਂ ਜਲੰਧਰ ਜਾਂ ਚੰਡੀਗੜ੍ਹ ਤੋਂ ਆਪਣੇ ਆਪਣੇ ਅਖਬਾਰਾਂ ਦੀਆਂ ਐਡੀਸ਼ਨਾ ਸ਼ੁਰੂ ਕਰ ਦਿੱਤੀਆਂ ਹਨ। ਜਦ ਕਿ 'ਆਜ' ਅਤੇ 'ਰਾਸ਼ਟਰੀਆ ਸਹਾਰਾ' ਵਲੋਂ ਤਿਆਰੀਆਂ ਹੋ ਰਹੀਆਂ ਹਨ। ਇਹਨਾਂ ਨੈਸ਼ਨਲ ਪੱਧਰ ਦੇ ਅਖਬਾਰਾਂ ਕੋਲ ਅਸੀਮਤ ਸਾਧਨ ਹਨ, ਵਿਗਿਆਨਕ ਤਕਨਾਲੋਜੀ ਹੈ ਅਤੇ ਸਰਕਾਰ ਨਾਲ ਮਿਲੀਭੁਗਤ ਦਾ ਏਜੰਡਾ ਹੈ। ਇਹਨਾਂ ਦੇ ਅਖਬਾਰਾਂ 'ਚ ਜ਼ਿਆਦਾ ਖਬਰਾਂ ਹੋਣ ਕਰਕੇ ਹੁਣ ਪੰਜਾਬੀ ਪੜ੍ਹਨ ਵਾਲੇ ਵੀ ਇਹੋ

ਅਖਬਾਰ ਪੜ੍ਹਨ ਲੱਗ ਪਏ ਹਨ। ਪੰਜਾਬ ਸਰਕਾਰ (ਹਿੰਦੂਤਵੀ) ਵਲੋਂ, ਬੋਰਡਾਂ, ਨਿਗਮਾਂ, ਨਗਰ ਪਾਲਕਾਵਾਂ ਅਤੇ ਸਨਅਤੀ ਅਦਾਰਿਆਂ ਵਲੋਂ ਇਹਨਾਂ ਅਖਬਾਰਾਂ ਨੂੰ ਹੀ ਇਸ਼ਤਿਹਾਰ ਦਿੱਤੇ ਜਾਂਦੇ ਹਨ।

ਇਹਨਾਂ ਅਖਬਾਰਾਂ ਦੀ ਕਾਮਯਾਬੀ ਦਾ ਇਥੋਂ ਹੀ ਪਤਾ ਲੱਗ ਜਾਂਦਾ ਹੈ ਕਿ ਹੁਣ ਬਹੁਤੀਆਂ ਸਿਆਸੀ, ਧਾਰਮਿਕ ਅਤੇ ਸਭਿਆਚਾਰਕ ਸੰਸਥਾਵਾਂ ਅਤੇ ਜਥੇਬੰਦੀਆਂ ਆਪਣੇ ਪ੍ਰੈਸ ਨੋਟ ਪੰਜਾਬੀ ਦੀ ਬਜਾਏ ਹਿੰਦੀ 'ਚ ਜਾਰੀ ਕਰਨ ਲੱਗ ਪਈਆਂ ਹਨ। ਇਥੋਂ ਤਕ ਕਿ ਕਈ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਅਤੇ ਅਕਾਲੀ ਲੀਡਰ ਵੀ ਜੋ ਪੰਜਾਬੀ ਸੂਬਾ ਬਣਾਉਣ ਦਾ ਸਿਹਰਾ ਆਪਣੇ ਸਿਰ ਲੈਂਦੇ ਰਹੇ ਹਨ, ਉਹ ਵੀ ਹਿੰਦੀ 'ਚ ਛਪਵਾਉਣ ਲੱਗ ਪਏ ਹਨ।

ਅਖਬਾਰਾਂ ਦਾ ਲੋਕ ਰਾਏ ਬਣਾਉਣ 'ਚ ਬਹੁਤ ਵੱਡਾ ਰੋਲ ਹੋਇਆ ਕਰਦਾ ਹੈ। ਅਖਬਾਰ ਕਿਸੇ ਵੀ ਨਿੱਕੇ ਜਿਹੇ ਮਸਲੇ ਨੂੰ ਗੰਭੀਰ ਬਣਾ ਸਕਣ ਦੇ ਸਮਰਥ ਹੁੰਦੇ ਹਨ। ਸਾਰੀਆਂ ਸਿਆਸੀ ਪਾਰਟੀਆਂ ਅਖਬਾਰਾਂ ਦੇ ਸੰਪਾਦਕਾਂ ਤੇ ਪੱਤਰਕਾਰਾਂ ਨਾਲ ਚੰਗੇ ਸਬੰਧ ਬਣਾ ਕੇ ਰੱਖਦੀਆਂ ਹਨ। ਵਧੇਰੇ ਕਰਕੇ ਹਿੰਦੀ ਅਖਬਾਰਾਂ ਦੇ ਮਾਲਕ ਆਰ.ਐਸ.ਐਸ. ਤੇ ਭਾਜਪਾ ਨਾਲ ਸਬੰਧ ਰੱਖਣ ਵਾਲੇ ਹਨ ਜੋ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਪੱਕੇ ਦੁਸ਼ਮਣ ਹਨ। ਉਂਜ ਵੀ ਇਹਨਾਂ ਦਾ ਮਤਲਬ ਪੈਰ ਜਮਾਉਣਾ, ਅਖਬਾਰ ਨੂੰ ਮਜ਼ਬੂਤ ਬਣਾਉਣਾ ਅਤੇ ਵੱਧ ਤੋਂ ਵੱਧ ਪੈਸੇ ਕਮਾਉਣਾ ਹੁੰਦਾ ਹੈ।

ਇਹਨਾਂ ਅਖਬਾਰਾਂ ਦੇ ਸੰਪਾਦਕ ਤੇ ਪੱਤਰਕਾਰ ਸੰਘ ਪਰਿਵਾਰ ਦਾ ਪੱਖ ਪੂਰਦੇ ਹਨ। ਭੱਈਆਂ 'ਚ ਇਹ ਅਖਬਾਰ ਮਕਬੂਲ ਹਨ। ਇਹਨਾਂ ਅਖਬਾਰਾਂ 'ਚ ਖਾਸ ਤੌਰ ਤੇ ਉਹਨਾਂ ਦੇ ਹੱਕਾਂ ਦਾ ਪੱਖ ਪੂਰਿਆਂ ਜਾਂਦਾ ਹੈ, ਭਾਵ ਸੰਘ ਪਰਿਵਾਰ ਦੇ ਏਜੰਡੇ ਨੂੰ ਅੱਗੇ ਵਧਾਇਆ ਜਾਂਦਾ ਹੈ। ਭੱਈਏ ਹੁਣ ਸੰਗਠਤ ਹੋ ਰਹੇ ਹਨ, ਉਹਨਾਂ ਵਲੋਂ ਹੁਣ ਅਵਾਜ਼ ਉੱਠਣ ਲੱਗੀ ਹੈ ਕਿ ਸਾਨੂੰ ਪ੍ਰਵਾਸੀ ਮਜ਼ਦੂਰ ਜਾਂ ਭੱਈਏ ਨਾ ਕਹੋ ਤੇ ਨਾ ਲਿਖੋ, ਸਾਡਾ ਨਾਂ ਲੈਕੇ ਬੁਲਾਓ। ਇਹਨਾਂ ਭੱਈਆਂ ਵਲੋਂ ਅਕਸਰ ਕਿਸੇ ਖਾਲੀ ਪਏ ਸਰਕਾਰੀ ਜਾਂ ਨਗਰ ਨਿਗਮ-ਪਾਲਕਾ ਦੀ ਜ਼ਮੀਨ ਤੇ ਨਾਜਾਇਜ਼ ਕਬਜ਼ਾ ਕਰਕੇ ਝੁੱਗੀਆਂ ਝੌਂਪੜੀਆਂ ਬਣਾ ਲਈਆਂ ਜਾਂਦੀਆਂ ਹਨ। ਜਦ ਸਬੰਧਤ ਵਿਭਾਗ ਦੇ ਅਧਿਕਾਰੀ ਨਾਜਾਇਜ਼ ਕਬਜ਼ਾ ਹਟਾਉਣ ਲਈ ਜਾਂਦੇ ਹਨ ਤਾਂ ਇਹ ਅਖਬਾਰਾਂ ਮੋਟੀਆਂ-ਮੋਟੀਆਂ ਸੁਰਖੀਆਂ ਲਾ ਕੇ ਖਬਰਾਂ ਛਾਪਦੀਆਂ ਹਨ।

ਗ਼ੈਰ-ਹਿੰਦੀ ਸੂਬਿਆਂ 'ਚ ਰੇਲਵੇ ਮਹਿਕਮੇ ਦੀ ਪ੍ਰਚਲਤ ਨੀਤੀ ਅਨੁਸਾਰ ਰੇਲਵੇ ਸਟੇਸ਼ਨਾਂ ਦੇ ਨਾਂ ਬੋਰਡ 'ਤੇ ਉਥੋਂ ਦੀ ਉਸ ਲਿੱਪੀ 'ਚ

ਲਿਖੇ ਜਾਣੇ ਹੁੰਦੇ ਹਨ ਜਿਸ ਵਿੱਚ ਉਥੋਂ ਦੀ ਸੂਬਾਈ ਜ਼ਬਾਨ ਲਿਖੀ ਜਾਂਦੀ ਹੋਵੇ। ਉਸ ਤੋਂ ਥੱਲੇ ਦੇਵਨਾਗਰੀ (ਹਿੰਦੀ ਵਾਲੀ) ਅਤੇ ਸਭ ਤੋਂ ਥੱਲੇ ਅੰਗਰੇਜ਼ੀ ਵਾਲੀ ਲਿੱਪੀ 'ਚ। ਪੰਜਾਬ ਅੰਦਰ ਹੁਣ ਤਕ ਤਾਂ ਇਸੇ ਨੀਤੀ 'ਤੇ ਅਮਲ ਹੁੰਦਾ ਰਿਹਾ ਹੈ ਪਰ ਪਿਛਲੇ ਦੋ ਸਾਲਾਂ ਤੋਂ ਗੁਰਮੁਖੀ ਨੂੰ ਹਿੰਦੀ ਦੇਵਨਾਗਰੀ ਥੱਲੇ ਕਰ ਦਿੱਤਾ ਗਿਆ ਹੈ। ਭਾਵ ਕਿ ਗੁਰਮੁਖੀ ਹਿੰਦੀ ਤੋਂ ਪਹਿਲਾਂ ਬਰਦਾਸ਼ਤ ਨਹੀਂ ਕੀਤੀ ਜਾ ਸਕਦੀ ਜਦ ਕਿ ਬੰਗਾਲ, ਤਾਮਿਲਨਾਡੂ ਅਤੇ ਕਰਨਾਟਕ 'ਚ ਹਿੰਦੀ ਦੂਜੇ ਨੰਬਰ 'ਤੇ ਹੀ ਹੈ। ਇਹ ਕੰਮ ਸ਼ੰਭੂ ਤੋਂ ਲੈਕੇ ਰਾਜਪੁਰਾ, ਖੰਨਾ, ਦੋਰਾਹਾ ਅਤੇ ਸਾਹਨੇਵਾਲ ਰੇਲਵੇ ਸਟੇਸ਼ਨਾਂ ਤਕ ਤਾਂ ਪੂਰਾ ਹੋ ਗਿਆ ਹੈ। ਅੱਜ ਤਕ ਕਿਸੇ ਨੇ ਵੀ ਚੂੰ ਤਕ ਨਹੀਂ ਕੀਤੀ, ਹੁਣ ਬਾਕੀ ਸਭ ਪਾਸੇ ਵੀ ਕਰ ਦਿੱਤਾ ਜਾਏਗਾ। ਲੁਧਿਆਣਾ ਰੇਵਲੇ ਸਟੇਸ਼ਨ 'ਤੇ ਵੀ 'ਲੁਦਯਾਨਾ' ਲਿਖਿਆ ਗਿਆ ਹੈ। ਪੰਜਾਬੀ ਬਿਲਕੁਲ ਖਤਮ ਹੋ ਜਾਣ ਦੇ ਰਾਹ 'ਤੇ ਪੈ ਚੁੱਕੀ ਹੈ।

ਮਦਰਾਸ ਰੇਡੀਓ ਸਟੇਸ਼ਨ ਤੋਂ ਇਕ ਵਾਰ 'ਆਲ ਇੰਡੀਆ ਰੇਡੀਓ' ਦੀ ਬਜਾਏ ਅਕਾਸ਼ ਬਾਣੀ ਕਹਿਣਾ ਸ਼ੁਰੂ ਕੀਤਾ ਗਿਆ, ਤਾਂ ਉਸੇ ਵੇਲੇ ਤਾਮਿਲਾਂ ਨੇ ਤੂਫਾਨ ਖੜ੍ਹਾ ਕਰ ਦਿੱਤਾ ਸੀ। ਕਰਫਿਊ ਲਾਉਣਾ ਪਿਆ ਸੀ ਅਤੇ ਰੇਡੀਓ ਵਾਲਿਆਂ ਨੂੰ ਆਪਣਾ ਫੈਸਲਾ ਬਦਲਣਾ ਪਿਆ ਸੀ। ਤਾਮਿਲਨਾਡੂ, ਬੰਗਾਲ, ਕਰਨਾਟਕਾ ਆਦਿ ਗ਼ੈਰ-ਹਿੰਦੀ ਭਾਸ਼ੀ ਸੂਬਿਆਂ 'ਚ ਟੈਲੀਫ਼ੂਨ 'ਤੇ ਇਹ ਨਹੀਂ ਕਿਹਾ ਜਾਂਦਾ ਕਿ 'ਸਭ ਲਾਈਨੇ ਵਿਅਸਤ ਹੈਂ'। ਸਗੋਂ ਅੰਗਰੇਜ਼ੀ 'ਚ ਅਤੇ ਉਸ ਸੂਬੇ ਦੀ ਜ਼ਬਾਨ 'ਚ ਬੋਲਿਆਂ ਜਾਂਦਾ ਹੈ। ਇਵੇਂ ਹੀ ਉਥੇ ਰੇਲਵੇ ਸਟੇਸ਼ਨਾਂ 'ਤੇ ਇਸ ਤਰ੍ਹਾਂ ਨਾਲ ਅਨਾਊਂਸਮੈਂਟ ਨਹੀਂ ਹੁੰਦੀ ਕਿ 'ਗਾੜੀ ਵਿਲੰਬ ਸੇ ਆ ਰਹੀ ਹੈ, ਇਸ ਕਾ ਹਮੇ ਖੇਦ ਹੈ'। ਸਗੋਂ ਉਥੋਂ ਦੀ ਸੂਬਾਈ ਜ਼ਬਾਨ ਅਤੇ ਅੰਗਰੇਜ਼ੀ ਹੀ ਚਲਦੀ ਹੈ। ਉਨ੍ਹਾਂ ਸੂਬਿਆਂ ਨੇ ਕਦੇ ਅੰਗਰੇਜ਼ੀ ਤੋਂ ਆਪਣੀਆਂ ਬੋਲੀਆਂ ਨੂੰ ਖਤਰਾ ਨਹੀਂ ਮੰਨਿਆ। ਇਹ ਹੈ ਚੌਕਸੀ ਅਤੇ ਬਿਮਾਰੀ ਦੀ ਸਹੀ ਸ਼ਨਾਖਤ।

1966 ਤੋਂ ਪਹਿਲਾਂ (ਭਾਵ ਪੰਜਾਬ ਨੂੰ ਤਿੰਨ ਸੂਬਿਆਂ ਵਿੱਚ ਵੰਡਣ ਤੋਂ ਪਹਿਲਾਂ) ਜਿਥੇ ਹਰਿਆਣਾ ਵਿੱਚ ਸ਼ਾਮਲ ਕੀਤੇ ਗਏ ਪੰਜਾਬੀ ਬੋਲਦੇ ਇਲਾਕਿਆਂ ਵਿੱਚ ਪੰਜਾਬੀ ਮੈਟਿਰਕ ਤਕ ਪੜ੍ਹਾਈ ਜਾਂਦੀ ਸੀ, ਉਥੇ ਹੁਣ ਦੱਖਣ ਦੀ ਤੇਲਗੂ ਨੂੰ ਦੂਜੀ ਭਾਸ਼ਾ ਕਰਕੇ ਪੜ੍ਹਾਇਆ ਜਾਂਦਾ ਹੈ। ਹਰਿਆਣੇ ਵਿੱਚ ਭਾਵੇਂ ਤੇਲਗੂ ਬੋਲਣ ਵਾਲੇ ਦਸ ਬੰਦੇ ਵੀ ਨਹੀ ਵਸਦੇ ਅਤੇ ਲੱਖਾਂ ਵਿੱਚ ਸਿੱਖ ਹਰਿਆਣੇ ਦੀ ਝੋਲੀ ਵਿੱਚ ਪਾ ਦਿੱਤੇ ਗਏ ਹਨ। ਉਹਨਾਂ ਨੂੰ ਪੰਜਾਬੀ ਨਹੀਂ ਪੜ੍ਹਨ

ਦੇਣੀ। ਹਰਿਆਣਾ ਦੇ ਸਕੂਲਾਂ ਵਿੱਚ ਬੱਚਿਆਂ ਨੂੰ ਪੰਜਾਬੀ ਨਹੀਂ ਪੜ੍ਹਾਈ ਜਾਂਦੀ।

ਹਰਿਆਣੇ 'ਚ ਲੱਖਾਂ ਸਿੱਖ ਵਸਦੇ ਹਨ, ਉਥੇ ਪੰਜਾਬੀ ਨੂੰ ਦੂਜੀ ਜ਼ੁਬਾਨ ਦੇਣ ਦੀ ਥਾਂ ਤੇਲਗੂ ਨੂੰ ਦਿੱਤੀ ਹੋਈ ਹੈ। ਇੰਜ ਕਿਉਂ ਕੀਤਾ ਜਾ ਰਿਹਾ ਹੈ? ਸਰਕਾਰ ਦੀ ਗਿਣੀ ਮਿਥੀ ਸਾਜ਼ਸ਼ ਨਾਲ। ਸਿੱਖਾਂ ਨੂੰ ਪੰਜਾਬੀ ਤੋਂ ਦੂਰ ਕਰਕੇ, ਹਿੰਦੀ ਪੜ੍ਹਾ ਕੇ, ਹਿੰਦੂਆਂ ਵਿੱਚ ਜਜ਼ਬ ਕਰਨਾ ਹੈ। ਇਹ ਇਕੱਲਾ ਹਰਿਆਣਾ ਵਲੋਂ ਨਹੀਂ ਕੀਤਾ ਜਾ ਰਿਹਾ। ਇਹ ਸਭ ਕੁਝ ਕੇਂਦਰ ਦੀ ਮਿਲੀਭੁਗਤ ਨਾਲ ਕੀਤਾ ਜਾ ਰਿਹਾ ਹੈ ਜਿਸ ਦੀ ਜ਼ਿਮੇਵਾਰ ਖੁਦਗਰਜ਼ ਤੇ ਮੂਰਖ ਸਿੱਖ ਲੀਡਰਸ਼ਿਪ ਹੈ। ਇਹਨਾਂ ਨੇ ਕੁਰਸੀ ਲਈ ਆਪਣਾ ਧਰਮ, ਦੀਨ-ਈਮਾਨ ਅਤੇ ਅਣਖ ਸਭ ਕੁਝ ਵੇਚ ਦਿੱਤਾ ਹੈ। ਇਹ ਸੁਆਰਥੀ ਲੀਡਰ ਸਿੱਖ ਕੌਮ ਦੇ ਮੁਜਰਿਮ ਹਨ। ਪੰਜਾਬੀ ਦੀ ਅਸਲੀ ਸ਼ਰੀਕਣੀ ਨੂੰ ਪਛਾਨਣ ਦੀ ਲੋੜ ਹੈ ਅਤੇ ਕੁਝ ਕਰਨ ਦੀ ਲੋੜ ਹੈ। ਨਹੀਂ ਤਾਂ ਅਗਲੀਆਂ ਦੋ ਪੀੜੀਆਂ ਮਗਰੋਂ ਪੰਜਾਬੀ ਦਾ ਸਫਾਇਆ ਹੋ ਜਾਏਗਾ। ਉਸ ਮਗਰੋਂ ਜੇ ਜਾਗੇ ਵੀ ਤਾਂ ਪੰਜਾਬੀ ਉਦੋਂ ਅਜਾਇਬ ਘਰ 'ਚੋਂ ਵੀ ਨਹੀਂ ਲੱਭਣੀ। ਉਦੋਂ ਤਕ ਸਾਡੇ ਬਜ਼ੁਰਗਾਂ ਦੁਆਰਾ ਬੋਲੀ ਜਾਣ ਵਾਲੀ ਪੰਜਾਬੀ ਕਿਤੇ ਕਿਤਾਬਾਂ 'ਚੋਂ ਵੀ ਨਹੀਂ ਲੱਭਣੀ।

ਸਿੱਖਾਂ ਦਾ ਫਿਲਮਾਂ 'ਚ ਮਜ਼ਾਕ ਉਡਾਇਆ ਜਾਣਾ

ਨਵੀਆਂ ਰੀਲੀਜ਼ ਹੋ ਰਹੀਆਂ ਭਾਰਤੀ ਫਿਲਮਾਂ ਵਿੱਚ ਯੋਜਨਾਬੱਧ ਢੰਗ ਨਾਲ ਸਿੱਖਾਂ ਨੂੰ ਭੱਦੇ ਮਜ਼ਾਕੀਆ ਕਿਰਦਾਰ ਰਾਹੀਂ ਬੇਇੱਜ਼ਤ ਕੀਤਾ ਜਾ ਰਿਹਾ ਹੈ। ਇਹਨਾਂ ਫਿਲਮਾਂ ਵਿੱਚ ਸਿੱਖਾਂ ਨੂੰ ਝੱਲੇ ਜਿਹੇ, ਅਨਪੜ੍ਹ, ਬੇਵਕੂਫ, ਡਾਕੂ ਬਣਾ ਕੇ ਪੇਸ਼ ਕੀਤਾ ਜਾਂਦਾ ਹੈ। ਇਹ ਫਿਲਮਾਂ ਹਿੰਦੂ ਦਰਸ਼ਕਾਂ ਲਈ ਬਣਦੀਆਂ ਹਨ, ਉਹਨਾਂ ਦੇ ਦਿਲਾਂ ਅੰਦਰ ਸਿੱਖਾਂ ਪ੍ਰਤੀ ਨਫਰਤ ਤੇ ਘਿਰਣਾ ਪੈਦਾ ਕੀਤੀ ਜਾਂਦੀ ਹੈ। ਅਜਿਹੇ ਸੀਨ ਆਉਣ ਤੇ ਸਿਨੇਮਾ ਘਰਾਂ ਵਿੱਚ ਸੀਟੀਆਂ ਮਾਰੀਆਂ ਜਾਂਦੀਆਂ ਹਨ ਅਤੇ ਸਿੱਖਾਂ ਦਾ ਭਰਪੂਰ ਮਜ਼ਾਕ ਉਡਾਇਆ ਜਾਂਦਾ ਹੈ। ਇਵੇਂ ਹੀ ਹਿੰਦੂਆਂ ਦੇ ਚੱਲਾਏ ਟੀ.ਵੀ. ਚੈਨਲ ਵੀ ਆਪਣੇ ਸੀਰੀਅਲਾਂ ਵਿੱਚ ਸਿੱਖਾਂ ਦਾ ਮਜ਼ਾਕ ਉਡਾ ਰਹੇ ਹਨ ਅਤੇ ਹੁਣ ਇਹ ਕੰਮ ਪੰਜਾਬੀ ਚੈਨਲਾਂ 'ਤੇ ਵੀ ਸ਼ੁਰੂ ਕਰ ਦਿੱਤਾ ਗਿਆ ਹੈ ਕਿਉਂਕਿ ਸਿੱਖ ਚੁੱਪ ਚਾਪ ਵੇਖੀ ਸੁਣੀ ਜਾਂਦੇ ਹਨ। ਕੁਝ ਮਿਸਾਲਾਂ :-

'ਖੂਬਸੂਰਤ' ਹਿੰਦੀ ਫਿਲਮ ਵਿੱਚ ਸਿੱਖਾਂ ਲਈ ਇਕ ਗਾਣੇ ਦੀ ਤੁਕ ਹੈ - 'ਬੋਬਰੇ ਪੇ ਬਾਰਾਂ ਕਿਉਂ ਬਾਜੇ ਹੈਂ ਬੋਲਾ।'

ਹਿੰਦੀ ਫਿਲਮ 'ਕੁਛ ਕੁਛ ਹੋਤਾ ਹੈ' ਵਿੱਚ ਇਕ ਪਾਤਰ ਨੇ ਸਿੱਖਾਂ ਦਾ ਖੂਬ ਮਜ਼ਾਕ ਉਡਾਇਆ ਹੈ।

'ਬਾਦਲ' ਫਿਲਮ ਦੀ ਹੀਰੋਇਨ ਰਾਣੀ ਮੁਖਰਜੀ ਇਕ ਸਿੱਖ ਬਣਾਏ ਹੋਏ ਪਾਤਰ ਨੂੰ ਵਾਰ-ਵਾਰ ਟਾਈਮ ਪੁੱਛਦੀ ਹੈ,ਜੋ ਅੱਗੋਂ ਕਹਿ ਛੱਡਦਾ ਹੈ "ਬਾਰਾਂ ਵੱਜ ਗਏ ਹਨ"। ਸਿੱਖਾਂ ਨੂੰ ਬਾਰਾਂ ਵੱਜਣ ਦੇ ਮਜ਼ਾਕ ਨਾਲ ਜ਼ਲੀਲ ਕਰਨ ਦੇ ਦ੍ਰਿਸ਼ ਭਾਰਤ ਦੀਆਂ ਕੁਲ ਬਣਦੀਆਂ ਫਿਲਮਾਂ ਵਿੱਚੋਂ ਦਸ ਫੀਸਦੀ ਜ਼ਰੂਰ ਹੁੰਦੇ ਹਨ। ਹੁਣੇ ਜਿਹੇ ਰੀਲੀਜ਼ ਹੋਈ ਹਿੰਦੀ ਫਿਲਮ 'ਮਿਸ਼ਨ ਕਸ਼ਮੀਰ' ਵਿੱਚ ਵੀ ਸਿੱਖਾਂ ਦਾ ਮਜ਼ਾਕ ਖੁੱਲ੍ਹ ਕੇ ਉਡਾਇਆ ਗਿਆ ਹੈ। ਇਸ ਬਾਰੇ ਤਾਂ ਸ਼੍ਰੋਮਣੀ ਕਮੇਟੀ ਨੇ ਵੀ ਭਾਰਤੀ ਸਰਕਾਰ ਕੋਲ ਰੋਸ ਕੀਤਾ ਹੈ। ਇਸ ਫਿਲਮ ਵਿੱਚ ਸਿੱਖਾਂ ਨੂੰ ਡਰਪੋਕ ਤੇ ਬੁਜ਼ਦਿਲ ਸਾਬਤ ਕੀਤਾ ਗਿਆ ਹੈ।

ਇਕ ਹੋਰ ਫਿਲਮ ਵਿੱਚ ਅਨਿਲ ਕਪੂਰ ਇਕੱਠੀ ਹੋਈ ਭੀੜ ਵਿੱਚ ਬੜੇ ਮਖੌਲ ਨਾਲ ਕੋਲ ਖੜ੍ਹੇ ਸਰਦਾਰ ਜੀ ਨੂੰ ਕਹਿੰਦਾ ਹੈ,ਸਰਦਾਰ ਜੀ ਜੇ ਮੈਂ ਝੂਠ ਬੋਲਾਂ ਤਾਂ ਤੁਹਾਡੀ ਅਰਥੀ ਵੇਖਾਂ। ਇੰਨੀ ਭੀੜ ਵਿੱਚੋਂ ਸਰਦਾਰ ਜੀ ਨੂੰ ਹੀ ਕਿਉਂ ਚੁਣਿਆ ਗਿਆ। ਇਹ ਗੱਲ ਕਿਸੇ ਹਿੰਦੂ ਨੂੰ ਕਿਉਂ ਨਹੀ ਕਹੀ ਗਈ। ਟੀ.ਵੀ. ਤੇ ਆ ਰਹੀਆਂ ਫਿਲਮਾਂ ਤੇ ਸੀਰੀਅਲਾਂ 'ਚ ਸਿੱਖਾਂ ਨਾਲ ਰੰਦੇ-ਰੰਦੇ ਮਜ਼ਾਕ ਜਾਂ ਚੁਟਕਲਿਆਂ ਰਾਹੀਂ ਸਿੱਖਾਂ ਦਾ ਮੌਜੂ ਉਡਾਇਆ ਜਾਂਦਾ ਹੈ।

ਇਕ ਹੋਰ ਪਿਕਚਰ ਵਿੱਚ ਇਕ ਨੌਕਰ ਇਕ ਹੱਥ ਵਿੱਚ ਬਜ਼ਾਰ ਤੋਂ ਸ਼ਰਾਬ ਦੀ ਬੋਤਲ ਅਤੇ ਦੂਜੇ ਹੱਥ ਵਿੱਚ ਸਿਗਰਟ ਦੀ ਡੱਬੀ ਲੈਕੇ ਆਉਂਦਾ ਹੈ ਤੇ ਇਕੱਠੇ ਖੜ੍ਹੇ ਹੋਏ ਸਰਦਾਰ ਤੇ ਹਿੰਦੂ ਵਿੱਚੋਂ ਹਿੰਦੂ ਅੱਗੇ ਸ਼ਰਾਬ ਦੀ ਬੋਤਲ ਅਤੇ ਸਰਦਾਰ ਜੀ ਅੱਗੇ ਸਿਗਰਟ ਦੀ ਡੱਬੀ ਪੇਸ਼ ਕਰਦਾ ਹੈ। ਇਹ ਸਭ ਨੂੰ ਪਤਾ ਹੈ ਕਿ ਸਰਦਾਰ ਸ਼ਰਾਬ ਤਾਂ ਪੀਂਦੇ ਹੋਣਗੇ ਪਰ ਸਿਗਰਟ ਨਹੀਂ। ਅਜਿਹੇ ਫਿਲਮ ਡਾਇਰੈਕਟਰਾਂ ਨੂੰ ਕਾਨੂੰਨੀ ਤੌਰ ਤੇ ਉਹਨਾਂ ਦੇ ਨੱਕ ਵਿੱਚ ਨਕੇਲ ਪਾਉਣ ਦੀ ਲੋੜ ਹੈ। ਪਰ ਪਾਏ ਕੌਣ? ਸਾਰੇ ਸਿੱਖ ਲੀਡਰ ਦੀਨ-ਈਮਾਨ ਵੇਚੀ ਬੈਠੇ ਹਨ ਅਤੇ ਚੁੱਪ ਰਹਿਣ ਦੀ ਕੀਮਤ ਵਸੂਲੀ ਬੈਠੇ ਹਨ।

ਪੰਜਾਬੀ 'ਚ ਬਣਨ ਵਾਲੀਆਂ ਲਗਭਗ ਸਾਰੀਆਂ ਫਿਲਮਾਂ ਦਾ ਨਾਂ ਪੰਜਾਬ ਦੇ ਜੱਟ ਦੇ ਨਾਂ ਨਾਲ ਸ਼ੁਰੂ ਹੁੰਦਾ ਹੈ ਅਤੇ ਸਾਰੀਆਂ ਹੀ ਫਿਲਮਾਂ ਦੇ ਹੀਰੋ ਸਫਾਚਟ (ਕਲੀਨਸ਼ੇਵ) ਹੁੰਦੇ ਹਨ। ਪੰਜਾਬ ਦੇ ਜਿਸ ਵਿਅਕਤੀ ਦੇ ਨਾਂ ਨਾਲ 'ਸਿੰਘ' ਲੱਗਦਾ ਹੈ,ਉਸ ਦੀ ਇਕ ਖਾਸ ਦਿੱਖ ਹੁੰਦੀ ਹੈ। ਸਾਡੀਆਂ ਸੰਸਥਾਵਾਂ ਅਤੇ ਲੀਡਰ ਚੁੱਪ ਬੈਠੇ ਹਨ। ਫਿਲਮਾਂ ਤੋਂ ਬਿਨਾਂ ਚੱਲਦੇ 'ZEE TV' ਤੇ 'VTV' 'ਤੇ ਵੀ ਸਿੱਖਾਂ ਨੂੰ

ਬੇਵਕੂਫ਼ ਸ਼ੋਅ ਕਰਨ ਤੇ ਪੂਰਾ ਜ਼ੋਰ ਲਾਇਆ ਜਾਂਦਾ ਹੈ। 'ਅਮਾਨਤ' ਨਾਂ ਦੇ ਟੀ.ਵੀ.ਸੀਰੀਅਲ ਵਿੱਚ ਸਿੱਖਾਂ ਨੂੰ ਝੱਲੇ ਤੇ ਬੇਵਕੂਫ਼ ਬਣਾ ਕੇ ਪੇਸ਼ ਕੀਤਾ ਗਿਆ ਹੈ। ਇਵੇਂ ਹੀ 'ਜੰਜੀਰੇਂ' ਸੀਰੀਅਲ ਵਿੱਚ ਸਿੱਖਾਂ ਨੂੰ ਹਿੰਦੂਆਂ ਦਾ ਹਿੱਸਾ ਬਣਾ ਕੇ ਪੇਸ਼ ਕੀਤਾ ਜਾ ਰਿਹਾ ਹੈ। ਸਿੱਖਾਂ ਨੂੰ ਜ਼ਲੀਲ ਕਰਨ ਦਾ ਇਹ ਨਵਾਂ ਹਥਿਆਰ ਵਰਤਿਆ ਜਾ ਰਿਹਾ ਹੈ। ਗੁਰੂ ਦੀ ਸੋਚ ਦਾ ਸ਼ਰ੍ਹੇਆਮ ਕਤਲੇਆਮ ਕੀਤਾ ਜਾਂਦਾ ਹੈ।

ਅਪਨੇ ਸੇਵਕ ਕੀ ਆਪਿ ਪਤਿ ਰਾਖੈ॥

ਵਿਦਿਅਕ ਪੱਖੋਂ ਸਿੱਖ ਨਸਲਘਾਤ ਸਿੱਖ ਕੌਮ ਦੀ ਪਨੀਰੀ ਤੋਂ

ਪੰਜਾਬ ਵਿੱਚ ਭਾਵੇਂ ਕਿਸੇ ਦੀ ਵੀ ਸਰਕਾਰ ਬਣੇ, ਇਥੇ ਉਹੀ ਹਾਕਮ ਰਾਜ ਕਰ ਸਕਦਾ ਹੈ ਜੋ ਕੇਂਦਰ ਦੇ ਸਿੱਖ ਨਸਲਕੁਸ਼ੀ ਦੇ ਪਲਾਨ ਨੂੰ ਸਿਰੇ ਚਾੜ੍ਹੇਗਾ। ਸਿੱਖ ਨਸਲਕੁਸ਼ੀ ਦੇ ਉਸ ਪਲਾਨ ਅਨੁਸਾਰ ਕੇਂਦਰ ਦੇ ਹੁਕਮ ਦੀ ਪਾਲਨਾ ਕਰਦਿਆਂ ਇਥੋਂ ਦੀਆਂ ਕਠਪੁਤਲੀ ਸਰਕਾਰਾਂ ਸਰਕਾਰੀ ਪਰਾਇਮਰੀ ਸਕੂਲਾਂ ਨੂੰ ਸਭ ਤੋਂ ਘੱਟ ਪੈਸਾ ਦੇਂਦੀਆਂ ਹਨ, ਤਾਂ ਜੋ ਇਥੋਂ ਦੇ ਮੂਲਵਾਸੀ ਪੜ੍ਹ ਲਿਖ ਕੇ, ਸੂਝਵਾਨ ਬਣਕੇ, ਉਨਤੀ ਕਰਕੇ, ਹਾਕਮ ਜਮਾਤ ਦੀ ਬ੍ਰਾਹਮਣਵਾਦੀ ਜਕੜ ਨੂੰ ਢਿੱਲਾ ਨਾ ਕਰ ਸਕਣ। ਸਿੱਖਾਂ ਦੀ ਨਸਲਘਾਤ ਸਿੱਖਾਂ ਦੀ ਪਨੀਰੀ ਤੋਂ ਵੀ ਕੀਤੀ ਜਾ ਰਹੀ ਹੈ ਜਿਸ ਦੀ ਇਸ ਭੋਲੀ ਕੌਮ ਨੂੰ ਕੋਈ ਖ਼ਬਰ ਤਕ ਨਹੀਂ। ਅਗਿਆਨਤਾ ਸਭ ਦੁਖਾਂ ਦੀ ਮਾਂ ਹੈ। ਅਜ਼ਾਦੀ ਮਿਲਦਿਆਂ ਹੀ ਆਰੀਆ ਸਮਾਜੀਆਂ ਪੰਜਾਬ ਯੂਨੀਵਰਸਿਟੀ ਆਪਣੇ ਕਬਜ਼ੇ ਵਿੱਚ ਕਰ ਲਈ ਸੀ। ਵਾਈਸ ਚਾਂਸਲਰ ਏ.ਸੀ.ਜੋਸ਼ੀ ਦੇ ਰਾਜ ਵਿੱਚ ਇਕ ਹੱਥ ਦੀ ਉਂਗਲੀਆਂ 'ਤੇ ਗਿਣੇ ਜਾਣ ਵਾਲੇ ਸਿੱਖ ਅਧਿਆਪਕ ਸਨ।

ਪੰਜਾਬ ਦੇ ਅਕਾਲੀ ਸਿਖਿਆ ਮੰਤਰੀ ਤੋਤਾ ਸਿੰਘ ਅਨੁਸਾਰ ਸਿਖਿਆ ਲਈ ਰੱਖਿਆ ਗਿਆ 98.5% ਬਜੱਟ ਕੇਵਲ ਅਧਿਆਪਕਾਂ ਦੀਆਂ ਤਨਖਾਹਾਂ ਤੇ ਖ਼ਰਚ ਕੀਤਾ ਜਾਦਾਂ ਹੈ। ਧਿਆਨ ਨਾਲ ਸੋਚਣ ਵਾਲੀ ਗੱਲ ਤਾਂ ਇਹ ਹੈ ਕਿ ਕੇਵਲ 1.5% ਨਾਲ ਸਕੂਲਾਂ ਦੇ ਕਮਰਿਆਂ, ਚਾਰਦੀਵਾਰੀਆਂ, ਪੁਸਤਕਾਂ ਅਤੇ ਸਟੇਸ਼ਨਰੀ ਦੇ ਖ਼ਰਚੇ ਕਿਵੇਂ ਪੂਰੇ ਹੋਣਗੇ? ਕੇਂਦਰੀ ਸਰਕਾਰ ਦੇ ਵੱਖ-ਵੱਖ ਸੂਬਿਆਂ ਵਿੱਚ ਸਿਖਿਆ 'ਤੇ ਪ੍ਰਤੀ ਵਿਅਕਤੀ ਕੀਤੇ ਜਾਂਦੇ ਖ਼ਰਚ ਦੇ ਹੇਠਾਂ ਦਿੱਤੇ ਚਾਰਟ ਤੋਂ ਵੇਖਿਆ ਜਾ ਸਕਦਾ ਹੈ ਕਿ ਕਿਵੇਂ ਪੰਜਾਬ (ਸਿੱਖਾਂ ਦੇ ਬੱਚਿਆਂ) ਅਤੇ ਜੰਮੂ ਕਸ਼ਮੀਰ (ਮੁਸਲਿਮ ਬੱਚਿਆਂ) ਨੂੰ ਅਨਪੜ੍ਹ ਰੱਖਿਆ ਜਾ ਰਿਹਾ ਹੈ :-

ਸੂਬੇ ਦਾ ਨਾਂ	ਪ੍ਰਤੀ ਵਿਅਕਤੀ ਖ਼ਰਚ							
ਪੰਜਾਬ	ਜੰਮੂ ਕਸ਼ਮੀਰ	ਹਿਮਾਚਲ	ਕੇਰਲਾ	ਨਾਗਾਲੈਂਡ	ਮਨੀਪੁਰ	ਚੰਡੀਗੜ੍ਹ	ਮੇਘਾਲਿਆ	
ਰੁਪਏ	ਰੁਪਏ	ਰੁਪਏ	ਰੁਪਏ	ਰੁਪਏ	ਰੁਪਏ	ਰੁਪਏ	ਰੁਪਏ	
535	615	663	760	847	946	1192	1206	

ਸਮੁੱਚੇ ਪੰਜਾਬ ਵਿੱਚ 12633 ਸਰਕਾਰੀ ਪਰਾਇਮਰੀ ਸਕੂਲ ਹਨ। ਜਿਨ੍ਹਾਂ ਵਿੱਚੋਂ 8190 (65%) ਅਜਿਹੇ ਸਕੂਲ ਹਨ ਜਿਨ੍ਹਾਂ ਵਿੱਚ

ਸਿਰਫ਼ ਦੋ-ਦੋ ਅਧਿਆਪਕ ਹਨ,1200 ਸਕੂਲਾਂ ਵਿੱਚ ਸਿਰਫ਼ ਇਕ-ਇਕ ਅਧਿਆਪਕ ਹੈ ਅਤੇ 1500 ਸਕੂਲਾਂ ਵਿੱਚ ਕੋਈ ਵੀ ਅਧਿਆਪਕ ਨਹੀਂ। 8000 ਸਕੂਲਾਂ ਵਿੱਚ ਸਿਰਫ਼ ਦੋ-ਦੋ ਕਮਰੇ ਹਨ,1200 ਸਕੂਲਾਂ ਕੋਲ ਸਿਰਫ਼ ਇਕ-ਇਕ ਕਮਰਾ ਹੈ। ਅੱਧੇ ਸਕੂਲਾਂ ਵਿੱਚ ਨਾ ਬਿਜਲੀ,ਨਾ ਪਾਣੀ,ਨਾ ਕੋਈ ਟਾਇਲਟ ਹੈ ਅਤੇ ਨਾ ਹੀਂ ਚਾਰਦੀਵਾਰੀ ਹੈ। ਸਹਾਇਕ ਸਮੱਗਰੀ ਭਾਵ ਲਾਇਬਰੇਰੀ ਜਾਂ ਖੇਡ ਮੈਦਾਨਾਂ ਆਦਿਕ ਨਾਂ ਦੀ ਕਿਸੇ ਚੀਜ਼ ਦੀ ਤਾਂ ਗਲ ਹੀ ਛੱਡ ਦਿਉ।

ਤਕਰੀਬਨ 2500 ਟੀਚਰ ਹਰ ਸਾਲ ਸੇਵਾ ਮੁਕਤ ਹੋ ਜਾਂਦੇ ਹਨ। ਕਈ ਵਰ੍ਹਿਆਂ ਤੋਂ ਅਧਿਆਪਕਾਂ ਦੀ ਭਰਤੀ ਹੀ ਨਹੀਂ ਹੋਈ। ਹੁਣ ਪੰਜਾਬ ਵਿੱਚ 15000 ਅਧਿਆਪਕਾਂ ਦੀਆਂ ਅਸਾਮੀਆਂ ਖਾਲੀ ਪਈਆਂ ਹਨ। 6-11 ਸਾਲ ਦੀ ਉਮਰ ਦੇ ਬੱਚਿਆਂ ਦੇ ਦਾਖ਼ਲੇ ਵਿੱਚ ਪੰਜਾਬ ਨਾਲੋਂ ਬਾਕੀ 18 ਰਾਜ ਅੱਗੇ ਹਨ। ਪੰਜਾਬ ਵਿੱਚ 6-11 ਸਾਲ ਦੀ ਉਮਰ ਦੇ 26.6 ਲੱਖ ਬੱਚੇ ਹਨ,ਜਿਨ੍ਹਾਂ ਵਿੱਚੋਂ 21.6 ਲੱਖ ਬੱਚੇ ਸਕੂਲਾਂ ਵਿੱਚ ਹਨ ਅਤੇ 5 ਲੱਖ ਬੱਚੇ ਸਕੂਲਾਂ ਤੋਂ ਬਾਹਰ ਹਨ।

ਪੰਜਾਬ ਵਿੱਚ 1-5 ਜਮਾਤਾਂ ਤਕ ਦੇ ਬੱਚਿਆਂ ਦੇ ਛੱਡ ਜਾਣ ਦਾ ਦਰ 21.8% ਹੈ ਭਾਵ 21.6 ਲੱਖ ਬੱਚਿਆਂ ਵਿੱਚੋਂ 4 ਲੱਖ ਬੱਚੇ ਪੰਜਵੀਂ ਪਾਸ ਕਰਨ ਤੋਂ ਪਹਿਲਾਂ ਸਕੂਲ ਛੱਡ ਜਾਂਦੇ ਹਨ। ਮਸਾਂ 17 ਲੱਖ ਬੱਚੇ ਪੰਜਵੀਂ ਪਾਸ ਕਰਦੇ ਹਨ। ਸਾਲ ਭਰ ਵਿੱਚ ਇਕ ਪਰਾਇਮਰੀ ਸਕੂਲ ਮਸਾਂ 220 ਦਿਨ ਲੱਗਦਾ ਹੈ ਜਿਸ ਵਿੱਚੋਂ 30 ਤੋਂ 40 ਦਿਨ ਅਧਿਆਪਕਾਂ ਨੂੰ ਹੋਰ ਅਕਾਦਮਿਕ ਕੰਮ ਕਰਨੇ ਪੈਂਦੇ ਹਨ,ਅਰਥਾਂਤ ਉਨ੍ਹਾਂ ਨੂੰ 180 ਦਿਨ ਪੜ੍ਹਾਉਣ ਲਈ ਮਿਲਦੇ ਹਨ। ਇਕ ਅਧਿਆਪਕ ਨੂੰ ਔਸਤਨ ਤਿੰਨ ਜਮਾਤਾਂ ਪੜ੍ਹਾਉਣੀਆਂ ਪੈਂਦੀਆਂ ਹਨ। ਇਸ ਤਰ੍ਹਾਂ ਹਰ ਜਮਾਤ ਲਈ ਮਸਾਂ ਡੇਢ ਘੰਟਾ ਸਮਾਂ ਮਿਲਦਾ ਹੈ। 1982 ਵਿੱਚ ਪੰਜਾਬ ਦੇ ਸਿਖਿਆ ਬੋਰਡ ਨੇ ਪੰਜਾਬ ਦੇ ਪਰਾਇਮਰੀ ਸਕੂਲਾਂ ਵਿੱਚੋਂ ਵਿਗਿਆਨਕ ਢੰਗ ਨਾਲ 6000 ਬੱਚਿਆ ਦੀ ਚੋਣ ਕਰਕੇ ਇਕ ਪ੍ਰੀਖਿਆ ਲਈ। ਉਹਨਾਂ ਵਿੱਚੋਂ 82 % ਬੱਚੇ 33% ਅੰਕ ਵੀ ਨਹੀਂ ਸੀ ਪ੍ਰਾਪਤ ਕਰ ਸਕੇ।

1997-98 ਵਿੱਚ ਐਲ.ਸੀ.ਟੀ.ਆਰ.ਟੀ.ਵਲੋਂ ਕੀਤੇ ਗਏ ਇਕ ਸਰਵੇਖਣ ਅਨੁਸਾਰ ਪੰਜਾਬ ਦੇ ਸਕੂਲਾਂ ਦੇ 50% ਤੋਂ ਵੀ ਵੱਧ ਬੱਚੇ ਅੱਧਾ ਪ੍ਰਸ਼ਨ ਪੱਤਰ ਕਰਨ ਤੋਂ ਵੀ ਅਸਮਰਥ ਹਨ। ਪਰ ਪੰਜਾਬ ਸਰਕਾਰ ਦੀ ਪਾਲਿਸੀ ਇਹ ਹੈ ਕਿ ਪੰਜਵੀਂ ਜਮਾਤ ਤੱਕ ਕਿਸੇ ਬੱਚੇ ਨੂੰ ਫ਼ੇਲ੍ਹ ਨਹੀਂ ਕਰਨਾ। ਪਲੈਨਿੰਗ ਕਮਿਸ਼ਨ ਦੀ 1996-97 ਦੀ ਰਿਪੋਰਟ

ਮੁਤਾਬਕ 62٪ ਪੰਜਵੀਂ ਪਾਸ ਬੱਚੇ ਸਥਾਈ ਸਾਖਰਤਾ ਵੀ ਪ੍ਰਾਪਤ ਨਹੀਂ ਕਰਦੇ।

ਇਕ ਹੋਰ ਸਰਵੇਖਣ ਅਨੁਸਾਰ 1999-2000 ਵਿੱਚ ਪਰਾਇਮਰੀ ਸਕੂਲ ਦੇ ਸਿਲੇਬਸ ਅਨੁਸਾਰ 684 ਬੱਚਿਆਂ ਦੀ ਗਣਿਤ ਤੇ ਪੰਜਾਬੀ ਦੀ ਪ੍ਰੀਖਿਆ ਲਈ ਗਈ, ਗਣਿਤ ਵਿੱਚੋਂ 4٪ ਬੱਚੇ ਅਤੇ ਪੰਜਾਬੀ ਵਿੱਚ 12٪ਬੱਚੇ ਹੀ 30 ਤੋਂ ਵੱਧ ਅੰਕ ਹਾਸਲ ਕਰ ਸਕੇ। (ਚੜ੍ਹਦੀ ਕਲਾ ਜੂਨ 13-19 2001 ਸਫ਼ਾ 15)

ਭਾਰਤ ਦੀ ਕੇਂਦਰੀ ਸਰਕਾਰ ਨੇ ਦੇਸ਼ ਵਿੱਚ ਬੁਨਿਆਦੀ ਸਿੱਖਿਆ ਨੂੰ ਮਜ਼ਬੂਤ ਕਰਨ ਲਈ 1994 ਤੋਂ ਇਕ ਬਹੁਤ ਪ੍ਰਭਾਵਸ਼ਾਲੀ ਵੱਡੇ ਆਧਾਰ ਵਾਲਾ ਖੇਤਰੀ ਪ੍ਰੋਗਰਾਮ ਸ਼ੁਰੂ ਕੀਤਾ ਹੋਇਆ ਹੈ, ਜਿਸ ਨੂੰ ਜ਼ਿਲ੍ਹਾ ਪ੍ਰਾਇਮਰੀ ਸਿੱਖਿਆ ਪ੍ਰੋਗਰਾਮ ਕਿਹਾ ਜਾਂਦਾ ਹੈ। ਜ਼ਿਲ੍ਹਾ ਪ੍ਰਇਮਰੀ ਸਿੱਖਿਆ ਪ੍ਰੋਗਰਾਮ ਦੇ ਅਧੀਨ ਹੇਠ ਲਿਖੇ ਅਨੁਸਾਰ ਦਸ-ਨੁਕਾਤੀ ਪ੍ਰੋਗਰਾਮ ਸ਼ੁਰੂ ਕੀਤਾ ਗਿਆ ਹੈ :-

1. ਨਵੇਂ ਪ੍ਰਾਇਮਰੀ ਸਕੂਲ ਖੋਲ੍ਹਣੇ।

2. ਸਕੂਲਾਂ ਨੂੰ ਲੋੜੀਂਦੀ ਸੰਖਿਆ ਵਿੱਚ ਟੀਚਰ ਦੇਣੇ।

3. ਕਲਾਸ ਰੂਮ ਬਣਵਾਉਣੇ।

4. ਸਕੂਲਾਂ ਦੀਆਂ ਚਾਰਦੀਵਾਰੀਆਂ ਬਣਵਾਉਣਾ।

5. ਗ਼ੈ-ਰਸਮੀ ਸਿੱਖਿਆ ਕੇਂਦਰ ਖੋਲ੍ਹਣੇ।

6. ਸ਼ਿਸ਼ੂ ਸਿੱਖਿਆ (ਬਾਲਬਾੜੀ) ਕੇਂਦਰ ਖੋਲ੍ਹਣੇ। 7. ਸਰੋਤ ਸੰਸਥਾਵਾਂ ਸਥਾਪਤ ਕਰਨੀਆਂ।

8. ਸਹਾਇਕ ਸਮਗਰੀਆਂ ਨਿਰਮਾਣ ਕਰਨੀਆਂ ਤੇ ਵੰਡਣੀਆਂ।

9. ਅਧਿਆਪਕਾਂ ਨੂੰ ਸਿਖਲਾਈ ਦੇਣੀ।

10. ਲੜਕੀਆਂ ਦੀ ਸਿੱਖਿਆ ਦਾ ਵਿਸ਼ੇਸ਼ ਪ੍ਰਬੰਧ ਕਰਨਾ ਆਦਿ ਕਈ ਪ੍ਰੋਗਰਾਮ ਸ਼ਾਮਲ ਹਨ।

ਸ਼ੁਰੂ 'ਚ ਜ਼ਿਲ੍ਹਿਆਂ ਦੀ ਚੋਣ 7 ਰਾਜਾਂ ਵਿੱਚੋਂ ਕੀਤੀ ਗਈ ਸੀ। ਇਸ ਵੇਲੇ ਇਹ ਸਕੀਮ 18 ਰਾਜਾਂ ਦੇ 219 ਜ਼ਿਲ੍ਹਿਆਂ ਵਿੱਚ ਚਲ ਰਹੀ ਹੈ। 1994 ਵਿੱਚ ਇਹ ਪ੍ਰੋਗਰਾਮ 42 ਜ਼ਿਲ੍ਹਿਆਂ ਵਿੱਚ ਸ਼ੁਰੂ ਕੀਤਾ ਗਿਆ ਸੀ। ਸੰਨ 2001-02 ਵਿੱਚ ਗੁਜਰਾਤ, ਉੜੀਸਾ ਅਤੇ ਰਾਜਿਸਥਾਨ ਦੇ 23 ਹੋਰ ਜ਼ਿਲ੍ਹੇ ਇਸ ਸਕੀਮ ਵਿੱਚ ਸ਼ਾਮਲ ਕਰਨ ਦੀ ਯੋਜਨਾ ਸੀ। ਹਿਮਾਚਲ ਪ੍ਰਦੇਸ਼ ਅਤੇ ਹਰਿਆਣਾ ਦੇ ਚਾਰ-ਚਾਰ ਜ਼ਿਲ੍ਹੇ ਇਸ ਸਕੀਮ ਵਿੱਚ ਸ਼ਾਮਲ ਹਨ। ਪੰਜਾਬ ਦਾ ਇਕ ਵੀ ਜ਼ਿਲ੍ਹਾ ਇਸ ਸਕੀਮ ਵਿੱਚ ਸ਼ਾਮਲ ਨਹੀਂ ਕੀਤਾ ਗਿਆ ਅਤੇ ਨਾ ਹੀਂ ਨਿਕਟ

ਭਵਿੱਖ ਵਿੱਚ ਅਜਿਹਾ ਹੋਣ ਦੀ ਕੋਈ ਸੰਭਾਵਨਾ ਹੀ ਹੈ। ਸਿੱਖਾਂ ਨੂੰ ਅਨਪੜ੍ਹ ਜੁ ਰੱਖਣਾ ਹੈ।

ਜ਼ਿਲ੍ਹਾ ਪ੍ਰਾਇਮਰੀ ਸਿੱਖਿਆ ਪ੍ਰੋਗਰਾਮ (District Primery Education Programme) ਭਾਰਤ ਦੀ ਕੇਂਦਰੀ ਸਰਕਾਰ ਵਲੋਂ ਨਹੀਂ ਸਗੋਂ ਵਿਸ਼ਵ ਬੈਂਕ ਦਾ ਪ੍ਰਾਜੈਕਟ ਹੈ। ਇਸ ਤੋਂ ਇਲਾਵਾ ਇੰਗਲੈਂਡ, ਨੀਦਰਲੈਂਡ ਆਦਿਕ ਯੋਰਪੀਅਨ ਮੁਲਕ, ਅਮਰੀਕਾ ਅਤੇ ਕਈ ਹੋਰ ਦੇਸ਼ ਇਸ ਪ੍ਰੋਗਰਾਮ ਨੂੰ ਸਹਾਇਤਾ ਦੇ ਰਹੇ ਹਨ। ਹੁਣ ਤੱਕ ਇਸ ਪ੍ਰੋਗਰਾਮ 'ਤੇ ਤਕਰੀਬਨ 1,290,000,000 ਯੂ,ਐਸ,ਡਾਲਰ ਅਰਥਾਤ 58 ਅਰਬ ਰੁਪਏ ਖਰਚ ਹੋ ਚੁੱਕੇ ਹਨ ਅਤੇ ਆਉਣ ਵਾਲੇ ਪੰਜਾਂ ਸਾਲਾਂ ਵਿੱਚ 40 ਅਰਬ ਹੋਰ ਖਰਚ ਕੀਤੇ ਜਾਣ ਦੀ ਸੰਭਾਵਨਾ ਹੈ। ਇਸ ਸਕੀਮ ਨੂੰ ਲਾਗੂ ਕਰਨ ਸਦਕਾ ਹਿਮਾਚਲ ਪ੍ਰਦੇਸ਼ ਸਿੱਖਿਆ ਦੇ ਖੇਤਰ ਵਿੱਚ ਕੇਰਲਾ ਤੋਂ ਬਾਦ ਭਾਰਤ ਦਾ ਸਰਬ ਉਤਮ ਰਾਜ ਬਣ ਗਿਆ ਹੈ। ਵਿਸ਼ਵ ਬੈਂਕ ਦੀ ਟੀਮ ਨੇ ਹਿਮਾਚਲ ਪ੍ਰਦੇਸ਼ ਦੇ ਦੌਰੇ ਤੋਂ ਬਾਦ ਦੱਸਿਆ ਹੈ ਕਿ ਪ੍ਰਾਇਮਰੀ ਸਿੱਖਿਆ ਦੇ ਖੇਤਰ ਵਿੱਚ ਪ੍ਰਦੇਸ਼ ਨੇ ਲਾਸਾਨੀ ਤਰੱਕੀ ਕੀਤੀ ਹੈ:-

ਉਥੇ 6-11 ਸਾਲ ਉਮਰ ਦੇ 100% ਬੱਚੇ ਸਕੂਲਾਂ ਵਿੱਚ ਹਨ। ਭਿੰਨ-ਭਿੰਨ ਜ਼ਿਲ੍ਹਿਆਂ ਵਿੱਚ ਡਰਾਪ ਆਊਟ ਰੇਟ ਕੇਵਲ 0.34 ਤੋਂ 0.37 ਰਹਿ ਗਿਆ ਹੈ। ਸਕੂਲਾਂ ਵਿੱਚ ਬੱਚਿਆਂ ਦੀ ਹਾਜ਼ਰੀ ਔਸਤਨ 97% ਹੈ। ਇਸ ਤੋਂ ਇਲਾਵਾ ਪੰਜਵੀਂ ਪਾਸ ਬੱਚਿਆਂ ਦਾ ਛੇਵੀਂ ਜਮਾਤ ਵਿੱਚ ਦਾਖਲਾ 95.13% ਹੈ। ਅਨਸੂਚਿਤ ਜਾਤੀਆਂ ਦੇ ਵੀ 90.6% ਬੱਚੇ ਪੰਜਵੀਂ ਪਾਸ ਕਰਕੇ ਛੇਵੀਂ ਵਿੱਚ ਦਾਖਲ ਹੋ ਰਹੇ ਹਨ। ਕਬਾਇਲੀ ਇਲਾਕਿਆਂ ਵਿੱਚ ਵੀ ਦਾਖਲਾ ਦਰ ਤਕਰੀਬਨ 100% ਹੈ।

ਪੰਜਾਬ ਵਿੱਚ ਤਕਰੀਬਨ 10 ਲੱਖ ਬੱਚੇ (6-14) ਅਜੇ ਸਕੂਲ ਤੋਂ ਬਾਹਰ ਹਨ। ਪੰਜਾਬ ਵਿੱਚ 1ਤੋਂ 5 ਜਮਾਤ ਤੱਕ ਦਾ ਡਰਾਪ ਆਊਟ 23% ਹੈ ਜਦ ਕਿ ਹਿਮਾਚਲ ਪ੍ਰਦੇਸ਼ ਦਾ ਕੇਵਲ 0.3% ਹੈ। ਪੰਜਾਬ ਵਿੱਚ 12633 ਪ੍ਰਾਇਮਰੀ ਸਕੂਲਾਂ ਵਿੱਚੋਂ ਤਕਰੀਬਨ 8000 ਸਕੂਲਾਂ ਵਿੱਚ ਕੇਵਲ 2-2 ਕਮਰੇ ਅਤੇ 2-2 ਹੀ ਟੀਚਰ ਹਨ। ਤਿੰਨ ਜਮਾਤਾਂ ਹਰ ਵੇਲੇ ਵਿਹਲੀਆਂ ਰਹਿੰਦੀਆਂ ਹਨ। ਨਾ ਉਹਨਾਂ ਲਈ ਕੋਈ ਕਮਰਾ ਹੈ ਅਤੇ ਨਾ ਹੀ ਟੀਚਰ। ਬਹੁਤੇ ਸਕੂਲਾਂ ਵਿੱਚ ਸਾਰਾ ਦਿਨ ਕਾਵਾਂ-ਰੌਲੀ ਹੀ ਪਈ ਰਹਿੰਦੀ ਹੈ। ਸਕੂਲਾਂ ਵਿੱਚ 15000 ਤੋਂ ਵੱਧ ਅਸਾਮੀਆਂ ਖਾਲੀ ਪਈਆਂ ਹਨ। ਹਰ ਰੋਜ਼ 8-10 ਟੀਚਰ ਰਿਟਾਇਰ ਹੋ ਰਹੇ ਹਨ। ਨਵੀਂ ਭਰਤੀ ਕਈ ਸਾਲਾਂ ਤੋਂ ਬੰਦ ਹੈ।

ਜ਼ਿਲ੍ਹਾ ਪ੍ਰਾਇਮਰੀ ਸਿੱਖਿਆ ਪ੍ਰੋਗਰਾਮ 'ਤੇ ਹਰ ਸਾਲ ਕੇਂਦਰ 7-8 ਸੌ ਕਰੋੜ ਰੁਪਏ ਖਰਚ ਕਰਦੀ ਹੈ, ਕੀ ਪੰਜਾਬ ਦਾ ਇਸ ਪੈਸੇ 'ਤੇ ਕੋਈ ਹੱਕ ਨਹੀਂ? ਪੰਜਾਬ ਨੂੰ ਕਿਉਂ ਇਸ ਸਕੀਮ ਤੋਂ ਬਾਹਰ ਰੱਖਿਆ ਜਾ ਰਿਹਾ ਹੈ? ਪੰਜਾਬੀਆਂ ਨੂੰ ਪੁੱਛਣ ਦਾ ਹੱਕ ਹੈ ਕਿ ਪੰਜਾਬ ਦੇ ਬੱਚਿਆਂ ਨੂੰ ਵਧੀਆ ਪ੍ਰਾਇਮਰੀ ਸਿੱਖਿਆ ਤੋਂ ਕਿਉਂ ਵਾਂਝਿਆਂ ਰੱਖਿਆ ਜਾ ਰਿਹਾ ਹੈ? ਜਿਵੇਂ ਹਿਮਾਚਲ ਪ੍ਰਦੇਸ਼ ਤੇ ਹਰਿਆਣਾ ਦੇ ਚਾਰ-ਚਾਰ ਜ਼ਿਲ੍ਹਿਆਂ ਵਿੱਚ ਇਹ ਸਕੀਮ ਲਾਗੂ ਹੈ, ਪੰਜਾਬ ਵਿੱਚ ਵੀ ਕਿਉਂ ਨਹੀ ਲਾਗੂ ਕੀਤੀ ਜਾਂਦੀ?

ਪੰਜਾਬ ਵਿੱਚ ਬੁਨਿਆਦੀ ਸਿੱਖਿਆ ਦਾ ਸੁਧਾਰ ਇਸ ਗੱਲ ਦੀ ਮੰਗ ਕਰਦਾ ਹੈ ਕਿ ਇਸ ਨੂੰ ਛੇਤੀ ਤੋਂ ਛੇਤੀ ਇਸ ਸਕੀਮ ਅਧੀਨ ਲਿਆਂਦਾ ਜਾਵੇ। ਜੇ ਚਾਰ ਜ਼ਿਲ੍ਹਿਆਂ ਦੇ 3400-3500 ਸਕੂਲ ਵੀ ਇਸ ਸਕੀਮ ਦੇ ਅਧੀਨ ਆਪਣੀਆਂ ਅਕਾਦਮਿਕ ਥੁੜਾਂ ਪੂਰੀਆਂ ਕਰ ਲੈਣ, ਤਾਂ ਸਿੱਖਿਆ ਦਾ ਮਿਆਰ ਸੁਧਰ ਸਕਦਾ ਹੈ ਅਤੇ ਇਹ ਸਕੂਲ ਹੋਰਨਾਂ ਲਈ ਚਾਨਣ ਮੁਨਾਰਾ ਬਣ ਸਕਦੇ ਹਨ। ਇਸ ਸਕੀਮ ਅਧੀਨ ਅਧਿਆਪਕਾਂ ਦੀ ਸਿਖਲਾਈ ਅਤੇ ਖੋਜ ਕਾਰਜ ਦਾ ਵੀ ਪ੍ਰਬੰਧ ਹੈ।

2001 ਮਰਦਮ ਸ਼ੁਮਾਰੀ ਦੇ ਸਿੱਖਿਆਤ ਜਾਂ ਸਾਖਰਤਾ (ਲਿਟਰੇਟ) ਸਬੰਧੀ ਪੰਜਾਬ ਦੇ ਅੰਕੜੇ ਬੜੇ ਸ਼ਰਮਨਾਕ ਹਨ। ਸਾਖਰਤਾ ਦੀ ਮਿੱਥੀ ਪਰਿਭਾਸ਼ਾ ਅਨੁਸਾਰ 'ਜਿਸ ਨੂੰ ਆਪਣਾ ਨਾਂ ਲਿਖਣਾ ਆਉਂਦਾ ਹੋਵੇ- ਕਿਸੇ ਵੀ ਜ਼ੁਬਾਨ ਵਿੱਚ'। ਉਪਰਲੀ ਮਰਦਮ ਸ਼ੁਮਾਰੀ ਅਨੁਸਾਰ ਸਮੁੱਚੇ ਭਾਰਤ ਦੀ ਸਾਖਰਤਾ ਔਸਤ 65.38% ਹੈ। ਕੁਲ ਭਾਰਤ ਦੇ 75.85% ਮਰਦ ਅਤੇ 54.16% ਇਸਤਰੀਆਂ ਪੜ੍ਹੀਆਂ ਲਿਖੀਆਂ ਹਨ। ਪੰਜਾਬ ਦੀ ਸਾਖਰਤਾ ਇੰਨੀ ਹੇਠਾਂ ਚਲੀ ਗਈ ਹੈ ਕਿ ਸਾਖਰਤਾ ਪੱਖੋਂ ਪੰਜਾਬ 16ਵੇਂ ਨੰਬਰ ਤੇ ਚਲਾ ਗਿਆ ਹੈ। ਪੰਜਾਬ ਦੀ ਲਗਭਗ ਅੱਧੀ ਕੌਰੀ ਅਬਾਦੀ ਹੈ ਜੋ ਆਪਣਾ ਨਾਂ ਤਕ ਵੀ ਨਹੀਂ ਲਿਖ ਸਕਦੀ। ਇਹੀ ਕਾਰਨ ਹੈ ਕਿ ਪਖੰਡੀ ਬਾਬਿਆਂ ਤੇ ਸਾਧਾਂ ਦੇ ਡੇਰਿਆਂ ਦੀਆਂ ਭੀੜਾਂ ਵੱਧ ਰਹੀਆਂ ਹਨ।

ਜੂਨ 2002 ਦੀ 'ਸਿੱਖ ਸ਼ਹਾਦਤ' ਅਨੁਸਾਰ ਪੰਜਾਬ ਸਿੱਖਿਆ ਬੋਰਡ ਦੁਆਰਾ ਅੱਠਵੀਂ ਜਮਾਤ ਦੇ ਨਿਕਲੇ ਨਤੀਜਿਆਂ ਤੋਂ ਪਤਾ ਲੱਗਦਾ ਹੈ ਕਿ ਪੰਜਾਬ ਦੇ ਸਰਕਾਰੀ ਸਕੂਲਾਂ ਦਾ ਮਿਆਰ ਕਾਫੀ ਨਿਘਰ ਚੁੱਕਾ ਹੈ। ਇਹਨਾਂ ਨਤੀਜਿਆਂ ਦਾ ਜੋ ਹੈਰਾਨਕ ਪਹਿਲੂ ਸਾਹਮਣੇ ਆਇਆ ਹੈ ਉਸ ਨੇ ਸਿੱਖ ਹਲਕਿਆਂ ਨੂੰ ਚੌਂਕਾ ਕੇ ਰੱਖ ਦਿੱਤਾ ਹੈ। ਟਾਪ ਪੁਜ਼ੀਸ਼ਨ ਵਿੱਚ ਕਿਸੇ ਵੀ ਸਿੱਖ ਬੱਚੇ ਦਾ ਨਾਂ ਨਹੀਂ ਹੈ ਅਤੇ ਮੈਰਿਟ ਲਿਸਟ ਵਿੱਚ ਵੀ ਸਿੱਖ ਬੱਚਿਆਂ ਦੀ ਗਿਣਤੀ ਮਸਾਂ

20% ਹੀ ਹੈ।

ਹੁਣ ਸੁਆਲ ਪੈਦਾ ਹੁੰਦੇ ਹਨ ਕਿ ਕੀ ਸਿੱਖ ਬੱਚੇ ਬੁੱਧੀਹੀਨ ਹਨ ਜਾਂ ਸਿੱਖ ਮਾਪੇ ਆਪਣੇ ਬੱਚਿਆਂ ਵਲੋਂ ਅਵੇਸਲੇ ਹੋ ਚੁੱਕੇ ਹਨ ਜਾਂ ਇਹ ਕਿਸੇ ਸੋਚੀ ਸਮਝੀ ਸਕੀਮ ਅਧੀਨ ਸਿੱਖ ਬੱਚਿਆਂ ਨੂੰ ਅਨਪੜ੍ਹ ਰੱਖਿਆ ਜਾ ਰਿਹਾ ਹੈ? ਸਿੱਖ ਜਵਾਨੀ ਦੇ ਬਹੁਤ ਵੱਡੇ ਹਿੱਸੇ ਨੂੰ ਨਸ਼ਈ ਬਣਾ ਦਿੱਤਾ ਗਿਆ ਹੈ। ਕੌਮ ਨੂੰ ਇਸ ਪਾਸੇ ਵਲ ਧਿਆਨ ਦੇਣ ਦੀ ਫੌਰੀ ਲੋੜ ਹੈ ਨਹੀਂ ਤਾਂ ਬੜੇ ਭਿਆਨਕ ਤੇ ਕਦੀ ਨਾ ਪੂਰੇ ਜਾ ਸਕਣ ਵਾਲੇ ਸਿੱਟੇ ਨਿਕਲ ਸਕਦੇ ਹਨ। ਸਿੱਖਾਂ ਨੂੰ ਤਬਾਹ ਕਰਨ ਲਈ ਸਕੂਲਾਂ 'ਚ ਬੱਚਿਆਂ ਨੂੰ ਨਕਲਾਂ ਮਾਰਨ ਦੇਣ ਤਕ ਦੇ ਨੀਵੇਂ ਢੰਗ ਵਰਤੇ ਜਾ ਰਹੇ ਹਨ। ਕੇਸ ਕੱਟਣ ਦੀ ਪ੍ਰਵਿਰਤੀ ਨੂੰ ਬੜਾਵਾ ਦਿੱਤਾ ਜਾ ਰਿਹਾ ਹੈ। ਸਕੂਲੀ ਪੜ੍ਹਾਈ ਤੇ ਸਿੱਖ ਇਤਿਹਾਸ ਦੀ ਜਾਣਕਾਰੀ 95% ਸਿੱਖ ਬੱਚਿਆਂ ਲਈ ਦੂਜੇ ਨੰਬਰ ਤੇ ਹੈ।

ਕੇਸ-ਵਿਹੂਣੀ ਨਵੀਂ ਸਿੱਖ ਪਨੀਰੀ

ਕੁਝ ਸਾਲ ਪਹਿਲਾਂ ਸਬ-ਡਵੀਯਨ ਬਰਨਾਲਾ ਦੇ ਪ੍ਰਤੀਨਿਧ ਪਿੰਡਾਂ ਦੇ ਸਕੂਲਾਂ ਦਾ ਸਰਵੇਖਣ ਕੀਤਾ ਗਿਆ, ਜਿਸ ਮੁਤਾਬਕ ਕਈ ਸਕੂਲਾਂ 'ਚ ਕਈ ਜਮਾਤਾਂ ਅਜਿਹੀਆਂ ਸਨ ਜਿਨ੍ਹਾਂ 'ਚ ਸਿਰਫ ਇਕ-ਇਕ ਜਾਂ ਦੋ-ਦੋ ਹੀ ਕੇਸਾਂਧਾਰੀ ਬੱਚੇ ਸਨ। ਹੁਣ ਤਾਂ ਭਾਵੇਂ ਹਾਲ ਤ ਹੋਰ ਵੀ ਮਾੜੀ ਹੋ ਗਈ ਹੋਣੀ ਹੈ। ਸਰਕਾਰੀ ਹਾਈ ਸਕੂਲ ਭੋਤਨਾ ਦੇ 165 ਬੱਚਿਆਂ 'ਚੋਂ ਕੇਵਲ 15 ਬੱਚੇ ਕੇਸਾਂਧਾਰੀ ਸਨ ਅਤੇ ਉਸ ਦੀ ਅੱਠਵੀਂ ਏ ਕਲਾਸ 'ਚ ਕੋਈ ਵੀ ਕੇਸਾਂਧਾਰੀ ਸਿੱਖ ਬੱਚਾ ਨਹੀਂ ਸੀ। ਉਸ ਸਰਵੇਖਣ ਮੁਤਾਬਕ ਸਕੂਲਾਂ 'ਚ ਕੋਈ ਟਾਵਾਂ ਹੀ ਅੰਮ੍ਰਿਤਧਾਰੀ ਬੱਚਾ ਨਜ਼ਰ ਆਇਆ। ਪਰਾਇਮਰੀ ਸਕੂਲਾਂ ਦੀ ਹਾਲਤ ਹੋਰ ਵੀ ਜ਼ਿਆਦਾ ਤਰਸਯੋਗ ਸੀ। ਅੱਜ ਤੋਂ ਦੋ ਦਹਾਕੇ ਪਹਿਲਾਂ ਸਕੂਲਾਂ 'ਚ ਪੜ੍ਹ ਰਹੇ ਬੱਚਿਆਂ ਦੀ ਜ਼ਿਆਦਾ ਗਿਣਤੀ ਕੇਸਾਂਧਾਰੀ ਬੱਚਿਆਂ ਦੀ ਹੁੰਦੀ ਸੀ।

1980 ਦੇ ਨੇੜੇ ਤੇੜੇ ਸੰਤ ਭਿੰਡਰਾਂਵਾਲਿਆਂ ਵਲੋਂ ਥਾਂ-ਥਾਂ ਅੰਮ੍ਰਿਤ ਸੰਚਾਰ ਕਰਾਇਆ ਜਾਣ ਲੱਗ ਪਿਆ ਸੀ, ਜਿਸ ਨਾਲ ਸਿੱਖੀ ਸਰੂਪ ਦਾ ਬੋਲਬਾਲਾ ਹੋਣ ਲੱਗ ਪਿਆ ਸੀ। ਬੱਚੇ ਪਾਠ ਕਰਕੇ, ਨਿੱਤ ਨੇਮ ਨਾਲ ਗੁਰਦੁਆਰੇ ਜਾਣ ਲੱਗ ਪਏ ਸਨ। ਜਦ ਸਰਕਾਰ ਵਲੋਂ ਸਿੱਖ ਨਸਲਕੁਸ਼ੀ ਕਰਨ ਲਈ ਖਾੜਕੂਵਾਦ ਦਾ ਹਊਆ ਖੜਾ ਕਰਕੇ ਸਿੱਖੀ ਸਰੂਪ ਨੂੰ ਮੁੱਖ ਨਿਸ਼ਾਨਾ ਬਣਾਇਆ ਗਿਆ ਸੀ, ਤਾਂ ਸਰਕਾਰੀ ਦਹਿਸ਼ਤ ਤੋਂ ਡਰ ਕੇ ਸਹੀ ਸਿੱਖੀ ਸੋਚ ਵਾਲੇ ਬੱਚੇ ਵੀ ਕੇਸ ਕਤਲ

ਕਰਾਉਣ ਲੱਗ ਪਏ ਸਨ। ਅਜਿਹੇ ਮਾਹੌਲ 'ਚ ਕੇਸ ਰੱਖਣ ਵਾਲੇ ਜਾਂ ਅੰਮ੍ਰਿਤ ਛੱਕਣ ਵਾਲੇ ਬੱਚਿਆਂ ਦੀ ਗਿਣਤੀ ਤੇਜ਼ੀ ਨਾਲ ਘੱਟਣ ਲੱਗ ਪਈ ਸੀ। ਹੁਣ ਤਕ ਹਾਲਤ ਬਹੁਤ ਖਰਾਬ ਹੋ ਚੁੱਕੀ ਹੋਣੀ ਹੈ। ਕੌਮ ਦੇ ਸੁੱਤੇ ਪਏ ਆਗੂਆਂ ਨੂੰ ਕਦੋਂ ਹੋਸ਼ ਆਏਗੀ?

ਸੇਈ ਪੂਰੇ ਸ਼ਾਹ ਵਖਤੈ ਉਪਰਿ ਲੜਿ ਮੁਏ॥

ਸਿੱਖਾਂ ਨੂੰ ਨਸ਼ਿਆਂ 'ਚ ਡੋਬ ਮਾਰਨ ਦਾ ਹਥਿਆਰ

ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਜੇ ਵੱਡੀ ਤੋਂ ਵੱਡੀ ਕੌਮ ਨੂੰ ਗ਼ੁਲਾਮ ਬਣਾਉਣਾ ਹੋਵੇ, ਤਾਂ ਉਸ ਕੌਮ ਦੇ ਲੋਕਾਂ ਵਿੱਚ ਨਸ਼ਿਆਂ ਦੀ ਬਿਮਾਰੀ ਵਾੜ ਕੇ ਉਹਨਾਂ ਨੂੰ ਸਰੀਰਕ ਤੇ ਮਾਨਸਿਕ ਪੱਖੋਂ ਕਮਜ਼ੋਰ ਕਰ ਦਿੱਤਾ ਜਾਂਦਾ ਹੈ। ਆਮ ਤੌਰ ਤੇ ਹਾਕਮ ਕੌਮਾਂ ਵਿਰੋਧੀ ਕੌਮਾਂ ਨੂੰ ਖਤਮ ਕਰਨ ਲਈ ਨਸ਼ਿਆਂ ਦਾ ਹਥਿਆਰ ਵਰਤਦੀਆਂ ਆਈਆਂ ਹਨ।

ਅਮਰੀਕਾ ਦੇ ਮੂਲ ਨਿਵਾਸੀ 'ਬਹਾਦਰ ਰੈਡ ਇੰਡੀਅਨ' ਦੇ ਗੌਰਵ ਨੂੰ ਗੋਰਿਆਂ ਵੱਲੋਂ ਸ਼ਰਾਬ ਦੇ ਹੜ੍ਹ 'ਚ ਹੀ ਰੋੜ੍ਹਿਆ ਗਿਆ। ਅੱਜ ਉਨ੍ਹਾਂ ਦੀ ਬਹਾਦਰੀ ਜਾਂ ਤਾਂ ਅਜਾਇਬ ਘਰਾਂ 'ਚ ਚਿਤਰੀ ਵੇਖੀ ਜਾ ਸਕਦੀ ਹੈ ਜਾਂ ਕਦੀ ਕਦਾਈਂ ਉਹ ਆਪਣੇ ਸਿਰਾਂ 'ਤੇ ਮੋਰ ਦੇ ਖੰਭ ਟੁੰਗ ਕੇ, ਨੱਚ-ਟੱਪ ਕੇ, ਆਪਣੀ ਜੇਤੂ ਹਾਕਮ ਕੌਮ ਦੇ ਮਨੋਰੰਜਨ ਦਾ ਵਸੀਲਾ ਬਣਦੇ ਹਨ। ਇਵੇਂ ਹੀ ਗੋਰਿਆਂ ਅਸਟਰੇਲੀਆ ਦੇ ਮੂਲ ਨਿਵਾਸੀ 'ਐਬੋਰਿਜਨਾਂ' ਦਾ ਵੀ ਇਹੋ ਹਸ਼ਰ ਕੀਤਾ ਸੀ।

ਆਇਰਲੈਂਡ ਦੇ ਲੋਕਾਂ ਦੀ ਅਜ਼ਾਦੀ ਦੀ ਭਾਵਨਾ ਨੂੰ ਦਬਾਉਣ ਲਈ ਬ੍ਰਿਟਿਨ ਵਲੋਂ ਆਇਰਲੈਂਡ ਵਿੱਚ ਸ਼ਰਾਬ ਦੀਆਂ ਡਿਸਟਿਲਰੀਆਂ (ਭੱਠੀਆਂ) ਲਗਾ ਦਿੱਤੀਆਂ ਗਈਆਂ ਸਨ, ਤਾਂ ਜੋ ਉਹ ਸ਼ਰਾਬੀਆਂ ਦੀ ਕੌਮ ਬਣ ਜਾਣ। ਅੱਜ ਆਇਰਲੈਂਡ ਭਾਵੇਂ ਇਕ ਅਜ਼ਾਦ ਦੇਸ਼ ਹੈ ਅਤੇ ਨਾਰਦਰਨ ਆਇਰਲੈਂਡ ਬ੍ਰਿਟਿਸ਼ ਨਾਲ ਜੁੜਿਆ ਹੋਇਆ ਹੈ, ਪਰ ਆਇਰਿਸ਼ ਲੋਕ ਸ਼ਰਾਬ ਬਹੁਤੀ ਪੀਣ ਵਜੋਂ ਦੁਨੀਆ ਭਰ 'ਚ ਬਦਨਾਮ ਹਨ।

ਜਪਾਨੀਆਂ ਨੇ ਚੀਨੀ ਲੋਕਾਂ ਨੂੰ, ਰੂਸ ਨੇ ਮੰਗੋਲੀਅਨ ਲੋਕਾਂ ਨੂੰ, ਅੰਗਰੇਜ਼ਾਂ ਨੇ ਵੀ ਸੰਸਾਰ ਦੀਆਂ ਬਹੁਤ ਸਾਰੀਆਂ ਕੌਮਾਂ ਨੂੰ ਇਸੇ ਹੀ ਹਥਿਆਰ ਨਾਲ ਗੁਲਾਮ ਬਣਾਈ ਰੱਖਿਆ ਸੀ। ਚੀਨ ਨੂੰ ਗ਼ੁਲਾਮ ਬਣਾਈ ਰੱਖਣ ਲਈ ਗੋਰਿਆਂ ਨੇ ਵੀ ਚੀਨੀਆਂ ਨੂੰ ਅਫੀਮਚੀ ਬਣਾਇਆ ਸੀ। ਇਸ ਸਬੰਧ ਵਿੱਚ ਚੀਨ ਨਾਲ ਲੜੀਆਂ ਗਈਆਂ ਗੋਰਿਆਂ ਦੀਆਂ ਉਹ ਜੰਗਾਂ ਅਫ਼ੀਮ ਜੰਗਾਂ ਕਰਕੇ ਮਸ਼ਹੂਰ ਹਨ। 1948 ਦੇ ਚੀਨੀ ਇਨਕਲਾਬ ਮਗਰੋਂ ਅਫ਼ੀਮ ਨੂੰ ਦੇਸ਼ ਵਿੱਚੋਂ ਕੱਢ ਕੇ ਚੀਨ ਸੰਸਾਰ ਦਾ ਸ਼ਕਤੀਸ਼ਾਲੀ ਮੁਲਕ ਬਣ ਗਿਆ ਹੈ।

ਇਵੇਂ ਹੀ ਕਿਹਾ ਜਾਂਦਾ ਹੈ ਕਿ 1960ਵਿਆਂ ਵਿੱਚ ਅਮਰੀਕਾ ਦੇ ਕਾਲਿਆਂ ਵਿੱਚ ਆਈ ਬਰਾਬਰਤਾ ਦੀ ਜਾਗਰਤੀ ਲਹਿਰ ਨੂੰ ਕੁਰਾਹੇ ਪਾਉਣ ਲਈ ਡਰੱਗਜ਼ (ਨਸੀਲੀਆਂ ਵਸਤਾਂ) ਦਾ ਯੋਜਨਾਬੱਧ ਤਰੀਕੇ

ਨਾਲ ਕਾਲਿਆਂ ਦੇ ਇਲਾਕਿਆਂ ਵਿੱਚ ਪ੍ਰਸਾਰ ਕੀਤਾ ਗਿਆ ਸੀ। ਇਹ ਇਕ ਵੱਖਰੀ ਗੱਲ ਹੈ ਕਿ ਕਾਲਿਆਂ ਨੂੰ ਖਤਮ ਕਰਨ ਲਈ ਲਿਆਂਦੀਆਂ ਗਈਆਂ ਡਰੱਗਜ਼ ਦਾ ਸ਼ਿਕਾਰ ਅੱਜ ਸਭ ਨਸਲਾਂ-ਕੌਮਾਂ-ਧਰਮਾਂ ਦੇ ਬੱਚੇ ਹੋ ਰਹੇ ਹਨ।

1849 'ਚ ਖਾਲਸਾ ਰਾਜ ਹੜੱਪਣ ਮਗਰੋਂ ਫਰੰਗੀਆਂ ਨੇ ਆਪਣੇ ਗ਼ਦਾਰ ਜਰਨੈਲਾਂ ਰਾਹੀਂ ਇਹੀ ਫਾਰਮੂਲਾ ਵਰਤ ਕੇ ਸਿੱਖ ਫੌਜੀਆਂ ਅਤੇ ਸਿੱਖਾਂ ਅੰਦਰ ਸ਼ਰਾਬ ਦਾ ਚਸਕਾ ਵਾੜਿਆ ਅਤੇ ਨਾਲ ਹੀ ਗਿਣੀ ਮਿਥੀ ਸਾਜ਼ਿਸ਼ ਅਧੀਨ ਭੰਗ ਵਰਤਾਉਣੀ ਸ਼ੁਰੂ ਕੀਤੀ ਸੀ। ਅਣਖੀ ਨਿਹੰਗ ਸਿੰਘਾਂ ਨੂੰ ਉਨ੍ਹਾਂ ਚੁਣ ਚੁਣ ਕੇ ਮਾਰ ਮੁਕਾਇਆ ਅਤੇ ਰਹਿੰਦੇ-ਖੂੰਹਦਿਆਂ ਨੂੰ ਅਫੀਮਚੀ ਤੇ ਭੰਗ ਪੋਸਤ ਦੇ ਰਾਹੇ ਪਾਇਆ, ਜਿਨ੍ਹਾਂ ਦੀ ਬਹੁਗਿਣਤੀ ਅਜੇ ਤਕ ਉਨ੍ਹਾਂ ਰਾਹਾਂ ਤੇ ਤੁਰੀ ਜਾਂਦੀ ਹੈ। ਅਜ਼ਾਦੀ ਮਿਲਦਿਆਂ ਹੀ ਭਾਰਤੀ ਹਾਕਮ ਜਮਾਤ ਨੇ ਇਨ੍ਹਾਂ ਹੀ ਲੀਹਾਂ 'ਤੇ ਚਲਦਿਆਂ ਪੰਜਾਬ ਅੰਦਰ ਸ਼ਰਾਬ ਦੇ ਠੇਕਿਆਂ ਦਾ ਜਾਲ ਵਿਛਾਣਾ ਆਰੰਭ ਦਿੱਤਾ ਅਤੇ ਜ਼ੋਰਾਂ ਨਾਲ ਅੱਜ ਵੀ ਵਾਧੇ 'ਚ ਹੈ। ਅੱਜ ਪੱਛਮੀ ਲੋਕ ਤਾਂ ਸ਼ਰਾਬ ਤੇ ਤੰਬਾਕੂਨੋਸ਼ੀ ਦੀ ਦਲਦਲ 'ਚੋਂ ਨਿਕਲਣ ਲਈ ਤਰਲੋਮੱਛੀ ਹੋ ਰਹੇ ਹਨ, ਪਰ ਗੁਰੂ ਨਾਨਕ ਦੇ ਸਿੱਖ ਉਸ ਭੱਠੀ 'ਚ ਜ਼ੋਰ-ਸ਼ੋਰ ਨਾਲ ਛਾਲਾਂ ਮਾਰ ਰਹੇ ਹਨ।

1947 ਵਿੱਚ ਅਜ਼ਾਦ ਹੁੰਦਿਆਂ ਹੀ ਬ੍ਰਾਹਮਣਵਾਦੀ ਹਾਕਮਾਂ ਸਿੱਖ ਨਸਲਘਾਤ ਕਰਨ ਦੇ ਮਨਸੂਬੇ ਅਧੀਨ ਪੰਜਾਬ ਵਿੱਚ ਸ਼ਰਾਬ ਦੇ ਠੇਕਿਆਂ ਦਾ ਪ੍ਰਸਾਰ ਆਰੰਭ ਦਿੱਤਾ। ਅੱਜ ਆਰ.ਐਸ.ਐਸ. ਵਲੋਂ ਪੰਜਾਬ ਵਿੱਚ ਰੱਜ ਕੇ ਸ਼ਰਾਬ ਪਿਆਓ ਤੇ ਸਿੱਖ ਨਸਲਘਾਤ ਕਰੋ' ਦੀ ਨੀਤੀ ਚੱਲ ਰਹੀ ਹੈ। ਪੰਜਾਬ ਤੋਂ ਕੁਝ ਗਜ਼ਾਂ ਦੀ ਵਿੱਥ ਤੇ ਹਰਿਆਣੇ ਸੂਬੇ ਦੀ ਸਰਕਾਰ ਤਾਂ ਮੁਕੰਮਲ ਨਸ਼ੇਬੰਦੀ ਦੇ ਪ੍ਰੋਗਰਾਮ ਨੂੰ ਬੜੀ ਸਖਤੀ ਨਾਲ ਸਿਰੇ ਚਾੜ੍ਹਨ ਲੱਗ ਪਈ, ਪਰ ਪੰਜਾਬ ਦੀ ਅਖੌਤੀ ਪੰਥਕ ਸਰਕਾਰ ਸਿੱਖਾਂ ਨੂੰ ਸ਼ਰਾਬ ਦੇ ਸਮੁੰਦਰ ਵਿੱਚ ਡੋਬਣ 'ਤੇ ਤੁਲੀ ਹੋਈ ਹੈ ਅਤੇ ਇਸ ਨੇ ਹਰ ਪੰਜ ਸੌ ਗਜ਼ 'ਤੇ ਸ਼ਰਾਬ ਦੇ ਠੇਕਿਆਂ ਦਾ ਜਾਲ ਵਿਛਾ ਦਿੱਤਾ ਹੈ।

ਬੜੇ ਸੋਚੇ ਸਮਝੇ ਪਲਾਨ ਅਧੀਨ ਸਿੱਖ ਕੌਮ ਨੂੰ ਸ਼ਰਾਬੀਆਂ ਤੇ ਅਫੀਮਚੀਆਂ ਦੀ ਕੌਮ ਬਣਾਇਆ ਜਾ ਰਿਹਾ ਹੈ। ਸਿੱਖ ਬੱਚੇ, ਨੌਜਵਾਨ ਅਤੇ ਬੁੱਢੇ ਹੱਡ-ਭੰਨਵੀਂ ਮਿਹਨਤ ਦੇ ਪੈਸੇ ਦੇਕੇ ਮੌਤ ਖਰੀਦ ਰਹੇ ਹਨ। ਇਹ ਹੈ ਚਾਣਕੀਆ ਨੀਤੀ ਦਾ ਕਮਾਲ। ਅਗਲਾ ਪੈਸੇ ਵੀ ਦੇਵੇ ਅਤੇ ਆਪਣੀ ਮੌਤ ਦੇ ਵਾਰੰਟਾਂ 'ਤੇ ਆਪ ਦਸਤਖਤ ਕਰਕੇ ਮਰੇ ਵੀ ਆਪਣੇ ਆਪ। ਨਸ਼ੇਖੋਰ ਨੂੰ ਤਾਂ ਹਰ ਕੀਮਤ 'ਤੇ ਨਸ਼ਾ ਚਾਹੀਦਾ ਹੈ ਭਾਵੇਂ ਉਹ ਘਾਤਕ ਜ਼ਹਿਰ ਹੀ ਕਿਉਂ ਨਾ ਹੋਵੇ। ਪੰਜਾਬ ਦੇ ਕਿਸਾਨ ਕਰਜ਼ੇ

ਥੱਲੇ ਦੱਬੇ ਪਏ ਹਨ। ਨਸ਼ੇ ਦੇ ਘੁਟ ਨਾਲ ਮਾਯੂਸ ਜ਼ਿੰਦਗੀ ਨੂੰ ਥਾਪੜਾ ਦੇਕੇ ਬਾਕੀ ਬਚਦੀ ਜ਼ਮੀਨ ਵੇਚਕੇ ਕੁਝ ਸ਼ਰਾਬਾਂ 'ਚ ਰੋੜ੍ਹ ਰਹੇ ਹਨ ਅਤੇ ਬਾਕੀ ਦੀ ਬਚੀ ਰਕਮ ਪ੍ਰਦੇਸਾਂ 'ਚ ਜਾਣ ਲਈ ਹਿੰਦੂ ਸਮੱਗਲਰਾਂ ਦੀਆਂ ਜੇਬਾਂ ਭਰਦੇ ਹਨ। ਸਿੱਖ ਪੰਜਾਬੋਂ ਬਾਹਰ ਧੱਕੇ ਖਾਣ ਲਈ ਤੁਰੀ ਜਾਂਦੇ ਹਨ ਅਤੇ ਯੂਪੀ ਬਿਹਾਰ ਦੇ ਭਈਏ ਪੰਜਾਬ ਦੇ ਵਾਸੀ ਬਣਕੇ ਮਾਲਕ ਬਣਦੇ ਜਾ ਰਹੇ ਹਨ। ਹੇੜਾਂ ਦੀਆਂ ਹੇੜਾਂ ਲਿਆਂਦੀਆਂ ਜਾ ਰਹੀਆਂ ਹਨ ਅਤੇ ਉਹਨਾਂ ਨੂੰ ਸਰਕਾਰੀ ਖਰਚੇ 'ਤੇ ਮਕਾਨ ਬਣਾ ਕੇ ਦਿੱਤੇ ਜਾ ਰਹੇ ਹਨ।

ਸਰਕਾਰ ਵਲੋਂ ਪੰਜਾਬ ਦੇ ਸਮੱਗਲਰਾਂ ਨੂੰ ਪੂਰੀ ਹਿਮਾਇਤ ਹਾਸਲ ਹੈ ਅਤੇ ਸਰਕਾਰੀ ਅਮਲਾ ਵਰਤਣ ਦੀ ਵੀ ਪੂਰੀ ਖੁੱਲ੍ਹ ਦਿੱਤੀ ਹੋਈ ਹੈ। ਵੱਡੇ ਵੱਡੇ ਸਮੱਗਲਰ ਕਾਂਗਰਸ ਨਾਲ ਸਬੰਧਤ ਹਨ ਜਾਂ ਸਰਕਾਰ ਦੀ ਖੁਫੀਆ ਏਜੰਸੀ ਨਾਲ। ਸਮੱਗਲਰ ਕੋਤਵਾਲਾਂ ਦਾ ਹਿੱਸਾ ਹਰ ਮਹੀਨੇ ਘਰ ਪਹੁੰਚਾਉਂਦੇ ਹਨ। ਸਿੱਖ ਕੌਮ ਦੀ ਨਸਲਕੁਸ਼ੀ ਕਰਨ ਦੇ ਪਲਾਨ ਅਧੀਨ ਪੰਜਾਬ ਅੰਦਰ ਸ਼ਰਾਬ ਤੇ ਅਫੀਮ ਦੇ ਢੇਰ ਹਮੇਸ਼ਾ ਵਾਧੇ 'ਚ ਰੱਖੇ ਜਾਂਦੇ ਹਨ। ਪੈਸਾ ਕਮਾਉਣ ਵਾਲੇ ਸਮੱਗਲਰ ਅਤੇ ਸਰਕਾਰੀ ਅਫਸਰ ਮਿਲਕੇ ਕੰਮ ਕਰਦੇ ਹਨ। ਜਦ ਸਰਕਾਰ ਦਾ ਨਿਸ਼ਾਨਾ ਹੈ ਸਿੱਖਾਂ ਨੂੰ ਸ਼ਰਾਬੀ ਤੇ ਅਫੀਮਚੀ ਬਣਾਉਣਾ, ਤਾਂ ਕਿਸ 'ਚ ਜੁਰਅਤ ਹੈ ਕਿੰਤੂ ਪਰੰਤੂ ਕਰਨ ਦੀ। 'ਸਈਆਂ ਭਏ ਕੋਤਵਾਲ ਤਾਂ ਡਰ ਕਾਹੇ ਕਾ' ਵਾਲੀ ਗੱਲ ਹੈ ਇਥੇ।

ਪੰਜਾਬ ਵਿੱਚ ਨਸ਼ੀਲੇ ਪਦਾਰਥਾਂ ਦੀ ਵਰਤੋਂ ਬਹੁਤ ਵੱਧ ਚੁੱਕੀ ਹੈ। ਨੌਜਵਾਨ ਪੀੜੀ 'ਤੇ ਇਹਨਾਂ ਦਾ ਬਹੁਤ ਅਸਰ ਪਿਆ ਹੈ। 8 ਅਪ੍ਰੈਲ 2001 ਦੇ ਟ੍ਰਿਬਿਊਨ ਵਿੱਚ ਪੰਜਾਬ ਸਿਹਤ ਵਿਭਾਗ ਵਲੋਂ ਛਪੇ ਸਰਵੇਖਣ ਮੁਤਾਬਕ ਸੂਬੇ ਦਾ ਹਰ ਤੀਜਾ ਵਿਦਿਆਰਥੀ ਅਤੇ ਹਰ ਸੱਤਵੀਂ ਵਿਦਿਆਥਣ ਨੇ ਨਸ਼ਿਆਂ ਦਾ ਸਵਾਦ ਚੱਖਿਆ ਹੋਇਆ ਹੈ। ਸਰਕਾਰ ਦੇ ਇਕ ਸੀਨੀਅਰ ਅਧਿਕਾਰੀ ਨੇ ਮੰਨਿਆ ਕਿ ਸਥਿਤੀ ਸੱਚਮੁਚ ਚਿੰਤਾ ਜਨਕ ਹੈ।

ਅੱਜ ਦੀ ਹਾਕਮ ਜਮਾਤ ਪੰਜਾਬ ਵਿੱਚ ਸਿੱਖਾਂ ਦੀ ਨਸਲ ਕੁਸ਼ੀ ਵੀ ਕਰ ਰਹੀ ਹੈ ਅਤੇ ਕਰੋੜਾਂ ਅਰਬਾਂ ਟੈਕਸ ਵੀ ਵਸੂਲ ਰਹੀ ਹੈ। ਗੁਰੂਆਂ ਦੀ ਧਰਤੀ ਪੰਜਾਬ ਵਿੱਚ ਸ਼ਰਾਬ ਦੀ ਖਪਤ ਭਾਰਤ ਦੇ ਹੋਰਨਾਂ ਸੂਬਿਆਂ ਨਾਲੋਂ ਸਭ ਤੋਂ ਵੱਧ ਹੈ। ਇਹ ਸਿੱਖ ਨਸਲਕੁਸ਼ੀ ਨਹੀਂ ਤਾਂ ਹੋਰ ਕੀ ਹੈ। ਪਿਛਲੇ ਕੁਝ ਸਾਲਾਂ ਤੋਂ ਖੇਤੀ ਆਰਥਿਕਤਾ ਡਾਵਾਂਡੋਲ ਹੋਣ ਕਾਰਨ ਮਾਲਵਾ ਖੇਤਰ ਭੁੱਕੀ ਪੋਸਤ ਦੀ ਮਾਰ ਹੇਠਾਂ ਆ ਚੁੱਕਿਆ ਹੈ। ਜਿਸ ਪਿੰਡ ਜਾਓ, ਭੁੱਕੀ ਦੇ ਆਦੀ ਆਮ ਮਿਲਦੇ ਹਨ। ਸੂਬੇ ਦੀ ਚੋਣਾਂ ਸਮੇਂ, ਸਣੇ ਹਾਕਮ ਜਮਾਤ ਦੇ ਸਾਰੀਆਂ ਪਾਰਟੀਆਂ ਭੁੱਕੀ ਸ਼ਰੇਆਮ

ਵਰਤਦੀਆਂ ਹਨ। ਅਫ਼ੀਮ ਨਾਲੋਂ ਸਸਤੀ ਹੋਣ ਕਾਰਨ ਮਾਲਵੇ ਤੋਂ ਬਿਨਾਂ ਰਾਜ ਦੇ ਹੋਰਨਾਂ ਇਲਾਕਿਆਂ ਵਿੱਚ ਵੀ ਇਹ ਆਮ ਵਰਤੀ ਜਾਂਦੀ ਹੈ।

ਪੰਜਾਬ 'ਚ ਸ਼ਰਾਬ ਦੀ ਖਪਤ

ਪੰਜਾਬ ਭਰ ਵਿੱਚ 70% ਵਸੋਂ ਕਿਸੇ ਨਾ ਕਿਸੇ ਰੂਪ ਵਿੱਚ ਨਸ਼ਿਆਂ ਦੇ ਕੋਹੜ ਦੀ ਆਦੀ ਹੋ ਚੁੱਕੀ ਹੈ, ਜਿਸ ਦਾ ਜ਼ਿਮੇਵਾਰ ਬਾਦਲ ਲਾਣਾ ਹੀ ਹੈ। ਕੁਝ ਸਮਾਂ ਪਹਿਲਾਂ ਪੰਜਾਬ ਵਿੱਚ 7500 ਠੇਕੇ ਸਨ ਜੋ ਵੱਧ ਕੇ 10,000 ਹੋ ਗਏ, ਹੁਣ 15 ਹਜ਼ਾਰ ਤੋਂ ਵੱਧ ਠੇਕੇ ਇਹ ਚਲਾ ਰਹੇ ਹਨ। ਬਾਦਲ ਲਾਣੇ ਨੇ ਪੰਜਾਬ 'ਚ ਪੰਜ-ਪੰਜ ਸੌ ਗਜ਼ 'ਤੇ ਠੇਕਾ ਖੋਲ੍ਹ ਰੱਖਿਆ ਹੈ। ਸਿਹਤ ਵਿਭਾਗ ਦੇ ਅੰਕੜਿਆਂ ਮੁਤਾਬਕ 48% ਪੇਂਡੂ ਨੌਜਵਾਨ ਅਤੇ 53% ਸ਼ਹਿਰੀ ਨੌਜਵਾਨ ਪੂਰੀ ਤਰ੍ਹਾਂ ਨਸ਼ਿਆਂ ਦੇ ਆਦੀ ਹੋ ਚੁੱਕੇ ਹਨ। ਪਹਿਲਾਂ ਪੰਜਾਬ ਨੂੰ ਸ਼ਰਾਬ ਵਿੱਚ ਡੋਬਿਆ ਗਿਆ ਤੇ ਹੁਣ ਤੰਬਾਕੂ ਦੀ ਖਪਤ ਵਿੱਚ ਵੀ ਮੋਹਰੀ ਬਣਨ ਵਾਲਾ ਹੈ। ਲੁਧਿਆਣੇ ਵਿੱਚ ਤਾਂ ਹੁਣ ਇਸ ਗੱਲ ਦੀ ਚਰਚਾ ਹੈ ਕਿ ਉਥੇ ਸਰਕਾਰ ਤੰਬਾਕੂ ਦੀ ਫੈਕਟਰੀ ਲਾਉਣ ਵਾਲੀ ਹੈ ਤਾਂ ਜੋ ਰਹਿੰਦੀ-ਖੂੰਹਦੀ ਕਸਰ ਪੂਰੀ ਕੀਤੀ ਜਾ ਸਕੇ।

ਪੰਜਾਬ ਅੰਦਰ ਹੁਣ ਰੇਲਵੇ ਸਟੇਸ਼ਨਾਂ, ਬੱਸ ਅੱਡਿਆਂ, ਪਾਰਕਾਂ, ਸੜਕਾਂ ਅਤੇ ਬਾਜ਼ਾਰਾਂ ਵਿੱਚ ਬੀੜੀਆਂ ਸਿਗਰਟਾਂ ਦਾ ਧੂੰਆਂ ਜਬਰੀ ਸਿੱਖਾਂ ਦੀਆਂ ਨਾਸਾਂ ਵਿੱਚ ਚਾੜ੍ਹਿਆ ਜਾ ਰਿਹਾ ਹੈ। ਬੱਸਾਂ, ਰੇਲ ਗੱਡੀਆਂ, ਸਕੂਟਰਾਂ-ਸਾਈਕਲਾਂ 'ਤੇ ਸਫਰ ਕਰਨ ਸਮੇਂ ਮੱਲੋਮੱਲੀ 'ਜਗਤਜੂਠ' ਦਾ ਧੂੰਆਂ ਅੰਦਰ ਲੰਘਾਉਣ ਲਈ ਮਜਬੂਰ ਕੀਤਾ ਜਾਂਦਾ ਹੈ। ਹਰ ਥਾਂ ਸਿਗਰਟਾਂ ਬੀੜੀਆਂ ਦੇ ਟੁਕੜੇ ਅਤੇ ਪਾਨ ਦੀਆਂ ਸੁੱਟੀਆਂ ਗਈਆਂ ਰਾਲਾਂ ਕਾਰਨ ਪਬਲਿਕ ਥਾਵਾਂ ਦੀ ਹਾਲਤ ਵੇਖਿਆਂ ਮਨ ਨੂੰ ਉਲਟੀ ਆਉਣ ਲੱਗ ਪੈਂਦੀ ਹੈ। ਅਫਸੋਸ ਤਾਂ ਇਸ ਗੱਲ ਦਾ ਹੈ ਕਿ ਇਹ ਸਭ ਕੁਝ ਅਖੌਤੀ ਪੰਥਕ ਅਕਾਲੀ ਸਰਕਾਰ ਦੀ ਮਿਲੀਭੁਗਤ ਨਾਲ ਅਤੇ ਉਹਨਾਂ ਦੇ ਨੱਕ ਹੇਠਾਂ ਹੋ ਰਿਹਾ ਹੈ।

ਧੋਤੀ-ਟੋਪੀ ਦਾ ਸਭਿਆਚਾਰ ਜ਼ੋਰ-ਸ਼ੋਰ ਨਾਲ ਵਾਧੇ ਵਿੱਚ ਹੈ। ਪ੍ਰਚਲਤ ਲੇਬਰ ਨਾਲੋਂ ਅੱਧੇ ਰੇਟ ਤੇ ਕੰਮ ਕਰ ਰਹੇ ਭਈਆਂ ਨੂੰ ਹੀ ਹਰ ਥਾਂ ਹਿੰਦੂ ਸਨਅਤਕਾਰ ਕੰਮ ਦੇ ਰਹੇ ਹਨ। ਸਰਕਾਰ ਵੀ ਬਾਦਲ ਭੋਗਰੇ ਤੇ ਬੀ.ਜੇ.ਪੀ.ਦੀ ਅਤ ਸਨਅਤ ਵੀ ਹਿੰਦੂਆਂ ਦੀ। ਪੰਜਾਬ ਅੰਦਰ ਹਿੰਦੂ ਗਿਣਤੀ ਵਧਾਉਣ ਲਈ ਭਈਆਂ ਨੂੰ ਹਰ ਸਰਕਾਰੀ ਤੇ ਪ੍ਰਾਈਵੇਟ ਅਦਾਰੇ ਵਿੱਚ ਪਹਿਲ ਦੇ ਆਧਾਰ ਤੇ ਰੱਖਿਆ ਜਾਂਦਾ ਹੈ। ਚਾਹੇ ਰੇਲ

ਕੋਚ ਫੈਕਟਰੀ ਹੋਵੇ,ਚਾਹੇ ਬਠਿੰਡੇ ਦਾ ਤੇਲ ਸੋਧਕ ਕਾਰਖਾਨਾ ਹੋਵੇ,ਚਾਹੇ ਸਾਈਕਲਾਂ ਦਾ ਕਾਰਖਾਨਾ ਹੋਵੇ ਤੇ ਚਾਹੇ ਰਾਜਾਸਾਂਸੀ ਦਾ ਹਵਾਈ ਅੱਡਾ ਹੋਵੇ,ਹਰ ਥਾਂ ਯੂ.ਪੀ.ਬਿਹਾਰ ਦੀ ਭਰਤੀ ਪੰਜਾਬੀਆਂ ਨਾਲੋਂ ਦੂਣੀ ਤੋਂ ਵੀ ਵੱਧ ਕੀਤੀ ਜਾਂਦੀ ਹੈ। ਕਈ ਪ੍ਰਾਈਵੇਟ ਅਦਾਰੇ ਤਾਂ ਭਰਤੀ ਟੋਟਲ ਭਈਆਂ ਦੀ ਹੀ ਕਰਦੇ ਹਨ।

'ਦੀ ਹਿੰਦੁਸਤਾਨ ਟਾਈਮਜ਼',ਇਕ ਹਿੰਦੂ ਅਖਬਾਰ ਵਲੋਂ ਨਸ਼ਿਆਂ 'ਚ ਡੁੱਬੇ ਅੰਮ੍ਰਿਤਸਰ ਸਬੰਧੀ ਦਿੱਤੇ ਗਏ ਹੇਠ ਲਿਖੇ ਅੰਕੜੇ ਸਿੱਖ ਨਸਲ ਘਾਤ ਦੀ ਮੂੰਹ ਬੋਲਦੀ ਤਸਵੀਰ ਹਨ। ਇਹ ਹੈਰਾਨਕ ਹਾਲਤ ਸਿੱਖ ਕੌਮ ਦਾ ਫੌਰੀ ਧਿਆਨ ਮੰਗਦੀ ਹੈ:

"ਨਸ਼ੀਲੀਆਂ ਦਵਾਈਆਂ ਦੇ ਸ਼ਿਕੰਜੇ 'ਚ ਫਸਿਆ ਅੰਮ੍ਰਿਤਸਰ"

'ਪ੍ਰਾਪਤ ਖਬਰਾਂ ਅਨੁਸਾਰ ਇਸ ਸਰਹੱਦੀ ਜ਼ਿਲ੍ਹੇ 'ਚ ਨਸ਼ੀਲੀਆਂ ਵਸਤੂਆਂ ਦਾ ਪ੍ਰਯੋਗ ਖਤਰਨਾਕ ਦਰ ਨਾਲ ਵੱਧ ਰਿਹਾ ਹੈ। 14 ਤੋਂ 25 ਸਾਲ ਤਕ ਦੀ ਉਮਰ ਦੇ ਸਕੂਲਾਂ,ਕਾਲਜਾਂ,ਯੂਨੀਵਰਸਿਟੀਆਂ ਦੇ ਵਿਦਿਆਥੀ,ਵਪਾਰੀ,ਰਿਕਸ਼ਾ ਵਾਹੁਣ ਵਾਲੇ,ਬੱਸਾਂ ਦੇ ਡਰਾਈਵਰ-ਕੰਨਡਕਟਰ ਬੜੀ ਵੱਡੀ ਗਿਣਤੀ 'ਚ ਨਸ਼ੀਲੀਆਂ ਦਵਾਈਆਂ ਦੀ ਵਰਤੋਂ ਕਰ ਰਹੇ ਹਨ। ਜਵਾਨ ਲੜਕੀਆਂ,ਨਰਸਾਂ ਤੇ ਬਸਤੀਆਂ 'ਚ ਰਹਿਣ ਵਾਲੀਆਂ ਔਰਤਾਂ ਆਪਣੀਆਂ ਮੁਸ਼ਕਲਾਂ ਵਾਲੀ ਜ਼ਿੰਦਗੀ ਤੋਂ ਬਚਣ ਲਈ ਨਸ਼ੀਲੀਆਂ ਦਵਾਈਆਂ ਪ੍ਰਯੋਗ 'ਚ ਲਿਆ ਰਹੀਆਂ ਹਨ।'

ਨਸ਼ੀਲੀਆਂ ਦਵਾਈਆਂ ਬਾਰੇ ਜਾਣਕਾਰੀ ਦਿੰਦਿਆਂ ਅੱਗੇ ਲਿਖਦਾ ਹੈ :

'ਇਸ ਜ਼ਿਲ੍ਹੇ ਦੇ ਨਸ਼ਈ ਕੁਦਰਤੀ ਤੇ ਕਾਰਖਾਨਿਆਂ 'ਚ ਬਣੀਆਂ ਦੋਵੇਂ ਕਿਸਮ ਦੀਆਂ ਨਸ਼ੀਲੀਆਂ ਵਸਤੂਆਂ ਵਰਤਦੇ ਹਨ। ਕੋਕੇਨ,ਅਫੀਮ,ਹੈਰੋਇਨ ਤੇ ਸਮੈਕ ਜ਼ਿਆਦਾ ਵਰਤੋਂ 'ਚ ਆ ਰਹੀਆਂ ਹਨ ਕਿਉਂਕਿ ਇਹ ਪਿੰਡਾਂ ਤੇ ਆਮ ਥਾਵਾਂ ਤੇ ਬੜੀ ਅਸਾਨੀ ਨਾਲ ਮਿਲ ਜਾਂਦੀਆਂ ਹਨ। ਕਿਉਂਕਿ ਹੁਣ ਅਫੀਮ ਤੇ ਹੈਰੋਇਨ ਜ਼ਿਆਦਾ ਮਹਿੰਗੀਆਂ ਹੁੰਦੀਆਂ ਜਾਂਦੀਆਂ ਹਨ,ਇਸ ਲਈ ਟੀਕੇ ਤੇ ਹੋਰ ਨਸ਼ੀਲ ਿਆਂ ਦਵਾਈਆਂ ਜੋ ਬਜ਼ਾਰ 'ਚ ਅਸਾਨੀ ਨਾਲ ਮਿਲ ਜਾਂਦੀਆਂ ਹਨ,ਨੌਜਵਾਨਾਂ ਵਲੋਂ ਵਰਤੀਆਂ ਜਾ ਰਹੀਆਂ ਹਨ। ਨੌਜਵਾਨ ਸਿੱਧੇ ਨਾੜ 'ਚ ਲੱਗਣ ਵਾਲੇ ਟੀਕਿਆਂ ਦੀ ਵਰਤੋਂ ਕਰਦੇ ਹਨ। ਇਹ ਬੜਾ ਮਾਰੂ ਸਾਬਤ ਹੋ ਸਕਦਾ ਹੈ ਕਿਉਂਕਿ ਇਸ ਤੋਂ ਐਚ.ਆਈ.ਵੀ.(ਏਡਜ਼) ਵਾਇਰਸ ਫੈਲ ਸਕਦੀ ਹੈ।'

ਅੱਗੇ ਇਹਨਾਂ ਨਸ਼ੀਲੀਆਂ ਦਵਾਈਆਂ ਦੇ ਖੌਫਨਾਕ ਸਿੱਟਿਆਂ ਦੀ

ਜਾਣਕਾਰੀ ਦੇਂਦਿਆਂ ਲਿਖਦਾ ਹੈ:

'ਹਰ ਸਾਲ 10 ਸਾਲ ਤੋਂ 35 ਸਾਲ ਦੀ ਉਮਰ ਤਕ ਦੇ 5000 ਪ੍ਰਾਣੀ ਇਹਨਾਂ ਨਸ਼ੀਲੀਆਂ ਦਵਾਈਆਂ ਦੀ ਵਰਤੋਂ ਕਰਕੇ ਮਰ ਰਹੇ ਹਨ। ਇਹਨਾਂ 5000 ਮਰਣ ਵਾਲਿਆਂ 'ਚੋਂ 1200 ਮਰਣ ਵਾਲੇ ਵਿਦਿਆਰਥੀ 16 ਤੋਂ 21 ਸਾਲ ਤਕ ਦੀ ਉਮਰ ਦੇ ਹਨ। ਹੁਣ ਮਰਣ ਵਾਲਿਆਂ ਦੀ ਗਿਣਤੀ ਹੋਰ ਵੀ ਤੇਜ਼ੀ ਨਾਲ ਵੱਧ ਰਹੀ ਹੈ। ਨਾੜਾਂ ਰਾਹੀਂ ਨਸ਼ੀਲੇ ਟੀਕੇ ਲਾਉਣ ਵਾਲਿਆਂ ਸਬੰਧੀ ਇੰਡੀਅਨ ਕੌਂਸਲ ਆਫ ਮੈਡੀਕਲ ਰਿਸਰਚ ਦਾ ਕਹਿਣਾ ਹੈ ਕਿ ਇਹਨਾਂ 'ਚੋਂ 50٪ ਤੋਂ ਜ਼ਿਆਦਾ ਲੋਕ ਐ.ਆਈ.ਵੀ.(ਏਡਜ਼ ਵਾਇਰਸ) ਦਾ ਸ਼ਿਕਾਰ ਹਨ। ਨਸ਼ੀਲੀਆਂ ਦਵਾਈਆਂ ਵਰਤਣ ਵਾਲੇ ਅਸਲ 'ਚ ਹੋਰ ਵੀ ਲਿੰਗ ਸਬੰਧੀ ਬੀਮਾਰੀਆਂ ਦਾ ਸ਼ਿਕਾਰ ਹਨ।'

ਜਦੋਂ ਹਾਕਮ ਕੌਮ ਆਪਣੀ ਗ਼ੁਲਾਮ ਕੌਮ ਦੀਆਂ ਧਾਰਮਿਕ, ਸਭਿਆਚਾਰਕ, ਆਰਥਿਕ ਅਤੇ ਇਤਿਹਾਸਕ ਜੜ੍ਹਾਂ ਵੱਢਕੇ, ਹੀਣਿਆਂ ਬਣਾ ਕੇ, ਗ਼ੁਲਾਮ ਕੌਮ ਨੂੰ ਢਾਹ ਲੈਂਦੀ ਹੈ, ਤਾਂ ਉਸ ਹਾਲਤ ਵਿੱਚ ਗ਼ੁਲਾਮ ਕੌਮ ਦੇ ਬੰਦੇ ਹਾਕਮ ਜਮਾਤ ਦੀ ਬੋਲੀ ਤੇ ਉਸ ਦੇ ਸਭਿਆਚਾਰ ਵਿੱਚ ਫ਼ਖ਼ਰ ਕਰਨ ਲੱਗ ਪੈਂਦੇ ਹਨ ਅਤੇ ਆਪਣੀ ਬੋਲੀ ਤੇ ਸਭਿਆਚਾਰ ਨੂੰ ਘਟੀਆ ਸਮਝਣ ਲੱਗ ਪੈਂਦੇ ਹਨ। ਇਸ ਤਰ੍ਹਾਂ ਹਾਕਮ ਕੌਮ ਗ਼ੁਲਾਮ ਕੌਮ ਨੂੰ ਆਪਣੇ ਧਰਮ, ਸਭਿਆਚਾਰ ਤੇ ਬੋਲੀ ਦੀ ਬੁੱਕਲ ਵਿੱਚ ਲੁਕੋ ਲੈਂਦੀ ਹੈ ਅਤੇ ਉਸ ਕੌਮ ਦੀਆਂ ਰਵਾਇਤਾਂ ਦੀਆਂ ਖਿਲੀਆਂ ਉਡਾ ਕੇ, ਉਸ ਦੀ ਰਹਿੰਦੀ ਖੁੰਹਦੀ ਅਣਖ ਤੇ ਗ਼ੈਰਤ 'ਤੇ ਕਰਾਰੀਆਂ ਸੱਟਾਂ ਮਾਰ ਕੇ ਉਸ ਦੀ ਹੋਂਦ ਨੂੰ ਖ਼ਤਮ ਕਰਕੇ ਰੱਖ ਦੇਂਦੀ ਹੈ।

ਅੱਜ ਦਾ ਸਿੱਖ ਭਾਵੇਂ ਪੰਜਾਬ ਵਿੱਚ ਰਹਿੰਦਾ ਹੈ ਤੇ ਭਾਵੇਂ ਪੰਜਾਬੋਂ ਬਾਹਰ, ਹਿੰਦੀ ਵਿੱਚ ਬੋਲਣਾ ਫ਼ਖ਼ਰ ਸਮਝਣ ਲੱਗ ਪਿਆ ਹੈ। ਹਿੰਦੂ ਸਭਿਆਚਾਰਕ ਤੌਰ-ਤਰੀਕਿਆਂ ਦੇ ਨਾਲ-ਨਾਲ ਹਿੰਦੂ ਮਿਥਿਹਾਸਕ ਹਵਾਲੇ ਵੀ ਹਰ ਵੇਲੇ ਉਸ ਦੀ ਜ਼ਬਾਨ 'ਤੇ ਰਹਿੰਦੇ ਹਨ। ਜਿਸ ਕੌਮ ਦਾ ਦਿਮਾਗ਼ (ਬੁੱਧੀਜੀਵੀ) ਹੀ ਵਿਕਾਊਮਾਲ ਬਣ ਜਾਵੇ, ਤਾਂ ਉਸ ਕੌਮ ਦੀ ਹਾਲਤ ਇਵੇਂ ਹੀ ਹੁੰਦੀ ਹੈ, ਜਿਵੇਂ ਅੱਜ ਸਿੱਖ ਕੌਮ ਦੀ ਹੈ। ਗ਼ਾਫ਼ਲ ਸਿੱਖ ਕੌਮ ਆਪਣੇ ਸ਼ਾਨਦਾਰ ਵਿਗਿਆਨਕ ਵਿਰਸੇ ਤੋਂ ਬੇਖ਼ਬਰ ਹੋਕੇ ਆਪ ਹੀ ਆਪਣੇ ਵਿਰਸੇ ਨੂੰ ਮਿੱਟੀ ਘੱਟੇ ਰੋਲ ਰਹੀ ਹੈ। ਹੁਣ ਸੁਆਲ ਪੈਦਾ ਹੁੰਦਾ ਹੈ ਕਿ ਕੀ ਸਿੱਖ ਕੌਮ ਇਸੇ ਤਰ੍ਹਾਂ ਅਵੇਸਲੀ ਹੋ ਕੇ ਆਪਣੇ ਸ਼ਾਨਦਾਰ ਇਤਿਹਾਸਕ ਵਿਰਸੇ ਅਤੇ ਆਪਣੀ ਨਵੇਕਲੀ ਹੋਂਦ ਨੂੰ ਖੋਹ ਬੈਠੇਗੀ?

ਫੌਜ 'ਚੋਂ ਸਿੱਖਾਂ ਦੀ ਨਫਰੀ ਕਿਵੇਂ ਘਟਾਈ ਗਈ?

ਅੰਗਰੇਜ਼ੀ ਰਾਜ ਸਮੇਂ ਸਿੱਖ ਫੌਜੀਆਂ ਲਈ ਖਾਸ ਰਿਆਇਤਾਂ

ਅਜ਼ਾਦੀ ਤੋਂ ਪਹਿਲਾਂ ਅੰਗਰੇਜ਼ੀ ਰਾਜ ਸਮੇਂ ਹਰ ਛਾਉਣੀ 'ਚ ਗੁਰਦੁਆਰਾ ਸਥਾਪਤ ਕਰਨਾ ਜ਼ਰੂਰੀ ਸੀ। ਅਜ਼ਾਦੀ ਮਿਲਦਿਆਂ ਹੀ ਇਸ ਮਨੂ ਸਰਕਾਰ ਨੇ ਸਥਾਪਤ ਗੁਰਦੁਆਰੇ ਬੰਦ ਕਰਨੇ ਸ਼ੁਰੂ ਕਰ ਦਿੱਤੇ ਅਤੇ ਨਵੇਂ ਗੁਰਦੁਆਰੇ ਬਣਾਉਣ 'ਤੇ ਪਾਬੰਦੀਆਂ ਲਾ ਦਿੱਤੀਆਂ। ਹੁਣ ਤਾਂ 'ਬਾਤ-ਚੀਤ' ਦੇ ਸਰਕੁਲਰ ਮੁਤਾਬਕ ਹਰ ਅੰਮ੍ਰਿਤਧਾਰੀ ਸਿੱਖ ਅੱਤਵਾਦੀ, ਦੇਸ਼-ਧਰੋਹੀ ਅਤੇ ਲੁੱਟਾਂ-ਖੋਹਾਂ ਕਰਨ ਵਾਲਾ ਗਰਦਾਨ ਦਿੱਤਾ ਗਿਆ ਹੈ।

ਅੰਗਰੇਜ਼ਾਂ ਨੇ ਸਿੱਖ ਰਾਜ 'ਤੇ ਕਾਬਜ਼ ਹੋਕੇ 19 ਮਾਰਚ 1851 ਨੂੰ ਹੁਕਮ ਜਾਰੀ ਕੀਤਾ ਸੀ ਕਿ ਕੋਈ ਵੀ ਸਿੱਖ ਫੌਜੀ ਦਾੜ੍ਹੀ ਕੇਸ ਨਹੀ ਕਟਾਏਗਾ ਅਤੇ ਉਸ ਨੂੰ ਪੂਰਨ ਅੰਮ੍ਰਿਤਧਾਰੀ ਹੋਣਾ ਪਏਗਾ। ਜੇ ਕੋਈ ਸਿੱਖ ਫੌਜੀ ਰਹਿਤ ਮਰਯਾਦਾ ਤੋੜੇਗਾ ਤਾਂ ਉਸ ਦਾ ਕੋਰਟ ਮਾਰਸ਼ਲ ਕਰਕੇ ਗਰੰਥੀ ਅਤੇ ਪੰਜ ਪਿਆਰਿਆਂ ਦੇ ਸਪੁਰਦ ਕੀਤਾ ਜਾਏਗਾ। ਮਨੂਵਾਦੀ ਸਰਕਾਰ ਨੇ ਉਹ ਹੁਕਮ ਵਾਪਸ ਲੈ ਲਿਆ ਅਤੇ ਸਿੱਖ ਅਫਸਰਾਂ ਨੂੰ ਕੇਸ ਕਤਲ ਕਰਨ, ਸ਼ਰਾਬ ਪੀਣ ਅਤੇ ਸਿੱਖੀ ਦੀ ਨਵੇਕਲੀ ਹੋਂਦ ਨੂੰ ਖਤਮ ਕਰਨ ਲਈ ਉਤਸ਼ਾਹਤ ਕਰਨਾ ਸ਼ੁਰੂ ਕਰ ਦਿੱਤਾ ਹੋਇਆ ਹੈ ਅਤੇ ਤਰੱਕੀ ਦੇ ਲਾਲਚ ਦੇਣੇ ਸ਼ੁਰੂ ਕਰ ਦਿੱਤੇ ਗਏ। ਸਿੱਖ ਫੌਜੀਆਂ ਨੂੰ ਕੇਸ ਕਤਲ ਕਰਨ ਲਈ ਉਤਸ਼ਾਹਤ ਕਰਕੇ ਬਹਾਦਰ ਸਿੱਖਾਂ ਦੀ ਬਚਾਊ ਸ਼ਕਤੀ ਨੂੰ ਤਬਾਹ ਕੀਤਾ ਜਾ ਰਿਹਾ ਹੈ। ਫੌਜੀ ਅਫਸਰਾਂ ਨੇ ਆਪਣੇ ਬੱਚਿਆਂ ਨੂੰ ਖਾਸ ਕਰਕੇ ਧੀਆਂ ਦੇ ਗ਼ੈਰ-ਸਿੱਖ ਨਾਂ ਰੱਖਣੇ ਸ਼ੁਰੂ ਕਰ ਦਿੱਤੇ ਹਨ ਅਤੇ ਉਹਨਾਂ ਦੇ ਨਾਵਾਂ ਨਾਲੋਂ 'ਕੌਰ' ਅਕਸਰ ਕੱਢ ਦਿੱਤਾ ਜਾਂਦਾ ਹੈ।

ਵਿਦੇਸ਼ੀ ਸਰਕਾਰਾਂ ਤਾਂ ਆਪਣੇ ਦੇਸ਼ ਦੇ ਕਾਨੂੰਨਾਂ 'ਚ ਸੋਧਾਂ ਕਰ ਕੇ ਖਾਲਸੇ ਦੀ ਪਹਿਚਾਣ ਕੇਸ, ਦਾੜ੍ਹੀ ਜਾਂ ਪੰਜ ਕਕਾਰਾਂ ਨੂੰ ਮਾਨਤਾ ਦੇ ਰਹੀਆਂ ਹਨ ਪਰ ਭਾਰਤੀ ਮਨੂਵਾਦੀ ਸਰਕਾਰ ਸਿੱਖੀ ਦੀ ਹੋਂਦ ਨੂੰ ਮਿਟਾ ਦੇਣ 'ਤੇ ਤੁਲੀ ਹੋਈ ਹੈ। ਏਅਰ ਫੋਰਸ ਦੇ ਮਹਿਕਮੇ ਵਲੋਂ ਭਾਈ ਹਰਿੰਦਰ ਸਿੰਘ ਨੂੰ ਦਾੜ੍ਹੀ ਬੰਨ੍ਹਣ ਜਾਂ ਕੱਟਣ ਦੇ ਲਿਖਤੀ ਹੁਕਮ ਦਿੱਤੇ ਗਏ। ਸਿੱਖੀ ਸਰੂਪ ਦੀ ਬੇਅਦਬੀ ਨਾ ਕਰਨ ਅਤੇ ਦਾੜ੍ਹੀ ਖੁੱਲ੍ਹੀ ਰੱਖਣ ਕਾਰਨ ਉਸ ਨੂੰ ਭਾਰਤੀ ਹਵਾਈ ਫੌਜ 'ਚੋਂ ਕੱਢ ਦਿੱਤਾ ਗਿਆ (ਸੰਤ ਸਿਪਾਹੀ ਮਈ 1998 ਸਫਾ 59)। ਭਾਈ ਹਰਿੰਦਰ ਸਿੰਘ 13 ਅਕਤੂਬਰ

1992 'ਚ ਭਰਤੀ ਹੋਇਆ। 26 ਅਪ੍ਰੈਲ 1997 'ਚ ਵਿੰਗ ਕਮਾਂਡਰ (ਨਾਗਪੁਰ) ਵੀ.ਐਸ.ਬੁੰਦਲਾ ਨੇ 'ਕਾਰਨ ਦਸੋ' ਦਾ ਨੋਟਸ ਜਾਰੀ ਕੀਤਾ,ਜਿਸ ਦੇ ਜਵਾਬ 'ਚ ਉਸ ਨੇ ਕਿਹਾ ਕਿ ਨਿਯਮ ਮੁਤਾਬਕ ਉਹ ਦਾੜ੍ਹੀ ਰੱਖ ਸਕਦਾ ਹੈ ਪਰ ਮਨੂ ਸਰਕਾਰ ਦਾ ਹੁਕਮ ਹੋਇਆ ਤੇ ਉਸ ਨੂੰ 21 ਅਗਸਤ 1997 ਨੂੰ ਕੱਢ ਦਿੱਤਾ ਗਿਆ। ਇਹ ਹੈ ਸਿੱਖਾਂ ਨਾਲ ਕੀਤਾ ਜਾ ਰਿਹਾ ਸਲੂਕ। ਮੁਸਲਮਾਨਾਂ ਦੇ ਧਾਰਮਿਕ ਜਜ਼ਬਾਤ ਦਾ ਖਿਆਲ ਰੱਖਦਿਆਂ ਉਹ ਖੁੱਲ੍ਹੀ ਦਾੜ੍ਹੀ ਰੱਖ ਸਕਦੇ ਹਨ ਪਰ ਸਿੱਖ ਨਹੀਂ। ਫੌਜ 'ਚੋਂ ਸਿੱਖਾਂ ਦਾ ਸਫਾਇਆ ਕਿਵੇਂ ਕੀਤਾ ਗਿਆ?

ਅਜ਼ਾਦੀ ਸਮੇਂ ਸਿੱਖ ਫੌਜ ਵਿੱਚ ਤਕੜੀ ਗਿਣਤੀ ਵਿੱਚ ਸਨ। ਹਿੰਦੂ ਲੀਡਰਾਂ ਸਾਹਮਣੇ ਇਹ ਇਕ ਵੱਡੀ ਉਲਝਣ ਸੀ ਕਿ ਸਿੱਖਾਂ ਨੂੰ ਫੌਜ ਵਿੱਚੋਂ ਕਿਸ ਤਰ੍ਹਾਂ ਘਟਾਇਆ ਜਾਏ। ਦੇਸ਼ ਵੰਡ ਵੇਲੇ ਫ਼ੌਜ ਵਿੱਚ ਸਿੱਖਾਂ ਦੀ ਗਿਣਤੀ 35٪ ਸੀ,ਜਿਨ੍ਹਾਂ ਦੇ ਵੱਡੇ ਹਿੱਸੇ ਨੂੰ ਲੜਾਈਆਂ ਵਿੱਚ ਮਰਵਾ ਕੇ 1971 ਤੱਕ ਘਟਾ ਕੇ 12٪ ਕਰ ਦਿੱਤੀ ਗਈ ਅਤੇ 1974 'ਚ ਘਟ ਕੇ ਡੇਢ٪ ਰਹਿ ਗਈ ਅਤੇ ਹੁਣ 1٪ ਤੇ ਆ ਗਈ ਹੈ।

'ਸਿੱਖ ਜਰਾਇਮ ਪੇਸ਼ਾ ਲੋਕ ਹਨ' ਦੇ ਫੁਰਮਾਨ ਵਾਂਗ ਸੰਨ 1954 ਦੇ ਨੇੜੇ ਤੇੜੇ ਹਿੰਦੂਤਵੀ ਦਿੱਲੀ ਸਰਕਾਰ ਵਲੋਂ ਇਕ ਹੋਰ ਫੁਰਮਾਨ ਫੌਜੀ ਅਫਸਰਾਂ ਨੂੰ ਜਾਰੀ ਕੀਤਾ ਗਿਆ ਸੀ ਜਿਸ ਵਿੱਚ ਹਿਦਾਇਤਾਂ ਦਿੱਤੀਆਂ ਗਈਆਂ ਸਨ ਕਿ ਫੌਜੀ ਸਿੱਖਾਂ ਨੂੰ ਵਾਹ ਲੱਗਦੀ ਦਬਾ ਕੇ,ਡਰਾ-ਧਮਕਾ ਕੇ,ਹੀਣਤਾ ਭਾਵਨਾ ਪੈਦਾ ਕਰਕੇ,ਨਿਮਾਣਾ ਬਣਾ ਕੇ,ਸਜ਼ਾਵਾਂ ਦੇਕੇ,ਨਿਰੰਤਰ ਮਾਯੂਸ ਰੱਖਿਆ ਜਾਵੇ। ਇਕ ਸਿੱਖ ਫੌਜੀ ਅਫਸਰ ਮੇਜਰ ਗਿਆਨ ਸਿੰਘ ਨੇ ਇਸ ਵਿਰੁੱਧ ਪ੍ਰੋਟੈਸਟ ਕੀਤਾ ਸੀ। ਉਸ ਦੀ ਜੋ ਦੁਰਦਸ਼ਾ ਕੀਤੀ ਗਈ ਸੀ,ਉਹ ਸਭ ਨੂੰ ਪਤਾ ਹੀ ਹੈ।

ਅੰਬਾਲੇ ਵਿੱਚ ਹੋਈ ਇਕ ਪਰੇਡ ਦੌਰਾਨ ਪਟੇਲ ਨੇ ਵੇਖਿਆ ਕਿ ਅੱਠ ਜਰਨੈਲਾਂ ਵਿੱਚੋਂ ਛੇ ਜਰਨੈਲ ਸਿੱਖ ਸਨ। ਹਿੰਦੂ ਥਿੰਕ ਟੈਂਕ ਦੀਆਂ ਡਿਊਟੀਆਂ ਲਗਾ ਦਿੱਤੀਆਂ ਗਈਆਂ ਸਕੀਮਾਂ ਘੜਨ ਦੀਆਂ ਜਿਨ੍ਹਾਂ ਨਾਲ ਸਿੱਖਾਂ ਨੂੰ ਫੌਜ ਵਿੱਚੋਂ ਨਾ ਕੇਵਲ ਘਟਾ ਦਿੱਤਾ ਜਾਏ ਸਗੋਂ ਕੋਈ ਵੀ ਸਿੱਖ ਫੌਜ ਦਾ ਜਰਨੈਲ ਨਾ ਰਹਿਣ ਦਿੱਤਾ ਜਾਏ। ਭਾਰਤੀ ਫੌਜ ਦੇ ਤਿੰਨਾਂ ਅੰਗਾਂ ਵਿੱਚ ਕਿਸੇ ਦਾ ਵੀ ਮੁਖੀ ਸਿੱਖ ਨਹੀ ਹੈ ਅਤੇ ਨਾ ਹੀ ਹੋਣਾ ਹੈ।

ਸਿੱਖ ਨਸਲਘਾਤ ਦਾ ਇਕ ਇਹ ਵੀ ਢੰਗ ਵਰਤਿਆ ਜਾਂਦਾ ਰਿਹਾ ਕਿ ਜਿਥੇ ਵੀ ਮਰਨ ਦੀ ਲੋੜ ਹੋਵੇ,ਉਥੇ ਸਿੱਖ ਫੌਜ ਨੂੰ ਅੱਗੇ ਕੀਤਾ ਜਾਵੇ। ਜਿਥੇ ਵੀ ਲੜਾਈ ਛਿੜੀ,ਉਥੇ ਸਿੱਖਾਂ ਨੂੰ ਮੂਹਰਲੀ ਕਤਾਰ

ਵਿੱਚ ਰੱਖਿਆ ਗਿਆ। ਲੜਾਈ ਵਿੱਚ ਸਿੱਖਾਂ ਨੂੰ ਵੀ ਮਰਵਾ ਲਿਆ ਅਤੇ ਦੁਸ਼ਮਣ ਨੂੰ ਵੀ ਮਰਵਾ ਲਿਆ। ਲੜਾਈ ਵੀ ਜਿੱਤ ਲਈ। ਲੜਾਈ 'ਚ ਮਾਰੇ ਗਏ ਸਿੱਖ ਫੌਜੀ ਘਰਾਣਿਆਂ ਵਿੱਚ ਆਮਦਨ ਘਟਾ ਕੇ ਉਹਨਾਂ ਨੂੰ ਆਰਥਕ ਸੱਟ ਵੀ ਮਾਰ ਲਈ ਅਤੇ ਫੌਜ ਵਿੱਚੋਂ ਸਿੱਖਾਂ ਦੀ ਗਿਣਤੀ ਵੀ ਘਟਾ ਲਈ। ਚਾਣਕੀਆ ਨੀਤੀ ਨੇ ਇਕ ਪੱਥਰ ਨਾਲ ਚਾਰ ਸ਼ਿਕਾਰ ਮਾਰ ਲਏ।

ਸਿੱਖ ਫੌਜ ਨੂੰ ਘਟਾਉਣ ਦਾ ਢੰਗ ਵੀ ਚਾਣਕੀਆ ਨੀਤੀ ਵਾਲਾ ਅਪਨਾਇਆ ਗਿਆ। ਦੇਸ਼ ਦੀ ਲੜਾਈ ਲੜਨੀ ਹੋਵੇ ਜਾਂ ਕਿਸੇ ਬਾਹਰਲੇ ਦੇਸ਼ 'ਚ ਹਿੰਦੁਸਤਾਨ ਵਲੋਂ ਫੌਜ ਭੇਜਣ ਦੀ ਲੋੜ ਪਏ, ਤਾਂ ਸਿੱਖ ਰੈਜਮੈਂਟ ਨੂੰ ਅੱਗੇ ਕੀਤਾ ਜਾਂਦਾ ਹੈ। ਸ੍ਰੀਲੰਕਾ 'ਚ ਤਾਮਿਲਾਂ ਦੀ ਫੌਜ (ਜਿਹੜੇ ਉਹਨਾਂ ਦੀ ਬੋਲੀ ਬੋਲਦੇ ਹਨ) ਭੇਜਣ ਦੀ ਬਜਾਏ ਸਿੱਖ ਫੌਜ ਭੇਜੀ ਗਈ, ਤਾਂ ਜੋ ਸਿੱਖ ਹੀ ਮਰਨ। ਬੰਗਲਾ ਦੇਸ਼ 'ਚ ਵੀ ਸਿੱਖਾਂ ਨੂੰ ਅੱਗੇ ਕੀਤਾ ਗਿਆ। ਚੀਨ ਤੇ ਪਾਕਿਸਤਾਨ ਦੀਆਂ ਲੜਾਈਆਂ 'ਚ ਸਿੱਖ ਹੀ ਮਰਵਾਏ ਗਏ।

ਚੀਨ ਦੀ ਲੜਾਈ ਵਿੱਚ ਪਟਿਆਲੇ ਦੀ ਸਾਰੀ ਛੇ ਫੁੱਟੀ ਫੌਜ ਮਰਵਾਈ ਗਈ। ਸਿੱਖ ਫੌਜੀ ਹੀ ਚੀਨੀ ਜ਼ੁਲਮਾਂ ਦਾ ਸ਼ਿਕਾਰ ਬਣੇ। ਲੈਫ਼.ਜਨਰਲ ਬਿਕਰਮ ਸਿੰਘ, ਲੈਫ਼.ਜਨਰਲ ਜਗਜੀਤ ਸਿੰਘ ਅਰੋੜਾ ਅਤੇ ਲੈਫ਼.ਜਨਰਲ ਸੁਬੇਗ ਸਿੰਘ ਵਰਗੇ ਫੌਜੀ ਜਰਨੈਲਾਂ ਨੂੰ ਚਾਣਕੀਆ ਨੀਤੀ ਅਧੀਨ ਤਰੱਕੀਆਂ ਤੋਂ ਵਾਂਝਿਆ ਰੱਖਿਆ ਗਿਆ। ਇਹਨਾਂ ਮਹਾਨ ਯੋਧਿਆਂ ਦੇ ਕਾਰਨਾਮੇ ਅਜੇ ਵੀ ਯਾਦ ਕੀਤੇ ਜਾਂਦੇ ਹਨ, ਪਰ ਸਿੱਖ ਹੋਣ ਦਾ ਮੁੱਲ ਉਹਨਾਂ ਨੂੰ ਚੁਕਾਉਣਾ ਪਿਆ।

ਅਜ਼ਾਦੀ ਮਗਰੋਂ ਭਾਰਤੀ ਫੌਜ ਵਿੱਚ ਬਹੁਗਿਣਤੀ ਸਿੱਖਾਂ ਦੀ ਸੀ ਜਿਸ ਵਿੱਚ ਬਹੁਤ ਸਾਰੇ ਸਿੱਖ ਜਨਰਲ ਸਨ ਜਿਨ੍ਹਾਂ ਨੇ ਆਪਣੀ ਬਹਾਦਰੀ ਦੀ ਧਾਂਕ ਜਮਾ ਦਿੱਤੀ ਸੀ। ਜਨਰਲ ਹਰਬਖਸ਼ ਸਿੰਘ ਤੇ ਜਨਰਲ ਜਗਜੀਤ ਸਿੰਘ ਅਰੋੜਾ ਜਿਨ੍ਹਾਂ ਵਿੱਚੋਂ ਪ੍ਰਮੁੱਖ ਜਨਰਲ ਸਨ, ਪਰ ਹਿੰਦੂਤਵੀਆਂ ਦੀ ਬਦਨੀਤੀ ਨੇ ਕਦੇ ਵੀ ਭਾਰਤੀ ਫੌਜ ਦਾ ਮੁਖੀ ਕਿਸੇ ਸਿੱਖ ਜਨਰਲ ਨੂੰ ਨਾ ਬਣਨ ਦਿੱਤਾ, ਸਗੋਂ ਉਹਨਾਂ ਦੇ ਜੂਨੀਅਰਾਂ ਨੂੰ ਉਹ ਅਹੁਦੇ ਸੌਂਪ ਕੇ ਸਿੱਖ ਜਰਨੈਲਾਂ ਨੂੰ ਬੇਇੱਜ਼ਤ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਰਹੀ। ਕੁਰਬਾਨੀਆਂ ਦੇਣ ਲਈ ਸਿੱਖ ਤੇ ਫੌਜ ਦੇ ਮੁੱਖੀ ਬਣਨ ਲਈ ਉਹ ਹਿੰਦੂ ਜਿਸ ਨੇ ਕਦੀ ਲੜਾਈ ਦਾ ਮੂੰਹ ਨਹੀਂ ਵੇਖਿਆ।

ਜਨਰਲ ਹਰਬਖਸ਼ ਸਿੰਘ ਜਿਸ ਨੇ ਪਾਕਿਸਤਾਨ ਵਿਰੁੱਧ 1965 ਦੀ ਜੰਗ ਜਿੱਤ ਕੇ ਦਿੱਤੀ ਸੀ, ਨੇ ਆਪਣੀ ਮੌਤ ਤੋਂ ਪਹਿਲਾਂ ਲਿਖੀ

ਪੁਸਤਕ ਵਿੱਚ ਲਿਖਿਆ ਕਿ ਜੋ ਕੁਝ ਉਸ ਨੇ ਦੇਸ਼ ਵਾਸਤੇ ਕੀਤਾ ਸੀ, ਉਸ ਦੇ ਇਵਜ਼ ਵਿੱਚ ਉਸ ਨੂੰ ਜਨਰਲ ਪੀ.ਪੀ. ਕਮਾਰਾ ਮੰਗਲਮ ਤੋਂ ਬਾਅਦ ਚੀਫ਼ ਆਫ ਆਰਮੀ ਸਟਾਫ ਬਣਾਉਣ ਲਈ ਚੁਣਿਆ ਗਿਆ, ਪਰ ਬਾਅਦ ਵਿੱਚ ਇੰਦਰਾ ਗਾਂਧੀ ਨੇ ਉਸ ਦੀ ਬਜਾਏ ਸੈਮ ਮਾਨਿਕਸ਼ਾਹ ਨੂੰ ਫੌਜ ਦਾ ਮੁੱਖੀ ਬਣਾ ਦਿੱਤਾ।

ਜਨਰਲ ਕੁਮਾਰਾ ਮੰਗਲਮ ਨੇ ਹਰਬਖਸ਼ ਸਿੰਘ ਦੇ ਨਾਂ ਦੀ ਸਫਾਰਸ਼ ਕੀਤੀ ਸੀ, ਕੈਬਨਿਟ ਨੇ ਉਸ ਦੀ ਪ੍ਰੌੜਤਾ ਕਰ ਦਿੱਤੀ ਸੀ, ਜਿਸ ਦੀ ਖਬਰ ਇੰਟੈਲੀਜੈਂਸ ਦੇ ਇਕ ਮੈਂਬਰ ਮਲਿਕ ਨੇ ਟੈਲੀਫੂਨ ਤੇ ਉਹਨਾਂ ਨੂੰ ਦੇ ਦਿੱਤੀ ਸੀ। ਪਰ ਵਿਦੇਸ਼ ਮੰਤਰੀ ਦਿਨੇਸ਼ ਨੇ ਪ੍ਰਧਾਨ ਮੰਤਰੀ ਨੂੰ ਸਲਾਹ ਦਿੱਤੀ ਕਿ ਪ੍ਰਧਾਨ ਮੰਤਰੀ ਹੋਣ ਦੇ ਨਾਤੇ ਉਹ ਆਪ ਫੌਜ ਦਾ ਮੁੱਖੀ ਚੁਣ ਸਕਦੀ ਹੈ। ਸੋ ਉਸ ਨੇ ਮਾਨਿਕਸ਼ਾਹ (ਇਕ ਪਾਰਸੀ) ਨੂੰ ਚੁਣਿਆ ਅਤੇ ਉਸ ਨੂੰ ਨਿਯੁਕਤ ਕੀਤਾ, ਜਿਸ ਨੇ ਲੜਾਈ ਵਿੱਚ ਕਦੀ ਕਮਾਂਡ ਤਕ ਨਹੀ ਸੀ ਕੀਤੀ ਅਤੇ ਲੜਾਈ ਵਿੱਚ ਗੋਲੀ ਚਲ ਦੀ ਨਹੀਂ ਸੀ ਸੁਣੀ।

1947 ਤੋਂ ਲੈਕੇ ਹੁਣ ਤਕ ਹਿੰਦੂਤਵੀਆਂ ਦੀ ਇਹ ਨੀਤੀ ਰਹੀ ਹੈ ਕਿ ਕਿਸੇ ਵੀ ਸਿੱਖ ਨੂੰ ਕਮਾਂਡਰ ਇਨ ਚੀਫ ਨਾ ਬਣਨ ਦਿੱਤਾ ਜਾਏ। ਸਿੱਖਾਂ ਨਾਲ ਵਿਤਕਰੇ ਕੀਤੇ ਜਾਣ ਦੇ ਕੇਸਾਂ ਦੀ ਲੰਮੀ ਲੜੀ ਹੈ। ਉਂਜ ਤਾਂ ਹਰ ਖੇਤਰ ਵਿੱਚ ਸਿੱਖਾਂ ਨਾਲ ਵਿਤਕਰਾ ਕੀਤਾ ਜਾਂਦਾ ਹੈ। ਕੋਈ ਵੀ ਉਚ ਨੌਕਰੀ ਸਿੱਖਾਂ ਨੂੰ ਨਹੀਂ ਦਿੱਤੀ ਜਾਂਦੀ। ਅਜ਼ਾਦ ਭਾਰਤ ਵਿੱਚ ਸਿੱਖਾਂ ਦੀ ਹਾਲਤ 'ਕੇਲਾ ਖਾਣ ਬਾਅਦ ਦੂਰ ਸੁੱਟੇ ਗਏ ਛਿਲਕੇ ਵਾਂਗ ਹੈ। ਲੈਫ. ਜਨਰਲ ਜਗਜੀਤ ਸਿੰਘ ਅਰੋੜਾ, ਲੈਫ. ਜਨਰਲ ਹਰਬਖਸ਼ ਸਿੰਘ ਅਤੇ ਜਨਰਲ ਸ਼ਹੀਦ ਸੁਬੇਗ ਸਿੰਘ ਦੇ ਕੇਸ ਜੱਗ ਜਾਣਦਾ ਹੈ। ਸਿੱਖਾਂ ਨੂੰ ਕੁਰਬਾਨੀਆਂ ਬਦਲੇ ਚਾਹੀਦਾ ਸੀ ਸਨਮਾਨ, ਪਰ ਮਿਲਿਆ ਅਪਮਾਨ। ਇਸ ਸਭ ਕੁਝ ਦੇ ਬਾਵਜੂਦ ਸਿੱਖਾਂ ਦੇ ਮਨਾਂ ਅੰਦਰੋਂ ਦੇਸ਼ ਭਗਤੀ ਦੀ ਭਾਵਨਾ ਪਤਾ ਨਹੀਂ ਕਿਉਂ ਦੂਰ ਨਹੀਂ ਹੁੰਦੀ?

ਭਾਰਤੀ ਹਾਕਮਾਂ ਨੇ ਸ੍ਰੀ ਲੰਕਾ 'ਚ ਤਾਮਿਲ ਟਾਈਗਰਜ਼ ਨੂੰ ਦਬਾਉਣ ਲਈ ਫੌਜੀ ਮਦਾਖਲਤ ਦਾ ਫੈਸਲਾ ਕੀਤਾ; ਸਿੱਖ ਲਾਈਟ ਇਨਫੈਂਟਰੀ, ਜਿਹੜੀ ਕਿ ਇਕ ਇਕਾਈ ਬਣੀ ਰਹਿਣ ਕਾਰਨ ਉਹਨਾਂ ਨੂੰ ਰੜਕ ਰਹੀ ਸੀ, ਸਭ ਤੋਂ ਪਹਿਲਾਂ ਸ੍ਰੀ ਲੰਕਾ ਭੇਜਿਆ ਗਿਆ; ਜਿਸ ਦੇ ਯੂਨਿਟਾਂ ਦੀ ਬੁਰੀ ਤਰ੍ਹਾਂ ਪਿਟਾਈ ਹੋਈ; ਤਾਮਿਲ ਫੌਜੀਆਂ ਨੂੰ ਨਹੀਂ ਭੇਜਿਆ ਗਿਆ ਜਿਹੜੇ ਕਿ ਉਹਨਾਂ ਦੀ ਜ਼ਬਾਨ ਵੀ ਜਾਣਦੇ ਸਨ; ਕਿਉਂਕਿ ਇਸ ਯੂਨਿਟ ਨੂੰ ਤਬਾਹ ਜੁ ਕਰਨਾ ਸੀ; ਉਸ ਨੂੰ ਸਭ

ਤੋਂ ਅਖੀਰ 'ਤੇ ਉਥੋਂ ਕੱਢਿਆ ਗਿਆ ਜਦੋਂ ਰਾਜੀਵ ਸਰਕਾਰ ਦੀ ਛੁੱਟੀ ਹੋ ਗਈ ਅਤੇ ਨਵੇਂ ਹਾਕਮਾਂ ਮਦਾਖਲਤ ਦੀ ਨੀਤੀ ਖਤਮ ਕਰ ਦੇਣ ਦਾ ਫੈਸਲਾ ਲਿਆ।

'ਟਾਈਗਰ ਹਿੱਲ' ਨੂੰ ਸਰ ਕਰਨ ਵਿੱਚ ਸਿੱਖ ਰੈਜਮੈਂਟ ਦਾ ਹੀ ਅਹਿਮ ਰੋਲ ਸੀ। 1965 ਤੋਂ 1971 ਦੀਆਂ ਲੜਾਈਆਂ ਜਿੱਤਣ ਵਾਲੇ ਸਿੱਖ ਜਰਨੈਲ ਹੀ ਸਨ। 93000 ਪਾਕਿਸਤਾਨੀ ਫੌਜੀਆਂ ਤੋਂ ਹਥਿਆਰ ਸੁਟਾਉਣ ਵਾਲਾ ਸਿੱਖ ਜਰਨੈਲ ਜਗਜੀਤ ਸਿੰਘ ਅਰੋੜਾ ਹੀ ਸੀ ਜਿਸ ਨੂੰ ਰਿਟਾਇਰ ਹੋਣ ਉਪਰੰਤ ਇਹ ਸੱਚ ਆਖਣ ਲਈ ਮਜਬੂਰ ਹੋਣਾ ਪਿਆ ਕਿ ਆਪਣੇ ਦੇਸ਼ 'ਚ 'ਮੈਨੂੰ ਅਣਚਾਹਿਆ ਸ਼ਹਿਰੀ ਸਮਝਿਆ ਜਾ ਰਿਹਾ ਹੈ।' ਜਿੱਥੇ ਅਜਿਹਾ ਸਿੱਖ ਜਰਨੈਲ ਆਪਣੇ ਆਪ ਨੂੰ ਅਣਚਾਹਿਆ ਸ਼ਹਿਰੀ ਸਮਝਦਾ ਹੋਵੇ,ਉਥੇ ਆਮ ਸਿੱਖ ਗੁਲਾਮ ਨਹੀਂ ਤਾਂ ਹੋਰ ਕੀ ਹਨ?

ਏਅਰ ਮਾਰਸ਼ਲ ਮਨਜੀਤ ਸਿੰਘ ਦੀ ਇਕ ਹੋਰ ਮਿਸਾਲ ਸਾਡੇ ਸਾਹਮਣੇ ਹੈ। ਇਸ ਮਹਾਨ ਯੋਧੇ ਨੇ 30 ਸਾਲ ਤੋਂ ਵੱਧ ਆਪਣੀ ਜਾਨ ਹੂਲ ਕੇ ਸੇਵਾ ਕੀਤੀ। 1971 ਦੀ ਲੜਾਈ ਵਿੱਚ ਆਪਣੀ ਬਹਾਦਰੀ ਤੇ ਦਲੇਰੀ ਨਾਲ ਵੀਰਤਾ ਪੁਰਸਕਾਰ 'ਵੀਰ ਚੱਕਰ' ਪ੍ਰਾਪਤ ਕੀਤਾ ਸੀ। ਦੇਸ਼ ਪ੍ਰਤੀ ਸੇਵਾ ਦੀ ਇਹ ਮੂੰਹ ਬੋਲਦੀ ਤਸਵੀਰ ਹੈ। ਉਸ ਨੂੰ ਸੇਵਾ ਮੁਕਤ ਕਰ ਦਿੱਤਾ ਗਿਆ ਹੈ। ਦੋਸ਼ ਇਹ ਲਾਇਆ ਗਿਆ ਕਿ ਉਹਨਾਂ ਨੇ ਪੱਛਮੀ ਕਮਾਂਡ ਵਿੱਚ ਤਬਦੀਲੀ ਕਰਾਉਣ ਲਈ ਪੰਜਾਬ ਦੇ ਉਦੋਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੋਂ ਸਿਫਾਰਸ਼ ਕਰਵਾਈ। ਕਿਤਨੀ ਹਾਸੋਹੀਣੀ ਗੱਲ ਹੈ ਕਿ ਏਰ ਮਾਰਸ਼ਲ ਪਦ ਦੀਆਂ ਤਰੱਕੀਆਂ ਤੇ ਨਿਯੁਕਤੀਆਂ ਰਾਜਨੀਤਕ ਹੁੰਦੀਆਂ ਹਨ। ਪਹਿਲਾਂ ਵੀ ਤੇ ਹੁਣ ਵੀ ਰਾਜਨੀਤਕ ਨੇਤਾਵਾਂ ਰਾਹੀਂ ਅਸਰ ਰਸੂਖ ਵਰਤਿਆ ਜਾਂਦਾ ਰਿਹਾ ਹੈ। ਉਹਨਾਂ ਦੇ ਬਰਖਾਸਤ ਕਰਨ ਦਾ ਅਸਲ ਕਾਰਨ ਤਾਂ ਇਹ ਸੀ ਕਿ ਉਹ ਏਅਰ ਫੋਰਸ ਦੇ ਅਗਲੇ ਚੀਫ਼ ਬਣਨ ਦੇ ਤਕੜੇ ਦਾਅਵੇਦਾਰ ਸਨ। ਇਕ ਸਿੱਖ ਹੋਣ ਕਰਕੇ ਉਹਨਾਂ ਦੀ ਛੁੱਟੀ ਕਰ ਦਿੱਤੀ ਗਈ।

ਭਾਰਤੀ ਫੌਜ ਦਾ ਹਿੰਦੀਕਰਨ

ਸਿੱਖਾਂ ਨੂੰ ਇਹ ਗੱਲ ਸਦਾ ਚੇਤੇ ਰੱਖਣੀ ਚਾਹੀਦੀ ਹੈ ਕਿ ਭਾਰਤੀ ਡੈਮੋਕਰੈਸੀ 'ਚ ਹੁਣ ਭਾਰਤੀ ਫੌਜ ਦਾ ਮੁੱਖੀ ਕੇਵਲ ਹਿੰਦੂ ਹੀ ਬਣ ਸਕਦਾ ਹੈ। ਫੌਜ ਦੇ ਤਿੰਨਾਂ ਹੀ ਅੰਗਾਂ 'ਚ ਕਿਸੇ ਇਕ ਦਾ ਵੀ ਮੁਖੀ ਸਿੱਖ ਨਹੀਂ ਹੈ ਅਤੇ ਨਾ ਹੀਂ ਹੋਣਾ ਹੀ ਹੈ। ਮਰੇ ਕੋਈ ਤੇ ਫਲ ਖਾਵੇ ਕੋਈ ਹੋਰ। ਇਹ ਨਾਸ਼ੁਕਰੇ ਹਿੰਦੂਤਵੀਆਂ ਦਾ ਦੇਸ਼ ਹੈ ਇਸ ਲਈ ਮਰ

ਮਿਟਣ ਤੋਂ ਬਾਅਦ ਵੀ ਸਿੱਖਾਂ ਨੇ ਅੱਤਵਾਦੀ ਤੇ ਵੱਖਵਾਦੀ ਬਣੇ ਰਹਿਣਾ ਹੈ ਅਤੇ ਇਹ ਕਰੋੜਾਂ ਤੇ ਅਰਬਾਂ ਦੇ ਘਪਲੇ ਕਰਕੇ ਵੀ ਦੇਸ਼ ਭਗਤ ਬਣੇ ਰਹਿਣਗੇ। ਕਸ਼ਮੀਰ, ਅਸਾਮ, ਮੀਜ਼ੋ ਅਤੇ ਦੇਸ਼ ਦੀਆਂ ਸਰਹੱਦਾਂ 'ਤੇ ਲੜ ਰਹੇ ਸਿੱਖ ਯੋਧਿਆਂ ਨੂੰ ਸੁਬੇਗ ਸਿੰਘ ਤੋਂ ਲੈਕੇ ਮਨਜੀਤ ਸਿੰਘ ਸੇਖੋਂ ਤਕ ਦੇ ਯੋਧਿਆਂ ਦਾ ਹਸ਼ਰ ਹਰ ਵੇਲੇ ਚੇਤੇ ਰੱਖਣਾ ਚਾਹੀਦਾ ਹੈ। ਸਿੱਖ ਯੋਧਿਆਂ ਨੂੰ ਗੰਗੂ ਦੇ ਵਾਰਸਾਂ ਨੂੰ ਪਛਾਨਣ ਦੀ ਲੋੜ ਹੈ। ਬੁੱਧੂ ਸ਼ਾਹ ਦੇ ਵਾਰਸਾਂ 'ਤੇ ਗੋਲੀਆਂ ਨਾ ਚਲਾਓ। ਇਹ ਹਿੰਦੂਤਵੀਏ ਗੰਗੂ ਦੀ ਹੀ ਔਲਾਦ ਨੇ।

ਪਿਛਲੇ ਸੱਤਵੰਜਾ ਸਾਲਾਂ ਦੌਰਾਨ ਕਿਸੇ ਵੀ ਸਰਕਾਰ ਨੇ ਕਿਸੇ ਵੀ ਸਿੱਖ ਨੂੰ ਭਾਰਤੀ ਫ਼ੌਜ ਦਾ ਮੁੱਖੀ ਨਹੀਂ ਬਣਨ ਦਿੱਤਾ, ਭਾਵੇਂ ਉਸ ਦੀ ਸੈਨਿਕ ਯੋਗਤਾ ਹਿੰਦੂ ਜਰਨੈਲ ਨਾਲੋਂ ਕਿਤਨੀ ਹੀ ਵੱਧ ਕਿਉਂ ਨਾ ਹੁੰਦੀ ਹੋਵੇ। ਇਵੇਂ ਹੀ ਮੁਸਲਮਾਨਾਂ ਪ੍ਰਤੀ ਵਤੀਰਾ ਵੀ ਇਸੇ ਤਰ੍ਹਾਂ ਦਾ ਹੀ ਹੈ। ਸ਼ਾਇਦ ਹੀ ਕੋਈ ਅਜਿਹਾ ਮੁਸਲਮਾਨ ਹੋਵੇ, ਜੋ ਲੈਫ਼ਟੀਨੈਂਟ ਜਨਰਲ ਜਾਂ ਮੇਜਰ ਜਨਰਲ ਤੱਕ ਪਹੁੰਚਿਆ ਹੋਵੇ। ਭਾਰਤੀ ਫ਼ੌਜ ਨੂੰ ਹਿੰਦੂਕਰਨ ਦੇ ਅਮਲ ਨੂੰ ਸ਼ਰ੍ਹੇਆਮ ਤੇਜ਼ ਕਰ ਦਿੱਤਾ ਗਿਆ ਹੈ ਇਸ ਵਿੱਚ ਕੋਈ ਲੁਕ-ਲੁਕਾ ਵਾਲੀ ਗੱਲ ਰਹਿਣ ਹੀ ਨਹੀਂ ਦਿੱਤੀ ਗਈ। ਤਾਜ਼ਾ ਮਿਸਾਲ ਵਜੋਂ ਜੰਮੂ ਕਸ਼ਮੀਰ ਵਿੱਚ ਨਵੀਂ ਭਰਤੀ ਕਰਨ ਲਈ ਪਬਲਿਕ ਨੋਟਿਸ ਜਾਰੀ ਕੀਤਾ ਗਿਆ, ਜਿਸ ਵਿੱਚ ਕਿਹਾ ਗਿਆ ਕਿ ਮੁਸਲਮਾਨਾਂ ਨੂੰ ਭਰਤੀ ਹੋਣ ਲਈ ਆਉਣ ਦੀ ਲੋੜ ਨਹੀਂ, ਉਹਨਾਂ ਵਾਸਤੇ ਕੋਈ ਥਾਂ ਨਹੀਂ ਹੈ। ਨੋਟਿਸ ਦੀ ਇਬਾਰਤ ਇਸ ਤਰ੍ਹਾਂ ਹੈ:

'21 ਅਪ੍ਰੈਲ ਤੋਂ 29 ਅਪ੍ਰੈਲ ਤੱਕ ਅਖਨੂਰ ਵਿਖੇ ਫ਼ੌਜੀ ਭਰਤੀ ਕੀਤੀ ਜਾਵੇਗੀ। ਭਰਤੀ ਲਈ ਹੋਣ ਵਾਲੀ ਰੈਲੀ ਵਿੱਚ ਕਠੂਆ, ਜੰਮੂ, ਡੋਡਾ ਅਤੇ ਰਾਜੌਰੀ ਦੇ ਉਮੀਦਵਾਰ ਸ਼ਾਮਲ ਹੋ ਸਕਦੇ ਹਨ। ਹਿੰਦੂ ਤੇ ਸਿੱਖ ਭਾਈਚਾਰਿਆਂ ਨਾਲ ਸਬੰਧਤ ਉਮੀਦਵਾਰਾਂ ਨੂੰ ਹੀ ਰੈਲੀ ਵਿੱਚ ਸ਼ਾਮਲ ਹੋਣ ਦੀ ਇਜਾਜ਼ਤ ਦਿੱਤੀ ਜਾਵੇਗੀ।' ਇਸ ਤੋਂ ਬਾਦ ਮੋਟੇ ਅੱਖਰਾਂ ਵਿੱਚ ਲਿਖਿਆ ਹੋਇਆ ਹੈ 'ਮੁਸਲਮਾਨਾਂ ਅਤੇ ਵਪਾਰੀਆਂ ਲਈ ਕੋਈ ਥਾਂ ਖਾਲੀ ਨਹੀਂ ਹੈ' (ਵੇਖੋ ਏਸ਼ੀਅਨ ਏਜ 6 ਅਪ੍ਰੈਲ 2001)

ਜਦ ਇਸ ਨੋਟਿਸ ਦਾ ਜੰਮੂ-ਕਸ਼ਮੀਰ ਵਿਧਾਨ ਸਭਾ ਵਿੱਚ ਵਿਰੋਧ ਹੋਇਆ ਤਾਂ ਫ਼ੌਜੀ ਅਫ਼ਸਰਾਂ ਨੇ ਇਕ ਕਦਮ ਹੋਰ ਅੱਗੇ ਜਾਂਦਿਆਂ ਇਹ ਬਿਆਨ ਦਾਗ ਦਿੱਤਾ ਕਿ ਉਹਨਾਂ ਲਈ ਫੌਜੀ ਭਰਤੀ ਦੇ ਮਾਮਲੇ ਵਿੱਚ ਸੈਕੂਲਰ ਹੋਣਾ ਕੋਈ ਜ਼ਰੂਰੀ ਨਹੀਂ। ਹੋਰ ਤਾਂ ਹੋਰ ਭਾਰਤੀ ਜਨਤਾ ਪਾਰਟੀ ਦੇ ਵਿਧਾਇਕ ਫ਼ੌਜੀ ਅਫ਼ਸਰਾਂ ਦੇ ਇਸ ਸਟੈਂਡ ਦਾ ਡਟ

ਕੇ ਸਮਰਥਨ ਕਰ ਰਹੇ ਹਨ।

ਸਿੱਖ ਫੌਜੀਆਂ ਦੇ ਕਾਰਨਾਮੇ ਤੇ ਉਹਨਾਂ ਨਾਲ ਵਿਤਕਰੇ

ਸੰਨ 1947-48 ਵਿੱਚ ਬ੍ਰੀਗੇਡੀਅਰ ਪ੍ਰੀਤਮ ਸਿੰਘ ਨੇ ਪੁੰਛ ਸ਼ਹਿਰ ਤੇ ਰਜੌਰੀ ਨੂੰ ਪਾਕਿਸਤਾਨ ਦੇ ਹੱਥ ਜਾਂਦੇ ਬਚਾਇਆ ਸੀ। ਸੰਨ 1965 ਦੇ ਯੁੱਧ ਵਿੱਚ ਲੈਫ.ਜਨਰਲ ਹਰਬਖਸ਼ ਸਿੰਘ ਨੇ ਮੌਕੇ ਦੇ ਆਰਮੀ ਚੀਫ ਦੇ ਬਿਆਸ ਤਕ ਦੇ ਇਲਾਕੇ ਨੂੰ ਖਾਲੀ ਕਰਨ ਦੇ ਬਾਵਜੂਦ ਡਟੇ ਰਹਿ ਕੇ ਮਾਝੇ ਨੂੰ ਪਾਕਿਸਤਾਨ ਦੇ ਹੱਥ ਜਾਣੋਂ ਬਚਾਇਆ ਅਤੇ ਖੇਮਕਰਨ ਨੂੰ ਪਾਕਿਸਤਾਨੀ ਟੈਂਕਾਂ ਦਾ ਕੱਬਰਿਸਤਾਨ ਬਣਾ ਕੇ ਰੱਖ ਦਿੱਤਾ ਸੀ।

ਸੰਨ 1971 ਵਿੱਚ ਬੰਗਲਾਦੇਸ਼ ਅਜ਼ਾਦ ਕਰਵਾਉਣ ਤੇ ਪਾਕਿਸਤਾਨ ਨੂੰ ਦੋਫਾੜ ਕਰਨ ਵਾਲੀਆਂ ਸੈਨਾਵਾਂ ਦਾ ਜਰਨੈਲ ਲੈਫ.ਜਨਰਲ ਜਗਜੀਤ ਸਿੰਘ ਅਰੋੜਾ ਸੀ। 16 ਦਸੰਬਰ 1971 ਨੂੰ ਢਾਕਾ ਵਿੱਚ ਦਾਖਲ ਹੋਕੇ ਫੌਜਾਂ ਤੋਂ ਹਥਿਆਰ ਸੁਟਵਾਉਣ ਵਾਲੇ ਮੇਜਰ ਜਨਰਲ ਗੰਧਰਬ ਸਿੰਘ ਨਾਗਰਾ,(ਇੰਨਫੈਂਟਰੀ ਡਿਵੀਯਨ),ਬ੍ਰੀਗੇਡੀਅਰ ਸੁਬੇਗ ਸਿੰਘ (ਕਮਾਂਡਰ ਮੁਕਤੀ ਬਾਹਿਨੀ) ਅਤੇ ਬ੍ਰੀਗੇਡੀਅਰ ਹਰਦੇਵ ਸਿੰਘ ਕਲੇਰ (ਬ੍ਰੀਗੇਡ ਕਮਾਂਡਰ ਇੰਨਫੈਂਟਰੀ ਬ੍ਰੀਗੇਡ) ਸਨ। ਬ੍ਰੀਗੇਡੀਅਰ ਪ੍ਰੀਤਮ ਸਿੰਘ,ਬ੍ਰੀਗੇਡੀਅਰ ਸੁਬੇਗ ਸਿੰਘ ਤੇ ਬ੍ਰੀਗੇਡੀਅਰ ਹਰਦੇਵ ਸਿੰਘ ਕਲੇਰ ਨੂੰ ਯੁੱਧ ਵਿੱਚ ਮਹਾਨ ਪ੍ਰਾਪਤੀਆਂ ਲਈ ਵੀਰਤਾ ਪੁਰਸਕਾਰਾਂ ਨਾਲ ਸਨਮਾਨੇ ਜਾਣ ਤੋਂ ਇਕਦਮ ਬਾਅਦ ਕੋਰਟ ਮਾਰਸ਼ਲ ਕਰਕੇ ਸੈਨਾ 'ਚੋਂ ਕੱਢ ਦਿੱਤਾ ਗਿਆ। ਬ੍ਰੀਗੇਡੀਅਰ ਪ੍ਰੀਤਮ ਸਿੰਘ ਵਿਰੁੱਧ ਦਰੀ ਚੁਰਾਉਣ ਦਾ,ਬ੍ਰੀਗੇਡੀਅਰ ਸੁਬੇਗ ਸਿੰਘ ਵਿਰੁੱਧ ਹਿਸਾਬ ਸਹੀ ਨਾ ਦੇਣ ਦਾ ਅਤੇ ਬ੍ਰੀਗੇਡੀਅਰ ਹਰਦੇਵ ਸਿੰਘ ਕਲੇਰ ਵਿਰੁੱਧ ਇਕ ਫੰਡ ਨੂੰ ਦੂਸਰੀ ਜਗ੍ਹਾ ਖਰਚ ਕਰਨ ਦਾ ਦੋਸ਼ ਲਾ ਕੇ ਕੋਰਟ ਮਾਰਸ਼ਲ ਕੀਤਾ ਗਿਆ।

ਲੈਫ.ਜਨਰਲ ਜਗਜੀਤ ਸਿੰਘ ਅਰੋੜਾ ਤੇ ਲੈਫ.ਜਨਰਲ ਹਰਬਖਸ਼ ਸਿੰਘ ਨੂੰ ਫੌਜ ਦੇ ਮੁੱਖੀ ਦੇ ਅਹੁਦੇ ਤੋਂ ਅਖੀਰਲੇ ਪਲਾਂ ਵਿੱਚ ਵਾਂਝਿਆਂ ਰੱਖਿਆ ਗਿਆ। ਇਸੇ ਤਰ੍ਹਾਂ ਏਅਰ ਮਾਰਸ਼ਲ ਐਮ.ਐਮ.ਸਿੰਘ, ਲੈਫ.ਜਨਰਲ ਕੁਲਵੰਤ ਸਿੰਘ, ਲੈਫ.ਜਨਰਲ ਗੁਰਬਚਨ ਸਿੰਘ, ਲੈਫ.ਜਨਰਲ ਐਮ.ਐਸ.ਬਰਾੜ,ਲੈਫ.ਜਨਰਲ ਸਰਤਾਜ ਸਿੰਘ ਆਦਿ ਕਈ ਸਿੱਖ ਜਰਨੈਲਾਂ ਨੂੰ ਚੀਫ ਦੇ ਅਹੁਦੇ ਤਕ ਨਾ ਪਹੁੰਚਣ ਦਿੱਤਾ ਗਿਆ। ਏਅਰ ਮਾਰਸ਼ਲ ਮਨਜੀਤ ਸਿੰਘ ਸੇਖੋਂ,ਲੈਫ.ਜਨਰਲ ਜੇ.ਐਮ.ਸਿੰਘ,ਲੈਫ.ਜਨਰਲ ਐਨ.ਪੀ.ਐਸ.ਬਲ,ਮੇਜਰ ਜਨਰਲ

ਕੁਲਵੰਤ ਸਿੰਘ ਨੂੰ ਜਬਰੀ ਰਿਟਾਇਰ ਕਰ ਦਿੱਤਾ ਗਿਆ। ਵਾਈਸ ਅਡਮਿਰਲ ਹਰਿੰਦਰ ਸਿੰਘ, ਲੈਫ਼.ਜਨਰਲ ਬਿਕਰਮਜੀਤ ਸਿੰਘ, ਲੈਫ਼.ਜਨਰਲ ਕਾਦੀਆਂ,ਲੈਫ਼.ਜਨਰਲ ਬਲ ਆਦਿ ਨੂੰ ਕੋਰਟ ਦੇ ਦਰਵਾਜੇ ਖੜਕਾਉਣੇ ਪਏ। ਏਅਰ ਵਾਈਸ ਮਾਰਸ਼ਲ ਐਚ.ਪੀ.ਸਿੰਘ,ਏਅਰ ਵਾਈਸ ਮਾਰਸ਼ਲ ਜੇ.ਐਸ.ਗਰੇਵਾਲ,ਮੇਜਰ ਜਨਰਲ ਜੇ.ਐਸ. ਤਲਵਾਰ ਆਦਿ ਨੂੰ ਅਗਲੀਆਂ ਪੌੜੀਆਂ ਤੋਂ ਚੜ੍ਹਨ ਤੋਂ ਪਹਿਲਾਂ ਹੀ ਰੋਕ ਦਿੱਤਾ ਗਿਆ।

ਏਅਰ ਮਾਰਸ਼ਲ ਮਨਜੀਤ ਸਿੰਘ ਸੇਖੋਂ ਨੂੰ ਸਿਆਸੀ ਸਿਫਾਰਿਸ਼ ਲਾਉਣ ਦੀ ਕੋਸ਼ਿਸ਼ ਕਰਨ ਤੇ,ਲੈਫ਼.ਜਨਰਲ ਜੇ.ਐਮ.ਸਿੰਘ ਨੂੰ ਦੂਜਾ ਵਿਆਹ ਕਰਵਾ ਲੈਣ ਦੇ ਸ਼ੱਕ ਦੀ ਬਿਨਾ 'ਤੇ,ਜਨਰਲ ਐਨ.ਪੀ.ਐਸ.ਬਲ ਨੂੰ ਪ੍ਰਾਈਵੇਟ ਕੰਟ੍ਰੈਕਟਰ ਨੂੰ ਇਕ ਛੋਟੀ ਜਿਹੀ ਕੈਂਟੀਨ ਬਿਨਾਂ ਡੂੰਘੀ ਸੋਚ ਵਿਚਾਰ ਕੀਤੇ ਦਿੱਤੇ ਜਾਣ ਅਤੇ ਮੇਜਰ ਜਨਰਲ ਕੁਲਵੰਤ ਸਿੰਘ ਨੂੰ ਬਰਫਾਨੀ ਚੋਟੀਆਂ ਤੇ ਤਾਇਨਾਤ ਜਵਾਨਾਂ ਲਈ ਜੁਰਾਬਾਂ ਆਦਿ ਦਾ ਦੁਬਾਰਾ ਆਰਡਰ ਦੇਣ ਕਰਕੇ ਜਬਰੀ ਰਿਟਾਇਰ ਕੀਤਾ ਗਿਆ।

ਕਈ ਸਿੱਖ ਜਰਨੈਲ ਭਾਰਤੀ ਖੁਫੀਆ ਏਜੰਸੀਆਂ ਨੇ ਮਾਰ-ਖਪਾ ਦਿੱਤੇ ਹਨ,ਜਿਨ੍ਹਾਂ 'ਚੋਂ ਬਲਵਿੰਦਰ ਸਿੰਘ ਸ਼ੇਰਗਿੱਲ ਦਾ ਨਾਂ ਪ੍ਰਮੁੱਖ ਹੈ। ਲੜਾਈਆਂ 'ਚ ਸਭ ਨਾਲੋਂ ਵੱਧ ਬਹਾਦਰੀ ਦੇ ਮੈਡਲ ਸਿੱਖਾਂ ਨੇ ਹੀ ਜਿੱਤੇ ਸਨ। ਦੇਸ਼ ਦੀ ਰਾਖੀ ਲਈ ਤਨ,ਮਨ,ਧਨ ਵਾਰਨ ਵਾਲੇ ਸਿੱਖ ਹੀ ਮੋਹਰਲੀ ਕਤਾਰ 'ਚ ਖਲੋਂਦੇ ਹਨ।

ਪਾਕਿਸਤਾਨ ਦੀ ਲੜਾਈ ਸਮੇਂ ਮੋਰਚੇ ਖਾਲੀ ਕਰ ਆਏ ਮਦਰਾਸੀ ਤੇ ਮਰਹਟੇ ਫੌਜੀਆਂ (ਭਗੌੜਿਆਂ) ਨੂੰ ਕੋਈ ਸਜ਼ਾ ਨਹੀਂ ਦਿੱਤੀ ਗਈ ਕਿਉਂਕਿ ਉਹ ਉਚ ਹਿੰਦੂ ਨਸਲ ਦੇ ਸਨ,ਪਰ ਹਰਿਮੰਦਰ ਸਾਹਿਬ 'ਤੇ ਹਮਲੇ ਸਮੇਂ ਧਾਰਮਿਕ ਜਜ਼ਬੇ ਕਰਕੇ ਬੈਰਕਾਂ ਛੱਡ ਆਏ ਸਿੱਖ ਫੌਜੀਆਂ ਨੂੰ ਕੋਰਟ ਮਾਰਸ਼ਲ ਰਾਹੀਂ ਸਜ਼ਾਵਾਂ ਦਿੱਤੀਆਂ ਗਈਆਂ।

ਪ੍ਰਕਾਸ਼ ਸਿੰਘ ਬਾਦਲ,ਜਥੇਦਾਰ ਟੌਹੜਾ ਤੇ ਸੰਤ ਲੌਂਗੋਵਾਲ ਦੀ ਅਪੀਲ 'ਤੇ ਧਰਮੀ ਫੌਜੀਆਂ ਨੇ ਬੈਰਕਾਂ ਛੱਡੀਆਂ,ਦੇਸ਼ ਧਰੋਹ ਐਕਟ ਅਧੀਨ ਸਜ਼ਾਵਾਂ ਭੁਗਤੀਆਂ,ਸ਼ਹੀਦੀਆਂ ਪਾਈਆਂ,ਰੋਜ਼ੀ ਰੋਟੀ ਤੋਂ ਹੱਥ ਧੋਤੇ ਅਤੇ ਆਪਣੇ ਘਰ-ਬਾਰ ਬਰਬਾਦ ਕੀਤੇ। ਕਿਸੇ ਬਾਦਲ ਟੌਹੜੇ ਨੇ ਨਾ ਉਨ੍ਹਾਂ ਦੇ ਕੇਸਾਂ ਦੀ ਪੈਰਵੀ ਕੀਤੀ ਅਤੇ ਨਾ ਹੀਂ ਸਹਾਇਤਾ ਕੀਤੀ। ਅੱਜ ਤਕ ਕਿਸੇ ਵੀ ਅਕਾਲ ਤਖਤ ਦੇ ਜਥੇਦਾਰ ਨੇ ਭਾਵੇਂ ਉਹ ਮਨਜੀਤ ਸਿੰਘ ਸੀ ਤੇ ਭਾਵੇਂ ਰਣਜੀਤ ਸਿੰਘ,ਭਾਵੇਂ ਦਰਸ਼ਨ ਸਿੰਘ ਰਾਗੀ ਸੀ ਤੇ ਭਾਵੇਂ ਪੂਰਨ ਸਿੰਘ ਸੀ ਅਤੇ ਭਾਵੇਂ ਵਰਤਮਾਨ

ਵਿਦਾਂਤੀ, ਕਿਸੇ ਨੇ ਵੀ ਧਰਮੀ ਫੌਜੀਆਂ ਦੀਆਂ ਦਿੱਤੀਆਂ ਕੁਰਬਾਨੀਆਂ ਨੂੰ ਕਦੀ ਵੀ ਪ੍ਰਵਾਨ ਚਾੜ੍ਹਨ ਦਾ ਹੁਕਮਨਾਮਾ ਨਹੀ ਜਾਰੀ ਕੀਤਾ।

ਅਜ਼ਾਦੀ ਦੇ ਪਹਿਲੇ ਦਿਨ ਤੋਂ ਸਿੱਖ ਧਰਮ, ਸਿੱਖ ਆਰਥਿਕਤਾ, ਸਿੱਖ ਸਭਿਆਚਾਰ, ਸਿੱਖ ਸੰਸਥਾਵਾਂ ਦੀਆਂ ਜੜ੍ਹਾਂ ਕੁੱਤਰਨੀਆਂ ਸ਼ੁਰੂ ਕਰ ਦਿੱਤੀਆਂ. ਗਈਆਂ ਸਨ। ਸਿੱਖ ਲੀਡਰਾਂ ਨੂੰ ਪੂਰੀ ਤਰ੍ਹਾਂ ਖਰੀਦ ਲਿਆ ਗਿਆ, ਅਕਾਲ ਤਖਤ ਦੇ ਜਥੇਦਾਰ ਖਰੀਦ ਲਏ ਗਏ, ਇਤਿਹਾਸਕ ਗੁਰਦੁਆਰਿਆਂ 'ਤੇ ਆਪਣੇ ਹੱਥਠੋਕੇ ਕਾਬਜ਼ ਕਰਵਾ ਲਏ ਗਏ, ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 'ਤੇ ਕਾਮਰੇਡ ਟੌਹੜੇ ਨੂੰ ਫਿਟ ਕਰਕੇ ਸ਼੍ਰੋਮਣੀ ਕਮੇਟੀ ਦੇ ਦਫਤਰਾਂ 'ਚ ਕਾਮਰੇਡ ਭਰਤੀ ਕਰ ਲਏ ਗਏ ਅਤੇ ਸਾਰੇ ਖਾਲਸਾ ਸਕੂਲਾਂ ਕਾਲਜਾਂ 'ਚ ਕਾਮਰੇਡ ਅਧਿਆਪਕ ਵਾੜ ਲਏ ਗਏ। ਦੂਜੇ ਪਾਸੇ ਬ੍ਰਾਹਮਣਵਾਦ ਵਲੋਂ ਨਿਰੰਕਾਰੀਆਂ ਨੂੰ ਹਥਿਆਰਬੰਦ ਕੀਤਾ ਗਿਆ। ਜਦ ਇਹ ਸਾਰੇ ਕੰਮ ਕੁਝ ਹੱਦ ਤਕ ਪੂਰੇ ਹੋ ਗਏ, ਤਾਂ ਗਦਾਰ ਲੀਡਰਾਂ ਦੀ ਵਫਾਦਾਰੀ ਪਰਖਣ ਲਈ ਅਤੇ ਸਿੱਖਾਂ ਅੰਦਰ ਆਈ ਹੀਣਤਾ ਦਾ ਨਾਪ ਲੈਣ ਲਈ ਨਿਰੰਕਾਰੀਆਂ ਦੀ ਪੁਸ਼ਤਪਨਾਹੀ ਕਰਕੇ ਸਿੱਖੀ 'ਤੇ ਪਹਿਲਾ ਸਰੀਰਕ ਵਾਰ ਕਰਵਾਇਆ ਗਿਆ। ਹੁਣ ਅਸੀਂ ਅਠੱਤਰ ਦੀ ਖੂਨੀ ਵਿਸਾਖੀ ਸਬੰਧੀ ਵਿਚਾਰ ਕਰਨੀ ਹੈ।

ਭਾਗ 4

ਸਿੱਖ ਨਸਲਕੁਸ਼ੀ ਦਾ ਪਹਿਲਾ ਖ਼ੂਨੀ ਦੌਰ
ਅਠੱਤਰ ਦੀ ਖ਼ੂਨੀ ਵਿਸਾਖੀ

ਅਠੱਤਰ ਦੀ ਵਿਸਾਖੀ ਦੇ ਖ਼ੂਨੀ ਸਾਕੇ ਦਾ ਸੰਖੇਪ ਸਰਵੇਖਣ ਕਰਨ ਲਈ ਮੈਂ ਇਸ ਨੂੰ ਤਿੰਨ ਹਿੱਸਿਆਂ ਵਿੱਚ ਵੰਡਿਆ ਹੈ। ਪਹਿਲੇ ਹਿੱਸੇ ਵਿੱਚ ਇਸ ਸਾਕੇ ਪਿੱਛੇ ਕੰਮ ਕਰ ਰਹੀ ਸੋਚ ਦਾ ਪਿਛੋਕੜ ਦੇਣ ਦਾ ਯਤਨ ਕੀਤਾ ਹੈ ਅਤੇ ਦੂਜੇ ਹਿੱਸੇ ਵਿੱਚ ਇਸ ਸਾਕੇ ਦੇ ਵਰਤਾਉਣ ਵਾਲਿਆਂ ਸਬੰਧੀ ਜਾਣਕਾਰੀ ਦੇਣ ਦੀ ਕੋਸ਼ਿਸ਼ ਕੀਤੀ ਹੈ। ਤੀਜੇ ਹਿੱਸੇ ਵਿੱਚ ਉਸ ਖ਼ੂਨੀ ਕਾਂਡ ਦੀਆਂ ਦੁਖਾਂਤ ਭਰੀਆਂ ਵਾਪਰੀਆਂ ਘਟਨਾਵਾਂ ਉਤੇ ਇੱਕ ਸੰਖੇਪ ਝਾਤ ਮਾਰ ਕੇ ਉਸ ਸਮੇਂ ਦੇ ਸਿੱਖ ਲੀਡਰਾਂ ਦੇ ਰੋਲ ਸਬੰਧੀ ਥੋੜ੍ਹੀ ਜਿੰਨੀ ਜਾਣਕਾਰੀ ਦੇਣ ਦੀ ਕੋਸ਼ਿਸ਼ ਕੀਤੀ ਹੈ।

ਖ਼ੂਨੀ ਸਾਕੇ ਦਾ ਪਿਛੋਕੜ (ਪਹਿਲਾ ਹਿੱਸਾ)

ਅਠੱਤਰ ਦੀ ਵਿਸਾਖੀ ਦੇ ਖ਼ੂਨੀ ਕਾਂਡ ਤੋਂ ਪਹਿਲਾਂ ਨਿਰੰਕਾਰੀਆਂ ਨੂੰ ਵੱਖ ਵੱਖ ਸ਼ਹਿਰਾਂ 'ਚ ਸਥਾਨਕ ਪੁਲਿਸ ਵਲੋਂ ਹਥਿਆਰਾਂ ਦੀ ਟਰੇਨਿੰਗ ਦਿੱਤੀ ਗਈ, ਹਥਿਆਰ ਦਿੱਤੇ ਗਏ, ਹਰ ਥਾਂ ਪੁਲਿਸ ਨਾਲ ਰਾਬਤਾ ਕਾਇਮ ਕੀਤਾ ਗਿਆ, ਜਦ ਉਹ ਚੰਗੀ ਤਰ੍ਹਾਂ ਹਥਿਆਰਬੰਦ ਹੋ ਗਏ ਅਤੇ ਉਨ੍ਹਾਂ ਦੀ ਹਰ ਪੱਖੋਂ ਪੂਰੀ ਤਿਆਰੀ ਹੋ ਗਈ ਤਾਂ ਸਿੱਖ ਲੀਡਰਾਂ ਦੀ ਵਫਾਦਾਰੀ ਪਰਖਣ ਲਈ, ਆਮ ਸਿੱਖਾਂ ਦੀ ਮਰ ਚੁੱਕੀ ਅਣਖ ਨੂੰ ਨਾਪਣ ਲਈ ਅਤੇ ਸਿੱਖੀ ਦੀ ਨਬਜ਼ ਤਕਣ ਲਈ ਅਪ੍ਰੈਲ 1978 ਤੋਂ ਨਿਰੰਕਾਰੀਆਂ ਰਾਹੀਂ ਸਿੱਖਾਂ 'ਤੇ ਵਾਰ ਸ਼ੁਰੂ ਕਰਵਾਏ ਗਏ ਸਨ। ਨਕਲੀ ਨਿਰੰਕਾਰੀਆਂ ਰਾਹੀਂ ਸਿੱਖ ਸਵੈਮਾਣ 'ਤੇ ਸੱਟਾਂ ਮਾਰ ਕੇ ਸਿੱਖਾਂ ਤੇ ਹਿੰਦੂਆਂ ਵਿੱਚ ਪਾੜਾ ਪਾਉਣ ਦਾ ਕੰਮ ਆਰੰਭਿਆ ਗਿਆ। ਪੰਜਾਬ ਦੇ ਕੱਟੜ ਆਰੀਆ ਸਮਾਜੀ ਪ੍ਰੈਸ ਤੋਂ ਲੈਕੇ ਸਾਰੇ ਭਾਰਤ ਦਾ ਪ੍ਰੈਸ ਨਕਲੀ ਨਿਰੰਕਾਰੀਆਂ ਦੀ ਪੁਸ਼ਤ ਪਨਾਹੀ ਕਰਨ ਲੱਗ ਪਿਆ ਸੀ। ਮੁਰਾਰਜੀ ਡੀਸਾਈ ਤੋਂ ਲੈਕੇ ਬਾਦਲ ਸਰਕਾਰ ਤਕ ਉਹਨਾਂ ਦੀ ਪੁਸ਼ਤ ਪਨਾਹੀ ਕਰਨ 'ਤੇ ਉਤਰ ਆਏ ਸਨ। ਪੰਜਾਬ ਦੇ ਸਾਰੇ ਹਿੰਦੂ ਲੀਡਰ ਸਮੇਤ ਕਾਂਗਰਸ ਦੇ ਸਿੱਖਾਂ ਵਿਰੁੱਧ ਜ਼ਹਿਰ ਉਗਲਣ ਲੱਗ ਪਏ ਸਨ। ਜਿਸ ਤੋਂ ਬਿਲਕੁਲ ਸਪਸ਼ਟ ਹੈ ਕਿ ਸਮੁੱਚਾ ਹਿੰਦੂ ਜਗਤ ਸਿੱਖ ਨਸਲ ਘਾਤ ਲਈ ਇਕੱਠਾ ਹੋਕੇ ਕੰਮ ਕਰਦਾ ਆ ਰਿਹਾ ਹੈ।

ਅਠੱਤਰ ਦੀ ਵਿਸਾਖੀ ਦੇ ਖ਼ੂਨੀ ਕਾਂਡ ਨਾਲ ਵਰਤਮਾਨ ਸਿੱਖ

ਇਤਿਹਾਸ ਦਾ ਇੱਕ ਨਵਾਂ ਦੌਰ ਸ਼ੁਰੂ ਹੁੰਦਾ ਹੈ। ਬ੍ਰਾਹਮਣਵਾਦ ਵਲੋਂ ਸਿੱਖੀ ਦੇ ਬੂਟੇ ਨੂੰ ਪੁੱਟ ਦੇਣ ਦੇ ਮਨਸੂਬੇ ਅਧੀਨ, ਸਿੱਖੀ ਉਪਰ ਇਹ ਪਹਿਲਾ ਮਾਰੂ ਵਾਰ ਸੀ। ਬੁੱਧ ਧਰਮ ਵਾਂਗ ਸਿੱਖ ਧਰਮ ਦੀ ਫੱਟੀ ਪੋਚ ਦੇਣ ਲਈ ਸਿੱਖੀ ਉਪਰ ਇਹ ਪਹਿਲਾ ਸਰੀਰਕ ਹਮਲਾ ਸੀ ਅਤੇ ਇਸ ਗੋਲੀ ਕਾਂਡ ਦੇ ਖ਼ੂਨੀ ਸਾਕੇ ਨਾਲ ਹੀ ਵਰਤਮਾਨ ਸਿੱਖ ਨਸਲਕੁਸ਼ੀ ਦਾ ਦੌਰ ਆਰੰਭ ਹੋਇਆ, ਜਿਸ ਮਗਰੋਂ ਚੁਰਾਸੀ ਦੇ ਦੋਹਾਂ ਘਲੂਘਾਰਿਆਂ ਤੋਂ ਲੈ ਕੇ ਅੱਜ ਤਕ ਸਿੱਖਾਂ ਦਾ ਕਤਲੇਆਮ ਜਾਰੀ ਹੈ।

ਬ੍ਰਾਹਮਣਵਾਦ ਨੇ ਬੋਧੀਆਂ ਦਾ ਘਾਣ ਤਾਂ ਆਪ ਹੀ ਕੀਤਾ ਸੀ, ਪਰੰਤੂ ਸਿੱਖਾਂ ਦਾ ਘਾਣ 'ਪਾੜੋ ਤੇ ਰਾਜ ਕਰੋ' ਦੀ ਨੀਤੀ ਅਧੀਨ ਜ਼ਰਖ਼ਰੀਦ ਸਿੱਖਾਂ ਹੱਥੋਂ ਕਰਾਇਆ। ਸਿੱਖੀ ਨੂੰ ਖ਼ਤਮ ਕਰਨ ਲਈ ਹਾਕਮ ਜਮਾਤ ਵਲੋਂ ਬਾਹਰੋਂ ਵੀ ਤਾਬੜਤੋੜ ਹਮਲੇ ਕੀਤੇ ਗਏ ਅਤੇ ਅੰਦਰੋਂ ਵੀ। ਬਾਹਰੋਂ ਹਥਿਆਰਬੰਦ ਹਮਲਾ ਭਾਵੇਂ ਅਠੱਤਰ ਦੀ ਵਿਸਾਖੀ ਤੋਂ ਹੀ ਸ਼ੁਰੂ ਹੋਇਆ, ਪਰ ਅੰਦਰਲੇ ਹਮਲੇ ਤਾਂ ਅਜ਼ਾਦੀ ਦੇ ਪਹਿਲੇ ਦਿਨ ਤੋਂ ਹੀ ਸ਼ੁਰੂ ਹਨ। ਇਹ ਇੱਕ ਇਤਿਹਾਸਕ ਸਚਾਈ ਹੈ ਕਿ ਜਿਹੜਾ ਵੀ ਦਿੱਲੀ ਦੇ ਤਖ਼ਤ ਉਤੇ ਬੈਠਾ, ਉਸ ਨੇ ਹੀ ਖ਼ੁਦਦਾਰ ਸਿੱਖ ਕੌਮ ਨੂੰ ਵੰਗਾਰਿਆ।

ਹਰਿਮੰਦਰ ਸਾਹਿਬ ਅੰਦਰ ਸਿੱਖੀ ਦੀ ਜਗਦੀ ਜੀਵਨ ਜੋਤਿ ਨੂੰ ਗੁਲ ਕਰ ਦੇਣ ਦੇ ਭਰਪੂਰ ਯਤਨ ਇਸ ਦੇ ਜਗਣ ਦੇ ਪਹਿਲੇ ਦਿਨ ਤੋਂ ਹੀ ਹੁੰਦੇ ਆਏ ਹਨ। ਕਦੀ ਅਬਦਾਲੀ ਵਰਗੇ ਜਰਵਾਣਿਆਂ ਨੇ ਵੀ ਸਿੱਖਾਂ ਦੇ ਸਿਦਕ, ਦ੍ਰਿੜਤਾ ਅਤੇ ਮਨੋਬਲ ਨੂੰ ਭੰਨਣ ਲਈ ਅੰਮ੍ਰਿਤ ਸਰੋਵਰ ਨੂੰ ਪੂਰ ਦੇਣ ਲਈ ਸਾਰਾ ਤਾਣ ਲਾਇਆ, ਪਰ ਸਿੰਘਾਂ ਨੇ ਹਮੇਸ਼ਾ ਸ਼ਹਾਦਤਾਂ ਦੇਕੇ ਇਸ ਜੋਤਿ ਨੂੰ ਸਦਾ ਜਗਾਈ ਰੱਖਿਆ। ਉਸ ਮਗਰੋਂ ਕਈ ਨਾਢੂ ਖ਼ਾਂ ਸਿੱਖ ਕੌਮ ਨੂੰ ਖ਼ਤਮ ਕਰ ਦੇਣ ਦੇ ਦਮਗਜੇ ਮਾਰਦੇ-ਮਾਰਦੇ ਆਪ ਹੀ ਖ਼ਤਮ ਹੋ ਜਾਂਦੇ ਰਹੇ। ਇਸ ਜੋਤਿ ਨੂੰ ਬੁਝਾ ਦੇਣ ਦੇ ਸੁਪਨੇ ਲੈਣ ਵਾਲੇ ਜਰਵਾਣੇ ਹਾਰ-ਹੁੱਟ ਕੇ ਆਪ ਹੀ ਮਰ-ਖਪ ਜਾਂਦੇ ਰਹੇ ਅਤੇ ਇਹ ਅਜ਼ਲੀ ਤੇ ਰੱਬੀ ਨੂਰਾਨੀ ਜੋਤਿ ਨਿਰੰਤਰ ਲਟ-ਲਟ ਕਰਦੀ ਜਗ ਰਹੀ ਹੈ ਤੇ ਨੂਰਾਨੀ ਚਾਨਣ ਵੰਡ ਰਹੀ ਹੈ।

ਇਸ ਨੂਰਾਨੀ ਜੋਤਿ ਨੂੰ ਜਗਾਈ ਰੱਖਣ ਲਈ ਲੱਖਾਂ ਦੀ ਗਿਣਤੀ ਵਿੱਚ ਸਿੰਘਾਂ ਨੇ ਬੇ-ਮਿਸਾਲ ਸ਼ਹਾਦਤਾਂ ਦਿੱਤੀਆਂ ਹਨ। ਦੇਗਾਂ ਵਿੱਚ ਉਬਲ ਕੇ, ਆਰਿਆਂ ਨਾਲ ਚਿਰੀਕੇ, ਬੰਦ ਬੰਦ ਕਟਵਾ ਕੇ, ਚਰਖੜੀਆਂ 'ਤੇ ਚੜ੍ਹਕੇ, ਰੰਬੀਆਂ ਨਾਲ ਖੋਪਰੀਆਂ ਉਤਰਵਾ ਕੇ ਵੀ ਇਸ ਜੋਤਿ ਨੂੰ ਜਗਦਿਆਂ ਰੱਖਿਆ। ਅੱਜ ਤਕ ਸੰਸਾਰ ਦੀ ਕੋਈ

ਵੀ ਹੋਰ ਕੌਮ ਜਾਂ ਧਰਮ ਸਿੱਖਾਂ ਦੇ ਮੇਚ ਦੇ ਸ਼ਹੀਦ ਨਹੀਂ ਪੈਦਾ ਕਰ ਸਕਿਆ। ਸੰਸਾਰ ਦੀਆਂ ਹੋਰਨਾਂ ਕੌਮਾਂ ਨੂੰ ਵੀ ਆਪਣੀ ਉਸਾਰੀ ਲਈ ਕੁਰਬਾਨੀਆਂ ਦੇਣੀਆਂ ਪਈਆਂ, ਪਰ ਇਤਨੀਆਂ ਨਹੀਂ, ਜਿਤਨੀਆਂ ਕਿ ਸਿੱਖ ਕੌਮ ਨੂੰ ਦੇਣੀਆਂ ਪਈਆਂ।

ਹੋਰਨਾਂ ਕੌਮਾਂ ਦਾ ਇਤਿਹਾਸ ਜਿਥੇ ਕਲਮ ਤੇ ਸਿਆਹੀ ਨਾਲ ਲਿਖਿਆ ਗਿਆ, ਉਥੇ ਸਿੱਖ ਕੌਮ ਦੇ ਇਤਿਹਾਸ ਦਾ ਇੱਕ ਇੱਕ ਅੱਖਰ ਸ਼ਹੀਦਾਂ ਦੇ ਪਵਿਤਰ ਖ਼ੂਨ ਨਾਲ ਲਿਖਿਆ ਗਿਆ ਹੈ। ਸ਼ਹੀਦਾਂ ਦਾ ਖ਼ੂਨ ਕੌਮਾਂ ਦੀਆਂ ਤਕਦੀਰਾਂ ਬਦਲ ਕੇ ਰੱਖ ਦੇਣ ਦੀ ਸ਼ਕਤੀ ਰੱਖਦਾ ਹੈ ਅਤੇ ਮੁਰਦਾ ਹੋ ਚੁੱਕੀਆਂ ਕੌਮਾਂ ਨੂੰ ਸੁਰਜੀਤ ਕਰ ਦਿੰਦਾ ਹੈ। ਸ਼ਹੀਦ, ਕੌਮਾਂ ਅੰਦਰ ਨਵੀਂ ਰੂਹ, ਨਵੀਂ ਜ਼ਿੰਦਗੀ ਅਤੇ ਨਵੀਂ ਜਾਨ ਭਰ ਦਿੰਦੇ ਹਨ। ਸ਼ਹੀਦਾਂ ਦਾ ਖ਼ੂਨ ਕੌਮਾਂ ਦੇ ਠੰਡੇ ਹੋ ਚੁੱਕੇ ਖ਼ੂਨ ਨੂੰ ਗਰਮਾਉਂਦਾ ਹੈ, ਕੁਰਬਾਨੀਆਂ ਦਾ ਰਾਹ ਵਿਖਾਉਂਦਾ ਹੈ ਅਤੇ ਗ਼ੁਲਾਮੀ ਦੇ ਸੰਗਲ ਤੋੜ ਦੇਣ ਲਈ ਪ੍ਰੇਰਦਾ ਹੈ। ਇਨਸਾਫ਼ ਤੇ ਸੱਚਾਈ ਦੇ ਉੱਚੇ ਆਦਰਸ਼ ਲਈ ਡੁਲ੍ਹਿਆ ਖ਼ੂਨ ਹੀ ਕੌਮਾਂ ਤੇ ਮੁਲਕਾਂ ਨੂੰ ਜ਼ਿੰਦਾ ਰੱਖਦਾ ਹੈ। ਅਜਿਹੀ ਸ਼ਹੀਦੀ ਹੀ ਉੱਚੀ ਰੂਹਾਨੀਅਤ ਅਤੇ ਸੱਚੇ ਸੁੱਚੇ ਆਚਰਨ ਦੀ ਸ਼ਕਤੀ ਦਾ ਮਾਪ ਹੁੰਦੀ ਹੈ।

ਬ੍ਰਾਹਮਣਵਾਦ ਸਿੱਖ ਕੌਮ ਨੂੰ ਹੀਣਾ, ਨਿਤਾਣਾ, ਮਾੜੂਆ, ਬੌਣਾ ਅਤੇ ਦੁਬੇਲ ਬਣਾਕੇ ਸਦਾ ਲਈ ਗ਼ੁਲਾਮ ਬਣਾਈ ਰੱਖਣਾ ਚਾਹੁੰਦਾ ਹੈ। ਸੰਸਾਰ ਦੀਆਂ ਹਾਕਮ ਜਮਾਤਾਂ ਆਪਣੀਆਂ ਗ਼ੁਲਾਮ ਕੌਮਾਂ ਨੂੰ ਗ਼ੁਲਾਮ ਬਣਾਈ ਰੱਖਣ ਲਈ 'ਪਾੜੋ ਤੇ ਰਾਜ ਕਰੋ' ਦੀ ਜਗਤ ਪ੍ਰਸਿਧ ਨੀਤੀ ਵਰਤਦੀਆਂ ਆਈਆਂ ਹਨ, ਪਰ ਬ੍ਰਾਹਮਣਵਾਦ ਦੀ ਚਾਣਕੀਆ ਨੀਤੀ ਇਸ ਤੋਂ ਇੱਕ ਕਦਮ ਹੋਰ ਅਗਾਂਹ ਨੂੰ ਜਾਂਦੀ ਹੈ। ਇਹ ਆਪਣੀਆਂ ਗ਼ੁਲਾਮ ਕੌਮਾਂ 'ਤੇ ਰਾਜ ਵੀ ਕਰਨਾ ਚਾਹੁੰਦੀ ਹੈ ਅਤੇ ਉਹਨਾਂ ਦਾ ਧਰਮ ਵੀ ਬਦਲਣਾ ਚਾਹੁੰਦੀ ਹੈ, ਤਾਂ ਜੋ ਉਹਨਾਂ ਦੇ ਬਸ਼ਿੰਦੇ ਚੌਥੇ ਦਰਜੇ ਦੇ (ਸ਼ੂਦਰ) ਸ਼ਹਿਰੀ ਬਣਕੇ, ਨਾ ਕੇਵਲ ਇਸ ਦੀ ਚਾਕਰੀ ਹੀ ਕਰਨ, ਸਗੋਂ ਇਸ ਦੀ ਚਾਕਰੀ ਕਰਨਾ ਆਪਣਾ ਧਰਮ ਸਮਝਣ।

ਚਾਤੁਰ ਹਿੰਦੂ ਸਾਮਰਾਜ ਦੂਰ ਦੀ ਸੋਚਣ ਵਾਲਾ ਹੈ। ਇਸ ਨੇ ਸਿੱਖ ਕੌਮ ਨੂੰ ਖ਼ਤਮ ਕਰਨ ਦੇ ਮਨਸੂਬੇ ਅਜ਼ਾਦੀ ਮਿਲਣ ਤੋਂ ਪਹਿਲਾਂ ਹੀ ਬਣਾ ਰੱਖੇ ਸਨ। ਗੁਰਦੁਆਰਾ ਸੁਧਾਰ ਦੇ ਮੋਰਚਿਆਂ ਅਤੇ ਅਜ਼ਾਦੀ ਦੇ ਸੰਗਰਾਮ ਵਿੱਚ ਸਿੱਖਾਂ ਦੀ ਬਹਾਦਰ ਤੇ ਅਣਖੀਲੀ ਕੌਮ ਦੀਆਂ ਦਿੱਤੀਆਂ ਕੁਰਬਾਨੀਆਂ ਤੇ ਸ਼ਹਾਦਤਾਂ ਨੇ ਬਿੱਪ੍ਰਵਾਦ ਦੀਆਂ ਅੱਖਾਂ ਚੁੰਧਿਆ ਦਿੱਤੀਆਂ ਸਨ। ਉਦੋਂ ਤੋਂ ਹੀ ਚਾਤੁਰ ਹਿੰਦੂ ਸਾਮਰਾਜ ਨੇ ਸਿੱਖ ਕੌਮ ਨੂੰ ਹੀਣਿਆਂ ਬਣਾਉਣ ਦੀਆਂ ਗੋਂਦਾਂ ਗੁੰਦਣੀਆਂ ਸ਼ੁਰੂ ਕਰ

ਦਿੱਤੀਆਂ ਸਨ ਅਤੇ ਅਜ਼ਾਦੀ ਮਿਲਦਿਆਂ ਹੀ ਉਹਨਾਂ ਨੂੰ ਅਮਲੀ ਰੂਪ ਦੇਣਾ ਸ਼ੁਰੂ ਕਰ ਦਿੱਤਾ ਸੀ।

ਕਿਸੇ ਕੌਮ ਦੀ ਹੋਂਦ ਨੂੰ ਜੇ ਖ਼ਤਮ ਕਰਨਾ ਹੋਵੇ, ਤਾਂ ਸਭ ਤੋਂ ਸੌਖਾ ਤਰੀਕਾ ਇਹ ਵਰਤਿਆ ਜਾਂਦਾ ਹੈ, ਕਿ ਉਸ ਕੌਮ ਦੀਆਂ ਆਰਥਕ ਜੜ੍ਹਾਂ ਵੱਢ ਕੇ, ਉਸ ਨੂੰ ਘਸਿਆਰਾ ਤੇ ਹੀਣਿਆਂ ਬਣਾ ਦਿੱਤਾ ਜਾਂਦਾ ਹੈ। ਆਰਥਕ ਪੱਖੋਂ ਹਾਰਿਆ ਤੇ ਪਛੜਿਆ ਮਨੁੱਖ ਕੁਝ ਵੀ ਕਰਨ ਲਈ ਤਿਆਰ ਹੋ ਜਾਂਦਾ ਹੈ। ਇਸ ਦੇ ਨਾਲ ਹੀ ਜੇ ਉਸ ਕੌਮ ਦੀ ਬੋਲੀ ਤੇ ਸਭਿਆਚਾਰ ਨੂੰ ਵੀ ਹੌਲੀ-ਹੌਲੀ ਖੋਰ ਦਿੱਤਾ ਜਾਵੇ, ਤਾਂ ਉਸ ਕੌਮ ਦੇ ਧਰਮ ਤੇ ਇਤਿਹਾਸ ਨੂੰ ਰਲਗਡ ਕਰਕੇ, ਉਸ ਨੂੰ ਧੁੰਧਲਾ ਦੇਣਾ ਔਖਾ ਨਹੀਂ। ਜਿਸ ਕੌਮ ਦਾ ਇਤਿਹਾਸ ਗਿਆ, ਉਹ ਕੌਮ ਗਈ ਸਮਝੋ।

ਅਜਿਹੀ ਹਾਲਤ ਵਿੱਚ ਉਸ ਕੌਮ ਦੇ ਲੋਕ ਥੋੜੇ ਚਿਰ ਮਗਰੋਂ ਹੀ ਹਾਕਮ ਜਮਾਤ ਦੀ ਬੋਲੀ ਤੇ ਸਭਿਆਚਾਰ ਵਿੱਚ ਫ਼ਖ਼ਰ ਸਮਝਣ ਲਗ ਪੈਂਦੇ ਹਨ ਅਤੇ ਆਪਣੇ ਸਭਿਆਚਾਰ ਤੇ ਬੋਲੀ ਨੂੰ ਘਟੀਆ ਸਮਝਣ ਲਗ ਪੈਂਦੇ ਹਨ, ਜਿਸ ਨਾਲ ਉਹ ਕੌਮ ਤਪਦਿਕ ਦੇ ਮਰੀਜ਼ ਵਾਂਗ ਹੌਲੀ-ਹੌਲੀ ਖ਼ਤਮ ਹੋਣੀ ਸ਼ੁਰੂ ਹੋ ਜਾਂਦੀ ਹੈ। ਇਸ ਤਰ੍ਹਾਂ ਜਦ ਹਾਕਮ ਜਮਾਤ ਅਜਿਹੀ ਕੌਮ ਨੂੰ ਆਪਣੇ ਧਰਮ, ਸਭਿਆਚਾਰ ਅਤੇ ਬੋਲੀ ਦੀ ਬੁੱਕਲ ਵਿੱਚ ਲੁਕੋ ਲੈਂਦੀ ਹੈ, ਤਾਂ ਉਸ ਕੌਮ ਦੀਆਂ ਇਤਿਹਾਸਕ ਰਵਾਇਤਾਂ ਦੀਆਂ ਖਿਲੀਆਂ ਉਡਾ ਕੇ, ਉਸ ਦੀ ਰਹਿੰਦੀ-ਖੂੰਹਦੀ ਅਣਖ ਤੇ ਗ਼ੈਰਤ ਉਤੇ ਕਰਾਰੀਆਂ ਸੱਟਾਂ ਮਾਰ ਕੇ, ਉਸ ਨੂੰ ਖ਼ਤਮ ਕਰਕੇ ਰੱਖ ਦਿੰਦੀ ਹੈ। ਆਪਣੀ ਬੋਲੀ, ਆਪਣੇ ਸਭਿਆਚਾਰ, ਆਪਣੇ ਇਤਿਹਾਸ ਅਤੇ ਆਪਣੇ ਧਰਮ ਤੋਂ ਸਖਣੀਆਂ ਹੋ ਚੁੱਕੀਆਂ ਕੌਮਾਂ ਆਪਣਾ ਸਵੈਮਾਣ ਵੀ ਤਿਆਗ ਬੈਠਦੀਆਂ ਹਨ। ਸਵੈਮਾਣ ਖ਼ਤਮ ਹੋ ਜਾਣ ਨਾਲ ਬੰਦਾ ਬੇ-ਗ਼ੈਰਤ ਬਣ ਜਾਂਦਾ ਹੈ। ਬੇ-ਗ਼ੈਰਤ ਮਨੁੱਖ ਦੇ ਅੰਦਰੋਂ ਬਲ ਆਪਣੇ ਆਪ ਖ਼ਤਮ ਹੋ ਜਾਂਦਾ ਹੈ ਅਤੇ ਬੰਦਾ ਨਿਤਾਣਾ ਤੇ ਕਾਇਰ ਬਣਕੇ ਗ਼ੁਲਾਮੀ ਕਰਨ ਲੱਗ ਜਾਂਦਾ ਹੈ।

ਇਤਿਹਾਸ ਸਾਡੇ ਸਾਹਮਣੇ ਹੈ। ਕਰੋੜਾਂ ਵਾਲੀ ਇਸੇ ਹਿੰਦੂ ਕੌਮ ਨੇ ਮੁੱਠੀ ਭਰ ਬਾਹਰੋਂ ਆਏ ਮੁਸਲਮਾਨਾਂ ਦੀ ਫੌਜ ਤੋਂ ਹਾਰ ਖਾ ਕੇ ਸਦੀਆਂ ਲਈ ਗ਼ੁਲਾਮੀ ਦਾ ਪਟਾ ਗਲ ਵਿੱਚ ਪਾਈ ਰੱਖਿਆ ਸੀ। ਸਿੱਖ ਕੌਮ ਤਾਂ ਆਟੇ ਵਿੱਚ ਲੂਣ ਬਰਾਬਰ ਵੀ ਨਹੀਂ ਹੈ। ਜੀਵਨ ਦੇ ਹਰ ਖੇਤਰ ਵਿੱਚ ਅੱਜ ਸਿੱਖਾਂ ਦੀ ਅਣਖ ਤੇ ਗ਼ੈਰਤ ਉਤੇ ਸੱਟਾਂ ਮਾਰੀਆਂ ਜਾ ਰਹੀਆਂ ਹਨ। ਸਿੱਖਾਂ ਦੇ ਗੁਰਦੁਆਰੇ ਢਾਹ-ਢਾਹ ਕੇ, ਜ਼ਲੀਲ ਕਰਕੇ, ਅਣਖ ਦੀ ਨਬਜ਼ ਵੇਖੀ ਜਾ ਰਹੀ ਹੈ। ਰਾਜਿਸਥਾਨ ਵਿੱਚ

ਅੰਮ੍ਰਿਤ ਛਕਾਉਣ ਵਾਲਿਆਂ ਅਤੇ ਛਕਣ ਵਾਲਿਆਂ ਦੀਆਂ ਲਿਸਟਾਂ ਸਰਕਾਰ ਨੂੰ ਦੇਣ ਦੇ ਆਦੇਸ਼ ਦਿੱਤੇ ਹੋਏ ਹਨ। ਇਹ ਹੈ ਬਾਦਲ ਸਰਕਾਰ ਦੇ ਭਾਈਵਾਲਾਂ ਦੀ ਦੇਣ ਸਿੱਖਾਂ ਨੂੰ। ਇਹ ਹੈ ਭਾਰਤੀ ਧਰਮ ਨਿਰਪੇਖਤਾ, ਪਰ ਪ੍ਰਕਾਸ਼ ਸਿੰਘ ਬਾਦਲ ਵਰਗਿਆਂ ਨੂੰ ਅੰਮ੍ਰਿਤ ਨਾਲ ਕੀ ਵਾਸਤਾ, ਉਸ ਦੀ ਵਜ਼ਾਰਤ ਕਾਇਮ ਰਹਿਣੀ ਜ਼ਰੂਰੀ ਹੈ। ਹਾਕਮ ਜਮਾਤ ਵਲੋਂ ਸਿੱਖਾਂ ਨੂੰ ਫ਼ਿਲਮਾਂ ਵਿੱਚ ਜਾਂ ਰੇਡੀਓ-ਟੀਵੀ ਆਦਿਕ 'ਤੇ ਇੱਕ ਟੁੱਟੀ-ਫੁੱਟੀ ਪੰਜਾਬੀ ਬੋਲਣ ਵਾਲੇ ਡਰਾਈਵਰ ਆਦਿਕ ਦਾ ਪਾਰਟ ਦੇ ਕੇ, ਹਾਸੇ ਮਖੌਲ ਦਾ ਸਾਧਨ ਬਣਾਕੇ, ਸਿੱਖਾਂ ਨੂੰ ਘਟੀਆ ਸਾਬਤ ਕਰਕੇ, ਸਿੱਖਾਂ ਦੀ ਲਾਸਾਨੀ ਬਹਾਦਰੀ ਦਾ ਮਜ਼ਾਕ ਉਡਾਇਆ ਜਾਂਦਾ ਹੈ ਅਤੇ ਬਹਾਦਰੀ ਦਾ ਪਾਰਟ ਉਹਨਾਂ ਰਾਜਪੂਤਾਂ ਨੂੰ ਦਿੱਤਾ ਜਾਂਦਾ ਹੈ, ਜਿਨ੍ਹਾਂ ਨੇ ਮੁਗਲਾਂ ਦੇ ਹਰਮਾਂ ਵਿੱਚ ਆਪਣੀਆਂ ਧੀਆਂ-ਭੈਣਾਂ ਦੇ ਡੋਲੇ ਵਾੜ ਕੇ ਉਹਨਾਂ ਨਾਲ ਆਪਣੀਆਂ ਰਿਸਤੇਦਾਰੀਆਂ ਗੰਢੀਆਂ ਸਨ।

ਬ੍ਰਾਹਮਣਵਾਦ ਸਿੱਖੀ ਦਾ ਪਹਿਲੇ ਦਿਨ ਤੋਂ ਹੀ ਦੁਸ਼ਮਣ ਰਿਹਾ ਹੈ। ਇਹ ਹਰ ਹੱਥ ਆਏ ਮੌਕੇ 'ਤੇ ਸਿੱਖੀ ਨੂੰ ਕੁਚਲ ਦੇਣ ਲਈ ਯਤਨਸ਼ੀਲ ਰਿਹਾ ਹੈ। ਵਿਸਾਖੀ ਦੇ ਖ਼ੂਨੀ ਸਾਕੇ ਪਿੱਛੇ ਇਸ ਦੀ ਹੀ ਸਿੱਖ ਨਸਲਕੁਸ਼ੀ ਦੀ ਸਾਜ਼ਿਸ਼ ਕੰਮ ਕਰ ਰਹੀ ਸੀ। ਅਸਲ ਵਿੱਚ ਇਹ ਟੱਕਰ ਹੈ, ਮਨੁੱਖਤਾ ਦੀਆਂ ਵੰਡੀਆਂ ਪਾਉਣ ਵਾਲੀ ਜ਼ਾਤਪਾਤੀ ਵਰਨਵੰਡ ਦੀ ਫ਼ਿਲਾਸਫ਼ੀ ਦੀ ਅਤੇ 'ਏਕੁ ਪਿਤਾ ਏਕਸ ਕੇ ਹਮ ਬਾਰਿਕ' ਦੀ ਬਰਾਬਰਤਾ ਦੀ ਫ਼ਿਲਾਸਫ਼ੀ ਦੀ। ਇਹ ਟੱਕਰ ਹੈ, ਤੇਤੀ ਕਰੋੜ ਪੱਥਰਾਂ ਦੇ ਭਗਵਾਨ ਪੂਜਕਾਂ ਦੇ ਇਸ਼ਟ ਦੀ ਅਤੇ ਇੱਕ ਅਕਾਲ ਪੁਰਖ ਨੂੰ ਮੰਨਣ ਵਾਲਿਆਂ ਦੇ ਇਸ਼ਟ ਦੀ। ਇਹ ਟੱਕਰ ਹੈ, ਵਿਸਾਹਘਾਤਕ ਚਾਲਾਂ ਨਾਲ ਵਿਰੋਧੀ ਨੂੰ ਮਾਰਨ ਵਾਲੀ ਚਾਣਕੀਆ ਨੀਤੀ ਦੀ ਅਤੇ ਸੱਚ ਖ਼ਾਤਰ ਬੰਦ-ਬੰਦ ਕਟਵਾਉਣ ਵਾਲੀ ਸੰਤ ਸਿਪਾਹੀ ਦੀ ਫ਼ਿਲਾਸਫ਼ੀ ਦੀ। ਇਹ ਟੱਕਰ ਹੈ, ਦੂਜਿਆਂ ਦੀ ਕਮਾਈ 'ਤੇ ਪਲਣ ਵਾਲੇ ਵਿਹਲੜਾਂ ਦੀ ਅਤੇ ਕਿਰਤ ਕਰਕੇ ਵੰਡ ਛਕਣ ਵਾਲਿਆਂ ਦੀ। ਆਪਣੀ ਸ੍ਰੇਸ਼ਟਤਾ ਨੂੰ ਕਾਇਮ ਰੱਖਣ ਲਈ ਬ੍ਰਾਹਮਣਵਾਦ ਸਿੱਖੀ ਦੇ ਬਰਾਬਰਤਾ ਦੇ ਸਿਧਾਂਤ ਦੀ ਫੱਟੀ ਪੋਚ ਦੇਣ 'ਤੇ ਤੁਲਿਆ ਹੋਇਆ ਹੈ।

ਸਿੱਖਾਂ ਨੂੰ ਹੀਣਿਆਂ ਬਣਾਉਣ ਲਈ ਅਤੇ ਸਿੱਖ ਸ਼ਕਤੀ ਨੂੰ ਨਸ਼ਟ ਕਰਨ ਲਈ, ਹਾਕਮ ਜਮਾਤ ਵਲੋਂ ਅਜ਼ਾਦੀ ਦੇ ਪਹਿਲੇ ਦਿਨ ਤੋਂ ਹੀ 'ਪਾੜੋ ਤੇ ਰਾਜ ਕਰੋ' ਦੀ ਨੀਤੀ ਅਪਨਾਈ ਗਈ। ਸਿੱਖ ਕੌਮ ਨੂੰ ਲੀਰੋ-ਲੀਰ ਕੀਤਾ ਗਿਆ। ਸਿੱਖ ਕੌਮ ਦੇ ਸ਼ਕਤੀ ਦੇ ਸੋਮੇ (Power houses) ਗੁਰਦੁਆਰਿਆਂ ਉਤੇ ਆਪਣੇ ਪਿੱਠੂ ਕਾਬਜ਼ ਕਰਵਾਏ ਗਏ। ਸਿੱਖ ਲੀਡਰਾਂ ਨੂੰ ਜਾਂ ਤਾਂ ਆਪਸੀ ਮੁੱਠ ਭੇੜ ਵਿੱਚ ਡਾਹੀ ਰੱਖਿਆ ਜਾਂ

ਇਹਨਾਂ ਨੂੰ ਕਿਸੇ ਨਾ ਕਿਸੇ ਮੋਰਚੇ ਵਿੱਚ ਡਾਹੀ ਰੱਖਿਆ ਜਾਂ ਵਜ਼ੀਰੀਆਂ ਤੇ ਪਦਵੀਆਂ ਦੀ ਬੁਰਕੀ ਪਾ ਕੇ ਇਹਨਾਂ ਨੂੰ ਇੱਕ ਦੂਜੇ ਨਾਲ ਲੜਾਈ ਰੱਖਿਆ।

ਬ੍ਰਾਹਮਣਵਾਦ ਵਲੋਂ ਪੰਥ ਨੂੰ ਲੀਰੋ-ਲੀਰ ਕਰਨ ਦੇ ਬਾਨਣੂ ਬੰਨ੍ਹੇ ਗਏ। ਸਿੱਖ ਧਰਮ ਦੀ ਭੰਨ-ਤਰੋੜ ਕਰਨ ਲਈ ਇਸ ਦੇ ਬਿੰਕ-ਟੇਂਕ ਵਲੋਂ ਸਾਜ਼ਿਸ਼ਾਂ ਘੜੀਆਂ ਗਈਆਂ ਅਤੇ ਉਹਨਾਂ ਨੂੰ ਪੂਰੀ ਤਰ੍ਹਾਂ ਵਿਉਂਤਬੰਦ ਕੀਤਾ ਗਿਆ। ਸਿੱਖ ਧਰਮ ਦੀ ਭੰਨ-ਤਰੋੜ ਕਰਨ ਵਾਲਿਆਂ ਨੂੰ ਪੀ.ਐਚ.ਡੀ.ਦੀਆਂ ਡਿਗਰੀਆਂ ਤੇ ਪਦਮ ਸ੍ਰੀ ਦੇ ਤਗਮਿਆਂ ਨਾਲ ਸਨਮਾਨਿਆ-ਸਤਿਕਾਰਿਆ ਗਿਆ। ਸਿੱਖ ਕੌਮ ਦੇ ਬੁਧੀਜੀਵੀਆਂ ਨੂੰ ਥੈਲੀਆਂ ਨਾਲ ਖ਼ਰੀਦ ਕੇ, ਰਾਸ਼ਟਰਵਾਦ ਦੇ ਬੁਰਕੇ ਥੱਲੇ, ਸਿੱਖ ਧਰਮ, ਸਿੱਖ ਸਭਿਆਚਾਰ ਅਤੇ ਸਿੱਖ ਇਤਿਹਾਸ ਉਤੇ ਬਿੱਪ੍ਰਵਾਦੀ ਪੋਚਾ ਫਿਰਵਾਇਆ ਗਿਆ। ਸਿੱਖ ਧਰਮ ਅੰਦਰ ਵੱਖ ਵੱਖ ਸੰਪਰਦਾਵਾਂ ਨੂੰ ਸਿੱਖੀ ਵਿਰੁੱਧ ਉਕਸਾਇਆ ਗਿਆ। ਰਾਧਾ ਸੁਆਮੀਆਂ, ਨਾਮਧਾਰੀਆਂ ਅਤੇ ਨਿਰੰਕਾਰੀਆਂ ਨੂੰ ਸਿੱਖੀ ਦੀ ਭੰਨ-ਤਰੋੜ ਕਰਨ ਲਈ ਉਕਸਾਇਆ-ਉਤਸ਼ਾਹਿਆ ਗਿਆ। ਨਿਰੰਕਾਰੀਆਂ ਨੂੰ ਕਰੋੜਾਂ ਰੁਪਏ ਦੇ ਕੇ ਸਿੱਖੀ ਦੀ ਭੰਨ-ਤਰੋੜ ਕਰਨ 'ਤੇ ਲਾਇਆ ਗਿਆ। ਜਦ ਇਹ ਸਾਰਾ ਢਾਂਚਾ ਤਿਆਰ ਹੋ ਗਿਆ, ਤਾਂ ਸਿੱਖੀ 'ਤੇ ਬਾਹਰੋਂ ਸੱਟਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ ਗਈਆਂ। ਵਿਸਾਖੀ ਦਾ ਖ਼ੂਨੀ ਸਾਕਾ ਸਿੱਖੀ ਦੇ ਸਰੀਰ 'ਤੇ ਪਹਿਲੀ ਮਾਰੂ ਸੱਟ ਸੀ ਅਤੇ ਸਿੱਖ ਨਸਲਕੁਸ਼ੀ ਦਾ ਆਰੰਭ ਸੀ।

ਬ੍ਰਾਹਮਣਵਾਦ ਨੇ ਆਪਣੇ ਹੱਥਠੋਕੇ ਸਿੱਖ ਲੀਡਰਾਂ ਦੀ ਵਫ਼ਾਦਾਰੀ ਪਰਖਣ, ਸਿੱਖ ਕੌਮ ਦੀ ਹੀਣਤਾ ਨੂੰ ਨਾਪਣ ਅਤੇ ਆਮ ਸਿੱਖਾਂ ਦਾ ਪ੍ਰਤਿਕਰਮ ਵੇਖਣ ਲਈ ਨਿਰੰਕਾਰੀਆਂ ਹੱਥੋਂ ਅੱਠਤਰ ਦੀ ਖ਼ੂਨੀ ਵਿਸਾਖੀ ਦਾ ਕਾਰਾ ਕਰਵਾਇਆ ਸੀ। ਚੁਰਾਸੀ ਦੇ ਦੋਵੇਂ ਘਲੂਘਾਰੇ ਅਤੇ ਓਪਰੇਸ਼ਨ ਸ਼ਾਂਤੀ ਉਸੇ ਪਲਾਨ ਦੀ ਆਖ਼ਰੀ ਕੜੀਆਂ ਸਨ, ਜਿਸ ਲਈ ਅਜ਼ਾਦੀ ਦੇ ਪਹਿਲੇ ਦਿਨ ਤੋਂ ਹੀ ਤਿਆਰੀਆਂ ਹੁੰਦੀਆਂ ਰਹੀਆਂ ਅਤੇ ਢੁਕਵੇਂ ਸਮੇਂ ਦੀ ਉਡੀਕ ਵਿੱਚ ਬ੍ਰਾਹਮਣਵਾਦ ਇਸ ਆਖ਼ਰੀ ਮਾਰੂ ਵਾਰ ਲਈ ਘਾਤ ਲਾਈ ਬੈਠਾ ਰਿਹਾ ਸੀ।

ਨਿਰੰਕਾਰੀਆਂ ਸਬੰਧੀ ਜਾਣਕਾਰੀ

ਨਿਰੰਕਾਰੀ ਲਹਿਰ ਦੇ ਦੋ ਫ਼ਿਰਕੇ ਹਨ। ਪਹਿਲਾ ਅਸਲੀ ਨਿਰੰਕਾਰੀ ਮੱਤ ਹੈ, ਜਿਹੜਾ ਕਿ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਸਥਾਪਤ ਹੋਇਆ ਸੀ ਅਤੇ ਜਿਸ ਦੇ ਬਾਨੀ ਬਾਬਾ ਦਿਆਲ ਜੀ ਸਨ। ਇਹ ਨਿਰੰਕਾਰੀ ਸੰਪਰਦਾ ਗੁਰਬਾਣੀ ਨੂੰ ਆਪਣਾ ਇਸ਼ਟ ਮੰਨਦੀ ਹੈ ਅਤੇ ਦਸਾਂ ਹੀ ਗੁਰੂ ਸਾਹਿਬਾਨ ਵਿੱਚ ਵਿਸ਼ਵਾਸ ਤੇ ਸ਼ਰਧਾ ਰੱਖਦੀ ਹੈ। ਇਹ ਆਪਣੇ ਆਪ ਨੂੰ ਗੁਰੂ ਨਹੀਂ ਮੰਨਦੇ, ਸਗੋਂ ਇੱਕ ਨਿਰੰਕਾਰ ਦੇ ਸ਼ਬਦ ਦਾ ਧਿਆਨ ਧਰਦੇ ਹਨ। ਸਮਾਧੀ ਆਦਿ ਲਾਉਣ ਦੇ ਧਾਰਨੀ ਹਨ। ਗੁਰਬਾਣੀ ਦੇ ਆਸ਼ੇ ਅਨੁਸਾਰ ਇੱਕ ਹੀ ਨਿਰੰਕਾਰ ਨੂੰ ਮੰਨਦੇ ਹਨ ਅਤੇ ਕਿਸੇ ਕਿਸਮ ਦਾ ਕੋਈ ਪਖੰਡ ਨਹੀਂ ਕਰਦੇ।

ਦੂਜਾ ਹੈ ਨਕਲੀ ਨਿਰੰਕਾਰੀ ਮੱਤ, ਜਿਹੜਾ ਕਿ ਨਰਕਧਾਰੀ ਕਰਕੇ ਵੀ ਪ੍ਰਸਿਧ ਹੈ। ਇਹ ਬਗਲੇ ਭਗਤ ਆਪਣੀ ਗੱਦੀ ਬੂਟਾ ਸਿੰਘ ਤੋਂ ਤੋਰਦੇ ਹਨ। ਇਹਨਾਂ ਦਾ ਮੋਢੀ ਬੂਟਾ ਸਿੰਘ (1873-1943) ਹੈ, ਜਿਸ ਨੂੰ ਇਹ ਗੁਰੂ ਮੰਨਦੇ ਹਨ। ਬੂਟਾ ਸਿੰਘ ਅਸਲੀ ਨਿਰੰਕਾਰੀਆਂ (ਰਾਵਲਪਿੰਡੀ) ਦੇ ਦਰਬਾਰ ਵਿੱਚ ਕੀਰਤਨ ਕਰਦਾ ਹੁੰਦਾ ਸੀ, ਪਰ ਚੋਰੀ ਰੱਜਵੀਂ ਸ਼ਰਾਬ ਵੀ ਪੀਂਦਾ ਹੁੰਦਾ ਸੀ। ਜਦ ਉਹਨਾਂ ਨੂੰ ਬੂਟਾ ਸਿੰਘ ਦੇ ਰੋਜ਼ ਸ਼ਰਾਬ ਪੀਣ ਦਾ ਪਤਾ ਲਗਾ, ਤਾਂ ਉਹਨਾਂ ਆਪਣੇ ਦਰਬਾਰ ਵਿੱਚੋਂ ਉਸ ਨੂੰ ਕੱਢ ਦਿੱਤਾ। ਉਹ ਇਤਨੀ ਜ਼ਿਆਦਾ ਸ਼ਰਾਬ ਪੀਣ ਲਗ ਪਿਆ ਸੀ ਕਿ ਉਹ ਸੁਜ਼ਾਕ ਨਾਲ ਤੜਪ-ਤੜਪ ਕੇ ਮਰਿਆ। ਉਸ ਮਗਰੋਂ ਅਵਤਾਰ ਸਿੰਘ ਆਗੂ ਬਣਿਆ।

ਅਵਤਾਰ ਸਿੰਘ ਸ਼ਰਾਬੀ ਬੂਟਾ ਸਿੰਘ ਦਾ ਚੇਲਾ ਸੀ। ਇਹ ਡਬਲ ਰੋਟੀਆਂ ਦੀ ਦੁਕਾਨ ਕਰਦਾ ਹੁੰਦਾ ਸੀ। 1943 ਵਿੱਚ ਨਕਲੀ ਨਿਰੰਕਾਰੀ ਟੋਲੇ ਦਾ ਇਹ ਆਗੂ ਬਣਿਆ। ਅਜ਼ਾਦੀ ਮਗਰੋਂ ਇਸ ਨੇ 1948 ਵਿੱਚ ਦਿੱਲੀ ਵਿਖੇ ਆਪਣਾ ਸੰਤ ਮੰਡਲ ਬਣਾਇਆ, ਜਿਸ ਦੇ ਸੱਤ ਮੁੱਖ ਪ੍ਰਬੰਧਕ ਬਣਾਏ, ਜਿਹੜੇ ਸੱਤ ਸਿਤਾਰੇ ਕਰ ਕੇ ਵੀ ਪ੍ਰਸਿਧ ਕੀਤੇ ਗਏ। ਇਹ ਪਖੰਡੀ ਕਹਿੰਦਾ ਹੁੰਦਾ ਸੀ ਕਿ ਗੁਰੂ ਗੋਬਿੰਦ ਸਿੰਘ ਨੇ ਪੰਜ ਪਿਆਰੇ ਬਣਾਏ ਸਨ ਅਤੇ ਮੈਂ ਸੱਤ ਬਣਾਏ ਹਨ। ਇਸ ਪਿੱਛੇ ਕੰਮ ਕਰ ਰਹੀ ਸੋਚ ਦਾ ਜ਼ਿਕਰ ਅੱਗੇ ਆਏਗਾ।

ਅਵਤਾਰ ਸਿੰਘ ਮਗਰੋਂ ਇਸ ਦਾ ਲੜਕਾ ਗੁਰਬਚਨ ਸਿੰਹੁ 1963 ਤੋਂ ਆਗੂ ਬਣਿਆ, ਜਿਹੜਾ ਕਿ ਮੋਟਰ ਪਾਰਟਸ ਦੇ ਕਾਰਖ਼ਾਨੇ ਦਾ ਮਾਲਕ ਸੀ। ਇਹ ਆਪਣੇ ਆਪ ਨੂੰ 'ਅਵਤਾਰ', ਆਪਣੀ ਘਰ ਵਾਲੀ ਨੂੰ 'ਜਗਤ ਮਾਤਾ', ਆਪਣੀ ਨੂੰਹ ਨੂੰ 'ਰਾਜਮਾਤਾ' ਅਤੇ ਆਪਣੇ ਪੁੱਤਰ ਨੂੰ 'ਗੁਰੂ ਮਹਾਰਾਜ' ਕਹਿੰਦਾ ਹੁੰਦਾ ਸੀ। ਜਦ ਅਵਤਾਰ ਸਿੰਘ

ਦੀ ਪਤਨੀ ਬੁਧਵੰਤੀ ਮਰ ਗਈ, ਤਾਂ ਨਿਰੰਕਾਰੀ ਮੰਡਲ ਵਲੋਂ 'ਜਗਤ ਮਾਤਾ' ਟਰੈਕਟ ਕੱਢਿਆ ਗਿਆ, ਜਿਸ ਵਿੱਚ ਨਿਰਮਲ ਜੋਸ਼ੀ ਨਾਂ ਦੇ ਇੱਕ ਸ਼ਾਇਰ ਨੇ ਹੇਠ ਲਿਖਿਆ ਸ਼ਿਅਰ ਲਿਖਿਆ, ਜਿਸ ਦਾ ਮਤਲਬ ਇਹ ਕਿ ਬੁਧਵੰਤੀ ਦਾ ਘਰ ਵਾਲਾ ਅਵਤਾਰ ਸਿੰਘ ਵੀ ਖ਼ੁਦਾ ਸੀ ਅਤੇ ਉਸ ਦਾ ਦੁੱਧ ਪੀਣ ਵਾਲਾ ਪੁੱਤਰ ਗੁਰਬਚਨ ਸਿੰਹੁ ਵੀ ਖ਼ੁਦਾ ਸੀ –

'ਮਰ ਗਈ ਕਹਨੇ ਵਾਲੇ ਜ਼ਰਾ ਖ਼ਿਆਲ ਕਰੇਂ,
ਖ਼ੁਦਾ ਕੀ ਬੀਵੀ ਖ਼ੁਦਾ ਕੀ ਮਾਂ ਥੀ ਵੁਹ।'

ਇਹਨਾਂ ਦਾ ਇਸ਼ਟ– ਇਹਨਾਂ ਦਾ ਇਸ਼ਟ ਤਾਂ ਹੈ ਕਰੋੜਾਂ–ਅਰਬਾਂ ਰੁਪਏ ਬਦਲੇ ਸਿੱਖੀ ਦੀ ਤੋੜ ਭੰਨ ਕਰਨੀ। ਜਿਹੋ ਜਿਹੇ ਇਹ ਆਪ ਅਵਤਾਰ, ਤਿਹੋ ਜਿਹਾ ਇਹਨਾਂ ਦਾ ਇਸ਼ਟ। ਇਹਨਾਂ ਦਾ ਇਸ਼ਟ ਇਹਨਾਂ ਦੀ ਅਵਤਾਰ ਬਾਣੀ ਹੈ, ਜਿਹੜੀ ਬਜ਼ਾਰੀ ਕਵੀਆਂ ਕੋਲੋਂ ਕੱਚੀ–ਪਿੱਲੀ ਭਾਸ਼ਾ ਵਿੱਚ ਲਿਖਵਾਈਆਂ ਗਈਆਂ ਕਵਿਤਾਵਾਂ ਹਨ। ਇੱਕ ਨਿਰਪੱਖ ਵਿਦਵਾਨ ਆਲੋਚਕ ਅਨੁਸਾਰ ਇਹ, ਦੰਭੀਆਂ ਦੇ ਟੋਟਕੇ, ਪਖੰਡੀਆਂ ਦੇ ਬੋਲ ਅਤੇ ਸ਼ਰਾਬੀਆਂ ਦੀਆਂ ਯਭਲੀਆਂ ਦਾ ਇਕ ਸੰਗ੍ਰਹਿ ਹੈ, ਜਿਸ ਨੂੰ ਇਹ ਅਵਤਾਰ ਬਾਣੀ ਮੰਨਦੇ ਹਨ। ਜਿਹੜਾ ਸਭ ਤੋਂ ਵੱਡਾ ਅਨਰਥ ਇਹਨਾਂ ਕੀਤਾ, ਉਹ ਇਹ ਕਿ ਗੁਰਬਾਣੀ ਦੀਆਂ ਤੁਕਾਂ ਨੂੰ ਭੰਨ–ਤਰੋੜ ਕੇ, ਵਿਗਾੜ ਕੇ ਲਿਖ ਕੇ, ਮਨ ਮਰਜ਼ੀ ਦੇ ਅਰਥ ਕੱਢ ਕੇ, ਸਿੱਖੀ 'ਤੇ ਕੋਝੇ ਹਮਲੇ ਕੀਤੇ ਹਨ।

ਸਿੱਖੀ ਦੀ ਭੰਨ–ਤਰੋੜ ਕਰਨੀ ਇਹਨਾਂ ਦਾ ਇਸ਼ਟ ਹੈ। ਬ੍ਰਾਹਮਣਵਾਦ ਦੇ ਇਹਨਾਂ ਜ਼ਰਖ਼ਰੀਦਾਂ ਨੂੰ ਸ਼ਾਇਦ ਖੋਪਰੀਆਂ ਉਤਰਵਾਉਣ ਵਾਲੇ ਸਿੱਖਾਂ ਦਾ ਇਤਿਹਾਸ ਭੁੱਲ ਗਿਆ। ਇਹਨਾਂ ਦਾ ਬਾਬਾ ਲਿਖਦਾ ਹੈ ਕਿ ਉਸ ਦੀ ਸਿੱਖੀ ਨੂੰ ਵਾਲਾਂ ਦੀ ਲੋੜ ਨਹੀਂ। ਭਲਾ ਕੋਈ ਪੁਛੇ ਉਸ ਭਦਰਪੁਰਸ਼ ਨੂੰ ਫੇਰ ਆਪ ਕਿਉਂ ਵਾਲ ਰੱਖੇ ਹੋਏ ਹਨ? ਜਦ ਵਾਲਾਂ ਦੀ ਲੋੜ ਹੀ ਨਹੀਂ। ਸਾਫ਼ ਜ਼ਾਹਰ ਹੈ, ਸਿੱਖਾਂ ਦੀ ਸ਼ਕਲ ਬਣਾ ਕੇ, ਸਿੱਖਾਂ ਨੂੰ ਪਤਿਤ ਕਰਕੇ, ਸਿੱਖਾਂ ਨੂੰ ਹਿੰਦੂ ਬਣਾ ਕੇ, ਮਾਲਕਾਂ ਕੋਲੋਂ ਮੁੱਲ ਜੁ ਵਸੂਲਣਾ ਹੋਇਆ। ਜਿਹੜਾ ਆਪ ਹੀ ਆਪਣੇ ਅਸੂਲਾਂ ਦਾ ਧਾਰਨੀ ਨਹੀਂ, ਹੋਰ ਕੌਣ ਧਾਰਨੀ ਬਣੇਗਾ?–

'ਮੇਰੀ ਸਿੱਖੀ ਕਿਸੇ ਵੀ ਪ੍ਰਕਾਰ ਨਾਲ ਵਾਲਾਂ ਦੀ ਮੁਹਤਾਜ ਨਹੀਂ।'

(ਯੁਗਪੁਰਸ਼ ਸ਼ਹਿਨਸ਼ਾਹ ਬਾਬਾ ਅਵਤਾਰ ਸਿੰਘ ਨਿਰੰਕਾਰੀ)

ਇਹਨਾਂ ਵਲੋਂ ਜ਼ਿਲ੍ਹੇ ਅਤੇ ਸੂਬੇ ਪੱਧਰ ਉਤੇ ਨਿਰੰਕਾਰੀ ਭਵਨ ਬਣਾਏ ਗਏ। ਹਰ ਭਵਨ ਦੇ ਮੁੱਖੀ ਨੂੰ 'ਪ੍ਰਮੁੱਖ' ਦਾ ਨਾਂ ਦਿੱਤਾ ਗਿਆ।

ਹਰ ਪ੍ਰਮੁੱਖ ਨੂੰ ਮਾਸਕ ਅਲਾਉਂਸ, ਰਹਿਣ ਲਈ ਭਵਨ, ਕਾਰ ਅਤੇ ਟੈਲੀਵਿਯਨ ਆਦਿਕ ਦੇ ਸੁਖ ਅਰਾਮ ਦਿੱਤੇ ਗਏ, ਕਿਉਂਕਿ ਇਹਨਾਂ ਦੀ ਰੂਹਾਨੀਅਤ ਅਯਾਸ਼ੀ ਕਰਨ ਅਤੇ ਸਿੱਖੀ ਦੀ ਭੰਨ-ਤਰੋੜ ਕਰਨ ਤਕ ਸੀਮਤ ਹੈ। ਸਾਲਾਨਾ ਸਮਾਗਮ ਦੇ ਢੌਂਗ ਰਚ ਕੇ ਰਾਜਮਾਤਾ ਤੇ ਗੁਰਬਚਨ ਸਿੰਹੁ ਨੂੰ ਨੋਟਾਂ ਨਾਲ ਇਹ ਤੋਲਦੇ ਰਹੇ।

ਇਹਨਾਂ ਦਾ ਨਾ ਕੋਈ ਸਿਧਾਂਤ ਹੈ, ਨਾ ਆਦਰਸ਼ ਹੈ, ਨਾ ਅਸੂਲ ਹੈ, ਨਾ ਆਚਾਰ ਹੈ ਅਤੇ ਨਾ ਹੀਂ ਇਖ਼ਲਾਕ ਹੈ। ਇਹ ਪੰਜ ਪ੍ਰਣ ਕਰਦੇ ਹਨ। ਪਹਿਲਾ ਪ੍ਰਣ ਇਹ ਕਰਦੇ ਹਨ ਕਿ ਦੁਨੀਆ ਦੀ ਹਰ ਸ਼ੈ ਖਾਣੀ ਪੀਣੀ ਹੈ। ਹੋਰ ਧਰਮ ਸ਼ਰਾਬ ਜਿਹੇ ਨਸ਼ਿਆਂ ਦੀ ਮਨਾਹੀ ਪਏ ਕਰਨ, ਪਰ ਇਹਨਾਂ ਦਾ ਤਾਂ ਪਹਿਲਾ ਪ੍ਰਣ ਹੀ ਇਹ ਹੈ ਕਿ ਸਭ ਕੁਝ ਖਾਣਾ ਪੀਣਾ ਹੈ ਅਤੇ ਰੰਗ ਰਲੀਆਂ ਮਨਾਣੀਆਂ ਹਨ। ਇਹ ਵਾਮ ਮਾਰਗੀਏ ਹਨ। ਇਹਨਾਂ ਵਿੱਚ ਸ਼ਰਾਬ, ਸਿਗਰਟ, ਮਾਸ, ਚਰਸ, ਗਾਂਜਾ, ਵਿਭਚਾਰ ਅਤੇ ਰੰਗ ਰਲੀਆਂ ਮਨਾਉਣ ਦੀ ਪੂਰਨ ਖੁਲ੍ਹ ਹੈ।

ਸ਼ਰਾਬ ਵਿਭਚਾਰ ਦੀਆਂ ਭੁਖੀਆਂ ਰੂਹਾਂ ਸੱਜ-ਧੱਜ ਕੇ ਇੱਕਠੀਆਂ ਹੁੰਦੀਆਂ, ਆਪਣੀਆਂ ਰੂਹਾਂ ਦੀ ਸਰੀਰਕ ਤ੍ਰਿਪਤੀ ਕਰਦੀਆਂ ਅਤੇ ਗੁਰਬਚਨ ਸਿੰਹੁ ਦੇ ਗੁਣ ਗਾਉਂਦੀਆਂ। ਵੱਡੇ ਵੱਡੇ ਅਫ਼ਸਰ ਵੀ ਇਹਨਾਂ ਦੇ ਗੁਪਤ ਮੈਂਬਰ ਬਣ ਕੇ, ਇਹਨਾਂ ਦੇ ਇਸ ਸ਼ਰਾਬ-ਵਿਭਚਾਰ ਦੇ ਸਰੋਵਰ ਵਿੱਚ ਚੁਭੀਆਂ ਲਾ-ਲਾ ਕੇ ਇਸ ਦਾ ਪੂਰਾ ਪੂਰਾ ਲਾਭ ਉਠਾਉਂਦੇ ਰਹੇ। ਉਹਨਾਂ ਨੂੰ ਜੋ ਕੁਝ ਇਥੋਂ ਪ੍ਰਾਪਤ ਹੁੰਦਾ ਅਤੇ ਜਿਹੜੀ ਖੁਲ੍ਹ ਇਥੋਂ ਮਿਲਦੀ, ਉਹ ਮਨ ਮਰਜ਼ੀਆਂ ਉਹਨਾਂ ਨੂੰ ਵੱਡੇ ਵੱਡੇ ਕਲੱਬਾਂ ਵਿੱਚ ਤਕੜੀ ਫ਼ੀਸ ਦੇ ਕੇ ਵੀ ਨਹੀਂ ਸਨ ਮਿਲ ਸਕਦੀਆਂ। ਖਾਣ-ਪੀਣ ਤੇ ਮੌਜ-ਮੇਲੇ ਕਰਨ ਨਾਲ ਇਹਨਾਂ ਦੀ ਰੂਹਾਨੀਅਤ ਨੂੰ ਕੋਈ ਫ਼ਰਕ ਨਹੀਂ ਪੈਂਦਾ, ਜਿਵੇਂ ਕਿ ਇਹਨਾਂ ਦੀ ਅਵਤਾਰ ਬਾਣੀ ਵਿੱਚ ਦਰਜ ਹੈ -

'ਖਾਣ ਪੀਣ ਹੈ ਤਨ ਦੀ ਖ਼ਾਤਰ, ਰੂਹ ਦਾ ਕੋਈ ਸਬੰਧ ਨਹੀਂ।'

(ਅਵਤਾਰ ਬਾਣੀ ਸਫ਼ਾ 17)

ਹੁਣ ਸੁਆਲ ਪੈਦਾ ਹੁੰਦਾ ਹੈ ਕਿ ਆਖ਼ਿਰ ਇਹ ਨਕਲੀ ਨਿਰੰਕਾਰੀ ਹੈਨ ਕੌਣ? ਇਤਨੀ ਜਲਦੀ ਇਹਨਾਂ ਦੇ ਭਵਨਾਂ ਦਾ ਜਾਲ ਕਿਵੇਂ ਵਿਛ ਗਿਆ? ਇਤਨੀਆਂ ਕਾਰਾਂ ਕਿਥੋਂ ਆ ਗਈਆਂ? ਕਿਹੜੀ ਰਿੱਦੜ ਸਿੰਝੀ ਨਾਲ ਇਤਨੀ ਜਲਦੀ ਇਹ ਪ੍ਰਸਿੱਧ ਹੋ ਗਏ? ਜਦ ਕਿ ਚੰਗੀ ਤੋਂ ਚੰਗੀ ਸੰਸਥਾ ਨੂੰ ਵੀ ਪੈਰਾਂ 'ਤੇ ਖੜ੍ਹੇ ਹੋਣ ਲਈ ਘਟੋ ਘਟ ਇੱਕ ਸਦੀ ਤਾਂ ਲੱਗ ਹੀ ਜਾਂਦੀ ਹੈ। ਫਿਰ ਨਕਲੀ ਨਿਰੰਕਾਰੀ ਨਾ ਤਾਂ ਆਪਣੇ ਆਪ ਵਿੱਚ ਕੋਈ ਧਰਮ ਹਨ ਅਤੇ ਨਾ ਹੀਂ

ਰੂਹਾਨੀਅਤ ਦੀ ਹੀ ਸੰਸਥਾ ਹੀ ਹਨ,ਸਗੋਂ ਇਹਨਾਂ ਦਾ ਆਗੂ ਤਾਂ ਸ਼ਰਾਬੀ ਕਬਾਬੀ ਸੀ। ਅਸਲੀਅਤ ਤਾਂ ਇਹ ਹੈ ਕਿ ਇਹ ਬਾਣੀਏ-ਬ੍ਰਾਹਮਣਵਾਦ ਦੀ ਪੈਦਾਵਾਰ ਹਨ।

ਇਹ ਸਿੱਖੀ ਦੇ ਕਾਤਲਾਂ ਦਾ ਖ਼ੂਨੀ ਗਰੋਹ ਹੈ। ਹਾਕਮ ਜਮਾਤ ਦੇ ਹਿੰਦੂ ਥਿੰਕ ਟੈਂਕ ਵਲੋਂ ਕਾਇਮ ਕੀਤਾ ਗਿਆ ਇੱਕ ਨੀਮ ਸਰਕਾਰੀ ਮਹਿਕਮਾ ਹੈ,ਜਿਸ ਦਾ ਕੰਮ ਸਿੱਖ ਧਰਮ ਨੂੰ ਗ਼ਲਤ-ਮਲਤ ਕਰਨਾ,ਸਿੱਖੀ ਨੂੰ ਤਬਾਹ ਕਰਨਾ ਅਤੇ ਸਿੱਖ ਕੌਮ ਨੂੰ ਖ਼ਤਮ ਕਰਨਾ ਹੈ। ਸਿੱਖ ਮਾਰੂ ਨੀਤੀ ਅਧੀਨ ਇਹ ਨਵਾਂ ਮਹਿਕਮਾ ਇੰਦਰਾ ਗਾਂਧੀ ਤੇ ਸੰਜੇ ਗਾਂਧੀ ਵਲੋਂ ਕਾਇਮ ਕੀਤਾ ਗਿਆ ਸੀ।,ਜਿਸ ਦਾ ਮੁਖ ਮੰਤਵ ਦੇਸ਼ ਵਿਦੇਸ਼ ਵਿੱਚ ਵਸਦੇ ਸਿੱਖਾਂ ਨੂੰ ਸਿੱਖੀ ਨਾਲੋਂ ਤੋੜਨਾ ਸੀ। ਚੰਡੀਗੜ੍ਹ ਤੋਂ ਨਿਕਲਦੇ ਇੰਡੀਅਨ ਐਕਸਪ੍ਰੈਸ (ਅਪ੍ਰੈਲ 1978) ਦੇ ਅਖ਼ੀਰਲੇ ਹਫ਼ਤੇ) ਵਿੱਚ ਸਤਪਾਲ ਬਾਗ਼ੀ ਦੇ ਨਾਂ ਦੇ ਇੱਕ ਹਿੰਦੂ ਮੁੱਖੀ ਵਲੋਂ ਨਿਰੰਕਾਰੀਆਂ ਸਬੰਧੀ ਪ੍ਰਕਾਸ਼ਤ ਹੋਇਆ ਹੇਠਲਾ ਨੋਟ ਮੇਰੀ ਇਸ ਦਲੀਲ ਦੀ ਪੁਸ਼ਟੀ ਕਰਦਾ ਹੈ -

"The genesis of the real trouble between Nirankaris and Akalis goes back to the years, when Mrs. Indra Gandhi headed the Union Government. She wanted to weaken the Shiromani Akali Dal but found that Akalis could not be brought to heel. She thought of an elaborate plan to strengthen the Nirankari sect not only in Punjab but throughout the country and abroad also. Official patronage was extended to the Nirankaris much to the chagrin of Akalis, who have always considered the Nirankaris as heretic.

In pursuit of this policy of divide and rule Mrs. Gandhi personally gave clearance for a diplomatic passport to be issued to the Nirankari Chief and the Indian High Commissioners and ambassadors abroad were instructed to show him respect and regard. This was meant to help the sect to improve its image and increase its following abroad.

During Mrs. Gandhis regime, the Nirankaris were known to be receiving financial help from secret Govt. funds not open to audit or scrutiny by the Parliament.

During the emergency, the recalcitrant attitude of the Akalis further annoyed Mrs. Gandhi and Mr Sanjay Gandhi. Efforts for

building a parallel organisation among the Sikhs of Punjab as counter blast to the Akalis were intensified. At the instance of Mrs. Gandhi, the Congress regime in Punjab, led by Giani Zail Singh began giving greater official patronage to the Nirankaris's sect. Mr. H. S. Chhina, a staunch Nirankari was appointed Chief Secretary to the Punjab Govt. in 1976.

As a result of open official patronage and support this sect got a considerable boost within the administrative set up of the Punjab Govt. Mr Chhina appointed Mr Niranjan Singh as D.C. of Gurdaspur Mr Niranjan Singh tried his best to enlarge the field of operation of the Nirankaris- -"

"ਨਿਰੰਕਾਰੀਆਂ ਅਤੇ ਅਕਾਲੀਆਂ ਦੇ ਵਿਰੋਧ ਦਾ ਆਰੰਭ ਉਨ੍ਹਾਂ ਸਾਲਾਂ ਵਿੱਚ ਹੁੰਦਾ ਹੈ, ਜਦੋਂ ਭਾਰਤ ਦੀ ਹਕੂਮਤ ਦੀ ਵਾਗਡੋਰ ਮਿਸਿਜ਼ ਇੰਦਰਾ ਗਾਂਧੀ ਦੇ ਹੱਥ ਵਿੱਚ ਸੀ। ਉਹ ਅਕਾਲੀ ਦਲ ਨੂੰ ਬਲਹੀਨ ਕਰਨਾ ਚਾਹੁੰਦੀ ਸੀ, ਪਰ ਉਹ ਉਸ ਦੇ ਕਾਬੂ ਵਿੱਚ ਨਹੀਂ ਆ ਰਹੇ ਸਨ। ਉਸ ਨੇ ਨਿਰੰਕਾਰੀਆਂ ਨੂੰ ਨਾ ਕੇਵਲ ਪੰਜਾਬ ਵਿੱਚ ਹੀ, ਸਗੋਂ ਸਾਰੇ ਭਾਰਤ ਵਿੱਚ ਅਤੇ ਵਿਦੇਸ਼ਾਂ ਅੰਦਰ ਵੀ ਸਮਰੱਥਾਵਾਨ ਬਣਾਉਣ ਦੀ ਵਿਸ਼ਾਲ ਵਿਉਂਤ (Plan) ਉਲੀਕੀ। ਸਰਕਾਰੀ ਤੌਰ ਤੇ ਨਿਰੰਕਾਰੀਆਂ ਦੀ ਪਿੱਠ ਪੂਰਨ ਦੀ ਸਕੀਮ ਘੜੀ ਗਈ, ਜਿਸ 'ਤੇ ਅਕਾਲੀ ਬਹੁਤ ਔਖੇ ਹਨ, ਕਿਉਂਕਿ ਅਕਾਲੀ ਉਨ੍ਹਾਂ ਨੂੰ ਸਿੱਖ-ਵਿਰੋਧੀ ਸਮਝਦੇ ਹਨ।

ਇਸ 'ਪਾੜੋ ਤੇ ਰਾਜ ਕਰੋ' ਦੀ ਨੀਤੀ ਨੂੰ ਅਪਣਾਉਂਦੇ ਹੋਏ ਇੰਦਰਾ ਗਾਂਧੀ ਨੇ ਨਿਰੰਕਾਰੀ ਮੁੱਖੀ ਨੂੰ ਬਦੇਸ਼ਾਂ ਦੀ ਯਾਤਰਾ ਲਈ ਸਫ਼ੀਰਾਂ ਦੀ ਰਾਹਦਾਰੀ (Passport) ਦਿਵਾਈ ਅਤੇ ਬਦੇਸ਼ੀ ਭਾਰਤੀ ਸਫ਼ੀਰਾਂ ਅਤੇ ਹਾਈ ਕਮਿਸ਼ਨਰਾਂ ਨੂੰ ਉਹਨਾਂ ਦੇ ਸੰਬੰਧਤ ਦੇਸ਼ਾਂ ਵਿੱਚ ਉਸ ਨੂੰ ਪੂਰਾ ਮਾਣ-ਸਤਿਕਾਰ ਦਿਵਾਏ ਜਾਣ ਦੀਆਂ ਹਿਦਾਇਤਾਂ ਜਾਰੀ ਕਰਾ ਦਿੱਤੀਆਂ। ਇਹ ਸਾਰਾ ਕੁਝ ਵਿਦੇਸ਼ਾਂ ਅੰਦਰ ਉਸ ਦੀ ਸੇਵਕੀ ਵਧਾਉਣ ਲਈ ਸੀ।

"ਇੰਦਰਾ ਗਾਂਧੀ ਦੇ ਰਾਜਕਾਲ ਅੰਦਰ ਸਰਕਾਰ ਦੇ ਗੁਪਤ ਫ਼ੰਡਾਂ, ਜਿਨ੍ਹਾਂ ਬਾਰੇ ਪੁਛ-ਪੜਤਾਲ ਦਾ ਹੱਕ ਲੋਕ ਸਭਾ ਨੂੰ ਵੀ ਨਹੀਂ ਸੀ, ਵਿੱਚੋਂ ਮਾਇਕ ਸਹਾਇਤਾ ਨਿਰੰਕਾਰੀਆਂ ਨੂੰ ਦਿੱਤੀ ਜਾਂਦੀ ਰਹੀ।

ਦੇਸ਼ ਅੰਦਰ ਐਮਰਜੈਂਸੀ ਲੱਗੇ ਹੋਣ ਦੇ ਸਮੇਂ ਅਕਾਲੀਆਂ ਵਲੋਂ ਸਰਕਾਰ ਵਿਰੋਧੀ ਮੋਰਚਾ ਲਗਾਏ ਰੱਖਣ ਨੇ ਇੰਦਰਾ ਗਾਂਧੀ ਤੇ ਸੰਜੇ ਗਾਂਧੀ ਨੂੰ ਹੋਰ ਚਿੜਾ ਦਿੱਤਾ ਅਤੇ (ਉਨ੍ਹਾਂ ਸਿੱਖ ਨਸਲਘਾਤ ਦੇ

ਪਲਾਨ ਨੂੰ ਤੇਜ਼ੀ ਨਾਲ ਸਿਰੇ ਚਾੜ੍ਹਨ ਦਾ ਮਨ ਬਣਾ ਲਿਆ) ਪੰਜਾਬ ਦੇ ਸਿੱਖਾਂ ਅੰਦਰ ਅਕਾਲੀਆਂ ਦੇ ਵਿਰੋਧ ਲਈ ਉਹਨਾਂ ਦੇ ਬਰਾਬਰ ਦੇ ਧੜੇ ਖੜ੍ਹੇ ਕਰਨ ਦੇ ਜਤਨਾਂ ਨੂੰ ਹੋਰ ਮਜ਼ਬੂਤ ਕੀਤਾ ਗਿਆ। ਗਾਂਧੀ ਵਲੋਂ ਪੰਜਾਬ ਦੀ ਕਾਂਗਰਸ ਸਰਕਾਰ, ਜਿਸ ਦਾ ਮੁੱਖੀ (ਚੀਫ਼ ਮਨਿਸਟਰ) ਗਿਆਨੀ ਜ਼ੈਲ ਸਿੰਘ ਸੀ, ਰਾਹੀਂ ਨਿਰੰਕਾਰੀ ਟੋਲੇ ਦੀ ਪੂਰੀ ਤਰ੍ਹਾਂ ਪਿੱਠ ਪੂਰੀ ਗਈ। ਐਚ.ਐਸ.ਛੀਨਾ, ਜੋ ਇੱਕ ਕੱਟੜ ਨਿਰੰਕਾਰੀ ਸੀ, ਨੂੰ 1976 ਵਿੱਚ ਪੰਜਾਬ ਦਾ ਚੀਫ਼ ਸੈਕ੍ਰਟਰੀ ਨਿਯੁਕਤ ਕੀਤਾ ਗਿਆ। ਇਸ ਗੱਲ ਨੇ ਪੰਜਾਬ ਦੇ ਪ੍ਰਬੰਧਕੀ ਢਾਂਚੇ ਵਿੱਚ ਨਿਰੰਕਾਰੀਆਂ ਨੂੰ ਚੋਖੀ ਹੱਲਾ-ਸ਼ੇਰੀ ਦਿੱਤੀ। ਛੀਨੇ ਨੇ ਨਿਰੰਜਨ ਸਿੰਘ ਨਾਂ ਦੇ ਇੱਕ ਨਿਰੰਕਾਰੀ ਨੂੰ ਗੁਰਦਾਸਪੁਰ ਦਾ ਡੀ.ਸੀ. ਲਗਾ ਦਿੱਤਾ, ਜਿਸ ਨੇ ਨਿਰੰਕਾਰੀਆਂ ਦੇ ਵਧਣ-ਫੁੱਲਣ ਵਿੱਚ ਕਾਫ਼ੀ ਕੰਮ ਕੀਤਾ।"

(ਕਿਉਂ ਕੀਤੋ ਵੇਸਾਹੁ, ਸਫ਼ਾ 47-48, ਸ. ਨਰੈਣ ਸਿੰਘ ਜੀ)

ਉਪਰਲੀ ਸਕੀਮ ਨੂੰ ਨੇਪਰੇ ਚਾੜ੍ਹਨ ਲਈ ਭਾਰਤੀ ਸਰਕਾਰ ਵਲੋਂ ਕਈ ਢੌਂਗ ਰਚੇ ਗਏ। ਗੁਰਬਚਨ ਸਿੰਹੁ ਨੂੰ ਮਨੁੱਖੀ ਏਕਤਾ ਦਾ ਮੁਦਈ ਬਣਾਇਆ ਗਿਆ ਅਤੇ ਉਸ ਨੂੰ ਅਮਨ ਤੇ ਸ਼ਾਂਤੀ ਦਾ ਦੇਵਤਾ ਗਰਦਾਨਿਆ ਗਿਆ। ਸੰਸਾਰ ਅਮਨ ਤੇ ਸ਼ਾਂਤੀ ਦਾ ਪ੍ਰੋਗਰਾਮ ਦੇਣ ਦੇ ਢੌਂਗ ਰਚ ਕੇ ਸਰਕਾਰੀ ਪੈਸਿਆਂ ਨਾਲ ਵਿਦੇਸ਼ਾਂ ਦੇ ਦੌਰੇ ਕਰਵਾਏ ਗਏ। ਸਫ਼ੀਰਾਂ (ਰਾਜਦੂਤਾਂ-ਹਾਈ ਕਮਿਸ਼ਨਰਾਂ ਆਦਿਕ) ਦੇ ਸਪੈਸ਼ਲ ਪਾਸਪੋਰਟ ਜਾਰੀ ਕਰਵਾਏ ਗਏ। ਸਾਰੇ ਵਿਦੇਸ਼ੀ ਹਾਈ ਕਮਿਸ਼ਨਰਾਂ ਨੂੰ ਹਿਦਾਇਤਾਂ ਦਿੱਤੀਆਂ ਗਈਆਂ ਕਿ ਉਹ ਨਿਰੰਕਾਰੀ ਆਗੂ ਨੂੰ ਸਪੈਸ਼ਲ ਸਨਮਾਨ ਦੇਣ ਅਤੇ ਆਪਣੇ ਸਿੱਖ ਕੌਂਸਲੀ-ਚੱਟਾਂ ਰਾਹੀਂ ਸਿੱਖ ਹਲਕਿਆਂ ਅੰਦਰ ਇਹਨਾਂ ਦੇ ਕੇਂਦਰ ਕਾਇਮ ਕਰਨ ਵਿੱਚ ਸਹਾਇਕ ਹੋਣ, ਤਾਂ ਜੋ ਨਿਰੰਕਾਰੀ ਵਿਦੇਸ਼ਾਂ ਵਿੱਚ ਵੱਸਦੇ ਸਿੱਖਾਂ ਦੇ ਖੀਸੇ ਖ਼ਾਲੀ ਕਰ ਸਕਣ, ਉਹਨਾਂ ਨੂੰ ਸਿੱਖੀ ਨਾਲੋਂ ਤੋੜ ਕੇ ਆਪਣੇ ਜਾਲ ਵਿੱਚ ਫਸਾ ਸਕਣ ਅਤੇ ਸਿੱਖ ਕੌਮ ਨੂੰ ਤਬਾਹ ਕਰਨ ਦੇ ਕੰਮ ਨੂੰ ਸਿਰੇ ਚਾੜ੍ਹ ਸਕਣ। ਕੌਪਨਹੇਗਨ ਆਦਿਕ ਥਾਵਾਂ 'ਤੇ ਅਯਾਸ਼ੀ ਦੇ ਅੱਡੇ ਬਣਾ ਕੇ, ਗੁਰਬਚਨ ਸਿੰਹੁ ਆਪਣੇ ਆਪ ਨੂੰ ਰੱਬ, ਮਸੀਹਾ, ਅਵਤਾਰ ਤੇ ਨਿਰੰਕਾਰ ਬਣ ਕੇ ਮੌਜ-ਮੇਲੇ ਕਰਦਾ ਰਿਹਾ। ਇਸ ਤਰ੍ਹਾਂ ਭਾਰਤੀ ਸਰਕਾਰ ਵਲੋਂ ਕਰੋੜਾਂ-ਅਰਬਾਂ ਰੁਪਏ ਸਿੱਖ ਕੌਮ ਨੂੰ ਤਬਾਹ ਕਰਨ 'ਤੇ ਲਾਏ ਗਏ।

ਸਿੱਖ ਕੌਮ ਨੂੰ ਹੀਣਿਆਂ ਬਣਾ ਕੇ ਗ਼ੁਲਾਮ ਬਣਾਈ ਰੱਖਣ ਦੇ ਮਨਸੂਬਿਆਂ ਅਧੀਨ ਇੰਦਰਾ ਗਾਂਧੀ ਦੀ ਥਰਡ ਏਜੰਸੀ ਵਲੋਂ ਨੋਟਾਂ ਦੀਆਂ ਬੋਰੀਆਂ ਦੇ ਮੂੰਹ ਖੋਲ੍ਹ ਦਿੱਤੇ ਗਏ। ਸਿੱਖਾਂ ਨੂੰ ਅਫ਼ੀਮਚੀ ਤੇ

ਸ਼ਰਾਬੀ ਬਣਾਉਣ ਦੀਆਂ ਸਕੀਮਾਂ ਅਧੀਨ ਪੰਜਾਬ ਅੰਦਰ ਸ਼ਰਾਬ ਤੇ ਅਫ਼ੀਮ ਦੀ ਸਮੱਗਲਿੰਗ ਦੇ ਧੰਦੇ ਵਿੱਚ ਥਰਡ ਏਜੰਸੀ ਨੇ ਨਿਰੰਕਾਰੀਆਂ ਨੂੰ ਵੀ ਨਾਲ ਲਾਈ ਰੱਖਿਆ ਅਤੇ ਇਹਨਾਂ ਨੂੰ ਮਾਲਾ-ਮਾਲ ਕੀਤੀ ਰੱਖਿਆ। ਨਾ ਸਰਕਾਰ ਦਾ ਕੁਝ ਲੱਗਾ ਅਤੇ ਨਾ ਹੀਂ ਨਿਰੰਕਾਰੀਆਂ ਦਾ। ਸਿੱਖ ਜਵਾਨਾਂ ਆਪਣੀ ਹੱਡਭੰਨਵੀਂ ਮਿਹਨਤ ਦੀ ਕਮਾਈ ਨਾਲ ਅਫ਼ੀਮ ਤੇ ਸ਼ਰਾਬ ਖ਼ਰੀਦ ਕੇ, ਜਿਥੇ ਆਪਣੀਆਂ ਪਰਿਵਾਰਕ ਜ਼ਿੰਦਗੀਆਂ ਤਬਾਹ ਕੀਤੀਆਂ, ਉਥੇ ਉਸੇ ਕਮਾਈ ਨਾਲ ਨਿਰੰਕਾਰੀਆਂ ਦੇ ਭਵਨ ਬਣ ਗਏ, ਕਾਰਖ਼ਾਨੇ ਖੁਲ੍ਹ ਗਏ ਅਤੇ ਕਾਰਾਂ ਆ ਗਈਆਂ। ਇਸ ਤਰ੍ਹਾਂ ਚਾਣਕੀਆ ਨੀਤੀ ਵਲੋਂ ਸਿੱਖਾਂ ਹੱਥੋਂ ਹੀ ਸਿੱਖ ਕੌਮ ਤਬਾਹ ਕਰਵਾਈ ਜਾਣ ਲੱਗ ਪਈ। ਬਿਨਾਂ ਕਮਾਏ ਜਦ ਕਰੋੜਾਂ-ਅਰਬਾਂ ਕੋਠੀਆਂ ਵਿੱਚ ਆ ਜਾਣ, ਨਾ ਕੋਈ ਟੈਕਸ ਦੇਣਾ ਪਵੇ, ਸਾਰੀ ਭਾਰਤੀ ਸਰਕਾਰ ਪਿੱਠ 'ਤੇ ਹੋਵੇ ਅਤੇ ਨਾ ਹੀਂ ਕੋਈ ਪੁੱਛਣ ਵਾਲਾ ਹੀ ਹੋਵੇ, ਤਾਂ ਰੱਬ ਜਾਂ ਨਿਰੰਕਾਰ ਹੋਣ ਦੇ ਦਾਅਵੇ ਕਰਨੇ ਸੁਭਾਵਕ ਹਨ। ਭੋਲੇ-ਭਾਲੇ ਲੋਕਾਂ ਨੂੰ ਇਹ ਦੰਭੀ ਆਪਣੇ ਜਾਲ ਵਿੱਚ ਫਸਾਉਣ ਲਗ ਪਏ।

ਇਹਨਾਂ ਪਖੰਡੀਆਂ ਵਲੋਂ ਸਿੱਖ ਪੰਥ ਨੂੰ ਲੀਰੋ-ਲੀਰ ਕਰਨ ਦੀਆਂ ਨਿੱਤ ਨਵੀਆਂ ਸਾਜ਼ਿਸ਼ਾਂ ਘੜੀਆਂ ਜਾਣ ਲਗ ਪਈਆਂ। ਨਿਰੰਕਾਰ ਦੇ ਦਰਸ਼ਨ ਕਰਾਉਣ ਦੇ ਨਾਟਕ ਖੇਡੇ ਜਾਣ ਲਗ ਪਏ ਅਤੇ ਭੋਲੇ ਭਾਲੇ ਲੋਕਾਂ ਨੂੰ ਦੰਭੀ ਜਾਲ ਵਿੱਚ ਫਸਾਉਣ ਲਗ ਪਏ। ਗੁਰੂ ਗਰੰਥ ਸਾਹਿਬ, ਗੁਰੂ ਸਾਹਿਬਾਨ ਅਤੇ ਸਿੱਖ ਰਵਾਇਤਾਂ ਦੀ ਬੇ-ਹੁਰਮਤੀ ਕਰਨੀ ਇਹਨਾਂ ਦੀ ਮੁੱਖ ਰੂਹਾਨੀਅਤ ਬਣ ਗਈ। ਗੁਰਬਾਣੀ ਦੀਆਂ ਤੁਕਾਂ ਨੂੰ ਵਿਗਾੜ ਕੇ ਵਰਤਣਾ ਅਤੇ ਸਿੱਖ ਧਰਮ ਨੂੰ ਹਰ ਹੀਲੇ ਛੁਟਿਆਉਣਾ ਇਹਨਾਂ ਦੇ ਸਮਾਗਮਾਂ ਦਾ ਨੇਮ ਬਣ ਗਿਆ। ਸਿੱਖ ਧਰਮ ਦੀ ਹੱਤਕ ਕਰਨੀ, ਸਿੱਖ ਅਕੀਦੇ ਵਿਰੁਧ ਜ਼ਹਿਰ ਉਗਲਣਾ ਅਤੇ ਸਿੱਖੀ ਉਪਰ ਕੋਝੇ ਹਮਲੇ ਕਰਨੇ ਹੀ ਇਹਨਾਂ ਦਾ ਪਾਠ-ਪੂਜਾ ਬਣ ਗਿਆ। ਸਿੱਖਾਂ ਦੇ ਦਿਲ ਲੂਹਣ ਵਾਲੀਆਂ ਕਥਾ ਕਹਾਣੀਆਂ ਸੁਣਾ ਕੇ ਸਿੱਖੀ ਨੂੰ ਢਾਹ ਲਾਉਣੀ ਇਹਨਾਂ ਦਾ ਰੋਜ਼ ਦਾ ਸ਼ੁਗਲ ਬਣ ਗਿਆ। ਇਹਨਾਂ ਨੀਮ ਫ਼ੌਜੀ ਜਥੇਬੰਦੀ ਵੀ ਤਿਆਰ ਕਰ ਲਈ, ਜਿਸ ਨਾਲ ਇਹਨਾਂ ਦੇ ਹੌਂਸਲੇ ਹੋਰ ਵੀ ਵਧ ਗਏ। ਸਿੱਖੀ ਨੂੰ ਕੋਈ ਤਕੜੀ ਸੱਟ ਮਾਰ ਕੇ ਆਪਣੇ ਮਾਲਕਾਂ ਨੂੰ ਖ਼ੁਸ਼ ਕਰਨ ਲਈ, ਸਿੱਖਾਂ 'ਤੇ ਕੋਈ ਤਕੜਾ ਵਾਰ ਕਰਨ ਲਈ ਇਹ ਉਤਾਵਲੇ ਹੋ ਗਏ। ਇਸ ਤਰ੍ਹਾਂ ਅੱਠਤਰ ਦੀ ਖ਼ੂਨੀ ਵਿਸਾਖੀ ਦਾ ਮੁੱਢ ਬੱਝਾ।

ਹਿੰਦੂ ਸਾਮਰਾਜ ਵਲੋਂ ਸਿੱਖ ਕੌਮ ਦੀ ਹੋਂਦ ਨੂੰ ਖ਼ਤਮ ਕਰਨ ਲਈ ਸਿੱਖਾਂ ਹੱਥੋਂ ਸਿੱਖਾਂ ਦਾ ਘਾਣ ਕਰਾਏ ਜਾਣ ਦੀ ਨੀਤੀ ਅਪਣਾਈ

ਗਈ। ਇਸ ਨਾਪਾਕ ਮਨਸੂਬੇ ਨੂੰ ਸਿਰੇ ਚਾੜ੍ਹਨ ਲਈ ਨਕਲੀ ਨਿਰੰਕਾਰੀ ਟੋਲੇ ਨੂੰ ਤਿਆਰ ਕਰਨ ਦੀਆਂ ਸਕੀਮਾਂ ਤਿਆਰ ਕੀਤੀਆਂ ਗਈਆਂ। ਉਹਨਾਂ ਨੂੰ ਕਰੋੜਾਂ-ਅਰਬਾਂ ਰੁਪਏ ਦਿੱਤੇ ਗਏ। ਉਹਨਾਂ ਦੇ ਮੁਖੀ ਦੀ ਹਿਫ਼ਾਜ਼ਤ ਲਈ ਉਸ ਦੁਆਲੇ ਸਪੈਸ਼ਲ ਕਮਾਂਡੋ ਯੂਨਿਟ ਤਾਇਨਾਤ ਕੀਤਾ ਗਿਆ। ਉਹਨਾਂ ਦੇ ਨੀਮ ਫ਼ੌਜੀ ਦਸਤੇ ਨੂੰ ਹਰ ਪ੍ਰਕਾਰ ਦੇ ਹਥਿਆਰ ਤੇ ਹੋਰ ਲੋੜੀਂਦਾ ਸਾਜ਼ੋ-ਸਾਮਾਨ ਦਿੱਤਾ ਗਿਆ ਅਤੇ ਉਹਨਾਂ ਨੂੰ ਹਰ ਪ੍ਰਕਾਰ ਦੇ ਹਥਿਆਰਾਂ ਦੀ ਟਰੇਨਿੰਗ ਦਿੱਤੀ ਗਈ।

ਪੰਜਾਬ ਅਤੇ ਹੋਰ ਵੱਡੇ ਵੱਡੇ ਸ਼ਹਿਰਾਂ ਅੰਦਰ ਉਹਨਾਂ ਦੇ ਨੀਮ ਫ਼ੌਜੀ ਦਸਤੇ ਕਾਇਮ ਕੀਤੇ ਗਏ। ਜਦ ਹਰ ਤਰ੍ਹਾਂ ਦੀ ਤਿਆਰੀ ਮੁਕੰਮਲ ਹੋ ਗਈ, ਤਾਂ ਸਿੱਖੀ ਉਪਰ ਹਮਲੇ ਕਰਨ ਲਈ ਭਾਰਤ ਦੇ ਖ਼ਾਸ-ਖ਼ਾਸ ਸ਼ਹਿਰ ਚੁਣੇ ਗਏ। ਹਰ ਚੁਣੇ ਸ਼ਹਿਰ ਅੰਦਰ ਪਹਿਲਾਂ ਹਰ ਤਰ੍ਹਾਂ ਦੀ ਤਿਆਰੀ ਕਰ ਲਈ ਜਾਂਦੀ ਅਤੇ ਸਰਕਾਰੀ ਅਮਲੇ ਨਾਲ ਮਿਲ ਕੇ ਸਿੱਖਾਂ ਨੂੰ ਮਾਰ ਮੁਕਾਉਣ ਦੇ ਜਾਲ ਵਿਛਾ ਦਿੱਤੇ ਜਾਂਦੇ। ਫੇਰ ਸਿੱਖ ਗੁਰੂ ਸਾਹਿਬਾਨ ਅਤੇ ਗੁਰੂ ਗਰੰਥ ਸਾਹਿਬ ਵਿਰੁਧ ਊਲ-ਜਲੂਲ ਲੈਕਚਰ ਜਾਂ ਨਾਅਰੇ ਲਗਵਾ ਕੇ, ਸਿੱਖਾਂ ਦੇ ਜਜ਼ਬਾਤ ਭੜਕਾ ਕੇ, ਆਪਣੇ ਵਿਛਾਏ ਜਾਲ ਵਿੱਚ ਫਸਾ ਕੇ, ਮਾਰ-ਧਾੜ ਕੀਤੀ ਜਾਂਦੀ। ਪਰ ਤਾਕਤ ਦੇ ਨਸ਼ੇ ਵਿੱਚ ਅੰਨ੍ਹੇ ਹੋਏ ਬ੍ਰਾਹਮਣਵਾਦ ਅਤੇ ਸ਼ਰਾਬ-ਵਿਭਚਾਰ ਵਿੱਚ ਅੰਨ੍ਹੇ ਹੋਏ ਨਰਕਧਾਰੀ ਜਲਾਦਾਂ ਨੂੰ ਕੀ ਪਤਾ ਕਿ ਜਿਸ ਸਿੱਖੀ ਨੂੰ ਪੋਟੇ ਪੋਟੇ ਕਰਕੇ ਜ਼ਾਲਮਾਂ ਦੇ ਟੋਕੇ ਨਾ ਟੁਕ ਸਕੇ, ਜਿਸ ਸਿੱਖੀ ਸਿਦਕ ਨੂੰ ਜਲਾਦ ਆਰਿਆਂ ਨਾਲ ਵੀ ਨਾ ਚੀਰ ਸਕੇ ਅਤੇ ਜਿਸ ਸਿੱਖੀ ਸਿਦਕ ਨੂੰ ਗੱਡੀਆਂ ਦੇ ਇੰਜਨ ਵੀ ਨਾ ਚਿਥ ਸਕੇ, ਉਸ ਸਿੱਖੀ ਸਿਦਕ ਨੂੰ ਉਹ ਬੁਜ਼ਦਿਲ ਕਿਵੇਂ ਭੰਨ ਸਕਣਗੇ?

ਸਰਕਾਰ ਦੀ ਮਿਲੀਭੁਗਤ ਨਾਲ ਨਰਕਧਾਰੀਆਂ ਵਲੋਂ ਪੰਜਾਬ ਦੇ ਵੱਡੇ ਵੱਡੇ ਸ਼ਹਿਰਾਂ-ਹੁਸ਼ਿਆਰਪੁਰ, ਗੁਰਦਾਸਪੁਰ, ਲੁਧਿਆਣਾ, ਆਦਿਕ ਵਿੱਚ ਲੈਕਚਰਾਂ ਤੇ ਜਲੂਸਾਂ ਰਾਹੀਂ ਸਿੱਖੀ ਵਿਰੁਧ ਨਾਅਰੇ ਲਗਵਾ ਕੇ ਸਿੱਖਾਂ ਦੇ ਜਜ਼ਬਾਤ ਭੜਕਾਏ ਗਏ, ਫਸਾਦ ਕਰਵਾਏ ਗਏ ਅਤੇ ਵੱਧ ਤੋਂ ਵੱਧ ਦਹਿਸ਼ਤ ਫੈਲਾਈ ਗਈ, ਜਿਸ ਨਾਲ ਇਹਨਾਂ ਦੇ ਹੌਂਸਲੇ ਵਧਣ ਲਗ ਪਏ। ਭਾਰਤੀ ਹਾਕਮ ਜਮਾਤ ਦੇ ਨਰਕਧਾਰੀ ਜੱਲਾਦਾਂ ਵੀ ਸਿੱਖੀ ਨੂੰ ਮਿਟਾਉਣ ਦਾ ਕੰਮ ਗੁਰੂ ਦੀ ਨਗਰੀ ਤੋਂ ਹੀ ਅਰੰਭਿਆ। ਗੁਰੂ ਕੀ ਨਗਰੀ ਜਿਹੜੀ ਕਿ ਸਿੱਖੀ ਦੀ ਜਿੰਦ ਜਾਨ ਹੈ; ਜਿਹੜੀ ਸਿੱਖੀ ਦੀ ਰੂਹੇ-ਰਵਾਂ ਹੈ; ਜਿਹੜੀ ਸਿੱਖੀ ਦੀ ਸ਼ਕਤੀ ਦਾ ਸੋਮਾ ਹੈ; ਜਿਹੜੀ ਕਾਇਰਾਂ ਨੂੰ ਸੂਰਮੇ ਬਣਾਉਂਦੀ ਹੈ; ਜਿਹੜੀ ਰੂਹਾਨੀ ਚਾਨਣ ਦਾ ਸਾਗਰ ਹੈ; ਜਿਹੜੀ ਤਪਦੀਆਂ ਰੂਹਾਂ ਨੂੰ ਠਾਰਦੀ ਹੈ; ਜਿਹੜੀ

ਸਿਮਰਨ, ਸੇਵਾ ਤੇ ਮਨੁੱਖੀ ਬਰਾਬਰਤਾ ਦਾ ਚਾਨਣ ਮੁਨਾਰਾ ਹੈ ਅਤੇ ਜਿਹੜੀ ਸਿੱਖੀ ਦੀ ਜਗਦੀ ਜੀਵਨ ਜੋਤਿ ਹੈ; ਇਹਨਾਂ ਜੱਲਾਦਾਂ ਵੀ ਉਸੇ ਨੂਰਾਨੀ ਅਬੁੱਝ ਜੋਤਿ ਨੂੰ ਗੁਲ ਕਰਨ ਦਾ ਰਾਹ ਚੁਣਿਆ। ਸਿੱਖਾਂ ਦੇ ਖ਼ੂਨ ਨਾਲ ਹੋਲੀ ਖੇਡਕੇ, ਸਿੱਖੀ ਦੀ ਹੋਂਦ ਮਿਟਾਉਣ ਦਾ ਮੁੱਢ ਬੰਨ੍ਹਿਆ, ਜਿਸ ਦਾ ਅੰਤ ਚੁਰਾਸੀ ਦੇ ਦੋ ਖ਼ੂਨੀ ਘੱਲੂਘਾਰਿਆਂ ਉਪਰੰਤ ਝੂਠੇ ਪੁਲਸ ਮੁਕਾਬਲਿਆਂ ਰਾਹੀਂ ਚੁਣ-ਚੁਣ ਕੇ ਸਿੱਖ ਜਵਾਨਾਂ ਦੇ ਘਾਣ ਨਾਲ ਹੋਇਆ। ਪੰਜਾਬ ਦੇ ਪਿੰਡਾਂ ਵਿੱਚ ਕੋਈ ਗੱਭਰੂ ਰਹਿਣ ਨਹੀਂ ਦਿੱਤਾ ਗਿਆ।

ਖ਼ੂਨੀ ਸਾਕਾ

(ਤੀਜਾ ਹਿੱਸਾ)

ਸਭ ਤੋਂ ਪਹਿਲਾਂ ਇਥੇ ਇਹ ਦੱਸ ਦੇਣਾ ਵੀ ਜ਼ਰੂਰੀ ਬਣਦਾ ਹੈ ਕਿ ਗੁਰੂ ਦੀ ਨਗਰੀ ਵਿੱਚ ਜਿਹੜਾ ਖ਼ੂਨ ਵਹਾਇਆ ਗਿਆ, ਉਸ ਵਿੱਚ ਉਸ ਵੇਲੇ ਦੀ ਬਾਦਲ ਸਰਕਾਰ ਵੀ ਪੂਰੀ ਤਰ੍ਹਾਂ ਭਾਈਵਾਲ ਸੀ, ਜਿਸ ਦਾ ਜ਼ਿਕਰ ਅੱਗੇ ਚੱਲ ਕੇ ਆਏਗਾ। ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਨੇ ਨਰਕਧਾਰੀਆਂ ਨੂੰ ਸਮਾਗਮ ਕਰਨ ਦੀ ਇਜਾਜ਼ਤ ਦੇਣ ਤੋਂ ਨਾਂਹ ਕਰ ਦਿੱਤੀ ਸੀ, ਪਰ ਬਾਦਲ ਦੀ ਸਿੱਧੀ ਮੁਦਾਖਲਤ ਨਾਲ ਇਜਾਜ਼ਤ ਵੀ ਦਿੱਤੀ ਗਈ ਸੀ ਅਤੇ ਉਹਨਾਂ ਦੀ ਸਹਾਇਤਾ ਲਈ ਸਪੈਸ਼ਲ ਪੁਲਸ ਯੂਨਿਟ ਵੀ ਤਾਇਨਾਤ ਕੀਤੇ ਗਏ ਸਨ।

ਵਿਸਾਖੀ-ਖ਼ਾਲਸੇ ਦੇ ਜਨਮ ਦਿਹਾੜੇ ਵਾਲੇ ਦਿਨ, ਨਰਕਧਾਰੀ ਗੁਰਬਚਨ ਸਿੰਹੁ ਵਲੋਂ ਕੌਮੀ ਏਕਤਾ (ਭਾਵ ਸਭ ਨੂੰ ਹਿੰਦੂ ਬਣਾਉਣ) ਦਾ ਢੌਂਗ ਰਚ ਕੇ ਗੁਰੂ ਕੀ ਨਗਰੀ ਵਿੱਚ ਜਲੂਸ ਕੱਢਣ ਅਤੇ ਸਮਾਗਮ ਕਰਨ ਦਾ ਪਰਪੰਚ ਰਚਿਆ ਗਿਆ, ਜਿਸ ਦਾ ਅਸਲ ਮੰਤਵ ਸਿੱਖਾਂ ਨੂੰ ਡਰਾ-ਧਮਕਾ ਕੇ, ਉਹਨਾਂ ਦਾ ਕਤਲੇਆਮ ਕਰਕੇ, ਦਹਿਸ਼ਤ ਫੈਲਾ ਕੇ, ਉਹਨਾਂ ਨੂੰ ਇਹ ਦੱਸਣਾ ਸੀ ਕਿ ਹੁਣ ਸਿੱਖਾਂ ਨਾਲ ਉਹੋ ਕੁਝ ਹੋਣਾ ਹੈ, ਜੋ ਕਦੀ ਬੋਧੀਆਂ ਨਾਲ ਹੋਇਆ ਸੀ। ਸਿੱਖਾਂ ਦੇ ਕਤਲੇਆਮ ਦਾ ਦੌਰ ਸ਼ੁਰੂ ਕਰਨ ਲਈ ਨਰਕਧਾਰੀਆਂ ਵਲੋਂ ਪੂਰੀ ਤਰ੍ਹਾਂ ਤਿਆਰੀ ਕੀਤੀ ਗਈ ਸੀ। ਸਮਾਗਮ ਤੋਂ ਇਕ ਦਿਨ ਪਹਿਲਾਂ ਸ਼ਰਾਬਾਂ ਦੇ ਦੌਰ ਚਲਾਏ ਗਏ। ਸਭ ਚੋਣਵੇਂ ਗੁੰਡਿਆਂ ਨੂੰ ਹਥਿਆਰਬੰਦ ਕੀਤਾ ਗਿਆ ਅਤੇ ਆਪਣੇ ਨੀਮ ਫ਼ੌਜੀ ਦਸਤੇ ਨੂੰ ਸਟੇਨਗੰਨਾਂ, ਬੰਦੂਕਾਂ, ਰਿਵਾਲਵਰਾਂ, ਛਵੀਆਂ-ਗੰਡਾਸਿਆਂ, ਕਿਰਪਾਨਾਂ, ਹੈਂਡ ਗਰੇਨੇਡਾਂ, ਤੇਜ਼ਾਬ ਦੀਆਂ ਬੋਤਲਾਂ ਆਦਿਕ ਨਾਲ ਲੈਸ ਕੀਤਾ ਹੋਇਆ ਸੀ।

ਇਹਨਾਂ ਦੀ ਸਹਾਇਤਾ ਲਈ ਪੰਜਾਬ ਪੁਲਸ ਦੇ ਸਪੈਸ਼ਲ ਯੂਨਿਟ ਤਾਇਨਾਤ ਕੀਤੇ ਗਏ ਸਨ। ਨਰਕਧਾਰੀ ਡਿਪਟੀ ਕਮਿਸ਼ਨਰ ਨਿਰੰਜਨ ਸਿੰਹੁ, ਓ. ਡੀ. ਜੋਸ਼ੀ. ਆਦਿਕ ਵੀ ਮੌਜੂਦ ਸਨ। ਅਕਾਲੀ ਵਜ਼ੀਰ ਜੀਵਨ ਸਿੰਘ ਉਮਰਾਨੰਗਲ (ਸਰਕਾਰੀ ਮੁਖਬਰ) ਵੀ ਮੌਜੂਦ ਸੀ। ਰੀਪੋਰਟਾਂ ਦੱਸਦੀਆਂ ਹਨ ਕਿ ਨਰਕਧਾਰੀ ਪੰਜਾਬ ਪੁਲਸ ਨਾਲੋਂ ਵੱਧ ਹਥਿਆਰਾਂ ਨਾਲ ਲੈਸ ਸਨ ਅਤੇ ਪੁਲਸ ਹੈਰਾਨ ਸੀ ਕਿ ਉਹਨਾਂ ਨਾਲੋਂ ਵਧੇਰੇ ਹਥਿਆਰਬੰਦ ਨਰਕਧਾਰੀਆਂ ਨੂੰ ਹਿਫ਼ਾਜ਼ਤ ਦੀ ਕੀ ਲੋੜ ਸੀ? ਜਦ ਜੱਲਾਦਾਂ ਦੀ ਪੂਰੀ ਤਿਆਰੀ ਹੋ ਗਈ, ਤਾਂ ਉਹਨਾਂ ਵਲੋਂ ਆਪਣੀ ਪਲਾਨ ਮੁਤਾਬਕ ਗੁਰੂ ਗਰੰਥ ਸਾਹਿਬ ਦੀ ਆਨ-ਸ਼ਾਨ

ਵਿਰੁਧ ਨਾਅਰੇ ਲਾਏ ਗਏ, ਸਿੱਖਾਂ ਨੂੰ ਸੁਣਾ-ਸੁਣਾ ਕੇ ਉਹਨਾਂ ਦੇ ਜਜ਼ਬਾਤ 'ਤੇ ਕਰਾਰੀਆਂ ਸੱਟਾਂ ਮਾਰੀਆਂ ਗਈਆਂ ਅਤੇ ਸਿੱਖੀ ਅਣਖ ਤੇ ਗ਼ੈਰਤ ਨੂੰ ਚੁਣੌਤੀ ਦਿੱਤੀ ਗਈ।

ਇਹ ਬ੍ਰਾਹਮਣਵਾਦੀ ਜੱਲਾਦ ਵੀ ਭੁੱਲ ਗਏ ਕਿ ਸਿੱਖ ਆਪਣਾ ਪੋਟਾ-ਪੋਟਾ ਕਟਵਾ ਸਕਦਾ ਹੈ, ਆਪਣਾ ਖੋਪਰ ਰੰਬੀਆਂ ਨਾਲ ਉਤਰਵਾ ਸਕਦਾ ਹੈ ਅਤੇ ਚਰਖੜੀਆਂ 'ਤੇ ਚੜ੍ਹ ਕੇ ਆਪਣੇ ਆਪ ਦਾ ਤੂੰਬਾ-ਤੂੰਬਾ ਕਰਵਾ ਸਕਦਾ ਹੈ, ਪਰ ਨਾ ਤਾਂ ਸਿੱਖੀ ਸਿਦਕ ਛਡ ਸਕਦਾ ਹੈ ਅਤੇ ਨਾ ਹੀਂ ਆਪਣੇ ਗੁਰੂ ਦਾ ਅਪਮਾਨ ਹੁੰਦਾ ਵੇਖ ਸਕਦਾ ਹੈ। ਆਪਣੇ ਗੁਰੂ ਦੀ ਬੇ-ਹੁਰਮਤੀ ਦੀਆਂ ਖ਼ਬਰਾਂ ਜਦ ਸਿੰਘਾਂ ਤਕ ਅਪੜੀਆਂ, ਤਾਂ ਆਪਣੇ ਗੁਰੂ ਦੀ ਨਿੰਦਾ ਨਾ ਸਹਾਰਦੇ ਹੋਏ ਨਿਹੱਥੇ ਸਿੰਘ ਕੁਰਬਾਨੀਆਂ ਦੇਣ ਲਈ ਝਟ ਮੈਦਾਨ ਵਿੱਚ ਆ ਨਿਤਰੇ ਅਤੇ ਉਹਨਾਂ ਨਕਲੀ ਨਿਰੰਕਾਰੀਆਂ ਦੇ ਪੰਡਾਲ ਵੱਲ ਨੂੰ ਚਾਲੇ ਪਾ ਦਿੱਤੇ। ਉਹਨਾਂ ਨਾ ਕੋਈ ਨਾਅਰਾ ਲਾਇਆ, ਨਾ ਕਿਸੇ ਦਾ ਅਪਮਾਨ ਕੀਤਾ, ਨਾ ਕੋਈ ਹਿੰਸਕ ਕਾਰਵਾਈ ਕੀਤੀ ਅਤੇ ਨਾ ਹੀਂ ਕਿਸੇ ਦੀ ਸ਼ਾਨ ਵਿਰੁਧ ਇੱਕ ਲਫ਼ਜ਼ ਵੀ ਮੂੰਹੋਂ ਕੱਢਿਆ। ਸਗੋਂ ਆਪਣੇ ਗੁਰੂ ਦਾ ਅਪਮਾਨ ਨਾ ਸਹਾਰਦੇ ਹੋਏ ਸ਼ਾਂਤਮਈ ਢੰਗ ਨਾਲ ਰੋਸ ਕਰਦਿਆਂ, ਸ਼ਬਦ ਪੜ੍ਹਦਿਆਂ ਅਤੇ ਵਾਹਿਗੁਰੂ ਦਾ ਜਾਪ ਕਰਦਿਆਂ ਅੱਗੇ ਵਧ ਰਹੇ ਸਨ, ਕਿਉਂਕਿ ਗੁਰੂ ਦਾ ਸ਼ਬਦ ਹੀ ਸਿੱਖ ਦਾ ਸਭ ਤੋਂ ਵੱਡਾ ਹਥਿਆਰ ਹੈ।

ਸਿੱਖ ਨੇ 'ਨਾ ਕੋ ਬੈਰੀ ਨਹੀ ਬੇਗਾਨਾ। ਸਗਲ ਸੰਗਿ ਹਮ ਕੋ ਬਨਿ ਆਈ॥' ਦਾ ਧਾਰਨੀ ਬਣਨਾ ਹੈ। ਸੰਤ ਸਿਪਾਹੀ ਨੂੰ ਗੁਰੂ ਵਲੋਂ ਪਹਿਲਾਂ ਪਿਆਰ ਦਾ ਹਥਿਆਰ ਵਰਤਣ ਦਾ ਹੁਕਮ ਹੈ, ਗੱਲਬਾਤ ਦਾ ਢੰਗ ਵਰਤਣ ਦਾ ਆਦੇਸ਼ ਹੈ ਅਤੇ ਦਲੀਲ ਦਾ ਹਥਿਆਰ ਵਰਤਣ ਦੀ ਤਾਕੀਦ ਹੈ। ਜਦ ਇਹ ਸਾਰੇ ਹੀਲੇ ਵਰਤ ਲਏ ਜਾਣ ਅਤੇ ਜਾਬਰ ਜਬਰ ਕਰਨ ਤੋਂ ਬਾਜ਼ ਨਾ ਆਵੇ, ਤਾਂ ਹੀ ਸ਼ਸਤਰ ਨੂੰ ਹੱਥ ਪਾਉਣਾ ਸਿੰਘ ਦਾ ਧਰਮ ਬਣਦਾ ਹੈ। ਗੁਰੂ ਦੀ ਨਗਰੀ ਵਿੱਚ ਗੁਰੂ ਦੇ ਹੁਕਮ ਦੀ ਪਾਲਣਾ ਕਰਦੇ ਹੋਏ ਨਿਹੱਥੇ ਸਿੰਘ ਵਾਹਿਗੁਰੂ ਵਾਹਿਗੁਰੂ ਜਪਦੇ ਅੱਗੇ ਵਧ ਰਹੇ ਸਨ।

ਸਿੰਘਾਂ ਦੇ ਦਿਲਾਂ ਅੰਦਰ ਨਾ ਕਿਸੇ ਲਈ ਵੈਰ ਸੀ ਅਤੇ ਨਾ ਹੀਂ ਵਿਰੋਧ। 'ਭੈ ਕਾਹੂ ਕਉ ਦੇਤ ਨਹਿ, ਨਹਿ ਭੈ ਮਾਨਤ ਆਨਿ॥' ਦੇ ਧਾਰਨੀ ਨਿਧੜਕ ਹੋ ਕੇ ਅੱਗੇ ਵਧ ਰਹੇ ਸਨ। ਸਿੰਘ ਨਰਕਧਾਰੀਆਂ ਦੇ ਪੰਡਾਲ ਤੋਂ ਅਜੇ 200 ਗਜ਼ ਦੀ ਦੂਰੀ 'ਤੇ ਸਨ, ਜਦ ਕਿ ਬਿਨਾਂ ਕਿਸੇ ਕਿਸਮ ਦੀ ਉਕਸਾਹਟ ਦੇ, ਬਿਨਾਂ ਕਿਸੇ ਕਾਰਨ ਦੇ ਅਤੇ ਬਿਨਾਂ ਕਿਸੇ ਗੱਲਬਾਤ ਦੇ ਪੰਡਾਲ ਵਿੱਚੋਂ ਗੋਲੀਆਂ ਦੀ ਬੁਛਾੜ ਸ਼ੁਰੂ ਕਰ

ਦਿੱਤੀ ਗਈ, ਹੈਂਡ ਗਰਿਨੇਡ ਸੁਟਣੇ ਸ਼ੁਰੂ ਕਰ ਦਿੱਤੇ ਗਏ ਅਤੇ ਤੇਜ਼ਾਬ ਦੇ ਬੰਬ ਬਣਾ-ਬਣਾ ਕੇ ਸੁਟਣੇ ਸ਼ੁਰੂ ਕਰ ਦਿੱਤੇ ਗਏ। ਪੁਰਾਤਨ ਮਾਲਸਈ ਰਵਾਇਤਾਂ ਨੂੰ ਕਾਇਮ ਰੱਖਦਿਆਂ ਸਿੰਘ ਗੋਲੀਆਂ ਬੰਬਾਂ ਦੀ ਬੁਛਾੜ ਸਾਹਮਣੇ ਉਤਨਾ ਚਿਰ ਅੱਗੇ ਵਧਦੇ ਗਏ, ਜਿਤਨਾ ਚਿਰ ਤਕ ਕਿ ਉਹ ਸ਼ਹੀਦ ਨਹੀਂ ਕਰ ਦਿੱਤੇ ਗਏ। ਆਪਣੇ ਆਖ਼ਰੀ ਸਾਹਾਂ ਤਕ ਵਾਹਿਗੁਰੂ ਵਾਹਿਗੁਰੂ ਜਪਦੇ ਅੱਗੇ ਵਧਦੇ ਗਏ। 13 ਨਿਹੱਥੇ ਸਿੰਘਾਂ ਨੂੰ ਗੋਲੀਆਂ ਨਾਲ ਭੁੰਨ ਕੇ ਮੌਕੇ 'ਤੇ ਹੀ ਸ਼ਹੀਦ ਕਰ ਦਿੱਤਾ ਗਿਆ ਅਤੇ ਅੱਸੀ ਤੋਂ ਸੌ ਦੇ ਕਰੀਬ ਸਿੰਘਾਂ ਨੂੰ ਜ਼ਖ਼ਮੀ ਕੀਤਾ ਗਿਆ। ਦਿਨ ਦਿਹਾੜੇ ਇਤਨਾ ਵਹਿਸ਼ੀਆਨਾ ਜ਼ੁਲਮ ਤੇ ਉਹ ਵੀ ਸਿੱਖਾਂ ਦੀ ਹਕੂਮਤ (ਬਾਦਲ ਦੀ ਵਜ਼ਾਰਤ) ਵਿੱਚ, ਸਿੱਖ ਗੁਰੂਆਂ ਦੀ ਨਗਰੀ ਵਿੱਚ ਹੀ ਸਿੱਖ ਗੁਰੂਆਂ ਦਾ ਅਪਮਾਨ ਅਤੇ ਸਿੱਖਾਂ ਦੇ ਆਪਣੇ ਹੀ ਘਰ ਵਿੱਚ ਸਿੱਖਾਂ ਦਾ ਕਤਲੇਆਮ। ਉਸ ਵਹਿਸ਼ੀਆਨਾ ਕਤਲੇਆਮ ਨਾਲ ਖ਼ੂਨ ਦੇ ਪਰਨਾਲੇ ਵਹਿ ਤੁਰੇ। ਸਭ ਪਾਸੇ ਹਾਹਾਕਾਰ ਮਚ ਗਈ, ਪਰ ਪੱਥਰ ਦਿਲ ਨਰਕਧਾਰੀਆਂ ਉਵੇਂ ਹੀ ਚਾਰ ਘੰਟੇ ਤਕ ਆਪਣਾ ਸਮਾਗਮ ਜਾਰੀ ਰੱਖਿਆ ਅਤੇ ਉਵੇਂ ਹੀ ਸਿੱਖੀ ਵਿਰੁਧ ਕੁਫ਼ਰ ਤੋਲਦੇ ਰਹੇ। ਕਿਤਨੀ ਨਿਰਦੈਤਾ! ਕਿਤਨਾ ਕਸਾਈਪੁਣਾ!! ਕਿਤਨੀ ਕਠੋਰਤਾ!!! ਹੁਣ ਸੁਆਲ ਉਠਦਾ ਹੈ ਕਿ ਇਤਨੇ ਨਿਰਦੋਸ਼ ਸਿੰਘਾਂ ਦਾ ਕਤਲੇਆਮ ਹੋਇਆ, ਇਤਨੇ ਸਿੰਘ ਲਹੂ-ਲੁਹਾਨ ਹੋਏ, ਕਾਤਲ ਮੌਕੇ 'ਤੇ ਮੌਜੂਦ ਸਨ, ਪੁਲਸ ਵੀ ਮੌਜੂਦ ਸੀ, ਫਿਰ ਕਾਤਲਾਂ ਨੂੰ ਕਿਸੇ ਪਕੜਿਆ ਕਿਉਂ ਨਾ? ਬਾਦਲ ਦੀ ਅਕਾਲੀ ਸਰਕਾਰ ਦੀ ਮਸ਼ੀਨਰੀ ਕਿਉਂ ਨਾ ਹਰਕਤ ਵਿੱਚ ਆਈ? ਪੁਲਸ ਵਲੋਂ ਕਾਤਲਾਂ ਦੀ ਗ੍ਰਿਫ਼ਤਾਰੀ ਕਿਉਂ ਨਾ ਕੀਤੀ ਗਈ? ਕਾਤਲਾਂ ਦੀ ਗ੍ਰਿਫ਼ਤਾਰੀ ਕਰਨ ਦੀ ਥਾਂ ਉਹਨਾਂ ਨੂੰ ਸਰਕਾਰੀ ਗੱਡੀਆਂ ਵਿੱਚ ਬਿਠਾ ਕੇ ਦਿੱਲੀ ਕਿਉਂ ਪਹੁੰਚਾਇਆ ਗਿਆ? ਜਵਾਬ ਤਾਂ ਸਪਸ਼ਟ ਹੈ, ਜੇ ਕੋਈ ਸਮਝਣ ਦੀ ਕੋਸ਼ਿਸ਼ ਕਰੇ।

ਨਿਰਦੋਸ਼ ਸਿੰਘਾਂ ਦੇ ਕਾਤਲਾਂ ਨੂੰ ਅਮਨ ਅਮਾਨ ਨਾਲ ਦਿੱਲੀ ਪਹੁੰਚਾਉਣ ਵਾਲੀ ਬਾਦਲ ਦੀ ਹੀ ਸਰਕਾਰ ਸੀ, ਬਾਦਲ ਦੇ ਹੀ ਪੁਲਸ ਅਫ਼ਸਰ ਸਨ। ਬਾਦਲ ਸਰਕਾਰ ਦੀਆਂ ਹੀ ਕਾਰਾਂ ਵਿੱਚ ਅਤੇ ਬਾਦਲ ਦੇ ਹੀ ਹੁਕਮ ਨਾਲ ਚਾਰ ਘੰਟਿਆਂ ਮਗਰੋਂ ਸਭ ਨੂੰ ਦਿੱਲੀ ਪਹੁੰਚਾਇਆ ਗਿਆ ਸੀ। ਸੁਆਰਥੀ ਤੇ ਬੇ-ਜ਼ਮੀਰਿਆਂ ਦੀ ਵਜ਼ਾਰਤਾਂ ਦੀ ਭੁੱਖ ਲੈ ਡੁਬੀ ਸਾਰੀ ਸਿੱਖ ਕੌਮ ਨੂੰ।

ਅਠੱਤਰ ਦੀ ਵਿਸਾਖੀ ਸਮੇਂ ਸਿੰਘਾਂ ਦੇ ਖ਼ੂਨ ਨਾਲ ਹੋਲੀ ਖੇਡਣ ਦੀ ਪੂਰੀ ਸਾਜ਼ਿਸ਼ ਘੜੀ ਗਈ ਸੀ। ਬਾਦਲ ਆਪ ਬੰਬਈ ਵਿੱਚ ਵਿਸਾਖੀ ਮਨਾਏ ਜਾਣ ਦੇ ਅਯਾਸ਼ੀ ਮੇਲਿਆਂ ਵਿੱਚ ਸ਼ਾਮਲ ਹੋਣ ਲਈ

ਉਥੇ ਜਾ ਬੈਠਾ। ਖ਼ੂਨੀ ਸਾਕੇ ਮਗਰੋਂ ਚਾਰ ਘੰਟੇ ਤਕ ਸਮਾਗਮ ਜਾਰੀ ਰਿਹਾ। ਕਤਲੇਆਮ ਮਗਰੋਂ ਕੇਂਦਰੀ ਸਰਕਾਰ ਤੇ ਬਾਦਲ ਵਲੋਂ ਟੈਲੀਫ਼ੂਨਾਂ ਰਾਹੀਂ ਕਿਸੇ ਵੀ ਨਰਕਧਾਰੀ ਨੂੰ ਗ੍ਰਿਫ਼ਤਾਰ ਨਾ ਕਰਨ ਦਾ ਪਲਾਨ ਉਲੀਕਿਆ ਗਿਆ।

ਬਾਦਲ ਦੀਆਂ ਹਿਦਾਇਤਾਂ ਲੈਕੇ ਸੈਂਕੜੇ ਨਰਕਧਾਰੀ ਕਾਤਲਾਂ ਨੂੰ ਸਰਕਾਰੀ ਕਾਰਾਂ ਵਿੱਚ ਪੰਜਾਬੋਂ ਬਾਹਰ ਕੱਢਿਆ ਗਿਆ। ਫਿਰ ਲੋਕਾਂ ਦੇ ਰੋਹ ਨੂੰ ਠੰਢਾ ਕਰਨ ਲਈ ਅਤੇ ਲੋਕਾਂ ਦੀਆਂ ਅੱਖਾਂ ਵਿੱਚ ਮਿੱਟੀ ਘੱਟਾ ਪਾਉਣ ਲਈ 60 ਨਰਕਧਾਰੀਆਂ ਦੇ ਵਰੰਟ ਕੱਢੇ ਗਏ। ਮੁਜਰਮਾਂ ਨੂੰ ਆਪ ਦਿੱਲੀ ਛੋੜ ਕੇ ਆਏ, ਮੁਜਰਮ ਦਿੱਲੀ ਆਪਣੇ ਨਿਰੰਕਾਰੀ ਭਵਨ ਵਿੱਚ ਹੀ ਰਹਿੰਦੇ ਰਹੇ, ਪਰ ਉਹਨਾਂ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਗਿਆ। ਜੇ ਬਾਦਲ ਸਰਕਾਰ ਅੰਦਰ ਸੱਚਾਈ ਹੁੰਦੀ, ਤਾਂ ਕੇਂਦਰੀ ਸਰਕਾਰ ਮੁਜਰਮਾਂ ਨੂੰ ਕਿਉਂ ਨਾ ਪਕੜਨ ਦੇਂਦੀ? ਜਨਤਾ ਦਲ ਦੀ ਕੇਂਦਰੀ ਸਰਕਾਰ ਵਿੱਚ ਬਰਨਾਲਾ ਤੇ ਗੁਲਸ਼ਨ ਦੋ ਅਕਾਲੀ ਵਜ਼ੀਰ ਸਨ। ਅਸਲੀਅਤ ਤਾਂ ਇਹ ਹੈ ਕਿ ਇਹ ਬੇ-ਜ਼ਮੀਰੇ ਆਪ ਹੀ ਉਸ ਸਾਜ਼ਿਸ਼ ਵਿੱਚ ਸ਼ਾਮਲ ਸਨ।

ਸਿੱਖਾਂ ਨੂੰ ਹਿੰਦੂਆਂ ਵਿੱਚ ਜਜ਼ਬ ਕਰਨ ਲਈ ਅਤੇ ਸਿੱਖਾਂ ਨੂੰ ਗ਼ੁਲਾਮ ਬਣਾਈ ਰੱਖਣ ਲਈ ਜਿਥੇ ਭਾਰਤੀ ਸਰਕਾਰ ਨੇ ਸਾਰਾ ਤਾਣ ਲਾਇਆ ਹੋਇਆ ਹੈ, ਉਥੇ ਭਾਰਤ ਦੀਆਂ ਸਾਰੀਆਂ ਸਿਆਸੀ ਪਾਰਟੀਆਂ ਸਣੇ ਕਮਿਊਨਿਸਟ ਪਾਰਟੀਆਂ ਦੇ (ਜਿਨ੍ਹਾਂ ਸਭਨਾਂ ਦੇ ਮੁਖੀ ਵੀ ਬ੍ਰਾਹਮਣ ਹੀ ਹੁੰਦੇ ਹਨ) ਅਤੇ ਸਾਰਾ ਭਾਰਤੀ ਪ੍ਰੈਸ ਵੀ ਅੱਡੀ ਚੋਟੀ ਦਾ ਜ਼ੋਰ ਲਾਈ ਬੈਠੇ ਹਨ। ਸਿੱਖੀ ਨੂੰ ਤਬਾਹ ਕਰਨ ਦੇ ਮਾਮਲੇ 'ਤੇ ਇਹ ਸਭ ਇੱਕਠੇ ਹਨ। ਉਸ ਖ਼ੂਨੀ ਕਾਂਡ ਨਾਲ ਸਭ ਪਾਸੇ ਹਾਹਾਕਾਰ ਮਚ ਗਈ ਸੀ, ਪਰ ਕਾਤਲਾਂ ਦਾ ਵਾਲ ਵੀ ਵਿੰਗਾ ਨਹੀਂ ਸੀ ਹੋਇਆ, ਹੁੰਦਾ ਵੀ ਕਿਵੇਂ? ਜਿਨ੍ਹਾਂ ਕਾਤਲਾਂ ਦੀ ਸਰਪ੍ਰਸਤ ਭਾਰਤ ਦੀ ਕੇਂਦਰੀ ਸਰਕਾਰ ਹੋਵੇ, ਕੌਣ ਜੁਰਅਤ ਕਰ ਸਕਦਾ ਸੀ ਉਹਨਾਂ ਨੂੰ ਹੱਥ ਲਾਉਣ ਦੀ? ਕੇਂਦਰੀ ਸਰਕਾਰ ਨੇ ਆਪਣੇ ਕਾਤਲਾਂ ਨੂੰ ਬਚਾਉਣ ਲਈ ਸਾਰਾ ਤਾਣ ਲਾਇਆ। ਹਸਪਤਾਲਾਂ ਵਿੱਚੋਂ ਬਲੱਡ ਪਰੈਸ਼ਰ, ਸ਼ੂਗਰ ਅਤੇ ਦਿਲ ਦੀ ਬੀਮਾਰੀ ਆਦਿਕ ਦੇ ਅਨੇਕਾਂ ਸਰਟੀਫ਼ਿਕੇਟ ਦਿਵਾਕੇ ਕਾਤਲਾਂ ਦੀ ਜ਼ਮਾਨਤ ਕਰਵਾ ਲਈ ਗਈ। ਕਾਤਲ ਮੌਜੂਦ ਸਨ, ਪਰ ਉਹ ਗ੍ਰਿਫ਼ਤਾਰ ਨਹੀਂ ਸਨ ਕੀਤੇ ਜਾ ਸਕਦੇ। ਆਪ ਹੀ ਤਾਂ ਪੁਸ਼ਤਪਨਾਹੀ ਕਰਕੇ ਕਤਲ ਕਰਵਾਏ ਸਨ।

ਮਨੂਵਾਦੀ ਬ੍ਰਾਹਮਣਵਾਦ ਦੇ ਰਾਮਰਾਜ ਦੇ ਇਨਸਾਫ਼ ਦੀਆਂ ਧਾਂਧਲੀਆਂ ਵੀ ਵੇਖਣ ਵਾਲੀਆਂ ਹਨ। ਇਹਨਾਂ ਦੇ ਜ਼ਰਖ਼ਰੀਦ

ਕਾਤਲਾਂ ਸਿੰਘਾਂ ਦੇ ਕਤਲ ਤਾਂ ਕੀਤੇ ਸਨ ਪੰਜਾਬ ਦੇ ਜ਼ਿਲਾ ਅੰਮ੍ਰਿਤਸਰ ਵਿੱਚ, ਪਰ ਉਹਨਾਂ ਦਾ ਮੁਕੱਦਮਾ ਜਾ ਚਲਵਾਇਆ ਹਰਿਆਣੇ ਦੇ ਜ਼ਿਲ੍ਹੇ ਕਰਨਾਲ ਵਿੱਚ। ਮਤੇ ਕੋਈ ਸਿੱਖ ਜੱਜ ਕਿਸੇ ਨੂੰ ਸਜ਼ਾ ਨਾ ਦੇ ਦੇਵੇ। ਫੇਰ ਮੁਕੱਦਮਾ ਵੀ ਉਸ ਚੋਣਵੇਂ ਹਿੰਦੂ ਜੱਜ ਮਿਸਟਰ ਗੁਪਤਾ ਦੇ ਹਵਾਲੇ ਕੀਤਾ ਗਿਆ, ਜਿਸ ਸਭ ਨੂੰ ਬਰੀ ਕਰ ਵਿਖਾਇਆ। ਪੈਸੇ ਦੇ ਜ਼ੋਰ ਨਾਲ ਜਾਂ ਕੇਂਦਰੀ ਸਰਕਾਰ ਦੇ ਜ਼ੋਰ ਨਾਲ ਜਾਂ ਦੋਹਾਂ ਦੇ ਜ਼ੋਰ ਨਾਲ।

ਮੁਕੱਦਮੇ ਦਾ ਸਾਰਾ ਨਾਟਕ ਲੋਕਾਂ ਦੀਆਂ ਅੱਖਾਂ ਵਿੱਚ ਮਿੱਟੀ ਘੱਟਾ ਪਾਉਣ ਲਈ ਖੇਡਿਆ ਗਿਆ ਜਾਂ ਮਨੂਵਾਦੀ ਰੀਤ ਪੂਰੀ ਕਰਨ ਲਈ ਸਾਰਾ ਡਰਾਮਾ ਕੀਤਾ ਗਿਆ। ਵਾਧਾ ਇਹ ਕਿ ਨੀਲੀ ਪਗੜੀਧਾਰ ਬਾਦਲ ਡੋਗਰੇ ਦੀ ਸਰਕਾਰ ਨੇ ਉਸ ਫ਼ੈਸਲੇ ਵਿਰੁੱਧ ਅਪੀਲ ਤਕ ਕਰਨ ਦੀ ਵੀ ਲੋੜ ਨਹੀਂ ਸਮਝੀ। ਇਹ ਡੋਗਰੇ ਲੋੜ ਸਮਝਦੇ ਵੀ ਕਿਉਂ? ਲੋਕਾਂ ਦੇ 13 ਪੁੱਤ ਸ਼ਹੀਦ ਹੋਣ ਜਾਂ ਢਾਈ ਲੱਖ ਸ਼ਹੀਦ ਹੋਣ, ਬਾਦਲ ਹੋਰਾਂ ਨੂੰ ਇਸ ਨਾਲ ਕੀ? ਬਾਦਲ ਹੋਰਾਂ ਦੀ ਵਜ਼ਾਰਤ ਹਰ ਹਾਲਤ ਵਿੱਚ ਕਾਇਮ ਰਹਿਣੀ ਜ਼ਰੂਰੀ ਹੈ। ਨਰਕਧਾਰੀਆਂ ਦੇ ਬਰੀ ਹੋਣ 'ਤੇ ਹਿੰਦੂਆਂ ਵਲੋਂ ਜਿਥੇ ਲੱਡੂ ਵੰਡ ਕੇ ਖ਼ੁਸ਼ੀਆਂ ਮਨਾਈਆਂ ਗਈਆਂ, ਉਥੇ ਹਰ ਸਿੱਖ ਹਿਰਦਾ ਉਸ ਨਾਲ ਤੜਪ ਉਠਿਆ ਸੀ।

ਜੇ ਬਾਦਲ ਸਰਕਾਰ ਨੇ ਆਪਣਾ ਫ਼ਰਜ਼ ਨਿਭਾਇਆ ਹੁੰਦਾ, ਤਾਂ ਕਾਤਲਾਂ ਨੂੰ ਦਿੱਲੀ ਪਹੁੰਚਾਉਣ ਦੀ ਥਾਂ ਉਹਨਾਂ ਨੂੰ ਪਕੜ ਕੇ ਉਹਨਾਂ 'ਤੇ ਮੁਕੱਦਮੇ ਚਲਾਉਂਦੀ। ਜਦ ਖ਼ੂਨੀ ਕਾਂਡ ਹੋਇਆ ਹੀ ਬਾਦਲ ਦੀ ਮਿਲੀ-ਭੁਗਤ ਨਾਲ, ਤਾਂ ਕਾਤਲਾਂ ਦੇ ਨੱਕ ਵਿੱਚ ਨੱਥ ਕੌਣ ਪਾਵੇ? ਜੇ ਬਾਦਲ ਦੀ ਮਿਲੀਭੁਗਤ ਨਾ ਹੁੰਦੀ, ਤਾਂ ਨਰਕਧਾਰੀ ਸੁਪਨੇ ਵਿੱਚ ਵੀ ਉਥੇ ਸਮਾਗਮ ਕਰ ਸਕਣ ਦੀ ਜੁਰਅਤ ਨਹੀਂ ਸਨ ਕਰ ਸਕਦੇ। ਉਸ ਖ਼ੂਨੀ ਸਾਕੇ ਨੇ ਸਾਰੇ ਸਿੱਖ ਜਗਤ ਦਾ ਹਿਰਦਾ ਹਲੂਣਿਆ ਅਤੇ ਉਸ ਕੌਮੀ ਦੁਖਾਂਤ ਦੇ ਗੁੱਸੇ ਦੀ ਲਹਿਰ ਸਭ ਪਾਸੇ ਫੈਲ ਗਈ।

ਹਰ ਸਿੱਖ ਦੇ ਦਿਲ ਅੰਦਰ ਉਸ ਵਹਿਸ਼ੀਆਨਾ ਕਤਲੇਆਮ ਵਿਰੁਧ ਰੋਸ ਜਾਗਿਆ, ਸਿੱਖੀ ਸਪਿਰਿਟ ਜਾਗੀ ਅਤੇ ਸਿੱਖੀ ਹੋਂਦ ਤੇ ਸਿੱਖੀ ਆਨ-ਸ਼ਾਨ ਨੂੰ ਬਹਾਲ ਰੱਖਣ ਲਈ ਦੁਨੀਆ ਭਰ ਦੇ ਸਭ ਸਿੱਖ ਇੱਕਠੇ ਹੋ ਗਏ। ਥਾਂ ਥਾਂ ਸਮਾਗਮ ਹੋਏ, ਇਕੱਠ ਹੋਏ, ਦੀਵਾਨ ਲਾਏ ਗਏ ਅਤੇ ਨਿਖੇਧੀ ਦੇ ਮਤੇ ਪਾਸ ਕੀਤੇ ਗਏ। ਸਾਰੇ ਸਿੱਖ ਜਗਤ ਅੰਦਰ ਉਸ ਭਿਆਨਕ ਸਾਕੇ ਨਾਲ ਹਾਹਾਕਾਰ ਮਚ ਗਈ ਸੀ, ਪਰੰਤੂ ਕਿਤਨੀ ਸ਼ਰਮ ਵਾਲੀ ਗੱਲ ਹੈ ਕਿ ਨਾ ਤਾਂ ਭਾਰਤ ਦੀ ਕਿਸੇ ਇੱਕ ਵੀ ਸਿਆਸੀ ਪਾਰਟੀ ਨੇ ਉਸ ਖ਼ੂਨੀ ਕਾਂਡ ਦੀ ਨਿਖੇਧੀ ਕੀਤੀ ਅਤੇ

ਨਾ ਹੀ ਭਾਰਤ ਦੇ ਕਿਸੇ ਇੱਕ ਵੀ ਅਖ਼ਬਾਰ ਜਾਂ ਟੀਵੀ ਰੇਡੀਓ ਨੇ, ਸਗੋਂ ਸਾਰੀਆਂ ਸਿਆਸੀ ਪਾਰਟੀਆਂ ਅਤੇ ਸਾਰਾ ਭਾਰਤੀ ਪ੍ਰੈਸ ਨਿਰੰਕਾਰੀ ਕਾਤਲਾਂ ਦਾ ਪੱਖ ਪੂਰਦੇ ਰਹੇ।

ਕਿਸੇ ਨਾ ਕਿਸੇ ਅਖ਼ਬਾਰ ਵਿੱਚ ਹਰ ਰੋਜ਼ ਨਿਰੰਕਾਰੀਆਂ ਨੂੰ ਨਿਰਦੋਸ਼ ਸਾਬਤ ਕਰਕੇ ਉਹਨਾਂ ਦਾ ਪੱਖ ਪੂਰਿਆ ਜਾਂਦਾ ਰਿਹਾ। ਹਰ ਰੋਜ਼ ਟੀ ਵੀ ਰੇਡੀਓ 'ਤੇ ਕੋਈ ਨਾ ਕੋਈ ਨਿਰੰਕਾਰੀਆਂ ਦੇ ਹੱਕ ਵਿੱਚ ਪ੍ਰੋਗਰਾਮ ਦੇ ਕੇ, ਉਹਨਾਂ ਕਾਤਲਾਂ ਨੂੰ ਨਿਰਦੋਸ਼ ਸਾਬਤ ਕੀਤਾ ਜਾਂਦਾ ਰਿਹਾ। ਪ੍ਰੈਸ ਵਲੋਂ ਉਸ ਖ਼ੂਨੀ ਕਾਂਡ ਨੂੰ ਅਕਾਲੀਆਂ ਤੇ ਨਿਰੰਕਾਰੀਆਂ ਦੇ ਝਗੜੇ ਦੀ ਰੰਗਤ ਦੇਣ ਦੀਆਂ ਕੋਝੀਆਂ ਤੇ ਬੇ-ਬੁਨਿਆਦ ਚਾਲਾਂ ਚੱਲੀਆਂ ਜਾਂਦੀਆਂ ਰਹੀਆਂ। ਅਕਾਲੀਆਂ ਦੀ ਤਾਂ ਪੰਜਾਬ ਵਿੱਚ ਉਦੋਂ ਵਜ਼ਾਰਤ ਸੀ। ਜੇ ਇਹ ਗੱਲ ਹੁੰਦੀ, ਤਾਂ ਕਾਤਲਾਂ ਨੂੰ ਮੌਕੇ 'ਤੇ ਹੀ ਪਕੜ ਲਿਆ ਜਾਂਦਾ। ਬਾਦਲ ਨੇ ਹੀ ਤਾਂ ਕਾਤਲਾਂ ਨੂੰ ਸਹੀ ਸਲਾਮਤ ਦਿੱਲੀ ਪਹੁੰਚਾਇਆ, ਕਿਉਂਕਿ ਕੇਂਦਰ ਵਲੋਂ ਪੰਜਾਬ ਸਰਕਾਰ ਨੂੰ ਨਿਰੰਕਾਰੀਆਂ ਦੀ ਹਰ ਕੀਮਤ 'ਤੇ ਹਿਫ਼ਾਜ਼ਤ ਕਰਨ ਦੀਆਂ ਸਖ਼ਤ ਹਿਦਾਇਤਾਂ ਦਿੱਤੀਆਂ ਗਈਆਂ ਸਨ। ਬਦਕਿਸਮਤੀ ਨਾਲ ਮੌਕੇ ਨੂੰ ਸੰਭਾਲਣ ਵਾਲਾ ਕੋਈ ਸੂਝਵਾਨ ਸਿੱਖ ਲੀਡਰ ਸਾਹਮਣੇ ਨਹੀਂ ਸੀ ਆਇਆ। ਖ਼ੁਦਗਰਜ਼ ਅਕਾਲੀ ਲੀਡਰ ਬਾਦਲ ਤਾਂ ਆਪਣੀ ਵਜ਼ਾਰਤ ਬਹਾਲ ਰੱਖਣ ਖ਼ਾਤਰ ਆਪਣੀ ਜ਼ਮੀਰ ਵੇਚ ਕੇ ਕਾਤਲਾਂ ਦਾ ਭਾਈਵਾਲ ਬਣਿਆ ਰਿਹਾ ਸੀ।

ਨਰਕਧਾਰੀ ਸ਼ਹੀਦ ਕਰਦੇ ਸਨ ਸਿੰਘਾਂ ਨੂੰ, ਪਰ ਨਰਕਧਾਰੀਆਂ ਨੂੰ ਪਕੜਨ ਦੀ ਥਾਂ ਕੇਂਦਰੀ ਸਰਕਾਰ ਦੀ ਨੀਤੀ ਮੁਤਾਬਕ ਹਰ ਥਾਂ ਸਿੰਘਾਂ ਨੂੰ ਪਕੜ-ਪਕੜ ਕੇ, ਤਸੀਹੇ ਦੇਕੇ, ਉਹਨਾਂ 'ਤੇ ਝੂਠੇ ਮੁਕੱਦਮੇ ਚਲਾ ਕੇ, ਜ਼ਲੀਲ ਕੀਤਾ ਜਾਂਦਾ ਰਿਹਾ। ਗ੍ਰਿਫ਼ਤਾਰੀਆਂ ਕਰਕੇ, ਝੂਠੇ ਕੇਸ ਪਾ-ਪਾ ਕੇ ਸਿੰਘਾਂ ਨੂੰ ਖੱਜਲ ਖ਼ੁਆਰ ਕੀਤਾ ਜਾਂਦਾ ਰਿਹਾ। ਇਹ ਦੌਰ ਦੇਸ਼ ਦੇ ਹਰ ਕੋਨੇ ਵਿੱਚ ਚੱਲਦਾ ਰਿਹਾ। 26 ਸਤੰਬਰ 1978 ਨੂੰ ਕਾਨ੍ਹਪੁਰ ਵਿਖੇ ਸ਼ਾਂਤਮਈ ਢੰਗ ਨਾਲ ਰੋਸ ਕਰ ਰਹੇ ਸਿੰਘਾਂ ਉਤੇ ਪੁਲਸ ਦੀ ਮਿਲੀਭੁਗਤ ਨਾਲ ਨਰਕਧਾਰੀਆਂ ਨੇ ਸਿੰਘਾਂ 'ਤੇ ਗੋਲੀਆਂ ਦਾ ਮੀਂਹ ਵਰ੍ਹਾ ਕੇ 9 ਸਿੰਘ ਸ਼ਹੀਦ ਕਰ ਦਿੱਤੇ ਅਤੇ ਦਰਜਨਾਂ ਜ਼ਖਮੀ ਕਰ ਦਿੱਤੇ। ਸਿੰਘਾਂ ਨੂੰ ਸ਼ਹੀਦ ਕੀਤਾ ਨਰਕਧਾਰੀਆਂ, ਪਰ ਪੁਲਸ ਨੇ ਉਲਟਾ ਪਕੜਿਆ ਜਾ ਕੇ ਨਿਰਦੋਸ਼ ਸਿੰਘਾਂ ਨੂੰ।

ਇਸੇ ਤਰ੍ਹਾਂ 5 ਨਵੰਬਰ 1978 ਨੂੰ ਨਰਕਧਾਰੀਆਂ ਵਲੋਂ ਗੁਰੂ ਸਾਹਿਬਾਨ ਦੀ ਹੱਤਕ ਕਰਨ ਅਤੇ ਸਿੱਖਾਂ ਦੇ ਕਤਲੇਆਮ ਕੀਤੇ ਜਾਣ ਵਿਰੁਧ ਰੋਸ ਵਜੋਂ ਸਿੰਘਾਂ ਨੇ ਦਿੱਲੀ ਵਿਖੇ ਜਲੂਸ ਕੱਢਿਆ। ਹਿੰਦੂ

ਪੁਲਸ ਨੇ ਅਥਰੂ ਗੈਸ ਤੇ ਗੋਲੀ ਚਲਾਈ ਅਤੇ ਸ.ਅਵਤਾਰ ਸਿੰਘ ਕੋਹਲੀ,ਸ.ਮਨਿੰਦਰ ਸਿੰਘ ਅਤੇ ਸ.ਗੋਬਿੰਦ ਸਿੰਘ ਤਿੰਨ ਸਿੰਘਾਂ ਨੂੰ ਸ਼ਹੀਦ ਕਰ ਦਿੱਤਾ ਗਿਆ। ਉਸ ਵੇਲੇ ਦੀ ਕੇਂਦਰੀ ਸਰਕਾਰ ਜਨਤਾ ਦਲ ਅਤੇ ਅਕਾਲੀਆਂ ਦੀ ਸਾਂਝੀ ਸਰਕਾਰ ਸੀ। ਉਸੇ ਦਿਨ ਸ਼ਾਮ ਨੂੰ ਗੁਰਦੁਆਰਾ ਰਕਾਬ ਗੰਜ ਤੇ ਬੰਗਲਾ ਸਾਹਿਬ ਸੀਲ ਕਰ ਦਿੱਤੇ ਗਏ। ਜਦ ਤੋਂ ਗੁਰਦੁਆਰਾ ਸਾਹਿਬ ਕਾਇਮ ਹੋਏ,ਮੁਗ਼ਲ ਤੇ ਅੰਗਰੇਜ਼ਾਂ ਵੇਲੇ,ਕਦੀ ਵੀ ਇਹਨਾਂ ਦਾ ਦਾਖ਼ਲਾ ਬੰਦ ਨਹੀਂ ਸੀ ਹੋਇਆ। ਇਹ ਗੁਰਦੁਆਰੇ ਪਹਿਲੀ ਵਾਰ ਸੀਲ ਕੀਤੇ ਗਏ ਅਤੇ ਕਰਫ਼ਿਊ ਵੀ ਲਾਇਆ ਗਿਆ। ਬਰਨਾਲਾ ਉਦੋਂ ਉਸ ਕੇਂਦਰੀ ਸਰਕਾਰ ਦਾ ਵਜ਼ੀਰ ਸੀ।

ਸਿੱਖ ਕੌਮ ਦੀ ਇਹ ਬਦਕਿਸਮਤੀ ਹੈ ਕਿ ਇਸ ਨੂੰ ਤਬਾਹ ਕਰਨ ਲਈ ਇਸ ਦੀ ਹਰ ਸ਼ਾਖ਼ 'ਤੇ ਸਿੱਖੀ ਦੇ ਭੇਸ ਵਿੱਚ ਬਿੱਪ੍ਰਵਾਦੀ ਟਿੰਡੀ-ਦਲ ਬੈਠਾ ਰਿਹਾ ਹੈ ਅਤੇ ਅੱਜ ਵੀ ਬੈਠਾ ਹੈ। ਇਸ ਦੀ ਹਰ ਸੰਸਥਾ 'ਤੇ ਬੁੱਕਲ ਦੇ ਸੱਪ ਬਣ ਕੇ ਡੱਸਣ ਵਾਲੇ ਡੋਗਰੇ ਬੈਠੇ ਹਨ। ਨਾ ਇਹਨਾਂ ਦਾ ਸਿੱਖੀ ਵਾਲਾ ਜੀਵਨ ਹੈ,ਨਾ ਇਹਨਾਂ ਨੂੰ ਸਿੱਖੀ ਨਾਲ ਪਿਆਰ ਹੈ ਅਤੇ ਨਾ ਹੀਂ ਸਿੱਖੀ ਦੇ ਭਵਿਖ ਦੀ ਹੀ ਕੋਈ ਪ੍ਰਵਾਹ ਹੈ। ਇਹ ਖ਼ੁਦਗਰਜ਼ ਆਪਣੇ ਨਿੱਜੀ ਲਾਭਾਂ ਬਦਲੇ ਹਮੇਸ਼ਾਂ ਕੌਮ ਨੂੰ ਵੇਚ ਖਾਂਦੇ ਰਹੇ ਹਨ। ਸਿੱਖ ਕੌਮ ਦੀਆਂ ਰਗਾਂ ਵਿੱਚੋਂ ਅਣਖ,ਗੈਰਤ ਅਤੇ ਸਵੈਮਾਣ ਦਾ ਖ਼ੂਨ ਠੰਢਾ ਕਰਨ ਵਾਲੇ ਵੀ ਇਹੋ ਮਤਲਬ ਪ੍ਰਸਤ ਹੀ ਹਨ।

ਜਦ ਆਗੂ ਹੀ ਬੇ-ਈਮਾਨ ਬਣ ਜਾਣ,ਤਾਂ ਬਹਾਦਰ ਸਿੱਖ ਕੌਮ ਕੀ ਕਰੇ? ਅਕਾਲੀ ਲੀਡਰ ਆਮ ਸਿੱਖਾਂ ਨੂੰ ਬੁੱਧੂ ਬਣਾਉਣ ਲਈ ਗਰਮ-ਗਰਮ ਤਕਰੀਰਾਂ ਕਰਦੇ ਰਹੇ,ਨਰਕਧਾਰੀਆਂ ਅਤੇ ਉਹਨਾਂ ਦੀਆਂ ਸਿੱਖ ਧਰਮ ਵਿਰੁੱਧ ਲਿਖੀਆਂ ਪੁਸਤਕਾਂ 'ਤੇ ਪਾਬੰਦੀ ਲਾਉਣ ਦੀਆਂ ਬਾਤਾਂ ਪਾਉਂਦੇ ਰਹੇ ਅਤੇ ਲੋਕਾਂ ਦਾ ਰੋਹ ਠੰਢਾ ਕਰਦੇ ਰਹੇ,ਪਰ ਅੰਦਰਖਾਤੇ ਨਰਕਧਾਰੀਆਂ ਅਤੇ ਕੇਂਦਰ ਕੋਲੋਂ ਕੀਮਤ ਵਸੂਲ ਕੇ,ਉਹਨਾਂ ਨਾਲ ਇਕਸੁਰ ਹੋ ਕੇ ਇਹ ਗ਼ਦਾਰ ਕੌਮ ਨੂੰ ਧੋਖਾ ਦੇਂਦੇ ਰਹੇ। ਇਹਨਾਂ ਕੌਮ ਘਾਤਕਾਂ,ਥਾਂ-ਥਾਂ 'ਤੇ ਕਾਨਫ਼ਰੰਸਾਂ ਕਰਕੇ ਨਰਕਧਾਰੀਆਂ ਦੇ ਜ਼ੁਲਮਾਂ ਵਿਰੁੱਧ ਅਵਾਜ਼ ਉੱਚੀ ਕਰਨ ਅਤੇ ਨਰਕਧਾਰੀਆਂ ਦੇ ਝੂਠ ਦੇ ਅਡੰਬਰ ਨੂੰ ਨੰਗਿਆਂ ਕਰਨ ਦੀ ਥਾਂ ਇਨਸਾਫ਼ ਮੰਗਣ ਦੀਆਂ ਕਹਾਣੀਆਂ ਪਾਈਆਂ। ਸਿੱਖੀ ਦੀ ਫੱਟੀ ਪੋਚਣ ਵਿੱਚ ਲੱਗਾ ਹੋਇਆ ਬ੍ਰਾਹਮਣਵਾਦ ਕਿਹੜੇ ਪਾਸਿਓਂ ਇਨਸਾਫ਼ ਦੇਵੇਗਾ? ਉਹ ਆਪ ਹੀ ਤਾਂ ਕਰੋੜਾਂ-ਅਰਬਾਂ ਖ਼ਰਚ ਕੇ ਸਿੱਖਾਂ ਨੂੰ ਹਿੰਦੂ ਬਣਾਨ ਵਿੱਚ ਲੱਗਾ ਹੋਇਆ ਹੈ। ਅਠੱਤਰ ਦੇ ਖ਼ੂਨੀ

ਸਾਕੇ ਸਮੇਂ ਕੌਮ ਦੀ ਹੋ ਰਹੀ ਨਸਲਕੁਸ਼ੀ ਦੇ ਮਨਸੂਬਿਆਂ ਨੂੰ ਸਮਝ ਕੇ, ਕੌਮ ਨੂੰ ਕੋਈ ਉਸਾਰੂ ਪ੍ਰੋਗਰਾਮ ਦੇਣ ਦੀ ਥਾਂ ਬੇ-ਈਮਾਨ ਤੇ ਵਜ਼ੀਰੀਆਂ ਦੇ ਭੁੱਖੇ ਸਿੱਖ ਲੀਡਰਾਂ ਵਲੋਂ ਦੀਵਾਨਾਂ ਵਿੱਚ ਸ਼ਰਧਾਂਜਲੀਆਂ ਦੇਣ ਅਤੇ ਇਨਸਾਫ਼ ਦੀ ਮੰਗ ਕਰਨ ਦੀਆਂ ਕਹਾਣੀਆਂ ਦਾ ਪ੍ਰੋਗਰਾਮ ਦਿੱਤਾ ਗਿਆ ਸੀ।

ਜਿਹੜੀ ਸਰਕਾਰ ਸਿੱਖੀ ਦਾ ਰੜਕਦਾ ਕੰਡਾ ਕੱਢਣ 'ਤੇ ਤੁਲੀ ਹੋਈ ਹੈ, ਜਿਹੜੀ ਸਰਕਾਰ ਸਿੱਖਾਂ ਨੂੰ ਹੀਣਿਆਂ ਬਣਾ ਕੇ ਗ਼ੁਲਾਮ ਬਣਾਈ ਰੱਖਣ ਲਈ ਸਭ ਕੁਝ ਦਾਅ 'ਤੇ ਲਾਈ ਬੈਠੀ ਹੈ, ਜਿਹੜੀ ਸਰਕਾਰ ਸਿੱਖਾਂ ਨੂੰ ਹਿੰਦੂਆਂ ਵਿੱਚ ਜਜ਼ਬ ਕਰਨ ਦੇ ਸੁਪਨੇ ਲੈ ਰਹੀ ਹੈ, ਜਿਹੜੀ ਸਰਕਾਰ ਅਜ਼ਾਦੀ ਦੇ ਪਹਿਲੇ ਦਿਨ ਤੋਂ ਸਿੱਖਾਂ ਨੂੰ ਜ਼ਲੀਲ ਕਰਦੀ ਆ ਰਹੀ ਹੈ, ਜਿਹੜੀ ਸਰਕਾਰ ਸਿੱਖੀ ਦੀ ਭੰਨ-ਤਰੋੜ ਕਰਾਉਣ ਲਈ ਨਿਰੰਕਾਰੀਆਂ ਨੂੰ ਹਥਿਆਰਬੰਦ ਕਰਕੇ ਸਿੱਖੀ ਨੂੰ ਤਬਾਹ ਕਰਵਾ ਰਹੀ ਹੈ, ਜਿਹੜੀ ਸਰਕਾਰ ਦੇ ਕਹਿਣ 'ਤੇ ਬਾਦਲ ਨੇ ਆਪ ਸਿੱਖਾਂ ਦੇ ਕਾਤਲਾਂ ਨੂੰ ਸਹੀ ਸਲਾਮਤ ਦਿੱਲੀ ਪਹੁੰਚਾਇਆ, ਉਸ ਸਰਕਾਰ ਤੋਂ ਖ਼ੂਨੀ ਸਾਕੇ ਦੇ ਇਨਸਾਫ਼ ਦੀ ਆਸ ਕੌਣ ਰੱਖ ਸਕਦਾ ਹੈ? ਜਾਂ ਤਾਂ ਕੋਈ ਸਿਰ ਫਿਰਿਆ ਮਹਾਂ ਮੂਰਖ ਆਗੂ ਆਸ ਰੱਖ ਸਕਦਾ ਹੈ ਜਾਂ ਪਹਿਲੇ ਦਰਜੇ ਦਾ ਮਹਾਂ ਗ਼ਦਾਰ ਲੀਡਰ।

ਸਿੱਖ ਕੌਮ ਨੇ ਜਦ ਵੀ ਮਾਰ ਖਾਧੀ, ਆਪਣੇ ਹੀ ਲੀਡਰਾਂ ਦੀ ਗ਼ਦਾਰੀ ਕਾਰਨ। ਹੈਰਾਨਗੀ ਤਾਂ ਇਸ ਗੱਲ ਦੀ ਹੈ ਕਿ ਇਤਨੀ ਮਾਰ ਖਾ ਕੇ ਵੀ ਇਸ ਨੇ ਕੋਈ ਸਬਕ ਨਹੀਂ ਸਿਖਿਆ। ਜਿਹੜੇ ਡੋਗਰਿਆਂ ਉਦੋਂ ਕੌਮ ਦੀਆਂ ਬੇੜੀਆਂ ਰੋੜ੍ਹੀਆਂ ਸਨ, ਅੱਜ ਫੇਰ ਉਹੀ ਕੌਮ ਦੇ ਆਗੂ ਬਣੀ ਬੈਠੇ ਨੇ। ਜਿਹੜੀ ਕੌਮ ਬੀਤੇ ਸਮੇਂ ਦੀਆਂ ਗ਼ਲਤੀਆਂ ਤੋਂ ਸਬਕ ਨਹੀਂ ਸਿੱਖਦੀ, ਆਪਣੇ ਗ਼ਦਾਰ ਲੀਡਰਾਂ ਦੀਆਂ ਕੀਤੀਆਂ ਗ਼ਦਾਰੀਆਂ ਤੋਂ ਸੁਚੇਤ ਨਹੀਂ ਹੁੰਦੀ, ਉਸ ਦਾ ਉਹੀ ਹਾਲ ਹੁੰਦਾ ਹੈ, ਜੋ ਅੱਜ ਸਿੱਖ ਕੌਮ ਦਾ ਹੋ ਰਿਹਾ ਹੈ। ਅੱਠਤਰ ਦੀ ਖ਼ੂਨੀ ਵਿਸਾਖੀ ਸਮੇਂ ਪ੍ਰਕਾਸ਼ ਸਿੰਘ ਬਾਦਲ ਹੀ ਮੁਖ ਮੰਤਰੀ ਸੀ ਅਤੇ ਫੇਰ ਉਹੀ ਮੁਖ ਮੰਤਰੀ ਬਣਿਆ। ਉਸ ਸਮੇਂ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਕਾਮਰੇਡ ਗੁਰਚਰਨ ਸਿੰਘ ਟੌਹੜਾ ਸੀ ਅਤੇ ਮਰਨ ਤਕ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਕਾਮਰੇਡ ਟੌਹੜਾ ਹੀ ਰਿਹਾ।

ਵਰਤਮਾਨ ਸਿੱਖ ਨਸਲਕੁਸ਼ੀ ਦਾ ਦੌਰ ਬਾਦਲ ਤੋਂ ਹੀ ਸ਼ੁਰੂ ਹੋਇਆ ਅਤੇ ਢਾਈ ਲੱਖ ਸਿੱਖਾਂ ਦਾ ਘਾਣ ਕਰਾਉਣ ਉਪਰੰਤ ਫੇਰ ਉਹੀ ਬਾਦਲ ਮੁੱਖ ਮੰਤਰੀ ਬਣਿਆ। ਪੰਜਾਬ ਅੰਦਰ ਪਹਿਲੀ ਵਾਰ ਨਕਸਲਵਾੜੀਆਂ ਨੂੰ ਖ਼ਤਮ ਕਰਨ ਦੇ ਬਹਾਨੇ ਸਿੱਖ ਜਵਾਨਾਂ ਨੂੰ ਵੱਡੀ

ਪੱਥਰ 'ਤੇ ਚੁਣ-ਚੁਣ ਕੇ ਕਤਲ ਕਰਾਉਣ ਦੀ ਪਿਰਤ ਪਾਉਣ ਵਾਲਾ ਧਨਾਢ ਬਾਦਲ ਹੀ ਸੀ। ਝੂਠੇ ਮੁਕਾਬਲੇ ਦੱਸ ਕੇ ਸਿੱਖ ਜਵਾਨੀ ਦਾ ਘਾਣ ਕਰਨ ਦੀ ਪਿਰਤ ਪਾਉਣ ਵਾਲਾ ਵੀ ਬਾਦਲ ਹੀ ਹੈ। ਪਿੰਡਾਂ ਨੂੰ ਘੇਰ ਕੇ, ਸਿੱਖ ਨੌਜਵਾਨਾਂ ਅਤੇ ਉਹਨਾਂ ਦੇ ਪਰਿਵਾਰਾਂ ਨੂੰ ਹਿਰਾਸਤ ਵਿੱਚ ਲੈ ਕੇ ਕੁਟਾਪੇ ਚਾੜ੍ਹਕੇ, ਮਹੀਨਿਆਂ ਬੱਧੀ ਤਸੀਹੇ ਦੇ ਕੇ ਦਹਿਸ਼ਤ ਫੈਲਾਉਣ ਦੀ ਪਿਰਤ ਵੀ ਬਾਦਲ ਨੇ ਹੀ ਪਾਈ ਸੀ। ਇਸ ਦੀ ਅਕਾਲੀ ਸਰਕਾਰ ਵੇਲੇ ਸਿੱਖ ਜਵਾਨਾਂ ਆਪਣੇ ਪਿੰਡੇ 'ਤੇ ਕਹਿਰਾਂ ਦੇ ਸੰਤਾਪ ਹੰਢਾਏ। ਪੰਜਾਬ ਅੰਦਰ ਬਾਦਲ ਦੇ ਰਾਜ ਵਿੱਚ ਪਹਿਲੀ ਵਾਰ ਪੁਲਿਸ ਦੀਆਂ ਬੰਦੂਕਾਂ ਦੀਆਂ ਨੋਕਾਂ ਦੇ ਇਸ਼ਾਰਿਆਂ ਨਾਲ ਕਾਇਦੇ ਕਾਨੂੰਨ ਚੱਲਣਾ ਸ਼ੁਰੂ ਹੋਇਆ ਸੀ।

ਅਠੱਤਰ ਦੀ ਖ਼ੂਨੀ ਵਿਸਾਖੀ ਦਾ ਜ਼ਿੰਮੇਵਾਰ ਬਾਦਲ ਹੀ ਹੈ। ਅੰਮ੍ਰਿਤਸਰ ਦੇ ਉਦੋਂ ਡਿਪਟੀ ਕਮਿਸ਼ਨਰ ਨੇ ਨਕਲੀ ਨਿਰੰਕਾਰੀਆਂ ਨੂੰ ਸਮਾਗਮ ਕਰਨ ਦੀ ਆਗਿਆ ਦੇਣ ਤੋਂ ਨਾਂਹ ਕਰ ਦਿੱਤੀ ਸੀ, ਪਰ ਬਾਦਲ ਦੀ ਮੁਦਾਖ਼ਲਤ ਨਾਲ ਉਸ ਨੂੰ ਇਜਾਜ਼ਤ ਦੇਣੀ ਪਈ ਸੀ। ਸਿੱਖੀ ਦੇ ਘਰ ਵਿੱਚ ਹੀ ਸਿੱਖੀ ਦਾ ਅਪਮਾਨ ਕਰਨ ਵਾਲਿਆਂ ਨੂੰ ਇਜਾਜ਼ਤ ਦੇਣ ਵਾਲਾ, ਗੁਰੂ ਗਰੰਥ ਸਾਹਿਬ ਦਾ ਨਰਕਧਾਰੀਆਂ ਤੋਂ ਅਪਮਾਨ ਕਰਾਉਣ ਵਾਲਾ ਅਤੇ ਖ਼ੂਨੀ ਕਾਤਲਾਂ ਨੂੰ ਸਹੀ ਸਲਾਮਤ ਦਿੱਲੀ ਪਹੁੰਚਾਉਣ ਵਾਲਾ ਇਹੋ ਬਾਦਲ ਹੀ ਤਾਂ ਸੀ। ਮੁਖ ਮੰਤਰੀ ਬਣਨ ਲਈ, ਹਿੰਦੂਆਂ ਦੀਆਂ ਵੋਟਾਂ ਲੈਣ ਖ਼ਾਤਰ, ਆਪਣੇ ਇਸ਼ਟ ਨੂੰ ਪਿੱਠ ਦੇ ਕੇ, ਆਪਣੇ ਗੁਰੂ ਦੇ ਹੁਕਮ ਨੂੰ ਲਿਤਾੜ ਕੇ, ਸਣੇ ਪਰਿਵਾਰ ਤੇ ਸਾਥੀਆਂ ਦੇ ਪੱਥਰ ਦੀਆਂ ਮੂਰਤੀਆਂ ਅੱਗੇ ਨੱਕ ਰਗੜਨ ਵਾਲਾ ਇਹ ਉਹੀ ਕੌਮ ਘਾਤਕ ਹੈ। ਬਾਦਲ ਇਸ ਤੋਂ ਪਹਿਲਾਂ ਵੀ ਵੈਸ਼ਨੂ ਦੇਵੀ ਦੀ ਪੂਜਾ ਕਰਕੇ ਆਇਆ ਸੀ। ਗੁਰੂ ਅਰਜਨ ਸਾਹਿਬ ਦੇ ਕਾਤਲ ਸ਼ੇਖ ਅਹਿਮਦ ਸਰਹੰਦੀ ਦੇ ਮਜ਼ਾਰ ਨੂੰ ਵੀ ਸਿਜਦਾ ਕਰਕੇ ਆਇਆ ਸੀ।

ਇੱਕ ਸਾਧਾਰਨ ਸਿੱਖ ਲਈ ਤਾਂ ਇਹ ਨੀਚਤਾਈ ਦੀ ਆਖ਼ਰੀ ਹੱਦ ਹੈ, ਫਿਰ ਇਹ ਤਾਂ ਸ਼੍ਰੋਮਣੀ ਅਕਾਲੀ ਦਲ ਦਾ ਪ੍ਰਧਾਨ ਹੈ। ਅੱਜ ਤਕ ਕਿਸੇ ਵੀ ਅਕਾਲੀ ਲੀਡਰ ਨੇ ਇਤਨੀ ਗਿਰਾਵਟ ਨਹੀਂ ਸੀ ਵਿਖਾਈ, ਜਿਤਨੀ ਕਿ ਬਾਦਲ ਨੇ। ਇਸ ਨੇ ਤਾਂ ਅਕਾਲੀਆਂ ਦੀਆਂ ਲਾਸਾਨੀ ਕੁਰਬਾਨੀਆਂ ਨੂੰ ਕਲੰਕਿਤ ਕਰਕੇ ਰੱਖ ਦਿੱਤਾ ਹੈ। ਅੱਗੇ ਤੋਂ ਇਹ ਅਕਾਲੀਆਂ ਨੂੰ ਦੁਰਗਾ ਦੇਵੀ ਦੀ ਪੂਜਾ ਲਈ ਦੁਰਗਿਆਣੇ ਮੰਦਰ ਲੈਕੇ ਜਾਇਆ ਕਰੇਗਾ। ਅਕਾਲ ਤਖ਼ਤ ਸਾਹਿਬ ਨੂੰ ਤਾਂ ਇਹ ਪਹਿਲਾਂ ਹੀ ਪਿੱਠ ਦੇ ਚੁੱਕਾ ਹੈ। ਸਿੱਖ ਕੌਮ ਨੂੰ ਅੱਜ ਸੋਚਣ ਦੀ ਲੋੜ ਹੈ ਕਿ ਅਕਾਲ ਤਖ਼ਤ ਸਾਹਿਬ ਦਾ ਬਾਗ਼ੀ ਅਤੇ ਮੂਰਤੀ ਪੂਜ ਤਨਖ਼ਾਹੀਆ

ਬਾਦਲ ਅੰਮ੍ਰਿਤਧਾਰੀ ਸਿੰਘਾਂ ਦੀ ਅਗਵਾਈ ਕਰਨ ਦੇ ਯੋਗ ਹੈ। ਦਿੱਲੀ ਸਰਕਾਰ ਤਾਂ ਉਸ ਨੂੰ ਹੀ ਪੰਜਾਬ ਦਾ ਸੂਬੇਦਾਰ ਕਾਇਮ ਰਹਿਣ ਦੇਵੇਗੀ, ਜਿਹੜਾ ਸਿੱਖਾਂ ਦੀ ਨਸਲਕੁਸ਼ੀ ਦਾ ਕੰਮ ਜਾਰੀ ਰੱਖੇਗਾ।

ਬਾਦਲ, ਬਰਨਾਲਾ, ਟੌਹੜਾ ਅਤੇ ਤਲਵੰਡੀ ਦੀ ਚੰਡਾਲ ਚੌਕੜੀ ਸਿੱਖੀ ਦੀ ਹਮੇਸ਼ਾ ਜਾਨੀ ਦੁਸ਼ਮਣ ਰਹੀ ਹੈ। ਇਹ ਸਾਰੇ ਲੌਂਗੋਵਾਲੀਏ ਸੰਤ ਦੇ ਯਾਰ ਬਣੇ ਰਹੇ। ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੂੰ ਸ਼ਹੀਦ ਕਰਵਾ ਕੇ ਵਜ਼ਾਰਤਾਂ ਬਣਾਉਣ ਦਾ ਰਾਹ ਪਧਰਾ ਕਰਨ ਲਈ ਇਹਨਾਂ ਹੀ ਦਰਬਾਰ ਸਾਹਿਬ 'ਤੇ ਹਮਲਾ ਕਰਨ ਦਾ ਸੱਦਾ ਦਿੱਤਾ ਸੀ। ਇਹ ਵੀ ਅਖ਼ਬਾਰਾਂ ਵਿੱਚ ਛਪ ਚੁੱਕਾ ਹੈ ਕਿ ਲੌਂਗੋਵਾਲ ਵਲੋਂ ਆਰ.ਕੇ.ਧਵਨ ਨੂੰ ਲਿਖੀ ਗਈ ਚਿੱਠੀ ਵਿੱਚ ਉਸ ਦਿੱਲੀ ਸਰਕਾਰ ਨੂੰ ਚਿਤਾਵਨੀ ਦਿੱਤੀ ਸੀ ਕਿ 'ਸਾਕਾ ਨੀਲਾ ਤਾਰਾ ਦੇ ਹਮਲੇ ਦੀ ਕਾਰਵਾਈ ਬਾਦਲ ਨਾਲ ਹੋਈ ਗੱਲਬਾਤ ਅਨੁਸਾਰ ਕੀਤੀ ਜਾਵੇ।' ਟੌਹੜਾ ਵੀ ਦਰਬਾਰ ਸਾਹਿਬ ਦੇ ਹਮਲੇ ਤੋਂ ਪਹਿਲਾਂ ਪੰਜਾਬ ਦੇ ਗਵਰਨਰ ਨਾਲ ਮੁਲਾਕਾਤ ਕਰਕੇ ਹਰੀ ਝੰਡੀ ਦੇਕੇ ਆਇਆ ਸੀ।

ਇਹਨਾਂ ਗ਼ਦਾਰਾਂ ਸੰਤ ਭਿੰਡਰਾਂ ਵਾਲਿਆਂ ਨਾਲ ਅਕਾਲ ਤਖ਼ਤ ਸਾਹਿਬ 'ਤੇ ਸਹੁੰਆਂ ਖਾਧੀਆਂ ਸਨ ਕਿ ਜੇ ਦਰਬਾਰ ਸਾਹਿਬ ਅੰਦਰ ਫੌਜ ਆਈ, ਤਾਂ ਸਾਡੀਆਂ ਲੋਥਾਂ ਤੋਂ ਲੰਘ ਕੇ ਜਾਏਗੀ। ਇਹ ਬੇ-ਸ਼ਰਮ, ਬੇ-ਗ਼ੈਰਤ ਅਤੇ ਬੁਜ਼ਦਿਲ ਹੱਥ ਖੜੇ ਕਰਕੇ, ਆਪ ਸ਼ਹੀਦਾਂ ਦੀਆਂ ਲੋਥਾਂ ਲਿਤਾੜ ਕੇ, ਉਸੇ ਫ਼ੌਜ ਦੀਆਂ ਗੱਡੀਆਂ ਵਿੱਚ ਜਾ ਬੈਠੇ ਅਤੇ ਇਹਨਾਂ ਗ਼ਦਾਰਾਂ ਨੂੰ ਸਰਕਾਰ ਵਲੋਂ ਰੈਸਟ ਹਾਊਸਾਂ ਵਿੱਚ ਰੱਖਿਆ ਗਿਆ। ਟੌਹੜਾ ਮਸੰਦ ਆਪਣੀਆਂ ਅੱਖਾਂ ਸਾਹਮਣੇ ਅਕਾਲ ਤਖ਼ਤ ਸਾਹਿਬ ਨੂੰ ਸ਼ਹੀਦ ਹੁੰਦਾ ਵੇਖਦਾ ਰਿਹਾ। ਫ਼ੌਜੀ ਇਸ ਨੂੰ ਲੱਭਦੇ ਫਿਰਦੇ ਰਹੇ। ਜਾਨ ਬਚਾਉਣ ਲਈ ਜਦ ਇਹ ਹੱਥ ਖੜ੍ਹੇ ਕਰਕੇ, ਜਿਸ ਫ਼ੌਜੀ ਸਾਹਮਣੇ ਆਇਆ, ਉਸ ਫ਼ੌਜੀ ਨੇ ਆਪਣੇ ਅਫ਼ਸਰ ਨੂੰ ਉੱਚੀ ਅਵਾਜ਼ ਵਿੱਚ ਦੱਸਿਆ ਕਿ 'ਟੌਹੜਾ ਇਧਰ ਹੈ ਸਾਹਿਬ'। ਇਹਨਾਂ ਗ਼ਦਾਰਾਂ ਇਸ ਤਰ੍ਹਾਂ ਸਿੱਖਾਂ ਦੇ ਕਾਤਲਾਂ ਦੀਆਂ ਗੱਡੀਆਂ ਵਿੱਚ ਜਾ ਸ਼ਰਨ ਲਈ।

ਟੌਹੜੇ ਨੇ ਜਿਸ ਨੀਚਤਾ ਨਾਲ, ਜਿਸ ਕਾਇਰਤਾ ਨਾਲ ਅਤੇ ਜਿਸ ਦਗ਼ੇਬਾਜ਼ੀ ਨਾਲ ਆਤਮ ਸਮਰਪਣ ਕਰਕੇ ਸ਼ਾਨਦਾਰ ਸਿੱਖ ਰਵਾਇਤਾਂ ਨੂੰ ਕਲੰਕਤ ਕੀਤਾ, ਉਸ ਜੇਹੀ ਸ਼ਰਮਨਾਕ ਤੇ ਘਿਨਾਉਣੀ ਮਿਸਾਲ ਸਾਰੇ ਸਿੱਖ ਇਤਿਹਾਸ ਵਿੱਚ ਕਿਤੇ ਨਹੀਂ ਮਿਲਦੀ। ਇਹ ਪੱਕਾ ਸਰਕਾਰੀ ਏਜੰਟ ਹੈ। ਇਹ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਰਾਹੀਂ ਸਮੇਂ ਸਮੇਂ ਕਾਂਗਰਸ ਦਾ ਹੱਥਠੋਕਾ ਬਣਕੇ ਸਿੱਖ ਕੌਮ ਦੀਆਂ ਜੜ੍ਹਾਂ ਵੱਢਦਾ ਰਿਹਾ ਹੈ। ਇਹ ਬੇਅੰਤ ਸਿਹੁੰ ਨਾਲ ਵੀ ਗੁਪਤ ਮੀਟਿੰਗਾਂ

ਕਰਦਾ ਰਿਹਾ। ਅੰਮ੍ਰਿਤਸਰ ਐਲਾਨ ਨਾਮੇਂ ਦੀ ਅਰਦਾਸ ਕਰਕੇ, ਉਸ ਤੋਂ ਪ੍ਰੋਫ਼ੈਸਰ ਮਨਜੀਤ ਸਿੰਘ ਦੇ ਭਜਣ ਦਾ ਕਾਰਨ ਵੀ ਟੌਹੜੇ ਦੀ ਬੇਅੰਤ ਸਿਹੁੰ ਨਾਲ ਹੋਈ ਮੀਟਿੰਗ ਸੀ। ਲੋਕ ਸਭਾ ਦੀਆਂ ਚੋਣਾਂ ਦੌਰਾਨ ਫ਼ਰਵਰੀ 1998 ਵਿੱਚ ਟੌਹੜੇ ਨੇ ਅਕਾਲ ਤਖ਼ਤ ਸਾਹਿਬ ਦੇ ਹੁਕਮਨਾਮੇਂ ਨੂੰ ਲਤਾੜਕੇ, ਨਿਰੰਕਾਰੀ ਭਵਨ ਵਿੱਚ ਜਾ ਕੇ, ਉਹਨਾਂ ਤੋਂ ਨਾ ਕੇਵਲ ਵੋਟਾਂ ਹੀ ਮੰਗੀਆਂ, ਸਗੋਂ ਉਹਨਾਂ ਤੋਂ ਸਿਰੋਪਾ ਵੀ ਲਿਆ ਅਤੇ ਸਫ਼ੈਦ ਝੂਠ ਬੋਲਕੇ ਮੁਕਰ ਵੀ ਗਿਆ। ਹੈਰਾਨਗੀ ਹੁੰਦੀ ਹੈ ਕਿ ਅਜਿਹੇ ਕੌਮ ਘਾਤਕ ਅਤੇ ਗ਼ਦਾਰ ਨੂੰ ਕੌਮ ਨੇ ਆਪਣੀ ਸ਼੍ਰੋਮਣੀ ਗੁ.ਪ੍ਰਬੰਧਕ ਕਮੇਟੀ ਦਾ ਪ੍ਰਧਾਨ ਕਿਵੇਂ ਬਣਾਇਆ ਹੋਇਆ ਹੈ? ਸਿੱਖ ਦੁਸ਼ਮਣ ਭਾਜਪਾ ਦੇ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਦੀ ਅੰਮ੍ਰਿਤਸਰ ਫੇਰੀ ਦੌਰਾਨ ਮੱਕਾਰ ਟੌਹੜਾ ਉਸ ਦੀ ਜੁੱਤੀ ਚੱਟਣ ਲਈ ਦੁਰਗਿਆਨੇ ਮੰਦਰ ਗਿਆ ਅਤੇ ਆਪਣੇ ਗੁਰੂ ਦੇ ਹੁਕਮ ਨੂੰ ਲਤਾੜ ਕੇ ਉਥੇ ਜਾਕੇ ਬਾਕਾਇਦਾ ਟੱਲ ਖੜਕਾਏ, ਆਰਤੀਆਂ ਉਤਾਰੀਆਂ ਅਤੇ ਪੂਜਾ ਕਰਨ ਦੇ ਖੇਖਣ ਕਰਕੇ ਵਿਖਾਏ। ਜਿਸ ਕੌਮ ਦੇ ਅਜਿਹੇ ਨੀਚ, ਕੌਲੀਚੱਟ, ਮੌਕਾਪ੍ਰਸਤ, ਸੁਆਰਥੀ ਅਤੇ ਦਗ਼ਾਬਾਜ਼ ਲੀਡਰ ਹੋਣ, ਉਸ ਕੌਮ ਨੇ ਗ਼ੁਲਾਮ ਨਹੀਂ ਹੋਣਾ, ਤਾਂ ਕੀ ਹੋਣਾ ਹੈ?

ਜੇ ਟੌਹੜੇ ਦੀ ਸਰਕਾਰ ਨਾਲ ਮਿਲੀਭੁਗਤ ਨਾ ਹੁੰਦੀ, ਤਾਂ ਸੰਤ ਜਰਨੈਲ ਸਿੰਘ ਜੀ ਅਤੇ ਹੋਰਨਾਂ ਹਜ਼ਾਰਾਂ ਸਿੰਘਾਂ ਵਾਂਗ ਇਸ ਨੂੰ ਵੀ ਸਭ ਤੋਂ ਪਹਿਲਾਂ ਗੋਲੀ ਨਾਲ ਭੁੰਨਿਆ ਗਿਆ ਹੁੰਦਾ, ਸਗੋਂ ਇਹਨੂੰ ਤੇ ਹੋਰਨਾਂ ਗ਼ਦਾਰਾਂ ਨੂੰ ਤਾਂ ਫ਼ੌਜ ਲੱਭਦੀ ਰਹੀ ਅਤੇ ਲੱਭਕੇ ਇਹਨਾਂ ਜੁਤੀਚੱਟਾਂ ਨੂੰ ਰੈਸਟ-ਹਾਊਸਾਂ ਵਿੱਚ ਮਹਿਫ਼ੂਜ਼ ਪਹੁੰਚਾਇਆ ਗਿਆ। ਇਸ ਤਰ੍ਹਾਂ ਇਹਨਾਂ ਕਾਇਰ ਡੋਗਰਿਆਂ ਨੇ ਸਿੱਖਾਂ ਦੀਆਂ ਸ਼ਾਨਦਾਰ ਪਿਛਲੀਆਂ ਤੇ ਵਰਤਮਾਨ ਰਵਾਇਤਾਂ ਨੂੰ ਕਲੰਕਿਤ ਕੀਤਾ। ਕੀ ਅਜਿਹੇ ਗੀਦੀ ਸਿੱਖ ਕੌਮ ਦੇ ਲੀਡਰ ਬਣਨ ਯੋਗ ਹਨ? ਇਹਨਾਂ ਵਿੱਚ ਕਿਹੜੀ ਲੀਡਰਾਂ ਵਾਲੀ ਖ਼ਾਸੀਅਤ ਹੈ?

ਬਰਨਾਲਾ ਇਹਨਾਂ ਸਭਨਾਂ ਨੂੰ ਪਿੱਛੇ ਛਡ ਗਿਆ। ਮੁੱਖ ਮੰਤਰੀ ਬਣਕੇ ਅਹਿਮਦ ਸ਼ਾਹ ਅਬਦਾਲੀ ਤੇ ਇੰਦਰਾ ਗਾਂਧੀ ਵਾਂਗ ਇਸ ਗ਼ਦਾਰ ਨੇ ਦਰਬਾਰ ਸਾਹਿਬ ਅੰਦਰ ਦਰਜਨ ਤੋਂ ਵੱਧ ਵਾਰੀ ਆਪਣੇ ਹੀ ਗੁਰੂ 'ਤੇ ਪੁਲਸ ਤੇ ਫ਼ੌਜਾਂ ਜਾ ਚਾੜ੍ਹੀਆਂ, ਇਸ ਬੇ-ਜ਼ਮੀਰੇ ਨੇ ਗੁਰੂ ਦੇ ਦਰਬਾਰ ਵਿੱਚ ਗੁਰੂ ਦੇ ਸਿੰਘਾਂ ਦਾ ਹੀ ਘਾਣ ਕਰ ਵਿਖਾਇਆ, ਸਿੱਖਾਂ ਦੇ ਕੇਸ ਗੱਡੀਆਂ ਨਾਲ ਬੰਨ੍ਹ ਕੇ ਧੂਹ-ਧੂਹ ਕੇ, ਤੜਪਾ-ਤੜਪਾ ਕੇ ਸ਼ਹੀਦ ਕਰਨ ਦੀ ਇਸ ਨਵੀਂ ਪਿਰਤ ਪਾਈ। ਇਸ ਦੇ ਦਹਿਸ਼ਤਗਰਦ ਪੁੱਤਰ ਗਗਨਦੀਪ ਨੇ ਆਪ ਸਿੰਘਾਂ ਨੂੰ ਗੋਲੀਆਂ ਨਾਲ ਭੁੰਨਿਆ।

ਨਕੋਦਰ ਕਾਂਡ ਕਿਸ ਨੂੰ ਭੁੱਲਾ ਹੈ? ਜਿਸ ਵਿੱਚ ਚਾਰ ਸਿੰਘਾਂ ਨੂੰ ਗੋਲੀਆਂ ਨਾਲ ਭੁੰਨਿਆ ਗਿਆ ਸੀ। ਬਾਬਾ ਜੋਗਿੰਦਰ ਸਿੰਘ ਦੀ ਅਗਵਾਈ ਵਿੱਚ ਅਸੈਂਬਲੀ ਦਾ ਘਿਰਾਓ ਕਰਦੇ ਸਿੰਘਾਂ ਉਤੇ ਗੋਲੀਆਂ ਚਲਾਉਣ ਵਾਲੀ ਬਰਨਾਲਾ ਸਰਕਾਰ ਹੀ ਸੀ। ਜਿਤਨੀ ਦੇਰ ਤਕ ਇਹ ਕਾਂਗਰਸੀ ਹਾਕਮਾਂ ਦੇ ਇਸ਼ਾਰਿਆਂ 'ਤੇ ਨੱਚ ਕੇ ਸਿੱਖਾਂ ਦਾ ਘਾਣ ਕਰਦਾ ਰਿਹਾ, ਉਤਨੀ ਦੇਰ ਤਕ ਇਸ ਦੀ ਸਰਕਾਰ ਕਾਂਗਰਸ ਦੀ ਹਿਮਾਇਤ ਨਾਲ ਚੱਲਦੀ ਰਹੀ। ਸਤਲੁਜ-ਯਮੁਨਾ ਨਹਿਰ ਖੁਦਵਾਉਣ ਦੇ ਇਵਜ਼ਾਨੇ ਬਦਲੇ ਤਾਮਿਨਾਡੂ ਦੀ ਗਵਰਨਰੀ ਪ੍ਰਾਪਤ ਕਰਕੇ, ਪੰਜਾਬ ਤੇ ਸਿੱਖ ਕੌਮ ਨਾਲ ਗ਼ਦਾਰੀ ਕਰਨ ਵਾਲਾ ਬਰਨਾਲਾ ਅੱਜ ਫਿਰ ਮੂੰਹ-ਧੋਤਾ ਸਿੱਖ ਸਿਆਸਤ ਵਿੱਚ ਸਰਗਰਮ ਹੈ। ਇਹ ਵੀ ਖ਼ਬਰ ਛਪੀ ਹੈ ਕਿ ਨਹਿਰ ਖੁਦਵਾਉਣ ਦੀ ਸਹਿਮਤੀ ਬਦਲੇ ਇੱਕ ਕਰੋੜ ਦੀ ਜਾਇਦਾਦ ਬਾਦਲ ਨੂੰ ਅਤੇ ਨਹਿਰ ਨੂੰ ਖੁਦਵਾਉਣ ਬਦਲੇ ਇਤਨੀ ਹੀ ਵੱਡੀ ਰਕਮ ਬਰਨਾਲੇ ਨੂੰ ਦਿੱਤੀ ਗਈ ਸੀ।

ਅਜਿਹੇ ਖੁਦਗਰਜ਼ ਤੇ ਰਿਸ਼ਵਤਖ਼ੋਰ ਅੱਜ ਫਿਰ ਸਿੱਖ ਕੌਮ ਦੇ ਲੀਡਰ ਬਣੇ ਬੈਠੇ ਹਨ। ਇਹਨਾਂ ਬੇ-ਸ਼ਰਮਾਂ ਦੀ ਸਿੱਖ ਕੌਮ ਨਾਲ ਹਮਦਰਦੀ ਵੇਖਣ ਵਾਲੀ ਹੈ। ਹਜ਼ਾਰਾਂ ਨਿਰਦੋਸ਼ ਸਿੰਘਾਂ ਦੇ ਕਾਤਲ ਜ਼ਕਰੀਏ ਬੇਅੰਤ ਸਿੰਹੁ ਦੀ ਮੌਤ ਦਾ ਬਾਦਲ ਤੇ ਬਰਨਾਲੇ ਨੂੰ ਦੁਖ ਲੱਗਾ ਅਤੇ ਉਸ ਦੇ ਭੋਗ ਵਿੱਚ ਜਾ ਸ਼ਾਮਲ ਹੋਏ, ਪਰੰਤੂ ਕੌਮ ਖ਼ਾਤਰ ਜਾਨਾਂ ਵਾਰ ਰਹੇ ਜਾਨ-ਵਾਰੂ ਜੁਝਾਰੂਆਂ ਦੇ ਭੋਗਾਂ ਵਿੱਚ ਇਹ ਕਦੀ ਨਹੀਂ ਪਹੁੰਚੇ। ਕਾਮਰੇਡ ਟੌਹੜੇ ਨੇ ਵੀ ਬੇਅੰਤ ਸਿੰਹੁ ਦੀ ਟੈਲੀਫ਼ੂਨ 'ਤੇ ਹਮਦਰਦੀ ਜ਼ਰੂਰ ਕੀਤੀ ਹੋਣੀ ਹੈ। ਜੇ ਇਹ ਸਿੱਖ ਕੌਮ ਦੇ ਲੀਡਰ ਹੁੰਦੇ, ਤਾਂ ਹੀ ਇਹਨਾਂ ਨੂੰ ਜੁਝਾਰੂਆਂ ਦੀ ਸ਼ਹੀਦੀ ਦਾ ਦੁਖ ਹੋਣਾ ਸੀ। ਦੋ ਦਹਾਕਿਆਂ ਤੋਂ ਟੌਹੜਾ ਕੌਮ ਦੇ ਕਰੋੜਾਂ ਰੁਪਏ ਖੁਰਦ-ਬੁਰਦ ਕਰ ਰਿਹਾ ਹੈ। ਸ਼ਹੀਦਾਂ ਦੇ ਪਰਿਵਾਰ ਰੁਲ ਰਹੇ ਹਨ। ਸਿੰਘ ਜੇਲ੍ਹਾਂ ਵਿੱਚ ਸੜ ਰਹੇ ਹਨ, ਉਹਨਾਂ ਦੇ ਕੋਰਟ ਕੇਸਾਂ ਦੀ ਪੈਰਵੀ ਕਰਨ ਜਾਂ ਉਹਨਾਂ ਦੀ ਸਹਾਇਤਾ ਕਰਨ ਲਈ ਇਹਨੂੰ ਤਾਰਾਂ ਵੀ ਭੇਜੀਆਂ ਗਈਆਂ, ਪਰ ਕਿਸ ਕਰਨੀ ਸੀ ਸਹਾਇਤਾ?

ਸਿੱਖ ਕੌਮ ਦੀ ਇਸ ਤੋਂ ਵੱਧ ਹੋਰ ਕੀ ਬਦਕਿਸਮਤੀ ਹੋ ਸਕਦੀ ਹੈ ਕਿ ਜਿਨ੍ਹਾਂ ਸਿੱਖ ਕੌਮ ਦੀਆਂ ਹੁਣ ਤਕ ਬੇੜੀਆਂ ਰੋੜ੍ਹੀਆਂ ਨੇ, ਅਕਾਲ ਤਖ਼ਤ ਸਾਹਿਬ ਢੁਹਾਇਆ, ਢਾਈ ਲੱਖ ਤੋਂ ਵੱਧ ਸਿੰਘਾਂ ਸਿੰਘਣੀਆਂ ਨੂੰ ਸ਼ਹੀਦ ਕਰਾਇਆ ਅਤੇ ਕੌਮ ਦੀ ਹੇਠੀ ਕਰਾਈ, ਉਹੀ ਬੇ-ਜ਼ਮੀਰੇ ਡੋਗਰੇ ਸਿੱਖ ਕੌਮ ਦੀ ਬੇੜੀ ਦੇ ਮਲਾਹ ਬਣੀ ਬੈਠੇ ਹਨ। ਬਾਦਲ ਨੇ ਸਿੱਖ ਦੁਸ਼ਮਣ ਭਾਜਪਾ ਨਾਲ ਗੱਠਜੋੜ ਕਰਕੇ ਉਸ ਨੂੰ ਹੋਰ

ਮਜ਼ਬੂਤ ਕੀਤਾ ਹੈ। ਟੌਹੜੇ ਮਸੰਦ ਦੇ ਹੱਥ ਵੀ ਮਜ਼ਬੂਤ ਹੋਏ ਹਨ ਅਤੇ ਇੰਦਰਾ ਵਾਂਗ ਗੁਰੂ 'ਤੇ ਫ਼ੌਜਾਂ ਚਾੜ੍ਹਨ ਵਾਲਾ ਬਰਨਾਲਾ ਵੀ ਮੁੜ ਸਿੱਖ ਦੁਸ਼ਮਣ ਭਾਜਪਾ ਦੀ ਕੇਂਦਰੀ ਸਰਕਾਰ ਵਿੱਚ ਵਜ਼ੀਰ ਬਣ ਚੁੱਕਾ ਹੈ। ਬਾਦਲ ਮੁਖ ਮੰਤਰੀ ਦੀ ਅੱਠਤਰ ਦੀ ਖ਼ੂਨੀ ਵਿਸਾਖੀ ਸਿੱਖ ਕੌਮ ਨੂੰ ਹਾਲੀ ਤੀਕ ਨਹੀਂ ਭੁੱਲੀ।

ਬਾਦਲ ਹੱਥੋਂ ਬ੍ਰਾਹਮਣਵਾਦ ਨੇ ਸਿੱਖ ਨਸਲਕੁਸ਼ੀ ਦਾ ਦੌਰ ਅਰੰਭਿਆ ਸੀ। ਬਾਦਲ ਦੇ ਰਾਜ ਵਿੱਚ ਹੀ ਨਕਸਲਵਾੜੀਆਂ ਦੇ ਬਹਾਨੇ ਸਿੱਖ ਜਵਾਨਾਂ ਨੂੰ ਚੁਣ-ਚੁਣ ਕੇ ਮਰਵਾਇਆ ਗਿਆ ਸੀ ਅਤੇ ਇਸ ਦੇ ਰਾਜ ਵਿੱਚ ਹੀ ਅਤੇ ਇਸ ਦੀ ਮਿਲੀਭੁਗਤ ਨਾਲ ਹੀ ਨਿਰੰਕਾਰੀਆਂ ਹੱਥੋਂ 13 ਸਿੰਘਾਂ ਨੂੰ ਸ਼ਹੀਦ ਕੀਤਾ ਗਿਆ ਸੀ। ਹਾਲਾਤ ਹੁਣ ਉਸ ਨਾਲੋਂ ਵੀ ਜ਼ਿਆਦਾ ਖ਼ਤਰਨਾਕ ਨਜ਼ਰ ਆ ਰਹੇ ਹਨ। ਬ੍ਰਾਹਮਣਵਾਦ ਦੇ ਸਿੱਖ ਨਸਲ ਕੁਸ਼ੀ ਦੇ ਪਲਾਨ ਨੂੰ ਸਿਰੇ ਚਾੜ੍ਹਨ ਲਈ ਕੁਨਬਾ-ਪਰਵਰ ਬਾਦਲ ਹੁਣ ਪੂਰਾ ਜਨ ਸੰਘੀ ਬਣ ਚੁੱਕਾ ਹੈ। ਆਰ.ਐਸ.ਐਸ. ਫ਼ਿਰਕੀ ਦੇ ਜਸ਼ਨਾਂ ਨੂੰ ਇਹ ਸੰਬੋਧਨ ਕਰਦਾ ਹੈ। ਇਸ ਫ਼ਿਰਕੀ ਪਾਰਟੀ ਨੂੰ ਸਿੱਖਾਂ ਅੰਦਰ ਵਾੜ ਕੇ ਸਿੱਖਾਂ ਨੂੰ ਹਿੰਦੂ ਬਨਾਉਣ ਦੇ ਬ੍ਰਾਹਮਣਵਾਦੀ ਏਜੰਡੇ ਨੂੰ ਸਿਰੇ ਚਾੜ੍ਹ ਰਿਹਾ ਹੈ। ਇਸ ਫ਼ਿਰਕੀ ਜਮਾਤ ਵਲੋਂ ਸਿੱਖਾਂ ਨੂੰ ਹਿੰਦੂ ਸ਼ਾਸਤਰ ਪੜ੍ਹਾਉਣ ਲਈ ਸਿੱਖ ਸੰਗਤ ਬਣਾਈ ਗਈ ਹੈ ਅਤੇ ਜਿਸ ਵਿੱਚ ਸਿੱਖਾਂ ਨੂੰ ਗਾਇਤਰੀ ਦੇ ਮੰਤਰ ਪੜ੍ਹਾਏ ਜਾਂਦੇ ਹਨ। ਉਹਨਾਂ ਦੇ ਪ੍ਰੋਗਰਾਮਾਂ ਵਿੱਚ ਬਾਦਲ ਜਾ ਕੇ ਭਾਸ਼ਨ ਦੇਂਦਾ ਹੈ ਅਤੇ ਉਹਨਾਂ ਨੂੰ ਹਰ ਕਿਸਮ ਦੀ ਸਹਾਇਤਾ ਦੇਂਦਾ ਹੈ।

ਬਾਦਲ ਆਪ ਵੀ ਜਨ ਸੰਘੀ ਬਣ ਚੁੱਕਾ ਹੈ। ਇਹ ਆਰ.ਐਸ.ਐਸ.ਦੀਆਂ ਸ਼ਾਖ਼ਾਂਵਾਂ ਨੂੰ ਸੰਬੋਧਨ ਕਰਦਾ ਹੈ। ਇਥੋਂ ਤਕ ਪਿਛੇ ਜਿਹੇ ਅਮਰੀਕਾ ਵਿੱਚ ਸਿੱਖ ਸੰਗਤ ਆਫ਼ ਅਮਰੀਕਾ ਕਾਇਮ ਹੋਣ 'ਤੇ ਇਸ ਕੌਮ ਦੇ ਕਾਤਲਾਂ ਨੂੰ ਸ਼ੁਭ-ਕਾਮਨਾ ਸੰਦੇਸ਼ ਭੇਜਿਆ। ਪੰਜਾਬ ਦੇ ਪ੍ਰਮੁੱਖ ਸ਼ਹਿਰਾਂ ਤੇ ਕਸਬਿਆਂ ਦੇ ਸਰਕਾਰੀ ਸਕੂਲਾਂ-ਕਾਲਜਾਂ ਦੇ ਸਾਰੇ ਗਰਾਊਂਡ ਖ਼ਾਕੀ ਨਿਕਰਧਾਰੀਆਂ ਦੇ ਕਬਜ਼ੇ ਵਿੱਚ ਚੱਲੇ ਗਏ ਹਨ, ਜਿਥੇ ਆਰ.ਐਸ.ਐਸ.ਦੀਆਂ ਨਾਜ਼ੀ ਸ਼ਾਖ਼ਾਵਾਂ ਨੂੰ ਸਵੇਰੇ-ਸ਼ਾਮ ਵਰਜ਼ਿਸ਼ ਦੇ ਨਾਂ ਥੱਲੇ ਹਥਿਆਰਾਂ ਦੀ ਟਰੇਨਿੰਗ ਦੇਕੇ ਉਹਨਾਂ ਨੂੰ ਹਥਿਆਰਬੰਦ ਕੀਤਾ ਜਾ ਰਿਹਾ ਹੈ। ਨਵੰਬਰ ਚੁਰਾਸੀ ਵਿੱਚ ਤਾਂ ਕਾਂਗਰਸ ਵਲੋਂ ਅਚਨਚੇਤ ਹਮਲੇ ਕਰਕੇ ਲੋਹੇ ਦੀਆਂ ਸੀਖਾਂ ਆਦਿਕ ਨਾਲ ਸਿੱਖਾਂ ਨੂੰ ਮਾਰਿਆ ਗਿਆ ਸੀ, ਪਰ ਹੁਣ ਤਾਂ ਨਾਜ਼ੀ ਆਰ.ਐਸ.ਐਸ. ਦੋ ਲੱਖ ਤੋਂ ਵੱਧ ਵਰਕਰਾਂ ਨੂੰ ਉਸ ਕੰਮ ਲਈ ਬਾਕਾਇਦਾ ਹਥਿਆਰਾਂ ਦੀ ਟਰੇਨਿੰਗ ਦੇ ਰਿਹਾ ਹੈ ਅਤੇ ਉਹ ਵੀ

ਬਾਦਲ ਦੀ ਸ਼ਹਿ ਨਾਲ ਸਰਕਾਰੀ ਸਕੂਲ ਵਰਤੇ ਜਾ ਰਹੇ ਹਨ।

ਜਿਸ ਤਰ੍ਹਾਂ ਰਣਜੀਤ ਸਿੰਘ ਨੇ ਡੋਗਰਿਆਂ 'ਤੇ ਵਿਸ਼ਵਾਸ ਕਰਕੇ ਰਾਜ-ਕਾਜ ਦਾ ਕੰਮ ਉਹਨਾਂ ਦੇ ਹਵਾਲੇ ਕੀਤੀ ਰੱਖਿਆ ਸੀ, ਉਵੇਂ ਹੀ ਅਮਰੀਕਾ ਇਲਾਜ ਕਰਾਉਣ ਗਿਆ ਬਾਦਲ ਵੀ ਰਾਜ-ਕਾਜ ਦੀ ਜ਼ਿਮੇਵਾਰੀ ਜਨ ਸੰਘੀ ਬਲਰਾਜ ਦਾਸ ਟੰਡਨ ਦੇ ਹਵਾਲੇ ਕਰ ਗਿਆ ਸੀ। ਇਹ ਉਹੀ ਜਨ ਸੰਘੀ ਹੈ, ਜਿਸ ਦਰਬਾਰ ਸਾਹਿਬ 'ਤੇ ਕੀਤੇ ਗਏ ਵਹਿਸ਼ੀਆਨਾ ਹਮਲੇ ਨੂੰ 'ਦੇਰ ਨਾਲ ਚੁੱਕਿਆ ਗਿਆ ਸਹੀ ਕਦਮ' ਆਖਿਆ ਸੀ। ਉਹ ਜਨ ਸੰਘੀ ਹੀ ਬਾਦਲ ਦਾ ਵਿਸ਼ਵਾਸ ਪਾਤਰ ਹੈ। ਹਾਲਾਤ ਬਹੁਤ ਖ਼ਤਰਨਾਕ ਸ਼ਕਲ ਅਖ਼ਤਿਆਰ ਕਰ ਰਹੇ ਹਨ। ਬਾਦਲ ਦੀ ਵਜ਼ਾਰਤ ਬਣਦਿਆਂ ਹੀ ਸਿੱਖ ਨਸਲਕੁਸ਼ੀ ਦੇ ਏਜੰਡੇ ਦੀ ਰਫ਼ਤਾਰ ਮੁੜ ਤੇਜ਼ ਹੋ ਜਾਂਦੀ ਹੈ। ਨਰਕਧਾਰੀ ਤੇ ਰਾਧਾ ਸੁਆਮੀ ਮੁੜ ਸਰਗਰਮ ਹੋ ਜਾਂਦੇ ਹਨ ਕਿਉਂਕਿ ਪੰਜਾਬ ਦੇ ਸੂਬੇਦਾਰ ਨੂੰ ਕੇਂਦਰ ਵਲੋਂ ਵਜ਼ਾਰਤ ਤਦ ਤਕ ਹੀ ਕਾਇਮ ਰਹਿਣ ਦਿੱਤੀ ਜਾਏਗੀ, ਜਦ ਤਕ ਉਹ ਸਿੱਖੀ ਨੂੰ ਤੋੜਨ-ਮਰੋੜਨ ਵਾਲਿਆਂ ਦੀ ਸਹਾਇਤਾ ਕਰਦਾ ਰਹੇਗਾ। ਪੰਜਾਬ ਦੇ ਹਰ ਸੂਬੇਦਾਰ ਲਈ ਇਹ ਖ਼ਾਸ ਹਦਾਇਤਾਂ ਹਨ। ਕੇਂਦਰ ਵਿੱਚ ਭਾਵੇਂ ਕਿਸੇ ਵੀ ਪਾਰਟੀ ਦੀ ਸਰਕਾਰ ਕਿਉਂ ਨਾ ਹੋਵੇ। ਪੰਜਾਬ ਦਾ ਰਾਜ ਅਸਲ ਵਿੱਚ ਬਾਦਲ ਨਹੀਂ ਚਲਾ ਰਿਹਾ। ਇਥੋਂ ਦਾ ਗਵਰਨਰ ਦਿੱਲੀ ਤੋਂ ਸਿੱਖ ਨਸਲਕੁਸ਼ੀ ਦਾ ਹਰ ਅੱਗਲਾ ਪਲਾਨ ਲੈਕੇ ਪੁਲਸ ਦੀ ਮਦਦ ਨਾਲ ਸਾਰਾ ਰਾਜ-ਕਾਜ ਦਾ ਕੰਮ ਚਲਾਉਂਦਾ ਹੈ। ਪੰਜਾਬ ਵਿੱਚ ਸਿੱਖ ਨਸਲਕੁਸ਼ੀ ਕਰਨ ਵਾਲਾ ਹੀ ਸਾਰਾ ਰਾਜ-ਕਾਜ ਦਾ ਢਾਂਚਾ ਸਥਾਪਤ ਕੀਤਾ ਜਾ ਚੁੱਕਾ ਹੈ। ਰੱਬ ਹੀ ਰਾਖਾ ਕੌਮ ਦਾ।

ਅੰਤ ਵਿੱਚ ਖ਼ਾਲਸਈ ਰਵਾਇਤ ਮੁਤਾਬਕ ਆਪਣੇ ਗੁਰੂ ਦੀ ਨਿੰਦਿਆ ਨਾ ਬਰਦਾਸ਼ਤ ਕਰਦਿਆਂ, ਗੋਲੀਆਂ ਖਾ ਕੇ ਸ਼ਹਾਦਤਾਂ ਦੇਂਦਿਆਂ, ਜਿਹੜੇ ਮਹਾਨ ਸ਼ਹੀਦ ਆਪਣੀਆਂ ਵੱਡ-ਮੁੱਲੀਆਂ ਜਿੰਦੜੀਆਂ ਵਾਰ ਗਏ, ਉਹ ਕੌਮ ਦੇ ਹੇਠ ਲਿਖੇ ਮਹਾਨ ਸ਼ਹੀਦ ਸਨ –

1) ਜਥੇਦਾਰ ਭਾ.ਫ਼ੌਜਾ ਸਿੰਘ ਜੀ, 2) ਭਾ.ਅਮਰੀਕ ਸਿੰਘ ਜੀ, 3) ਭਾ.ਹਰੀ ਸਿੰਘ ਜੀ, 4) ਭਾ.ਕੇਵਲ ਸਿੰਘ ਜੀ, 5) ਭਾ.ਰਣਬੀਰ ਸਿੰਘ ਜੀ, 6) ਭਾ.ਦਰਸ਼ਨ ਸਿੰਘ ਜੀ, 7) ਭਾ.ਰਘਬੀਰ ਸਿੰਘ ਜੀ, 8) ਭਾ.ਹਰਭਜਨ ਸਿੰਘ ਜੀ, 9) ਭਾ.ਪਿਆਰਾ ਸਿੰਘ ਜੀ, 10) ਭਾ.ਧਰਮਬੀਰ ਸਿੰਘ ਜੀ, 11) ਭਾ.ਅਵਤਾਰ ਸਿੰਘ ਜੀ, 12) ਭਾ.ਗੁਰਚਰਨ ਸਿੰਘ ਜੀ, 13) ਭਾ.ਗੁਰਦਿਆਲ ਸਿੰਘ ਜੀ।

ਭਾਗ 5

ਸਿੱਖ ਨਸਲਕੁਸ਼ੀ ਦਾ ਦੂਜਾ ਖ਼ੂਨੀ ਦੌਰ

ਸਾਕਾ ਨੀਲਾ ਤਾਰਾ

"ਅਸੀਂ ਆਤਮ ਸਮਰਪਣ ਕਦੀ ਨਹੀਂ ਕਰਾਂਗੇ ਅਤੇ ਆਖ਼ਰੀ ਦਮ ਤਕ ਲੜਾਂਗੇ। ਦੁਨੀਆ ਦੀ ਕੋਈ ਤਾਕਤ ਸਾਡੀ ਗਰਦਨ ਨਹੀਂ ਝੁਕਾ ਸਕਦੀ।"

(ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦੇ ਵਹਿਸ਼ੀਆਨਾ ਹਮਲੇ ਦੌਰਾਨ ਵਾਕੀ ਟਾਕੀ 'ਤੇ ਪੱਤਰਕਾਰ ਬ੍ਰਹਮ ਚੇਲਾਨੀ ਨੂੰ ਕਹੇ ਆਖ਼ਰੀ ਬਚਨ, ਜਿਹੜੇ ਉਹਨਾਂ ਪੂਰੇ ਕਰ ਵਿਖਾਏ।)

ਅਕਾਲੀ ਲੀਡਰਾਂ ਤੇ ਸੰਤ ਭਿੰਡਰਾਂਵਾਲਿਆਂ ਦਾ ਰੋਲ

ਅਕਾਲੀ ਲੀਡਰਾਂ ਦੇ ਸੁਆਰਥੀ ਟੋਲੇ ਦਾ ਨਿਸ਼ਾਨਾ ਜਥੇਦਾਰੀਆਂ, ਚੌਧਰਾਂ ਅਤੇ ਵਜ਼ਾਰਤਾਂ ਹੀ ਰਿਹਾ ਹੈ, ਤਾਂ ਜੋ ਇਹਨਾਂ ਦੀ ਲੀਡਰੀ ਚਮਕਦੀ ਰਹੇ, ਫ਼ੈਕਟਰੀਆਂ, ਕੁਰਸੀਆਂ ਅਤੇ ਜਾਇਦਾਦਾਂ ਕਾਇਮ ਦਾਇਮ ਰਹਿਣ ਅਤੇ ਇਹਨਾਂ ਦੀ ਪੁੱਛ-ਦੱਸ ਬਣੀ ਰਹੇ। ਅਕਾਲ ਤਖ਼ਤ ਸਾਹਿਬ ਢਹਿ ਢੇਰੀ ਹੋਵੇ ਜਾਂ ਗੁਰਧਾਮਾਂ 'ਤੇ ਆਰ.ਐਸ.ਐਸ. ਦਾ ਕਬਜ਼ਾ ਹੋਵੇ। ਗੁਰਧਾਮਾਂ ਅੰਦਰ ਕੋਈ ਮੂਰਤੀਆਂ ਟਿਕਾਏ ਜਾਂ ਬੀੜੀਆਂ ਪੀਣ ਵਾਲਿਆਂ ਨੂੰ ਤਨਖ਼ਾਹਾਂ ਦੇਕੇ ਕੋਈ ਦਰਬਾਰ ਸਾਹਿਬ ਦਾ ਲੰਗਰ ਪਿਆ ਤਿਆਰ ਕਰਵਾਏ। ਸਿੱਖ ਜਵਾਨੀ ਦਾ ਘਾਣ ਹੋਵੇ, ਜਾਂ ਸਿੱਖ ਬੀਬੀਆਂ ਦੀ ਬੇਪਤੀ ਹੋਵੇ, ਹਜ਼ਾਰਾਂ ਸਿੱਖ ਜੇਲ੍ਹਾਂ ਵਿੱਚ ਤਸੀਹੇ ਸਹਿਣ ਜਾਂ ਸਿੱਖਾਂ ਚੀਆਂ ਤਲਾਸ਼ੀਆਂ ਲੈ ਕੇ ਉਹਨਾਂ ਨੂੰ ਜ਼ਲੀਲ ਕੀਤਾ ਜਾਵੇ, ਅਕਾਲੀ ਲੀਡਰਾਂ ਦਾ ਇਸ ਸਭ ਕਾਸੇ ਨਾਲ ਕੋਈ ਮਤਲਬ ਨਹੀਂ, ਇਹਨਾਂ ਨੂੰ ਤਾਂ ਕੇਵਲ ਆਪਣੀਆਂ ਕੁਰਸੀਆਂ ਨਾਲ ਹੀ ਮਤਲਬ ਹੈ। ਕੁਰਸੀ ਹੱਥਿਆਉਣ ਦੇ ਦਾਅ-ਪੇਚਾਂ ਵਿੱਚ ਇਹ ਨਿਪੁੰਨ ਹਨ।

ਬਾਦਲ, ਬਰਨਾਲਾ, ਟੌਹੜਾ, ਲੌਂਗੋਵਾਲ ਅਤੇ ਤਲਵੰਡੀ ਆਦਿਕ ਇਕੋ ਥੈਲੀ ਦੇ ਚੱਟੇ ਵੱਟੇ ਹਨ ਅਤੇ ਹਮੇਸ਼ਾ ਸਿੱਖ ਕੌਮ ਦੇ ਜਾਨੀ ਦੁਸ਼ਮਣ ਬਣੇ ਰਹੇ। ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੂੰ ਸ਼ਹੀਦ ਕਰਵਾ ਕੇ ਵਜ਼ਾਰਤਾਂ ਬਣਾਉਣ ਦਾ ਰਾਹ ਪਧਰਾ ਕਰਨ ਲਈ ਇਹਨਾਂ ਹੀ ਦਰਬਾਰ ਸਾਹਿਬ 'ਤੇ ਹਮਲਾ ਕਰਨ ਦਾ ਸੱਦਾ ਦਿੱਤਾ ਸੀ।

ਹਰਿਮੰਦਰ ਸਾਹਿਬ 'ਤੇ ਹਮਲਾ ਕਰਵਾਉਣ ਵਾਲਾ ਇਹ ਗ਼ਦਾਰ ਟੋਲਾ ਹੀ ਹੈ। ਹਾਕਮ ਜਮਾਤ ਨਾਲ ਇਹਨਾਂ ਦੀ ਹੋਈ ਚਿੱਠੀ ਪੱਤਰ ਵਿੱਚੋਂ ਕੁਝ ਚਿੱਠੀਆਂ ਕਿਤਾਬਾਂ-ਅਖਬਾਰਾਂ ਵਿੱਚ ਛਪ ਚੁੱਕੀਆਂ ਹਨ। ਲੌਂਗੋਵਾਲ ਨੇ ਆਰ.ਕੇ.ਧਵਨ ਨੂੰ ਚਿਤਾਵਨੀ ਦਿੱਤੀ ਸੀ ਕਿ 'ਸਾਕਾ ਨੀਲਾ ਤਾਰਾ ਦੇ ਹਮਲੇ ਦੀ ਕਾਰਵਾਈ ਬਾਦਲ ਨਾਲ ਹੋਈ ਗੱਲਬਾਤ ਅਨੁਸਾਰ ਕੀਤੀ ਜਾਵੇ।' ਟੌਹੜਾ ਵੀ ਦਰਬਾਰ ਸਾਹਿਬ ਦੇ ਹਮਲੇ ਤੋਂ ਪਹਿਲਾਂ ਪੰਜਾਬ ਦੇ ਗਵਰਨਰ ਨਾਲ ਮੁਲਾਕਾਤ ਕਰਕੇ ਹਰੀ ਝੰਡੀ ਦੇਕੇ ਆਇਆ ਸੀ।

ਬਲਵੰਤ ਸਿੰਘ ਨੇ ਇੰਦਰਾ ਗਾਂਧੀ ਨੂੰ ਹਰਿਮੰਦਰ ਸਾਹਿਬ ਦੇ ਹਮਲੇ ਨੂੰ ਠੀਕ ਕਰਾਰ ਦੇਣ ਦੀ ਚਿੱਠੀ ਲਿਖੀ ਸੀ। ਗੁਰਚਰਨ ਸਿੰਘ ਟੌਹੜੇ ਨੇ ਮਿਸਟਰ ਆਰ.ਐਨ.ਰਾਓ ਨੂੰ ਚਿੱਠੀ ਲਿਖੀ ਸੀ ਕਿ ਵਿਦੇਸ਼ਾਂ ਵਿੱਚ ਕੰਮ ਕਰ ਰਿਹਾ ਡਾ.ਜਗਜੀਤ ਸਿੰਘ ਚੌਹਾਨ ਉਸ ਨਾਲ ਕੰਮ ਕਰਨ ਲਈ ਤਿਆਰ ਹੋ ਗਿਆ ਸੀ। ਹਰਿਮੰਦਰ ਸਾਹਿਬ 'ਤੇ ਕੀਤੇ ਜਾਣ ਵਾਲੇ ਵਹਿਸ਼ੀਆਨਾ ਹਮਲੇ ਸਬੰਧੀ ਇਹ ਗ਼ਦਾਰ ਸਰਕਾਰ ਨਾਲ ਨਵੀਂ ਦਿੱਲੀ ਦੇ ਗੈਸਟ ਹਾਊਸਾਂ, ਚੰਡੀਗੜ੍ਹ ਵਿਅਕਤੀਗਤ ਨਿੱਜੀ ਮਕਾਨਾਂ ਵਿੱਚ ਅਤੇ ਹਵਾਈ ਅੱਡਿਆਂ 'ਤੇ ਗੁਪਤ ਮੀਟਿੰਗਾਂ ਕਰਦੇ ਰਹੇ। ਇਹਨਾਂ ਗ਼ਦਾਰਾਂ ਦੀਆਂ ਫਾਈਲਾਂ ਜਦ ਕਦੀ ਖੋਜ ਦਾ ਵਿਸ਼ਾ ਬਣੀਆਂ ਅਤੇ ਕਿਸੇ ਸਿਰੜੀ ਖੋਜੀ ਨੇ ਸਾਹਮਣੇ ਲਿਆਂਦੀਆਂ ਤਾਂ ਉਹ ਇਤਿਹਾਸਕ ਪੂਰਬੀਆਂ ਤੇ ਡੋਗਰਿਆਂ ਦੀਆਂ ਗ਼ਦਾਰੀਆਂ ਨੂੰ ਵੀ ਮਾਤ ਕਰਨਗੀਆਂ।

ਧਰਮ ਯੁੱਧ ਮੋਰਚੇ ਦੌਰਾਨ ਗ਼ਦਾਰ ਅਕਾਲੀ ਲੀਡਰ ਹਮੇਸ਼ਾ ਵਾਂਗ ਲਿਫ ਕੇ, ਵਿਛ ਕੇ ਅਤੇ ਜੀਹਜ਼ੂਰੀਏ ਬਣ ਕੇ ਆਖਰੀ ਦਮ ਤਕ ਕੋਈ ਵੀ ਫੈਸਲਾ ਕਰਨ ਲਈ ਤਰਲੇ ਕੱਢਦੇ ਰਹੇ। ਸੰਤ ਭਿੰਡਰਾਂਵਾਲੇ ਅਨੰਦਪੁਰ ਸਾਹਿਬ ਦੇ ਮਤੇ ਨੂੰ ਲਾਗੂ ਕਾਰਉਣ ਤੋਂ ਘੱਟ ਕੁਝ ਵੀ ਪ੍ਰਵਾਨ ਕਰਨ ਨੂੰ ਤਿਆਰ ਨਹੀਂ ਸੀ।

ਕੌਮ ਘਾਤਕ ਅਕਾਲੀ ਲੀਡਰ ਸੱਤਾ ਹਥਿਆਉਣ ਲਈ ਅਨੰਦਪੁਰ ਮਤੇ ਨੂੰ ਇਕ ਪਾਸੇ ਕਰ ਕੇ ਦਰਬਾਰ ਸਾਹਿਬ ਤੋਂ ਇਕ ਘੰਟਾ ਕੀਰਤਨ ਪ੍ਰਸਾਰਨ ਕਰਾਉਣ ਅਤੇ ਅੰਮ੍ਰਿਤਸਰ ਦੇ ਨੇੜਲੇ ਥੋੜੇ ਜਿਹੇ ਇਲਾਕੇ 'ਚ ਮੀਟ, ਸ਼ਰਾਬ ਅਤੇ ਤੰਬਾਕੂ ਆਦਿ ਦੀ ਵਿਕਰੀ ਤੇ ਵਰਤੋਂ 'ਤੇ ਪਾਬੰਦੀ ਲਾਏ ਜਾਣ ਨੂੰ ਹੀ ਪ੍ਰਵਾਨ ਕਰਨ ਨੂੰ ਤਿਆਰ ਸਨ। ਪਰ ਇੰਦਰਾ ਕਿਸੇ ਕਿਸਮ ਦਾ ਵੀ ਸਮਝੌਤਾ ਨਹੀਂ ਸੀ ਕਰਨਾ ਚਾਹੁੰਦੀ। ਉਸ ਨੂੰ ਇਹ ਵੀ ਪਤਾ ਸੀ ਕਿ ਸੰਤ ਭਿੰਡਰਾਂਵਾਲੇ ਇਹਨਾਂ ਸ਼ਰਤਾਂ 'ਤੇ ਸਮਝੌਤਾ ਨਹੀਂ ਕਰਨ ਦੇਣਗੇ ਅਤੇ ਉਹ ਚਾਹੁੰਦੀ ਵੀ ਇਹੋ ਕੁਝ ਸੀ ਕਿ ਸਮਝੌਤਾ ਨਾ

ਹੋਵੇ ਕਿਉਂਕਿ ਉਹ ਵਹਿਸ਼ੀਆਨਾ ਹਮਲੇ ਦੀ ਤਿਆਰੀ ਕਰ ਰਹੀ ਸੀ। ਉਸ ਅਕਾਲੀਆਂ ਨੂੰ ਸੰਤ ਭਿੰਡਰਾਂਵਾਲੇ ਨੂੰ ਜਾ ਕੇ ਮਨਾਉਣ ਦੇ ਰਾਹੇ ਪਾਇਆ।

ਇਸ ਤਰ੍ਹਾਂ ਗ਼ਦਾਰ ਟੋਲੇ ਵਲੋਂ ਸੰਤ ਭਿੰਡਰਾਂਵਾਲਿਆਂ ਨਾਲ ਮੀਟਿੰਗ ਰੱਖੀ ਗਈ ਜਿਸ 'ਚ ਬਰਨਾਲਾ, ਬਲਵੰਤ ਸਿੰਘ, ਲੌਂਗੋਵਾਲ, ਟੌਹੜਾ, ਤਲਵੰਡੀ ਅਤੇ ਬਾਦਲ ਸ਼ਾਮਲ ਹੋਏ। ਜਦ ਸੰਤ ਭਿੰਡਰਾਂਵਾਲਿਆਂ ਨੂੰ ਉਪਰਲੀਆਂ ਰਿਆਇਤਾਂ 'ਤੇ ਸਮਝੌਤਾ ਕਰਨ ਲਈ ਆਖਿਆ ਗਿਆ ਤਾਂ ਉਨ੍ਹਾਂ ਕਿਹਾ ਕਿ 'ਅਨੰਦਪੁਰ ਮਤੇ' ਦਾ ਕੀ ਬਣੂੰ? ਜਿਸ ਦੀ ਪ੍ਰਾਪਤੀ ਤਕ ਮੋਰਚਾ ਜਾਰੀ ਰੱਖਣ ਦੀ ਅਰਦਾਸ ਕੀਤੀ ਹੋਈ ਹੈ। ਲੋਕਾਂ ਨੂੰ ਕੀ ਜਵਾਬ ਦਿਆਂਗੇ? ਉਸ ਦੇ ਜਵਾਬ 'ਚ ਬਰਨਾਲੇ ਨੇ ਕਿਹਾ ਕਿ 'ਸੰਤ ਜੀ, ਲੋਕਾਂ ਦਾ ਕੀ ਐ? ਚਾਰ ਨਾਅਰੇ ਮਾਰੋ, ਮਗਰ ਤੁਰ ਪੈਂਦੇ ਹਨ।' ਸੰਤ ਭਿੰਡਰਾਂਵਾਲੇ ਇਹ ਕਹਿ ਕੇ ਉਸ ਮੀਟਿੰਗ 'ਚੋਂ ਚੱਲੇ ਗਏ ਕਿ ਇਹ ਲੋਕਾਂ ਨਾਲ ਧੋਖਾ ਹੈ।

ਵਜ਼ਾਰਤਾਂ ਦੇ ਭੁੱਖੇ ਸਿੱਖ ਲੀਡਰਾਂ ਵਲੋਂ ਪਾਰਲੀਮੈਂਟ 'ਚ ਚੁਰਾਸੀ ਦੇ ਘੱਲੂਘਾਰੇ ਦੀ ਨਿਖੇਧੀ ਦਾ ਮਤਾ ਪਾਸ ਕਰਾਏ ਬਿਨਾਂ ਸਿੱਖ ਦੁਸ਼ਮਣ ਭਾਜਪਾ ਨਾਲ ਭਾਈਵਾਲੀ ਪਾਉਣ ਤੋਂ ਸਪਸ਼ਟ ਹੈ ਕਿ ਇਹ ਬੇਜ਼ਮੀਰੇ ਹਾਕਮ ਜਮਾਤ ਦੇ ਹੱਥਠੋਕੇ ਹਨ। ਇਹਨਾਂ ਬੇਜ਼ਮੀਰਿਆਂ ਚੁਰਾਸੀ ਦੇ ਘੱਲੂਘਾਰਿਆਂ ਨੂੰ ਪੰਥ ਦੀ ਅਣਖ 'ਤੇ ਹਮਲਾ ਨਹੀਂ ਸਮਝਿਆ। ਪੰਜਾਬ ਅੰਦਰ ਬਹੁਮਤ ਹੋਣ ਦੇ ਬਾਵਜੂਦ ਗ਼ਦਾਰ ਅਕਾਲੀ ਲੀਡਰਾਂ ਤਾਂ ਪੰਜਾਬ ਅਸੰਬਲੀ 'ਚ ਵੀ ਨਿਖੇਧੀ ਦਾ ਮਤਾ ਪਾਸ ਨਹੀਂ ਸੀ ਕੀਤਾ।

'ਘਰ ਦਾ ਭੇਤੀ ਲੰਕਾ ਢਾਏ' ਦੇ ਅਖਾਣ ਮੁਤਾਬਕ ਹਰਿਮੰਦਰ ਸਾਹਿਬ 'ਤੇ ਹਮਲਾ ਕਰਾਉਣ ਵਾਲੇ ਅਕਾਲੀ ਲੀਡਰ ਵੀ ਸਿੱਖ ਅਤੇ ਕਰਨ ਵਾਲੇ ਵੀ ਸਿੱਖ ਜਰਨੈਲ ਹੀ ਸਨ। ਸਿੱਖ ਨਸਲਕੁਸ਼ੀ ਦੇ ਪਲਾਨ ਨੂੰ ਸਿਰੇ ਚਾੜ੍ਹਨ 'ਚ ਅਕਾਲੀ ਲੀਡਰ ਹਮੇਸ਼ਾ ਸਰਕਾਰ ਦੇ ਹੱਥਠੋਕੇ ਬਣੇ ਰਹੇ। ਹਰਿਮੰਦਰ ਸਾਹਿਬ 'ਤੇ ਕੀਤੇ ਗਏ ਵਹਿਸ਼ੀਆਨਾ ਹਮਲੇ 'ਚ ਅਕਾਲੀ ਲੀਡਰ ਸਰਕਾਰ ਦੇ ਬਰਾਬਰ ਦੇ ਭਾਈਵਾਲ ਬਣੇ ਸਨ। ਜੇ ਇਹ ਪੰਥ ਨਾਲ ਗ਼ਦਾਰੀ ਕਰਕੇ ਡੋਗਰਿਆਂ ਵਾਲੇ ਕਾਲੇ ਕਾਰੇ ਨਾ ਕਰਦੇ ਤਾਂ ਉਸ ਹਾਲਤ 'ਚ ਇੰਦਰਾ ਨੂੰ ਹਮਲਾ ਕਰਨ ਦੀ ਜੁਰਅੱਤ ਨਹੀਂ ਸੀ ਪੈਣੀ। ਸਰਕਾਰ ਦੇ ਵਾਈਟ ਪੇਪਰ ਮੁਤਾਬਕ ਜਨਵਰੀ 1984 ਤੋਂ ਲੈਕੇ 26 ਮਈ ਚੁਰਾਸੀ ਤਕ ਇਹਨਾਂ ਪੰਥ ਗ਼ਦਾਰਾਂ ਨੇ ਸਰਕਾਰ ਨਾਲ ਪੰਜ ਗੁਪਤ ਮੀਟਿੰਗਾਂ ਕੀਤੀਆਂ।

24 ਜਨਵਰੀ ਚੁਰਾਸੀ ਨੂੰ ਨਵੀਂ ਦਿੱਲੀ ਦੇ ਗੈਸਟ ਹਾਊਸ 'ਚ ਹਰਚੰਦ ਸਿੰਘ ਲੌਂਗੋਵਾਲ, ਗੁਰਚਰਨ ਸਿੰਘ ਟੌਹੜਾ, ਪ੍ਰਕਾਸ਼ ਸਿੰਘ

ਬਾਦਲ, ਬਲਵੰਤ ਸਿੰਘ, ਭਾਨ ਸਿੰਘ, ਆਰ. ਐਸ. ਭਾਟੀਆ, ਪੀ. ਐਸ. ਓਬਰਾਏ ਅਤੇ ਰਵੀਇੰਦਰ ਸਿੰਘ ਨੇ ਸਰਕਾਰੀ ਪ੍ਰਤੀਨਿਧਾਂ ਨਾਲ ਗੁਪਤ ਮੀਟਿੰਗ ਕੀਤੀ। 27 ਮਾਰਚ ਚੁਰਾਸੀ ਨੂੰ ਚੰਡੀਗੜ੍ਹ ਦੇ ਇਕ ਨਿੱਜੀ ਮਕਾਨ 'ਚ ਸਰਕਾਰੀ ਪ੍ਰਤੀਨਿਧਾਂ ਨਾਲ ਗੁਪਤ ਮੀਟੀ ਕੀਤੀ ਗਈ। 28 ਮਾਰਚ ਚੁਰਾਸੀ ਨੂੰ ਨਵੀਂ ਦਿੱਲੀ ਦੇ ਇਕ ਸਰਕਾਰੀ ਗੈਸਟ ਹਾਊਸ 'ਚ ਪ੍ਰਕਾਸ਼ ਸਿੰਘ ਬਾਦਲ ਨੇ ਪੀ. ਸੀ. ਨਰਸਿੰਘਰਾਵ, ਪੀ. ਸੀ. ਅਲੈਗਜ਼ੈਂਡਰ, ਪ੍ਰੇਮ ਕੁਮਾਰ ਆਦਿਕ ਨਾਲ ਗੁਪਤ ਮੀਟਿੰਗ ਕੀਤੀ।

29 ਮਾਰਚ ਚੁਰਾਸੀ ਨੂੰ ਚੰਡੀਗੜ੍ਹ ਵਿਖੇ ਇਕ ਨਿੱਜੀ ਮਕਾਨ 'ਚ ਸਰਕਾਰੀ ਪ੍ਰਤੀਨਿਧਾਂ ਨਾਲ ਸਿੱਖ ਕੌਮ ਦੇ ਗ਼ਦਾਰਾਂ-ਬਾਦਲ, ਟੌਹੜਾ, ਬਰਨਾਲਾ, ਬਲਵੰਤ ਸਿੰਘ ਰਾਮੂਵਾਲੀਆ, ਆਰ. ਐਸ. ਚੀਮਾ ਨੇ ਆਪਣੇ ਗੁਰੂ 'ਤੇ ਫੌਜਾਂ ਚਾੜ੍ਹਨ ਸਬੰਧੀ ਗੁਪਤ ਮੀਟਿੰਗ ਕੀਤੀ। 21 ਅਪ੍ਰੈਲ ਚੁਰਾਸੀ ਨੂੰ ਚੰਡੀਗੜ੍ਹ ਦੇ ਹਵਾਈ ਅੱਡੇ (ਲਾਜ) ਵਿਖੇ ਟੌਹੜਾ, ਬਾਦਲ, ਬਰਨਾਲਾ ਨੇ ਪੀ. ਵੀ. ਨਰਸਿੰਘਰਾਵ, ਪੀ. ਸੀ. ਅਲੈਗਜ਼ੈਂਡਰ ਅਤੇ ਪ੍ਰੇਮ ਕੁਮਾਰ ਆਦਿ ਨਾਲ ਗੁਪਤ ਮੀਟਿੰਗ ਕੀਤੀ। ਵਹਿਸ਼ੀਆਨਾ ਹਮਲੇ ਤੋਂ ਕੁਝ ਹੀ ਦਿਨ ਪਹਿਲਾਂ 26 ਮਈ ਚੁਰਾਸੀ ਨੂੰ ਨਵੀਂ ਦਿੱਲੀ ਦੇ ਇਕ ਗੈਸਟ ਹਾਊਸ 'ਚ ਆਖਰੀ ਗੁਪਤ ਮੀਟਿੰਗ ਕੀਤੀ ਗਈ।

30 ਜਨਵਰੀ ਚੁਰਾਸੀ ਨੂੰ ਟੌਹੜੇ ਨੇ ਕੈਬੀਨਟ ਸੈਕਟਰੀਏਟ (ਸੇਕਿਉਰਟੀ) ਦੇ ਆਰ. ਐਨ. ਰਾਓ ਨੂੰ ਚਿੱਠੀ ਲਿਖੀ ਕਿ ਉਸ (ਰਾਓ) ਦਾ ਮੇਹਤਾਨੀ ਰਾਹੀਂ ਸੁਨੇਹਾ ਮਿਲ ਗਿਆ। ਟੌਹੜੇ ਨੇ ਅੱਗੇ ਚੱਲ ਕੇ ਲਿਖਿਆ ਕਿ ਉਸ ਨੂੰ ਪਿਛਲੀ ਰਾਤੀਂ ਡਾ. ਜਗਜੀਤ ਸਿੰਘ ਚੌਹਾਨ ਦਾ ਟੈਲੀਫੂਨ ਆਇਆ ਸੀ ਜਿਸ 'ਚ ਉਸ ਨੇ ਕਿਹਾ ਕਿ ਸਾਨੂੰ ਆਪਣੀ ਸਕੀਮ ਮੁਤਾਬਕ ਕੰਮ ਕਰਨਾ ਚਾਹੀਦਾ ਹੈ। ਉਹ ਸਾਡੇ ਨਾਲ ਕੰਮ ਕਰਨ ਨੂੰ ਤਿਆਰ ਹੈ। ਉਸ (ਚੌਹਾਨ) ਨੇ ਇਕ ਕੈਨੇਡੀਅਨ ਪੰਜਾਬੀ ਅਖਬਾਰ ਨਾਲ ਸੌਦਾ ਕਰ ਲਿਆ ਹੈ ਅਤੇ ਇੰਗਲੈਂਡ 'ਚ ਵੀ ਇਕ ਅਖਬਾਰ ਨਾਲ ਸੌਦਾ ਕਰ ਰਿਹਾ ਹੈ। ਉਹ ਅਖਬਾਰ ਨਵੀਸ ਚੌਹਾਨ ਨੂੰ ਸੰਤ ਭਿੰਡਰਾਂਵਾਲਿਆਂ ਦੇ ਆਦਮੀਆਂ ਬਾਰੇ ਸੂਚਨਾਵਾਂ ਦੇ ਰਿਹਾ ਹੈ। 22 ਫਰਵਰੀ ਚੁਰਾਸੀ ਨੂੰ ਇਵੇਂ ਹੀ ਟੌਹੜੇ ਨੇ ਆਰ. ਕੇ. ਧਵਨ ਨੂੰ ਚਿੱਠੀ ਲਿਖੀ ਕਿ ਜਦੋਂ ਆਪਾ ਮਿਲੇ ਸੀ ਉਦੋਂ ਮੈਂ ਆਪ ਨੂੰ ਕਿਹਾ ਸੀ ਕਿ ਗੰਗਾ ਸਿੰਘ ਢਿੱਲੋਂ ਇਕ ਚੰਗਾ ਐਕਟਰ ਹੈ ਅਤੇ ਮੋਟੀ ਰਕਮ ਲੈ ਕੇ ਉਹ ਅਮਰੀਕਾ 'ਚ ਸਿੱਖਾਂ ਨੂੰ ਖੇਰੂੰ ਖੇਰੂੰ ਕਰ ਸਕਦਾ ਹੈ। ਤੁਸੀਂ ਠੀਕ ਕਹਿੰਦੇ ਸੀ ਕਿ ਪੈਸੇ ਨਾਲ ਕੁਝ ਵੀ ਕੀਤਾ ਜਾ ਸਕਦਾ ਹੈ। ਇਕ ਖਾਸ ਆਦਮੀ ਬਾਰੇ ਜਿਹੜਾ ਅਸੀਂ ਵਿਚਾਰ ਵਟਾਂਦਰਾ ਕੀਤਾ ਸੀ, ਉਸ

ਬਾਰੇ ਧਿਆਨ ਰੱਖਿਆ ਜਾਵੇਗਾ। ਉਸ ਕੰਮ ਲਈ ਸਾਰੇ ਪ੍ਰਬੰਧ ਕਰ ਲਏ ਗਏ ਹਨ ਅਤੇ ਪੈਸੇ ਕੰਮ ਪੂਰਾ ਹੋਣ ਤੇ ਹੀ ਦਿੱਤੇ ਜਾਣਗੇ। ਮੈਨੂੰ ਉਮੀਦ ਹੈ ਕਿ ਸਾਡੀ ਸਕੀਮ ਸਿਰੇ ਚੜ੍ਹ ਜਾਏਗੀ।

25 ਅਪ੍ਰੈਲ ਚੁਰਾਸੀ ਨੂੰ ਹਰਚੰਦ ਸਿੰਘ ਲੌਂਗੋਵਾਲ ਨੇ ਆਰ.ਕੇ.ਧਵਨ ਨੂੰ ਚਿੱਠੀ ਲਿਖੀ ਕਿ ਟੌਹੜੇ ਦੀ ਜਾਨ ਨੂੰ ਖਤਰਾ ਹੈ। ਸੰਤ ਜਰਨੈਲ ਸਿੰਘ ਆਪਣੀ ਅੜੀ ਨਹੀਂ ਛੱਡ ਰਿਹਾ। ਮੈਂ ਮਹਿਸੂਸ ਕਰਦਾ ਹਾਂ ਕਿ ਸਾਨੂੰ ਉਹ ਕਰਣਾ ਪੈਣਾ ਹੈ ਜੋ ਅਸੀਂ ਪਹਿਲਾਂ ਸਕੀਮ ਬਣਾਈ ਸੀ ਅਤੇ ਪ੍ਰਕਾਸ਼ ਸਿੰਘ ਬਾਦਲ ਨੇ ਪਹਿਲਾਂ ਹੀ ਆਪ ਜੀ ਨੂੰ ਵਿਸਥਾਰ ਸਹਿਤ ਸਮਝਾ ਦਿੱਤਾ ਹੈ। ਅਸੀਂ ਛੇਤੀ ਹੀ ਵਿਦੇਸ਼ਾਂ 'ਚ ਰਹਿੰਦੇ ਉਨ੍ਹਾਂ ਸਿੱਖਾਂ ਦਾ ਨਾਮ ਪਤਾ ਦੇਵਾਂਗੇ ਜਿਹੜੇ ਸੰਤ ਭਿੰਡਰਾਂਵਾਲੇ ਦੀ ਮਦਦ ਕਰਦੇ ਹਨ। ਮੈਨੂੰ ਉਮੀਦ ਹੈ ਕਿ ਆਪਣੀ ਸਕੀਮ ਸਿਰੇ ਚੜ੍ਹ ਜਾਵੇਗੀ ਅਤੇ ਇਸ ਸੰਤਾਪ ਤੋਂ ਬਹੁਤ ਛੇਤੀ ਮੁਕਤ ਹੋ ਜਾਵਾਂਗੇ।

9 ਜੂਨ ਚੁਰਾਸੀ ਨੂੰ ਬਲਵੰਤ ਸਿੰਘ ਨੇ ਇੰਦਰਾ ਗਾਂਧੀ ਨੂੰ ਚਿੱਠੀ ਲਿਖੀ ਕਿ ਉਹ ਅਕਾਲੀ ਦਲ ਦੀ ਸਰਗਰਮ ਸਿਆਸਤ 'ਚ ਹਿੱਸਾ ਲੈਣ ਤੋਂ ਗੁਰੇਜ਼ ਕਰੇਗਾ ਅਤੇ ਆਪਣੀਆਂ ਹੱਦਾਂ 'ਚ ਰਹਿਕੇ ਸਰਕਾਰੀ ਐਕਸ਼ਨ ਦੀ ਮਦਦ ਕਰੇਗਾ। ਉਸ ਨੇ ਕਦੀ ਵੀ ਸੰਤ ਭਿੰਡਰਾਂਵਾਲੇ ਦੇ ਐਕਸ਼ਨਾਂ ਜਾਂ ਵਿਚਾਰਾਂ ਦੀ ਪ੍ਰੋੜਤਾ ਨਹੀਂ ਕੀਤੀ। ਅੱਗੇ ਚੱਲ ਕੇ ਉਸ ਲਿਖਿਆ ਕਿ ਸਰਕਾਰ ਦਾ ਭਿੰਡਰਾਂਵਾਲੇ ਤੇ ਉਸ ਦੇ ਦਹਿਸ਼ਤਗਰਦਾਂ ਨੂੰ ਗੋਲਡਨ ਟੈਂਪਲ 'ਚੋਂ ਬਾਹਰ ਕੱਢਣ ਲਈ ਕੀਤਾ ਹਮਲਾ ਸਮੇਂ ਅਨੁਸਾਰ ਅਤੇ ਬਹੁਤ ਲੋੜੀਂਦਾ ਸੀ।

ਇਹਨਾਂ ਗ਼ਦਾਰਾਂ ਸੰਤ ਭਿੰਡਰਾਂ ਵਾਲਿਆਂ ਨਾਲ ਅਕਾਲ ਤਖ਼ਤ ਸਾਹਿਬ 'ਤੇ ਸਹੁੰਆਂ ਖਾਧੀਆਂ ਸਨ ਕਿ ਜੇ ਦਰਬਾਰ ਸਾਹਿਬ ਅੰਦਰ ਫੌਜ ਆਈ, ਤਾਂ ਸਾਡੀਆਂ ਲੋਥਾਂ ਤੋਂ ਲੰਘ ਕੇ ਜਾਏਗੀ। ਇਹ ਬੇ-ਸ਼ਰਮ, ਬੇ-ਗ਼ੈਰਤ ਅਤੇ ਬੁਜ਼ਦਿਲ ਹੱਥ ਖੜੇ ਕਰਕੇ, ਆਪ ਸ਼ਹੀਦਾਂ ਦੀਆਂ ਲੋਥਾਂ ਲਿਤਾੜ ਕੇ, ਉਸੇ ਫ਼ੌਜ ਦੀਆਂ ਗੱਡੀਆਂ ਵਿੱਚ ਜਾ ਬੈਠੇ ਅਤੇ ਇਹਨਾਂ ਗ਼ਦਾਰਾਂ ਨੂੰ ਸਰਕਾਰ ਵਲੋਂ ਰੈਸਟ ਹਾਊਸਾਂ ਵਿੱਚ ਰੱਖਿਆ ਗਿਆ। ਟੌਹੜਾ ਮਸੰਦ ਆਪਣੀਆਂ ਅੱਖਾਂ ਸਾਹਮਣੇ ਅਕਾਲ ਤਖ਼ਤ ਸਾਹਿਬ ਨੂੰ ਸ਼ਹੀਦ ਹੁੰਦਾ ਵੇਖਦਾ ਰਿਹਾ। ਫ਼ੌਜੀ ਇਸ ਨੂੰ ਲੱਭਦੇ ਫਿਰਦੇ ਰਹੇ। ਜਾਨ ਬਚਾਉਣ ਲਈ ਜਦ ਇਹ ਹੱਥ ਖੜ੍ਹੇ ਕਰਕੇ, ਜਿਸ ਫ਼ੌਜੀ ਸਾਹਮਣੇ ਆਇਆ, ਉਸ ਫ਼ੌਜੀ ਆਪਣੇ ਅਫ਼ਸਰ ਨੂੰ ਉੱਚੀ ਅਵਾਜ਼ ਵਿੱਚ ਦੱਸਿਆ ਕਿ 'ਟੌਹੜਾ ਇਧਰ ਹੈ ਸਾਹਿਬ'। ਇਹਨਾਂ ਗ਼ਦਾਰਾਂ ਨੇ ਇਸ ਤਰ੍ਹਾਂ ਸਿੱਖਾਂ ਦੇ ਕਾਤਲਾਂ ਦੀਆਂ ਗੱਡੀਆਂ ਵਿੱਚ ਜਾ ਸ਼ਰਨ ਲਈ।

ਟੌਹੜੇ ਨੇ ਜਿਸ ਨੀਚਤਾ ਨਾਲ, ਜਿਸ ਕਾਇਰਤਾ ਨਾਲ ਅਤੇ ਜਿਸ ਦਗ਼ੇਬਾਜ਼ੀ ਨਾਲ ਆਤਮ ਸਮਰਪਣ ਕਰਕੇ ਸ਼ਾਨਦਾਰ ਸਿੱਖ ਰਵਾਇਤਾਂ ਨੂੰ ਕਲੰਕਤ ਕੀਤਾ, ਉਸ ਜੇਹੀ ਸ਼ਰਮਨਾਕ ਤੇ ਘਿਨਾਉਣੀ ਮਿਸਾਲ ਸਾਰੇ ਸਿੱਖ ਇਤਿਹਾਸ ਵਿੱਚ ਕਿਤੇ ਨਹੀਂ ਮਿਲਦੀ। ਅੰਤਲੇ ਸਾਹਾਂ ਤਕ ਇਹ ਪੱਕਾ ਸਰਕਾਰੀ ਏਜੰਟ ਬਣਿਆ ਰਿਹਾ। ਇਹ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਰਾਹੀਂ ਸਮੇਂ ਸਮੇਂ ਕਾਂਗਰਸ ਦਾ ਹੱਥਠੋਕਾ ਬਣਕੇ ਸਿੱਖ ਕੌਮ ਦੀਆਂ ਜੜ੍ਹਾਂ ਵੱਢਦਾ ਰਿਹਾ। ਇਹ ਬੇਅੰਤ ਸਿਹੁੰ ਨਾਲ ਵੀ ਗੁਪਤ ਮੀਟਿੰਗਾਂ ਕਰਦਾ ਰਿਹਾ। ਅੰਮ੍ਰਿਤਸਰ ਐਲਾਨ ਨਾਮੇਂ ਦੀ ਅਰਦਾਸ ਕਰਕੇ, ਉਸ ਤੋਂ ਪ੍ਰੋਫ਼ੈਸਰ ਮਨਜੀਤ ਸਿੰਘ ਦੇ ਭਜਣ ਦਾ ਕਾਰਨ ਵੀ ਟੌਹੜੇ ਦੀ ਬੇਅੰਤ ਸਿਹੁੰ ਨਾਲ ਹੋਈ ਮੀਟਿੰਗ ਸੀ।

ਸਿੱਖ ਲੀਡਰ ਕਾਂਗਰਸ ਦੀ ਮੁੱਠੀ ਵਿੱਚ ਪੱਕੀ ਤਰ੍ਹਾਂ ਬੰਦ ਰਹਿੰਦੇ ਰਹੇ। ਕਿਸੇ ਵੀ ਖਾੜਕੂ ਧਮਕੀ ਜਾਂ ਦਬਾਅ ਦੇ ਸਾਹਮਣੇ ਇਹ ਝੱਟ ਪਿਛੇ ਹੱਟ ਜਾਂਦੇ ਰਹੇ। ਜਦ ਹਾਲਾਤ ਖਾੜਕੂਆਂ ਦੇ ਵਿਰੁੱਧ ਹੋਣ ਲੱਗਦੇ ਤਾਂ ਇਹ ਝੱਟ ਮੁੱਖ ਧਿਰ ਵਜੋਂ ਉਭਰ ਕੇ ਸਾਹਮਣੇ ਆਉਂਦੇ ਰਹੇ। ਕੇਂਦਰੀ ਸਰਕਾਰ ਹਮੇਸ਼ਾ ਇਹਨਾਂ ਗ਼ਦਾਰਾਂ ਨੂੰ ਹੀ ਸੱਤਾ 'ਚ ਰੱਖਣਾ ਚਾਹੁੰਦੀ ਰਹੀ। ਕੇਂਦਰ ਦੀ ਇਹ ਗੁੱਝੀ ਹਿਮਾਇਤ ਇਹਨਾਂ ਲਈ ਸੋਨੇ 'ਤੇ ਸੁਹਾਗਾ ਬਣੀ ਰਹੀ। ਇਹਨਾਂ ਨੂੰ ਪਤਾ ਸੀ ਕਿ ਹਥਿਆਰਬੰਦ ਜਦੋਜਹਿਦ ਨੇ ਫੇਲ੍ਹ ਹੋਣਾ ਹੀ ਹੈ। ਇਸ ਲਈ ਇਹ ਉਸ ਸੁਨਹਿਰੀ ਮੌਕੇ ਦੀ ਉਡੀਕ 'ਚ ਰਹੇ ਜਦੋਂ ਰਾਜਸੀ ਮੈਦਾਨ ਆਪਣੇ ਆਪ ਹੀ ਇਹਨਾਂ ਦੇ ਹੱਥਾਂ ਵਿੱਚ ਆ ਡਿੱਗੇਗਾ ਤੇ ਹੋਇਆ ਵੀ ਇੰਝ ਹੀ।

ਇਹਨਾਂ ਅੰਦਰ ਨਾ ਤਾਂ ਸਿੱਖ ਕਾਜ਼ ਲਈ ਕੌਮੀ ਜਜ਼ਬਾ ਹੀ ਰਿਹਾ ਅਤੇ ਨਾ ਹੀ ਦਮ ਹੀ। ਇਹ ਝੱਟ ਝੁੱਕ ਜਾਂਦੇ ਹਨ ਜਾਂ ਵਿਛ ਜਾਂਦੇ ਹਨ ਜਾਂ ਲਿਫ ਜਾਂਦੇ ਹਨ। ਸਿੱਖ ਕੌਮ ਨੂੰ ਜਿਤਨਾ ਖਤਰਾ ਇਹਨਾਂ ਆਪਣੇ ਗ਼ਦਾਰਾਂ ਤੋਂ ਹੈ ਉਤਨਾ ਦੁਸ਼ਮਣਾਂ ਤੋਂ ਨਹੀਂ।

ਅਕਾਲੀ ਲੀਡਰਾਂ ਦੇ ਕੌਮੀ ਜਜ਼ਬੇ ਦਾ ਇਹ ਹਾਲ ਸੀ ਕਿ ਉਹ ਆਪਣੇ ਜੋਟੀਦਾਰ ਹਿੰਦੂਤਵੀਆਂ ਦੀ ਇਜਾਜ਼ਤ ਬ਼ਗੈਰ ਉੱਚਾ ਸਾਹ ਤਕ ਲੈਣ ਦੀ ਹਿੰਮਤ ਨਹੀ ਸੀ ਦਿਖਾ ਰਹੇ। ਪ੍ਰਕਾਸ਼ ਸਿੰਘ ਬਾਦਲ ਹਿੰਦੂਤਵੀਆਂ ਦੀ ਪੂਰਨ ਅਧੀਨਗੀ ਤੇ ਗ਼ੁਲਾਮੀ ਕਬੂਲ ਕੇ ਚੱਲਦਾ ਆ ਰਿਹਾ ਹੈ। ਕੌਮ ਨਾਲ ਕੀਤੀਆਂ ਗ਼ਦਾਰੀਆਂ ਬਦਲੇ ਹੀ ਗ਼ਦਾਰ ਅਕਾਲੀ ਲੀਡਰਾਂ ਨੂੰ ਸਭ ਹਿੰਦੂ ਸਿਆਸੀ ਪਾਰਟੀਆਂ ਨੇ ਸਨਮਾਨਿਆ। ਕਾਂਗਰਸ ਨੇ ਇਹਨਾਂ ਗ਼ਦਾਰ ਭੋਗਰਿਆਂ ਨੂੰ ਸਨਮਾਨਿਆ, ਜਨਤਾ ਪਾਰਟੀ ਨੇ ਸਨਮਾਨਿਆ ਅਤੇ ਹੁਣ ਭਾਜਪਾ ਸਨਮਾਨ ਰਹੀ ਹੈ, ਪਰ ਹਰ ਲੀਡਰ ਤੋਂ ਕੌਮ ਨਾਲ ਗ਼ਦਾਰੀ ਦੀ ਪੂਰੀ ਕੀਮਤ ਵਸੂਲ ਕੇ।

ਲੌਂਗੋਵਾਲ ਦੀ ਬਰਸੀ ਦੇ ਮੌਕੇ 'ਤੇ 21 ਅਗਸਤ 1997 ਵਾਲੇ ਦਿਨ ਭਾਜਪਾ ਦੇ ਦਿੱਲੀ ਦੇ ਮੁੱਖ ਮੰਤਰੀ ਸਾਹਿਬ ਸਿੰਘ ਵਰਮਾ ਨੇ ਐਲਾਨ ਕੀਤਾ ਕਿ ਦਿੱਲੀ ਵਿੱਚ 'ਸੰਤ ਲੌਂਗੋਵਾਲ ਮਾਰਗ' (ਗਦਾਰ ਮਾਰਗ) ਬਣਾਇਆ ਜਾਵੇਗਾ। ਜੂਨ ਚੁਰਾਸੀ ਅਤੇ ਨਵੰਬਰ ਚੁਰਾਸੀ ਦੇ ਘੱਲੂਘਾਰਿਆਂ ਵਿੱਚ ਜਿਸ ਬੁਚੱੜ ਸਰਕਾਰ ਨੇ ਹਜ਼ਾਰਾਂ ਸਿੱਖਾਂ ਦਾ ਕਤਲੇਆਮ ਕੀਤਾ, ਸਿੱਖਾਂ ਦਾ ਅਕਾਲ ਤਖ਼ਤ ਸਾਹਿਬ ਢਾਹਿਆ, ਸਿੱਖ ਬੀਬੀਆਂ ਦੀ ਬੇਪੱਤੀ ਕੀਤੀ, ਉਸੇ ਸਿੱਖ ਦੁਸ਼ਮਣ ਸਰਕਾਰ ਨੇ ਪਚਾਸੀ ਵਿੱਚ ਮ.ਤਾਰਾ ਸਿੰਘ ਨੂੰ ਸਨਮਾਨਿਆ। ਸੰਨ 1985 ਵਿੱਚ ਮ.ਤਾਰਾ ਸਿੰਘ ਦੀ ਜਨਮ ਸ਼ਤਾਬਦੀ ਦੇ ਮੌਕੇ 'ਤੇ ਭਾਰਤ ਸਰਕਾਰ ਨੇ ਮਾ.ਤਾਰਾ ਸਿੰਘ ਦੀ ਡਾਕ ਟਿਕਟ ਜਾਰੀ ਕਰਕੇ ਸਾਬਤ ਕਰ ਦਿੱਤਾ ਕਿ ਸਿੱਖ ਸਟੇਟ ਦੀ ਵਿਰੋਧਤਾ ਕਰਨ ਵਾਲਾ ਉਹ ਸਿੱਖ ਕੌਮ ਦਾ ਗ਼ਦਾਰ ਸੀ ਅਤੇ ਹਿੰਦੂ ਕੌਮ ਦਾ ਵਫ਼ਾਦਾਰ ਸੀ।

ਪੰਜਾਬ ਦੀ ਕਾਂਗਰਸ ਸਰਕਾਰ ਨੇ ਗਿਆਨੀ ਕਰਤਾਰ ਸਿੰਘ ਦੀ ਯਾਦ ਕਾਇਮ ਕਰਕੇ, ਉਸ ਨੂੰ ਹਿੰਦੂ ਕਾਂਗਰਸ ਦੀਆਂ ਵਫ਼ਾਦਾਰੀਆਂ ਲਈ ਸਨਮਾਨਿਆ। ਬਲਦੇਵ ਸਿੰਘ ਨੇ ਆਪਣੀ ਕੌਮ ਨਾਲ ਕੀਤੀ ਗ਼ਦਾਰੀ ਮੰਨ ਕੇ ਕਾਂਗਰਸ ਦਾ ਭਾਂਡਾ ਫੋੜਿਆ, ਜਿਸ ਲਈ ਉਸ ਦੀ ਯਾਦਗਾਰ ਤਾਂ ਕਾਇਮ ਨਹੀ ਕੀਤੀ ਗਈ, ਪਰ ਉਸ ਨੂੰ ਧਨ ਤੇ ਵਜ਼ੀਰੀ ਨਾਲ ਕਾਫ਼ੀ ਚਿਰ ਰਜਾਈ ਰੱਖਿਆ ਸੀ।

ਸਿੱਖ ਕੌਮ ਨਾਲ ਗ਼ਦਾਰੀਆਂ ਕਰਨ ਬਦਲੇ ਹੀ ਸਰਕਾਰ ਨੇ ਇਹਨਾਂ ਗ਼ਦਾਰਾਂ ਨੂੰ ਏਅਰ-ਕੰਡੀਸ਼ਨ ਰੈਸਟ-ਹਾਊਸਾਂ ਵਿੱਚ ਰੱਖਿਆ, ਨਹੀਂ ਤਾਂ ਇਹਨਾਂ ਨੂੰ ਵੀ ਘੋਟਣੇ ਚਾੜ੍ਹਨੇ ਸਨ। ਇਹ ਵੀ ਹੁਣ ਤਕ ਜੇਲ੍ਹਾਂ ਵਿੱਚ ਨਰਕੀ ਜ਼ਿੰਦਗੀ ਭੋਗ ਰਹੇ ਹੁੰਦੇ। ਕੌਮ ਨੂੰ ਜਾਗਣ ਦੀ ਲੋੜ ਹੈ। ਅੱਜ ਫਿਰ ਕੌਮ ਦੀ ਹਰ ਸ਼ਾਖ਼ 'ਤੇ ਬੇ-ਜ਼ਮੀਰੇ, ਕੌਮਘਾਤਕ ਅਤੇ ਸਰਕਾਰੀ ਕੌਲੀਚੱਟ ਸਰਬਰਾਹ ਬੈਠੇ ਹਨ, ਜਿਹੜੇ ਸਿੱਖੀ ਦੇ ਬੂਟੇ ਨੂੰ ਤਰੁੰਡਣ-ਮਰੁੰਡਣ ਵਿੱਚ ਜੁੱਟੇ ਹੋਏ ਹਨ। ਮੈਂ ਤਾਂ ਕੌਮ ਨੂੰ ਚਿਤਾਵਨੀ ਹੀ ਦੇ ਸਕਦਾ ਹਾਂ। ਮੇਰੇ ਇਤਨੀ ਲੰਮੀ ਚੌੜੀ ਲਿਖਤ ਨੂੰ ਕਿਸੇ ਸ਼ਾਇਰ ਨੇ ਹੇਠ ਲਿਖੀਆਂ ਦੋ ਲਾਈਨਾਂ ਵਿੱਚ ਹੀ ਬੰਦ ਕਰ ਵਿਖਾਇਆ -

ਏਕ ਹੀ ਉੱਲੂ ਕਾਫ਼ੀ ਥਾ
ਬਰਬਾਦ ਗੁਲਿਸਤਾਂ ਕਰਨੇ ਕੋ,
ਜਬ ਹਰ ਸ਼ਾਖ਼ ਪੇ ਉੱਲੂ ਬੈਠਾ ਹੈ,
ਅੰਜਾਮੇ ਗੁਲਿਸਤਾਂ ਕਿਆ ਹੋਗਾ?

ਅਕਾਲੀ ਸੋਚ ਹਮੇਸ਼ਾ ਅਕਲ ਵਿਹੂਣੀ ਰਹੀ। ਇਹਨਾਂ ਦੀ ਸੋਚ ਵਿਅਕਤੀਗਤ ਚੰਗੇ ਜਾਂ ਮਾੜੇ ਸੱਤਾਧਾਰੀ ਲੀਡਰ ਜਾਂ ਸੱਤਾਧਾਰੀ

ਪਾਰਟੀ ਦੁਆਲੇ ਹੀ ਘੁੰਮਦੀ ਰਹੀ ਅਤੇ ਅਸਲੀ ਦੁਸ਼ਮਣ ਦੇ ਜਮਾਤੀ (ਹਿੰਦੂ) ਖਾਸੇ ਨੂੰ ਪਛਾਨਣ 'ਚ ਨਾਕਾਮਯਾਬ ਰਹੀ। ਉਹ ਭਾਰਤੀ ਰਾਜ ਪ੍ਰਬੰਧ ਪ੍ਰਣਾਲੀ ਦੇ ਮੂਲ ਹਿੰਦੂ ਖਾਸੇ ਨੂੰ ਸਮਝਣ ਦੀ ਬਜਾਏ ਵਿਅਕਤੀਗਤ ਵਕਤ ਦੇ ਹਾਕਮ ਜਾਂ ਸਿੱਖ-ਦੁਸ਼ਮਣ ਵਿਸ਼ੇਸ਼ ਖਾਨਦਾਨ (ਨਹਿਰੂ ਖਾਨਦਾਨ) ਜਾਂ ਵਿਸ਼ੇਸ਼ ਪਾਰਟੀ (ਕਾਂਗਰਸ) ਦੇ ਚੰਗੇ ਤੇ ਮਾੜੇ ਬੰਦੇ ਨੂੰ ਹੀ ਸਿੱਖ ਦੁਸ਼ਮਣ ਸਮਝ ਕੇ ਚਲਦੇ ਰਹੇ। ਅਕਾਲੀਆਂ ਨੂੰ ਹਿੰਦੂ ਭਾਰਤੀ ਹਾਕਮਾਂ ਤੋਂ ਬਾਰ-ਬਾਰ ਧੋਖਾ ਖਾਣ ਤੇ ਜ਼ਲੀਲ ਹੋਣ ਦੇ ਬਾਵਜੂਦ ਵੀ ਭਾਰਤੀ ਰਾਜ ਤੋਂ ਇਨਸਾਫ ਮਿਲਣ ਦੀ ਆਸ ਹਮੇਸ਼ਾ ਬਣੀ ਰਹੀ।

ਕਦੀ ਕਾਂਗਰਸ ਦੇ ਕਿਸੇ ਹੋਰ ਚੰਗੇ ਲੀਡਰ ਤੋਂ ਇਨਸਾਫ ਦੀਆਂ ਆਸਾਂ ਰੱਖਦੇ ਰਹੇ, ਕਦੀ ਕਿਸੇ ਹੋਰ ਸਿਆਸੀ ਪਾਰਟੀ ਤੋਂ ਇਨਸਾਫ ਮਿਲਣ ਦੇ ਮਹੌਲ ਉਸਾਰਦੇ ਰਹੇ ਅਤੇ ਕਦੀ ਚੰਗੇ ਜੱਜਾਂ ਦੇ ਕਮੀਸ਼ਨਾਂ ਤੋਂ ਇਨਸਾਫ ਮਿਲਣ ਦੀਆਂ ਉਮੀਦਾਂ ਰੱਖਦੇ ਰਹੇ। ਉਹ ਭਾਰਤ ਦੀ ਹਿੰਦੂ ਰਾਜ ਪ੍ਰਬੰਧ ਪ੍ਰਣਾਲੀ ਦੇ ਖਾਸੇ ਨੂੰ ਸਮਝਣ 'ਚ ਹਮੇਸ਼ਾਂ ਅਸਮਰਥ ਰਹੇ। ਸਿੱਟੇ ਵਜੋਂ ਉਹ ਬਾਰ-ਬਾਰ ਇਨਸਾਫ ਹਾਸਲ ਕਰਨ ਲਈ ਇਕ ਤੋਂ ਬਾਅਦ ਦੂਜਾ ਮੋਰਚਾ ਵਿੱਢਦੇ ਰਹੇ, ਨਾਕਾਮਯਾਬ ਹੁੰਦੇ ਰਹੇ, ਪੈਰ-ਪੈਰ ਤੇ ਬਿੜਕਦੇ ਰਹੇ, ਜ਼ਲੀਲ ਹੁੰਦੇ ਰਹੇ, ਪਰ ਕਦੀ ਸਬਕ ਸਿੱਖਣ ਦੀ ਕੋਸ਼ਿਸ਼ ਨਹੀਂ ਸੀ ਕੀਤੀ। ਉਨ੍ਹਾਂ ਨੂੰ ਨਾ ਇਨਸਾਫ ਮਿਲਣਾ ਸੀ, ਨਾ ਕਦੀ ਮਿਲਿਆ ਅਤੇ ਨਾਹੀ ਮਿਲਣਾ ਹੀ ਹੈ। ਹਿੰਦੂ ਹਾਕਮਾਂ ਸਾਹਮਣੇ ਸਿੱਖ ਨਸਲਘਾਤ ਦੇ ਪਲਾਨ ਨੂੰ ਸਿਰੇ ਚਾੜ੍ਹਨ ਦਾ ਮਸਲਾ ਹੈ। ਉਹ ਕੋਈ ਵੀ ਅਜਿਹਾ ਕੰਮ ਕਰਨ ਨੂੰ ਤਿਆਰ ਨਹੀਂ ਹੋਣਗੇ ਜਿਸ ਨਾਲ ਸਿੱਖਾਂ ਨੂੰ ਕਿਸੇ ਵੀ ਪੱਖੋਂ ਜ਼ਰਾ ਜਿੰਨੀ ਵੀ ਮਜ਼ਬੂਤੀ ਮਿਲਦੀ ਹੋਵੇ।

ਸਿੱਖਾਂ ਨਾਲ ਪੈਰ-ਪੈਰ ਤੇ ਹੋ ਰਹੇ ਧਾਰਮਿਕ, ਸਿਆਸੀ, ਆਰਥਿਕ ਵਿਤਕਰਿਆਂ ਤੇ ਬੇਇਨਸਾਫੀਆਂ ਦੁਆਲੇ ਹੀ ਅਕਾਲੀ ਲੀਡਰਾਂ ਦੀ ਸੋਚ ਘੁੰਮਦੀ ਰਹੀ ਹੈ, ਪਰ ਅਕਾਲੀ ਲੀਡਰ ਨਾ ਤਾਂ ਉਨ੍ਹਾਂ ਵਿਤਕਰਿਆਂ ਦੇ ਸਿਆਸੀ ਕਾਰਨਾਂ ਨੂੰ ਪਛਾਣ ਸਕੇ ਅਤੇ ਨਾਹੀਂ ਉਨ੍ਹਾਂ ਨੂੰ ਆਪਣੀ ਸਿਆਸਤ ਦਾ ਧੁਰਾ ਹੀ ਬਣਾ ਸਕੇ। ਸੰਤ ਜਰਨੈਲ ਸਿੰਘ ਪਹਿਲੇ ਸਿੱਖ ਆਗੂ ਸਨ ਜਿਨ੍ਹਾਂ ਇਕ ਸਿਆਣੇ ਵੈਦ ਦੀ ਤਰ੍ਹਾਂ ਮਰਜ਼ ਨੂੰ ਪਛਾਣਿਆ ਅਤੇ ਉਸ ਲਈ ਯੋਗ ਪਹੁੰਚ ਅਪਣਾ ਕੇ ਦਲੀਲਾਤਮਕ ਢੰਗ ਨਾਲ ਸਿੱਖ ਮਰਜ਼ ਨੂੰ ਲੋਕਾਂ ਸਾਹਮਣੇ ਪੇਸ਼ ਕੀਤਾ।

ਸਿੱਖ ਕੌਮ ਨਾਲ ਹੋ ਰਹੇ ਧੱਕੇ ਦੇ ਕਾਰਨ ਬੁੱਝਣ 'ਚ ਉਨ੍ਹਾਂ ਦੀ ਤੀਖਣ ਬੁੱਧੀ ਨੂੰ ਬਹੁਤੀ ਦੇਰ ਨਹੀਂ ਸੀ ਲੱਗੀ। ਉਨ੍ਹਾਂ ਨੂੰ ਅਜ਼ਾਦ ਭਾਰਤ ਅੰਦਰ ਸਿੱਖਾਂ ਨਾਲ ਦੂਜੇ ਦਰਜੇ ਦੇ ਸ਼ਹਿਰੀਆਂ ਵਾਲਾ ਕੀਤਾ ਜਾਂਦਾ ਸਲੂਕ ਅਤੇ ਸਭ ਵਿਤਕਰਿਆਂ ਦਾ ਕਾਰਨ ਸਿੱਖਾਂ ਦੀ ਸਿਆਸੀ

ਗੁਲਾਮੀ ਨਜ਼ਰ ਆਈ। ਉਨ੍ਹਾਂ ਭਾਰਤੀ ਕਾਨੂੰਨ ਦੇ ਦੂਹਰੇ ਮਾਪਦੰਡ ਦੇ ਹਵਾਲੇ ਦੇਕੇ ਇਸ ਸੱਚ ਨੂੰ ਉਘਾੜਿਆ ਕਿ ਸਿੱਖਾਂ ਨੂੰ ਬਰਾਬਰ ਦਾ ਸ਼ਹਿਰੀ ਨਹੀਂ ਸਮਝਿਆ ਜਾਂਦਾ ਸਗੋਂ ਗ਼ੁਲਾਮ ਸਮਝਿਆ ਜਾਂਦਾ ਹੈ।

ਉਨ੍ਹਾਂ ਹਵਾਈ ਜਹਾਜ਼ ਅਗ਼ਵਾ ਕਰਨ ਵਾਲਿਆਂ ਦਾ ਹਵਾਲਾ ਦੇਕੇ ਦੱਸਿਆ ਕਿ 1977 'ਚ ਉੱਤਰ ਪ੍ਰਦੇਸ਼ ਦੇ ਜਿਨ੍ਹਾਂ ਦੋ ਪਾਂਡੇ ਭਰਾਵਾਂ ਨੇ ਇੰਦਰਾ ਗਾਂਧੀ ਦੀ ਰਿਹਾਈ ਵਾਸਤੇ ਜਹਾਜ਼ ਅਗ਼ਵਾ ਕੀਤਾ ਸੀ, ਉਨ੍ਹਾਂ ਨੂੰ ਬਾਅਦ 'ਚ ਇਨਾਮ ਵਜੋਂ ਵਿਧਾਨ ਸਭਾ ਦੀਆਂ ਮੈਂਬਰੀਆਂ ਨਾਲ ਨਿਵਾਜਿਆ ਗਿਆ। ਇਸ ਦੇ ਮੁਕਾਬਲੇ ਤੇ ਜਿਨ੍ਹਾਂ ਸਿੰਘਾਂ ਨੇ ਸਤੰਬਰ 1981 'ਚ ਸੰਤ ਜਰਨੈਲ ਸਿੰਘ ਦੀ ਰਿਹਾਈ ਲਈ ਜਹਾਜ਼ ਅਗ਼ਵਾ ਕੀਤਾ, ਉਨ੍ਹਾਂ ਨੂੰ ਦੇਸ਼ ਦੇ ਦੁਸ਼ਮਣ ਗਰਦਾਨਿਆ ਗਿਆ। ਇਵੇਂ ਹੀ ਅਗਸਤ 1982 'ਚ ਜੋਧਪੁਰ ਤੋਂ ਜਹਾਜ਼ (ਬੋਇੰਗ 737) ਨੂੰ ਅਗ਼ਵਾ ਕਰਨ ਵਾਲੇ ਇਕ ਸਿੰਘ (ਮਨਜੀਤ ਸਿੰਘ ਉਰਫ ਮੁਸੀਬਤ ਸਿੰਘ) ਨੂੰ ਰਾਜਾਸਾਂਸੀ ਹਵਾਈ ਅੱਡੇ 'ਤੇ ਗੋਲੀ ਨਾਲ ਭੁੰਨ ਦਿੱਤਾ ਗਿਆ। ਇਸ ਤਰ੍ਹਾਂ ਦੀਆਂ ਮਿਸਾਲਾਂ ਦੇਕੇ ਸੰਤਾਂ ਨੇ ਸਿੱਖਾਂ ਦੇ ਦਿਲਾਂ ਅੰਦਰ ਹਾਕਮ ਜਮਾਤ ਦੇ ਵਿਤਕਰਿਆਂ ਵਿਰੁੱਧ ਅਹਿਸਾਸ ਪੈਦਾ ਕੀਤਾ।

ਵਿਤਕਰਿਆਂ ਤੇ ਬੇਇਨਸਾਫੀਆਂ ਦਾ ਅਹਿਸਾਸ ਜਿੱਥੇ ਲੋਕਾਂ ਅੰਦਰ ਸਾਵੇਂ ਸਲੂਕ ਤੇ ਇਨਸਾਫ ਦੀ ਭਾਵਨਾ ਪੈਦਾ ਕਰਦਾ ਹੈ, ਉਥੇ ਗ਼ੁਲਾਮੀ ਦਾ ਅਹਿਸਾਸ ਕਿਸੇ ਮਹਿਕੂਮ ਕੌਮ ਦੇ ਲੋਕਾਂ ਦੇ ਦਿਲਾਂ ਅੰਦਰ ਅਜ਼ਾਦੀ ਦੀ ਰੀਝ ਤੇ ਤੜਪ ਪੈਦਾ ਕਰਦਾ ਹੈ। ਭਾਵੇਂ ਕਈ ਵਾਰ ਬੇਇਨਸਾਫੀਆਂ ਦਾ ਅਹਿਸਾਸ ਵੀ ਗੁੱਸੇ ਤੇ ਰੋਹ ਦੇ ਭਾਂਬੜ ਬਾਲ ਦਿੰਦਾ ਹੈ, ਪਰੰਤੂ ਉਹ ਵਕਤ ਦੇ ਹਾਕਮਾਂ ਦੇ ਖਿਲਾਫ ਹੀ ਉਠਦਾ ਹੈ ਅਤੇ ਹਾਕਮ ਜਮਾਤ ਦੀ ਰਾਜ ਪ੍ਰਬੰਧ ਪ੍ਰਣਾਲੀ ਵਿਰੁੱਧ ਨਹੀਂ, ਸਗੋਂ ਉਸ ਤੋਂ ਇਨਸਾਫ ਮਿਲਣ ਦੀ ਆਸ ਬਣੀ ਰਹਿੰਦੀ ਹੈ।

1982 ਦੀ ਪਹਿਲੀ ਛਿਮਾਹੀ ਤਕ ਸੰਤ ਭਿੰਡਰਾਂਵਾਲੇ ਇੰਦਰਾ ਦੀਆਂ ਸਿੱਖ ਮਾਰੂ ਨੀਤੀਆਂ ਨੂੰ ਚੰਗੀ ਤਰ੍ਹਾਂ ਜਾਣ ਚੁੱਕੇ ਸਨ। ਚੰਦੋਕਲਾਂ ਵਿਖੇ ਪੁਲਿਸ ਵਲੋਂ ਉਸ ਦੀਆਂ ਧਰਮ ਪ੍ਰਚਾਰ ਦੀਆਂ ਗੱਡੀਆਂ ਦੀ ਸਾੜਫੂਕ ਕਰਨੀ, ਯੂ.ਪੀ. ਤੇ ਹਰਿਆਣਾ ਦੀ ਪੁਲਿਸ ਵਲੋਂ ਸਿੱਖ ਨੌਜਵਾਨਾਂ ਦੇ ਕੇਸ ਕਤਲ ਕੀਤੇ ਜਾਣੇ, ਸਿੱਖ ਧਾਰਮਿਕ ਅਸਥਾਨਾਂ ਦੀ ਬੇਹੁਰਮਤੀ ਕੀਤੇ ਜਾਣ ਅਤੇ ਯੋਜਨਾਬੱਧ ਢੰਗ ਨਾਲ ਸਿੱਖਾਂ ਨੂੰ ਤਬਾਹ ਕੀਤੇ ਜਾਣ ਦੀਆਂ ਕਈ ਹੋਰ ਘਟਨਾਵਾਂ ਨੇ ਸਿੱਖ ਨਸਲਘਾਤ ਦੇ ਪਲਾਨ ਤੋਂ ਜਾਣੂ ਕਰਾ ਦਿੱਤਾ ਸੀ।

ਸੰਤਾਂ ਨੇ 17 ਅਗਸਤ 1982 ਨੂੰ ਸਿੱਖ ਨੌਜਵਾਨਾਂ ਨੂੰ ਵੰਗਾਰ

ਪਾਈ ਕਿ 'ਸਭ ਸੰਸਾਰਕ ਸੁਖ ਤਿਆਗ ਦਿਓ ਅਤੇ ਆਪਣੀ ਆਤਮ-ਰੱਖਿਆ ਲਈ ਇਕ-ਇਕ ਮੋਟਰ ਸਾਈਕਲ ਅਤੇ ਇਕ-ਇਕ ਰੀਵਾਲਵਰ ਖਰੀਦੋ।' ਉਹਨਾਂ ਨਾਲ ਹੀ ਇਸ ਗੱਲ ਦੀ ਵੀ ਤਾੜਨਾ ਕੀਤੀ ਕਿ ਖਾਲਸਈ ਕਿਰਦਾਰ ਮਾਸੂਮਾਂ ਨੂੰ ਕਤਲ ਕਰਨ ਜਾਂ ਲੁੱਟਾਂ-ਖੋਹਾਂ ਕਰਨ ਦੀ ਇਜਾਜ਼ਤ ਨਹੀਂ ਦਿੰਦਾ। ਸੰਤਾਂ ਨੇ ਹਿੰਦੂਤਵੀਆਂ ਦੇ ਨਾਪਾਕ ਇਰਾਦਿਆਂ ਬਾਰੇ ਸਾਫ ਸ਼ਬਦਾਂ 'ਚ ਦੱਸਿਆ ਕਿ:

'ਹਿੰਦੂ ਸਾਨੂੰ ਗ਼ੁਲਾਮ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹਨ - - - ਸਿੱਖਾਂ ਨੇ ਏਨੀ ਬੇਇਜ਼ਤੀ ਕਦੀ ਨਹੀਂ ਸੀ ਮਹਿਸੂਸ ਕੀਤੀ। ਮੁਗ਼ਲ ਸ਼ਾਹੀ ਤੇ ਸਾਮਰਾਜੀ ਬਰਤਾਨਵੀ ਹਕੂਮਤ ਹੇਠ ਵੀ ਨਹੀਂ।' 20 ਸਤੰਬਰ 1983 ਨੂੰ ਇਕ ਹੋਰ ਤਕਰੀਰ 'ਚ ਸੰਤ ਭਿੰਡਰਾਂਵਾਲੇ ਨੇ ਸਿੱਖਾਂ ਨੂੰ ਚਿਤਾਵਨੀ ਦਿੱਤੀ ਕਿ 'ਹਥਿਆਰ ਰੱਖਣਾ ਹਰ ਸਿੱਖ ਦਾ ਜਮਾਂਦਰੂ ਹੱਕ ਹੈ। - - ਹਥਿਆਰ ਤੋਂ ਬਿਨਾਂ ਸਿੱਖ ਇੰਜ ਹੈ ਜਿਵੇਂ ਕਿ ਕੋਈ ਲੇਲਾ ਝਟਕੇ ਲਈ ਲਿਜਾਇਆ ਜਾ ਰਿਹਾ ਹੋਵੇ। - - - ਇੰਦਰਾ ਗਾਂਧੀ ਇਕ ਬੜੀ ਚਾਲਾਕ ਔਰਤ ਹੈ - - ਉਹ ਜਾਂ ਤਾਂ ਸਾਰੇ ਸਿੱਖਾਂ ਨੂੰ ਖਤਮ ਕਰ ਦੇਣਾ ਚਾਹੁੰਦੀ ਹੈ ਜਾਂ ਚਾਹੁੰਦੀ ਹੈ ਕਿ ਉਹ ਉਸ ਦੀਆਂ ਚੱਪਲਾਂ ਚੱਟਣ।'

ਸੰਤਾਂ ਨੇ ਸਿਰ 'ਤੇ ਮੰਡਲਾ ਰਹੇ ਖਤਰੇ ਤੋਂ ਕੌਮ ਨੂੰ ਨਾ ਕੇਵਲ ਸਾਵਧਾਨ ਹੀ ਕੀਤਾ ਸਗੋਂ ਸਿੰਘਾਂ ਨੂੰ ਸ਼ਸਤਰਬੱਧ ਹੋਣ ਲਈ ਵੰਗਾਰ ਪਾਈ। ਕ੍ਰਿਪਾਨਾਂ, ਨੇਜ਼ਿਆਂ ਦੇ ਨਾਲ-ਨਾਲ ਰਿਵਾਲਵਰ ਤੇ ਬੰਦੂਕਾਂ ਆਦਿਕ ਸ਼ਸਤਰ ਰੱਖਣੇ ਅਤੇ ਘੋੜਿਆਂ ਦੀ ਬਜਾਏ ਮੋਟਰ ਸਾਈਕਲ ਖਰੀਦਣ ਲਈ ਪ੍ਰੇਰਿਆ। ਸੰਤ ਭਿੰਡਰਾਂਵਾਲੇ ਹਿੰਦੂ ਖਾਸੇ ਨੂੰ ਚੰਗੀ ਤਰ੍ਹਾਂ ਸਮਝ ਚੁੱਕੇ ਸਨ ਅਤੇ ਸਿੱਖ ਨਸਲਕੁਸ਼ੀ ਕੀਤੇ ਜਾਣ ਦੀ ਹਿੰਦੂਤਵੀ ਪਲਾਨ ਦਾ ਉਨ੍ਹਾਂ ਨੂੰ ਪਤਾ ਲੱਗ ਗਿਆ ਸੀ। ਅਸਲ 'ਚ ਇਹ ਗੁਰਮਤਿ ਅਤੇ ਬ੍ਰਿਪਰਵਾਦ ਦੇ ਦੋ ਸਿਧਾਂਤਾਂ ਦੀ ਟੱਕਰ ਸੀ। ਸੰਤ ਭਿੰਡਰਾਂਵਾਲੇ ਗੁਰਮਤਿ ਸਿਧਾਂਤਾਂ ਦੀ ਪ੍ਰਤੀਨਿਧਤਾ ਕਰ ਰਹੇ ਸਨ ਅਤੇ ਇੰਦਰਾ ਗਾਂਧੀ ਬ੍ਰਾਹਮਣਵਾਦ ਦੀ।

ਅਕਾਲੀ ਲੀਡਰ 13 ਅਪ੍ਰੈਲ 1983 ਤੋਂ ਮਈ 1983 ਦਰਮਿਆਨ ਮੰਜੀ ਸਾਹਿਬ ਸਟੇਜ ਤੋਂ ਸਹੁੰਆਂ ਖਾ ਕੇ ਬਾਰ-ਬਾਰ ਇਹ ਐਲਾਨ ਕਰਦੇ ਰਹੇ ਕਿ ਦਰਬਾਰ ਸਾਹਿਬ 'ਤੇ ਹਮਲੇ ਦੀ ਸੂਰਤ 'ਚ ਅਸੀਂ ਆਪਣੀਆਂ ਜਾਨਾਂ ਵਾਰ ਦਿਆਂਗੇ ਅਤੇ ਫੌਜ ਨੂੰ ਸਾਡੀਆਂ ਲਾਸ਼ਾਂ ਤੋਂ ਲੰਘਣਾ ਪਏਗਾ। ਜਦ ਹਮਲਾ ਹੋਇਆ ਤਾਂ ਸੁਰਜੀਤ ਸਿੰਘ ਬਰਨਾਲਾ, ਰਵੀਇੰਦਰ ਸਿੰਘ, ਪ੍ਰਕਾਸ਼ ਸਿੰਘ ਬਾਦਲ, ਬਲਵੰਤ ਸਿੰਘ ਵਰਗੇ ਕਾਇਰ ਆਪਣੇ ਏਅਰ-ਕੰਡੀਸ਼ਨਰ ਘਰਾਂ 'ਚ ਜਾ ਛੁਪੇ ਸਨ। ਲੌਂਗੋਵਾਲ, ਟੌਹੜਾ,

ਰਾਮੂਵਾਲੀਆ ਅਤੇ ਕੁਝ ਹੋਰ ਚਮਚੇ ਸਰਕਾਰ ਦੇ ਹੁਕਮ ਮੁਤਾਬਕ 'ਦਰਬਾਰ ਸਾਹਿਬ ਸਮੂਹ' ਸ਼੍ਰੋਮਣੀ ਕਮੇਟੀ ਦੇ ਦਫਤਰ 'ਚ ਫੌਜ ਦੀ ਇੰਤਜ਼ਾਰ ਕਰਦੇ ਰਹੇ। 6 ਜੂਨ ਨੂੰ ਜਦ ਫੌਜ ਉਨ੍ਹਾਂ ਨੂੰ ਲੱਭਦੀ-ਲੱਭਦੀ ਆਈ 'ਤਾਂ ਹੱਥ ਖੜ੍ਹੇ ਕਰਕੇ ਉਨ੍ਹਾਂ ਕਾਇਰਾਂ ਆਤਮ ਸਮਰਪਣ ਕੀਤਾ। ਸਿੱਖ ਕੌਮ ਦੇ ਗ਼ਦਾਰ ਲੌਂਗੋਵਾਲ ਤੇ ਟੌਹੜੇ ਨੂੰ ਫੌਜੀ ਗੱਡੀ 'ਚ ਬਿਠਾ ਕੇ ਲੈ ਗਏ।

ਸਿੱਖ ਇਤਿਹਾਸ 'ਚ ਇਹ ਪਹਿਲੇ ਵਿਸਾਹਘਾਤਕ ਲੀਡਰ ਹਨ ਜਿਨ੍ਹਾਂ ਖਾਲਸਾ ਪੰਥ ਨਾਲ ਦਗ਼ਾ ਹੀ ਨਹੀਂ ਕੀਤਾ ਸਗੋਂ ਆਪਣੇ ਗੁਰੂ ਦੇ ਦੁਆਰ 'ਤੇ ਹਮਲਾਵਰ ਦੇ ਹੱਥਠੋਕੇ ਬਣਕੇ ਹਰਿਮੰਦਰ ਸਾਹਿਬ 'ਤੇ ਵਹਿਸ਼ੀਆਨਾ ਹਮਲਾ ਕਰਵਾਇਆ ਅਤੇ ਹਮਲਾਵਰਾਂ ਦਾ ਮੁਕਾਬਲਾ ਕਰਨ ਦੀ ਬਜਾਏ ਇਹ ਕਾਇਰ ਤੇ ਬੁਜ਼ਦਿਲ ਅਕਾਲ ਤਖਤ ਨੂੰ ਸ਼ਹੀਦ ਹੁੰਦਾ ਵੇਖਦੇ ਰਹੇ। ਅਕਾਲੀ ਦਲ ਦਾ ਇਤਿਹਾਸ ਜਿੱਥੇ ਸਿੱਖ ਸੰਗਤਾਂ ਦੀਆਂ ਲਾਸਾਨੀ ਕੁਰਬਾਨੀਆਂ ਨਾਲ ਲੱਦਿਆ ਪਿਆ ਹੈ, ਉਥੇ ਅਕਾਲੀ ਲੀਡਰਾਂ ਦੀਆਂ ਵਿਸਾਹਘਾਤਕ ਗ਼ਦਾਰੀਆਂ ਨਾਲ ਵੀ।

ਸੁਪਰ ਇੰਟੈਲੀਜੈਂਸ ਏਜੰਸੀ
(Super Intellegence Agency) ਦਾ ਰੋਲ

ਇੰਦਰਾ ਗਾਂਧੀ ਨੇ ਇਕ ਸੁਪਰ ਇੰਟੈਲੀਜੈਂਸ ਜਥੇਬੰਦੀ ਕਾਇਮ ਕੀਤੀ ਜਿਸ ਦਾ ਕੋਡ-ਨਾਮ 'ਤੀਜੀ ਏਜੰਸੀ' (The Third Agency) ਰੱਖਿਆ ਗਿਆ। ਉਸ ਦਾ ਦਫਤਰ ਬੀਕਾਨੇਰ ਹਾਊਸ, ਸ਼ਾਹਜਹਾਂ ਰੋਡ, ਨਵੀਂ ਦਿੱਲੀ ਬਣਾਇਆ ਗਿਆ। ਇਸ ਏਜੰਸੀ ਨੂੰ ਗੁਪਤ ਰੱਖਣ ਲਈ ਇਸ ਦੇ ਦਫਤਰ ਦੇ ਗੇਟ 'ਤੇ 'ਕੈਬਿਨੈਟ ਸਕੱਤਰੇਤ (ਸੁਰੱਖਿਆ) ਦਾ ਬੋਰਡ ਟੰਗ ਦਿੱਤਾ ਗਿਆ ਸੀ। ਇਸ ਏਜੰਸੀ ਦਾ ਅਸਲ ਨਾਂ ਰਿਸਰਚ ਐਂਡ ਅਨੈਲਿਸਿਸ ਵਿੰਗ' ਰਾਅ (RAW) ਸੀ। ਇਸ ਦੇ ਹੈਡ ਕੁਆਟਰ 'ਚ ਆਰ.ਐਨ.ਕਾਓ, ਐਨ.ਐਫ.ਸੰਤੂਕ ਅਤੇ ਆਰ.ਸ਼ੰਕਰਨ ਨਾਇਰ ਮੁੱਖੀ ਰਹੇ। ਇੰਦਰਾ ਗਾਂਧੀ ਇਸ 'ਤੇ ਖੁਦ ਨਜ਼ਰ ਰੱਖਦੀ ਹੁੰਦੀ ਸੀ ਜਿਸ ਦਾ ਮੁੱਖ ਸਹਾਇਕ ਰਾਜੀਵ ਗਾਂਧੀ ਸੀ।

ਇੰਦਰਾ ਗਾਂਧੀ, ਰਾਜੀਵ ਅਤੇ ਥਰਡ ਏਜੰਸੀ ਵਲੋਂ ਸਿੱਖ ਨਸਲਕੁਸ਼ੀ ਦੀ ਮਿਥੀ ਪਲਾਨ ਮੁਤਾਬਕ ਹੀ ਸਾਰੀ ਖੇਡ ਖੇਡੀ ਜਾਂਦੀ ਰਹੀ। 1981 ਤੋਂ 1984 ਤਕ ਥਰਡ ਏਜੰਸੀ ਦੇ ਵੱਖ-ਵੱਖ ਅਫਸਰ ਪੰਜਾਬ ਅੰਦਰ ਸਰਗਰਮ ਰਹੇ ਅਤੇ ਖੁਫੀਆ ਕਾਰਵਾਈਆਂ ਕਰਦੇ ਰਹੇ ਜਿਨ੍ਹਾਂ ਦੀਆਂ ਥੋੜੇ ਚਿਰ ਮਗਰੋਂ ਅਦਲਾ-ਬਦਲੀਆਂ ਕੀਤੀਆਂ ਜਾਂਦੀਆਂ ਰਹੀਆਂ ਤਾਂ ਜੋ ਉਨ੍ਹਾਂ ਦੀਆਂ ਕਾਰਵਾਈਆਂ ਜ਼ਾਹਰ ਨਾ ਹੋ ਜਾਣ। ਇਸ ਪਲਾਨ ਨੂੰ ਸਿਰੇ ਚਾੜ੍ਹਨ ਲਈ ਹੀ ਪੰਜਾਬ ਦੇ ਗਵਰਨਰਾਂ, ਖੁਫੀਆ ਵਿਭਾਗਾਂ ਦੇ ਅਫਸਰਾਂ ਅਤੇ ਪੰਜਾਬ ਦੇ ਪੁਲਿਸ ਮੁੱਖੀਆਂ ਦੀ ਵੀ ਅਦਲਾ -ਬਦਲੀਆਂ ਹੁੰਦੀਆਂ ਰਹੀਆਂ। ਲੋੜ ਅਨੁਸ਼ਾਰ ਪੁਲਿਸ ਮੁੱਖੀ ਵੀ ਬੜੀ ਕਾਹਲੀ ਨਾਲ ਲਾਏ ਜਾਂਦੇ ਰਹੇ ਅਤੇ ਬਦਲੇ ਜਾਂਦੇ ਰਹੇ।

1980 'ਚ ਜੀ.ਐਸ.ਮਿਸ਼ਰਾ ਨੂੰ ਪੰਜਾਬ, ਜੰਮੂ-ਕਸ਼ਮੀਰ ਅਤੇ ਰਾਜਸਥਾਨ ਦਾ ਮੁੱਖੀ ਬਣਾਇਆ ਗਿਆ ਅਤੇ ਕਰਨਲ ਲਾਂਗਰ ਨੂੰ ਇਸ ਦਾ ਸਹਾਇਕ ਬਣਾਇਆ ਗਿਆ ਜਿਹੜਾ ਕਿ ਖੁਫੀਆ ਸਾਜ਼ਸ਼ਾਂ ਘੜਨ, ਨੇਪਰੇ ਚਾੜ੍ਹਨ ਅਤੇ ਖੁਫੀਆ ਕਤਲ ਕਰਨ ਕਰਵਾਉਣ 'ਚ ਮਾਹਰ ਮੰਨਿਆ ਜਾਂਦਾ ਸੀ। ਕਰਨਲ ਲਾਂਗਰ ਐਮਰਜੈਂਸੀ ਦੌਰਾਨ ਇੰਦਰਾ ਗਾਂਧੀ ਦੇ ਇੰਟੈਲੀਜੈਂਸ ਵਿੰਗ ਦੀ ਰਾਜਸੀ ਸ਼ਾਖਾ ਦਾ ਮੁੱਖੀ ਰਹਿ ਚੁੱਕਾ ਹੋਣ ਕਰਕੇ ਉਹ ਇੰਦਰਾ ਦਾ ਖਾਸ ਵਿਸ਼ਵਾਸ ਪਾਤਰ ਬਣ ਸਕਿਆ।

ਮਾਰ-ਧਾੜ ਦੀਆਂ ਖੁਫੀਆ ਸਕੀਮਾਂ ਬਣਾਉਣ ਤੇ ਨੇਪਰੇ ਚਾੜ੍ਹਨ 'ਚ ਨਿਪੁੰਨ ਐਚ.ਐਸ.ਕ੍ਰਿਪਲਾਨੀ ਨੂੰ ਪੰਜਾਬ ਦਾ ਮੁੱਖੀ ਬਣਾਇਆ

ਗਿਆ ਅਤੇ ਥਰਡ ਏਜੰਸੀ ਦੇ ਕਾਤਲਾਂ ਦੇ ਟੋਲਿਆਂ ਦਾ ਵੀ ਮੁੱਖੀ ਬਣਾ ਦਿੱਤਾ ਗਿਆ ਸੀ। 1980-81 ਦੌਰਾਨ ਥਰਡ ਏਜੰਸੀ ਦਾ ਜੋਧਪੁਰ 'ਚ ਤਾਇਨਾਤ ਅਸਿਸਟੈਂਟ ਡਾਇਰੈਕਟਰ ਰਬਿੰਦਰ ਓਹਰੀ ਪੰਜਾਬ ਦੇ ਕ੍ਰਿਪਲਾਨੀ ਨਾਲ ਤਾਲਮੇਲ ਰੱਖਦਾ ਰਿਹਾ ਸੀ। ਉਸ ਤੋਂ ਬਾਅਦ ਐਨ.ਬੀ.ਰਾਓ ਨੂੰ ਜੋਧਪੁਰ ਲਾਇਆ ਗਿਆ। ਉਸ ਮਗਰੋਂ 1982 'ਚ ਆਰ.ਐਨ.ਗੁਪਤਾ ਦਸੰਬਰ 1983 ਤਕ ਰਿਹਾ, ਜਿਸ ਨੇ ਖੁਫੀਆ ਕਾਰਵਾਈਆਂ ਦੇ ਨਾਲ ਨਾਲ ਪੰਜਾਬ ਅੰਦਰ ਵੱਡੇ ਪੈਮਾਨੇ 'ਤੇ ਹਥਿਆਰਾਂ ਦੀ ਦਰਾਮਦ ਵੀ ਕਰਵਾਈ। ਰਾਅ ਦਾ ਏ.ਆਈ. ਵਾਸਾਵਾੜਾ ਨਾਂ ਦਾ ਇਕ ਅਫਸਰ 1982 ਦੇ ਅੱਧ ਤਕ ਅੰਮ੍ਰਿਤਸਰ ਦਾ ਮੁੱਖੀ ਰਿਹਾ। ਇਸ ਮਗਰੋਂ 1982 'ਚ ਐਮ.ਕੇ.ਤ੍ਰਿਪਾਠੀ ਨੇ ਅਹੁਦਾ ਸੰਭਾਲਿਆ, ਜਿਸ ਨੂੰ 3 ਮਈ 1984 ਨੂੰ ਉਥੋਂ ਹਟਾ ਲਿਆ ਗਿਆ ਸੀ।

ਥਰੱਡ ਏਜੰਸੀ ਸਬੰਧੀ ਸੰਖੇਪ ਜਾਣਕਾਰੀ

ਸਿੱਖ ਨਸਲਕੁਸ਼ੀ ਦੇ ਪਲਾਨ ਨੂੰ ਸਿਰੇ ਚਾੜ੍ਹੇ ਜਾਣ ਸਬੰਧੀ ਜਾਣਕਾਰੀ ਲਈ ਸਾਨੂੰ ਇੰਦਰਾ ਗਾਂਧੀ ਤੇ ਉਸ ਦੀ ਥਰੜ ਏਜੰਸੀ ਦੇ ਪਿਛੋਕੜ ਨੂੰ ਜਾਨਣ ਦੀ ਲੋੜ ਹੈ। ਇਸ ਥਰਡ ਏਜੰਸੀ ਦੀ ਪੂਰੀ ਜਾਣਕਾਰੀ 'ਸੂਰੀਆ' ਨਾਂ ਦੇ ਮਾਹਵਾਰੀ ਮੈਗਜ਼ੀਨ ਦੇ ਸਤੰਬਰ ਚੁਰਾਸੀ ਦੇ ਪਰਚੇ ਵਿੱਚ ਛਪੀ ਰੀਪੋਰਟ ਤੋਂ ਮਿਲਦੀ ਹੈ, ਜਿਸ ਦਾ ਸਾਰੰਸ਼ ਸ.ਨਰੈਣ ਸਿੰਘ ਜੀ ਨੇ ਆਪਣੀ ਪੁਸਤਕ 'ਕਿਉਂ ਕੀਤੋ ਵੇਸਾਹੁ' ਦੇ ਸਫ਼ਾ 93 'ਤੇ ਛਾਪਿਆ ਹੈ। ਉਹ ਸਾਰੰਸ਼ ਇਸ ਤਰ੍ਹਾਂ ਹੈ-

ਪ੍ਰਧਾਨ ਮੰਤਰੀ (ਇੰਦਰਾ ਗਾਂਧੀ) ਦੀ ਉਪਰਲੇ ਦਰਜੇ ਦੀ ਇੱਕ ਨਿਜੀ ਖ਼ੁਫ਼ੀਆ ਸੰਸਥਾ (Super intelligence organisation) ਸੀ, ਜਿਸ ਦਾ ਕੋਡ ਨਾਂ ਥਰਡ ਏਜੰਸੀ (Third Agency) ਦੱਸਿਆ ਜਾਂਦਾ ਹੈ ਅਤੇ ਜਿਸਦਾ ਆਪਣਾ ਦਫ਼ਤਰ ਬੀਕਾਨੇਰ ਹਾਊਸ ਨਵੀਂ ਦਿੱਲੀ ਵਿੱਚ ਹੈ। ਇਸ ਥਰਡ ਏਜੰਸੀ ਵਲੋਂ ਪ੍ਰਭੂਦਿਆਲ ਸਿੰਘ ਨਾਂ ਦੇ ਆਪਣੇ ਇੱਕ ਅਫ਼ਸਰ ਨੂੰ ਪਾਕਿਸਤਾਨ ਤੋਂ ਹਥਿਆਰ ਸਮੱਗਲ ਕਰਾਉਣ ਦਾ ਕੰਮ ਸੌਂਪਿਆ ਗਿਆ, ਜਿਸ ਨੇ ਇੱਕ ਪਾਸੇ ਤਾਂ ਨਾਚਨਾ (Nachna) ਪਿੰਡ ਦੇ ਪ੍ਰਸਿਧ ਸਮੱਗਲਰ ਸਰਦਾਰਾਂ ਨਾਲ ਗੱਠ-ਜੋੜ ਕਰਕੇ ਅਫ਼ਗਾਨੀ ਮੁਜਾਹਿਦੀਨਾਂ ਤੋਂ ਦਾਰੂ-ਸਿੱਕਾ ਸਮੱਗਲ ਕਰਨ ਦਾ ਪ੍ਰਬੰਧ ਕੀਤਾ ਅਤੇ ਦੂਜੇ ਪਾਸੇ ਸੰਤ ਭਿੰਡਰਾਂਵਾਲਿਆਂ ਨਾਲ ਆਪਣੇ ਸਬੰਧ ਕਾਇਮ ਕੀਤੇ।

ਇਸ ਪਲਾਨ ਨੂੰ ਸਿਰੇ ਚਾੜ੍ਹਨ ਲਈ ਸੰਨ 1980-81 ਵਿੱਚ ਇਸ ਏਜੰਸੀ ਦੇ ਸਹਾਇਕ ਡਾਇਰੈਕਟਰ ਮਿਸਟਰ ਰਾਬਿੰਦਰ ਉਹਰੀ ਅਤੇ ਉਸ ਮਗਰੋਂ ਯੂ.ਐਨ.ਬੀ.ਰਾਓ ਕੰਮ ਕਰਦੇ ਰਹੇ ਸਨ। ਉਹਨਾਂ ਨੇ ਪ੍ਰਭੂਦਿਆਲ

ਸਿੰਘ ਰਾਹੀਂ ਇੱਕ ਪਾਸੇ ਤਾਂ ਸਿੱਖ ਸਮੱਗਲਰਾਂ ਨਾਲ ਆਪਣੇ ਸਬੰਧ ਕਾਇਮ ਕੀਤੇ ਹੋਏ ਸਨ ਅਤੇ ਦੂਜੇ ਪਾਸੇ ਸੰਤ ਭਿੰਡਰਾਂਵਾਲਿਆਂ ਨਾਲ। ਸੰਨ 1982 ਦੇ ਅੱਧ ਵਿੱਚ ਇਹ ਕੰਮ ਐਮ.ਕੇ.ਤ੍ਰਿਪਾਠੀ ਨੇ ਸੰਭਾਲ ਲਿਆ ਸੀ, ਜਿਸ ਦੇ ਸੰਤ ਭਿੰਡਰਾਂਵਾਲਿਆਂ ਦੇ ਫ਼ੌਜੀ ਸਲਾਹਕਾਰ ਜਨਰਲ ਸੁਬੇਗ ਸਿੰਘ ਨਾਲ ਚੰਗੇ ਸਬੰਧ ਸਨ। ਤ੍ਰਿਪਾਠੀ ਅਕਸਰ ਦਰਬਾਰ ਸਾਹਿਬ ਆਉਂਦਾ ਰਹਿੰਦਾ ਸੀ ਅਤੇ ਕੁਝ ਜੁਝਾਰੂ ਸਿੰਘਾਂ ਨੂੰ ਵੀ ਮਿਲਦਾ ਹੁੰਦਾ ਸੀ। ਜੂਨ ਦੇ ਵਹਿਸ਼ੀਆਨਾ ਫ਼ੌਜੀ ਹਮਲੇ ਤੋਂ ਇੱਕ ਹਫ਼ਤਾ ਪਹਿਲਾਂ ਉਹ ਗੁਰੂ ਰਾਮਦਾਸ ਦੀ ਲੰਗਰ ਇਮਾਰਤ ਵਿੱਚ ਰਹਿ ਗਿਆ ਸੀ ਅਤੇ ਉਸ ਨੇ ਚੰਗੀ ਤਰ੍ਹਾਂ ਤਸੱਲੀ ਕਰ ਲਈ ਸੀ ਕਿ ਹਮਲੇ ਦਾ ਮਿਸ਼ਨ ਮਿਥੇ ਨਿਸ਼ਾਨੇ ਮੁਤਾਬਕ ਕਾਮਯਾਬ ਹੋਵੇਗਾ।

ਭਾਰਤ ਵਿੱਚ ਇਕੋ ਖ਼ਾਨਦਾਨ ਦੇ ਹਾਕਮ ਬਣੇ ਰਹਿਣ ਨਾਲ ਇਥੋਂ ਦੀ ਸਿਆਸਤ ਵਿੱਚ ਇੱਕ ਖ਼ਤਰਨਾਕ ਮੋੜ ਆਇਆ। ਇੰਦਰਾ ਗਾਂਧੀ ਲੋਕਾਂ ਸਾਹਮਣੇ ਤਾਂ ਜਮਹੂਰੀਅਤ ਦਾ ਬੁਰਕਾ ਪਾ ਲੈਂਦੀ ਸੀ, ਪਰ ਅਸਲ ਵਿੱਚ ਉਹ ਰੋਮਾਨੀਆ ਦੇ ਡਿਕਟੇਟਰ ਚਾਚਸਕੂ ਵਾਂਗ ਇੱਕ ਬੜੀ ਜ਼ਾਲਮ ਡਿਕਟੇਟਰ ਸੀ। ਉਸ ਆਪਣੀ ਨਿੱਜੀ ਗੁਪਤ ਥਰਡ ਏਜੰਸੀ ਕਾਇਮ ਕੀਤੀ ਹੋਈ ਸੀ, ਜਿਹੜੀ ਦੇਸ਼ ਵਿੱਚ ਕਿਸੇ ਵੀ ਵਿਰੋਧੀ ਨੂੰ, ਕਿਸੇ ਵਕਤ ਵੀ ਚੁੱਪ ਕਰਾ ਸਕਣ ਵਾਲੀ ਸ਼ਕਤੀਸ਼ਾਲੀ ਗੁਪਤ ਪੁਲਸ ਦਾ ਮਾਡੀਆ ਸੀ। ਇਸ ਏਜੰਸੀ ਨੂੰ ਪ੍ਰਧਾਨ ਮੰਤਰੀ ਵਲੋਂ ਦੇਸ਼ ਦੀ ਸਾਰੀ ਹਕੂਮਤ ਨਾਲ ਲੋੜੀਂਦਾ ਤਾਲ-ਮੇਲ ਰੱਖ ਸਕਣ ਦੀ ਪੂਰੀ ਖੁਲ੍ਹ ਸੀ। ਇੰਦਰਾ ਦੀ ਥਰਡ ਏਜੰਸੀ ਹਿਟਲਰ ਦੇ ਖੁਫ਼ੀਆ ਵਿਭਾਗ ਨੂੰ ਵੀ ਮਾਤ ਪਾ ਗਈ।

ਅਰਬਾਂ-ਖਰਬਾਂ ਦੀ ਸਮੱਗਲਿੰਗ ਦੀ ਆਮਦਨ ਤੋਂ ਬਿਨਾਂ ਧਨਾਢ ਕਾਰਖਾਨੇਦਾਰਾਂ ਤੋਂ ਆਏ ਗੁਪਤ ਚੰਦੇ ਵੀ ਇਸ ਦੀ ਤਜੌਰੀ ਵਿੱਚ ਜਾਂਦੇ ਸਨ। ਇਹ ਐਨ ਰੁਮਾਨੀਆ ਦੇ ਪ੍ਰਧਾਨ ਦੀ ਗੁਪਤ ਪੁਲਸ ਦੀਆਂ ਲੀਹਾਂ 'ਤੇ ਕਾਇਮ ਕੀਤੀ ਗਈ ਸੀ। ਇਸ ਏਜੰਸੀ ਦੇ ਮੁੱਖ ਕੰਮ-ਹਰ ਪ੍ਰਾਂਤ ਵਿੱਚ ਆਪਣੇ ਅਦਾਰੇ ਕਾਇਮ ਕਰਨੇ, ਕਾਤਲਾਂ ਦੇ ਟੋਲੇ ਤਿਆਰ ਕਰਨੇ, ਆਪਣੀ ਮਰਜ਼ੀ ਦੇ ਲੋੜ ਅਨੁਸਾਰ ਸਿਆਸੀ ਹਾਲਾਤ ਪੈਦਾ ਕਰਨ ਖ਼ਾਤਰ ਸਿਆਸੀ ਕਤਲ ਕਰਨੇ ਤੇ ਕਰਾਉਣੇ, ਸਮੱਗਲਿੰਗ ਕਰਨੀ ਤੇ ਕਰਾਉਣੀ, ਡਾਕੇ ਮਾਰਨੇ ਤੇ ਮਰਵਾਉਣੇ, ਆਦਿਕ ਸ਼ਾਮਲ ਸਨ। ਭਾਰਤ ਅੰਦਰ ਸਿੱਖ ਵਿਰੋਧੀ ਹਾਲਾਤ ਪੈਦਾ ਕਰਨ ਲਈ ਅਤੇ ਸਿੱਖਾਂ ਨੂੰ ਬਦਨਾਮ ਕਰਨ ਲਈ ਪੰਜਾਬ ਵਿੱਚ ਹਿੰਦੂਆਂ ਦੇ ਸਾਰੇ ਸਿਆਸੀ ਕਤਲ ਇਸੇ ਥਰਡ ਏਜੰਸੀ ਰਾਹੀਂ ਕਰਵਾਏ ਗਏ ਸਨ ਅਤੇ

ਮੜ੍ਹ ਦਿੱਤੇ ਗਏ ਸਨ ਜੁਝਾਰੂਆਂ ਦੇ ਨਾਂ ਨਾਲ।

ਥਰਡ ਏਜੰਸੀ ਨੇ ਡਾਕਿਆਂ ਤੇ ਕਤਲਾਂ ਲਈ ਆਪਣੇ ਯੂਨਿਟ ਤਿਆਰ ਕੀਤੇ ਹੋਏ ਸਨ। ਸੀ.ਆਰ.ਪੀ.ਅਤੇ ਬੀ.ਐਸ.ਐਫ਼.ਨਾਲ ਇਹਨਾਂ ਯੂਨਿਟਾਂ ਦਾ ਤਾਲ-ਮੇਲ ਸੀ। ਡਾਕੇ ਤੇ ਕਤਲ ਕਰਨ ਮਗਰੋਂ ਸੀ.ਆਰ.ਪੀ.ਉਹਨਾਂ ਕਾਤਲਾਂ ਨੂੰ ਆਪਣੀਆਂ ਜੀਪਾਂ ਵਿੱਚ ਬਿਠਾ ਕੇ ਆਪਣੀਆਂ ਬੈਰਕਾਂ ਵਿੱਚ ਪਨਾਹ ਦੇਣ ਲਈ ਤੱਤਪਰ ਰਹਿੰਦੀ ਸੀ। ਥਰਡ ਏਜੰਸੀ ਦਾ 'ਆਰ.ਐਸ.ਐਸ' ਤੇ 'ਸ਼ਿਵ ਸੈਨਾ' ਆਦਿਕ ਹਿੰਦੂ ਫ਼ਿਰਕੂ ਨੀਮ ਫ਼ੌਜੀ ਜਥੇਬੰਦੀਆਂ ਨਾਲ ਵੀ ਤਾਲ-ਮੇਲ ਸੀ,ਪਰ ਇਸ ਦੇ ਇਹਨਾਂ ਯੂਨਿਟਾਂ ਦਾ ਪੰਜਾਬ ਪੁਲਸ ਨਾਲ ਕੋਈ ਤਾਲ-ਮੇਲ ਨਹੀਂ ਸੀ। ਉੱਜ ਪੰਜਾਬ ਪੁਲਸ ਨੂੰ ਥਰਡ ਏਜੰਸੀ ਦੀ ਸੂਹ ਲਗ ਗਈ ਸੀ,ਪਰ ਉਸ ਨੂੰ ਚੁੱਪ ਕਰਾ ਦਿੱਤਾ ਗਿਆ ਸੀ।

ਪੰਜਾਬ ਅੰਦਰ ਕਾਨੂੰਨ ਦੀ ਸਥਾਪਤੀ ਦੀ ਜ਼ਿਮੇਵਾਰੀ ਪੰਜਾਬ ਪੁਲਸ ਦੀ ਸੀ,ਪਰ ਸੀ.ਆਰ.ਪੀ.ਦਾ ਇਸ ਥੱਲੇ ਕੰਮ ਕਰਨਾ ਤਾਂ ਦੂਰ ਦੀ ਗੱਲ ਹੈ,ਉਹ ਤਾਂ ਇਸ ਨਾਲ ਮਿਲ ਕੇ ਵੀ ਕੰਮ ਨਹੀ ਸੀ ਕਰਦੀ। ਸੀ.ਆਰ.ਪੀ ਆਪਣੇ ਗੁਪਤ ਅਫ਼ਸਰਾਂ ਤੋਂ ਹੁਕਮ ਲੈਂਦੀ ਅਤੇ ਉਹਨਾਂ ਦੀ ਹੀ ਪਾਲਣਾ ਕਰਦੀ। ਇਹ 'ਸ਼ਿਵ ਸੈਨਾ' ਤੇ ਆਰ.ਐਸ.ਐਸ.ਦੇ ਮੁਜਰਮਾਂ ਨੂੰ ਵੀ ਆਪਣੀਆਂ ਬੈਰਕਾਂ ਵਿੱਚ ਪਨਾਹ ਦੇਂਦੀ ਰਹੀ। ਜਦ ਕਦੀ ਪੰਜਾਬ ਪੁਲਸ ਉਹਨਾਂ ਮੁਜਰਮਾਂ ਦੀ ਮੰਗ ਕਰਦੀ,ਤਾਂ ਜਵਾਬ ਦੇਂਦੇ ਕਿ 'ਯਿਹ ਹਮਾਰੇ ਹਿੰਦੂ ਭਾਈ ਹੈਂ'।

ਅੰਮ੍ਰਿਤਸਰ ਦੀ ਇੱਕ ਘਟਨਾ ਵਿੱਚ ਪੰਜਾਬ ਪੁਲਸ ਨੇ ਕਰਫ਼ਿਊ ਦੀ ਉਲੰਘਣਾ ਕਰਨ ਦੇ ਦੋਸ਼ ਵਿੱਚ 38 ਬੰਦੇ ਪਕੜ ਕੇ ਹਵਾਲਾਤ ਵਿੱਚ ਬੰਦ ਕਰ ਦਿੱਤੇ,ਕਿਉਂਕਿ ਉਹ ਲੁੱਟ-ਮਾਰ ਕਰਦਿਆਂ ਪਕੜੇ ਗਏ ਸਨ। ਸੀ.ਆਰ.ਪੀ.ਦੇ ਇੱਕ ਦਸਤੇ ਨੇ ਉਸ ਥਾਣੇ ਉਤੇ ਹਮਲਾ ਕੀਤਾ, ਡਿਊਟੀ 'ਤੇ ਤਾਇਨਾਤ ਪੰਜਾਬ ਪੁਲਸ ਅਫ਼ਸਰਾਂ ਦੀ ਮਾਰ-ਕੁੱਟ ਕੀਤੀ ਅਤੇ ਉਹਨਾਂ ਲੁਟੇਰਿਆਂ ਨੂੰ ਛੁਡਾ ਕੇ ਲੈ ਗਈ, ਕਿਉਂਕਿ ਉਹ ਲੁਟੇਰੇ ਸਿਵਲੀਅਨ ਕਪੜਿਆਂ ਵਿੱਚ ਉਹਨਾਂ ਦੇ ਹੀ ਬੰਦੇ ਸਨ। ਉਸ ਦਸਤੇ ਉਤੇ ਕਿਸੇ ਕੋਈ ਐਕਸ਼ਨ ਨਾ ਲਿਆ। ਗ਼ੁਲਾਮ ਕੌਮ ਵਿੱਚੋਂ ਚੁਣੀ ਪੁਲਸ ਵੀ ਹਾਕਮਾਂ ਦੀ ਵਿਸ਼ਵਾਸ ਪਾਤਰ ਨਹੀਂ ਹੋਇਆ ਕਰਦੀ।

ਸੀ.ਆਰ.ਪੀ.ਦੇ ਅਧਿਕਾਰਾਂ ਦੀ ਕੋਈ ਸੀਮਾ ਨਹੀਂ ਸੀ। ਡੀ.ਸੀ.ਦੇ ਕਰਫ਼ਿਊ ਪਾਸਾਂ ਨੂੰ ਪਾੜਕੇ ਸੁੱਟ ਦੇਣਾ,ਸਿੱਖ ਪੱਤਰਕਾਰਾਂ ਕੋਲ ਪਾਸ ਹੁੰਦਿਆਂ ਵੀ ਉਹਨਾਂ ਨੂੰ ਕੁਟਾਪੇ ਚਾੜ੍ਹਕੇ ਦੂਰ ਭਜਾ ਦੇਣਾ ਆਦਿਕ ਤਾਂ ਉਹਨਾਂ ਦਾ ਨਾਰਮਲ ਕਾਇਦਾ-ਕਾਨੂੰਨ ਸੀ। ਕਿਸੇ ਵੀ

ਸਿੱਖ ਨੂੰ ਗੋਲੀ ਮਾਰ ਦੇਣ, ਜੇਲ੍ਹ ਵਿੱਚ ਸੁੱਟ ਦੇਣ, ਉਸ ਦੀ ਮਾਰ-ਕੁਟਾਈ ਕਰਨ ਅਤੇ ਤਲਾਸ਼ੀ ਲੈਣ ਦੇ ਪੂਰਨ ਅਧਿਕਾਰ ਹਰ ਸੀ.ਆਰ.ਪੀ. ਦੇ ਜਵਾਨ ਕੋਲ ਸਨ। ਉਹਨਾਂ ਦੀਆਂ ਬੰਦੂਕਾਂ ਦੀਆਂ ਨੋਕਾਂ ਦੇ ਇਸ਼ਾਰਿਆਂ ਨਾਲ ਪੰਜਾਬ ਦਾ ਕਾਇਦੇ-ਕਾਨੂੰਨ ਚੱਲਦਾ ਸੀ। ਜੰਗਲ ਦਾ ਰਾਜ ਸੀ। ਆਪੇ ਜੱਜ, ਆਪੇ ਜੀਊਰੀ ਅਤੇ ਆਪੇ ਜਲਾਦ। ਹੋਰ ਤਾਂ ਹੋਰ, ਕਰਫ਼ਿਊ ਦੌਰਾਨ ਜਦ 'ਸ਼ਿਵ ਸੈਨਾ' ਦੇ ਫ਼ਿਰਕੂ ਗੁੰਡੇ ਸਿੱਖਾਂ ਦੀਆਂ ਲੁੱਟਾਂ-ਖੋਹਾਂ ਕਰਦੇ, ਦੁਕਾਨਾਂ ਸਾੜਦੇ ਅਤੇ ਸਿੱਖਾਂ ਨੂੰ ਛੁਰੇ ਮਾਰਦੇ ਸਨ, ਸੀ.ਆਰ.ਪੀ. ਦੇ ਜਵਾਨ ਤਮਾਸ਼ਾ ਵੇਖਦੇ ਖੜ੍ਹੇ ਰਹਿੰਦੇ ਸਨ, ਕਿਉਂਕਿ ਸਿੱਖਾਂ ਨੂੰ ਵੱਧ ਤੋਂ ਵੱਧ ਮਰਵਾਉਣਾ ਹੀ ਉਹਨਾਂ ਦੀ ਡਿਊਟੀ ਸੀ। ਸਿੱਖਾਂ ਵਿਰੁਧ ਉਕਸਾ-ਭੜਕਾ ਕੇ ਹੀ ਦੂਜਿਆਂ ਸੂਬਿਆਂ ਤੋਂ ਉਹ ਜਵਾਨ ਲਿਆਂਦੇ ਗਏ ਸਨ। ਸੰਨ 1981 ਵਿੱਚ ਪੱਤਰਕਾਰ ਸ੍ਰ: ਹਰਬੀਰ ਸਿੰਘ ਭੰਵਰ ਨੇ ਦੋ ਜਵਾਨਾਂ ਦੀ ਆਪਸੀ ਬਾਤਚੀਤ ਜੋ ਰਿਕਾਰਡ ਕੀਤੀ, ਉਹ ਇਸ ਗੱਲ ਦੀ ਪੁਸ਼ਟੀ ਕਰਦੀ ਹੈ -

'ਹਮੇਂ ਯਿਹ ਕਹਿ ਕਰ ਲਾਏ ਥੇ ਕਿ ਸਿੱਖ ਹਿੰਦੂ ਕੋ ਮਾਰ ਰਹਾ ਹੈ। ਯਹਾਂ ਤੋ ਕੋਈ ਐਸੀ ਬਾਤ ਨਹੀਂ। ਏਕ ਸਕੂਟਰ ਚਲਾ ਰਿਹਾ ਹੈ, ਤੋ ਦੂਸਰਾ ਉਸ ਕੇ ਪੀਛੇ ਬੈਠਾ ਹੈ।'

ਸਿੱਖ ਨਸਲਕੁਸ਼ੀ ਕਰਨ ਲਈ ਚਾਣਕੀਆ ਨੀਤੀ ਦੇ ਝੂਠ-ਫਰੇਬ-ਦਗ਼ਾਬਾਜ਼ੀ ਦੇ ਹਥਿਆਰ ਦੀ ਖੁਲ੍ਹ ਕੇ ਵਰਤੋਂ ਕੀਤੀ ਗਈ। ਕਹਿਣਾ ਹੋਰ ਤੇ ਕਰਣਾ ਕੁਝ ਹੋਰ ਦੇ ਹਿੰਦੂ ਖਾਸੇ ਮੁਤਾਬਕ ਸਭ ਨੂੰ ਧੋਖੇ 'ਚ ਰੱਖਿਆ ਗਿਆ। ਇੰਦਰਾ ਗਾਂਧੀ ਨੇ ਤੇ ਗ੍ਰਹਿ ਮੰਤਰੀ ਪੀ.ਸੀ. ਸੇਠੀ ਨੇ ਖੁਲ੍ਹੇਆਮ ਪਾਰਲੀਮੈਂਟ ਦੇ ਦੋਹਾਂ ਸਦਨਾਂ ਨੂੰ ਕੁਝ ਹੀ ਦਿਨ ਪਹਿਲਾਂ ਹਮਲਾ ਨਾ ਕਰਨ ਦਾ ਭਰੋਸਾ ਦਿਵਾਇਆ ਸੀ ਜਦ ਕਿ ਛੇ ਮਹੀਨੇ ਪਹਿਲਾਂ ਤੋਂ ਫੌਜੀ ਹਮਲੇ ਦੀਆਂ ਮਸ਼ਕਾਂ ਕਰ ਰਹੇ ਸਨ।

ਇੰਦਰਾ ਗਾਂਧੀ ਨੇ 2 ਜੂਨ ਨੂੰ ਟੀ.ਵੀ. ਤੇ ਰੇਡੀਓ ਤੋਂ ਬੋਲਦਿਆਂ ਕਿਹਾ ਕਿ ਉਸ ਨੇ ਪੰਜਾਬ ਸੰਕਟ ਨੂੰ ਹੱਲ ਕਰਨ ਦੀ ਬਹੁਤ ਕੋਸ਼ਿਸ਼ ਕੀਤੀ ਪਰ ਅਕਾਲੀ ਮਸਲੇ ਨੂੰ ਲਮਕਾਉਣ ਦੇ ਹੱਥਕੰਡੇ ਅਪਨਾਉਂਦੇ ਰਹੇ। ਕਿਤਨਾ ਕੋਰਾ ਝੂਠ! ਸਮਝੌਤੇ ਕਰ ਕੇ ਆਪ ਪਿੱਛੇ ਹਟ ਜਾਂਦੀ ਰਹੀ, ਜਿਸ ਦੇ ਗਵਾਹ ਅੱਜ ਵੀ ਮੌਜੂਦ ਹਨ।

'ਅੰਮ੍ਰਿਤਸਰ: ਸ਼੍ਰੀਮਤੀ ਗਾਂਧੀ ਦੀ ਅੰਤਲੀ ਲੜਾਈ' ਦੇ ਲੇਖਕ ਮਾਰਕ ਟੱਲੀ ਨੇ ਆਪਣੀ ਪੁਸਤਕ ਦੇ ਸਫਾ 84 'ਤੇ ਲਿਖਿਆ ਹੈ ਕਿ ਉਸ ਨੂੰ ਹਰਕਿਸ਼ਨ ਸਿੰਘ ਸੁਰਜੀਤ ਸਿੰਘ ਨੇ ਦੱਸਿਆ ਕਿ 'ਛੇ ਮਹੀਨਿਆਂ 'ਚ ਤਿੰਨ ਵਾਰ ਸਮਝੌਤੇ ਤੇ ਪਹੁੰਚਿਆ ਗਿਆ ਅਤੇ ਤਿੰਨੇ ਵਾਰ ਪ੍ਰਧਾਨ ਮੰਤਰੀ (ਇੰਦਰਾ ਗਾਂਧੀ) ਮੁੰਹ ਮੋੜ ਗਈ। ਹਰ ਵਾਰ ਸਿੱਖਾਂ

ਨਾਲ ਸਮਝੌਤੇ ਨਾਲੋਂ, ਹਰਿਆਣੇ ਦੇ ਹਿੰਦੂਆਂ ਦੇ ਹਿਤ ਉਸ ਦੇ ਮਨ ਤੇ ਭਾਰੂ ਰਹਿੰਦੇ ਸਨ।'

1 ਜੂਨ 84 ਨੂੰ ਪੰਜਾਬ ਅੰਦਰ ਫੌਜ ਦੀਆਂ ਘੱਟੋ ਘੱਟ ਸੱਤ ਡਵੀਜ਼ਨਾਂ ਤਾਇਨਾਤ ਕੀਤੀਆਂ ਜਾ ਚੁੱਕੀਆਂ ਸਨ ਜਿਨ੍ਹਾਂ ਨੇ ਵਹਿਸ਼ੀਆਨਾ ਹਮਲੇ ਦੇ ਪਲਾਨ ਮੁਤਾਬਕ ਆਪੋ ਆਪਣੀਆਂ ਨਿਰਧਾਰਤ ਪੁਜ਼ੀਸ਼ਨਾਂ ਸੰਭਾਲ ਲਈਆਂ ਸਨ। ਅਕਾਲੀ ਦਲ ਵਲੋਂ ਨਾ- ਮਿਲਵਰਤਣ ਲਹਿਰ ਦੇ ਸੱਦੇ ਨੂੰ ਹਮਲਾ ਕਰਨ ਦਾ ਬਹਾਨਾ ਬਣਾਇਆ ਗਿਆ। ਇਹ ਸੱਦਾ ਕੇਂਦਰ ਦੇ ਇਸ਼ਾਰੇ 'ਤੇ ਹੀ ਖੁਫੀਆ ਏਜੰਸੀ ਰਾਹੀਂ ਜਾਣ ਬੁਝ ਕੇ ਅਕਾਲੀਆਂ ਵਲੋਂ ਦਿਵਾਇਆ ਗਿਆ ਸੀ ਤਾਂ ਜੋ ਇੰਦਰਾ ਆਪਣੇ ਫੌਜੀ ਹਮਲੇ ਨੂੰ ਜਾਇਜ਼ ਠਹਿਰਾ ਸਕੇ।

ਬ੍ਰਾਹਮਣਵਾਦੀਆਂ ਦਾ ਇਹ ਖਾਸਾ ਹੈ ਕਿ ਇਹਨਾਂ ਦੇ ਮਨ ਵਿੱਚ ਕੁਝ ਹੋਰ ਹੁੰਦਾ ਹੈ, ਕਹਿੰਦੇ ਕੁਝ ਹੋਰ ਹਨ ਅਤੇ ਕਰਦੇ ਕੁਝ ਹੋਰ। ਗੰਗੂ ਬ੍ਰਾਹਮਣ ਦੇ ਖਾਨਦਾਨ ਨਾਲ ਸਬੰਧਤ ਭਾਰਤ ਦੀ ਪ੍ਰਧਾਨ ਮੰਤਰੀ ਮੱਕਾਰ ਇੰਦਰਾ ਗਾਂਧੀ ਆਪਣੇ ਸਭ ਪੂਰਬਲੇ ਵਡੇਰਿਆਂ ਨੂੰ ਇਸ ਪੱਖੋਂ ਪਿੱਛੇ ਛੱਡ ਗਈ। 2 ਜੂਨ ਦੀ ਸ਼ਾਮ ਨੂੰ ਇੰਦਰਾ ਵਲੋਂ ਆਲ ਇੰਡੀਆ ਰੇਡੀਓ ਤੋਂ ਦੇਸ ਦੀ ਜਨਤਾ ਨੂੰ ਸੰਬੋਧਨ ਕਰਦਿਆਂ ਸਿੱਖ ਕੌਮ ਦੇ ਸੰਘਰਸ਼ ਕਾਰਨ ਦੇਸ਼ ਸਾਹਮਣੇ ਪੈਦਾ ਹੋਈ ਨਾਜ਼ਕ ਤੇ ਭਿਆਨਕ ਤਸਵੀਰ ਪੇਸ਼ ਕੀਤੀ ਗਈ ਜਿਸ ਦਾ ਸਾਰਾ ਦੋਸ਼ ਅਕਾਲੀਆਂ ਦੇ ਸਿਰ ਮੜ੍ਹਿਆ ਗਿਆ। ਜਿਸ ਦਾ ਮੰਤਵ ਸੀ ਸਿੱਖ ਲੀਡਰਾਂ ਅਤੇ ਸਿੱਖਾਂ ਨੂੰ ਸਾਰੀ ਦੁਨੀਆ 'ਚ ਬਦਨਾਮ ਕਰਨ ਦਾ, ਤਾਂ ਜੋ ਸਿੱਖ ਨਸਲਕੁਸ਼ੀ ਵੇਲੇ ਕੋਈ ਇਹ ਨਾ ਕਹੇ ਕਿ ਕਿਉਂ ਸਿੱਖਾਂ ਦਾ ਘਾਣ ਕੀਤਾ ਜਾ ਰਿਹਾ ਸੀ। ਕਹਿਣਾ ਹੋਰ ਤੇ ਕਰਣਾ ਕੁਝ ਹੋਰ ਹਿੰਦੂਤਵੀਆਂ ਦਾ ਕੌਮੀ ਖਾਸਾ ਹੈ।

ਜਦ ਵਹਿਸ਼ੀ ਫੌਜ ਸਿੱਖ ਨਸਲਕੁਸ਼ੀ ਲਈ ਬਿਲਕੁਲ ਤਿਆਰ ਖੜੀ ਸੀ। ਉਦੋਂ ਵੀ ਇੰਦਰਾ 'ਗੱਲਬਾਤ ਰਾਹੀਂ ਹੱਲ ਕਰਨ' ਦੀ ਫਰੇਬੀ ਪੇਸ਼ਕਸ਼ ਦਾ ਦੰਭ ਕਰਨੋਂ ਨਹੀਂ ਸੀ ਸ਼ਰਮਾਈ। ਅਖੇ 'ਇਸ ਅੰਤਮ ਘੜੀ 'ਤੇ ਵੀ ਮੈਂ ਅਕਾਲੀਆਂ ਨੂੰ ਬੇਨਤੀ ਕਰਦੀ ਹਾਂ ਕਿ ਉਹ ਆਪਣਾ ਅੰਦੋਲਨ ਠੱਪ ਕਰ ਦੇਣ ਅਤੇ ਸਾਡੇ ਵਲੋਂ ਸੁਝਾਏ ਗਏ ਸ਼ਾਂਤਮਈ ਸਮਝੌਤੇ ਦੇ ਚੌਖਟੇ ਨੂੰ ਪਰਵਾਣ ਕਰ ਲੈਣ।' ਜਿਹੜੀ ਡੈਣ ਸਿੱਖਾਂ ਦੇ ਖੂਨ ਦੀ ਪਿਆਸੀ ਸੀ, ਜਿਹੜੀ ਸਿੱਖੀ ਦੀ ਫੱਟੀ ਪੋਚ ਕੇ ਦੁਰਗਾ ਦੇਵੀ ਬਣਨ ਲਈ ਤਾਂਘ ਰਹੀ ਸੀ, ਜਿਹੜੀ ਸਿੱਖਾਂ ਦਾ ਖੂਨ ਡੋਲਣ ਲਈ ਉਤਾਵਲੀ ਸੀ, ਉਸ 2 ਜੂਨ 1984 ਨੂੰ ਰੇਡੀਓ ਤੇ ਟੈਲੀਵਿਯਨ 'ਤੇ ਆਪਣੇ ਭਾਸ਼ਣ ਦਾ ਖੋਖਣ ਇਹਨਾਂ ਸ਼ਬਦਾਂ ਨਾਲ ਖਤਮ ਕੀਤਾ:

'ਖੂਨ ਮਤ ਡੋਹਲੋ, ਨਫਰਤ ਤਿਆਗੋ।'

ਉਪਰੋਕਤ ਭਾਸ਼ਨ ਵਾਲੀ ਰਾਤ ਤੋਂ ਹੀ ਸਾਰੇ ਪੰਜਾਬ ਵਿੱਚ ਜਨਰਲ ਕੁਲਦੀਪ ਸਿੰਘ ਬਰਾੜ ਦੀ ਅਗਵਾਈ ਹੇਠ ਭਾਰੀ ਤੋਪਾਂ-ਟੈਂਕ ਲੈਕੇ ਫੌਜ ਆ ਗਈ ਸੀ। ਸਾਰੇ ਪੰਜਾਬ ਨੂੰ ਦੁਨੀਆ ਨਾਲੋਂ ਕੱਟ ਦਿੱਤਾ ਗਿਆ ਸੀ। ਉਸ ਵਹਿਸ਼ੀਆਨਾ ਓਪਰੇਸ਼ਨ ਕਰਨ ਤੋਂ ਛੇ ਮਹੀਨੇ ਪਹਿਲਾਂ ਪੰਜਾਬ ਤੇ ਸਾਰੇ ਭਾਰਤ ਵਿੱਚ ਸਿੱਖਾਂ ਵਿਰੁੱਧ ਜ਼ਹਿਰ ਉਗਲਿਆ ਜਾਂਦਾ ਰਿਹਾ, ਅਜਿਹੀਆਂ ਕਾਰਵਾਈਆਂ ਕੀਤੀਆਂ ਤੇ ਕਰਵਾਈਆਂ ਗਈਆਂ ਜਿਨ੍ਹਾਂ ਨਾਲ ਸਿੱਖਾਂ ਵਿਰੁੱਧ ਲੋਕਾਂ ਅੰਦਰ ਵੱਧ ਤੋਂ ਵੱਧ ਨਫਰਤ ਪੈਦਾ ਹੋਵੇ। ਟਾਈਮਜ਼ ਦੇ ਸੰਪਾਦਕ ਸ੍ਰੀ ਜੇ.ਐਲ.ਸਾਹਨੀ ਨੇ ਆਪਣੀ ਪੁਸਤਕ 'ਦ ਲਿਡ ਆਫ' (The Lid off) ਦੇ ਸਫਾ 202 'ਤੇ ਕਾਂਗਰਸ ਵਲੋਂ ਸਿੱਖਾਂ ਤੇ ਪਠਾਨਾਂ ਨਾਲ ਕੀਤੇ ਧੋਖੇ ਸਬੰਧੀ ਲਿਖਿਆ ਕਿ :

'ਕਾਂਗਰਸ ਦੇ ਲੀਡਰਾਂ ਨੇ ਸਿੱਖਾਂ ਤੇ ਲਾਲਕੁੜਤੀ ਪਠਾਨਾਂ ਨੂੰ ਜਿਸ ਤਰ੍ਹਾਂ ਖੱਜਲ ਖੁਆਰ ਕੀਤਾ, ਉਹ ਇਕ ਬਹੁਤ ਵੱਡਾ ਕਦੇ ਨਾ ਮੁਆਫ ਕੀਤੇ ਜਾਣ ਵਾਲਾ ਧੋਖਾ ਸੀ। ਇਹ ਸਭ ਕੁਝ ਜਾਣ ਬੁੱਝ ਕੇ ਕੀਤਾ ਗਿਆ ਅਤੇ ਸਚਮੁਚ ਇਹ ਜਾਣ ਬੁੱਝ ਕੇ ਕੀਤੇ ਗਏ ਧੋਖੇ ਦਾ ਹਿੱਸਾ ਹੀ ਸੀ ਕਿ 1947 ਤੋਂ ਛੇਤੀ ਹੀ ਪਿਛੋਂ ਸਮੁੱਚੀ ਸਿੱਖ ਕੌਮ ਨੂੰ ਜਰਾਇਮ ਪੇਸ਼ਾ ਕਰਾਰ ਦੇ ਦਿੱਤਾ ਗਿਆ।'

ਸਿੱਖ ਨਸਲਕੁਸ਼ੀ ਦਾ ਪੰਜਾਹ ਸਾਲਾ ਪਲਾਨ

ਮੇਰੀ ਖੋਜ ਮੁਤਾਬਕ ਚੁਰਾਸੀ ਦਾ ਖ਼ੂਨੀ ਘੱਲੂਘਾਰਾ ਸਿੱਖ ਨਸਲਕੁਸ਼ੀ ਦੀ ਆਖ਼ਰੀ ਕੜੀ ਸੀ, ਜਿਹੜੀ ਕਿ ਸੰਨ 1999 ਦੀ ਵਿਸਾਖੀ ਵਾਲੇ ਹਫ਼ਤੇ (ਖ਼ਾਲਸੇ ਦੇ ਤਿੰਨ ਸੌਵੇਂ ਜਨਮ ਦਿਹਾੜੇ ਦੀ ਵਰ੍ਹੇ ਗੰਢ) 'ਤੇ ਵਰਤੀ ਜਾਣੀ ਸੀ। ਸਿੱਖ ਨਸਲਕੁਸ਼ੀ ਦੇ ਪਲਾਨ ਮੁਤਾਬਕ ਉਦੋਂ ਤਕ ਸਿੱਖ ਕੌਮ ਦੀਆਂ ਧਾਰਮਿਕ ਤੇ ਸਭਿਆਚਾਰਕ ਜੜ੍ਹਾਂ ਕੁਤਰੀਆਂ ਜਾਂਣੀਆਂ ਸਨ, ਆਰਥਕ ਤੌਰ ਤੇ ਨਿਤਾਣਾ ਕੀਤਾ ਜਾਣਾ ਸੀ, ਸਿਆਸੀ ਤੌਰ ਤੇ ਅਕਾਲੀਆਂ ਦੇ ਦੋ ਧੜਿਆਂ (ਅਕਾਲੀਆਂ ਤੇ ਭਿੰਡਰਾਂਵਾਲਿਆਂ ਜਾਂ ਕੋਈ ਹੋਰ) ਨੂੰ ਹਥਿਆਰਬੰਦ ਕਰਵਾ ਕੇ ਦੋਹਾਂ ਦਾ ਆਪੋ ਵਿੱਚ ਇੱਕ ਤਕੜਾ ਯੁੱਧ ਕਰਾਇਆ ਜਾਣਾ ਸੀ, ਜਿਸ ਨਾਲ ਦੋਹਾਂ ਧਿਰਾਂ ਦੀ ਇੱਕ ਦੂਜੇ ਤੋਂ ਤਬਾਹੀ ਕਰਵਾਈ ਜਾਣੀ ਸੀ। ਇਸ ਤਰ੍ਹਾਂ ਤਬਾਹ ਹੋ ਜਾਣ ਮਗਰੋਂ ਹੀਣੀ ਤੇ ਨਿਢਾਲ ਹੋਈ ਸਿੱਖ ਕੌਮ ਨੇ ਜਦ ਵਿਸਾਖੀ (1999) ਵਾਲੇ ਹਫ਼ਤੇ ਗੁਰਦੁਆਰਿਆਂ ਵਿੱਚ ਖਚਾ-ਖਚ ਭਰਨਾ ਸੀ, ਉਦੋਂ ਸਿੱਖ ਨਸਲਕੁਸ਼ੀ ਦੇ ਉਸ ਪਲਾਨ ਦੇ ਆਖ਼ਰੀ ਖ਼ੂਨੀ ਦੌਰ ਦਾ ਭਾਣਾ ਵਰਤਾਇਆ ਜਾਣਾ ਸੀ, ਪਰ ਇੰਦਰਾ ਗਾਂਧੀ ਦੀ ਥਰਡ ਏਜੰਸੀ ਨੇ ਹਿੰਦੂ ਥਿੰਕ-ਟੈਂਕ ਨਾਲ ਮਿਲਕੇ ਸਿੱਖ ਨਸਲਕੁਸ਼ੀ (ਸਿੱਖ ਮਾਰੂ ਨੀਤੀ) ਦੀ ਉਸ ਆਖ਼ਰੀ ਕੜੀ ਨੂੰ ਮਿਥੇ ਸਮੇਂ ਤੋਂ ਪਹਿਲਾਂ ਵਰਤਣਾ ਚਾਹਿਆ। ਇਸ ਆਖ਼ਰੀ ਕੜੀ ਨੂੰ ਅਗਾਊਂ ਵਰਤਣ ਦੀ ਲੋੜ ਕਿਉਂ ਪਈ ਅਤੇ ਇਸ ਦੀ ਨਵੀਂ ਵਿਉਂਤਬੰਦੀ ਦੀਆਂ ਕੜੀਆਂ ਦਾ ਜ਼ਿਕਰ ਅੱਗੇ ਚੱਲਕੇ ਆਏਗਾ।

ਸਿੱਖ ਨਸਲਕੁਸ਼ੀ ਦਾ ਪਲਾਨ ਅਗਾਊਂ ਕਿਉਂ?

ਇਹ ਜਾਨਣ ਲਈ ਸਾਨੂੰ ਇਸ ਦੇ ਇਤਿਹਾਸਕ ਪਿਛੋਕੜ 'ਤੇ ਝਾਤ ਮਾਰਨੀ ਪਏਗੀ। ਅਜ਼ਾਦੀ ਲੈਣ ਸਮੇਂ ਹਿੰਦੂ ਫਿਰਕੂ ਲਾਣੇ ਨੇ ਕਾਂਗਰਸ ਦਾ ਬੁਰਕਾ ਪਾ ਕੇ ਸਭ ਘੱਟ ਗਿਣਤੀਆਂ ਨੂੰ ਕੌਮਪ੍ਰਸਤੀ ਦੇ ਝੰਡੇ ਹੇਠ ਲਾਮਬੰਦ ਕੀਤਾ ਸੀ। ਅਜ਼ਾਦੀ ਮਗਰੋਂ ਵੀ ਕਾਂਗਰਸ ਚੋਣਾਂ ਸਮੇਂ 1 ਮੁਸਲਮਾਨਾਂ, ਈਸਾਈਆਂ ਅਤੇ ਸਿੱਖਾਂ ਆਦਿ ਘਟ ਗਿਣਤੀਆਂ ਦੀ ਮਿਲਵਰਤਣ ਦੀ ਖੱਟੀ ਖਾਂਦੀ ਰਹੀ। ਅਜ਼ਾਦੀ ਮਿਲਣ ਨਾਲ ਲੋਕਾਂ ਅੰਦਰ ਜੋ ਉਮੀਦਾਂ ਤੇ ਆਸ਼ਾਵਾਂ ਜਾਗੀਆਂ ਸਨ, ਉਹ ਪੂਰੀਆਂ ਨਾ ਹੋਈਆਂ। ਬੇਰੁਜ਼ਗਾਰੀ, ਮਹਿੰਗਾਈ ਅਤੇ ਭ੍ਰਿਸ਼ਟਾਚਾਰ ਭਿਅੰਕਰ ਰੂਪ ਧਾਰਨ ਲੱਗ ਪਈਆਂ। ਕਾਂਗਰਸ ਵਲੋਂ 'ਗਰੀਬੀ ਹਟਾਓ' ਅਤੇ 'ਸਮਾਜਵਾਦ' ਆਦਿਕ ਦੇ ਦਿੱਤੇ ਗਏ ਫੋਕੇ ਨਾਰਿਆਂ ਦੀ ਹਵਾ ਵੀ ਸਰਕਣੀ ਸ਼ੁਰੂ

ਹੋ ਗਈ ਅਤੇ ਹਰ ਪਾਸੇ ਉਪਰਾਮਤਾ ਤੇ ਬੇਉਮੀਦਗੀ ਦੀ ਰੌਂ ਪੈਦਾ ਹੋਣ ਲੱਗ ਪਈ ਸੀ। ਇਸ ਤਰ੍ਹਾਂ ਕਾਂਗਰਸ ਦਾ ਘੱਟ ਗਿਣਤੀਆਂ ਦਾ ਰਾਖਵਾਂ ਵੋਟ ਟੁੱਟਣਾ ਸ਼ੁਰੂ ਹੋ ਗਿਆ।

ਅਜਿਹੇ ਹਾਲਾਤ 'ਚ ਇੰਦਰਾ ਗਾਂਧੀ ਦੇ ਰਾਜਸੀ ਸਲਾਹਕਾਰਾਂ ਅਤੇ ਉਸ ਦੀ ਥਰਡ ਏਜੰਸੀ ਵਲੋਂ ਕਾਂਗਰਸ ਦੀ ਰਵਾਇਤੀ ਵਿਚਾਰਧਾਰਾ ਨਾਲੋਂ ਤੋੜ-ਵਿਛੋੜਾ ਕਰਕੇ ਹਿੰਦੂ ਕੱਟੜਵਾਦ ਦਾ ਸਿੱਧਾ ਆਸਰਾ ਲੈਣ ਦਾ ਫੈਸਲਾ ਲਿਆ ਗਿਆ। ਵੇਲਾ ਵਿਹਾ ਚੁੱਕੀ ਸੈਕੁਲਰ ਨੀਤੀ ਦਾ ਬੁਰਕਾ ਲਾਹ ਦੇਣਾ ਹੀ ਠੀਕ ਸਮਝਿਆ ਗਿਆ ਅਤੇ ਘੱਟ ਗਿਣਤੀਆਂ ਦੇ ਵੋਟ ਨਾਲੋਂ ਬਹੁਗਿਣਤੀ ਦੇ ਵੋਟ ਲੈਣ ਦੀ ਨੀਤੀ ਅਪਣਾਈ ਗਈ। ਇਸ ਮਿਸ਼ਨ ਦੀ ਪੂਰਤੀ ਲਈ ਇੰਦਰਾ ਗਾਂਧੀ ਨੇ ਆਰ.ਐਸ.ਐਸ. ਨਾਲ ਵੀ ਲੁਕਵਾਂ ਤਾਲ ਮੇਲ ਪੈਦਾ ਕੀਤਾ। 1980 ਦੀਆਂ ਲੋਕ ਸਭਾ ਚੋਣਾਂ ਦੌਰਾਨ ਆਰ.ਐਸ.ਐਸ. ਨਾਲ ਕੀਤੀ ਗੰਢ-ਤਰੁੱਪ ਨੇ ਉਸ ਦੇ ਨਿੰਦਕਾਂ ਤੇ ਪ੍ਰਸੰਸਕਾਂ ਦੋਹਾਂ ਨੂੰ ਹੈਰਾਨ ਕਰ ਦਿੱਤਾ ਸੀ ਅਤੇ ਉਨ੍ਹਾਂ ਨੂੰ ਸ਼ਸ਼ੋਪੰਜ 'ਚ ਪਾ ਦਿੱਤਾ ਸੀ।

ਇਸ ਦੇ ਨਾਲ ਹੀ ਇੰਦਰਾ ਅੰਦਰ ਇਕ ਹੋਰ ਤਬਦੀਲੀ ਵੇਖਣ 'ਚ ਆਈ। ਉਹ ਇਹ ਕਿ ਉਸ ਨੇ ਆਪਣੇ ਆਪ ਨੂੰ ਹਿੰਦੂ ਧਰਮ ਦੀ ਰੱਖਿਅਕ ਬਣਨ ਦਾ ਮਨ ਬਣਾ ਲਿਆ। ਉਸ ਨੇ ਦਰਜਨਾਂ ਮੰਦਰਾਂ ਦੀ ਯਾਤਰਾ ਕੀਤੀ ਅਤੇ ਹਿੰਦੂ ਬਹੁਗਿਣਤੀ ਦੇ ਹੱਕਾਂ ਦੀ ਵਕਾਲਤ ਕਰਨ ਦੇ ਰਾਹੇ ਤੁਰਨ ਲੱਗ ਪਈ ਸੀ। ਇਕ ਹਿੰਦੂ ਦਾ ਰੋਲ ਅਦਾ ਕਰਦਿਆਂ ਉਸ ਨੇ ਇਸ ਵਿਸ਼ੇ ਨੂੰ ਕਈ ਵਾਰ ਦੁਹਰਾਇਆ। ਇਥੋਂ ਤਕ ਕਿ ਕਮਿਊਨਿਸਟ ਪਾਰਟੀ ਦੇ ਜਨਰਲ ਸਕੱਤਰ ਸੀ.ਰਾਜੇਸ਼ਵਰ ਰਾਓ ਨੇ ਉਸ ਦੇ ਫਿਰਕਾਦਾਰਾਨਾ ਵਿਚਾਰਾਂ ਦੀ ਆਲੋਚਨਾ ਕੀਤੀ। ਇਥੇ ਇਹ ਗੱਲ ਨੋਟ ਕਰਨ ਵਾਲੀ ਹੈ ਕਿ ਮਾਰਕਸੀ ਕਮਿਊਨਿਸਟ ਪਾਰਟੀ ਨੇ ਚੁੱਪ ਸਾਧੀ ਰੱਖੀ ਸੀ।

ਇਥੇ ਇਹ ਗੱਲ ਵੀ ਧਿਆਨ ਵਿੱਚ ਰੱਖਣ ਵਾਲੀ ਹੈ ਕਿ ਹਰਕਿਸ਼ਨ ਸਿੰਘ ਸੁਰਜੀਤ ਦਾ ਟੌਹੜੇ ਅਤੇ ਇੰਦਰਾ ਗਾਂਧੀ ਨਾਲ ਡੂੰਘਾ ਰਾਬਤਾ ਕਾਇਮ ਰਿਹਾ ਹੈ। ਟੌਹੜਾ ਹਮੇਸ਼ਾ ਸੁਰਜੀਤ ਦੀ ਸੋਚ ਨਾਲ ਚਲਦਾ ਰਿਹਾ। ਅਕਾਲੀ ਸਿਆਸਤ 'ਚ ਕਿਸੇ ਵੀ ਕੰਮ ਨੂੰ ਲੋੜ ਅਨੁਸਾਰ ਸਿਰੇ ਚਾੜ੍ਹਨ ਜਾਂ ਕੋਈ ਵੀ ਸਿਆਸੀ ਮੋੜ ਦੇਣ ਲਈ ਇੰਦਰਾ ਸੁਰਜੀਤ ਰਾਹੀਂ ਟੌਹੜੇ ਨੂੰ ਵਰਤਦੀ ਰਹੀ। ਟੌਹੜੇ ਦਾ ਸਿੱਧਾ ਇੰਦਰਾ ਨਾਲ ਵੀ ਰਾਬਤਾ ਰਿਹਾ।

ਇਥੋਂ ਇੰਦਰਾ ਨੇ ਹਿੰਦੂ ਕੱਟੜਵਾਦ ਵੱਲ ਵੱਧਣਾ ਸ਼ੁਰੂ ਕੀਤਾ। ਉਸ ਨੇ ਅਚਾਨਕ ਹਿੰਦੂ ਮੰਦਰਾਂ 'ਚ ਜਾਣਾ ਸ਼ੁਰੂ ਕਰ ਦਿੱਤਾ। ਦਿੱਲੀ

ਦੀਆਂ ਮਿਉਂਸਪਲ ਕਮੇਟੀ ਦੀਆਂ ਚੋਣਾਂ ਆਰ.ਐਸ.ਐਸ.ਨਾਲ ਮਿਲ ਕੇ ਲੜੀਆਂ ਅਤੇ ਇਵੇਂ ਹੀ ਜੰਮੂ ਕਸ਼ਮੀਰ ਦੀਆਂ ਚੋਣਾਂ। ਇੰਦਰਾ ਦੇ ਹਿੰਦੂ ਕੱਟੜਵਾਦ ਵੱਲ ਕੱਟੇ ਇਸ ਮੋੜ ਉਪਰੰਤ ਆਰ.ਐਸ.ਐਸ.ਦੀਆਂ ਪ੍ਰਕਾਸ਼ਨਾਵਾਂ 'ਚ ਇੰਦਰਾ ਗਾਂਧੀ ਦੀ ਸੰਕੋਚਵੀਂ ਪ੍ਰਸੰਸਾ ਝਲਕਾਂ ਮਾਰਨ ਲੱਗ ਪਈ ਸੀ। 1980 'ਚ ਜਦ ਇੰਦਰਾ ਦੁਬਾਰਾ ਸੱਤਾ 'ਚ ਆਈ, ਤਾਂ ਉਸ ਨੇ ਆਰ.ਐਸ.ਐਸ.ਦੇ ਕੱਟੜ ਸਮਰਥਕ (ਆਈ.ਏ.ਐਸ. ਅਫਸਰ) ਟੀ.ਐਨ.ਚਤੁਰਵੇਦੀ ਨੂੰ ਭਾਰਤ ਸਰਕਾਰ ਦੇ ਗ੍ਰਹਿ ਸਕੱਤਰ ਦੇ ਅਹਿਮ ਅਹੁਦੇ 'ਤੇ ਨਿਯੁਕਤ ਕਰਕੇ ਆਪਣੇ ਰਾਜਸੀ ਇਰਾਦੇ ਸਪੱਸ਼ਟ ਕਰ ਦਿੱਤੇ ਸਨ।

ਆਰਥਕ ਮੰਦਵਾੜੇ ਕਾਰਨ ਕਾਂਗਰਸ ਸਰਕਾਰ ਲੋਕਾਂ ਨਾਲੋਂ ਟੁੱਟ ਚੁੱਕੀ ਸੀ। 1985 ਦੀਆਂ ਇਲੈਕਸ਼ਨਾਂ ਵਿੱਚ ਹਿੰਦੂ ਵੋਟ ਲੈਣ ਖ਼ਾਤਰ ਇਸ ਕੜੀ ਨੂੰ ਅਗਾਊਂ ਵਰਤਣ ਦੀ ਲੋੜ ਸਮਝੀ ਗਈ। ਦੂਜਾ ਵੱਡਾ ਕਾਰਨ ਇਹ ਸੀ ਕਿ ਇੰਦਰਾ ਗਾਂਧੀ ਕੋਲ ਕਹਿਰਾਂ ਦੇ ਸੁਖ-ਅਰਾਮ ਵੀ ਸਨ ਅਤੇ ਸ਼ਕਤੀਸ਼ਾਲੀ ਰਾਜ-ਸੱਤਾ ਵੀ। ਸਿੱਖ ਕੌਮ ਦੀ ਹੋਂਦ ਨੂੰ ਖ਼ਤਮ ਕਰਕੇ ਇੱਕ ਪਾਸੇ ਤਾਂ ਉਹ ਇਤਿਹਾਸ ਵਿੱਚ ਆਪਣਾ ਨਾਂ ਚਮਕਾਉਣਾ ਚਾਹੁੰਦੀ ਸੀ ਅਤੇ ਦੂਜੇ ਪਾਸੇ ਆਪਣੇ ਖ਼ਾਨਦਾਨੀ ਰਾਜ 'ਤੇ ਹੋਰ ਪੰਜਾਹ ਸਾਲਾਂ ਦੀ ਮੁਹਰ ਲਗਵਾਉਣਾ ਚਾਹੁੰਦੀ ਸੀ। ਇਸ ਦਲੀਲ ਦੀ ਪੁਸ਼ਟੀ ਲਈ ਅਤੇ ਇਸ ਵਹਿਸ਼ੀਆਨਾ ਹਮਲੇ ਦੇ ਪਿਛੋਕੜ ਨੂੰ ਚੰਗੀ ਤਰ੍ਹਾਂ ਸਮਝਣ ਲਈ, ਮਈ 1985 ਦੇ 'ਸੂਰੀਆ' ਰਸਾਲੇ ਵਿੱਚ ਛਪੀ ਹੇਠਲੀ ਭੇਦਭਰੀ ਖ਼ਬਰ ਕਾਫ਼ੀ ਸਹਾਇਕ ਹੋ ਸਕਦੀ ਹੈ –

'Mrs. Gandhi had decided that she was to take on a new role in her life the role of the protector of Hindus. She had planned that there was a conflict between the Hindus and Sikhs, in which the grand strategy was that the Hindus shall be first left unprotected, let them be killed for a while, let them become angry that they will seek revenge. The Hindus and Sikhs will then go at each other's throat. And then I will tell the Hindus, look, I can only protect you.'

"ਇੰਦਰਾ ਗਾਂਧੀ ਨੇ ਆਪਣੇ ਜੀਵਨ ਅੰਦਰ ਇੱਕ ਨਵੀਂ ਖੇਡ ਖੇਡਣ ਦਾ ਮਨ ਬਣਾ ਲਿਆ। ਇਹ ਖੇਡ ਸੀ, ਆਪਣੇ ਆਪ ਨੂੰ ਹਿੰਦੂਆਂ ਦਾ ਰੱਖਿਅਕ ਦਰਸਾਉਣ ਦੀ। ਇਸ ਲਈ ਉਸ ਨੇ ਹਿੰਦੂਆਂ ਅਤੇ ਸਿੱਖਾਂ ਨੂੰ ਆਪੋ ਵਿੱਚ ਉਲਝਾ ਦੇਣ ਦੀ ਵਿਉਂਤ ਉਲੀਕੀ, ਜਿਸ ਅਨੁਸਾਰ ਪਹਿਲਾਂ ਹਿੰਦੂਆਂ ਨੂੰ ਕੁਝ ਸਮੇਂ ਲਈ ਨਿਆਸਰਾ ਛੱਡਕੇ ਉਹਨਾਂ ਨੂੰ ਕਤਲ ਹੋਣ ਦਿੱਤਾ ਜਾਣਾ ਸੀ, ਤਾਂ ਜੋ ਉਹਨਾਂ ਅੰਦਰ

ਬਦਲੇ ਦੀ ਭਾਵਨਾ ਉਠੇ। ਜਦ ਬਦਲੇ ਦੀ ਅੱਗ ਭੜਕ ਉਠੇ ਅਤੇ ਹਿੰਦੂ ਸਿੱਖ ਇੱਕ ਦੂਜੇ ਨੂੰ ਵੱਢਣ ਲਗ ਜਾਣ, ਤਾਂ ਮੈਂ ਹਿੰਦੂਆਂ ਨੂੰ ਕਹਾਂਗੀ, ਵੇਖੋ, ਮੈਂ ਹੀ ਕੇਵਲ ਤੁਹਾਡੀ ਜਾਨ ਬਚਾ ਸਕਦੀ ਹਾਂ"

ਇੰਦਰਾ ਡਿਕਟੇਟਰ ਦਾ ਰੂਪ ਧਾਰਨ ਲੱਗ ਪਈ ਸੀ। ਉਸ ਨੇ ਰਾਜਸੀ ਸ਼ਕਤੀ ਦਾ ਕੇਂਦਰੀਕਰਨ ਸ਼ੁਰੂ ਕਰ ਦਿੱਤਾ; ਭ੍ਰਿਸ਼ਟਾਚਾਰ ਦੇ ਬੂਟੇ ਹਰ ਸੰਸਥਾ 'ਚ ਵੱਧਣ ਫੁੱਲਣ ਲੱਗੇ; ਲਾਦੂ ਭਾਰਤੀ ਸੁਭਾਅ ਹੌਲੀ ਹੌਲੀ ਇਸ ਦਾ ਆਦੀ ਹੁੰਦਾ ਗਿਆ; ਆਪਣੀ ਦੁਰਗਾ ਦੀ ਛਵੀ ਬਣਾਉਣ ਦੇ ਸੁਪਨੇ ਪੂਰੇ ਕਰਨ ਲਈ ਹਿੰਦੂ ਸ਼ਾਵਨਵਾਦ ਨੂੰ ਸ਼ਹਿ ਦੇਣ ਲੱਗ ਪਈ; ਜਥੇਬੰਦਕ ਤੇ ਗ਼ੈਰ-ਜਥੇਬੰਦਕ ਗੁੰਡਿਆਂ ਦੀਆਂ ਧਾੜਾਂ ਕਾਇਮ ਕੀਤੀਆਂ ਗਈਆਂ; ਬੰਗਲਾ ਦੇਸ਼ 'ਚ ਜਿੱਤ ਪ੍ਰਾਪਤ ਕਰਕੇ ਉਸ ਦੇ ਪੈਰ ਜ਼ਮੀਨ 'ਤੇ ਨਹੀਂ ਸਨ ਲੱਗਦੇ; ਅਸੀਂਵਿਆਂ 'ਚ ਅਸਾਮੀਆਂ ਦੇ ਖ਼ੂਨ ਨਾਲ ਹੋਲੀ ਖੇਡਣ ਬਾਅਦ ਉਸ ਦੇ ਹੌਂਸਲੇ ਹੋਰ ਵੱਧ ਗਏ; ਦੇਸ਼ ਦੇ ਕਿਸੇ ਵੀ ਕੋਨੇ 'ਚ ਪੰਜਾਹ ਸੱਠ ਹਜ਼ਾਰ ਬੰਦੇ ਮਾਰ ਦੇਣੇ ਉਸ ਦਾ ਸ਼ੁਗਲ ਬਣ ਗਿਆ; ਹਿੰਦੂ ਬਹੁਗਿਣਤੀ ਉਸ ਨੂੰ ਆਪਣਾ ਵਾਹਿਦ ਆਗੂ ਸਮਝਣ ਲੱਗ ਪਈ ਸੀ; ਇਸ ਤਰ੍ਹਾਂ ਉਸ ਨੂੰ ਸਿੱਖ ਨਸਲਕੁਸ਼ੀ ਕਰਕੇ ਇਤਿਹਾਸ 'ਚ ਆਪਣਾ ਨਾਂ ਚਮਕਾਉਣ ਦੀ ਲਿਲ੍ਹਕ ਲੱਗ ਚੁੱਕੀ ਸੀ।

ਅਜ਼ਾਦੀ ਤੋਂ ਪਹਿਲਾਂ ਬਣਾਈ ਪਈ ਸਿੱਖ ਨਸਲਘਾਤ ਦੇ ਪਲਾਨ ਨੂੰ ਉਸ ਤੇਜ਼ੀ ਨਾਲ ਅਗਾਊਂ ਸਿਰੇ ਚਾੜ੍ਹਨ ਦਾ ਮਨ ਬਣਾ ਲਿਆ ਅਤੇ ਬੁੱਧ ਧਰਮ ਵਾਂਗ ਸਿੱਖੀ ਦੀ ਫੱਟੀ ਪੋਚ ਦੇਣ ਲਈ ਹਿੰਦੂ ਥਿੰਕ ਟੈਂਕ ਨਾਲ ਸਲਾਹ ਮਸ਼ਵਰੇ ਕੀਤੇ ਗਏ। ਸਿੱਖ ਨਸਲਘਾਤ ਦੇ ਪਲਾਨ ਨੂੰ ਅਗਾਊਂ ਵਰਤਣ ਲਈ ਨਾਗਪੁਰ 'ਚ ਬੈਠੇ ਥਿੰਕ ਟੈਂਕ ਨੂੰ ਇਸ ਕੰਮ ਲਈ ਉਤੇਜਿਤ ਕੀਤਾ ਗਿਆ। ਇਥੇ ਇਹ ਗੱਲ ਨੋਟ ਕਰਨ ਵਾਲੀ ਹੈ ਕਿ ਸਿੱਖ ਨਸਲਘਾਤ ਦਾ ਕੰਮ ਅਜ਼ਾਦੀ ਦੇ ਪਹਿਲੇ ਦਿਨ ਤੋਂ ਹੀ ਚੱਲ ਰਿਹਾ ਸੀ। ਪਰ ਉਹ ਧੀਮੀ ਚਾਲ ਨਾਲ ਚੱਲ ਰਿਹਾ ਸੀ। ਸਿੱਖੀ ਦੀ ਭੰਨ ਤਰੋੜ ਕਰਨ ਲਈ ਅਤੇ ਸਿੱਖ ਕੌਮ ਦੀਆਂ ਸੰਸਥਾਵਾਂ ਅੰਦਰ ਵਿਭਚਾਰ ਦੇ ਅੱਡੇ ਕਾਇਮ ਕਰਨ ਲਈ ਨਿਰੰਕਾਰੀਆਂ, ਰਾਧਾਸੁਆਮੀਆਂ ਨੂੰ ਅਤੇ ਸਾਧਾਂ ਸੰਤਾਂ ਨੂੰ ਉਤਸ਼ਾਹਿਤ ਕੀਤਾ ਜਾ ਰਿਹਾ ਸੀ। ਅਜ਼ਾਦੀ ਦੇ ਪਹਿਲੇ ਦਿਨ ਤੋਂ ਸਾਰੀਆਂ ਕੇਂਦਰੀ ਸਰਕਾਰਾਂ ਉਪਰਲੀਆਂ ਸੰਸਥਾਵਾਂ ਦੀ ਸਰਪ੍ਰਸਤੀ ਕਰਦੀਆਂ ਰਹੀਆਂ ਸਨ ਸਣੇ ਇੰਦਰਾ ਗਾਂਧੀ ਦੀ ਸਰਕਾਰ ਦੇ।

ਪਾਠਕਾਂ ਨੂੰ ਯਾਦ ਹੋਵੇਗਾ ਕਿ ਧਰਮ ਯੁੱਧ ਮੋਰਚੇ ਦੌਰਾਨ ਇੰਦਰਾ ਗਾਂਧੀ ਅਕਾਲੀਆਂ ਨਾਲ ਤਿੰਨ ਵਾਰ ਸਮਝੌਤਾ ਕਰਕੇ ਪਿਛੋਂ ਮੁੱਕਰ

ਜਾਂਦੀ ਰਹੀ ਸੀ। ਉਸ ਦਾ ਕਾਰਨ ਵੀ ਇਹੋ ਸੀ ਕਿ ਥਰਡ ਏਜੰਸੀ ਦੀ ਸੋਚ ਮੁਤਾਬਕ ਸਿੱਖ ਨਸਲਕੁਸ਼ੀ ਦੀ ਆਖ਼ਰੀ ਕੜੀ ਨੂੰ ਅਗਾਊਂ ਵਰਤੇ ਬਿਨਾਂ ਇੰਦਰਾ ਗਾਂਧੀ ਦਾ ਪਚਾਸੀ ਦੀਆਂ ਇਲੈਕਸ਼ਨਾਂ ਵਿੱਚ ਕਾਮਯਾਬ ਹੋਣਾ ਮੁਸ਼ਕਲ ਸੀ। ਉਸ ਕੜੀ ਨੂੰ ਅਗਾਊਂ ਵਰਤਣਾ ਠੀਕ ਸਮਝਿਆ ਗਿਆ ਅਤੇ ਸਿੱਖ ਨਸਲਘਾਤ ਦੇ ਪਲਾਨ ਦੀ ਨਵੇਂ ਸਿਰਿਓਂ ਵਿਉਂਤਬੰਦੀ ਕੀਤੀ ਗਈ।

ਕਿਹਾ ਜਾਂਦਾ ਹੈ ਕਿ ਇੰਦਰਾ ਨੇ ਇਸ ਪਲਾਨ ਸਬੰਧੀ ਕੁਝ ਚੋਟੀ ਦੇ ਫੌਜੀ ਜਰਨੈਲਾਂ ਨਾਲ ਵੀ ਸਲਾਹ ਮਸ਼ਵਰਾ ਕੀਤਾ ਪਰ ਉਹਨਾਂ ਨੇ ਉਸ ਨੂੰ ਇਸ ਅਸਲੀਅਤ ਤੋਂ ਚੇਤੇ ਕਰਵਾਇਆ ਕਿ ਨਾਜ਼ੀ ਹਿਟਲਰ ਨੇ ਯਹੂਦੀਆਂ ਦੀ ਨਸਲਘਾਤ ਕਰਨ ਲਈ ਗੈਸ ਚੈਂਬਰਾਂ ਦੀ ਵੀ ਵਰਤੋਂ ਕੀਤੀ ਸੀ ਪਰ ਉਹ ਸਫਲ ਨਹੀਂ ਸੀ ਹੋਇਆ ਸਗੋਂ ਉਹ ਆਪ ਹੀ ਖਤਮ ਹੋ ਗਿਆ ਸੀ। ਉਹਨਾਂ ਇਹ ਵੀ ਚੇਤੇ ਕਰਵਾਇਆ ਕਿ ਇਕੋ ਹੱਲੇ ਨਾਲ ਸਿੱਖਾਂ ਨੂੰ ਖਤਮ ਕਰਨ ਨਾਲ ਉਸ ਦਾ ਨਾਂ ਹਿਟਲਰ ਨਾਲ ਜੁੜ ਜਾਏਗਾ। ਇਸ ਦੇ ਬਾਵਜੂਦ ਇੰਦਰਾ ਨੇ ਆਪਣਾ ਇਰਾਦਾ ਨਹੀਂ ਸੀ ਬਦਲਿਆ। ਜਦ ਕਿਸੇ ਜ਼ਾਲਮ ਦਾ ਅੰਤ ਹੋਣਾ ਹੁੰਦਾ ਹੈ ਤਾਂ ਉਸ 'ਤੇ ਕੋਈ ਦਲੀਲ ਅਸਰ ਨਹੀਂ ਕਰਦੀ। ਇੰਦਰਾ ਦੇ ਦਿਲ ਦਿਮਾਗ਼ 'ਤੇ ਸਿੱਖ ਨਸਲਘਾਤ ਦੇ ਪਲਾਨ ਨੂੰ ਸਿਰੇ ਚਾੜ੍ਹਕੇ ਇਤਿਹਾਸ 'ਚ ਹਿੰਦੂ ਧਰਮ ਦੀ ਰੱਖਿਅਕ ਬਣਨ ਦਾ ਭੂਤ ਸਵਾਰ ਹੋ ਚੁੱਕਾ ਸੀ ਅਤੇ ਉਸ ਨੇ ਤਿਆਰੀਆਂ ਸ਼ੁਰੂ ਕਰ ਦਿੱਤੀਆਂ। ਉਪਰਲੇ ਆਸ਼ੇ ਦੀ ਪੂਰਤੀ ਲਈ ਸਿੱਖ ਨਸਲਕੁਸ਼ੀ ਦੇ ਪਲਾਨ ਦੀ ਆਖ਼ਰੀ ਕੜੀ ਦੀ ਨਵੇਂ ਸਿਰਿਓਂ ਵਿਉਂਤ-ਬੰਦੀ ਕੀਤੀ ਗਈ। ਇਸ ਨੂੰ ਚਾਰ ਹਿੱਸਿਆਂ ਵਿੱਚ ਵੰਡਿਆ ਗਿਆ।

ਸਿੱਖ ਨਸਲਕੁਸ਼ੀ ਦੀਆਂ ਨਵੀਆਂ ਬਣਾਈਆਂ ਗਈਆਂ ਕੜੀਆਂ

ਸਿੱਖ ਨਸਲਕੁਸ਼ੀ ਦੀ ਨਵੀਂ ਵਿਉਂਤਬੰਦੀ ਮੁਤਾਬਕ ਚਾਰ ਕੜੀਆਂ ਬਣਾਈਆਂ ਗਈਆਂ। ਪਹਿਲੀ ਕੜੀ ਸੀ ਓਪਰੇਸ਼ਨ ਬਲਿਊਸਟਾਰ, ਦੂਜੀ ਸੀ ਓਪਰੇਸ਼ਨ ਵੁੱਡਰੋਜ਼। ਤੀਜੀ ਸੀ ਓਪਰੇਸ਼ਨ ਸ਼ਾਂਤੀ ਅਤੇ ਚੌਥੀ ਕੜੀ ਸੀ ਪਾਕਿਸਤਾਨ ਨਾਲ ਜੰਗ ਛੇੜ ਕੇ ਆਪਣੀ ਹੀ ਫੌਜ ਕੋਲੋਂ ਦਰਬਾਰ ਸਾਹਿਬ ਕੰਪਲੈਕਸ ਸਣੇ ਸਿੱਖ ਕੌਮ ਦਾ ਦਲੀਆ ਮਲੀਆ ਕਰਵਾਉਣ ਦੀ, ਜਿਸ ਦਾ ਜ਼ਿਕਰ ਅੱਗੇ ਚੱਲ ਕੇ ਓਪਰੇਸ਼ਨ ਸ਼ਾਂਤੀ ਦੇ ਹਿੱਸੇ ਵਿੱਚ ਆਏਗਾ। ਦੂਜੀ ਕੜੀ ਓਪਰੇਸ਼ਨ ਵੁੱਡਰੋਜ਼ ਪਹਿਲੀ ਕੜੀ ਓਪਰੇਸ਼ਨ ਬਲਿਊਸਟਾਰ ਦੀ ਪੂਰਕ ਕੜੀ ਸੀ । ਸਾਕਾ ਨੀਲਾ ਤਾਰਾ ਦੀ ਕੜੀ ਅਨੁਸਾਰ ਸਾਰੇ ਇਤਿਹਾਸਕ ਗੁਰਦੁਆਰਿਆਂ ਅੰਦਰ ਸ਼ਹੀਦੀ ਗੁਰਪੁਰਬ

ਮਨਾਉਣ ਲਈ ਜੁੜੀਆਂ ਸਿੱਖ ਸੰਗਤਾਂ ਦਾ ਵੱਧ ਤੋਂ ਵੱਧ ਕਤਲੇਆਮ ਕੀਤਾ ਜਾਣਾ ਸੀ ਅਤੇ ਓਪਰੇਸ਼ਨ ਵੁੱਡਰੋਜ਼ ਰਾਹੀਂ ਪੰਜਾਬ ਦੇ ਸਾਰੇ ਪਿੰਡਾਂ 'ਚ ਕਤਲੇਆਮ ਕੀਤਾ ਜਾਣਾ ਸੀ। ਇਹ ਦੋਵੇਂ ਕੜੀਆਂ ਨਾਲੋਂ ਨਾਲ ਚੱਲਣੀਆਂ ਸਨ।

ਓਪਰੇਸ਼ਨ ਵੁੱਡਰੋਜ਼ ਦੌਰਾਨ ਪੰਜਾਬ ਵਿੱਚ 15-50 ਸਾਲ ਦੀ ਉਮਰ ਦੇ ਸਿੱਖਾਂ ਨੂੰ ਹਰ ਪਿੰਡ,ਹਰ ਕਸਬੇ ਅਤੇ ਹਰ ਸ਼ਹਿਰ 'ਚੋਂ ਲੱਭ-ਲੱਭ ਕੇ ਖਤਮ ਕੀਤਾ ਜਾਣਾ ਸੀ। ਫੌਜ ਦੇ ਕਮਾਂਡਰਾਂ ਵਲੋਂ ਫੌਜੀਆਂ ਨੂੰ ਇਹ ਹਿਦਾਇਤਾਂ ਦੇ ਦਿੱਤੀਆਂ ਗਈਆਂ ਸਨ ਕਿ ਹਰ ਅੰਮ੍ਰਿਤਧਾਰੀ ਸਿੱਖ ਦਹਿਸ਼ਤਗਰਦ ਹੈ ਅਤੇ ਉਸ ਨੂੰ ਵੇਖਦਿਆਂ ਸਾਰ ਗੋਲੀ ਮਾਰ ਦਿੱਤੀ ਜਾਏ। ਇਹੀ ਕਾਰਨ ਹੈ ਕਿ ਪਹਿਲੇ ਦੋਹਾਂ ਓਪਰੇਸ਼ਨਾਂ ਦੌਰਾਨ ਕੇਸਰੀ ਪਗੜੀ ਵਾਲਿਆਂ ਨੂੰ ਵੇਖਦਿਆਂ ਸਾਰ ਗੋਲੀ ਮਾਰ ਦਿੱਤੀ ਜਾਂਦੀ ਰਹੀ। 15-50 ਸਾਲ ਦੇ ਹਰ ਸਿੱਖ ਦੇ ਵਾਰੰਟ ਕੱਢ ਦਿੱਤੇ ਗਏ ਸਨ ਅਤੇ ਵੇਖਦਿਆਂ ਸਾਰ ਖਤਮ ਕਰ ਦੇਣ ਦੇ ਹੁਕਮ ਦੇ ਦਿੱਤੇ ਗਏ ਸਨ।

ਓਪਰੇਸ਼ਨ ਵੁੱਡ ਰੋਜ਼ ਦੇ ਜ਼ੁਲਮ

ਜਦ ਦਰਬਾਰ ਸਾਹਿਬ ਦੀ ਘੇਰਾਬੰਦੀ ਦੀ ਖਬਰ ਪਿੰਡਾਂ 'ਚ ਪਹੁੰਚੀ ਤਾਂ ਸਿੱਖਾਂ ਆਪਣੇ ਪਵਿੱਤਰ ਗੁਰਧਾਮਾਂ ਨੂੰ ਭਾਰਤੀ ਫੌਜ ਤੋਂ ਮੁਕਤ ਕਰਾਉਣ ਲਈ ਅੰਮ੍ਰਿਤਸਰ ਵੱਲ ਕੂਚ ਕਰ ਦਿੱਤਾ। ਅੰਮ੍ਰਿਤਸਰ ਤੋਂ ਕੋਈ 25 ਕਿਲੋਮੀਟਰ ਦੂਰ ਗੋਲੇਵਾਲ ਪਿੰਡ 'ਚ ਤਕਰੀਬਨ 40 ਤੋਂ 50 ਹਜ਼ਾਰ ਸਿੱਖ ਇਕੱਠੇ ਹੋ ਗਏ। 25 ਤੋਂ 30 ਹਜ਼ਾਰ ਸਿੱਖ ਗੁਰਦਾਸਪੁਰ ਵਿਚਲੇ ਬਟਾਲੇ ਵਾਲੇ ਪਾਸਿਉਂ ਆ ਜੁੜੇ। 20 ਕੁ ਹਜ਼ਾਰ ਸਿੱਖ ਚੌਂਕ ਮਹਿਤਾ ਨੇੜੇ ਇਕੱਤਰ ਹੋ ਗਏ। 20 ਤੋਂ 30 ਹਜ਼ਾਰ ਸਿੱਖਾਂ ਦੇ ਜਥੇ ਹਰੀਕੇ ਪੱਤਣ (ਸਤਲੁਜ ਤੇ ਬਿਆਸ ਦਰਿਆ ਦੇ ਸੰਗਮ ਤੇ ਬਣਿਆ ਪੁਲ) ਵਾਲੇ ਪਾਸਿਉਂ ਕੂਚ ਕਰਦੇ ਆ ਰਹੇ ਸਨ। ਫੌਜ ਦੇ ਹੈਲੀਕਾਪਟਰਾਂ ਨੇ ਤੁਰੰਤ ਟੈਂਕਾਂ,ਬਖਤਰਬੰਦ ਗੱਡੀਆਂ ਅਤੇ ਤੋਪਖਾਨਿਆਂ ਦੇ ਮੂੰਹ ਖੋਲ੍ਹ ਦਿੱਤੇ ਅਤੇ ਹਜ਼ਾਰਾਂ ਹੀ ਸਿੱਖਾਂ ਦਾ ਕਤਲੇਆਮ ਕਰ ਦਿੱਤਾ ਸੀ।

ਪੰਜਾਬ ਦੇ ਹਰ ਪਿੰਡ ਦੇ ਹਰ ਕੋਨੇ 'ਚ ਜੰਗਲੀ ਭੇੜੀਆਂ ਦੀਆਂ ਵਾਗਾਂ ਖੋਲ੍ਹ ਦਿੱਤੀਆਂ ਗਈਆਂ ਸਨ। ਸ਼ਿਕਾਰ 'ਤੇ ਨਿਕਲੇ ਕੁੱਤਿਆਂ ਵਾਂਗ ਉਨ੍ਹਾਂ 15-50 ਸਾਲ ਦੀ ਉਮਰ ਦੇ ਹਜ਼ਾਰਾਂ ਸਿੱਖਾਂ ਨੂੰ ਘੇਰ-ਘੇਰ ਕੇ ਗ੍ਰਿਫਤਾਰ ਕੀਤਾ,ਵਹਿਸ਼ੀਆਨਾ ਤਸੀਹੇ ਦਿੱਤੇ ਗਏ,ਕਈਆਂ ਨੂੰ ਲੂਲ੍ਹੇ-ਲੰਙੇ ਕਰਕੇ ਹਮੇਸ਼ਾ ਲਈ ਨਕਾਰਾ ਕੀਤਾ ਗਿਆ ਅਤੇ ਹਜ਼ਾਰਾਂ

ਨੂੰ ਗੋਲੀਆਂ ਨਾਲ ਭੁੰਨ ਦਿੱਤਾ ਗਿਆ। ਕਈ ਬੇਤਹਾਸ਼ਾ ਜ਼ੁਲਮਾਂ ਤੋਂ ਬਚਣ ਲਈ ਰੂਪੋਸ਼ ਹੋ ਗਏ। ਉਨ੍ਹਾਂ ਦੀਆਂ ਮਾਵਾਂ, ਭੈਣਾਂ ਤੇ ਪਤਨੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਅਤੇ ਉਨ੍ਹਾਂ ਦੀ ਬੇਪਤੀ ਕੀਤੀ ਗਈ।

ਓਪਰੇਸ਼ਨ ਵੁੱਡਰੋਜ਼ ਦੀ ਪਹਿਲੀ ਤਿਮਾਹੀ ਦੌਰਾਨ 15-50 ਸਾਲ ਦੇ ਹਜ਼ਾਰਾਂ ਸਿੱਖਾਂ ਦਾ ਕਤਲੇਆਮ ਕੀਤਾ ਗਿਆ, ਹਜ਼ਾਰਾਂ ਪਾਕਿਸਤਾਨ ਭੱਜ ਗਏ, ਕਈਆਂ ਨੂੰ ਹਿੰਦੂਆਂ ਦੇ ਘਰਾਂ ਨੂੰ ਅੱਗਾਂ ਲਾਉਣ, ਉਹਨਾਂ ਨੂੰ ਮਾਰਨ ਅਤੇ ਬੰਬ ਚਲਾਉਣ ਦੇ ਝੂਠੇ ਫੌਜਦਾਰੀ ਕੇਸਾਂ 'ਚ ਫਸਾਇਆ ਗਿਆ ਅਤੇ ਇਕ ਲੱਖ ਦੇ ਕਰੀਬ ਸਿੱਖ ਹਿਰਾਸਤ 'ਚ ਲੈ ਲਏ ਗਏ ਜਿਨ੍ਹਾਂ ਦੀ ਮਗਰੋਂ ਕੋਈ ਉਘ-ਸੁੱਘ ਨਹੀਂ ਨਿਕਲੀ ਕਿ ਉਹਨਾਂ ਨਾਲ ਕੀ ਬੀਤੀ।

ਤੀਜੀ ਕੜੀ ਸੀ ਓਪਰੇਸ਼ਨ ਸ਼ਾਂਤੀ

ਇਤਨੇ ਕਤਲੇਆਮ ਮਗਰੋਂ ਸਿੱਖਾਂ ਅੰਦਰ ਜੇ ਕੋਈ ਸਾਹ-ਸਤ ਬਾਕੀ ਰਹਿ ਜਾਏ, ਜਿਸ ਦੀ ਕਿ ਇੰਦਰਾ ਨੂੰ ਪੂਰੀ ਆਸ ਸੀ ਅਤੇ ਸਿੱਖ ਭੜਕ ਕੇ ਬਦਲੇ ਵਜੋਂ ਹਿੰਦੂਆਂ ਦੀ ਮਾਰ-ਧਾੜ ਕਰਨ ਦੀ ਕੋਸ਼ਿਸ਼ ਕਰਨ, ਤਾਂ ਉਸ ਬਹਾਨੇ ਦਿੱਲੀ ਤੇ ਬਾਕੀ ਦੇ ਸਾਰੇ ਭਾਰਤ ਦੇ ਸ਼ਹਿਰਾਂ ਵਿੱਚ ਵਸਦੇ ਸਿੱਖਾਂ ਨੂੰ ਮਾਰ ਮੁਕਾਉਣ ਦੀਆਂ ਸਕੀਮਾਂ ਤਿਆਰ ਕੀਤੀਆਂ ਗਈਆਂ। ਇੰਦਰਾ ਨੂੰ ਪਹਿਲੀ ਕੜੀ ਅਤੇ ਦੂਜੀ ਕੜੀ ਦੇ ਅਮਲ ਉਪਰੰਤ ਸਿੱਖਾਂ ਵਲੋਂ ਹਿੰਦੂਆਂ ਵਿਰੁੱਧ ਰੋਹ ਦੇ ਉਭਾਰ ਦੀ ਪੂਰੀ ਆਸ ਸੀ। ਪਰ ਇੰਝ ਹੋਇਆ ਨਹੀਂ ਸੀ, ਜਿਸ ਦਾ ਮੁੱਖ ਕਾਰਨ ਇਹ ਸੀ ਕਿ ਪੰਜਾਬ ਦਾ ਚੱਪਾ-ਚੱਪਾ ਫ਼ੌਜ ਦੇ ਕਬਜ਼ੇ ਵਿੱਚ ਸੀ ਅਤੇ ਇਤਨੀ ਵੱਡੀ ਪੱਧਰ ਦੇ ਵਹਿਸ਼ੀਆਨਾ ਕਤਲੇਆਮ ਨਾਲ ਸਿੱਖਾਂ ਅੰਦਰ ਉਦੋਂ ਬਦਲਾ ਲੈ ਸਕਣ ਦੀ ਹਿੰਮਤ ਵੀ ਬਾਕੀ ਨਹੀਂ ਸੀ ਰਹੀ ਅਤੇ ਲੀਡਰਸ਼ਿਪ ਵੀ ਸਰਕਾਰ ਨਾਲ ਮਿਲੀ ਹੋਈ ਸੀ। ਇਸ ਤਰ੍ਹਾਂ ਉਦੋਂ ਸਰਕਾਰ ਨੂੰ ਤੀਜਾ ਕਦਮ ਚੁੱਕਣ ਦਾ ਮੌਕਾ ਨਹੀਂ ਸੀ ਮਿਲਿਆ ਅਤੇ ਇਸੇ ਤਿਆਰ ਪਈ ਸਕੀਮ ਨੂੰ ਬਾਅਦ ਵਿੱਚ ਰਾਜੀਵ ਨੇ ਆਪਣੀ ਮਾਂ ਦੇ ਕਤਲ ਸਮੇਂ ਵਰਤਿਆ ਸੀ।

ਚੌਥੀ ਕੜੀ ਸੀ, ਪਾਕਿਸਤਾਨ ਨਾਲ ਜੰਗ ਛੇੜ ਕੇ, ਅੰਮ੍ਰਿਤਸਰ ਤੇ ਗੁਰਦਾਸਪੁਰ ਨੂੰ ਮੈਦਾਨਿ ਜੰਗ ਬਣਾਕੇ, ਆਪਣੀ ਹੀ ਫ਼ੌਜ ਕੋਲੋਂ ਦਰਬਾਰ ਸਾਹਿਬ ਕੰਪਲੈਕਸ ਸਣੇ ਸਿੱਖ ਕੌਮ ਦਾ ਦਲੀਆ ਮਲੀਆ ਕਰਵਾਉਣਾ। ਬਹਾਨਾ ਇਹ ਦਿੱਤਾ ਜਾਣਾ ਸੀ ਕਿ ਸਿੱਖਾਂ ਨੇ ਬਗਾਵਤ ਕਰ ਦਿੱਤੀ ਸੀ।

ਉਦੋਂ ਸਾਰੇ ਹਿੰਦੂ ਫ਼ਿਰਕੂ ਪ੍ਰੈਸ ਵਲੋਂ ਸਿੱਖਾਂ ਨੂੰ ਦੇਸ਼-ਧ੍ਰੋਹੀ ਗਰਦਾਨ ਕੇ ਸਿੱਖਾਂ ਵਿਰੁਧ ਨਫ਼ਰਤ ਤੇ ਘਿਰਣਾ ਦੀਆਂ ਦੀਵਾਰਾਂ ਉੱਚੀਆਂ ਕੀਤੀਆਂ ਗਈਆਂ ਸਨ। ਇਸ ਸਬੰਧ ਵਿੱਚ ਉਦੋਂ ਪਾਕਿਸਤਾਨ ਵਿਰੁਧ ਬਿਆਨ ਵੀ ਦਾਗਣੇ ਸ਼ੁਰੂ ਹੋ ਗਏ ਸਨ। ਵਿਗਿਆਨਕ ਹਥਿਆਰਾਂ ਨਾਲ ਲੈਸ ਹੋਈ ਫ਼ੌਜ ਵੀ ਬਾਰਡਰ 'ਤੇ ਇੱਕਠੀ ਹੋਣੀ ਸ਼ੁਰੂ ਹੋ ਗਈ ਸੀ। ਗੁਰੂ ਨਾਨਕ ਸਾਹਿਬ ਦੇ ਪ੍ਰਕਾਸ਼ ਦਿਹਾੜੇ 8 ਨਵੰਬਰ ਦੇ ਨੇੜੇ ਤੇੜੇ ਜੰਗ ਸ਼ੁਰੂ ਕੀਤੀ ਜਾਣੀ ਸੀ।

ਜੰਗ ਸ਼ੁਰੂ ਕਰਨ ਦੀਆਂ 2-6 ਨਵੰਬਰ 1984 ਦੀਆਂ ਤਰੀਕਾਂ ਦੀ ਚਰਚਾ ਵੀ ਸ਼ੁਰੂ ਹੋ ਗਈ ਸੀ,ਪਰ ਅਕਾਲ ਪੁਰਖ ਨੂੰ ਇੰਜ ਨਹੀਂ ਭਾਇਆ ਅਤੇ ਉਸ ਨੇ ਇੰਦਰਾ ਨੂੰ ਆਪਣੇ ਦਰਬਾਰ ਵਿੱਚ ਹਾਜ਼ਰ ਹੋਣ ਦਾ ਹੁਕਮ ਭੇਜ ਦਿੱਤਾ ਸੀ। ਇਸ ਤਰ੍ਹਾਂ ਸਿੱਖਾਂ ਦੀ ਫੱਟੀ ਪੋਚ ਦੇਣ ਦੇ ਸੁਪਨੇ ਲੈਣ ਵਾਲੀ ਇੰਦਰਾ ਦੀ ਆਪਣੀ ਹੀ ਫੱਟੀ ਪੋਚੀ ਗਈ। ਇਥੇ ਇਹ ਵੀ ਦੱਸ ਦੇਣਾ ਉਚਿਤ ਹੈ ਕਿ ਸੰਨ 1965 ਦੀ ਲੜਾਈ ਵੇਲੇ ਵੀ ਭਾਰਤੀ ਫੌਜ ਦੇ ਮੁਖੀ ਦੀ ਅੰਮ੍ਰਿਤਸਰ ਤੇ ਗੁਰਦਾਸਪੁਰ ਨੂੰ ਰਣਭੂਮੀ ਬਣਾਉਣ ਦੀ ਪੂਰੀ ਤੇ ਪੱਕੀ ਸਕੀਮ ਸੀ,ਪਰ ਸਿੱਖ ਜਨਰਲ ਹਰਬਖ਼ਸ਼ ਸਿੰਘ ਨੇ ਉਸ ਖ਼ਤਰਨਾਕ ਚਾਲ ਦੀ ਡਟ ਕੇ ਵਿਰੋਧਤਾ ਕੀਤੀ ਸੀ ਅਤੇ ਉਦੋਂ ਇਹ ਭਾਣਾ ਨਹੀਂ ਸੀ ਵਰਤਿਆ।

ਵਹਿਸ਼ੀਆਨਾ ਹਮਲੇ ਦੇ ਨਾਂ ਦੀ ਚੋਣ -ਸਾਕਾ ਨੀਲਾ ਤਾਰਾ

ਨਾਗਪੁਰ 'ਚ ਬੈਠੇ ਬ੍ਰਾਹਮਣਵਾਦ ਦੇ ਥਿੰਕ ਟੈਂਕ ਨੇ ਸਿੱਖ ਨਸਲਕੁਸ਼ੀ ਦੇ ਓਪਰੇਸ਼ਨਾਂ ਦੇ ਨਾਂ ਵੀ ਬੜੇ ਸੋਚ ਵਿਚਾਰ ਕੇ ਰੱਖੇ। ਸਿੱਖ ਆਮ ਕਰਕੇ ਨੀਲੀਆਂ ਪੱਗਾਂ ਬੰਨਦੇ ਹਨ ਅਤੇ ਸਰਕਾਰ ਉਨ੍ਹਾਂ ਦੀਆਂ ਨੀਲੀਆਂ ਪੱਗਾਂ ਉਤਾਰਨੀਆਂ ਚਾਹੁੰਦੀ ਸੀ। ਇਸ ਕਰਕੇ ਪੰਜਾਬ ਦੇ ਸ਼ਹਿਰਾਂ 'ਚ ਵਰਤਾਏ ਗਏ ਖ਼ੂਨੀ ਸਾਕੇ ਦਾ ਨਾਂ 'ਓਪਰੇਸ਼ਨ ਨੀਲਾ ਤਾਰਾ' ਰੱਖਿਆ। ਇਵੇਂ ਹੀ ਨਾਲ ਦੀ ਨਾਲ ਪੰਜਾਬ ਦੇ ਪਿੰਡਾਂ 'ਚੋਂ ਸਿੱਖਾਂ ਦਾ ਸਫਾਇਆ ਕਰਨ ਲਈ ਚਲਾਈ ਗਈ ਮੁਹਿੰਮ ਦਾ ਕੋਡ ਨਾਂ 'ਓਪਰੇਸ਼ਨ ਵੂੱਡ ਰੋਜ਼' ਰੱਖਿਆ ਭਾਵ ਜੰਗਲੀ ਗੁਲਾਬ ਦੇ ਫੁੱਲਾਂ (ਸਿੱਖ ਨੌਜਵਾਨਾਂ) ਨੂੰ ਜੰਗਲ 'ਚੋਂ ਪੁੱਟ ਦੇਣ ਦਾ ਓਪਰੇਸ਼ਨ।

'ਓਪਰੇਸ਼ਨ ਸਾਕਾ ਨੀਲਾ ਤਾਰਾ' ਤੇ 'ਓਪਰੇਸ਼ਨ ਵੂੱਡ ਰੋਜ਼' ਤੋਂ ਬਚ ਪੰਜਾਬ ਦੇ ਸਿੱਖਾਂ ਅਤੇ ਬਾਕੀ ਦੇ ਸਾਰੇ ਭਾਰਤ 'ਚ ਵਸਦੇ ਸਿੱਖਾਂ ਦਾ ਸਫਾਇਆ ਕਰਕੇ ਦੇਸ਼ ਅੰਦਰ ਸ਼ਾਂਤੀ ਪੈਦਾ ਕੀਤੇ ਜਾਣ ਦਾ ਨਾਂ ਓਪਰੇਸ਼ਨ ਸ਼ਾਂਤੀ ਰੱਖਿਆ ਗਿਆ।

ਹਮਲੇ ਦੇ ਪਲਾਨ ਸਬੰਧੀ ਹਿੰਦੂ ਤੇ ਸਿੱਖ ਜਰਨੈਲਾਂ ਦਾ ਅਨੁਭਵ

ਹਰਿਮੰਦਰ ਸਾਹਿਬ 'ਤੇ ਹਮਲਾ ਕਰਨ ਵਾਸਤੇ ਪਲਾਨ ਤਿਆਰ ਕਰਨ ਲਈ ਸਭ ਤੋਂ ਪਹਿਲਾਂ ਥਲ ਸੈਨਾ ਦੇ ਉਪ-ਮੁਖੀ ਲੈਫਟੀਨੈਂਟ ਜਨਰਲ ਐਸ.ਕੇ.ਸਿਨਹਾ ਨੂੰ ਕਿਹਾ ਗਿਆ ਜਿਸ ਨੇ ਅਗਲੇ ਸਾਲ ਥਲ ਸੈਨਾ ਦਾ ਮੁੱਖੀ ਹੋਣਾ ਸੀ। ਉਸ ਨੇ ਹਰਿਮੰਦਰ ਸਾਹਿਬ ਦੇ ਸਾਰੇ ਇਤਿਹਾਸਕ ਪਿਛੋਕੜ ਦਾ ਅਧਿਐਨ ਕੀਤਾ ਅਤੇ ਅਕਾਲ ਤਖਤ ਸਾਹਿਬ ਦੀ ਸਰਬਉੱਚਤਾ ਬਾਰੇ ਜਿਵੇਂ ਕਿ ਅਕਾਲ ਤਖਤ ਦੇ ਜਥੇਦਾਰ ਵਲੋਂ ਮਹਾਰਾਜਾ ਰਣਜੀਤ ਸਿੰਘ ਨੂੰ ਸਜ਼ਾ ਦਿੱਤੀ ਗਈ ਸੀ ਆਦਿ ਨੂੰ ਸਾਹਮਣੇ ਰੱਖ ਕੇ 22 ਸਫਿਆਂ ਦੀ ਰਿਪੋਰਟ ਜਨਵਰੀ 1983 'ਚ ਪੇਸ਼ ਕੀਤੀ ਅਤੇ ਸਲਾਹ ਦਿੱਤੀ ਕਿ ਹਰਿਮੰਦਰ ਸਾਹਿਬ 'ਤੇ ਹਮਲਾ ਨਾ ਕੀਤਾ ਜਾਵੇ। ਸਰਕਾਰ ਆਪਣੇ ਉਦੇਸ਼ ਪੂਰਤੀ ਲਈ ਕੋਈ ਹੋਰ ਢੰਗ ਵਰਤੋਂ 'ਚ ਲਿਆਵੇ। ਡਿਕਟੇਟਰ ਇੰਦਰਾ ਦੀ ਮਰਜ਼ੀ ਵਿਰੁੱਧ ਅਜਿਹੀ ਸਲਾਹ ਦੇਣ ਵਾਲੇ ਉਸ ਜਨਰਲ ਸਿਨਹਾ ਨੂੰ ਸਜ਼ਾ ਭੁਗਤਣੀ ਪਈ।

ਉਸ ਦੀ ਹੋਣ ਵਾਲੀ ਤਰੱਕੀ ਰੋਕ ਦਿੱਤੀ ਗਈ ਅਤੇ ਉਸ ਦੀ ਥਾਂ ਜਨਰਲ ਉ.ਸ.ਵੈਦਿਆ ਨੂੰ ਸੈਨਾਪਤੀ ਦੀ ਪਦਵੀ ਤੇ ਲਿਆਂਦਾ ਗਿਆ ਅਤੇ ਲੈਫਟੀਨੈਂਟ ਜਨਰਲ ਸੁੰਦਰ ਜੀ ਨੂੰ ਉਪ-ਸੈਨਾਪਤੀ ਦੇ ਤੌਰ ਤੇ,ਜਿਨ੍ਹਾਂ ਨੇ ਸਾਕਾ ਨੀਲਾ ਤਾਰਾ ਦੀ ਯੋਜਨਾ ਬਣਾ ਕੇ ਉਸ ਨੂੰ ਅਮਲੀ ਰੂਪ ਦਿੱਤਾ। ਇਥੇ ਇਹ ਗੱਲ ਖਾਸ ਤੌਰ ਤੇ ਨੋਟ ਕਰਨ ਵਾਲੀ ਹੈ ਕਿ ਜਨਰਲ ਸਿਨਹਾ (ਇਕ ਹਿੰਦੂ) ਦੇ ਸਿੱਖ ਇਤਿਹਾਸ ਪ੍ਰਤੀ ਅਨੁਭਵ ਨੇ ਹਰਿਮੰਦਰ ਸਾਹਿਬ 'ਤੇ ਹਮਲਾ ਨਾ ਕਰਨ ਦੀ ਸਲਾਹ ਦਿੱਤੀ,ਪਰ ਸਿੱਖ ਘਰਾਣਿਆਂ 'ਚ ਜੰਮੇ ਪਲੇ ਜਨਰਲ ਕੇ.ਸਿੰਘ ਬਰਾੜ ਤੇ ਹੋਰ ਸਿੱਖ ਅਫਸਰਾਂ ਨੇ ਵਹਿਸ਼ੀਆਨਾ ਹਮਲੇ ਦੀ ਕਮਾਂਡ ਝੱਟ ਸੰਭਾਲ ਲਈ ਸੀ।

ਸਿੱਖ ਜਰਨੈਲਾਂ ਹੱਥੋਂ ਹੀ ਸਿੱਖੀ ਦੀ ਫੱਟੀ ਪੁਚਵਾਈ ਗਈ

ਚਾਣਕੀਆ ਨੀਤੀ ਨੇ ਚੁਰਾਸੀ ਦਾ ਘੱਲੂਘਾਰਾ ਗਿਣੀ ਮਿਥੀ ਸਾਜ਼ਸ਼ ਅਨੁਸਾਰ ਉਲੀਕਿਆ। ਦੁਨੀਆ ਨੂੰ ਇਹ ਦੱਸਣ ਲਈ ਕਿ ਉਹ ਸਿੱਖਾਂ ਦੇ ਵਿਰੁੱਧ ਨਹੀਂ। ਫ਼ੌਜੀ ਕਾਰਵਾਈ ਲਈ ਵੱਧ ਤੋਂ ਵੱਧ ਸਿੱਖ ਜਰਨੈਲਾਂ ਨੂੰ ਅੱਗੇ ਕਰਕੇ,ਉਹਨਾਂ ਤੋਂ ਹੀ ਵਹਿਸ਼ੀਆਨਾ ਹਮਲਾ ਕਰਵਾਇਆ ਅਤੇ ਉਨ੍ਹਾਂ ਹੱਥੋਂ ਹੀ ਅਕਾਲ ਤਖਤ ਦੀ ਇੱਟ ਨਾਲ ਇੱਟ ਖੜਕਵਾਈ ਗਈ। ਸਿੱਖ ਜਰਨੈਲ ਹੀ ਹਰਿਮੰਦਰ ਸਾਹਿਬ 'ਤੇ ਫੌਜਾਂ ਚਾੜ੍ਹਕੇ ਸਿੱਖਾਂ ਦਾ ਘਾਣ ਕਰਨ ਕਰਨ ਲੱਗ ਪਏ ਸਨ। ਸਿੱਖ ਜਰਨੈਲਾਂ ਅੰਦਰੋਂ ਸਿੱਖੀ ਸਪਿਰਿਟ ਦਾ ਅਭਾਵ ਕਿਉਂ? ਧਨ ਤੇ ਅਹੁਦੇ

ਖਾਤਰ ਆਪਣੇ ਹੀ ਪਵਿੱਤਰ ਧਰਮ ਅਸਥਾਨ ਦੀ ਇੱਟ ਨਾਲ ਇੱਟ ਕਿਉਂ ਖੜਕਾਉਣ ਲਈ ਰਾਜ਼ੀ ਹੋ ਗਏ ਸਨ?

ਲੈਫ਼ਟੀਨੈਂਟ ਜਨਰਲ ਰਣਜੀਤ ਸਿੰਘ ਦਿਆਲ ਨੂੰ ਸਮੁੱਚੀ ਕਾਰਵਾਈ ਦਾ ਮੁੱਖ ਸੰਚਾਲਕ ਬਣਾਇਆ ਅਤੇ ਉਸ ਨੂੰ ਪੰਜਾਬ ਦੇ ਗਵਰਨਰ ਦਾ ਮੁੱਖ ਸੁਰੱਖਿਆ ਸਲਾਹਕਾਰ ਨਿਯੁਕਤ ਕੀਤਾ ਗਿਆ। ਮੇਜਰ ਜਨਰਲ ਕੁਲਦੀਪ ਸਿੰਘ ਬਰਾੜ ਨੂੰ ਦਰਬਾਰ ਸਾਹਿਬ ਉਤੇ ਹਮਲੇ ਦੀ ਅਗਵਾਈ ਕਰਨ ਦਾ ਕਾਰਜ ਸੌਂਪਿਆ ਗਿਆ। ਮੇਜਰ ਜਨਰਲ ਜੇ.ਐਸ.ਜਮਵਾਲ ਨੂੰ ਅੰਮ੍ਰਿਤਸਰ,ਬਟਾਲਾ ਤੇ ਗੁਰਦਾਸਪੁਰ ਅੰਦਰ ਫ਼ੌਜੀ ਕਾਰਵਾਈ ਦਾ ਚਾਰਜ ਦਿੱਤਾ ਗਿਆ। ਮੇਜਰ ਜਨਰਲ ਤਰਲੋਕ ਸਿੰਘ ਨੂੰ ਦੁਆਬਾ ਖੇਤਰ ਦਾ ਚਾਰਜ ਦਿੱਤਾ ਗਿਆ। ਮੇਜਰ ਜਨਰਲ ਸ਼ਮਸ਼ੇਰ ਸਿੰਘ ਨੂੰ ਤਰਨਤਾਰਨ,ਪੱਟੀ ਲੁਧਿਆਣਾ,ਫ਼ਿਰੋਜ਼ਪੁਰ ਅਤੇ ਜ਼ੀਰਾ ਦਾ ਚਾਰਜ ਦਿੱਤਾ ਗਿਆ। ਮੇਜਰ ਜਨਰਲ ਗੁਰਦਿਆਲ ਸਿੰਘ,ਜਿਸ ਕੋਲ ਪਟਿਆਲਾ,ਸੰਗਰੂਰ,ਬਠਿੰਡਾ,ਰੋਪੜ ਤੇ ਫ਼ਰੀਦਕੋਟ ਦਾ ਚਾਰਜ ਸੀ,ਨੇ ਗੁਰਦੁਆਰਾ ਦੂਖ ਨਿਵਾਰਨ ਸਾਹਿਬ 'ਤੇ ਖ਼ੂਨੀ ਹਮਲੇ ਦੀ ਕਾਰਵਾਈ ਕੀਤੀ।

ਫੌਜ ਨੂੰ ਤਿਆਰੀ ਦਾ ਹੁਕਮ ਦੇਣਾ

ਇੰਦਰਾ ਨੇ ਰੱਖਿਆ ਮੰਤਰੀ ਰਾਮਾਸਵਾਮੀ ਵੈਂਕਟਰਾਮਨ ਨੂੰ ਜਨਵਰੀ ਦੇ ਪਹਿਲੇ ਹਫਤੇ ਹੀ ਹਮਲੇ ਦੀਆਂ ਲੋੜੀਦੀਆਂ ਹਦਾਇਤਾਂ ਦੇ ਦਿੱਤੀਆਂ ਸਨ ਜਿਸ ਨੇ ਸਾਕਾ ਨੀਲਾ ਤਾਰਾ ਦੇ ਸਮੁੱਚੇ ਇੰਨਚਾਰਜ ਜਨਰਲ ਕੇ.ਸੁੰਦਰਜੀ ਨੂੰ 15 ਜਨਵਰੀ 1984 ਨੂੰ ਕਾਰਵਾਈ ਲਈ ਤਿਆਰ ਰਹਿਣ ਵਾਸਤੇ ਕਹਿ ਦਿੱਤਾ ਸੀ। ਇਸ ਤਰ੍ਹਾਂ ਫੌਜ ਕੋਲ ਛੇ ਕੁ ਮਹੀਨੇ ਦਾ ਸਮਾਂ ਸੀ। ਇਵੇਂ ਹੀ ਖੁਫੀਆ ਏਜੰਸੀ ਰਾਅ ਵਲੋਂ ਆਪਣੇ ਕਮਾਂਡੋਜ਼ ਨੂੰ ਹਦਾਇਤਾਂ ਦੇ ਦਿੱਤੀਆਂ ਗਈਆਂ ਸਨ ਜਿਨ੍ਹਾਂ ਨੇ ਅਮਲੀ ਮਸ਼ਕਾਂ ਲਈ ਚਕਰਾਤਾ ਤੇ ਸਹਾਰਨਪੁਰ ਵਿਚਕਾਰ ਸਰਸਾਵਾ ਵਿਖੇ ਹਰਿਮੰਦਰ ਸਾਹਿਬ ਕੰਪਲੈਕਸ ਦਾ ਢਾਂਚਾ ਬਣਾ ਲਿਆ ਸੀ। ਇਸ ਦੇ ਨਾਲ ਹੀ ਦਰਬਾਰ ਸਾਹਿਬ ਅੰਦਰ ਜਾਸੂਸੀ ਏਜੰਸੀਆਂ ਦਾ ਜਾਲ ਵੀ ਵਿਛਾ ਦਿੱਤਾ ਗਿਆ ਸੀ।

ਉਦੋਂ ਇੰਦਰਾ ਦੇ ਨਿਕਟ ਹਲਕਿਆਂ ਅੰਦਰ ਇਹ ਕਾਨਾਫੂਸੀ ਵੀ ਚੱਲ ਰਹੀ ਸੀ ਕਿ ਇੰਦਰਾ ਨੇ ਪੰਜਾਬ ਸਥਿਤੀ ਬਾਰੇ ਮਿਖਾਇਲ ਗੋਰਬਾਚੋਵ ਨਾਲ ਵੀ ਗੱਲ ਕੀਤੀ ਸੀ। ਜਿਸ ਨੇ ਉਸ ਨੂੰ ਦੱਸਿਆ ਸੀ ਕਿ 1920ਵਿਆਂ 'ਚ ਸੋਵੀਅਤ ਯੂਨੀਅਨ ਨੂੰ ਵੀ ਆਪਣੀਆਂ ਏਸ਼ੀਆਈ ਰੀਪਬਲਿਕਾਂ 'ਚ ਅਜਿਹੀ ਸਥਿਤੀ ਦਾ ਸਾਹਮਣਾ ਕਰਨਾ

ਪਿਆ ਸੀ ਅਤੇ ਸੋਵੀਅਟ ਯੂਨੀਅਨ ਨੇ 15-50 ਸਾਲ ਦੀ ਉਮਰ ਦੇ ਬਹੁਤ ਸਾਰੇ ਬੰਦੇ ਮਾਰ ਦਿੱਤੇ ਸਨ ਜਿਸ ਨਾਲ ਉਸ ਨੂੰ ਆਪਣਾ ਕਬਜ਼ਾ ਪੱਕਾ ਕਰਨ 'ਚ ਬਹੁਤ ਸਹਾਇਤਾ ਮਿਲੀ ਸੀ। ਇਸ ਤੋਂ ਸਬਕ ਲੈਕੇ ਇੰਦਰਾ ਨੇ ਵੀ 15-50 ਸਾਲ ਦੇ ਸਿੱਖਾਂ ਨੂੰ ਖਤਮ ਕਰ ਦੇਣ ਦੇ ਹੁਕਮ ਜਾਰੀ ਕੀਤੇ ਸਨ।

24 ਜਨਵਰੀ 1984 ਨੂੰ ਫੌਜਾਂ ਨੂੰ ਤਿਆਰ ਰਹਿਣ ਦੇ ਹੁਕਮ ਤਾਂ ਦੇ ਦਿੱਤੇ ਗਏ ਸਨ ਪਰ ਤਰੀਕ ਨਿਸਚਿਤ ਕਰਨੀ ਬਾਕੀ ਸੀ। ਕਿਉਂਕਿ ਇੰਦਰਾ ਦਾ ਉਦੇਸ਼ ਸਿੱਖ ਨਸਲਘਾਤ ਕਰਨਾ ਸੀ ਭਾਵ ਵੱਧ ਤੋਂ ਵੱਧ ਸਿੱਖਾਂ ਨੂੰ ਮਾਰਕੇ ਖਤਮ ਕਰਨਾ ਅਤੇ ਅਕਾਲ ਤਖਤ ਸਾਹਿਬ ਦੀ ਇੱਟ ਨਾਲ ਇੱਟ ਖੜਕਾਉਣਾ ਸੀ ਇਸ ਲਈ ਢੁਕਵੇਂ ਦਿਨ ਦੀ ਚੋਣ ਕਰਨੀ ਵੀ ਜ਼ਰੂਰੀ ਸੀ ਜਿਸ ਦਿਨ ਵੱਧ ਤੋਂ ਵੱਧ ਸਿੱਖ ਗੁਰਦੁਆਰਿਆਂ ਅੰਦਰ ਇਕੱਠੇ ਹੋਣ। ਜਨਵਰੀ ਤੋਂ ਬਾਅਦ ਵਿਸਾਖੀ ਦਾ ਗੁਰਪੁਰਬ ਸੀ ਪਰ ਉਹ ਸੂਤ ਨਹੀਂ ਸੀ ਬੈਠਦਾ ਕਿਉਂਕਿ ਉਸ ਦੇ ਮੁੱਖ ਸਮਾਗਮ ਅਨੰਦਪੁਰ ਸਾਹਿਬ ਹੁੰਦੇ ਹਨ। ਉਸ ਤੋਂ ਅਗਲੀ ਤਰੀਕ ਗੁਰੂ ਅਰਜਨ ਸਾਹਿਬ ਦੇ ਸ਼ਹੀਦੀ ਗੁਰਪੁਰਬ ਦੀ 3 ਜੂਨ ਸੀ ਜਿਸ ਦੀ ਚੋਣ ਕਰ ਲਈ ਗਈ।

ਇੰਦਰਾ ਨੇ ਅਕਾਲੀਆਂ ਨੂੰ ਮੂਰਖ ਬਣਾਈ ਰੱਖਣ ਲਈ ਇਕ ਨਵਾਂ ਪੱਤਾ ਖੇਡਿਆ। ਉਹ ਇਹ ਕਿ ਜੇ ਉਹ ਸੰਵਿਧਾਨ ਦੀ ਧਾਰਾ 25 ਵਿਰੁੱਧ ਅੰਦੋਲਨ ਕਰਨ ਤਾਂ ਸ਼ਾਇਦ ਸਰਕਾਰ ਇਹ ਗੱਲ ਮੰਨ ਜਾਏਗੀ। ਰਾਜੀਵ ਗਾਂਧੀ ਨੇ ਹਿੰਸਕ ਕਾਰਵਾਈਆਂ ਨੂੰ ਹਵਾ ਦੇਣ ਲਈ ਇਹ ਗੱਲ ਟੌਹੜੇ ਰਾਹੀਂ ਅਕਾਲੀਆਂ ਤਕ ਪਹੁੰਚਾ ਦਿੱਤੀ। ਅਕਾਲੀਆਂ ਦਾ ਇਹ ਖਾਸਾ ਹੈ ਕਿ ਉਹ ਅਕਲ ਨੂੰ ਕਦੀ ਨੇੜੇ ਨਹੀ ਢੁੱਕਣ ਦੇਂਦੇ। ਬਿਨਾਂ ਸੋਚੇ ਵਿਚਾਰੇ ਉਹੋ ਕੁਝ ਕਰਨ ਵੱਲ ਦੌੜ ਪਏ। ਉਹਨਾਂ 27 ਫਰਵਰੀ 1984 ਨੂੰ ਦਿੱਲੀ ਵਿਖੇ ਸੰਵਿਧਾਨ ਦੀ ਧਾਰਾ 25 ਸਾੜਨ ਦੇ ਫੈਸਲੇ ਦਾ ਐਲਾਨ ਕਰ ਦਿੱਤਾ। ਬਾਦਲ ਨੇ (ਆਪਣੇ ਮਾਲਕਾਂ ਦੇ ਹੁਕਮ ਮੁਤਾਬਕ) ਗੁਰਦੁਆਰਾ ਬੰਗਲਾ ਸਾਹਿਬ ਵਿਖੇ ਧਾਰਾ 25 ਸਾੜੀ ਅਤੇ ਟੌਹੜੇ ਨੇ ਚੰਡੀਗੜ ਵਿਖੇ। ਇਹ ਹੱਥਠੋਕੇ ਸਰਕਾਰ ਵਲੋਂ ਐਲਾਨ ਦੀ ਵਿਅਰਥ ਉਡੀਕ ਕਰਦੇ ਰਹੇ।

ਘੱਲੂਘਾਰੇ ਦਾ ਪਿਛੋਕੜ

ਜੂਨ ਚੁਰਾਸੀ ਦਾ ਘੱਲੂਘਾਰਾ ਵਰਤਮਾਨ ਸਮੇਂ ਦੇ ਸਿੱਖ ਇਤਿਹਾਸ ਦਾ ਰੰਗਟੇ ਖੜ੍ਹੇ ਕਰ ਦੇਣਾ ਵਾਲਾ ਸਭ ਤੋਂ ਵੱਡਾ ਖ਼ੂਨੀ ਕਾਂਡ ਹੈ, ਜਿਸ ਦੀ ਤੜਪਾਊ ਕਸਕ ਸਮੁੱਚੀ ਸਿੱਖ ਕੌਮ ਨੂੰ ਸਦੀਆਂ ਤੀਕ ਤੜਪਾਉਂਦੀ ਰਹੇਗੀ। ਬ੍ਰਾਹਮਣਵਾਦ ਵਲੋਂ ਜਿਸ ਵਿਸਾਹਘਾਤਕ ਵਿਉਂਤਬੰਦੀ ਨਾਲ ਸਿੱਖ ਕੌਮ ਦੇ ਖ਼ੂਨ ਨਾਲ ਹੋਲੀ ਖੇਡੀ ਗਈ, ਉਸ ਦੀ ਮਿਸਾਲ ਸੰਸਾਰ ਵਿੱਚ ਹੋਰ ਕਿਤੇ ਨਹੀਂ ਮਿਲਦੀ। ਅੱਜ ਤਕ ਸੰਸਾਰ ਵਿੱਚ ਫ਼ੌਜ ਦੁਸ਼ਮਣ ਫ਼ੌਜ ਦੇ ਦੰਦ ਖੱਟੇ ਕਰਨ ਲਈ ਤਾਂ ਵਰਤੀ ਜਾਂਦੀ ਰਹੀ ਹੈ, ਪਰ ਆਪਣੇ ਹੀ ਹਜ਼ਾਰਾਂ ਨਿਰਦੋਸ਼ ਤੇ ਨਿਹੱਥੇ ਨਾਗਰਿਕ ਬੱਚਿਆਂ, ਇਸਤਰੀਆਂ ਅਤੇ ਬਜ਼ੁਰਗਾਂ ਉਤੇ ਧੋਖੇ ਨਾਲ ਇਤਨੇ ਵਹਿਸ਼ੀਆਨਾ ਜ਼ੁਲਮ ਢਾਹੁਣ ਵਾਲੀ ਵਰਤਮਾਨ ਸਮੇਂ ਦੀ ਇਹ ਪਹਿਲੀ ਨਿਰਦਈ ਹਿੰਦੂ ਸਾਮਰਾਜੀ ਹਕੂਮਤ ਹੈ।

ਇਹ ਘੱਲੂਘਾਰਾ ਬ੍ਰਾਹਮਣਵਾਦ ਦੀ ਦਹਿਸ਼ਤ ਤੇ ਵਹਿਸ਼ਤ ਦੀ ਗਿਣੀ ਮਿਥੀ ਸਾਜ਼ਿਸ਼ ਦਾ ਨੰਗਾ ਨਾਚ ਸੀ। ਇਸ 'ਚ ਭਾਰਤ ਦੀ ਸਾਰੀ ਸਰਕਾਰੀ ਮਸ਼ੀਨਰੀ ਝੋਕ ਦਿੱਤੀ ਗਈ ਸੀ। ਇਹ ਇਕ ਹਕੀਕਤ ਹੈ ਕਿ ਦਰਬਾਰ ਸਾਹਿਬ 'ਤੇ ਕੀਤਾ ਵਹਿਸ਼ੀਆਨਾ ਹਮਲਾ ਵੀਹਵੀਂ ਸਦੀ ਦਾ ਬੜਾ ਹੀ ਭਿਆਨਕ ਤੇ ਦਿਲ ਕੰਬਾਊ ਹਮਲਾ ਸੀ। ਉਸ ਦੇ ਨਾਲ ਹੀ ਉਸ ਨੂੰ ਵਿਉਂਤਣ, ਨੇਪਰੇ ਚਾੜ੍ਹਨ ਅਤੇ ਸਮੇਟਣ 'ਚ ਜਿਸ ਧੋਖਾਦੇਹੀ, ਫਰੇਬ, ਝੂਠ ਅਤੇ ਵਿਸ਼ਵਾਸਘਾਤ ਦਾ ਸਹਾਰਾ ਲਿਆ ਗਿਆ, ਉਹ ਹਿੰਦੂ ਵਰਗ ਦੀਆਂ ਵਿਰਾਸਤੀ ਖੂਬੀਆਂ ਦਾ ਹੂਬਹੂ ਨਮੂਨਾ ਹੈ।

ਸਾਰੀਆ ਦੁਨੀਆ 'ਚ ਯਹੂਦੀਆਂ ਨੂੰ ਛੱਡ ਕੇ ਸ਼ਾਇਦ ਹੀ ਕੋਈ ਹੋਰ ਅਜਿਹੀ ਕੌਮ ਹੋਵੇ, ਜਿਸ ਨੇ ਐਨੇ ਘੱਲੂਘਾਰੇ ਹੰਢਾਏ ਹੋਣ, ਜਿੰਨੇ ਕਿ ਸਿੱਖ ਕੌਮ ਨੇ। ਹਿੰਦੁਸਤਾਨ ਦੇ ਇਤਿਹਾਸ 'ਚ ਤਾਂ ਕੀ, ਸ਼ਾਇਦ ਸਾਰੇ ਏਸ਼ੀਆ ਦੇ ਇਤਿਹਾਸ 'ਚ ਇਹ ਪਹਿਲੀ ਮਿਸਾਲ ਸੀ। 50,000 ਵਰਗ ਕਿਲੋਮੀਟਰ ਤੋਂ ਵੱਧ ਖੇਤਰ 'ਚ ਇਤਨਾ ਕਰੜਾ ਕਰਫਿਊ ਲਾਇਆ ਗਿਆ ਕਿ ਸੜਕ 'ਤੇ ਹਰ ਪ੍ਰਕਾਰ ਦੀ ਆਵਾਜਾਈ ਬੰਦ ਕਰ ਦਿੱਤੀ ਗਈ। ਅਜਿਹਾ ਕਰਫਿਊ ਤਾਂ ਭਾਰਤ-ਪਾਕਿਸਤਾਨ ਅਤੇ ਭਾਰਤ-ਚੀਨ ਜੰਗਾਂ 'ਚ ਵੀ ਨਹੀਂ ਸੀ ਲਾਇਆ ਗਿਆ। ਅਕਤੂਬਰ-ਨਵੰਬਰ 'ਚ ਸਿੱਖਾਂ ਦੇ ਕਤਲੇਆਮ ਕੀਤੇ ਜਾਣ 'ਤੇ ਕਰਫਿਊ ਨਹੀ ਸੀ ਲਾਇਆ ਗਿਆ। ਵਹਿਸ਼ੀਆਨਾ ਹਮਲੇ ਦੌਰਾਨ ਪਿੰਡਾਂ ਤੋਂ ਅੰਮ੍ਰਿਤਸਰ ਆਉਣ ਵਾਲਿਆਂ ਨੂੰ ਤਾਂ ਗੋਲੀਆਂ ਨਾਲ ਭੁੰਨ ਦਿੱਤਾ ਗਿਆ ਸੀ, ਪਰ ਵਹਿਸ਼ੀਆਨਾ ਹਮਲੇ ਉਪਰੰਤ ਖੁਸ਼ੀ 'ਚ ਲੱਡੂ ਵੰਡਣ ਵਾਲਿਆਂ ਨੂੰ ਕਰਫਿਊ ਤੋੜਨ ਤੇ ਭੰਗੜੇ ਪਾਉਣ ਦੀ ਖੁਲ੍ਹ ਦੇ ਦਿੱਤੀ

ਗਈ ਸੀ।

ਮਨੁੱਖਤਾ ਦੇ ਇਤਿਹਾਸ ਵਿੱਚ ਸਮੇਂ-ਸਮੇਂ ਜ਼ਾਲਮ ਪੈਦਾ ਹੁੰਦੇ ਆਏ ਹਨ। ਚੰਗੇਜ਼ ਖ਼ਾਂ, ਨਾਦਰ ਸ਼ਾਹ, ਅਹਿਮਦ ਸ਼ਾਹ ਅਬਦਾਲੀ, ਔਰੰਗਜ਼ੇਬ ਅਤੇ ਹਿਟਲਰ ਆਦਿਕ ਜ਼ਾਲਮਾਂ ਨੇ ਵੀ ਆਪੋ ਆਪਣੇ ਸਮੇਂ ਰੱਜ ਕੇ ਤਰਥੱਲੀ ਮਚਾਈ, ਪਰ ਯਾਤਰਾ ਕਰਨ ਗਏ ਹਜ਼ਾਰਾਂ ਨਿਰਦੋਸ਼ ਤੇ ਨਿਹੱਥੇ ਆਮ ਲੋਕਾਂ ਉਤੇ ਸ਼ਰਾਬ ਵਿੱਚ ਗੁੱਟ ਹੋਈਆਂ ਫ਼ੌਜਾਂ ਚਾੜ੍ਹ ਕੇ ਇਤਨੀ ਨਿਰਦੈਤਾ ਨਾਲ ਕੋਹ-ਕੋਹ ਕੇ ਮਾਰਨਾ ਕੇਵਲ ਤੇ ਕੇਵਲ ਇੰਦਰਾ ਡੈਣ ਦੇ ਜ਼ਿੰਮੇ ਹੀ ਆਇਆ। ਉਹ ਭਿਅੰਕਰ ਅਤਿਆਚਾਰ ਕਿਸੇ ਬਦੇਸ਼ੀ ਹਮਲਾਵਰ ਜਾਂ ਗ਼ੈਰ-ਮੁਲਕੀ ਜਾਬਰ ਹੁਕਮਰਾਨ ਵਲੋਂ ਨਹੀਂ ਸੀ ਕੀਤੇ ਗਏ, ਸਗੋਂ ਆਪਣੇ ਹੀ ਦੇਸ਼ ਦੀ ਕਥਿਤ ਨੈਸ਼ਨਲ ਹਕੂਮਤ ਵਲੋਂ, ਜਿਸ ਅਕ੍ਰਿਤਘਣ ਨੂੰ ਇਸ ਹਕੂਮਤ ਦੇ ਤਖ਼ਤੇ 'ਤੇ ਬਿਠਾਉਣ ਲਈ ਸਿੱਖ ਕੌਮ ਨੇ ਲੱਖਾਂ ਜਾਨਾਂ ਵਾਰੀਆਂ, ਆਪਣੇ ਮਹਾਨ ਪਵਿਤਰ ਗੁਰਧਾਮਾਂ ਦੇ ਵਿਛੌਣੇ ਪਾਏ ਅਤੇ ਆਪਣੇ ਅਰਬਾਂ-ਖਰਬਾਂ ਦੇ ਕਾਰੋਬਾਰ ਤੇ ਜੱਦੀ ਜਾਇਦਾਦਾਂ ਤੋਂ ਹੱਥ ਧੋਣੇ ਪਏ।

ਸੰਸਾਰ ਅੰਦਰ ਜਾਬਰ ਤੇ ਬਾਬਰ ਹਮੇਸ਼ਾ ਆਉਂਦੇ ਰਹਿੰਦੇ ਹਨ ਅਤੇ ਉਹ ਕੇਵਲ ਆਪਣਾ ਨਾਂ ਹੀ ਬਦਲਦੇ ਹਨ। ਜ਼ਾਲਮ, ਕਦੀ ਚੰਗੇਜ਼ ਖ਼ਾਂ ਬਣਕੇ ਆਉਂਦਾ ਹੈ ਅਤੇ ਕਦੀ ਨਾਦਰ ਸ਼ਾਹ ਬਣਕੇ। ਕਦੀ ਹਲਾਕੂ ਬਣਕੇ ਆਉਂਦਾ ਹੈ ਅਤੇ ਕਦੀ ਅਹਿਮਦ ਸ਼ਾਹ ਅਬਦਾਲੀ ਬਣਕੇ। ਕਦੀ ਤੈਮੂਰ ਦੇ ਰੂਪ ਵਿੱਚ ਆਉਂਦਾ ਹੈ ਅਤੇ ਕਦੀ ਔਰੰਗਜ਼ੇਬ ਬਣਕੇ। ਕਦੀ ਹਿਟਲਰ ਦੇ ਰੂਪ ਵਿੱਚ ਆਉਂਦਾ ਹੈ ਅਤੇ ਕਦੀ ਇੰਦਰਾ ਤੇ ਰਾਜੀਵ ਦੇ ਰੂਪ ਵਿੱਚ। ਜਾਬਰ ਨਾਂ ਬਦਲਦਾ ਹੈ, ਪਰ ਅਮਲ ਨਹੀਂ। ਅਮਲ ਸਭ ਦਾ ਮਨੁੱਖਤਾ 'ਤੇ ਜ਼ੁਲਮ ਕਰਨਾ ਹੀ ਹੁੰਦਾ ਹੈ। ਹਰ ਜਾਬਰ ਮਨੁੱਖਤਾ ਦਾ ਕਾਤਲ ਹੁੰਦਾ ਹੈ ਅਤੇ ਹਰ ਜਾਬਰ ਦੇ ਜ਼ੁਲਮ ਕਰਨ ਦਾ ਢੰਗ ਵੀ ਵੱਖਰਾ ਹੀ ਹੁੰਦਾ ਹੈ। ਅੱਜ ਤਕ ਜ਼ਾਲਮ ਕਹਿਰਾਂ ਦੇ ਜ਼ੁਲਮ ਤਾਂ ਕਰਦੇ ਆਏ ਹਨ, ਪਰ ਧੋਖੇ ਨਾਲ ਨਹੀਂ, ਸਗੋਂ ਸ਼ਰੇਆਮ ਜ਼ੁਲਮ ਦਾ ਨੰਗਾ ਨਾਚ ਨੱਚਦੇ ਆਏ ਹਨ। ਇਸ ਦੇ ਉਲਟ ਬ੍ਰਾਹਮਣਵਾਦ ਇੱਕ ਵਖਰੀ ਕਿਸਮ ਦਾ ਜ਼ਾਬਰ ਹੈ।

ਇਹ ਚਾਣਕੀਆ ਨੀਤੀ ਦਾ ਧਾਰਨੀ ਹੈ। ਧੋਖੇ ਨਾਲ ਆਪਣੇ ਦੁਸ਼ਮਣ ਨੂੰ ਮਾਰਨਾ ਇਸ ਦੀ ਨੀਤੀ ਦਾ ਆਧਾਰ ਹੈ। ਬਗ਼ਲਗੀਰ ਹੋਕੇ ਪਿੱਠ ਵਿੱਚ ਛੁਰਾ ਮਾਰਨਾ ਇਸ ਦੀ ਖਾਸ ਵਿਸ਼ੇਸ਼ਤਾ ਹੈ। ਇੱਕ ਹੱਥ ਨਾਲ ਆਪਣੇ ਸ਼ਿਕਾਰ ਨੂੰ ਪਲੋਸਣਾ ਅਤੇ ਦੂਜੇ ਨਾਲ ਉਸ ਦੀ ਜੇਬ ਕੱਟਣੀ ਇਸ ਦਾ ਕਿੱਤਾ ਹੈ। ਬੁਰਕਾ ਜਮਹੂਰੀਅਤ ਦਾ, ਪਰ ਕਰਤੂਤਾਂ ਜ਼ਾਲਮ ਡਿਕਟੇਟਰਾਂ ਦੀਆਂ। ਵਿਖਾਵਾ ਡੈਮੋਕਰੈਸੀ ਦਾ, ਪਰ ਜ਼ੁਲਮ ਤੇ

ਜਬਰ ਜ਼ਾਲਮ ਡਿਕਟੇਟਰਾਂ ਨਾਲੋਂ ਵੀ ਵੱਧ। 'ਦਿਲ ਵਿੱਚ ਹੋਰ, ਕਹਿਣਾ ਹੋਰ ਤੇ ਕਰਨਾ ਕੁਝ ਹੋਰ' ਇਸ ਦੀ ਜਗਤ ਪ੍ਰਸਿੱਧ ਨੀਤੀ ਹੈ।

ਇਹ ਇੱਕ ਮੰਨੀ ਹੋਈ ਹਕੀਕਤ ਹੈ ਕਿ ਜਦ ਅੰਨ੍ਹੀ ਰਾਜ ਸ਼ਕਤੀ, ਅੰਨ੍ਹਾ ਧਨ ਅਤੇ ਅੰਨ੍ਹਾ ਮਜ਼ਹਬੀ ਤਅੱਸਬ, ਇਹ ਤਿੰਨੇ ਇੱਕਠੇ ਹੋ ਜਾਣ, ਤਾਂ ਉਥੇ ਇੰਦਰਾ ਵਰਗੇ ਹੰਕਾਰੀ ਡਿਕਟੇਟਰਾਂ ਦਾ ਪੈਦਾ ਹੋ ਜਾਣਾ ਸੁਭਾਵਕ ਹੈ। ਹੰਕਾਰੀ ਹਾਕਮ ਨਾ ਕਿਸੇ ਹੋਰ ਦੀ ਉੱਚਤਾਈ ਸਹਾਰ ਸਕਦਾ ਹੈ ਅਤੇ ਨਾ ਹੀਂ ਕਿਸੇ ਹੋਰ ਧਰਮ ਜਾਂ ਸਭਿਆਚਾਰ ਦੇ ਵਧਣ-ਫੁੱਲਣ ਜਾਂ ਉਸ ਦੀ ਵਡਿਆਈ ਹੀ ਬਰਦਾਸ਼ਤ ਕਰ ਸਕਦਾ ਹੈ। ਜ਼ੁਲਮ ਤੇ ਜਬਰ ਕਰਨਾ ਅਜਿਹੇ ਹੰਕਾਰੀ ਦਾ ਰੋਜ਼ ਦਾ ਮਨੋਰੰਜਨ ਬਣ ਜਾਂਦਾ ਹੈ, ਜੋ ਆਮ ਕਰਕੇ ਉਸ ਦੇ ਵਿਨਾਸ਼ ਦਾ ਕਾਰਨ ਬਣਦਾ ਹੈ।

ਅੱਜ ਦੇ ਸਾਇੰਸੀ ਯੁੱਗ ਅੰਦਰ ਜਿਥੇ ਸੰਸਾਰ ਦੀਆਂ ਹੋਰ ਕੌਮਾਂ ਆਪਣੇ ਵਖਰੇਵੇਂ ਦੀਆਂ ਖਾਈਆਂ ਅਤੇ ਵਿੱਥਾਂ ਵਿਚਾਰ-ਵਟਾਂਦਰੇ ਦੁਆਰਾ ਪੂਰਕੇ ਇੱਕ ਦੂਜੇ ਦੇ ਗਿਆਨ ਭੰਡਾਰ ਤੋਂ ਲਾਭ ਉਠਾਉਣ ਵਿੱਚ ਜੁੱਟੀਆਂ ਹੋਈਆਂ ਹਨ, ਉਥੇ ਭਾਰਤ ਦੀ ਮਨੂ ਸਰਕਾਰ ਦੇ ਸਿਰ 'ਤੇ ਸਿੱਖਾਂ ਵਰਗੀ ਅਣਖੀਲੀ ਕੌਮ ਦੀ ਨਸਲਕੁਸ਼ੀ ਕਰਨ ਦਾ ਭੂਤ ਸਵਾਰ ਹੋ ਚੁੱਕਿਆ ਹੈ। ਸਿੱਖੀ ਦਾ ਰੜਕਦਾ ਕੰਡਾ ਕੱਢਣ ਲਈ ਇਸ ਦੇ ਮਨੂਵਾਦੀ ਥਿੰਕ-ਟੈਂਕ ਨੇ ਅਜ਼ਾਦੀ ਤੋਂ ਪਹਿਲਾਂ ਹੀ ਪੰਜਾਹ ਸਾਲਾ ਸਿੱਖ ਨਸਲਕੁਸ਼ੀ ਦਾ ਪਲਾਨ ਤਿਆਰ ਕਰ ਰੱਖਿਆ ਸੀ, ਜਿਸ ਮੁਤਾਬਕ ਸਿੱਖ ਕੌਮ ਦੀਆਂ ਧਾਰਮਿਕ, ਸਭਿਆਚਾਰਕ ਤੇ ਆਰਥਕ ਜੜ੍ਹਾਂ ਨੂੰ ਕੁਤਰਨਾ ਸੀ, ਤਾਂ ਜੋ ਸਿੱਖ ਕੌਮ ਤਪਦਿਕ ਦੇ ਮਰੀਜ਼ ਵਾਂਗ ਹੌਲੀ-ਹੌਲੀ ਆਪਣੀ ਮੌਤ ਆਪ ਮਰ ਜਾਵੇ ਅਤੇ ਇਸ ਨੂੰ ਅਸਾਨੀ ਨਾਲ ਹਿੰਦੂਆਂ ਵਿੱਚ ਜਜ਼ਬ ਕੀਤਾ ਜਾ ਸਕੇ।

ਅੱਠਤਰ ਦੀ ਖ਼ੂਨੀ ਵਿਸਾਖੀ ਅਤੇ ਚੁਰਾਸੀ ਦੇ ਦੋਵੇਂ ਘੱਲੂਘਾਰੇ ਕੋਈ ਇੱਕੜ-ਦੁੱਕੜ ਵਾਪਰੀਆਂ ਘਟਨਾਵਾਂ ਨਹੀਂ ਸਨ, ਜਿਵੇਂ ਕਿ ਕਈ ਮੇਰੇ ਲੇਖਕ ਵੀਰ ਦੱਸਣ ਦਾ ਯਤਨ ਕਰਦੇ ਹਨ, ਸਗੋਂ ਬ੍ਰਾਹਮਣਵਾਦ ਵਲੋਂ ਸਿੱਖੀ ਦੀ ਫੱਟੀ ਪੋਚ ਦੇਣ ਦੀ ਪੰਜਾਹ ਸਾਲਾ ਪਲਾਨ ਦੀ ਆਖ਼ਰੀ ਕੜੀਆਂ ਸਨ। ਚੁਰਾਸੀ ਦੇ ਖ਼ੂਨੀ ਸਾਕੇ ਨੂੰ ਪੂਰੀ ਤਰ੍ਹਾਂ ਸਮਝਣ ਲਈ ਸਾਨੂੰ ਬ੍ਰਾਹਮਣਵਾਦ ਦੇ ਉਸ ਪੰਜਾਹ ਸਾਲਾ ਸਿੱਖ ਨਸਲਕੁਸ਼ੀ ਦੇ ਸ਼ੈਤਾਨੀ ਪਲਾਨ ਨੂੰ ਸਮਝਣਾ ਪਏਗਾ। ਚੁਰਾਸੀ ਦੇ ਘੱਲੂਘਾਰੇ ਸਿੱਖੀ ਨੂੰ ਖ਼ਤਮ ਕਰ ਦੇਣ ਦੇ ਆਖ਼ਰੀ ਵਾਰ ਸਨ। ਰਾਜ-ਸੱਤਾ ਹੱਥ ਵਿੱਚ ਆਉਂਦਿਆਂ ਹੀ ਉਨ੍ਹਾਂ ਨਾਪਾਕ ਸਕੀਮਾਂ ਨੂੰ ਸਖ਼ਤੀ ਨਾਲ ਅਮਲੀ ਰੂਪ ਦੇਣਾ ਸ਼ੁਰੂ ਕਰ ਦਿੱਤਾ ਗਿਆ ਸੀ। ਜਿਸ ਰਫ਼ਤਾਰ ਤੇ ਜਿਸ ਸਰਬ-ਪੱਖੀ

ਢੰਗ ਨਾਲ ਚੌਹਾਂ ਪਾਸਿਓਂ ਸਿੱਖ ਕੌਮ ਦੀਆਂ ਜੜ੍ਹਾਂ ਵੱਢਣੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਸਨ ਅਤੇ ਜੇ ਇਹ ਨੀਤੀ ਆਪਣੀਆਂ ਉਲੀਕੀਆਂ ਲੀਹਾਂ ਤੋਂ ਥਿੜਕਦੀ ਨਾ, ਭਾਵ ਉਲੀਕੇ ਸਮੇਂ ਤੋਂ ਪਹਿਲਾਂ ਨਾ ਵਰਤੀ ਜਾਂਦੀ, ਤਾਂ ਉਸ ਹਾਲਤ ਵਿੱਚ ਸਿੱਖ ਕੌਮ ਨੇ ਨਾ ਕੇਵਲ ਵੱਢੇ-ਟੁੱਕੇ ਜਾਣਾ ਸੀ, ਸਗੋਂ ਸੌ ਸਾਲ ਤਕ ਉਠਣ ਜੋਗਾ ਨਹੀਂ ਸੀ ਰਹਿਣਾ।

ਸਚਾ ਸਾਹਿਬੁ ਸਚੁ ਨਿਆਉ ਪਾਪੀ ਨਰ ਹਾਰਦਾ॥
(ਸਿਰੀ ਰਾਗ ਕੀ ਵਾਰ ਮ:੩ ਪਾਉੜੀ)

ਸਾਕਾ ਨੀਲਾ ਤਾਰਾ ਦੀ ਤਿਆਰੀ

ਸਿੱਖ ਨਸਲਕੁਸ਼ੀ ਦਾ ਸ਼ੈਤਾਨੀ ਪਲਾਨ ਤਾਂ ਇਕ ਬਹੁਤ ਵੱਡਾ ਪਲਾਨ ਸੀ। ਕਿਸੇ ਛੋਟੇ ਜਿਹੇ ਸਿਆਸੀ ਪਲਾਨ ਨੂੰ ਵੀ ਸਿਰੇ ਚਾੜ੍ਹਨ ਲਈ ਮਨ-ਮਰਜ਼ੀ ਦੇ ਸਿਆਸੀ ਹਾਲਾਤ ਪੈਦਾ ਕਰਕੇ ਉਨ੍ਹਾਂ ਨੂੰ ਕਈ ਵਾਰ ਕਾਬੂ 'ਚ ਰੱਖਣਾ ਔਖਾ ਹੋ ਜਾਂਦਾ ਹੈ ਜਿਸ ਨਾਲ ਕਈ ਵਾਰੀ ਅਣਕਿਆਸੇ ਹਾਲਾਤ ਵੀ ਪੈਦਾ ਹੋ ਸਕਦੇ ਹਨ।

ਦਿੱਲੀ ਦੇ ਮਨੂਵਾਦੀ ਨੀਤੀਕਾਰਾਂ ਵਲੋਂ ਪੰਜਾਬ ਤੇ ਇਸ ਦੀ ਸਿੱਖ ਕੌਮ ਨੂੰ ਘਾਸਿਆਰਾ ਬਣਾਕੇ ਗ਼ੁਲਾਮ ਬਣਾਈ ਰੱਖਣ ਲਈ ਹਰ ਹੀਲਾ-ਹਰਬਾ ਵਰਤਿਆ ਗਿਆ। ਇਹਨਾਂ ਵਲੋਂ ਸਿੱਖ ਧਰਮ, ਸਿੱਖ ਸਭਿਆਚਾਰ ਅਤੇ ਲਾਸਾਨੀ ਸਿੱਖ ਇਤਿਹਾਸ ਉਤੇ ਬਿੱਪ੍ਰਵਾਦੀ ਪੋਚਾ ਫਿਰਵਾਇਆ ਗਿਆ; ਸਾਰੀਆਂ ਸਿੱਖ ਸੰਸਥਾਵਾਂ ਤੇ ਸਿੱਖ ਜਥੇਬੰਦੀਆਂ ਉਤੇ ਆਪਣੇ ਕੌਲੀ-ਚੱਟ ਪਿੱਠੂਆਂ ਦੇ ਕਬਜ਼ੇ ਕਰਾਏ ਗਏ; ਆਪਣੇ ਜ਼ਰਖ਼ਰੀਦ ਸਿੱਖ ਲਿਖਾਰੀਆਂ ਤੋਂ ਨਾਪਾਕ ਰਾਸ਼ਟਰਵਾਦ ਦੇ ਨਾਂ ਥੱਲੇ ਸਿੱਖ ਸਿਧਾਂਤਾਂ ਦੀ ਭੰਨ-ਤਰੋੜ ਕਰਵਾਈ ਗਈ; ਰੇਡੀਓ-ਟੀ. ਵੀ. ਦੇ ਪ੍ਰੋਗਰਾਮਾਂ ਵਿੱਚ ਸਿੱਖੀ ਕਿਰਦਾਰ ਦੇ ਮਜ਼ਾਕ ਉਡਾਏ ਗਏ; ਫ਼ਿਲਮਾਂ ਵਿੱਚ ਡਰਾਈਵਰ ਆਦਿਕ ਨੀਵੀਂ ਪੱਧਰ ਦੇ ਪਾਰਟ ਦੇਕੇ ਸਿੱਖ ਕਿਰਦਾਰ ਨੂੰ ਛੁਟਿਆਇਆ ਗਿਆ।

ਸਿੱਖਾਂ ਨੂੰ ਨਸ਼ਈ ਬਣਾਉਣ ਲਈ ਪੰਜਾਬ ਬਾਰਡਰ 'ਤੇ ਤਾਇਨਾਤ ਖ਼ੁਫੀਆ ਤੇ ਨੀਮ ਫੌਜੀ ਦਸਤਿਆਂ ਦੀ ਸਹਾਇਤਾ ਨਾਲ ਸਮੱਗਲਿੰਗ ਦੇ ਰਾਹ ਖੋਲ੍ਹ ਦਿੱਤੇ ਗਏ ਅਤੇ ਹਰ ਕਿਸਮ ਦੇ ਨਸ਼ਿਆਂ ਦੇ ਢੇਰ ਲਾ ਦਿੱਤੇ ਗਏ। ਨੌਜਵਾਨ ਸਿੱਖ ਪੀੜੀ ਜਿਸ ਵਿੱਚ ਕਾਲਜ ਤੇ ਯੂਨੀਵਰਸਿਟੀ ਦੇ ਵਿਦਿਆਰਥੀ ਵੀ ਸ਼ਾਮਲ ਸਨ, ਇਸ ਦਾ ਸ਼ਿਕਾਰ ਹੋਏ। ਸਮੱਗਲਰਾਂ ਦੇ ਮਾਫੀਆ ਨੂੰ ਖੁਲ੍ਹੀ ਛੁੱਟੀ ਦੇ ਦਿੱਤੀ ਗਈ ਜਿਨ੍ਹਾਂ ਨੇ ਸੁਰੱਖਿਆ ਦਲਾਂ ਦੀ ਸਰਪ੍ਰਸਤੀ ਹੇਠ ਕੰਮ ਕਰਨਾ ਸ਼ੁਰੂ ਕਰ ਦਿੱਤਾ ਅਤੇ ਪਾਕਿਸਤਾਨ ਤੋਂ ਅਸਾਨੀ ਨਾਲ ਨਸ਼ੇ ਹਾਸਲ ਕਰਨ ਲਈ ਉਥੋਂ ਦੀ ਖ਼ੁਫੀਆ ਏਜੰਸੀ ਨਾਲ ਤਾਲਮੇਲ ਪੈਦਾ ਕਰਕੇ ਪੰਜਾਬ ਅੰਦਰ ਨਸ਼ਿਆਂ ਦੇ ਢੇਰ ਲਾਣੇ ਸ਼ੁਰੂ ਕਰ ਦਿੱਤੇ।

ਥਰਡ ਏਜੰਸੀ ਵਲੋਂ ਪੰਜਾਬ ਅੰਦਰ ਸਮੱਗਲਰਾਂ, ਮੁਜਰਮਾਂ ਅਤੇ ਬਦਮਾਸ਼ਾਂ ਆਦਿਕ ਟੋਲਿਆਂ ਰਾਹੀਂ ਕਰਵਾਈਆਂ ਜਾ ਰਹੀਆਂ ਇੱਕੜ-ਦੁੱਕੜ ਵਾਰਦਾਤਾਂ ਨੂੰ ਜਥੇਬੰਦਕ ਰੂਪ ਦਿੱਤਾ ਗਿਆ। ਇਸ ਦੇ ਨਾਲ ਹੀ ਥਰਡ ਏਜੰਸੀ ਵਲੋਂ ਪੰਜਾਬ ਅੰਦਰ ਸ਼ਰਾਬ, ਅਫੀਮ ਅਤੇ ਹੋਰ ਨਸ਼ਿਆਂ ਦੀ ਸਮੱਗਲਿੰਗ ਦੇ ਸਪੈਸ਼ਲ ਪ੍ਰਬੰਧ ਕੀਤੇ ਗਏ। ਇਸ ਦੇ ਦੋ

ਫਾਇਦੇ ਸਨ। ਇਕ ਤਾਂ ਇਹ ਕਿ ਇਸ 'ਚੋਂ ਆਈ ਆਮਦਨ ਨਾਲ ਥਰਡ ਏਜੰਸੀ ਦੇ ਸਾਰੇ ਖਰਚੇ ਪੂਰੇ ਹੋ ਸਕਣੇ ਸਨ ਅਤੇ ਦੂਜੇ ਸਿੱਖ ਪੈਸੇ ਦੇਕੇ ਆਪਣੇ ਆਪ ਨੂੰ ਮਾਰਨ ਦੀਆਂ ਵਾਜ਼ਾਂ ਮਾਰਨਗੇ ਜਿਸ ਨਾਲ ਸਿੱਖ ਨਸਲਘਾਤ ਦਾ ਕੰਮ ਵੀ ਸਿਰੇ ਚੜ੍ਹਨਾ ਸੀ।

ਨਸਲਘਾਤ ਦੇ ਪਲਾਨ ਨੂੰ ਅੱਗੇ ਤੋਰਨ ਲਈ ਜਿੱਥੇ ਨਿਰੰਕਾਰੀਆਂ ਰਾਹੀਂ ਸਿੱਖੀ 'ਤੇ ਕਾਤਲਾਨਾ ਵਾਰ ਕਰਵਾਏ ਗਏ, ਉਥੇ ਸਿੱਖ ਨਸਲਕੁਸ਼ੀ ਦੇ ਅੱਗਲੇਰੇ ਪ੍ਰੋਗਰਾਮ ਨੂੰ ਸਿਰੇ ਚਾੜ੍ਹਨ ਲਈ ਨਕਸਲ ਵਾੜੀਆਂ ਨੂੰ ਸਰਗਰਮ ਕਰਕੇ 'ਦਲ ਖਾਲਸਾ' ਨਾਂ ਦਾ ਇਕ ਗਰੁਪ ਕਾਇਮ ਕੀਤਾ ਗਿਆ।

ਦੱਲ ਖਾਲਸਾ ਕਿਵੇਂ ਹੋਂਦ 'ਚ ਲਿਆਂਦਾ ਗਿਆ? ਮਾਰਕ ਟੱਲੀ ਤੇ ਜੈਕਬ ਸਤੀਸ਼ ਨੇ ਆਪਣੀ ਪੁਸਤਕ 'ਅੰਮ੍ਰਿਤਸਰ, ਸ਼੍ਰੀਮਤੀ ਗਾਂਧੀ ਦੀ ਅੰਤਲੀ ਲੜਾਈ' ਦੇ ਸਫਾ 55 'ਤੇ ਲਿਖਿਆ ਹੈ ਕਿ ਨਿਰੰਕਾਰੀ ਸਮਾਗਮ ਤੋਂ ਇਕ ਹਫਤਾ ਪਹਿਲਾਂ 6 ਅਪ੍ਰੈਲ 1978 ਨੂੰ 'ਦਲ ਖਾਲਸਾ' ਨਾਂ ਦੀ ਪਾਰਟੀ ਦਾ ਉਦਘਾਟਨ ਆਰੋਮਾ ਹੋਟਲ ਚੰਡੀਗੜ੍ਹ 'ਚ ਕੀਤਾ ਗਿਆ। ਉਸ ਸਮਾਗਮ ਦਾ 600 ਰੁਪਏ ਦਾ ਬਿਲ ਗਿਆਨੀ ਜ਼ੈਲ ਸਿੰਘ ਨੇ ਦਿੱਤਾ ਸੀ। ਇਕ ਸਟੈਨੋਗ੍ਰਾਫਰ ਜਿਸ ਨੇ ਖਾਲਿਸਤਾਨ 'ਤੇ ਇਕ ਕਿਤਾਬਚਾ ਛਪਵਾਇਆ ਸੀ, ਨੂੰ ਦੱਲ ਖਾਲਸਾ ਦਾ ਮੁੱਖ ਪੰਚ ਬਣਾਇਆ ਗਿਆ।

ਡਾ.ਸੰਗਤ ਸਿੰਘ ਨੇ ਆਪਣੀ ਪੁਸਤਕ 'ਇਤਿਹਾਸ 'ਚ ਸਿੱਖ' ਦੇ ਸਫਾ 356 ਤੇ ਲਿਖਿਆ ਹੈ ਕਿ ਇੰਦਰਾ ਗਾਂਧੀ ਦੇ ਇਸ਼ਾਰੇ 'ਤੇ ਗਿਆਨੀ ਜ਼ੈਲ ਸਿੰਘ ਨੇ 13 ਅਪ੍ਰੈਲ 1978 ਨੂੰ ਚੰਡੀਗੜ੍ਹ ਦੇ ਐਰੋਮਾ ਹੋਟਲ 'ਚ ਮੀਟਿੰਗ ਕਰਕੇ ਦੱਲ ਖਾਲਸਾ ਕਾਇਮ ਕੀਤਾ ਜਿਸ ਦੇ ਦੋ ਟੀਚੇ ਮਿਥੇ ਦੱਸੇ ਗਏ ਸਨ। ਇਕ, ਖੁਦਮੁਖਤਾਰ ਸਿੱਖ ਰਾਜ ਭਾਵ ਖਾਲਿਸਤਾਨ ਦੀ ਸਥਾਪਨਾ ਅਤੇ ਦੂਜਾ ਸਿੱਖਾਂ ਦੇ ਜੀਵਨ ਨੂੰ ਖਾਲਸੇ ਦੇ ਅਸੂਲਾਂ ਮੁਤਾਬਕ ਢਾਲਣਾ।

ਦੱਲ ਖਾਲਸਾ ਦੀ ਪੰਚ ਮੈਂਬਰੀ ਕੌਂਸਲ ਦਾ ਮੁੱਖ ਪੰਚ ਪ੍ਰੋ.ਵਿਸ਼ਵਾ ਨਾਥ ਤਿਵਾੜੀ ਦੇ ਸਟੈਨੋਗ੍ਰਾਫਰ ਹਰ ਸਿਮਰਨ ਸਿੰਘ ਨੂੰ ਬਣਾਇਆ ਗਿਆ ਜਿਸ ਨੇ ਕੁਝ ਹੀ ਸਮਾਂ ਪਹਿਲਾਂ ਖਾਲਿਸਤਾਨ 'ਤੇ ਇਕ ਕਿਤਾਬ ਛਪਵਾਈ ਸੀ। ਬਾਕੀ ਦੇ ਚਾਰ ਪੰਚ ਮੈਂਬਰ ਸਨ – ਜਸਵੰਤ ਸਿੰਘ ਠੇਕੇਦਾਰ (ਗੁਰਦਾਸਪੁਰ), ਗਜਿੰਦਰ ਸਿੰਘ ਤੇ ਸਤਿਨਾਮ ਸਿੰਘ (ਚੰਡੀਗੜ੍ਹ), ਗਿਆਨੀ ਹਰਭਗਤ ਸਿੰਘ (ਨਾਰੰਗਵਾਲ, ਲੁਧਿਆਣਾ)। ਚਾਂਦ ਜੋਸ਼ੀ ਮੁਤਾਬਕ ਇਸ ਗਰੁੱਪ ਨੂੰ ਪੈਸਾ ਧੇਲਾ ਪੰਜਾਬ ਦੇ ਕਾਂਗਰਸੀ ਆਗੂਆਂ ਵਲੋਂ ਮਿਲਦਾ ਸੀ। ਦੱਲ ਖਾਲਸਾ 'ਚ ਕੋਈ ਜਾਣੀ ਪਛਾਣੀ

ਨਾਮਵਰ ਸ਼ਖਸੀਅਤ ਨਾ ਹੋਣ ਕਰਕੇ ਇਸ ਦੀ ਮਸ਼ਹੂਰੀ ਲਈ ਗਿਆਨੀ ਜ਼ੈਲ ਸਿੰਘ ਨੇ ਵੱਖ ਵੱਖ ਅਖਬਾਰਾਂ ਦੇ ਐਡੀਟਰਾਂ ਨੂੰ ਟੈਲੀਫੂਨ ਕਰ ਕੇ ਦੱਲ ਖਾਲਸਾ ਦੀਆਂ ਖਬਰਾਂ ਪਹਿਲੇ ਸਫੇ 'ਤੇ ਲੱਗਵਾਈਆਂ ਸਨ। ਦੱਲ ਖਾਲਸਾ ਨੇ ਜਨਵਰੀ 1983 'ਚ ਯੂ.ਕੇ.'ਚ ਅਤੇ ਜੂਨ 1983 'ਚ ਪੱਛਮੀ ਜਰਮਨੀ 'ਚ ਆਪਣੀਆਂ ਸ਼ਾਖਾਂ ਕਾਇਮ ਕੀਤੀਆਂ।

ਇਥੇ ਇਹ ਦੱਸ ਦੇਣਾ ਵੀ ਕੁਥਾਂ ਨਹੀਂ ਹੋਵੇਗਾ ਕਿ ਜਥੇਦਾਰ ਗੁਰਚਰਨ ਸਿੰਘ ਟੌਹੜਾ ਵਲੋਂ ਜਿਥੇ ਨਕਸਲੀਆਂ ਨੂੰ ਵੱਖ ਵੱਖ ਪਿੰਡਾਂ ਤੇ ਕਸਬਿਆਂ ਦੇ ਗੁਰਦੁਆਰਿਆਂ 'ਚ ਗਰੰਥੀ-ਸੇਵਾਦਾਰ ਵਜੋਂ ਟਿਕਾ ਦਿੱਤਾ ਗਿਆ ਸੀ, ਉਥੇ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਬਣ ਜਾਣ ਮਗਰੋਂ ਮਾਰਕਸੀ ਪਾਰਟੀ ਦੇ ਆਗੂ ਹਰਕਿਸ਼ਨ ਸਿੰਘ ਸੁਰਜੀਤ ਨਾਲ ਟੌਹੜੇ ਦੀ ਨੇੜਤਾ ਹੋਰ ਪਕੇਰੀ ਹੋ ਗਈ ਸੀ ਅਤੇ ਅਖੀਰਲੇ ਦਮ ਤਕ ਉਸ ਦੇ ਸਲਾਹ ਮਸ਼ਵਰੇ ਅਨੁਸਾਰ ਟੌਹੜਾ ਪੱਤੇ ਖੇਡਦਾ ਰਿਹਾ ਸੀ। ਮਾਰਕ ਟੱਲੀ ਅਨਸਾਰ 'ਹਰਕਿਸ਼ਨ ਸਿੰਘ ਸੁਰਜੀਤ ਭਾਵੇਂ ਕਮਿਯੂਨਿਸਟ ਸੀ, ਉਹ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੇ ਸਭ ਤੋਂ ਜ਼ਿਆਦਾ ਵਿਸ਼ਵਸਨੀਯ ਸਲਾਹਕਾਰਾਂ 'ਚੋਂ ਇਕ ਸੀ।' ਉਸ ਮਾਰਕਸੀ ਕਮਿਊਨਿਸਟ ਪਾਰਟੀ ਦੇ ਵਰਕਰਾਂ ਨੂੰ ਵੀ ਸ਼੍ਰੋਮਣੀ ਕਮੇਟੀ ਦੇ ਪ੍ਰਬੰਧਕੀ ਢਾਂਚੇ 'ਚ, ਗੁਰਦੁਆਰਿਆਂ, ਖਾਲਸਾ ਸਕੂਲਾਂ ਅਤੇ ਕਾਲਜਾਂ 'ਚ ਜਮਾ ਦਿੱਤਾ ਸੀ। ਸ਼੍ਰੋਮਣੀ ਕਮੇਟੀ ਦੇ ਖਾਲਸਾ ਸਕੂਲਾਂ ਤੇ ਕਾਲਜਾਂ 'ਚੋਂ ਸਿੱਖੀ ਦੀ ਫੱਟੀ ਪੋਚਣ 'ਚ ਉਨ੍ਹਾਂ ਨੇ ਇੰਦਰਾ ਦੇ ਸਿੱਖ ਨਸਲਕੁਸ਼ੀ ਪਲਾਨ 'ਚ ਕਾਫੀ ਹਿੱਸਾ ਪਾਇਆ। ਗੁਰਦੁਆਰਿਆਂ ਵਿੱਚ ਫਿਟ ਹੋ ਜਾਣ ਮਗਰੋਂ ਨਕਸਲੀਆਂ ਦੀਆਂ ਜ਼ਬਾਨਾਂ 'ਤੇ ਪਵਿੱਤਰ ਬੋਲ, ਹੱਥਾਂ ਵਿੱਚ ਹਥਿਆਰ ਅਤੇ 'ਕਾਂਗਰਸ ਆਈ' ਦੀ ਸਰਪ੍ਰਸਤੀ ਹੇਠ ਉਨ੍ਹਾਂ ਆਪਣੀਆਂ ਸਰਗਰਮੀਆਂ ਸ਼ੁਰੂ ਕਰ ਦਿੱਤੀਆਂ ਸਨ।

ਸਿੱਖ ਨਸਲਘਾਤ ਦੇ ਪਲਾਨ ਮੁਤਾਬਕ ਕਿਸ ਤਰ੍ਹਾਂ ਸਿੱਖਾਂ ਦੀਆਂ ਧਾਰਮਿਕ, ਆਰਥਿਕ ਅਤੇ ਸਭਿਆਚਾਰਕ ਜੜ੍ਹਾਂ ਕੁਤਰੀਆਂ ਗਈਆਂ, ਦਾ ਸੰਖੇਪ ਵੇਰਵਾ ਅੱਗਲੇਰੇ ਭਾਗਾਂ 'ਚ ਦਿੱਤਾ ਗਿਆ ਹੈ।

ਦਰਬਾਰ ਸਾਹਿਬ ਅਤੇ ਅਕਾਲ ਤਖਤ ਸਾਹਿਬ ਸਿੱਖ ਕੌਮ ਦੀ ਸ਼ਕਤੀ ਦਾ ਹਮੇਸ਼ਾ ਕੇਂਦਰ ਰਿਹਾ ਹੈ। ਇਥੋਂ ਹੀ ਸਿੱਖਾਂ ਨੂੰ ਬੇਇਨਸਾਫੀ, ਲੁੱਟ-ਖਸੁੱਟ ਅਤੇ ਜ਼ੁਲਮ ਵਿਰੁੱਧ ਜੂਝ ਮਰਨ ਦਾ ਆਤਮਿਕ ਬਲ ਮਿਲਦਾ ਹੈ। ਇਸ ਕੇਂਦਰ 'ਤੇ ਦਿੱਲੀ ਦੇ ਹਰ ਸੱਤਾਵਾਨ ਹਾਕਮ ਦੀ ਕੈਰੀ ਅੱਖ ਰਹੀ ਹੈ। ਅਬਦਾਲੀ ਤੋਂ ਲੈਕੇ ਇੰਦਰਾ ਗਾਂਧੀ ਤਕ ਸਭ ਵਲੋਂ ਇਸ ਮਹਾਨ ਕੇਂਦਰ ਨੂੰ ਤਹਿਸ-ਨਹਿਸ ਕਰ ਦੇਣ ਦੀਆਂ ਸਾਜ਼ਸ਼ਾਂ ਗੁੰਦੀਆਂ ਜਾਂਦੀਆਂ ਰਹੀਆਂ ਹਨ।

ਬ੍ਰਾਹਮਣਵਾਦ ਉਸ ਦਿਨ ਤੋਂ ਹੀ ਗੁਰੂ ਨਾਨਕ ਮਿਸ਼ਨ ਦਾ ਜਾਨੀ ਦੁਸ਼ਮਣ ਬਣ ਗਿਆ ਸੀ, ਜਿਸ ਦਿਨ ਗੁਰੂ ਨਾਨਕ ਸਾਹਿਬ ਨੇ ਭਰੀ ਸਭਾ 'ਚ ਜਨੇਊ ਪਾਉਣ ਤੋਂ ਇਨਕਾਰ ਕਰਕੇ ਬਿੱਪਰਵਾਦ ਦੇ (ਲੋਕਾਂ ਦੀ ਲੁੱਟ-ਖਸੁੱਟ ਕਰਨ ਵਾਲੇ) ਕਰਮਕਾਂਡੀ ਸੰਸਕਾਰਾਂ ਨੂੰ ਲੀਰੋ-ਲੀਰ ਕਰ ਦੇਣ ਦੀ ਚੁਣੌਤੀ ਦਿੱਤੀ ਸੀ। ਗੁਰਮਤਿ ਦੇ ਸੱਚ ਦੇ ਸੂਰਜ ਦੇ ਚੜ੍ਹਦਿਆਂ ਸਾਰ ਹੀ ਇਸ ਨੂੰ ਬੁਝਾ ਦੇਣ ਅਤੇ ਪੰਥਕ ਵਿਹੜਿਆਂ 'ਚ ਹਨ੍ਹੇਰਾ ਕਰ ਦੇਣ ਲਈ ਹਨ੍ਹੇਰੇ ਦੀਆਂ ਸਾਰੀਆਂ ਹਮਜੋਲੀ ਤਾਕਤਾਂ ਹਮੇਸ਼ਾ ਯਤਨਸ਼ੀਲ ਰਹੀਆਂ ਹਨ। ਦਿੱਲੀ ਦੀ ਸਰਕਾਰ ਭਾਵੇਂ ਅਫਗਾਨ ਸੀ ਤੇ ਭਾਵੇਂ ਮੁਗਲ, ਅੰਗਰੇਜ਼ਾਂ ਦੀ ਸੀ ਜਾਂ ਹੁਣ ਅੱਧੀ ਸਦੀ ਤੋਂ ਬ੍ਰਾਹਮਣ-ਬਾਣੀਏ ਦੀ, ਹਰ ਦਿੱਲੀ ਦੀ ਸਰਕਾਰ ਸਿੱਖੀ ਦੇ ਸੋਮੇ ਹਰਿਮੰਦਰ ਸਾਹਿਬ ਨੂੰ ਤਬਾਹ ਕਰਨ ਲਈ ਯਤਨਸ਼ੀਲ ਰਹੀ ਹੈ, ਪਰ ਸਿੱਖੀ ਦਾ ਇਹ ਕੇਂਦਰ-ਬਿੰਦੂ ਹਮੇਸ਼ਾ ਚੜ੍ਹਦੀ ਕਲਾ 'ਚ ਰਿਹਾ ਹੈ। ਦਿੱਲੀ ਦੀ ਸਰਕਾਰ ਕਿਸੇ ਦੀ ਵੀ ਹੋਵੇ, ਸਿੱਖ ਕਦੀ ਵੀ ਗ਼ੁਲਾਮੀ ਦਾ ਜੀਵਨ ਜੀਉਣ ਲਈ ਤਿਆਰ ਨਹੀਂ। ਸਿੱਖੀ ਦੇ ਇਸ ਕੇਂਦਰ ਨੂੰ ਸਿੱਖਾਂ ਹਰ ਕੀਮਤ 'ਤੇ ਬਹਾਲ ਰੱਖਿਆ ਹੈ। ਮੀਰੀ ਪੀਰੀ ਦਾ ਕੇਂਦਰ ਹੋਣ ਕਰਕੇ ਸਿੱਖ ਕੌਮ ਦਾ ਹਰ ਮੋਰਚਾ ਇਥੋਂ ਹੀ ਸ਼ੁਰੂ ਹੋਇਆ। ਸਿੱਖ ਕੌਮ ਹਰ ਮੋਰਚੇ ਤੇ ਹਰ ਘੱਲੂਘਾਰੇ 'ਚੋਂ ਪ੍ਰਚੰਡ ਹੋਕੇ ਨਿਕਲੀ ਹੈ। ਇਸ ਵਾਰ ਸਿੱਖ ਕੌਮ ਦੇ ਆਗੂ ਹੀ ਖ਼ੁਦਗਰਜ਼ ਬਣ ਕੇ ਗ਼ਦਾਰ ਬਣ ਗਏ।

ਸਿੱਖ ਨਸਲਕੁਸ਼ੀ ਸ਼ੁਰੂ ਕਰਨ ਤੋਂ ਪਹਿਲਾਂ ਕਾਨੂੰਨੀ ਸ਼ਿਕੰਜੇ ਕਸੇ ਗਏ

ਸਿੱਖਾਂ ਦਾ ਵੱਡੀ ਪੱਧਰ 'ਤੇ ਕਤਲੇਆਮ ਕਰਨ ਲਈ ਸਰਕਾਰ ਵਲੋਂ ਕਈ ਕਾਲੇ ਕਾਨੂੰਨ ਪਾਸ ਕੀਤੇ ਗਏ। ਪੰਜਾਬ - ਚੰਡੀਗੜ੍ਹ 'ਡਿਸਟਰਬਡ ਏਰੀਆਜ਼ ਐਕਟ' ਪਾਸ ਕੀਤਾ ਗਿਆ। ਫੌਜ ਨੂੰ ਕਿਸੇ ਵੀ ਸਿੱਖ ਨੂੰ ਗੋਲੀ ਨਾਲ ਭੁੰਨ ਦੇਣ ਦੇ ਅਖਤਿਆਰ ਦੇਣ ਲਈ ਸਰਕਾਰ ਨੇ ਇਕ ਹੋਰ ਕਾਨੂੰਨ 'ਆਰਮਡ ਫੋਰਸਿਜ਼ ਐਕਟ (ਪੰਜਾਬ-ਚੰਡੀਗੜ੍ਹ) ਪਾਸ ਕੀਤਾ। ਅਦਾਲਤਾਂ ਨੂੰ ਅਸੀਮਤ ਅਖਤਿਆਰ ਦੇਣ ਲਈ ਇਕ ਹੋਰ 'ਅੱਤਵਾਦ ਪ੍ਰਭਾਵਤ ਇਲਾਕੇ' (ਵਿਸ਼ੇਸ਼ ਅਦਾਲਤਾਂ) ਐਕਟ ਪਾਸ ਕੀਤਾ ਗਿਆ ਅਤੇ ਪੰਜਾਬ ਨੂੰ 'ਫੌਜੀ ਅਧਿਕਾਰਤ ਖੇਤਰ 'ਚ ਬਦਲ ਦਿੱਤਾ ਗਿਆ।

ਮੀਡੀਏ ਨੂੰ ਨਾਲ ਰੰਗਣਾ

ਅਜ਼ਾਦੀ ਦੇ ਪਹਿਲੇ ਦਿਨ ਤੋਂ ਹੀ ਮੀਡੀਆ ਸਿੱਖਾਂ ਨੂੰ ਗ਼ੁਲਾਮ

ਬਣਾਈ ਰੱਖਣ 'ਚ ਸਰਕਾਰ ਦਾ ਹੱਥਠੋਕਾ ਬਣਿਆ ਰਿਹਾ ਹੈ। ਸਰਕਾਰਾਂ ਮੀਡੀਏ ਨੂੰ ਆਪਣੇ ਹੱਥ 'ਚ ਰੱਖਣ ਲਈ ਤਰ੍ਹਾਂ-ਤਰ੍ਹਾਂ ਦੇ ਹੱਥਕੰਡੇ ਵਰਤਦੀਆਂ ਹਨ। ਘੱਟ ਗਿਣਤੀਆਂ ਦੇ ਮਸਲੇ 'ਤੇ ਅਤੇ ਖਾਸ ਤੌਰ ਤੇ ਸਿੱਖਾਂ ਦੇ ਮਸਲੇ 'ਤੇ ਮੀਡੀਆ ਦੀ ਸਰਕਾਰ ਨਾਲ ਹਮੇਸ਼ਾ ਮਿਲੀਭੁਗਤ ਰਹੀ ਹੈ। ਕੌਮੀ (ਹਿੰਦੂ) ਅਖਬਾਰਾਂ, ਰੇਡੀਓ ਤੇ ਟੈਲੀਵਿਯਨ ਹਮੇਸ਼ਾ ਸਰਕਾਰੀ ਦਹਿਸ਼ਤਵਾਦ ਨੂੰ ਸਿੱਖਾਂ ਨਾਲ ਜੋੜ ਕੇ ਪੇਸ਼ ਕਰਦੇ ਰਹੇ। ਪੁਲਿਸ, ਬੀ.ਐਸ.ਐਫ., ਖੁਫੀਆ ਏਜੰਸੀਆਂ ਦੇ ਮਾਫੀਆ ਵਲੋਂ ਫੈਲਾਏ ਜਾ ਰਹੇ ਦਹਿਸ਼ਤਵਾਦ ਵਲੋਂ ਜਾਣ ਬੁਝ ਕੇ ਅੱਖਾਂ ਮੀਟੀ ਰੱਖਦੇ ਰਹੇ ਅਤੇ ਖਾੜਕੂਆਂ ਦੇ ਹਊਏ ਦੇ ਨਿੱਤ ਨਵੇਂ ਬਿਆਨ ਦਾਗ਼ੇ ਜਾਂਦੇ ਰਹੇ।

ਕਿਤਨੀ ਹੈਰਾਨਗੀ ਵਾਲੀ ਗੱਲ ਹੈ ਕਿ ਵੀਹ ਲੱਖ ਫੌਜ ਤੇ ਲੱਖਾਂ ਦੀ ਪੁਲਿਸ ਦੇ ਹੁੰਦਿਆਂ ਉਪਰ ਤੋਂ ਹੇਠਾਂ ਤਾਂਈ ਸਭ ਨੂੰ ਅੱਤਵਾਦੀਆਂ ਤੋਂ ਕਾਂਬਾ ਛਿੜਿਆ ਰਹਿੰਦਾ ਰਿਹਾ। ਜਦ ਕਦੀ ਵੀ ਅੱਤਵਾਦ ਦੇ ਖਤਰੇ ਦੇ ਐਲਾਨ ਹੁੰਦੇ ਹਨ, ਉਸ ਦਾ ਮਤਲਬ ਸਿੱਖ ਨਸਲਘਾਤ ਦੀ ਕਿਸੇ ਨਵੀਂ ਕੜੀ ਲਈ ਜ਼ਮੀਨ ਤਿਆਰ ਕਰਨੀ ਹੁੰਦੀ ਹੈ, ਤਾਂ ਜੋ ਸਿੱਖ ਨਸਲਕੁਸ਼ੀ ਕੀਤੀ ਜਾ ਸਕੇ। ਇਹ ਮੁਹਾਰਨੀ ਸਭ ਸਿਆਸੀ ਰਾਜਨੀਤਕ ਪਾਰਟੀਆਂ ਦੇ ਲੀਡਰਾਂ ਅਤੇ ਪ੍ਰੈਸ ਦੀ ਮਿਲਵੀਂ ਸੁਰ 'ਚ ਲਾਈ ਜਾਂਦੀ ਹੈ। ਸਿੱਖਾਂ ਦਾ ਅਤੇ ਸਿੱਖੀ ਦਾ ਵਿਨਾਸ਼ ਕਰਨਾ ਹਿੰਦੂਤਵੀਆਂ ਦੀ ਬੁਨਿਆਦੀ ਸੇਧ ਹੈ।

ਆਮ ਤੌਰ ਤੇ ਅਖਬਾਰਾਂ ਕਿਸੇ ਨਾ ਕਿਸੇ ਵਪਾਰੀ ਅਦਾਰੇ ਦੀ ਹੀ ਮਲਕੀਅਤ ਹੁੰਦੀਆਂ ਹਨ। ਵਪਾਰੀ ਵਰਗ ਨੂੰ ਹਰ ਵੇਲੇ ਸਰਕਾਰ ਨਾਲ ਵਾਹ ਪੈਂਦਾ ਹੈ। ਹੋਰ ਤਾਂ ਹੋਰ ਕਾਗਜ਼ ਦਾ ਕੋਟਾ ਤਾਂ ਹੀ ਮਿਲਦਾ ਹੈ ਜੇ 'ਜੀ-ਹਜ਼ੂਰੀ' ਕੀਤੀ ਜਾਏ। ਕਿਸੇ ਕੌਮ ਨੂੰ ਖਤਮ ਕਰਨ ਲਈ ਹਾਕਮ ਜਮਾਤ ਉਸ ਕੌਮ ਦੀਆਂ ਕਿਤਾਬਾਂ ਤੇ ਲੇਖਕਾਂ ਨੂੰ ਸਭ ਤੋਂ ਪਹਿਲਾਂ ਖੂੰਜੇ ਲਾਉਂਦੀਆਂ ਹਨ। ਗ਼ੁਲਾਮ ਕੌਮ ਦੀਆਂ ਅਖਬਾਰਾਂ ਨੂੰ ਇਸ਼ਤਿਹਾਰਾਂ ਦੇ ਲਾਲਚ ਦੇਕੇ ਖਰੀਦ ਲਿਆ ਜਾਂਦਾ ਹੈ, ਜਿਸ ਨਾਲ ਉਹ ਸਿਧੇ ਜਾਂ ਅਸਿਧੇ ਤਰੀਕੇ ਨਾਲ ਸਰਕਾਰ ਦੀ 'ਜੀ-ਹਜ਼ੂਰੀ' ਕਰਦੀਆਂ ਹਨ।

ਜਦ ਤੋਂ ਇੰਦਰਾ ਨੇ ਹਿੰਦੂਤਵੀਏ ਬਿਆਨ ਦੇਣੇ ਸ਼ੁਰੂ ਕੀਤੇ, ਉਦੋਂ ਤੋਂ ਤਾਂ ਖਾਸ ਕਰਕੇ ਅਕਾਸ਼ਵਾਣੀ (ਆਲ ਇੰਡੀਆ ਰੇਡੀਓ) ਇੰਦਰਾਵਾਣੀ ਅਤੇ ਦੂਰਦਰਸ਼ਨ (ਟੈਲੀਵਿਯਨ) ਇੰਦਰਾ ਦਰਸ਼ਨ ਬਣ ਗਏ ਸਨ। ਹਮਲੇ ਦੀ ਕਾਰਵਾਈ ਤੋਂ ਇਕ ਮਹੀਨਾ ਪਹਿਲਾਂ ਉਦੋਂ ਸੂਚਨਾ ਤੇ ਪ੍ਰਸਾਰ ਮੰਤਰੀ ਹਰਕਿਸ਼ਨ ਲਾਲ ਭਗਤ ਨੇ ਦਿੱਲੀ ਵਿੱਚ ਸਭ ਅਖਬਾਰਾਂ

ਦੇ ਐਡੀਟਰਾਂ ਨੂੰ ਇਕੱਲਿਆਂ-ਇਕੱਲਿਆਂ ਨੂੰਬੁਲਾਇਆ ਅਤੇ ਕਿਸੇ ਹੋਣ ਵਾਲੀ ਖਾਸ 'ਤਕੜੀ ਕਾਰਵਾਈ' 'ਚ ਉਹਨਾਂ ਦੀ ਕੌਮੀ ਤੇ ਅਖਲਾਕੀ ਹਿਮਾਇਤ ਮੰਗੀ ਸੀ। ਪ੍ਰੈਸ ਦੇ ਵੱਡੇ ਹਿੱਸੇ ਨੂੰ ਜਨਵਰੀ 'ਚ ਹੀ ਸਿੱਖ ਨਸਲਘਾਤ ਦਾ ਪਤਾ ਲੱਗ ਚੁੱਕਾ ਸੀ। 7 ਮਾਰਚ 1984 ਦੇ ਹਿੰਦੁਸਤਾਨ ਟਾਈਮਜ਼ ਦੇ ਮੁੱਖ ਸੰਪਾਦਕ ਗਿਰੀ ਲਾਲ ਜੈਨ ਨੇ ਸਿੱਖਾਂ ਦੀ ਹੋਣ ਜਾ ਰਹੀ ਨਸਲਕੁਸ਼ੀ ਬਾਰੇ ਬੜੀ ਬਦਨੁਮਾ ਸ਼ਬਦਾਵਲੀ ਵਰਤ ਕੇ ਸਿੱਖਾਂ ਨੂੰ ਸੁਚੇਤ ਕੀਤਾ ਸੀ:-

'ਇਤਿਹਾਸ ਅੰਦਰ ਸਿੱਖ ਭਾਈਚਾਰੇ ਦੇ ਗਿਆਰਾ ਵੱਜ ਚੁੱਕੇ ਹਨ। ਉਸ ਨੂੰ ਚਾਹੀਦਾ ਹੈ ਕਿ ਉਹ ਘੜੀ ਨੂੰ ਪੁੱਠਾ ਗੇੜ ਦੇਵੇ। ਅਜੇ ਵੀ ਇਸ ਦੀ ਸੰਭਾਵਨਾ ਮੌਜੂਦ ਹੈ। ਇਸ ਤੋਂ ਪਹਿਲਾਂ ਕਿ ਰਾਤ ਦੇ ਬਾਰਾ ਵੱਜ ਜਾਣ, ਸਿੱਖਾਂ ਨੂੰ ਇਸ ਚੇਤਾਵਨੀ ਵੱਲ ਕੰਨ ਕਰ ਲੈਣਾ ਚਾਹੀਦਾ ਹੈ।'

ਪੰਜਾਬ ਅਤੇ ਚੰਡੀਗੜ੍ਹ 'ਚ ਪ੍ਰੈਸ 'ਤੇ ਪੂਰਵ-ਸੈਂਸਰਸ਼ਿਪ ਲਾ ਦਿੱਤੀ ਗਈ ਸੀ। ਪੁਲਿਸ ਜਾਂ ਫੌਜ ਜਾਂ ਨੀਮ ਫੌਜੀ ਦਸਤਿਆਂ ਸਬੰਧੀ ਕੁਝ ਵੀ ਛਾਪਣ 'ਤੇ ਸਖਤ ਪਾਬੰਦੀ ਲਾ ਦਿੱਤੀ ਗਈ ਸੀ ਭਾਵੇਂ ਪਹਿਲਾਂ ਹੀ ਮੀਡੀਆ ਸਰਕਾਰ ਦੇ ਹੁਕਮ ਅਨੁਸਾਰ ਸਭ ਕੁਝ ਛਾਪ ਰਿਹਾ ਸੀ। ਫਿਰ ਵੀ ਸੈਂਸਰ ਕਰਾਏ ਬਿਨਾਂ ਮੀਡੀਆ ਕੁਝ ਵੀ ਨਹੀਂ ਸੀ ਛਾਪ ਸਕਦਾ। ਇਹ ਸਾਧਾਰਨ ਜੰਗ ਵੀ ਨਹੀਂ ਸੀ ਸਗੋਂ ਸਭ ਕੌਮੀ, ਕੌਮਾਂਤਰੀ ਅਤੇ ਕੁਦਰਤ ਦੇ ਕਾਨੂੰਨਾਂ ਦੀ ਉਲੰਘਣਾ ਕਰਕੇ ਇਕ ਅਣਖੀਲੀ ਕੌਮ ਦੀ ਨਸਲਕੁਸ਼ੀ ਕੀਤੀ ਜਾ ਰਹੀ ਸੀ। ਮੇਜਰ ਜਨਰਲ ਰਣਜੀਤ ਸਿੰਘ ਦਿਆਲ ਨੂੰ ਗਵਰਨਰ ਦਾ ਰੱਖਿਆ ਸਲਾਹਕਾਰ ਬਣਾ ਦਿੱਤਾ ਗਿਆ।

ਵਿਦੇਸ਼ਾਂ 'ਚ ਸਿੱਖ ਨਸਲਕੁਸ਼ੀ ਨੂੰ ਜਾਇਜ਼ ਠਹਿਰਾਉਣ ਦੇ ਉਪਰਾਲੇ

ਇਤਨੀ ਵੱਡੀ ਪੱਧਰ 'ਤੇ ਸਿੱਖ ਕੌਮ ਦੀ ਨਸਲਕੁਸ਼ੀ ਕਰਨ ਜਾ ਰਹੀ ਇੰਦਰਾ ਵਲੋਂ ਇਸ ਨੂੰ ਜਾਇਜ਼ ਠਹਿਰਾਉਣ ਦੇ ਉਪਰਾਲੇ ਵੀ ਬੜੀ ਵਿਉਂਤਬੰਦ ਢੰਗ ਨਾਲ ਕੀਤੇ ਗਏ। ਵਿਦੇਸ਼ਾਂ 'ਚ ਜੋ ਕੁਝ ਵਾਪਰ ਰਿਹਾ ਸੀ, ਉਸ ਤੋਂ ਇੰਦਰਾ ਹਰ ਸਮੇਂ ਪੂਰੀ ਤਰ੍ਹਾਂ ਖਬਰਦਾਰ ਰਹਿੰਦੀ ਸੀ। ਜੇ ਕੋਈ ਉਸ ਦੇ ਦਿਲ ਅੰਦਰ ਕਿਸੇ ਦਾ ਜ਼ਰਾ ਜਿੰਨਾ ਡਰ ਸੀ ਤਾਂ ਉਹ ਸੀ ਵਿਦੇਸ਼ੀ ਸਰਕਾਰਾਂ ਦਾ। ਸਿੱਖ ਲਹਿਰ ਨੂੰ ਸੰਸਾਰ ਬਰਾਦਰੀ 'ਚ ਬਦਨਾਮ ਕਰਨ ਅਤੇ ਇਸ ਨੂੰ ਅੰਦਰੋਂ ਖਤਮ ਕਰਨ ਦੇ ਮੰਤਵ ਲਈ ਨਿਊਯਾਰਕ ਵਿਖੇ ਸੰਸਾਰ ਸਿੱਖ ਜਥੇਬੰਦੀ (World Sikh

Organisation) ਹੋਂਦ 'ਚ ਲਿਆਂਦੀ ਗਈ ਜਿਸ ਦਾ ਜਨਰਲ ਸਕੱਤਰ ਰਿਟਾਇਰਡ ਮੇਜਰ ਜਨਰਲ ਜਸਵੰਤ ਸਿੰਘ ਨੂੰ ਬਣਾਇਆ ਗਿਆ। ਜਿਸ 'ਚ ਵੱਖ-ਵੱਖ ਦੇਸ਼ਾਂ 'ਚ ਬੈਠੇ ਸਿੱਖ ਸਰਕਾਰੀ ਪਿੱਠੂ ਸ਼ਾਮਲ ਹੋਏ ਸਨ।

ਚੁਰਾਸੀ ਦੇ ਕਤਲੇਆਮ ਸਬੰਧੀ ਜਾਂਚ ਕਰ ਰਹੇ ਨਾਨਾਵਤੀ ਕਮਿਸ਼ਨ ਸਾਹਮਣੇ ਪੇਸ਼ ਹੋਕੇ ਸੀਮਾ ਸੁਰੱਖਿਆ ਦੇ ਇਕ ਰਿਟਾਇਰਡ ਡੀ.ਆਈ.ਜੀ.ਨੇ ਦੱਸਿਆ ਕਿ ਕਾਂਗਰਸੀ ਆਗੂ ਮਨੀ ਸ਼ੰਕਰ ਅੱਈਅਰ ਨੂੰ ਉਦੋਂ ਸਿੱਖਾਂ ਨੂੰ ਦਹਿਸ਼ਤਗਰਦ ਵਜੋਂ ਪੇਸ਼ ਕਰਕੇ ਉਨ੍ਹਾਂ ਦਾ ਅਕਸ ਖਰਾਬ ਕਰਨ ਲਈ ਕੈਸਟਾਂ ਤਿਆਰ ਕਰਵਾ ਕੇ ਦੇਸ਼ ਅੰਦਰ ਅਤੇ ਵਿਦੇਸ਼ਾਂ ਵਿੱਚ ਭੇਜਣ ਤੇ ਵਿਖਾਉਣ ਦਾ ਕੰਮ ਸੌਂਪਿਆ ਗਿਆ ਸੀ। ਜਿਸ ਨੇ ਇਕ ਹਜ਼ਾਰ ਕੈਸਟਾਂ ਤਿਆਰ ਕਰਵਾਈਆਂ ਸਨ ਅਤੇ ਉਸ ਵਲੋਂ ਸਭ ਪਾਸੇ ਭੇਜੀਆਂ ਗਈਆਂ ਸਨ। ਇੰਦਰਾ ਸਰਕਾਰ ਸਿੱਖਾਂ ਪ੍ਰਤੀ ਗ਼ਲਤ ਸੂਚਨਾ ਫੈਲਾਉਣ 'ਚ ਹਿਟਲਰ ਦੇ ਗੋਬਲਜ਼ ਨੂੰ ਵੀ ਮਾਤ ਕਰ ਗਈ ਸੀ। ਫੌਜ ਦੇ ਮੁੱਖੀ ਏ.ਐਸ.ਵੈਦਿਯ ਤੇ ਹੋਰ ਸੀਨੀਅਰ ਜਰਨੈਲਾਂ ਨੇ ਬਿਆਨ ਦਿੱਤੇ ਕਿ ਹਰਿਮੰਦਰ ਸਾਹਿਬ ਤੇ ਅਕਾਲ ਤਖਤ ਸਾਹਿਬ ਨੂੰ ਕੋਈ ਨੁਕਸਾਨ ਨਹੀਂ ਸੀ ਪਹੁੰਚਿਆ।

ਸਾਰੀ ਕਾਰਵਾਈ ਨੂੰ ਉਚਿਤ ਠਹਿਰਾਉਣ ਲਈ ਸਾਰੇ ਹਿੰਦੂ ਭਾਰਤੀ ਮੀਡੀਆ ਵਲੋਂ ਸੰਤ ਭਿੰਡਰਾਂਵਾਲੇ,ਭਾਈ ਸੁਬੇਗ ਸਿੰਘ ਅਤੇ ਹੋਰਨਾਂ ਸਿੰਘਾਂ 'ਤੇ ਚਿੱਕੜ ਉਛਾਲਿਆ ਜਾਂਦਾ ਰਿਹਾ। ਫੌਜੀਆਂ ਵਲੋਂ ਕੀਤੇ ਵਹਿਸ਼ੀਆਨਾ ਜ਼ੁਲਮਾਂ 'ਤੇ ਪਰਦਾ ਪਾਇਆ ਜਾਂਦਾ ਰਿਹਾ। ਪੀ.ਟੀ.ਆਈ.(ਪ੍ਰੈਸ ਟਰੱਸਟ ਆਫ ਇੰਡੀਆ) ਰਾਹੀਂ 14 ਜੂਨ 1984 ਨੂੰ ਰਿਪੋਰਟ ਜਾਰੀ ਕਰਵਾਈ ਗਈ ਜਿਸ 'ਚ ਇਹ ਦੱਸਿਆ ਗਿਆ ਕਿ ਦਰਬਾਰ ਸਾਹਿਬ ਕੰਪਲੈਕਸ 'ਚੋਂ ਭਾਰੀ ਮਾਤਰਾ ਵਿੱਚ ਹੈਰੋਇਨ,ਚਰਸ,ਹਸ਼ੀਸ਼ ਅਤੇ ਵਿਦੇਸ਼ੀ ਕਰੰਸੀ ਫੜੀ ਗਈ,ਜਿਸ ਤੋਂ ਇਹ ਸਾਬਤ ਹੋ ਸਕੇ ਕਿ ਸਿੱਖ ਅੱਤਵਾਦੀ ਸਮੱਗਲਿੰਗ ਦੀਆਂ ਕਾਰਵਾਈਆਂ ਵੀ ਕਰਦੇ ਸਨ। ਬਾਅਦ 'ਚ ਇਕ ਹੋਰ ਰਿਪੋਰਟ ਰਾਹੀਂ ਇਹ ਦੱਸਿਆ ਗਿਆ ਕਿ ਨਸ਼ੀਲੀਆਂ ਦਵਾਈਆਂ ਭਾਰਤ-ਪਾਕਿਸਤਾਨ ਬਾਰਡਰ ਤੋਂ ਬਰਾਮਦ ਹੋਈਆਂ ਸਨ,ਦਰਬਾਰ ਸਾਹਿਬ ਕੰਪਲੈਕਸ ਤੋਂ ਨਹੀਂ। ਅਸਲ 'ਚ ਇਹ ਸਾਰਾ ਝੂਠਾ ਪ੍ਰਚਾਰ ਸਿੱਖਾਂ ਨੂੰ ਦੁਨੀਆ ਅੰਦਰ ਬਦਨਾਮ ਕਰਨ ਲਈ ਥਰਡ ਏਜੰਸੀ ਵਲੋਂ ਕੀਤਾ ਜਾ ਰਿਹਾ ਸੀ ਜੋ ਸਿੱਧੀ ਇੰਦਰਾ ਦੇ ਕੰਟਰੋਲ 'ਚ ਸੀ।

ਸਚਾ ਸਾਹਿਬੁ ਸਚੁ ਨਿਆਉ ਪਾਪੀ ਨਰ ਹਾਰਦਾ॥
(ਸਿਰੀ ਰਾਗ ਕੀ ਵਾਰ ਮ:੩ ਪਾਉੜੀ)

ਸਰਕਾਰ ਵਲੋਂ ਦਹਿਸ਼ਤਵਾਦ ਸ਼ੁਰੂ

ਹਮਲੇ ਲਈ ਜ਼ਮੀਨ ਤਿਆਰ ਕਰਨ ਲਈ ਸਰਕਾਰ ਵਲੋਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਗਈਆਂ। ਦਰਬਾਰ ਸਾਹਿਬ ਦੇ ਹਮਲੇ ਲਈ ਹਾਲਾਤ ਪੈਦਾ ਕੀਤੇ ਗਏ। ਜਦ ਸੰਤ ਭਿੰਡਰਾਂਵਾਲੇ ਬੰਬਈ ਸਨ, ਉਥੋਂ ਦਾ ਪੁਲਿਸ ਕਮਿਸ਼ਨਰ ਭਿੰਡਰਾਂਵਾਲੇ ਨੂੰ ਗਰਿਫਤਾਰ ਕਰਨ ਲਈ ਗੁਰਦੁਆਰੇ 'ਚ ਦਾਖਲ ਹੋਣ ਹੀ ਲੱਗਾ ਸੀ ਕਿ ਗਿਆਨੀ ਜ਼ੈਲ ਸਿੰਘ ਦੇ ਗ੍ਰਹਿ ਮੰਤਰਾਲੇ ਵਲੋਂ 'ਅਤਿ ਖੁਫੀਆ ਸੰਦੇਸ਼' ਦਿੱਤਾ ਗਿਆ ਕਿ ਉਹ ਇੰਝ ਨਾ ਕਰੇ। ਜਿਵੇਂ ਚੰਦੋ ਕਲਾ (ਹਰਿਆਣਾ) 'ਚ ਹੋਇਆ ਸੀ, ਭਿੰਡਰਾਂਵਾਲੇ ਨੂੰ 30 ਘੰਟਿਆਂ ਦੇ ਅੰਦਰ-ਅੰਦਰ ਚੌਕ ਮਹਿਤਾ ਪਹੁੰਚਾ ਦਿੱਤਾ ਗਿਆ ਕਿਉਂਕਿ ਸੰਤਾਂ ਨੂੰ ਅਕਾਲ ਤਖਤ ਸਾਹਿਬ ਤੇ ਪਹੁੰਚਾਏ ਬਿਨਾਂ ਸਿੱਖ ਨਸਲਘਾਤ ਦੇ ਪਲਾਨ ਨੂੰ ਸਿਰੇ ਨਹੀਂ ਸੀ ਚਾੜ੍ਹਿਆ ਜਾ ਸਕਣਾ।

ਭਿੰਡਰਾਂਵਾਲੇ ਨੇ 20 ਸਤੰਬਰ 1982 ਨੂੰ ਇਕ ਲੱਖ ਸਿੱਖਾਂ ਦੀ ਹਾਜ਼ਰੀ ਵਿੱਚ ਆਪਣੇ ਆਪ ਨੂੰ ਗ੍ਰਿਫਤਾਰੀ ਲਈ ਪੇਸ਼ ਕੀਤਾ। ਸੰਤਾਂ ਦੀ ਗ੍ਰਿਫਤਾਰੀ ਨਾਲ ਦਹਿਸ਼ਤਵਾਦ ਦੀ ਲਹਿਰ ਸ਼ੁਰੂ ਹੋ ਗਈ। ਉਸੇ ਦਿਨ ਮੋਟਰ ਸਾਈਕਲ 'ਤੇ ਸਵਾਰ ਇਕ ਨੌਜਵਾਨ ਨੇ ਜਲੰਧਰ ਮਾਰਕਿਟ 'ਚ ਗੋਲੀਆਂ ਚਲਾ ਕੇ ਚਾਰ ਬੰਦੇ ਮਾਰ ਦਿੱਤੇ ਅਤੇ 12 ਜ਼ਖਮੀ ਕਰ ਦਿੱਤੇ ਸਨ। ਗਿਆਨੀ ਜ਼ੈਲ ਸਿੰਘ ਵਲੋਂ ਨਕਸਲੀਆਂ ਦਾ ਬਣਵਾਇਆ ਦਲ ਖਾਲਸਾ ਜਗਜੀਤ ਸਿੰਘ ਚੌਹਾਨ ਨਾਲ ਮਿਲ ਗਿਆ ਸੀ ਕਿਉਂਕਿ ਉਹ ਵੀ ਲੰਮੇ ਸਮੇਂ ਤੋਂ 'ਕਾਂਗਰਸ ਆਈ' ਦੇ ਪਿੱਠੂ ਵਜੋਂ ਕੰਮ ਕਰਦਾ ਆ ਰਿਹਾ ਸੀ। ਡਾ.ਸੰਗਤ ਸਿੰਘ ਨੇ ਆਪਣੀ ਪੁਸਤਕ 'ਇਤਿਹਾਸ 'ਚ ਸਿੱਖ' ਦੇ ਸਫਾ 357 'ਤੇ ਡਾ.ਚੌਹਾਨ ਦੇ ਕਾਂਗਰਸ ਦੇ ਪਿੱਠੂ ਹੋਣ ਦੀ ਸਪਸ਼ਟ ਟਿਪਣੀ ਕੀਤੀ ਹੈ।

ਦਲ ਖਾਲਸਾ ਬਣਾਉਣ ਵਿੱਚ ਇੰਦਰਾ ਗਾਂਧੀ, ਜ਼ੈਲ ਸਿੰਘ ਅਤੇ ਵਿਸ਼ਵਨਾਥ ਤਿਵਾੜੀ ਦਾ ਹੱਥ ਸੀ। ਇਹ ਸਭ ਕੁਝ ਹੋ ਰਿਹਾ ਸੀ ਸਿੱਖ ਨਸਲਘਾਤ ਲਈ। ਇਥੇ ਇਹ ਗੱਲ ਵੀ ਨੋਟ ਕਰਨ ਵਾਲੀ ਹੈ ਕਿ ਨਕਸਲਵਾੜੀਆਂ ਦੇ ਹਥਿਆਰਬੰਦ ਨਿਸ਼ਾਨੇ ਕੁਝ ਹੋਰ ਸਨ, ਖਾੜਕੂਆਂ (ਸਰਕਾਰੀ) ਦੇ ਨਿਸ਼ਾਨੇ ਕੁਝ ਹੋਰ, ਦਲ ਖਾਲਸਾ ਦੇ ਵੱਖਰੇ, ਪਰ ਸਭ ਦੇ ਨਿਸ਼ਾਨੇ ਵੱਖੋ ਵੱਖ ਹੋਣ ਦੇ ਬਾਵਜੂਦ ਸਾਰੇ ਇੰਦਰਾ ਦੇ ਨਿਸ਼ਾਨਿਆਂ ਦੀ ਪੂਰਤੀ ਲਈ ਕੰਮ ਕਰ ਰਹੇ ਸਨ।

ਪੰਜਾਬ ਦੇ ਲਗਭਗ ਸਾਰੇ ਹਿੱਸਿਆਂ ਵਿੱਚ ਗੋਲੀ, ਬੰਬ ਧਮਾਕਿਆਂ ਅਤੇ ਰੇਲ ਪਟੜੀਆਂ ਦੇ ਸਾਬੋਤਾਜ ਦੀਆਂ ਵਾਰਦਾਤਾਂ ਖੁਫੀਆ ਏਜੰਸੀਆਂ ਵਲੋਂ ਹੀ ਯੋਜਨਾ ਬੱਧ ਢੰਗ ਨਾਲ ਕਰਵਾਈਆਂ ਜਾ ਰਹੀਆਂ ਸਨ।

29 ਸਤੰਬਰ ਨੂੰ ਇੰਡੀਅਨ ਏਅਰਲਾਈਨਜ਼ ਦਾ ਜਹਾਜ਼ ਅਗਵਾ ਕਰਕੇ ਲਾਹੌਰ ਲਿਜਾਣ ਦਾ ਕੰਮ ਦਲ ਖਾਲਸਾ ਦੇ ਪੰਚ-ਬਾਨੀ ਗਜਿੰਦਰ ਸਿੰਘ ਦੀ ਅਗਵਾਈ ਹੇਠ ਕੀਤਾ ਗਿਆ ਸੀ, ਜੋ ਗਿਆਨੀ ਜ਼ੈਲ ਸਿੰਘ ਨਾਲ ਘਿਉ ਖਿਚੜੀ ਸੀ।

ਅੰਮ੍ਰਿਤਸਰ ਦੇ ਮੰਦਰਾਂ 'ਚ ਗਊਆਂ ਦੇ ਕੱਟੇ ਸਿਰ ਰੱਖੇ ਜਾਣੇ

ਪੰਜਾਬ ਦੀ ਸਥਿਤੀ ਨੂੰ ਨਵਾਂ ਮੋੜ ਦੇਣ ਲਈ ਅਪ੍ਰੈਲ 1982 ਦੇ ਅਖੀਰਲੇ ਹਫਤੇ ਵਿੱਚ ਅੰਮ੍ਰਿਤਸਰ ਦੇ ਮੰਦਰਾਂ 'ਚ ਗਊਆਂ ਦੇ ਕੱਟੇ ਸਿਰ ਰੱਖੇ ਗਏ। ਸਰਕਾਰ ਦੇ ਮੀਡੀਆ ਕੰਟਰੋਲ ਕਰਨ ਵਾਲੇ ਅਫਸਰਾਂ ਅਨੁਸਾਰ ਦਲ ਖਾਲਸਾ ਨੇ ਇਸ ਦੀ ਜ਼ਿਮੇਵਾਰੀ ਲਈ ਸੀ ਜਿਸ ਦੀ ਝਲਕ ਸਰਕਾਰ ਦੇ ਸਫੈਦ ਪਰਚੇ 'ਚੋਂ ਵੀ ਮਿਲਦੀ ਹੈ। ਦਲ ਖਾਲਸਾ ਦੇ ਕਾਰਕੁੰਨਾਂ ਵਲੋਂ ਇਸ ਦੀ ਤਰਦੀਦ ਕੀਤੀ ਗਈ ਸੀ ਪਰ ਉਸ ਨੂੰ ਜਾਣ ਬੁਝ ਕੇ ਇੰਜ ਕਰਨੋਂ ਰੋਕ ਦਿੱਤਾ ਗਿਆ ਸੀ।

ਗੋਪਾਲ ਸਿੰਘ ਸੰਪਾਦਕ 'ਪੰਜਾਬ ਟੂਡੇ' ਅਨੁਸਾਰ ਉਹਨਾਂ ਨੇ ਦੱਸਿਆ ਕਿ ਉਹ ਕਾਰਾ ਦਰਬਾਰਾ ਸਿੰਘ (ਕਾਂਗਰਸ ਆਈ) ਦੇ ਏਜੰਟਾਂ ਦਾ ਕੰਮ ਸੀ। ਇੰਦਰਾਂ ਦੇ ਹੁਕਮ ਨਾਲ ਕੰਮ ਕਰ ਰਹੀਆਂ ਖੁਫੀਆ ਏਜੰਸੀਆਂ ਦੇ ਹੀ ਕਾਰੇ ਸਨ। 12 ਮਾਰਚ 1985 ਦੇ 'ਸਪੋਕਸਮੈਨ' ਅਨੁਸਾਰ ਗਊਆਂ ਦੇ ਸਿਰ ਸੁੱਟਣ ਲਈ ਸਹਾਰਨਪੁਰ ਤੋਂ ਕੁਝ ਬੁੱਚੜ ਭਰਤੀ ਕੀਤੇ ਗਏ ਸਨ ਜੋ ਅੰਮ੍ਰਿਤਸਰ ਵਿੱਚ ਗ੍ਰਿਫਤਾਰ ਕੀਤੇ ਗਏ ਸਨ ਪਰ ਇਸ ਅਣਸੁਖਾਵੀਂ ਖਬਰ ਨੂੰ ਦਬਾ ਦਿੱਤਾ ਗਿਆ ਸੀ ਕਿਉਂਕਿ ਇਸ ਨਾਲ ਸਰਕਾਰ ਦਾ ਪਰਦਾ ਫਾਸ਼ ਹੁੰਦਾ ਸੀ।

ਸਰਕਾਰ ਤਾਂ ਸਿੱਖਾਂ ਵਿਰੁੱਧ ਨਫਰਤ ਪੈਦਾ ਕਰਨ ਲਈ ਇਹ ਕਾਲਾ ਕਾਰਾ ਦਲ ਖਾਲਸਾ ਅਤੇ ਖਾਲਿਸਤਾਨ ਦੀ ਕੌਮੀ ਕੌਂਸਲ 'ਤੇ ਮੜ੍ਹਨਾ ਚਾਹੁੰਦੀ ਸੀ ਅਤੇ ਉਸ ਨੇ ਮੜ੍ਹਿਆ ਵੀ। ਇਹ ਦੋਵੇਂ ਜਥੇਬੰਦੀਆਂ ਇੰਦਰਾ ਦੀ ਅਸ਼ੀਰਵਾਦ ਨਾਲ ਗਿਆਨੀ ਜ਼ੈਲ ਸਿੰਘ ਵਲੋਂ ਅਜਿਹੇ ਕੰਮਾਂ ਲਈ ਹੀ ਬਣਵਾਈਆਂ ਗਈਆਂ ਸਨ ਜੋ ਖੁਫੀਆ ਏਜੰਸੀਆਂ ਦੇ ਪਲਾਨ ਮੁਤਾਬਕ ਕੰਮ ਕਰ ਰਹੀਆਂ ਸਨ। ਵਿਖਾਵੇ ਲਈ ਇਹਨਾਂ 'ਤੇ 1 ਮਈ 1982 ਨੂੰ ਪਾਬੰਦੀ ਲਾ ਦਿੱਤੀ ਗਈ ਸੀ ਜਿਸ ਬਹਾਨੇ ਪੁਲਿਸ ਚੋਣਵੇਂ ਸਿੱਖ ਘਰਾਂ 'ਚ ਜਾ ਕੇ ਛਾਪੇ ਮਾਰਦੀ, ਕੁੱਟ-ਮਾਰ ਕਰਦੀ, ਘਰ ਸਾੜ ਦਿੱਤੇ ਜਾਂਦੇ, ਘਰ ਦਾ ਸਮਾਨ ਤਬਾਹ ਕਰ ਦਿੱਤਾ ਜਾਂਦਾ ਅਤੇ ਕਈਆਂ ਨੂੰ ਫੜ ਲੈ ਜਾਂਦੀ ਅਤੇ ਝੂਠੇ ਮੁਕਾਬਲਿਆਂ 'ਚ ਮਾਰੇ ਗਏ ਦੱਸਦੀ ਜਦ ਕਿ ਉਹ ਪੁਲਿਸ ਹਿਰਾਸਤ 'ਚ ਹੁੰਦੇ ਸਨ।

ਅਕਾਲੀਆਂ ਨੂੰ ਤਾਂ ਉਹ ਸੇਕ ਤਕ ਨਹੀਂ ਸਨ ਲੱਗਣ ਦਿੰਦੇ।

ਅਕਾਲੀ ਕੁਝ ਕਰਨ ਦੀ ਬਜਾਏ ਦਹਿਸ਼ਤਵਾਦ ਦੇ ਸ਼ਿਕਾਰ ਹੋਏ ਸਿੱਖਾਂ ਦੇ ਘਰ ਵਾਲਿਆਂ ਨੂੰ ਸਿਰੋਪਾ ਪੇਸ਼ ਕਰ ਕੇ ਚੁੱਪ ਹੋ ਜਾਂਦੇ ਰਹੇ। ਸੰਤ ਭਿੰਡਰਾਂਵਾਲੇ ਨੇ ਉਸ ਜ਼ੁਲਮ ਵਿਰੁੱਧ ਅਵਾਜ਼ ਉਠਾਈ ਅਤੇ 'ਪੀਪਲਜ਼ ਯੂਨੀਅਨ ਫਾਰ ਸਿਵਿਲ ਲਿਬਰਟੀਜ਼ (ਪੀ.ਯੂ.ਸਿ.ਲਿ.) ਨੂੰ ਪੁਲਿਸ ਜ਼ਿਆਦਤੀਆਂ ਦੀ ਪੜਤਾਲ ਕਰਵਾਉਣ ਲਈ ਮਜਬੂਰ ਕੀਤਾ। ਦੋ ਮੈਂਬਰਾਂ ਦੀ ਟੀਮ ਬਣੀ ਜਿਸਦਾ ਪ੍ਰਧਾਨ ਸੀ ਮਿਸਟਰ ਜਸਟਿਸ ਵੀ.ਐਮ. ਤਾਰਕੁੰਡੇ ਅਤੇ ਕੁਲਦੀਪ ਨੱਯਰ ਉਸ ਦਾ ਮੈਂਬਰ ਸੀ।

ਖੁਫੀਆ ਏਜੰਸੀ ਵਲੋਂ 25 ਅਪ੍ਰੈਲ 1983 ਨੂੰ ਡੀ.ਆਈ.ਜੀ.ਦਾ ਖੂਨ ਕਰਵਾਇਆ ਗਿਆ। ਜਦ ਕਾਤਲ ਪੁਲਿਸ ਦੀ ਜੀਪ 'ਚ ਚੜ੍ਹਕੇ ਚਲੇ ਗਏ ਤਾਂ ਹਿੰਦੂ ਅਖਬਾਰਾਂ ਨੇ ਬਹੁਤ ਰੌਲਾ ਪਾਇਆ। ਅਸਲ 'ਚ ਖੁਫੀਆ ਏਜੰਸੀਆਂ ਦੇ ਦਹਿਸ਼ਤਗਰਦ ਹੀ ਹਰ ਪਾਸੇ ਦਹਿਸ਼ਤ ਫੈਲਾ ਰਹੇ ਸਨ। ਸਰਕਾਰ ਨੇ ਸ਼੍ਰੋ.ਗੁ.ਪ੍ਰ.ਕਮੇਟੀ ਨੂੰ ਦਰਬਾਰ ਸਾਹਿਬ ਕੰਪਲੈਕਸ ਦੇ ਅੰਦਰ ਰਹਿ ਰਹੇ (ਖੁਫੀਆ ਏਜੰਸੀ ਦੇ ਆਪਣੇ ਹੀ) ਮੁਜਰਮਾਂ ਦੀ ਇਕ ਸੂਚੀ ਦਿੱਤੀ ਜੋ ਐਸ.ਪੀ.ਨੇ ਉਹਨਾਂ ਮੁਜਰਮਾਂ ਨੂੰ ਵਿਖਾ ਦਿੱਤੀ ਸੀ ਅਤੇ ਉਹ ਕਮਰੇ ਖਾਲੀ ਕਰਕੇ ਚਲੇ ਗਏ।

ਖੁਫੀਆ ਏਜੰਸੀਆਂ ਵਲੋਂ ਤਿਰਾਸੀ ਦੀ ਪਹਿਲੀ ਤਿਮਾਹੀ ਵਿੱਚ ਹਿੰਦੂ ਕੱਟੜਵਾਦੀ ਜਥੇਬੰਦੀਆਂ ਖੜੀਆਂ ਕੀਤੀਆਂ ਗਈਆਂ। ਪਰਤਾਪ ਗਰੁੱਪ ਦੇ ਵੀਰੇਂਦਰ ਵਲੋਂ 'ਰਾਸ਼ਟਰੀ ਸੁਰੱਕਸ਼ਾ ਸੰਮਤੀ' ਬਣਾਈ ਗਈ। ਇਵੇਂ ਹੀ ਯੂਥ ਕਾਂਗਰਸ 'ਆਈ' ਦੇ ਸੁਰਿੰਦਰ ਕੁਮਾਰ ਬਿੱਲਾ ਵਲੋਂ 'ਰਾਸ਼ਟਰੀ ਹਿੰਦੂ ਸੰਗਠਨ' ਕਾਇਮ ਕੀਤਾ ਗਿਆ ਜਿਸ ਦਾ ਉਹ ਆਪ ਪ੍ਰਧਾਨ ਬਣਿਆ। ਭਾਜਪਾ ਦੇ ਸਰਗਰਮ ਮੈਂਬਰ ਜਗਦੀਸ਼ ਟਾਂਗਰੀ ਵਲੋਂ ਲੁਧਿਆਣੇ ਵਿਖੇ 'ਹਿੰਦੂ ਸ਼ਿਵ ਸੈਨਾ' ਕਾਇਮ ਕੀਤੀ ਗਈ। ਇਵੇਂ ਹੀ ਲੁਧਿਆਣੇ ਵਿਖੇ ਕਾਲੀ ਚਰਨ ਵਲੋਂ 'ਹਿੰਦੂ ਫਰੰਟ ਕਾਇਮ ਕੀਤਾ ਗਿਆ। ਜੂਨ ਤਿਰਾਸੀ ਵਿੱਚ ਇਕ ਹੋਰ 'ਹਿੰਦੂ ਸੰਗਠਨ' ਨਾਂ ਦੀ ਜਥੇਬੰਦੀ ਵੀ ਹੋਂਦ 'ਚ ਆਈ ਜਿਸ ਦਾ ਪ੍ਰਧਾਨ ਪੁਰਾਣਾ ਕਾਂਗਰਸੀ ਆਗੂ ਅਮਰ ਲਾਲ ਵਿਦਿਆਲੰਕਾਰ ਅਤੇ ਮੀਤ ਪ੍ਰਧਾਨ ਪਰਤਾਪ ਗਰੁੱਪ ਦਾ ਵੀਰੇਂਦਰ ਬਣਿਆ।

ਇਹਨਾਂ ਜਥੇਬੰਦੀਆਂ ਨੇ ਨਾਅਰਾ ਦਿੱਤਾ ਸੀ ਕਿ 'ਅਸੀਂ ਹਿੰਦੂ ਪਹਿਲਾਂ ਹਾਂ ਅਤੇ ਹੋਰ ਕੁਝ ਮਗਰੋਂ।' ਪੰਜਾਬ ਅੰਦਰ ਹਿੰਦੂ ਸਿੱਖ ਤਣਾਅ ਪੈਦਾ ਕਰਨ ਲਈ ਪਵਨ ਕੁਮਾਰ ਸ਼ਰਮਾ ਦੀ 'ਹਿੰਦੂ ਸੁਰੱਖਸ਼ਾ ਸੰਮਿਤੀ' ਵਲੋਂ ਪਟਿਆਲੇ ਦੇ ਇਕ ਗੁਰਦੁਆਰੇ ਵਿਖੇ ਲਾਊਡਸਪੀਕਰ ਦੀ ਵਰਤੋਂ ਕਰਨ ਦੇ ਸੁਆਲ 'ਤੇ ਪੰਜਾਬ ਬੰਦ ਦਾ ਨਾਅਰਾ ਦਿੱਤਾ ਗਿਆ ਸੀ। ਸਿੱਟੇ ਵਜੋਂ ਪੰਜਾਬ 'ਚ ਭਾਰੀ ਹਿੰਦੂ ਸਿੱਖ ਫਸਾਦ ਹੋਏ,ਹਿੰਦੂ ਭੀੜਾਂ

ਨੇ ਅੱਗਾਂ ਲਾਈਆਂ, ਸਿੱਖਾਂ ਦੀ ਲੁੱਟਮਾਰ ਕੀਤੀ ਗਈ ਅਤੇ ਕਈ ਮੌਤਾਂ ਹੋਈਆਂ। ਅਜਿਹੇ ਮਾਹੌਲ 'ਚ ਪੁਲਿਸ ਚਾਰ ਕੁ ਦਰਜਨ ਸਿੱਖ ਨੌਜਵਾਨਾਂ ਨੂੰ ਪਕੜ ਲੈਂਦੀ ਸੀ ਅਤੇ ਉਹਨਾਂ ਨੂੰ ਤਸੀਹੇ ਦੇਕੇ ਪੰਜ-ਛੇਆਂ ਨੂੰ ਮਾਰ-ਮੁਕਾ ਦਿੰਦੀ ਸੀ।

ਅਕਾਲੀ ਲੀਡਰ ਤਾਂ ਹਮੇਸ਼ਾ ਕੇਂਦਰ ਦੇ ਗੋਲੇ ਬਣਕੇ ਵਿਚਰਦੇ ਰਹੇ, ਇਹਨਾਂ ਅੰਦਰ ਘੁਸਪੈਠ ਵੀ ਹਮੇਸ਼ਾ ਹੀ ਰਹੀ ਹੈ ਅਤੇ ਲੋੜ ਅਨੁਸਾਰ ਸਰਕਾਰ ਇਹਨਾਂ ਨੂੰ ਵਰਤਦੀ ਰਹੀ ਹੈ। ਹਿੰਸਕ ਹਾਲਾਤ ਪੈਦਾ ਕਰਨ ਲਈ ਅਕਾਲੀਆਂ ਨੂੰ 'ਰੇਲ ਰੋਕੋ' ਦਾ ਅੰਦੋਲਨ ਸ਼ੁਰੂ ਕਰਨ ਲਈ ਉਕਸਾਇਆ ਗਿਆ। ਉਨ੍ਹਾਂ ਵਲੋਂ 4 ਅਪਰੈਲ 1983 ਨੂੰ ਰਸਤਾ ਰੋਕੋ ਅੰਦੋਲਨ ਸ਼ੁਰੂ ਕਰ ਦਿੱਤਾ ਗਿਆ ਜਿਸ ਦੌਰਾਨ ਖੁਫੀਆ ਏਜੰਸੀਆਂ ਵਲੋਂ ਰੇਲ ਪਟੜੀਆਂ ਦਾ ਪੇਸ਼ਾਵਾਰਾਨਾ ਢੰਗ ਨਾਲ ਸਾਬੋਤਾਜ ਕਰਵਾਇਆ ਗਿਆ ਜਿਸ ਨਾਲ ਅਕਾਲੀਆਂ ਨੂੰ ਤ੍ਰੇਲੀਆਂ ਆ ਗਈਆਂ ਸਨ ਕਿਉਂਕਿ ਉਹ ਵਫਾਦਾਰ ਦੇਸ਼ ਭਗਤ ਅਜਿਹਾ ਕੰਮ ਕਰਨਾ ਤਾਂ ਇਕ ਪਾਸੇ ਰਿਹਾ, ਉਹ ਤਾਂ ਅਜਿਹੇ ਕੰਮ ਕਰਨ ਬਾਰੇ ਸੁਪਨੇ 'ਚ ਵੀ ਨਹੀਂ ਸਨ ਸੋਚ ਸਕਦੇ। ਇਸ ਨਾਲ ਸਾਰੇ ਪੰਜਾਬ ਅੰਦਰ ਖਾਸ ਤੌਰ ਤੇ ਅੰਮ੍ਰਿਤਸਰ, ਗੁਰਦਾਸਪੁਰ, ਪਟਿਆਲਾ, ਫਿਰੋਜ਼ਪੁਰ, ਫਰੀਦਕੋਟ ਆਦਿ ਜ਼ਿਲਿਆਂ 'ਚ ਵਿਸ਼ਾਲ ਤੌਰ ਤੇ ਹਿੰਸਾ ਹੋਣੀ ਸ਼ੁਰੂ ਹੋ ਗਈ ਸੀ।

ਖੁਫੀਆ ਏਜੰਸੀਆਂ ਦੇ ਇਸ਼ਾਰੇ 'ਤੇ 14 ਅਪ੍ਰੈਲ 1983 ਦੀ ਵਿਸਾਖੀ ਸਮੇਂ ਅਨੰਦਪੁਰ ਸਾਹਿਬ ਵਿਖੇ 'ਸੱਚੇ ਖਾਲਸੇ' ਬਣਾਉਣ ਲਈ ਕੈਂਪ ਲਾਇਆ ਗਿਆ ਜਿਸ ਵਿੱਚ ਹੋਰਨਾਂ ਅਜਿਹੇ ਫੈਸਲਿਆਂ ਤੋਂ ਬਿਨਾਂ ਲਸੰਸੀ ਹਥਿਆਰ ਪ੍ਰਾਪਤ ਕਰਨ ਅਤੇ ਉਹਨਾਂ ਦੇ ਸੰਚਾਰ ਦੇ ਖੁਫੀਆ ਰਸਤੇ ਤਿਆਰ ਕਰਨ 'ਤੇ ਜ਼ੋਰ ਦਿੱਤਾ ਗਿਆ। ਖੁਲ੍ਹੀਆਂ ਮੀਟਿੰਗਾਂ 'ਚ ਅਜਿਹਾ ਕੌਣ ਕਰ ਸਕਦਾ ਹੈ? ਸਰਕਾਰ ਦੀ ਅਸ਼ੀਰਵਾਦ ਨਾਲ ਹੀ ਕੋਈ ਕਰ ਸਕਦਾ ਹੈ। ਟੌਹੜਾ, ਤਲਵੰਡੀ, ਦਲ ਖਾਲਸਾ ਤੇ ਉਸ ਦੇ ਨਕਸਲੀਏ ਖੁਫੀਆ ਏਜੰਸੀਆਂ ਦੀਆਂ ਹਦਾਇਤਾਂ 'ਤੇ ਹੀ ਸਭ ਕੁਝ ਕਰ ਰਹੇ ਸਨ।

ਅੱਧ ਤਿਰਾਸੀ ਤੋਂ ਇੰਦਰਾ ਨੇ ਸਿੱਖ ਨਸਲਕੁਸ਼ੀ ਦੀ ਨੀਤੀ ਨੂੰ ਤੇਜ਼ ਕਰਨਾ ਆਰੰਭਿਆ। ਪੰਜਾਬ ਦੇ ਵੱਖ-ਵੱਖ ਹਿੱਸਿਆਂ 'ਚ ਹਿੰਦੂ ਸਿੱਖ ਨਫਰਤ ਨੂੰ ਹਵਾ ਦੇਣ ਲਈ ਅਤੇ ਸਿੱਖ ਨਸਲਕੁਸ਼ੀ ਦੇ ਹਾਲਾਤ ਪੈਦਾ ਕਰਨ ਲਈ ਕਾਂਗਰਸ 'ਆਈ' ਵਲੋਂ ਕਈ ਜਥੇਬੰਦੀਆਂ ਹੋਂਦ 'ਚ ਲਿਆਂਦੀਆਂ ਗਈਆਂ, ਪਹਿਲਾਂ ਮੌਜੂਦ ਜਥੇਬੰਦੀਆਂ ਨੂੰ ਹੱਲਾਸ਼ੇਰੀ ਦਿੱਤੀ ਗਈ ਜਿਵੇਂ ਕਿ ਯੂਥ ਕਾਂਗਰਸ ਆਈ ਦੇ ਪਵਨ ਕੁਮਾਰ ਸ਼ਰਮਾ ਵਲੋਂ 1982 ਦੀ ਤੀਜੀ ਤਿਮਾਹੀ ਵਿੱਚ 'ਹਿੰਦੂ ਸੁਰੱਖਸ਼ਾ ਸੰਮਿਤੀ'

ਕਾਇਮ ਕੀਤੀ ਗਈ ਸੀ।

ਅਸਲੀ ਦਹਿਸ਼ਤਗਰਦ ਤਾਂ ਸਰਕਾਰ ਦੇ ਛੱਡੇ ਹੋਏ ਹੁੰਦੇ ਸਨ ਜਿਨ੍ਹਾਂ ਨੂੰ ਨਾ ਪਕੜਨ ਦੇ ਆਦੇਸ਼ ਪੁਲਿਸ ਨੂੰ ਦੇ ਰੱਖੇ ਹੋਏ ਸਨ। ਮੁਜਰਮਾਂ ਨੂੰ ਪੂਰੀ ਖੁੱਲ੍ਹ ਦੇ ਦਿੱਤੀ ਗਈ ਸੀ। ਉਹ ਬੈਂਕਾਂ ਲੁੱਟਦੇ ਰਹੇ, ਡਾਕੇ ਮਾਰਦੇ ਰਹੇ, ਇੱਕੜ-ਦੁੱਕੜ ਕਤਲ ਵੀ ਕਰਦੇ ਰਹੇ ਅਤੇ ਸਰਕਾਰ ਬੇਵਸ ਬਣੀ ਵਿਖਾਈ ਜਾਂਦੀ ਰਹੀ। ਖੁਫੀਆ ਏਜੰਸੀਆਂ ਸਭ ਕਤਲੋ ਗ਼ਾਰਤ ਇਹ ਪ੍ਰਭਾਵ ਦੇਣ ਲਈ ਕਰਵਾ ਰਹੀਆਂ ਸਨ ਕਿ ਪੰਜਾਬ 'ਚ ਤਾਂ ਦਹਿਸ਼ਤਗਰਦਾਂ ਦਾ ਰਾਜ ਹੈ।

ਸਿੱਖ ਨਸਲਕੁਸ਼ੀ ਦੇ ਕਾਰਜ ਨੂੰ ਸਿਰੇ ਚਾੜ੍ਹਨ ਲਈ ਇੰਦਰਾ ਗਾਂਧੀ ਨੇ ਆਪਣੇ ਸੁਰੱਖਿਆ ਸਲਾਹਕਾਰ ਰਾਮ ਨਾਥ ਕਾਓ ਨੂੰ ਪੰਜਾਬ ਵਿੱਚ ਥਰਡ ਏਜੰਸੀ ਸਮੇਤ ਵੱਖ-ਵੱਖ ਕੰਮ ਕਰ ਰਹੀਆਂ ਖੁਫੀਆ ਏਜੰਸੀਆਂ ਨੂੰ ਯੋਜਨਾ-ਬੱਧ ਢੰਗ ਨਾਲ ਕੰਮ ਕਰਨ ਦੀ ਦਿਸ਼ਾ ਵਿਖਾਉਣ ਲਈ ਭੇਜਿਆ। ਉਸ ਨੇ ਪੰਜਾਬ ਦੀ ਸਾਰੀ ਸਥਿਤੀ ਦਾ ਜਾਇਜ਼ਾ ਲੈਕੇ ਖੁਫੀਆ ਏਜੰਸੀਆਂ ਅਤੇ ਪੁਲਿਸ ਨੂੰ ਤਾਰਕਿਕ ਲੀਹਾਂ 'ਤੇ ਕੰਮ ਕਰਨ ਦਾ ਰਾਹ ਵਿਖਾਇਆ ਜਿਸ ਨਾਲ ਦਹਿਸ਼ਤਵਾਦ ਨੇ ਵਧੇਰੇ ਘਿਨਾਉਣਾ ਰੂਪ ਧਾਰਨਾ ਸ਼ੁਰੂ ਕਰ ਦਿੱਤਾ।

ਕੇਂਦਰੀ ਖੁਫੀਆ ਏਜੰਸੀਆਂ ਵਲੋਂ ਮੁਜਰਮਾਂ, ਦਹਿਸ਼ਤਗਰਦਾਂ, ਕਾਤਲਾਂ, ਪੁਲਿਸ ਅਫਸਰਾਂ ਤੇ ਸੁਰੱਖਿਆ ਬਲਾਂ ਦਾ ਜਾਲ ਚੰਗੀ ਤਰ੍ਹਾਂ ਵਿਛਾਇਆ ਜਾ ਚੁੱਕਾ ਸੀ ਅਤੇ ਉਹ ਪੰਜਾਬ ਅੰਦਰ ਹਿੰਸਾ ਨੂੰ ਜਦ ਵੀ ਚਾਹੁੰਦੀਆਂ, ਜਿਵੇਂ ਵੀ ਚਾਹੁੰਦੀਆਂ, ਜਿੱਥੇ ਵੀ ਚਾਹੁੰਦੀਆਂ ਅਤੇ ਜਿਤਨਾ ਵੀ ਚਾਹੁੰਦੀਆਂ, ਫੈਲਾ ਸਕਣ ਦੇ ਯੋਗ ਬਣ ਚੁੱਕੀਆਂ ਸਨ। ਉਸ ਤੋਂ ਅਗਲੇ ਮਹੀਨੇ ਕਈ ਬੰਬ ਧਮਾਕੇ ਕੀਤੇ ਗਏ। ਅੱਤਵਾਦੀਆਂ ਨੂੰ ਪੁਲਿਸ ਦੀ ਮਿਲੀਭੁਗਤ ਨਾਲ ਰਿਹਾ ਕੀਤਾ ਜਾਂਦਾ ਰਿਹਾ। ਇਸੇ ਦੌਰਾਨ ਜਿਨ੍ਹਾਂ ਮੁਜਰਮਾਂ 'ਤੇ ਮੁਕੱਦਮੇ ਚੱਲ ਰਹੇ ਸਨ, ਉਹਨਾਂ ਨੂੰ ਹਿੰਸਕ ਕਾਰਵਾਈਆਂ ਵਿੱਚ ਵਰਤਣ ਲਈ ਰਿਹਾ ਕਰ ਦਿੱਤਾ ਗਿਆ ਸੀ। ਡਾ. ਚੌਹਾਨ ਦੀ ਨੈਸ਼ਨਲ ਕੌਂਸਲ ਆਫ ਖਾਲਿਸਤਾਨ ਅਤੇ ਦਲ ਖਾਲਸਾ ਦੇ ਕਥਿਤ ਅੱਤਵਾਦੀਆਂ ਨੂੰ ਵੀ ਖੁਫੀਆ ਏਜੰਸੀਆਂ ਲੋੜ ਮੁਤਾਬਕ ਵਰਤਦੀਆਂ ਰਹੀਆਂ।

5 ਅਕਤੂਬਰ 1983 ਨੂੰ ਅੰਮ੍ਰਿਤਸਰ ਤੋਂ ਦਿੱਲੀ ਜਾ ਰਹੀ ਇਕ ਬੱਸ ਨੂੰ ਢਿਲਵਾਂ ਕੋਲ ਅਗਵਾ ਕਰ ਲਿਆ ਗਿਆ ਅਤੇ ਛੇ ਹਿੰਦੂ ਸਵਾਰੀਆਂ ਨੂੰ ਵੱਖ ਕਰਕੇ ਗੋਲੀ ਨਾਲ ਭੁੰਨ ਦਿੱਤਾ ਗਿਆ। ਉਸ ਤੋਂ ਅਗਲੇ ਦਿਨ ਹੀ ਦਰਬਾਰਾ ਸਿੰਘ ਦੀ ਸਰਕਾਰ ਭੰਗ ਕਰਕੇ ਰਾਸ਼ਟਰਪਤੀ ਰਾਜ ਲਾਗੂ ਕਰ ਦਿੱਤਾ ਗਿਆ। ਉਦੋਂ ਸੰਤਾਂ ਨੇ ਕਿਹਾ ਸੀ ਕਿ:

'ਛੇ ਹਿੰਦੂ ਮਾਰੇ ਗਏ ਹਨ ਤਾਂ ਸਰਕਾਰ ਡਿੱਗ ਪਈ ਹੈ। ਪੁਲਿਸ ਦੋ ਸੌ ਸਿੱਖਾਂ ਨੂੰ ਭੁੰਨ ਚੁੱਕੀ ਹੈ ਅਤੇ ਜੂੰ ਤਕ ਨਹੀਂ ਸਰਕੀ। ਇਸ ਤੋਂ ਪਤਾ ਲੱਗਦਾ ਹੈ ਕਿ ਸਰਕਾਰ ਲਈ ਸਿੱਖ ਜਾਨਾਂ ਨਾਲੋਂ ਹਿੰਦੂ ਜਾਨਾਂ ਵਧੇਰੇ ਮਹੱਤਵਪੂਰਨ ਹਨ।'

18 ਨਵੰਬਰ 1983 ਨੂੰ ਮੋਗੇ ਨੇੜੇ ਪੰਜਾਬ ਰੋਡਵੇਜ਼ ਦੀ ਇਕ ਬੱਸ ਨੂੰ ਅਗਵਾ ਕਰਕੇ ਚਾਰ ਹਿੰਦੂ ਸਵਾਰੀਆਂ ਨੂੰ ਮਾਰ ਦਿੱਤਾ ਗਿਆ। ਭਿੰਡਰਾਂਵਾਲੇ ਨੇ ਉਸ ਦੀ ਸਾਫ ਸ਼ਬਦਾਂ 'ਚ ਨਿਖੇਧੀ ਕੀਤੀ। ਪੰਜਾਬੀ ਟ੍ਰਿਬਿਊਨ (20 ਨਵੰਬਰ 1983) ਦੇ ਆਪਣੇ ਸੰਪਾਦਕੀ ਲੇਖ 'ਚ ਦਿੱਤੇ ਤੱਥ ਨੋਟ ਕਰਨ ਵਾਲੇ ਹਨ:

'ਪਹਿਲਾ ਸਾਫ ਸਿੱਟਾ ਇਹ ਨਿਕਲਦਾ ਹੈ ਕਿ ਅਜਿਹੇ ਖ਼ੂੰਚੜ੍ਹਾਂ ਵਾਲੇ ਕੰਮ ਸਿੱਖ ਭਾਈਚਾਰੇ ਵਲੋਂ ਨਹੀਂ ਕਰਵਾਏ ਜਾ ਰਹੇ, ਨਾ ਹੀ ਅਕਾਲੀ ਦਲ ਵਲੋਂ ਅਤੇ ਨਾਹੀਂ (ਜਿਵੇਂ ਕਿ ਹੁਣ ਲੱਗਦਾ ਹੈ) ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਵਲੋਂ ਕਰਵਾਏ ਜਾ ਰਹੇ ਹਨ, ਜਿਸ ਨੇ ਕਿ ਇਹਨਾਂ ਕਾਤਲਾਂ ਦੀ ਉਵੇਂ ਹੀ ਨਿਖੇਧੀ ਕੀਤੀ ਹੈ ਜਿਵੇਂ ਕਿ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਕੀਤੀ ਹੈ।'

ਰਾਸ਼ਟਰਪਤੀ ਰਾਜ ਲਾਗੂ ਕਰਨਾ ਸਰਕਾਰ ਦੀ ਗਿਣੀ ਮਿਥੀ ਸਾਜ਼ਿਸ਼ ਸੀ। ਇਸ ਦਾ ਮਤਲਬ ਸੀ ਖੁਫੀਆ ਏਜੰਸੀਆਂ ਨੂੰ ਖੁੱਲ੍ਹੀ ਛੁੱਟੀ ਦੇਣੀ ਤਾਂ ਜੋ ਉਹ ਪੰਜਾਬ ਅੰਦਰ ਸਿੱਖ ਨਸਲਕੁਸ਼ੀ ਦੇ ਪਲਾਨ ਨੂੰ ਚੰਗੀ ਤਰ੍ਹਾਂ ਸਿਰੇ ਚਾੜ੍ਹ ਸਕਣ। ਰਾਜਸਥਾਨ 'ਚ ਚੁੜੂ ਵਿਖੇ ਗੁਰਦੁਆਰਾ ਸਾੜ ਦਿੱਤਾ ਗਿਆ ਅਤੇ 'ਜੈ ਹਿੰਦੂ ਸੰਘ' ਵਲੋਂ ਧਮਕੀ ਦਿੱਤੀ ਗਈ ਕਿ 5 ਦਸੰਬਰ ਤਕ ਸਿੱਖ ਰਾਜਸਥਾਨ ਛੱਡ ਜਾਣ।

ਇਸ ਦੇ ਉੱਤਰ ਵਿੱਚ 1 ਦਸੰਬਰ 1983 ਨੂੰ ਭਿੰਡਰਾਂਵਾਲੇ ਨੇ ਕਿਹਾ ਕਿ ਪੰਜਾਬ ਵਿੱਚ ਹਿੰਦੂਆਂ ਨੂੰ 'ਹੋਰ ਮਾੜੀਆਂ ਹਾਲਤਾਂ ਲਈ ਤਿਆਰ ਰਹਿਣਾ ਚਾਹੀਦਾ ਹੈ, ਜੇ 5 ਦਸੰਬਰ ਤਕ ਰਾਜਸਥਾਨ ਛੱਡ ਜਾਣ ਦੀ 'ਜੈ ਹਿੰਦੂ ਸੰਘ' ਵਲੋਂ ਸਿੱਖਾਂ ਨੂੰ ਦਿੱਤੀ ਧਮਕੀ 'ਤੇ ਅਮਲ ਕੀਤਾ ਜਾਂਦਾ ਹੈ।'

ਪਾਰਲੀਮੈਂਟ ਮੈਂਬਰਾਂ ਨੇ 'ਜੈ ਹਿੰਦੂ ਸੰਘ ਵਲੋਂ ਸਿੱਖਾਂ ਨੂੰ ਰਾਜਸਥਾਨ ਛੱਡ ਜਾਣ ਦੀ ਧਮਕੀ ਸਬੰਧੀ ਤਾਂ ਇਕ ਸ਼ਬਦ ਵੀ ਨਾ ਗੌਲਿਆ ਪਰ ਸੰਤ ਭਿੰਡਰਾਂਵਾਲੇ ਦੇ ਉਸ ਬਿਆਨ 'ਤੇ ਤੂਫਾਨ ਖੜਾ ਕਰ ਦਿੱਤਾ ਅਤੇ ਉਸ ਦੀ ਗ੍ਰਿਫਤਾਰੀ ਕਰਕੇ ਉਸ 'ਤੇ ਮੁਕੱਦਮਾ ਚਲਾਉਣ ਦੀ ਮੰਗ ਕਰਨ ਲੱਗ ਪਏ ਸਨ। ਚਾਣਕੀਆ ਨੀਤੀ ਵਲੋਂ ਬਹੁਤ ਵੱਡੀ ਖੇਡ ਖੇਡੀ ਜਾ ਰਹੀ ਸੀ। ਸਰਕਾਰ ਟੌਹੜੇ ਲੌਂਗੋਵਾਲ ਆਦਿ ਨੂੰ

ਵੱਖਰੇ-ਵੱਖਰੇ ਤੌਰ ਤੇ ਵਰਤ ਰਹੀ ਸੀ।

ਅਕਾਲੀ ਲੀਡਰ ਖੁਫੀਆ ਏਜੰਸੀਆਂ ਦੇ ਵੱਖ-ਵੱਖ ਬੰਦਿਆਂ ਨਾਲ ਮਿਲਕੇ ਕੰਮ ਕਰਦੇ ਰਹੇ। ਅਕਾਲੀਆਂ ਅਤੇ ਭਿੰਡਰਾਂਵਾਲਿਆਂ ਦਰਮਿਆਨ ਪਾੜਾ ਵਧਾਉਣ ਦੇ ਯਤਨ ਕੀਤੇ ਗਏ। ਪੰਜਾਬ ਦੇ ਗਵਰਨਰ ਅਤੇ ਅਕਾਲੀਆਂ ਦੀ ਇਕ ਖੁਫੀਆ ਮੀਟਿੰਗ ਦੌਰਾਨ ਅਕਾਲੀ ਲੀਡਰ ਭਿੰਡਰਾਂਵਾਲੇ ਦੇ ਗ੍ਰਿਫਤਾਰ ਕੀਤੇ ਜਾਣ 'ਤੇ ਸਹਿਮਤ ਹੋ ਗਏ ਸਨ ਜਿਸ ਦੀ ਸੂਹ ਖੁਫੀਆ ਏਜੰਸੀਆਂ ਵਲੋਂ ਭਿੰਡਰਾਂਵਾਲੇ ਨੂੰ ਵੀ ਦੇ ਦਿੱਤੀ ਗਈ ਸੀ। ਸ਼ਾਇਦ ਉਹਨਾਂ ਦੀ ਹੀ ਸਲਾਹ ਨਾਲ 16 ਦਸੰਬਰ 1983 ਨੂੰ ਸੰਤ ਭਿੰਡਰਾਂਵਾਲੇ ਆਪਣਾ ਡੇਰਾ ਅਕਾਲ ਤਖਤ ਸਾਹਿਬ 'ਤੇ ਲੈ ਗਏ ਸਨ।

ਅਕਾਲ ਤਖਤ ਦੇ ਮੁਖ ਗਰੰਥੀ ਕਿਰਪਾਲ ਸਿੰਘ ਵਲੋਂ ਸੰਤਾਂ ਦੇ ਹਥਿਆਰਾਂ ਸਮੇਤ ਉਥੇ ਰਹਿਣ 'ਤੇ ਇਤਰਾਜ਼ ਕੀਤਾ ਗਿਆ ਸੀ ਪਰ ਟੌਹੜੇ ਵਲੋਂ ਦਬਾਅ ਪਾਏ ਜਾਣ ਤੇ ਉਹ ਚੁੱਪ ਹੋ ਗਿਆ ਸੀ। ਅਜਿਹੇ ਮੌਕੇ ਸੰਭਾਲਣ ਲਈ ਸਰਕਾਰ ਟੌਹੜੇ ਨੂੰ ਹਮੇਸ਼ਾ ਵਰਤਦੀ ਰਹੀ।

ਸੰਤਾਂ ਨੂੰ ਅਕਾਲ ਤਖਤ ਤੇ ਲਿਜਾਏ ਬਿਨਾਂ ਸਿੱਖ ਨਸਲਘਾਤ ਲਈ ਵਹਿਸ਼ੀਆਨਾ ਹਮਲਾ ਨਹੀਂ ਸੀ ਹੋ ਸਕਣਾ। ਸੰਤਾਂ ਦੇ ਇਧਰ ਆ ਜਾਣ ਨਾਲ ਗੁਰੂ ਨਾਨਕ ਨਿਵਾਸ ਵਿਚਲੇ ਉਹ ਸਾਰੇ ਕਮਰੇ ਬੱਬਰ ਖਾਲਸਾ ਨੇ ਮੱਲ ਲਏ ਜਿਹੜੇ ਕਿ ਸੰਤਾਂ ਨੂੰ ਮਿਲੇ ਹੋਏ ਸਨ। ਸੰਤ ਭਿੰਡਰਾਂਵਾਲਿਆਂ ਨੇ ਦਸੰਬਰ 1983 ਦੇ ਅਖੀਰ ਤੇ ਇਕ ਬਿਆਨ ਦਿੰਦਿਆਂ ਕਿਹਾ ਸੀ ਕਿ:

'ਪਹਿਲਾਂ ਅਸੀਂ ਖਾਲਿਸਤਾਨ ਨਹੀਂ ਸਾਂ ਮੰਗਦੇ, ਪਰ ਜੇ ਸਰਕਾਰ ਪੇਸ਼ ਕਰਦੀ ਹੈ ਤਾਂ ਮੈਨੂੰ ਕੋਈ ਇਤਰਾਜ਼ ਵੀ ਨਹੀਂ। ਅੱਜ ਗੱਲ ਵੱਖਰੀ ਹੈ। ਹੁਣ ਸਰਕਾਰ ਨੂੰ ਇਸ ਮਸਲੇ ਬਾਰੇ ਆਪਣਾ ਮਨ ਬਣਾ ਲੈਣਾ ਚਾਹੀਦਾ ਹੈ ਕਿ ਕੀ ਉਹ ਸਾਡੇ ਨਾਲ ਰਹਿਣਾ ਚਾਹੁੰਦੀ ਹੈ ਜਾਂ ਨਹੀਂ।'

ਸੰਤਾਂ ਦੇ ਅਕਾਲ ਤਖਤ ਸਾਹਿਬ 'ਤੇ ਚਲੇ ਜਾਣ ਨਾਲ ਇੰਦਰਾ ਸਿੱਖ ਨਸਲਘਾਤ ਦੇ ਮਿਥੇ ਨਿਸ਼ਾਨੇ ਦੇ ਨੇੜੇ ਪੁੱਜ ਗਈ ਸੀ। ਅਗਲੇ ਕੁਝ ਮਹੀਨਿਆਂ ਦੌਰਾਨ ਇੰਦਰਾ ਵਲੋਂ ਕਈ ਅਜਿਹੇ ਬਿਆਨ ਦਿੱਤੇ ਗਏ ਜਿਨ੍ਹਾਂ 'ਚ ਇਹ ਦੱਸਣ ਦੀ ਕੋਸ਼ਿਸ਼ ਕੀਤੀ ਜਾਂਦੀ ਰਹੀ ਕਿ ਸਥਿਤੀ ਨਰਮ ਖਿਆਲੀ ਅਕਾਲੀ ਲੀਡਰਾਂ ਦੇ ਕਾਬੂ 'ਚ ਨਹੀਂ ਸੀ ਅਤੇ ਉਹ ਕਿਸੇ ਵੀ ਕੀਤੇ ਸਮਝੌਤੇ ਨੂੰ ਲਾਗੂ ਕਰਨ ਦੇ ਸਮਰਥ ਨਹੀ ਸਨ ਰਹੇ।

ਖੁਫੀਆ ਏਜੰਸੀ ਦੇ ਕਹਿਣ 'ਤੇ ਅਕਾਲੀ ਦਲ ਵਲੋਂ ਜਦ 8

ਫਰਵਰੀ 1984 ਨੂੰ ਸ਼ਾਂਤਮਈ ਪੰਜਾਬ ਬੰਦ ਦਾ ਸੱਦਾ ਦਿੱਤਾ, ਤਾਂ ਉਸ ਦੇ ਜਵਾਬ 'ਚ ਕਾਂਗਰਸ ਦੀ ਮਿਲੀਭੁਗਤ ਨਾਲ ਹਿੰਦੂ ਸੁਰੱਖਿਆ ਸੰਮਤੀ, ਹਿੰਦੂ ਸ਼ਿਵ ਸੈਨਾ ਆਦਿਕ ਹਿੰਦੂਤਵੀ ਤਾਕਤਾਂ ਨੇ ਸਿੱਖ ਨਸਲਕੁਸ਼ੀ ਦੇ ਪਲਾਨ ਨੂੰ ਅੱਗੇ ਤੋਰਨ ਲਈ 14 ਫਰਵਰੀ ਨੂੰ ਪੰਜਾਬ ਬੰਦ ਦਾ ਸੱਦਾ ਦਿੱਤਾ। ਇਕ ਦਿਨ ਪਹਿਲਾਂ ਉਨ੍ਹਾਂ ਨੇ ਪੰਜਾਬ ਦੇ ਵੱਖ-ਵੱਖ ਸ਼ਹਿਰਾਂ 'ਚ ਹਰ ਪਾਸਿਉਂ ਚੋਣਵੇਂ ਬਦਮਾਸ਼ ਗੁੰਡੇ ਇਕੱਠੇ ਕਰ ਲਏ ਅਤੇ ਉਨ੍ਹਾਂ ਨੂੰ ਸ਼ਰਾਬ ਦੀ ਇਕ-ਇਕ ਬੋਤਲ ਤੇ ਸੌ-ਸੌ ਰੁਪਏ ਦਿੱਤੇ ਗਏ। ਉਨ੍ਹਾਂ ਗੁਡਿਆਂ ਨੇ ਲੁਧਿਆਣਾ ਸ਼ਹਿਰ ਦੇ ਮੁੱਖ ਬਾਜ਼ਾਰ ਅਤੇ ਗਲੀ ਕੂਚਿਆਂ ਦੇ ਦੋਹੀਂ ਪਾਸੀਂ ਛਤਾਂ 'ਤੇ ਇੱਟਾਂ-ਵੱਟੇ, ਸੋਟੇ ਦੀਆਂ ਬੋਤਲਾਂ, ਤੇਜ਼ਾਬ ਦੀਆਂ ਭਰੀਆਂ ਹੋਈਆਂ ਬੋਤਲਾਂ ਆਦਿਕ ਦੇ ਢੇਰ ਲਾ ਲਏ। ਸ਼ਰਾਬਾਂ ਪੀ ਕੇ 14 ਫਰਵਰੀ ਨੂੰ ਉਨ੍ਹਾਂ ਸਿੱਖਾਂ ਦੀਆਂ ਦੁਕਾਨਾਂ ਬੰਦ ਕਰਾਣੀਆਂ ਸ਼ੁਰੂ ਕਰ ਦਿੱਤੀਆਂ।

'ਜਾਂਬਾਜ਼ ਰਾਖਾ' (ਸੰਤ ਜਰਨੈਲ ਸਿੰਘ ਭਿੰਡਰਾਂਵਾਲਾ) ਦਾ ਲੇਖਕ ਏ.ਆਰ.ਦਰਸ਼ੀ (ਡਬਲ ਐਮ.ਏ., ਪੀ.ਸੀ.ਐਸ.) 1984 'ਚ ਲੁਧਿਆਣਾ ਵਿਖੇ ਅਮਨ ਕਾਨੂੰਨ ਕਾਇਮ ਰੱਖਣ ਲਈ ਚੀਫ ਮੈਜਿਸਟਰੇਟ ਵਜੋਂ ਤਾਇਨਾਤ ਸਨ। ਦਰਸ਼ੀ ਸਾਹਿਬ ਮੌਕੇ ਤੇ ਪਹੁੰਚ ਗਏ ਅਤੇ ਉਨ੍ਹਾਂ ਪੁਲਿਸ ਦੀ ਮਦਦ ਨਾਲ ਭੀੜ ਨੂੰ ਖਿੰਡਾ ਦਿੱਤਾ। ਇਸ ਨਾਲ ਖੁਫੀਆ ਏਜੰਸੀ ਵਲੋਂ ਤਿਆਰ ਕੀਤੇ ਗਏ ਪਲਾਨ 'ਚ ਵਿਘਨ ਪੈ ਗਿਆ। ਉੱਚ ਅਧਿਕਾਰੀਆਂ ਨੂੰ ਟੈਲੀਫੂਨ ਕੀਤੇ ਗਏ। ਕੁਝ ਹੀ ਦੇਰ ਬਾਅਦ ਡਿਪਟੀ ਕਮਿਸ਼ਨਰ ਤੇ ਐਸ.ਐਸ.ਪੀ. ਪਹੁੰਚ ਗਏ। ਉਨ੍ਹਾਂ ਗੱਲਬਾਤ ਦੇ ਬਹਾਨੇ ਸਾਰੀ ਭੀੜ ਮੁੜ ਇਕੱਠੀ ਕਰ ਲਈ।

ਇਤਨੀ ਦੇਰ 'ਚ ਸ਼ਿਵ ਸੈਨਾ ਦੇ ਜਗਦੀਸ਼ ਟਾਂਗਰੀ ਨੇ ਆਪਣੇ ਗੁੰਡਿਆਂ ਨੂੰ ਆਪਣਾ ਕੰਮ ਸ਼ੁਰੂ ਕਰ ਦੇਣ ਦਾ ਇਸ਼ਾਰਾ ਕਰ ਦਿੱਤਾ। ਬਸ ਫੇਰ ਕੀ ਸੀ। ਉਨ੍ਹਾਂ ਗੁੰਡਿਆਂ ਨੇ ਹੱਥਗੋਲੇ, ਇੱਟਾਂ, ਪੱਥਰਾਂ, ਟੁੱਟੀਆਂ ਹੋਈਆਂ ਬੋਤਲਾਂ ਆਦਿਕ ਇਤਨੀਆਂ ਜ਼ਿਆਦਾ ਖਿਲੇਰ ਦਿੱਤੀਆਂ ਕਿ ਪੈਰ ਧਰਨ ਨੂੰ ਕੋਈ ਥਾਂ ਨਹੀਂ ਸੀ ਰਹਿ ਗਈ। ਪੁਲਿਸ ਇਧਰ ਉਧਰ ਭੱਜ ਉਠੀ, ਉਚ ਅਧਿਕਾਰੀ ਵੀ ਨੱਠ ਗਏ। ਦਰਸ਼ੀ ਸਾਹਿਬ ਕੁਝ ਸਿੱਖ ਪੁਲਿਸ ਜਵਾਨਾਂ ਨਾਲ ਘਿਰ ਗਏ। ਆਖਿਰ ਜ਼ਿਲ੍ਹਾ ਮੈਜਿਸਟਰੇਟ ਨੇ ਕਰਫਿਊ ਲਾਇਆ। ਫੇਰ ਵੀ ਸਥਿਤੀ ਨੂੰ ਕਾਬੂ 'ਚ ਕਰਨ ਲਈ ਪੁਲਿਸ ਨੂੰ ਦੋ ਘੰਟੇ ਲੱਗ ਗਏ ਸਨ। ਪੰਜਾਬ ਦੇ ਹੋਰਨਾਂ ਸ਼ਹਿਰਾਂ 'ਚ ਵੀ ਇਵੇਂ ਹੀ ਗੁੰਡਾਗਰਦੀ ਕੀਤੀ ਗਈ ਸੀ। ਦਰਸ਼ੀ ਸਾਹਿਬ ਵਲੋਂ ਉਪਰਲੀ ਘਟਨਾ ਸਬੰਧੀ ਆਪਣੀ ਪੁਸਤਕ 'ਜਾਂਬਾਜ਼ ਰਾਖਾ' ਦੇ ਸਫਾ 87 'ਤੇ ਦਿੱਤੀ ਟਿਪਣੀ ਤੋਂ ਸਪਸ਼ਟ ਹੈ ਕਿ ਸਰਕਾਰ ਆਪ ਹੀ ਯੋਜਨਾਬੱਧ ਢੰਗ ਨਾਲ ਹਿੰਸਕ ਹਾਲਾਤ ਪੈਦਾ ਕਰ ਰਹੀ ਸੀ:

'ਜੇ ਸਮੇਂ ਸਿਰ ਕਾਰਵਾਈ ਕੀਤੀ ਹੁੰਦੀ, ਜਿਵੇਂ ਕਿ ਲੇਖਕ (ਦਰਸ਼ੀ ਸਾਹਿਬ) ਨੇ ਸਵੇਰੇ ਸਾਢੇ ਗਿਆਰਾ ਵਜੇ ਦੇ ਕਰੀਬ ਜ਼ਿਲ੍ਹਾ ਮੈਜਿਸਟਰੇਟ ਨੂੰ ਸੁਝਾਅ ਦਿੱਤਾ ਸੀ, ਤਾਂ ਬਿਨਾਂ ਕਿਸੇ ਦੁਰਘਟਨਾ ਦੇ ਆਸਾਨੀ ਨਾਲ ਸਥਿਤੀ ਕੰਟਰੋਲ ਕੀਤੀ ਜਾ ਸਕਦੀ ਸੀ। ਪਰ, ਇੰਜ ਲੱਗਦਾ ਸੀ ਕਿ ਜਿਵੇਂ ਸਰਕਾਰ ਦੇ ਗੁਪਤ ਹੁਕਮਾਂ ਰਾਹੀਂ ਸਥਿਤੀ ਨੂੰ ਗਿਣੀ-ਮਿਥੀ ਯੋਜਨਾ ਤਹਿਤ ਵਿਗਾੜਨ ਦਿੱਤਾ ਗਿਆ ਸੀ। ਬਾਅਦ 'ਚ ਮੈਨੂੰ ਇਹ ਪਤਾ ਲੱਗਿਆ ਕਿ ਅੰਮ੍ਰਿਤਸਰ ਅਤੇ ਪਟਿਆਲਾ 'ਚ ਵੀ ਲੁਧਿਆਣੇ ਵਾਂਗ ਹੀ ਕਰੀਬ ਉਸੇ ਸਮੇਂ 'ਤੇ ਕਰਫਿਊ ਲਗਾਇਆ ਗਿਆ ਸੀ। ਸਪਸ਼ਟ ਰੂਪ 'ਚ ਇਹ ਪੰਜਾਬ ਅੰਦਰ ਹਿੰਸਾ ਭੜਕਾਉਣ ਲਈ ਸਰਕਾਰ ਦੁਆਰਾ ਚੰਗੀ ਵਿਉਂਤੀ ਗਈ ਯੋਜਨਾ ਸੀ।'

(ਏ. ਆਰ. ਦਰਸ਼ੀ, ਲੇਖਕ 'ਜਾਂਬਾਜ਼ ਰਾਖਾ' ਸਫਾ 87)

ਹੁਣ ਹਾਲਾਤ ਤੇਜ਼ੀ ਨਾਲ ਅੱਗੇ ਵੱਧ ਰਹੇ ਸਨ। 19 ਮਾਰਚ 1984 ਨੂੰ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ 'ਤੇ ਪਾਬੰਦੀ ਲਾ ਦਿੱਤੀ ਗਈ ਅਤੇ ਇਸ ਦੇ ਮੈਂਬਰਾਂ ਦੀਆਂ ਗ੍ਰਿਫਤਾਰੀਆਂ ਸ਼ੁਰੂ ਕਰ ਦਿੱਤੀਆਂ ਗਈਆਂ। ਲੌਂਗੋਵਾਲ ਨੇ ਇਸ ਪਾਬੰਦੀ ਨੂੰ ਸਿੱਖ ਮੱਤ 'ਤੇ ਹਮਲਾ ਦੱਸਿਆ। ਭਿੰਡਰਾਂਵਾਲੇ ਨੇ ਕਿਹਾ ਕਿ ਇਹ 'ਸਿੱਖਾਂ ਨੂੰ ਵੰਗਾਰ ਹੈ ਅਤੇ ਸਰਕਾਰ ਦੇ ਇਸ ਤਰ੍ਹਾਂ ਦੇ ਮਨਸੂਬੇ ਸਿੱਖਾਂ ਨੂੰ 'ਖਾਲਿਸਤਾਨ' ਵੱਲ ਜਾਂਦਾ ਰਾਹ ਇਖਤਿਆਰ ਕਰਨ ਵੱਲ ਲਿਜਾ ਸਕਦੇ ਹਨ।'

ਹਾਲਾਤ ਤੇਜ਼ੀ ਨਾਲ ਬਦਲ ਗਏ ਅਤੇ ਸੰਤ ਭਿੰਡਰਾਂਵਾਲੇ ਨੇ ਅਨੁਭਵ ਕਰ ਲਿਆ ਕਿ ਹੁਣ ਹਾਲਾਤ ਕਾਬੂ ਤੋਂ ਬਾਹਰ ਹੋ ਚੁੱਕੇ ਸਨ। ਉਸ ਨੇ ਮੇਜਰ ਜਨਰਲ ਸੁਬੇਗ ਸਿੰਘ, ਜਿਸ ਨੇ ਬੰਗਲਾ ਦੇਸ਼ ਸੰਕਟ ਸਮੇਂ ਮੁਕਤੀ ਬਾਹੀਨੀ ਨੂੰ ਜਥੇਬੰਦ ਕਰਨ 'ਚ ਆਪਣੀ ਮੁਹਾਰਤ ਵਿਖਾਈ ਸੀ, ਦੀ ਸਹਾਇਤਾ ਨਾਲ ਕਿਲ੍ਹਾਬੰਦੀ ਕਰਨੀ ਸ਼ੁਰੂ ਕਰ ਦਿੱਤੀ। ਜਨਰਲ ਸੁਬੇਗ ਸਿੰਘ ਨੂੰ ਸਿੱਖ ਹੋਣ ਕਰਕੇ ਝੂਠੇ ਆਰੋਪਾਂ ਨਾਲ ਫੌਜ 'ਚੋਂ ਕੱਢ ਦਿੱਤਾ ਗਿਆ ਸੀ ਪਰ ਅਦਾਲਤ ਨੇ ਉਸ ਨੂੰ ਬਰੀ ਕਰ ਦਿੱਤਾ ਸੀ। ਉਸ ਨੇ ਧਰਮ ਦਾ ਰਾਹ ਚੁਣ ਲਿਆ ਅਤੇ ਭਿੰਡਰਾਂਵਾਲੇ ਦਾ ਸਲਾਹਕਾਰ ਬਣ ਗਿਆ ਸੀ।

ਹਮਲੇ ਲਈ ਹਿੰਸਕ ਕਾਰਵਾਈਆਂ ਤੇਜ਼ ਹੁੰਦੀਆਂ ਗਈਆਂ

ਸਾਕਾ ਨੀਲਾ ਤਾਰਾ ਦੇ ਮਿਥੇ ਸਮੇਂ ਤੋਂ ਦੋ ਮਹੀਨੇ ਪਹਿਲਾਂ ਹਿੰਸਕ ਕਾਰਵਾਈਆਂ ਦਾ ਸਿਲਸਿਲਾ ਤੇਜ਼ ਕੀਤਾ ਗਿਆ ਸੀ ਤਾਂ ਜੋ ਹਮਲੇ

ਨੂੰ ਉਚਿਤ ਠਹਿਰਾਇਆ ਜਾ ਸਕੇ। ਸਰਕਾਰੀ ਅੰਕੜਿਆਂ ਮੁਤਾਬਕ 1981 'ਚ 28 ਹਿੰਸਕ ਘਟਨਾਵਾਂ,1982 'ਚ 22,1983 'ਚ 138 ਅਤੇ ਵਹਿਸੀਆਨਾ ਹਮਲੇ ਤੋਂ ਇਕ ਮਹੀਨਾ ਪਹਿਲਾਂ 1 ਮਈ 1984 ਤੋਂ 31 ਮਈ 1984 ਤਕ 342 ਵਾਰਦਾਤਾਂ ਹੋਈਆਂ।

ਥਰਡ ਏਜੰਸੀ ਵਲੋਂ ਕਾਰ ਸੇਵਾ ਦੇ ਟਰੱਕਾਂ ਵਿੱਚ ਹਥਿਆਰ ਅੰਦਰ ਪਹੁੰਚਾਏ ਗਏ। ਵੱਖ-ਵੱਖ ਥਾਵਾਂ 'ਤੇ ਦਹਿਸ਼ਤਵਾਦ 'ਚ ਵਾਧਾ ਕੀਤਾ ਗਿਆ। ਕੇਂਦਰੀ ਰਿਜ਼ਰਵ ਫੋਰਸ (ਕੇ.ਰਿ.ਪੁ.ਫੋ.) ਅਤੇ ਬੀ.ਐਸ.ਐਫ. ਨੂੰ ਜਾਣ ਬੁੱਝ ਕੇ ਬਦਨਾਮ ਹੋਣ ਦਿੱਤਾ ਗਿਆ ਤਾਂ ਜੋ ਫੌਜ ਭੇਜਣ ਨੂੰ ਹੱਕੀ ਬਣਾਇਆ ਜਾ ਸਕੇ।

15-16 ਅਪ੍ਰੈਲ 1984 ਦੀ ਵਿਚਕਾਰਲੀ ਰਾਤ ਨੂੰ ਪੰਜਾਬ ਅੰਦਰ ਤਿੰਨ ਦਰਜਨ ਤੋਂ ਵੱਧ ਰੇਲਵੇ ਸਟੇਸ਼ਨਾਂ ਨੂੰ ਅੱਗ ਲਾ ਦਿੱਤੀ ਗਈ। 17 ਅਪ੍ਰੈਲ 1984 ਨੂੰ ਭਿੰਡਰਾਂਵਾਲਿਆਂ ਦੇ ਨਜ਼ਦੀਕੀ ਭਾ.ਸੁਰਿੰਦਰ ਸਿੰਘ ਨੂੰ ਕਤਲ ਕਰ ਦਿੱਤਾ ਗਿਆ। 28 ਅਪ੍ਰੈਲ 1984 ਨੂੰ ਸੰਤ ਲੌਂਗੋਵਾਲ ਦੇ ਕੈਂਪ 'ਚੋਂ ਬਹੁਤ ਸਾਰੇ ਸਰਗਰਮ ਸ਼੍ਰੋਮਣੀ ਅਕਾਲੀ ਕਾਰਕੁੰਨਾਂ ਤੇ ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ਨੇ ਆਪਣੀਆਂ ਸੇਵਾਵਾਂ ਸੰਤ ਭਿੰਡਰਾਂਵਾਲੇ ਦੇ ਅਰਪਤ ਕਰ ਦਿੱਤੀਆਂ। 12 ਮਈ ਨੂੰ ਜਲੰਧਰ ਵਿਖੇ 'ਹਿੰਦ ਸਮਾਚਾਰ ਗਰੁੱਪ' ਦੇ ਸੰਪਾਦਕ ਅਤੇ ਲਾਲਾ ਜਗਤ ਨਾਰਾਇਣ ਦੇ ਵੱਡੇ ਪੁੱਤਰ ਰਮੇਸ਼ ਚੰਦਰ ਨੂੰ ਦਿਨ ਦਿਹਾੜੇ ਗੋਲੀਆਂ ਨਾਲ ਭੁੰਨ ਦਿੱਤਾ ਗਿਆ ਜਿਸ ਦੇ ਮੋੜਵੇਂ ਜਵਾਬ 'ਚ ਹਿੰਦੂ ਭੀੜਾਂ ਨੇ ਸਿੱਖ ਅਦਾਰਿਆਂ ਦੀ ਭੰਨ-ਤਰੋੜ ਤੇ ਸਾੜ-ਫੂਕ ਕਰਨੀ ਸ਼ੁਰੂ ਕਰ ਦਿੱਤੀ। ਇਹ ਸਭ ਕੁਝ ਥਰਡ ਏਜੰਸੀ ਦੇ ਪਲਾਨ ਮੁਤਾਬਕ ਕੀਤਾ ਤੇ ਕਰਵਾਇਆ ਜਾ ਰਿਹਾ ਸੀ।

ਥਰਡ ਏਜੰਸੀ ਨੇ ਲੌਂਗੋਵਾਲ ਨਾਲ ਕੰਮ ਕਰ ਰਹੇ ਆਪਣੇ ਸਲਾਹਕਾਰ ਰਾਹੀਂ ਉਸ ਤੋਂ 23 ਮਈ 1984 ਨੂੰ ਇਕ ਨਾਮਿਲਵਰਤਣ ਲਹਿਰ ਸ਼ੁਰੂ ਕੀਤੇ ਜਾਣ ਦਾ ਐਲਾਨ ਕਰਵਾਇਆ ਜਿਸ ਮੁਤਾਬਕ 3 ਜੂਨ (ਹਮਲੇ ਵਾਲੇ ਦਿਹਾੜੇ) ਤੋਂ ਮਾਲੀਆ,ਨਹਿਰੀ ਪਾਣੀ ਦੀ ਅਦਾਇਗੀ,ਕਰਜ਼ਿਆਂ ਦੀ ਅਦਾਇਗੀ,ਬਿਜਲੀ ਦੇ ਬਿਲਾਂ ਦੀ ਅਦਾਇਗੀ ਅਤੇ ਅਨਾਜ ਪੰਜਾਬ ਤੋਂ ਬਾਹਰ ਜਾਣ ਤੋਂ ਰੋਕਿਆ ਜਾਣਾ ਸੀ। 3 ਜੂਨ ਤੋਂ ਸ਼ੁਰੂ ਕਰਨ ਤੋਂ ਸਾਫ ਜ਼ਾਹਰ ਹੈ ਕਿ ਇਹ ਐਲਾਨ ਥਰਡ ਏਜੰਸੀ ਦੀ ਹੀ ਸਲਾਹ ਨਾਲ ਕੀਤਾ ਗਿਆ ਕਿਉਂਕਿ ਉਹ ਦਿਨ ਸਾਕਾ ਨੀਲਾ ਤਾਰਾ ਲਈ ਨਿਸਚਿਤ ਕੀਤਾ ਜਾ ਚੁੱਕਾ ਸੀ।

26 ਮਈ 1984 ਨੂੰ ਜਦ ਗੁਰਚਰਨ ਸਿੰਘ ਟੌਹੜਾ,ਪ੍ਰਕਾਸ਼ ਸਿੰਘ

ਬਾਦਲ ਅਤੇ ਸੁਰਜੀਤ ਸਿੰਘ ਬਰਨਾਲਾ ਦੀ ਤਿੱਕੜੀ ਅਤੇ ਇੰਦਰਾ ਗਾਂਧੀ ਵਲੋਂ ਨਾਮਜ਼ਦ ਕੀਤੀ ਪੀ.ਵੀ.ਨਰਸਿਮ੍ਹਾ ਰਾਓ, ਸ਼ਿਵ ਸ਼ੰਕਰ ਤੇ ਪ੍ਰਣਬ ਮੁਕਰ ਜੀ ਦੀ ਤਿੱਕੜੀ ਵਲੋਂ ਸਮਝੌਤੇ ਦੀਆਂ ਮੱਦਾਂ ਨੂੰ ਆਖਰੀ ਛੁਹਾਂ ਦਿੱਤੀਆਂ ਜਾ ਰਹੀਆਂ ਸਨ, ਤਾਂ ਐਨ ਉਦੋਂ ਇੰਦਰਾ ਗਾਂਧੀ ਆਪਣੇ ਦਫਤਰ 'ਚ ਆਪਣੇ ਨਜ਼ਦੀਕੀ ਤੇ ਵਿਸ਼ਵਾਸਪਾਤਰਾਂ ਨਾਲ ਦਰਬਾਰ ਸਾਹਿਬ 'ਤੇ ਫੌਜੀ ਧਾਵਾ ਬੋਲਣ ਦੀਆਂ ਤਿਆਰੀਆਂ ਨੂੰ ਆਖਰੀ ਛੁਹਾਂ ਦੇਣ 'ਚ ਲੱਗੀ ਹੋਈ ਸੀ।

ਸਿੱਖ ਲੀਡਰਾਂ ਦਾ ਵੱਡਾ ਹਿੱਸਾ ਤਾਂ ਹਮੇਸ਼ਾ ਭਾਰਤੀ ਸਰਕਾਰ ਦਾ ਜ਼ਰਖਰੀਦ ਰਿਹਾ ਹੈ। ਜਿਹੜਾ ਕੋਈ ਨਾਂ-ਮਾਤਰ ਦਾ ਸਿੱਖ ਲੀਡਰ ਜ਼ਰਖਰੀਦ ਨਹੀਂ ਬਣਿਆ ਹੁੰਦਾ ਸੀ, ਉਸ ਦੁਆਲੇ ਖੁਫੀਆ ਏਜੰਸੀਆਂ ਆਪਣੇ ਜਸੂਸ ਛੱਡੀ ਰੱਖਦੀਆਂ ਹਨ ਜਿਹੜੇ ਉਸ ਆਗੂ ਨੂੰ ਨੋਟਾਂ ਦੀਆਂ ਥੈਲੀਆਂ ਪੇਸ਼ ਕਰਕੇ, ਝੂਠੀ ਵਡਿਆਈ ਕਰਕੇ ਜਾਂ ਹੋਰ ਢੁਕਵੇਂ ਢੰਗ ਨਾਲ ਉਸ ਨੂੰ ਖ਼ੁਸ਼ ਕਰਕੇ, ਉਸ ਦੇ ਸਲਾਹਕਾਰ ਬਣ ਜਾਂਦੇ ਸਨ ਅਤੇ ਉਸ ਲੀਡਰ ਨੂੰ ਲੋੜ ਅਨੁਸਾਰ ਦਿਸ਼ਾ ਦੇਣ ਦੀ ਕੋਸ਼ਿਸ਼ ਕਰਦੇ ਸਨ।

ਹਮਲੇ ਦਾ ਹੁਕਮ ਦੇਣਾ

ਇਤਿਹਾਸ 'ਚ ਸਿੱਖਾਂ ਨੂੰ ਖਤਮ ਕਰ ਦੇਣ ਦਾ ਇਹ ਤੀਜਾ ਫੁਰਮਾਨ ਜਾਰੀ ਕੀਤਾ ਗਿਆ ਸੀ। 25 ਮਈ 1984' ਨੂੰ ਫੌਜ ਦੇ ਮੁੱਖੀ ਨੂੰ ਲਾਮਬੰਦੀ ਦੇ ਹੁਕਮ ਦੇ ਦਿੱਤੇ ਗਏ ਸਨ। 30 ਮਈ ਨੂੰ ਪੰਜਾਬ ਭਰ ਦੇ ਸਾਰੇ ਗੁਰਦੁਆਰਿਆਂ ਨੂੰ ਸਣੇ ਦਰਬਾਰ ਸਾਹਿਬ ਕੰਪਲੈਕਸ ਦੇ ਫੌਜਾਂ ਨੇ ਘੇਰ ਲਿਆ ਸੀ। ਫੌਜੀਆਂ ਨੂੰ ਹਿਦਾਇਤਾਂ ਦੇਣ ਵੇਲੇ ਕਮਾਂਡਰ ਸਿੱਖਾਂ ਲਈ ਦੁਸ਼ਮਣ ਲਫਜ਼ ਵਰਤਦੇ ਸਨ। 30 ਮਈ ਨੂੰ ਹੀ ਇੰਦਰਾ ਰਾਸ਼ਟਰਪਤੀ ਜ਼ੈਲ ਸਿੰਘ ਨੂੰ ਮਿਲੀ ਅਤੇ ਪੰਜਾਬ 'ਚ ਹੋਣ ਵਾਲੇ ਹਮਲੇ ਤੋਂ ਜਾਣੂ ਕਰਾਇਆ। ਕਿਤਨਾ ਕੁ, ਉਹ ਜ਼ੈਲ ਸਿੰਘ ਹੀ ਜਾਣਦਾ ਸੀ।

ਭਿੰਡਰਾਂਵਾਲੇ ਨੂੰ ਖਬਰ ਮਿਲ ਗਈ ਸੀ ਕਿ ਹਲਵਾਰਾ ਹਵਾਈ ਅੱਡੇ 'ਤੇ ਇਕ ਲੱਖ ਫੌਜ ਪਹੁੰਚ ਚੁੱਕੀ ਸੀ ਅਤੇ 5 ਜੂਨ ਨੂੰ ਕਾਰਵਾਈ ਕਰਨ ਲਈ ਉਹ ਸਾਰੇ ਪੰਜਾਬ ਵਿੱਚ ਫੈਲ ਚੁੱਕੇ ਸਨ। 1 ਜੂਨ ਨੂੰ ਉਸ ਨੇ ਕਿਹਾ ਸੀ ਕਿ ਜਿਸ ਦਿਨ ਫੌਜਾਂ ਦਰਬਾਰ ਸਾਹਿਬ ਵਿੱਚ ਦਾਖਲ ਹੋਣਗੀਆਂ, ਉਸ ਦਿਨ ਖਾਲਿਸਤਾਨ ਦੀ ਨੀਂਹ ਰੱਖੀ ਜਾਏਗੀ।

ਹਮਲੇ ਦੀ ਸ਼ੁਰੂਆਤ

1 ਜੂਨ 1984– ਬੀ.ਐਸ.ਐਫ., ਕੇ.ਰਿ.ਪੁ.ਫੋ.ਅਤੇ ਇੰਡੋ ਤਿਬਤਨ ਬਾਰਡਰ ਪੁਲਿਸ ਵਲੋਂ ਦਰਬਾਰ ਸਾਹਿਬ ਕੰਪਲੈਕਸ 'ਤੇ ਬਿਨਾਂ ਕਿਸੇ ਕਿਸਮ ਦੀ ਭੜਕਾਹਟ ਦੇ ਸਾਢੇ ਬਾਰਾ ਵਜੇ ਤੋਂ ਲੈਕੇ ਸਾਢੇ ਅੱਠ ਰਾਤ ਤਕ ਗੋਲੀ ਚਲਾਈ ਗਈ ਅਤੇ ਰਾਤ ਦੇ ਨੌਂ ਵਜੇ ਤੋਂ 32 ਘੰਟੇ ਲਈ ਕਰਫਿਊ ਲਾ ਦਿੱਤਾ ਗਿਆ। ਗੋਲਾਬਾਰੀ ਸ਼ਾਇਦ ਟੋਹਣ ਲਈ ਕੀਤੀ ਗਈ ਸੀ ਜਾਂ ਹਮਲੇ ਦੀ ਕਾਰਵਾਈ ਲਈ ਫੌਜ ਨੂੰ ਪੁਜ਼ੀਸ਼ਨਾਂ ਲੈ ਸਕਣ ਦਾ ਸਮਾਂ ਦੇਣ ਲਈ ਕਰਫਿਊ ਲਾਉਣ ਲਈ। 11 ਵਿਅਕਤੀ ਮਾਰੇ ਗਏ, 50 ਕੁ ਜ਼ਖਮੀ ਹੋਏ, 36 ਗੋਲੀਆਂ ਹਰਿਮੰਦਰ ਸਾਹਿਬ ਦੇ ਸੁਨਹਿਰੀ ਗੁੰਬਦ ਨੂੰ ਲੱਗੀਆਂ। ਲੌਂਗੋਵਾਲ ਨੇ ਜ਼ੈਲ ਸਿੰਘ ਨਾਲ ਕਈ ਵਾਰ ਗੱਲਬਾਤ ਕਰਨ ਦੀ ਕੋਸ਼ਿਸ਼ ਕੀਤੀ, ਪਰ ਉਹ ਟਾਲ ਦਾ ਰਿਹਾ।

2 ਜੂਨ 1984– ਵੱਖ-ਵੱਖ ਖਬਰ ਏਜੰਸੀਆਂ ਦੇ ਰਿਪੋਰਟਰ ਸ.ਹਰਬੀਰ ਸਿੰਘ ਭੰਵਰ ਜੋ ਕਿ ਦਰਬਾਰ ਸਾਹਿਬ ਦੇ ਕੁਆਰਟਰ 'ਚ ਰਹਿੰਦਾ ਸੀ, ਨੂੰ ਆਪਣੇ ਸਾਥੀ ਰਿਪੋਰਟਰਾਂ ਤੋਂ ਪਤਾ ਲੱਗ ਗਿਆ ਸੀ ਕਿ ਸਰਕਾਰ ਨੇ ਪੰਜਾਬ 'ਚ ਸਿੱਖਾਂ ਦਾ ਆਮ ਕਤਲੇਆਮ ਕਰਵਾਉਣ

ਦਾ ਫੈਸਲਾ ਕੀਤਾ ਹੈ। ਉਹ ਇਹ ਜਾਣ ਕੇ ਆਪਣਾ ਕੁਆਰਟਰ ਛੱਡ ਕੇ ਕਿਸੇ ਦੋਸਤ ਦੇ ਘਰ ਚਲਾ ਗਿਆ। ਬੀ.ਬੀ.ਸੀ.ਦਾ ਰਿਪੋਰਟਰ ਮਾਰਕ ਟੱਲੀ ਸੰਤ ਭਿੰਡਰਾਂਵਾਲੇ ਨੂੰ ਮਿਲਿਆ। ਉਸੇ ਰਾਤ ਨੂੰ ਇੰਦਰਾ ਨੇ ਕੌਮ ਨੂੰ ਸੰਬੋਧਨ ਕੀਤਾ ਅਤੇ ਕਿਹਾ ਕਿ ਪੰਜਾਬ ਫੌਜ ਦੇ ਹਵਾਲੇ ਕਰ ਦਿੱਤਾ ਗਿਆ ਅਤੇ ਪੰਜਾਬ ਦੇ ਗਵਰਨਰ ਨੂੰ ਚੰਡੀਗੜ੍ਹ ਦਾ ਪ੍ਰਬੰਧਕ ਥਾਪ ਦਿੱਤਾ ਗਿਆ ਹੈ। ਉਸ ਨੇ ਸਿੱਖਾਂ ਨੂੰ ਚਿਤਾਵਨੀ ਦਿੱਤੀ ਕਿ 'ਸਰਕਾਰ ਵਲੋਂ ਉਲੀਕੇ ਗਏ ਸਮਝੌਤੇ ਦੇ ਖਰੜੇ ਨੂੰ ਪ੍ਰਵਾਨ ਕਰ ਲਵੋ।' ਉਸ ਨੇ ਕੀਤੇ ਜਾਣ ਵਾਲੇ ਵਹਿਸ਼ੀਆਨਾ ਹਮਲੇ ਬਾਰੇ ਕੋਈ ਇਕ ਸ਼ਬਦ ਤਕ ਨਹੀਂ ਕਿਹਾ ਤਾਂ ਜੋ ਸਿੱਖ ਆਮ ਦੀ ਤ੍ਰ੍ਹਾਂ ਇਕੱਠੇ ਹੋਣ ਅਤੇ ਫੌਜ ਨੂੰ ਕਤਲੇਆਮ ਕਰਨ 'ਚ ਅਸਾਨੀ ਹੋ ਸਕੇ। ਸਾਰੇ ਪੰਜਾਬ ਨੂੰ ਸਿੱਖਾਂ ਦੀ ਮੌਤ ਦਾ ਪਿੰਜਰਾ ਬਣਾ ਦਿੱਤਾ ਗਿਆ ਸੀ।

3 ਜੂਨ 1984– ਗੁਰੂ ਅਰਜਨ ਸਾਹਿਬ ਦੇ ਸ਼ਹੀਦੀ ਗੁਰਪੁਰਬ ਵਾਲੇ ਦਿਨ ਸਵੇਰੇ 9 ਤੋਂ 11 ਅਤੇ ਸ਼ਾਮ ਨੂੰ 5 ਤੋਂ 9 ਤਕ ਕਰਫਿਊ 'ਚ ਢਿੱਲ ਦਿੱਤੀ ਗਈ। ਬੀ.ਬੀ.ਸੀ.ਦੇ ਮਾਰਕ ਟੱਲੀ ਅਨੁਸਾਰ ਦਰਬਾਰ ਸਾਹਿਬ ਅੰਦਰ ਅਸਾਧਾਰਣ ਭੀੜ ਸੀ। ਬਲਬੀਰ ਸਿੰਘ ਸੰਧੂ ਨੇ 10,000 ਦੀ ਗਿਣਤੀ ਦੱਸੀ ਹੈ। ਕਰਫਿਊ ਮੁੜ ਲਾਏ ਜਾਣ ਤੋਂ ਪਹਿਲਾਂ ਕਈ ਖਾੜਕੂ ਬਾਹਰ ਨਿਕਲ ਗਏ ਦੱਸੇ ਜਾਂਦੇ ਹਨ। ਕਈ ਪੱਤਰਕਾਰ ਜਿਨ੍ਹਾਂ 'ਚ ਸੁਭਾਸ਼ ਕਿਰਪੇਕਰ ਤੇ ਹਰਬੀਰ ਸਿੰਘ ਭੰਵਰ ਵੀ ਸ਼ਾਮਲ ਸਨ,ਸ਼ਾਮ ਨੂੰ ਸੰਤ ਭਿੰਡਰਾਂਵਾਲੇ ਨੂੰ ਮਿਲੇ।

ਪੱਤਰਕਾਰਾਂ ਨੇ ਸੰਤਾਂ ਤੋਂ ਪੁੱਛਿਆ ਕਿ 'ਕੀ ਤੁਸੀਂ ਖਾਲਿਸਤਾਨ ਬਣਾਉਣ ਦੀ ਹਿਮਾਇਤ ਕਰਦੇ ਹੋ? ਉਹਨਾਂ ਜਵਾਬ ਦਿੱਤਾ ਕਿ 'ਮੈਂ ਇਸਦਾ ਕਦੀ ਵੀ ਵਿਰੋਧ ਨਹੀਂ ਕੀਤਾ ਅਤੇ ਨਾ ਹੀ ਹਿਮਾਇਤ ਕੀਤੀ ਹੈ।' ਇਕ ਹੋਰ ਸੁਆਲ ਦੇ ਜਵਾਬ ਉਹਨਾਂ ਕਿਹਾ ਕਿ 'ਸਿੱਖ ਨਾ ਤਾਂ ਭਾਰਤ ਵਿੱਚ ਅਤੇ ਨਾ ਹੀ ਇਸ ਦੇ ਨਾਲ ਰਹਿ ਸਕਦੇ ਹਨ। ਜੇ ਇਹਨਾਂ ਨਾਲ ਬਰਾਬਰੀ ਵਾਲਾ ਸਲੂਕ ਕੀਤਾ ਜਾਏ ਤਾਂ ਇਹ ਸੰਭਵ ਹੋ ਸਕਦਾ ਹੈ ਪਰ ਸਾਫ-ਸਾਫ ਗੱਲ ਇਹ ਹੈ ਮੈਂ ਨਹੀਂ ਸਮਝਦਾ ਕਿ ਇਹ ਸੰਭਵ ਹੈ।' ਇਕ ਹੋਰ ਸੁਆਲ ਦੇ ਜਵਾਬ 'ਚ ਕਿਹਾ ਕਿ 'ਭਾਰਤ ਵਿੱਚ ਸਿੱਖ ਗ਼ੁਲਾਮ ਹਨ ਅਤੇ ਅਸੀਂ ਇਸ ਗ਼ੁਲਾਮੀ ਦੀਆਂ ਇਹ ਜ਼ੰਜੀਰਾਂ ਤੋੜਨੀਆਂ ਹਨ।' ਇਕ ਹੋਰ ਸੁਆਲ ਦੇ ਜਵਾਬ ਵਿੱਚ ਸੰਤਾਂ ਨੇ ਪੱਤਰਕਾਰਾਂ ਨੂੰ ਦੱਸਿਆ ਕਿ 'ਮੈਨੂੰ ਭਰੋਸੇਯੋਗ ਸੂਤਰਾਂ ਤੋਂ ਪਤਾ ਲੱਗਾ ਹੈ ਕਿ ਫੌਜ 5 ਜੂਨ ਨੂੰ ਆਪਣੀਆਂ ਕਾਰਵਾਈਆਂ ਸ਼ੁਰੂ ਕਰ ਦੇਵੇਗੀ।'

3 ਜੂਨ ਦੀ ਸ਼ਾਮ ਤਕ ਸਾਰੇ ਪੰਜਾਬ 'ਚ ਮਾਰਸ਼ਲ ਲਾਅ ਨਾਲੋਂ ਵੀ

ਸਖਤ ਕਰਿਫਊ ਲਾ ਦਿੱਤਾ ਗਿਆ। ਪੰਜਾਬ ਭਾਰਤ ਨਾਲੋਂ ਅਤੇ ਦੁਨੀਆ ਨਾਲੋਂ ਕੱਟ ਦਿੱਤਾ ਗਿਆ; ਪਾਕਿਸਤਾਨ ਨਾਲ ਲੱਗਦੀਆਂ ਸਰਹੱਦਾਂ ਸੀਲ ਕਰ ਦਿੱਤੀਆਂ ਗਈਆਂ; ਸੰਚਾਰ ਦੇ ਸਭ ਸਾਧਨ ਕੱਟ ਦਿੱਤੇ ਗਏ; ਟੈਲੀਫੂਨ ਤੇ ਟੈਲੈਕਸ ਕੱਟ ਦਿੱਤੇ ਗਏ; ਬਿਜਲੀ ਕੱਟ ਦਿੱਤੀ ਗਈ; ਬੱਸਾਂ, ਰੇਲ ਗੱਡੀਆਂ, ਕਾਰਾਂ, ਹਵਾਈ ਜਹਾਜ਼ਾਂ, ਟਰੈਕਟਰਾਂ, ਬੈਲ-ਗੱਡੀਆਂ, ਸਾਈਕਲਾਂ ਤਕ 'ਤੇ ਸਖਤ ਪਾਬੰਦੀ ਲਾ ਦਿੱਤੀ ਗਈ; ਸੜਕਾਂ 'ਤੇ ਪੈਦਲ ਚਲਣਾ ਵੀ ਬੰਦ; ਪੰਜਾਬ ਵਿੱਚ ਸਰਕਾਰ ਦੀ ਆਗਿਆ ਤੋਂ ਬਿਨਾਂ ਪੱਤਾ ਵੀ ਨਹੀਂ ਸੀ ਹਿੱਲ ਸਕਦਾ। ਵਿਦੇਸ਼ੀ ਪੱਤਰਕਾਰਾਂ ਨੂੰ ਅਤੇ ਵਿਦੇਸ਼ੀ ਮੀਡੀਆ ਲਈ ਕੰਮ ਕਰਦੇ ਭਾਰਤੀਆਂ ਨੂੰ ਪੰਜਾਬ 'ਚੋਂ ਨਿਕਲ ਜਾਣ ਦੇ ਸਖਤ ਹੁਕਮ ਦੇ ਦਿੱਤੇ ਗਏ।

ਭਾਵੇਂ ਮੀਡੀਆ ਪਹਿਲਾਂ ਹੀ ਸਰਕਾਰ ਦੇ ਹੁਕਮ ਅਨੁਸਾਰ ਸਭ ਕੁਝ ਛਾਪ ਰਿਹਾ ਸੀ, ਪਰ ਹੁਣ ਸੈਂਸਰ ਕਰਾਏ ਬਿਨਾਂ ਮੀਡੀਆ ਕੁਝ ਨਹੀਂ ਸੀ ਛਾਪ ਸਕਦਾ। ਪੰਜਾਬ ਅਤੇ ਚੰਡੀਗੜ੍ਹ 'ਚ ਪ੍ਰੈਸ 'ਤੇ ਇਸ ਤਰ੍ਹਾਂ ਪੂਰੀ ਸੈਂਸਰਸ਼ਿਪ ਲਾ ਦਿੱਤੀ ਗਈ। ਪੁਲਿਸ ਜਾਂ ਫੌਜ ਜਾਂ ਨੀਮ ਫੌਜੀ ਦਸਤਿਆਂ ਸਬੰਧੀ ਕੁਝ ਵੀ ਛਾਪਣ 'ਤੇ ਪਾਬੰਦੀ ਲਾ ਦਿੱਤੀ ਗਈ। ਇਹ ਕੋਈ ਸਾਧਾਰਨ ਜੰਗ ਨਹੀਂ ਸੀ ਸਗੋਂ ਸਭ ਕੌਮੀ, ਕੌਮਾਂਤਰੀ ਅਤੇ ਕੁਦਰਤ ਦੇ ਕਾਨੂੰਨਾਂ ਦੀ ਉਲੰਘਣਾ ਕਰਕੇ ਇਕ ਅਣਖੀਲੀ ਕੌਮ ਦੀ ਨਸਲਕੁਸ਼ੀ ਕੀਤੀ ਜਾ ਰਹੀ ਸੀ। ਮੇਜਰ ਜਨਰਲ ਰਣਜੀਤ ਸਿੰਘ ਦਿਆਲ ਨੂੰ ਗਵਰਨਰ ਦਾ ਰੱਖਿਆ ਸਲਾਹਕਾਰ ਬਣਾ ਦਿੱਤਾ ਗਿਆ।

4 ਜੂਨ 1984– 4 ਜੂਨ ਦੀ ਸ਼ਾਂਤਮਈ ਸਵੇਰ ਨੂੰ ਅਕਾਲ ਤਖਤ 'ਤੇ ਬੰਬ ਸੁੱਟਣੇ ਸ਼ੁਰੂ ਕਰ ਦਿੱਤੇ ਗਏ। ਫਿਰ ਲਗਾਤਾਰ ਤੋਪਾਂ ਨੇ ਗੋਲੇ ਵਰ੍ਹਾਉਣੇ ਸ਼ੁਰੂ ਕਰ ਦਿੱਤੇ। ਖਾੜਕੂਆਂ ਦੀਆਂ ਪਾਣੀ ਦੀ ਟੈਂਕੀ ਤੇ ਬਣੀਆਂ ਪੁਜ਼ੀਸ਼ਨਾਂ 'ਤੇ ਗੋਲੇ ਦਾਗਣੇ ਸ਼ੁਰੂ ਕਰ ਦਿੱਤੇ ਗਏ। ਖਾੜਕੂਆਂ ਵਲੋਂ ਸ਼ਾਮ ਪੈਣ ਤਕ ਹੋਏ ਨੁਕਸਾਨ ਦੀ ਮੁਰੰਮਤ ਕਰਕੇ ਮੋਰਚੇ ਮਜ਼ਬੂਤ ਕਰ ਲਏ ਗਏ ਸਨ। ਦੋਹਾਂ ਪਾਸਿਆਂ ਦੇ 100 ਕੁ ਬੰਦੇ ਮਾਰੇ ਗਏ ਸਨ। ਭਾਈ ਮਹਿੰਗਾ ਸਿੰਘ ਬੱਬਰ ਵੀ ਸ਼ਹੀਦ ਹੋਏ। ਸ਼ਹਿਰਾਂ ਨੂੰ ਦੁੱਧ ਸਪਲਾਈ ਕਰਨ ਆ ਰਹੇ ਦੋਧੀਆਂ ਨੂੰ ਗੋਲੀ ਨਾਲ ਉਡਾ ਦਿੱਤਾ ਗਿਆ। ਫੌਜ ਦੀ ਸਹਾਇਤਾ ਨਾਲ ਕਾਮਰੇਡ ਟੌਹੜੇ ਨੇ ਭਿੰਡਰਾਂਵਾਲੇ ਨੂੰ ਹਥਿਆਰ ਸੁੱਟ ਦੇਣ ਦੇ ਆਖਰੀ ਯਤਨ ਕੀਤੇ ਪਰ ਉਸ ਗ਼ਦਾਰ ਨੂੰ ਦੋ-ਟੂੱਕ ਜਵਾਬ ਨਾਂਹ 'ਚ ਹੀ ਮਿਲਿਆ।

5 ਜੂਨ 1984– ਦਰਬਾਰ ਸਾਹਿਬ ਕੰਪਲੈਕਸ ਦੀਆਂ ਅੰਦਰਲੀਆਂ ਇਮਾਰਤਾਂ 'ਤੇ ਗੋਲਾਬਾਰੀ 5 ਜੂਨ ਦੀ ਸਵੇਰ ਨੂੰ ਸ਼ੁਰੂ ਕੀਤੀ ਗਈ। ਫੌਜੀ ਕਮਾਂਡਰਾਂ ਨੇ ਰਸਮੀ ਤੌਰ ਤੇ ਲਾਊਡਸਪੀਕਰਾਂ

ਰਾਹੀ ਲੋਕਾਂ ਨੂੰ ਬਾਹਰ ਆ ਕੇ ਆਪਣੇ ਆਪ ਨੂੰ ਫੌਜ ਦੇ ਹਵਾਲੇ ਕਰ ਦੇਣ ਲਈ ਕਿਹਾ ਗਿਆ ਪਰ ਨਾਲ ਹੀ ਗੋਲੇ ਚਲਦੇ ਰਹਿਣ ਕਰਕੇ ਲੋਕ ਹਿੱਲ ਵੀ ਨਾ ਸਕੇ।

ਟੌਹੜੇ ਤੇ ਲੌਂਗੋਵਾਲ ਨੇ ਸ਼੍ਰੋ.ਗੁ.ਪ੍ਰ.ਕਮੇਟੀ ਦੇ ਸਕੱਤਰ ਭਾਨ ਸਿੰਘ ਨੂੰ ਗੱਲਬਾਤ ਲਈ ਭੇਜਿਆ ਕਿ ਅਕਾਲੀ ਮੋਰਚੇ ਲਈ 5000 ਇਕੱਠੇ ਹੋਏ ਲੋਕਾਂ ਨੂੰ ਬਾਹਰ ਜਾਣ ਦਿੱਤਾ ਜਾਏ। ਪਰ ਚਲਦੀਆਂ ਗੋਲੀਆਂ ਸਾਹਮਣੇ ਉਹ ਪਿਛੇ ਮੁੜ ਕੇ ਮਸਾਂ ਆਪਣੀ ਜਾਨ ਹੀ ਬਚਾ ਸਕਿਆ।

ਸ਼ਾਮ ਦੇ ਸੱਤ ਵਜਦਿਆਂ ਸਾਰ (ਸਰਕਾਰ ਦੇ ਵਾਈਟ ਪੇਪਰ ਅਨੁਸਾਰ) ਪੰਜਾਬ ਦੇ 42 ਇਤਿਹਾਸਕ ਗੁਰਦੁਆਰਿਆਂ 'ਤੇ ਹਮਲਾ ਕਰ ਦਿੱਤਾ ਗਿਆ। ਉੱਜ ਹਮਲਾ ਕੀਤੇ ਜਾਣ ਵਾਲੇ ਗੁਰਦੁਆਰਿਆਂ ਦੀ ਗਿਣਤੀ ਬਹੁਤ ਜ਼ਿਆਦਾ ਦੱਸੀ ਜਾਂਦੀ ਹੈ। ਇਥੇ ਇਹ ਗੱਲ ਧਿਆਨ 'ਚ ਰੱਖਣ ਵਾਲੀ ਹੈ ਕਿ ਉਹਨਾਂ ਗੁਰਦੁਆਰਿਆਂ ਨਾਲ ਭਿੰਡਰਾਂਵਾਲੇ ਦਾ ਕੋਈ ਸਬੰਧ ਨਹੀਂ ਸੀ। ਸਰਕਾਰ ਨੇ ਹਮਲੇ ਦਾ ਬਹਾਨਾ ਤਾਂ ਹਰਿਮੰਦਰ ਸਾਹਿਬ ਅੰਦਰ ਖਾੜਕੂਆਂ ਨੂੰ ਪਕੜਨ ਦਾ ਲਾਇਆ ਸੀ।

ਫੌਜ ਵਲੋਂ ਰਾਮਗੜ੍ਹੀਆ ਬੁੰਗਿਆਂ ਅਤੇ ਪਾਣੀ ਦੀ ਟੈਂਕੀ ਨੂੰ ਨਿਸ਼ਾਨਾ ਬਣਾਇਆ ਗਿਆ। ਕਿਉਂਕਿ ਕੰਪਲੈਕਸ ਦੇ ਆਲੇ ਦੁਆਲੇ ਸਿੱਖਾਂ ਦੇ ਘਰ ਤੇ ਦੁਕਾਨਾਂ ਸਨ, ਇਸ ਲਈ ਵੱਧ ਤੋਂ ਵੱਧ ਨੁਕਸਾਨ ਪਹੁੰਚਾਉਣ ਲਈ ਤੋਪਾਂ ਦੀ ਵਰਤੋਂ ਕੀਤੀ ਗਈ। ਸਾਢੇ ਦਸ ਵਜੇ ਤਕ ਕਮਾਂਡੋਜ਼ ਦੇ ਦੋ ਗਰੁੱਪ ਦਰਬਾਰ ਸਾਹਿਬ ਕੰਪਲੈਕਸ 'ਚ ਦਾਖਲ ਹੋ ਚੁੱਕੇ ਸਨ।

ਟੈਂਕਾਂ ਦਾ ਸਮਰਥਨ ਮਿਲਣ ਦੇ ਬਾਵਜੂਦ ਪਹਿਲੀਆਂ ਫੌਜੀ ਟੁਕੜੀਆਂ ਸਾਂਝੀ ਕਾਰਵਾਈ ਲਈ ਆਪਣੇ ਖੇਤਰ ਸਾਫ ਕਰਨ 'ਚ ਅਸਫਲ ਰਹੀਆਂ। ਰਾਅ ਦੀ ਵਿਸ਼ੇਸ਼ ਫਰੰਟੀਅਰ ਕਮਾਂਡੋ ਫੋਰਸ, ਜਿਸ ਨੇ ਰੀਹਰਸਲ ਕੀਤੀ ਹੋਈ ਸੀ, ਆਪਣੀਆਂ ਬੁਲਿਟ-ਪਰੂਫ ਜੈਕਟਾਂ ਦੇ ਬਾਵਜੂਦ ਅਕਾਲ ਤਖਤ ਸਾਹਿਬ ਅੰਦਰ ਨਹੀਂ ਸੀ ਪਹੁੰਚ ਸਕੀ। ਮਦਰਾਸ ਤੇ ਕੁਮਾਓਂ ਦੀਆਂ ਰਜਮੈਂਟਾਂ ਇਕ ਦੂਜੇ 'ਤੇ ਗੋਲੀਆਂ ਚਲਾਉਣ ਲੱਗ ਪਈਆਂ ਸਨ। ਪਤਾ ਲੱਗਣ ਤਕ ਉਹਨਾਂ ਦੇ 50 ਜਵਾਨ ਮਾਰੇ ਜਾ ਚੁੱਕੇ ਸਨ। ਪੈਦਲ ਫੌਜ ਨੂੰ ਵੀ ਸਖਤ ਮੁਕਾਬਲਾ ਕਰਨਾ ਪੈ ਰਿਹਾ ਸੀ ਕਿਉਂਕਿ ਜਨਰਲ ਸੁਬੇਗ ਸਿੰਘ ਨੇ ਪਰਕਰਮਾਂ ਦੇ ਫਰਸ਼ ਤੋਂ ਨੌਂ ਇੰਚ ਦੀ ਉਚਾਈ 'ਤੇ ਲਾਈਟ ਮਸ਼ੀਨ ਗੰਨਾਂ ਬੀੜ ਰੱਖੀਆਂ ਸਨ ਜਿਸ ਨਾਲ ਰੀਘਣਾ ਅਸੰਭਵ ਬਣ ਚੁੱਕਾ ਸੀ। ਕੌਮਾਂਤਰੀ

ਕਨਵੈਨਸ਼ਨ ਦੀ ਉਲੰਘਣਾ ਕਰਕੇ ਭਾਰਤੀ ਫੌਜ ਵਲੋਂ ਰਸਾਇਣੀ ਗੈਸ ਦੀ ਵਰਤੋਂ ਕੀਤੀ ਗਈ। ਇਸ ਦੇ ਬਾਵਜੂਦ ਫੌਜ ਅਕਾਲ ਤਖਤ ਨੇੜੇ ਨਾ ਜਾ ਸਕੀ ਅਤੇ ਫੌਜ ਨੇ ਟੈਂਕਾਂ ਦੀ ਸਹਾਇਤਾ ਮੰਗੀ।

6 ਜੂਨ 1984 – ਇੰਦਰਾ ਦੀ ਪ੍ਰਵਾਨਗੀ ਲੈਣ ਮਗਰੋਂ ਤੜਕ ਸਾਰ ਛੇ ਜੂਨ ਨੂੰ ਫੌਜ ਦੇ 7 ਮੁਖ ਬੈਟਲ ਟੈਂਕ – ਵਿਜਯੰਤਾ ਅਤੇ ਮੁਹਰੀ ਏ.ਪੀ.ਸੀਜ਼.ਦਰਬਾਰ ਸਾਹਿਬ ਅੰਦਰ ਲਿਆਂਦੇ ਗਏ ਅਤੇ ਦੋ ਕੁ ਦਰਜਨ ਹੋਰ ਟੈਂਕ ਰਣਨੀਤਕ ਥਾਵਾਂ 'ਤੇ ਤਾਇਨਾਤ ਕਰ ਦਿੱਤੇ ਗਏ। ਮੁਹਰੀ ਏ.ਪੀ.ਸੀ.ਨੂੰ ਚੀਨ ਦੇ ਬਣੇ ਰਾਕਟ ਪ੍ਰੋਪੈਲੱਡ ਗਰੀਨੇਡਾਂ (ਆਰ.ਪੀ.ਜੀ.–7) ਨੇ ਨਾਕਾਮ ਕਰ ਦਿੱਤਾ। ਹੁਣ ਫੌਜ ਨੇ ਆਪਣੀਆਂ 105 ਐਮ.ਐਮ.ਮੁਖ ਤੋਪਾਂ ਨਾਲ ਗੋਲਾਬਾਰੀ ਸ਼ੁਰੂ ਕਰ ਦਿੱਤੀ ਜਿਸ ਦੇ ਤਬਾਹਕੁਨ ਸਿੱਟੇ ਨਿਕਲੇ। ਅਕਾਲ ਤਖਤ ਸਾਹਿਬ ਢਹਿਢੇਰੀ ਹੋ ਗਿਆ,ਸੁਨਹਿਰੀ ਗੁੰਬਦ ਨੂੰ ਨੁਕਸਾਨ ਪਹੁੰਚਿਆ ਅਤੇ ਇਹੋ ਹਾਲ ਹਰਿਮੰਦਰ ਸਾਹਿਬ ਦੇ ਪਰਿਵੇਸ਼ ਦੁਆਰ ਅਤੇ ਦਰਸ਼ਨੀ ਡਿਉੜੀ ਦਾ ਹੋਇਆ। ਇਸ ਦੇ ਬਾਵਜੂਦ ਮਦਰਾਸ ਰਜਮੈਂਟ ਦੇ ਪੈਦਲ ਦਸਤਿਆਂ ਨੂੰ ਸਖਤ ਮੁਕਾਬਲਾ ਕਰਨਾ ਪਿਆ ਅਤੇ ਉਸ ਦੇ ੪੦٪ ਜਵਾਨ ਮਾਰੇ ਗਏ ਸਨ।

11 ਵਜੇ ਸਵੇਰੇ ਅਕਾਲ ਤਖਤ ਤੋਂ ਦੌੜ ਕੇ ਹਰਿਮੰਦਰ ਸਾਹਿਬ ਵੱਲ ਜਾਣ ਦੀ ਕੋਸ਼ਿਸ਼ ਕਰ ਰਹੇ ਇਕ ਗਰੁੱਪ ਨੂੰ ਭੁੰਨ ਦਿੱਤਾ ਗਿਆ। ਕਮਰਿਉਂ ਕਮਰੀਂ ਲੜਾਈ ਸਾਢੇ ਬਾਰਾਂ ਵਜੇ ਤਕ ਜਾਰੀ ਰਹੀ। ਪਰ ਅਕਾਲ ਤਖਤ ਦੇ ਭੋਰੇ ਅਤੇ ਹੇਠਲੀ ਮੰਜ਼ਲ ਤੋਂ ਮੁਕਾਬਲਾ ਜਾਰੀ ਰਿਹਾ। ਸਾਰੇ ਦਰਬਾਰ ਸਾਹਿਬ ਕੰਪਲੈਕਸ ਦੇ ਇਰਦ ਗਿਰਦ ਦੇ ਇਲਾਕੇ 'ਚੋਂ ਘੇਰ ਕੇ ਲਿਆਂਦੇ ਸਿੱਖਾਂ ਨੂੰ ਫੌਜੀ ਗੋਲੀਆਂ ਨਾਲ ਭੁੰਨ ਰਹੇ ਸਨ। ਸੜਕੋਂ ਪਾਰ ਸਰਾਵਾਂ ਦੀ ਖੜੀ ਬੇਕਿਰਕੀ ਨਾਲ ਤਲਾਸ਼ੀ ਲੈਕੇ ਸਿੱਖਾਂ ਨੂੰ ਬਾਹਰ ਲਿਆਂਦਾ ਜਾ ਰਿਹਾ ਸੀ ਜਾਂ ਸਟੱਨਰ ਗਰੀਨੇਡ ਸੁੱਟ ਕੇ ਖਤਮ ਕੀਤਾ ਜਾ ਰਿਹਾ ਸੀ।

ਫੌਜੀ ਅਕਾਲੀ ਆਗੂਆਂ ਨੂੰ ਕੱਢ ਕੇ ਬਾਹਰ ਲੈ ਆਏ। ਸਰਕਾਰ ਵਲੋਂ ਉਹਨਾਂ ਲਈ ਆਤਮ ਸਮਰਪਣ ਸ਼ਬਦ ਵਰਤਿਆ ਗਿਆ ਸੀ। ਭਾਰਤ ਦੀ ਬੁੱਚੜ ਫੌਜ ਵਲੋਂ ਹੇਗ ਤੇ ਜਨੇਵਾ ਕਨਵੈਨਸ਼ਨਾਂ ਦੇ ਕੌਮਾਂਤਰੀ ਕਾਨੂੰਨਾਂ ਨੂੰ ਛਿੱਕੇ 'ਤੇ ਟੰਗ ਕੇ ਨਿਹੱਥੇ ਸਿੱਖ ਯਾਤਰੀਆਂ ਦੇ ਹੱਥ ਪਿੱਛੇ ਬੰਨ੍ਹ ਕੇ ਗੋਲੀਆਂ ਨਾਲ ਭੁੰਨਿਆ ਗਿਆ।

ਸਰਕਾਰ ਵਲੋਂ ਦੱਸੇ ਗਏ ਹਮਲੇ ਦੇ ਕਾਰਨਾਂ 'ਤੇ ਟਿਪਣੀ

ਹੁਣ ਅਸੀਂ ਵਿਚਾਰਨਾ ਹੈ ਕਿ ਕੀ ਚੁਰਾਸੀ ਦਾ ਘਲੂਘਾਰਾ ਸਿੱਖ ਨਸਲਕੁਸ਼ੀ ਦਾ ਨਾਪਾਕ ਮਨਸੂਬਾ ਸੀ ਜਾਂ ਸਰਕਾਰ ਦੇ ਕਹਿਣ ਮੁਤਾਬਕ ਕੁਝ ਅੱਤਵਾਦੀਆਂ ਦੀ ਸਮੱਸਿਆ। ਇਸ ਗੱਲ ਦੀ ਜਾਂਚ-ਪੜਤਾਲ ਕਰਨ ਲਈ ਸਾਨੂੰ ਇਹ ਜਾਨਣ ਦੀ ਲੋੜ ਹੈ ਕਿ ਇਸ ਸਬੰਧੀ ਸਰਕਾਰ ਆਪ ਕੀ ਕਹਿੰਦੀ ਹੈ? ਸੰਸਾਰ ਦੀਆਂ ਅੱਖਾਂ ਵਿੱਚ ਮਿੱਟੀ-ਘੱਟਾ ਪਾਉਣ ਲਈ ਸਰਕਾਰ ਨੇ ਆਪਣੀ ਮਨੂ ਪਾਰਲੀਮੈਂਟ ਵਿੱਚ ਦਰਬਾਰ ਸਾਹਿਬ 'ਤੇ ਹਮਲਾ ਕਰਨ ਦੇ ਹੇਠ ਲਿਖੇ ਕਾਰਨ ਦਿੱਤੇ -

1) ਸਿੱਖ ਅੱਤਵਾਦੀਆਂ ਨੇ ਦਰਬਾਰ ਸਾਹਿਬ ਕੰਪਲੈਕਸ ਅੰਦਰ ਪਾਕਿਸਤਾਨ ਤੋਂ ਸਮਗਲ ਕੀਤੇ ਐਲ.ਐਮ.ਜੀ.ਵਰਗੇ ਮਾਰੂ ਹਥਿਆਰ ਜਮ੍ਹਾਂ ਕਰ ਰੱਖੇ ਸਨ।

2) ਸੰਤ ਭਿੰਡਰਾਂ ਵਾਲੇ ਤੇ ਭਾ.ਅਮਰੀਕ ਸਿੰਘ ਉਹਨਾਂ ਅੱਤਵਾਦੀਆਂ ਦੇ ਆਗੂ ਸਨ,ਜਿਹੜੇ ਬਾਹਰ ਜਾ ਕੇ ਹਿੰਦੂਆਂ ਦੀਆਂ ਲੁੱਟਾਂ-ਖੋਹਾਂ ਤੇ ਕਤਲ ਕਰਕੇ ਵਾਪਸ ਦਰਬਾਰ ਸਾਹਿਬ ਅੰਦਰ ਛੁਪ ਜਾਂਦੇ ਸਨ।

3) ਗ੍ਰਹਿ ਮੰਤਰੀ ਅਨੁਸਾਰ ਦਰਬਾਰ ਸਾਹਿਬ ਅੰਦਰ ਛੁਪੇ ਅੱਤਵਦੀਆਂ ਦੀ ਗਿਣਤੀ 40 ਕੁ ਸੀ। ਆਓ,ਹੁਣ ਅਸੀਂ ਵਾਰੋ ਵਾਰੀ ਇਨ੍ਹਾਂ ਨੁਕਤਿਆਂ 'ਤੇ ਵਿਚਾਰ ਕਰੀਏ ਅਤੇ ਨਿਰਨਾ ਕਰੀਏ ਕਿ ਸਰਕਾਰ ਦੀ ਕਹਾਣੀ ਵਿੱਚ ਕਿਤਨੀ ਕੁ ਸਚਾਈ ਹੈ?

1) ਓ) ਹਮਲੇ ਤੋਂ 18 ਮਹੀਨੇ ਪਹਿਲਾਂ ਦਰਬਾਰ ਸਾਹਿਬ ਕੰਪਲੈਕਸ ਨੂੰ ਸੀ.ਆਰ.ਪੀ.ਅਤੇ ਪੰਜਾਬ ਪੁਲਿਸ ਨੇ ਕਰੜਾ ਘੇਰਾ ਪਾਇਆ ਹੋਇਆ ਸੀ। ਦੋ ਹਜ਼ਾਰ ਤੋਂ ਵੱਧ ਜਵਾਨ 24 ਘੰਟੇ ਪਹਿਰਾ ਦਿੰਦੇ ਸਨ। ਹਰ ਮਨੁੱਖ ਦੀ ਤਲਾਸ਼ੀ ਲੈਕੇ ਅੰਦਰ ਜਾਣ ਦਿੱਤਾ ਜਾਂਦਾ ਸੀ। ਇਥੋਂ ਤਕ ਕਿ ਲੰਗਰ ਦੀ ਰਸਦ ਵਿੱਚ ਵੀ ਸੰਗੀਨਾਂ ਮਾਰ-ਮਾਰ ਕੇ ਚੈਕਿੰਗ ਕੀਤੀ ਜਾਂਦੀ ਸੀ। ਚਾਰ ਸਰਕਾਰੀ ਗੁਪਤ ਏਜੰਸੀਆਂ ਦਰਬਾਰ ਸਾਹਿਬ ਅੰਦਰੋਂ ਜਾਣਕਾਰੀ ਇੱਕਠੀ ਕਰਨ ਵਿੱਚ ਰੁਝੀਆਂ ਹੋਈਆਂ ਸਨ। ਅਜਿਹੇ ਅੰਦਰਲੇ ਤੇ ਬਾਹਰਲੇ ਕਰੜੇ ਪਹਿਰੇ ਦੌਰਾਨ ਹਥਿਆਰ ਦਰਬਾਰ ਸਾਹਿਬ ਅੰਦਰ ਕਿਵੇਂ ਪਹੁੰਚੇ?

ਅ) 15 ਦਸੰਬਰ 1983 ਤੋਂ ਕੋਈ ਛੇ ਮਹੀਨੇ ਪਹਿਲਾਂ ਤਕ ਸੰਤ ਭਿੰਡਰਾਂਵਾਲੇ ਗੁਰੂ ਨਾਨਕ ਨਿਵਾਸ ਵਿੱਚ ਰਹਿੰਦੇ ਰਹੇ ਸਨ। ਉਹ ਤਾਂ ਕਰੜੇ ਪੁਲਿਸ ਪਹਿਰੇ ਦੌਰਾਨ ਹੀ ਅਕਾਲ ਤਖ਼ਤ ਸਾਹਿਬ ਅੰਦਰ ਗਏ ਸਨ। ਦਰਬਾਰ ਸਾਹਿਬ ਦਾ ਘੇਰਾ ਤਾਂ ਸਾਲ ਪਹਿਲਾਂ ਦਾ ਪਾ

ਲਿਆ ਗਿਆ ਸੀ, ਫਿਰ ਇਤਨੇ ਸਖ਼ਤ ਪਹਿਰੇ ਦੇ ਹੁੰਦਿਆਂ, ਉਹ ਹਥਿਆਰ ਅੰਦਰ ਕਿਵੇਂ ਲੈ ਗਏ?

ਏ) 8 ਜੁਲਾਈ ਚੁਰਾਸੀ ਨੂੰ ਪੰਜਾਬ ਪੁਲਸ ਦੇ ਇੱਕ ਜ਼ਿੰਮੇਵਾਰ ਵੱਡੇ ਅਫ਼ਸਰ ਨੇ ਆਪਣੇ ਪ੍ਰੈਸ ਬਿਆਨ ਵਿੱਚ ਮੰਨਿਆ ਸੀ ਕਿ ਸ੍ਰੀ ਦਰਬਾਰ ਸਾਹਿਬ ਅੰਦਰ ਕਿਲਾ-ਬੰਦੀ ਫ਼ਰਵਰੀ ਵਿੱਚ ਹੋਈ ਸੀ, ਜਿਸ ਦੀ ਜਨਰਲ ਅਰੋੜਾ ਨੇ ਵੀ ਪ੍ਰੋੜਤਾ ਕੀਤੀ ਸੀ। ਫਿਰ ਉਹੀ ਸੁਆਲ ਉਠਦਾ ਹੈ ਕਿ ਦੋ ਵੱਖ ਵੱਖ ਫ਼ੋਰਸਾਂ ਦੇ ਇਤਨੇ ਕਰੜੇ ਪੁਲਸ ਪਹਿਰੇ ਦੇ ਹੁੰਦਿਆਂ ਅਤੇ ਇਤਨੀ ਸਖ਼ਤ ਨਾਕਾਬੰਦੀ ਦੇ ਹੁੰਦਿਆਂ ਇਤਨੇ ਹਥਿਆਰ ਅੰਦਰ ਕਿਵੇਂ ਗਏ ਅਤੇ ਕਦੋਂ ਗਏ?

ਸ) ਅਸਲੀਅਤ ਤਾਂ ਇਹ ਹੈ ਕਿ ਦਰਬਾਰ ਸਾਹਿਬ ਅੰਦਰ ਹਥਿਆਰ ਪਹੁੰਚਾਉਣ ਦੀ ਸਾਰੀ ਖੇਡ ਇੰਦਰਾ ਗਾਂਧੀ ਦੀ ਥਰਡ ਏਜੰਸੀ ਨੇ ਆਪ ਹੀ ਖੇਡੀ ਸੀ। ਇਸ ਏਜੰਸੀ ਦੇ ਇਨਚਾਰਜ ਐਮ.ਕੇ.ਤ੍ਰਿਪਾਠੀ ਦੇ ਸੰਤ ਭਿੰਡਰਾਂ ਦੇ ਫ਼ੌਜੀ ਸਲਾਹਕਾਰ ਜਨਰਲ ਸੁਬੇਗ ਸਿੰਘ ਨਾਲ ਚੰਗੇ ਸਬੰਧ ਸਨ। ਅਸਲੇ ਦੇ ਟਰੱਕਾਂ ਦਾ ਪ੍ਰਬੰਧ ਉਸ ਨੇ ਹੀ ਕੀਤਾ ਸੀ ਅਤੇ ਅਸਲੇ ਦੇ ਦੋ ਟਰੱਕ ਬਾਰਡਰ ਟੱਪ ਕੇ ਜਦ ਬਟਾਲੇ ਪਹੁੰਚੇ, ਤਾਂ ਪੰਜਾਬ ਪੁਲਿਸ ਨੇ ਰੋਕ ਲਏ ਸਨ। ਤ੍ਰਿਪਾਠੀ ਨੇ ਪੁਲਿਸ ਮੁੱਖੀ ਭਿੰਡਰ ਨਾਲ ਮਿਲ ਕੇ ਉਹਨਾਂ ਨੂੰ ਅਮਨ ਅਮਾਨ ਨਾਲ ਦਰਬਾਰ ਸਾਹਿਬ ਪਹੁੰਚਾਣ ਦਾ ਪ੍ਰਬੰਧ ਆਪ ਕੀਤਾ ਸੀ। ਸਿੱਖ ਨਸਲਕੁਸ਼ੀ ਕਰਨ ਦੇ ਪਲਾਨ ਅਧੀਨ ਥਰਡ ਏਜੰਸੀ ਵਲੋਂ ਹੀ ਉਹ ਸਾਰੀ ਡਰਾਮੇਬਾਜ਼ੀ ਕੀਤੀ ਗਈ ਸੀ। ਸਰਕਾਰ ਨੂੰ ਇਕ-ਇਕ ਹਥਿਆਰ ਦੀ ਪੂਰੀ ਜਾਣਕਾਰੀ ਸੀ, ਪਰ ਸਿੱਖੀ ਸਿਦਕ ਦੀ ਨਹੀਂ ਸੀ।

ਜਿਹੜੇ ਲੋਕ ਇਹ ਕਹਿੰਦੇ ਹਨ ਕਿ ਜੇ ਸੰਤ ਜਰਨੈਲ ਸਿੰਘ ਭਿੰਡਰਾਂ ਵਾਲੇ ਦਰਬਾਰ ਸਾਹਿਬ ਅੰਦਰ ਨਾ ਹੁੰਦੇ, ਤਾਂ ਹਮਲਾ ਨਹੀਂ ਸੀ ਹੋਣਾ। ਜੇ ਇਹ ਗੱਲ ਦਲੀਲ ਖ਼ਾਤਰ ਮੰਨ ਵੀ ਲਈਏ ਕਿ ਦਰਬਾਰ ਸਾਹਿਬ 'ਤੇ ਸੰਤਾਂ ਦੇ ਕਾਰਨ ਹਮਲਾ ਹੋਇਆ, ਤਾਂ ਸੋਚਣ ਵਾਲੀ ਗੱਲ ਤਾਂ ਇਹ ਹੈ ਕਿ ਸਾਰੇ ਪੰਜਾਬ ਅਤੇ 42 ਹੋਰ ਇਤਿਹਾਸਕ ਗੁਰਦੁਆਰਿਆਂ ਅੰਦਰ ਤਾਂ ਸੰਤ ਜੀ ਨਹੀਂ ਸਨ। ਬਾਕੀ ਦੇ ਗੁਰਦੁਆਰਿਆਂ ਵਿੱਚ ਫ਼ੌਜਾਂ ਭੇਜ ਕੇ ਕਿਉਂ ਸਿੱਖਾਂ ਦਾ ਕਤਲੇਆਮ ਕੀਤਾ ਗਿਆ? ਸੰਤਾਂ ਦੇ ਸ਼ਹੀਦ ਹੋ ਜਾਣ ਮਗਰੋਂ ਵੀ ਸਿੱਖ ਇਸਤਰੀਆਂ, ਬੱਚਿਆਂ, ਬਜ਼ੁਰਗਾਂ ਨੂੰ ਕਿਉਂ ਗੋਲੀਆਂ ਦਾਗਦੇ ਰਹੇ? ਸਾਰੇ ਪੰਜਾਬ ਅੰਦਰ ਕਿਉਂ ਚੁਣ-ਚੁਣ ਕੇ ਜਵਾਨ ਸਿੱਖਾਂ ਨੂੰ ਮਾਰਦੇ ਰਹੇ? ਨਵੰਬਰ ਚੁਰਾਸੀ ਵਿੱਚ ਸਾਰੇ ਭਾਰਤ ਵਿੱਚ 15-50 ਸਾਲ ਦੇ ਸਿੱਖਾਂ ਨੂੰ ਕਿਉਂ ਚੁਣ-ਚੁਣ ਕੇ ਮਾਰਿਆ ਗਿਆ ਸੀ? ਕੀ ਸਿੱਖ ਨਸਲਕੁਸ਼ੀ ਦਾ ਹੀ ਇਹ ਸਬੂਤ ਨਹੀਂ

ਕਿ ਇੰਦਰਾ ਨੇ ਹਮਲੇ ਤੋਂ ਚਾਰ ਦਿਨ ਪਹਿਲਾਂ ਰੇਡੀਓ 'ਤੇ ਬਿਆਨ ਦਿੱਤਾ ਕਿ ਦਰਬਾਰ ਸਾਹਿਬ 'ਤੇ ਹਮਲਾ ਨਹੀਂ ਕੀਤਾ ਜਾਏਗਾ, ਤਾਂ ਜੋ ਵੱਧ ਤੋਂ ਵੱਧ ਸਿੱਖ ਇੱਕਠੇ ਹੋਣ ਅਤੇ ਸਿੱਖ ਨਸਲਕੁਸ਼ੀ ਚੰਗੀ ਤਰ੍ਹਾਂ ਹੋ ਸਕੇ।

ਅਸਲੀਅਤ ਤਾਂ ਇਹ ਹੈ ਕਿ ਸਿੱਖ ਭਾਵੇਂ ਜੋ ਵੀ ਕਰਦੇ, ਉਹ ਸਿੱਖ ਨਸਲਕੁਸ਼ੀ ਦਾ ਵਾਰ ਹੋਣਾ ਹੀ ਸੀ। ਉਸ ਮਾਰੂ ਵਾਰ ਦਾ ਸਭ ਤੋਂ ਵੱਡਾ ਕਾਰਨ ਵਜ਼ਾਰਤਾਂ ਤੇ ਪ੍ਰਧਾਨਗੀਆਂ ਕਾਇਮ ਦਾਇਮ ਰੱਖਣ ਲਈ ਸਿੱਖ ਲੀਡਰਾਂ ਦੀ ਆਪਸੀ ਫੁਟ ਅਤੇ ਗ਼ਦਾਰੀਆਂ ਸਨ। ਜੇ ਖ਼ੁਦਗਰਜ਼ ਤੇ ਗ਼ਦਾਰ ਸਿੱਖ ਲੀਡਰਾਂ ਪ੍ਰਧਾਨਗੀਆਂ ਤੇ ਵਜ਼ਾਰਤਾਂ ਬਦਲੇ ਸ਼ਰਕਾਰ ਦੇ ਹੱਥਠੋਕੇ ਬਣਕੇ ਉਸ ਨੂੰ ਹਮਲਾ ਕਰਨ ਦੀ ਹਰੀ ਝੰਡੀ ਨਾ ਦਿੱਤੀ ਹੁੰਦੀ, ਤਾਂ ਉਸ ਹਾਲਤ ਵਿੱਚ ਇੰਦਰਾ ਨੇ ਹਮਲਾ ਕਰਨ ਦੀ ਜੁਰਅਤ ਨਹੀਂ ਸੀ ਕਰਨੀ ਅਤੇ ਸ਼ਾਇਦ ਸਿੱਖ ਕੌਮ ਨੂੰ ਚੁਰਾਸੀ ਦੇ ਘਲੂਘਾਰਿਆਂ ਦਾ ਸੰਤਾਪ ਨਾ ਹੰਢਾਉਣਾ ਪੈਂਦਾ। ਜਿਤਨੀ ਦੋਸ਼ੀ ਇੰਦਰਾ ਡੈਣ ਹੈ, ਉਤਨੇ ਹੀ ਦੋਸ਼ੀ ਡੋਗਰੇ ਸਿੱਖ ਲੀਡਰ ਵੀ ਹਨ।

ਧਿਆਨ ਨਾਲ ਸੋਚਿਆਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਉਹ ਵਹਿਸ਼ੀਆਨਾ ਹਮਲਾ ਪਚਾਸੀ ਦੀਆਂ ਇਲੈਕਸ਼ਨਾਂ ਜਿੱਤਣ ਲਈ ਨਹੀਂ ਸੀ। ਜੇ ਉਸ ਨੇ ਵੋਟਾਂ ਲੈਣ ਖਾਤਰ ਹਮਲਾ ਕੀਤਾ ਹੁੰਦਾ ਤਾਂ ਇੰਦਰਾ ਦੀ ਥਰਡ ਏਜੰਸੀ ਨੇ ਹਿੰਦੂਆਂ ਦੇ ਕਤਲ ਕਰਵਾ ਕੇ ਜ਼ਮੀਨ ਤਾਂ ਤਿਆਰ ਕਰ ਹੀ ਲਈ ਹੋਈ ਸੀ, ਛੋਟੇ-ਮੋਟੇ ਐਕਸ਼ਨ ਨਾਲ ਵੀ ਉਹ ਹਿੰਦੂ ਵੋਟਾਂ ਲੈ ਸਕਦੀ ਸੀ। ਇੰਦਰਾ ਨੇ ਸਿੱਖ ਨਸਲਕੁਸ਼ੀ ਦੇ ਪਲਾਨ ਨੂੰ ਅਗਾਊਂ ਇਸ ਲਈ ਵਰਤਿਆ ਕਿ ਇਕ ਪਾਸੇ ਤਾਂ ਉਹ ਸਿੱਖ ਨਸਲਘਾਤ ਕਰਕੇ ਇਤਿਹਾਸ ਵਿੱਚ ਆਪਣਾ ਨਾਂ ਚਮਕਾਉਣਾ ਚਾਹੁੰਦੀ ਸੀ ਅਤੇ ਦੂਜੇ ਪਾਸੇ 50 ਸਾਲਾਂ ਲਈ ਆਪਣੇ ਖਾਨਦਾਨ ਦੇ ਰਾਜ ਨੂੰ ਪੱਕਿਆਂ ਕਰਨਾ ਚਾਹੁੰਦੀ ਸੀ। ਇਸ ਦੇ ਨਾਲ ਹੀ ਵਜ਼ਾਰਤਾਂ, ਪ੍ਰਧਾਨਗੀਆਂ ਅਤੇ ਚੌਧਰਾਂ ਦੇ ਭੁੱਖੇ ਲੌਂਗੋਵਾਲੀਏ ਸੰਤ, ਟੌਹੜਾ, ਬਾਦਲ ਆਦਿਕ ਸਾਰੇ ਸਿੱਖ ਲੀਡਰ ਸਰਕਾਰ ਨਾਲ ਪੂਰੀ ਤਰ੍ਹਾਂ ਮਿਲ ਚੁੱਕੇ ਸਨ ਅਤੇ ਦੇਸ਼ ਅੰਦਰ ਸਿੱਖ ਵਿਰੋਧੀ ਹਾਲਾਤ ਵੀ ਪੈਦਾ ਕੀਤੇ ਜਾ ਚੁੱਕੇ ਸਨ। ਇਹ ਗ਼ਦਾਰ ਸਿੱਖ ਲੀਡਰ ਤਾਂ ਵਹਿਸ਼ੀਆਨਾ ਹਮਲੇ ਦੌਰਾਨ ਵੀ ਮਿੰਟ ਮਿੰਟ ਦੀਆਂ ਖ਼ਬਰਾਂ ਸਰਕਾਰ ਨੂੰ ਦੇ ਰਹੇ ਸਨ, ਇਸ ਮੌਕੇ ਤੋਂ ਪੂਰਾ ਫ਼ਾਇਦਾ ਉਠਾਉਣ ਲਈ ਹੀ ਉਸ ਨੇ ਸਿੱਖ ਨਸਲਕੁਸ਼ੀ ਦੇ ਪਲਾਨ ਨੂੰ ਅਗਾਊਂ ਵਰਤਿਆ। ਜਦ ਕਦੀ ਕਿਸੇ ਇਤਿਹਾਸਕਾਰ ਨੂੰ ਇਹਨਾਂ ਗ਼ਦਾਰ ਸਿੱਖ ਲੀਡਰਾਂ ਦੀਆਂ ਸਰਕਾਰੀ ਖ਼ੁਫ਼ੀਆ ਫ਼ਾਈਲਾਂ ਪੜ੍ਹਨ ਦਾ ਮੌਕਾ ਮਿਲਿਆ, ਤਾਂ ਉਹ ਮੇਰੀ ਇਸ ਖੋਜ ਭਰੀ ਹਕੀਕਤ ਦੀ ਪੁਸ਼ਟੀ

ਕਰਨਗੇ ਕਿ ਹਮਲਾ ਕਰਵਾਉਣ ਵਾਲੇ ਇਹ ਗ਼ਦਾਰ ਅਕਾਲੀ ਲੀਡਰ ਹੀ ਸਨ।

2) ਕੀ ਸੰਤ ਭਿੰਡਰਾਂ ਵਾਲੇ ਅੱਤਵਾਦੀ ਸਨ?

ੳ) ਸੰਤਾਂ ਦੇ ਮਹਾਨ ਸਿੱਖੀ ਜੀਵਨ ਸਬੰਧੀ ਆਪਣੇ ਵਲੋਂ ਕੁਝ ਲਿਖਣ ਦੀ ਥਾਂ ਮੈਂ ਇਥੇ ਰਾਜੀਵ ਗਾਂਧੀ ਵਲੋਂ ਸੰਤਾਂ ਸਬੰਧੀ ਦਿੱਤੇ ਵਿਚਾਰ ਹੀ ਪੇਸ਼ ਕਰਦਾ ਹਾਂ। 29 ਅਪ੍ਰੈਲ 1984 ਵਾਲੇ ਦਿਨ ਚੰਡੀਗੜ੍ਹ ਵਿੱਚ ਭਰੀ ਸਭਾ ਵਿੱਚ ਪੱਤਰਕਾਰਾਂ ਨੇ ਰਾਜੀਵ ਤੋਂ ਪੁੱਛਿਆ ਕਿ 'ਕੀ ਸੰਤ ਭਿੰਡਰਾਂ ਵਾਲੇ ਅੱਤਵਾਦੀ ਹਨ?' ਤਾਂ ਉਸ ਉਤਰ ਦਿੱਤਾ ਕਿ ਇਹ ਤੁਸੀਂ ਆਪ ਜਾਚ ਲਵੋ। ਪੱਤਰਕਾਰਾਂ ਦੀ ਤਸੱਲੀ ਨਾ ਹੋਣ 'ਤੇ ਉਹਨਾਂ ਉਸ ਤੋਂ ਇੱਕ ਹੋਰ ਸੁਆਲ ਪੁੱਛਿਆ। 'ਕੀ ਤੁਹਾਡੇ ਖਿਆਲ ਵਿੱਚ ਉਹ (ਸੰਤ ਜੀ) ਇੱਕ ਰਾਜਸੀ ਨੇਤਾ ਹਨ?' ਇਸ ਦੇ ਉਤਰ ਵਿੱਚ ਰਾਜੀਵ ਨੇ ਦੱਸਿਆ ਕਿ 'ਉਹ ਇੱਕ ਧਾਰਮਿਕ ਨੇਤਾ ਹਨ ਅਤੇ ਉਹਨਾਂ ਨੇ ਹੁਣ ਤਕ ਕੋਈ ਰਾਜਸੀ ਝੁਕਾਅ ਪ੍ਰਗਟ ਨਹੀਂ ਸੀ ਕੀਤਾ।

ਅ) ਸੋਚਣ ਵਾਲੀ ਗੱਲ ਹੈ ਕਿ 29 ਅਪ੍ਰੈਲ ਤੋਂ ਲੈ ਕੇ 2 ਜੂਨ ਤਕ ਦੇ ਥੋੜੇ ਜਿਹੇ ਸਮੇਂ ਵਿੱਚ ਸੰਤ ਜੀ ਇੱਕ ਧਾਰਮਿਕ ਨੇਤਾ ਤੋਂ ਇੱਕ ਇਤਨੇ ਖ਼ਤਰਨਾਕ ਦੇਸ਼ ਦੁਸ਼ਮਣ ਅੱਤਵਾਦੀ ਕਿਵੇਂ ਬਣ ਗਏ? ਜਿਸ ਨੂੰ ਕਾਬੂ ਕਰਨ ਲਈ ਸਾਰੇ ਪੰਜਾਬ ਨੂੰ ਮਿਲਟਰੀ ਦੇ ਹਵਾਲੇ ਕਰਨਾ ਪਿਆ ਅਤੇ ਕਈ ਡਵੀਜਨਾਂ ਫ਼ੌਜ ਸਣੇ ਹੈਲੀਕਾਪਟਰਾਂ ਨਾਲ ਵਰਤਣੀ ਪਈ। ਚਾਰ ਵੱਖ ਵੱਖ ਗੁਪਤ ਏਜੰਸੀਆਂ ਸਰਕਾਰ ਨੂੰ ਮਿੰਟ-ਮਿੰਟ ਦੀ ਖ਼ਬਰਾਂ ਪਹੁੰਚਾ ਰਹੀਆਂ ਸਨ, ਫੇਰ ਇੱਕ ਦਮ ਸੰਤ ਜੀ ਹਥਿਆਰਬੰਦ ਹੋਕੇ ਇਤਨੇ ਖਤਰਨਾਕ ਦੇਸ਼ ਦੁਸ਼ਮਣ ਕਿਵੇਂ ਹੋ ਗਏ? ਕੀ ਸਰਕਾਰ ਦੀਆਂ ਏਜੰਸੀਆਂ ਇਤਨੀਆਂ ਬੁੱਧੂ ਸਨ ਜਾਂ ਸੀ.ਆਰ.ਪੀ. ਅਤੇ ਪੁਲਿਸ ਇਤਨੀ ਨਿਕੰਮੀ ਸੀ?

ੲ) ਜਿਹੜੇ ਸੰਤਾਂ ਨੂੰ ਕੇਵਲ 33 ਦਿਨ ਪਹਿਲਾਂ ਡੰਕੇ ਦੀ ਚੋਟ ਨਾਲ ਸ਼ਰੇਅਆਮ ਉੱਚ ਧਾਰਮਿਕ ਨੇਤਾ ਦੀ ਸਨਦ ਦਿੱਤੀ ਗਈ ਸੀ, ਉਹ ਸੰਤ ਇੱਕ ਮਹੀਨੇ ਵਿੱਚ ਦੇਸ਼ ਦੁਸ਼ਮਣ ਨੰਬਰ ਇੱਕ ਕਿਵੇਂ ਬਣ ਗਏ?

ਸ) ਕੋਈ ਪੁੱਛੇ ਇਹਨਾਂ ਭੱਦਰ ਪੁਰਸ਼ਾਂ ਨੂੰ, ਜੇ ਸੰਤ ਜੀ ਐਡੇ ਖ਼ਤਰਨਾਕ ਅੱਤਵਾਦੀ ਸਨ ਅਤੇ ਦੇਸ਼ ਦੇ ਦੁਸ਼ਮਣ ਸਨ, ਤਾਂ ਉਹਨਾਂ ਨੂੰ ਬੰਦੂਕਾਂ ਰੱਖਣ ਦੇ ਸਰਕਾਰੀ ਲਾਈਸੈਂਸ ਕਿਉਂ ਦਿੱਤੇ ਹੋਏ ਸਨ? ਕੀ ਸਰਕਾਰ ਇਤਨੀ ਬੁੱਧੂ ਹੈ ਜਾਂ ਸਰਕਾਰ ਦੀ ਇੰਟੈਲੀਜੈਂਸ ਇਤਨੀ ਬੁੱਧੂ

ਹੈ ਕਿ ਦੁਸ਼ਮਣ ਨੰਬਰ ਇੱਕ ਦੀ ਉਹਨੂੰ ਖ਼ਬਰ ਹੀ ਨਹੀਂ ਸੀ?

ਹ) ਸੰਤਾਂ ਦਾ ਸਣੇ ਜਥੇ ਦੇ, ਦਿੱਲੀ ਤੋਂ ਬੰਬਈ ਤਕ ਲਾਈਸੈਂਸੀ ਬੰਦੂਕਾਂ ਨਾਲ ਬਿਨਾਂ ਰੋਕ-ਟੋਕ ਘੁੰਮਦੇ ਫਿਰਨ ਤੋਂ ਤਾਂ ਉਹ ਸਰਕਾਰੀ ਨੇਮ ਮੁਤਾਬਕ ਵੀ ਉਚ ਆਚਰਨ ਦੇ ਮਾਲਕ ਅਤੇ ਇੱਕ ਬਾਇਜ਼ਤ ਚੰਗੇ ਸ਼ਹਿਰੀ ਸਾਬਤ ਹੁੰਦੇ ਹਨ। ਫਿਰ ਉਹ ਦੇਸ਼ ਦੇ ਦੁਸ਼ਮਣ ਨੰਬਰ ਇੱਕ ਕਿਵੇਂ ਬਣ ਗਏ? ਅਸਲੀਅਤ ਤਾਂ ਇਹ ਹੈ ਕਿ ਸਰਕਾਰ ਦੇ ਕਥਨ ਵਿੱਚ ਜ਼ਰਾ ਜਿੰਨੀ ਵੀ ਸਚਾਈ ਨਹੀਂ, ਸਗੋਂ ਇਹ ਸਾਰੇ ਦਾ ਸਾਰਾ ਝੂਠ ਦਾ ਪਲੰਦਾ ਹੈ, ਜਿਸ ਦੀ ਕੋਈ ਵੀ ਗੱਲ ਦਲੀਲ ਦੀ ਕਸਵਟੀ 'ਤੇ ਪੂਰੀ ਨਹੀਂ ਉਤਰਦੀ, ਜੋ ਸਚਾਈ ਤੋਂ ਕੋਹਾਂ ਦੂਰ ਹੈ ਅਤੇ ਸਿੱਖ ਨਸਲਕੁਸ਼ੀ ਕਰਨ ਦਾ ਇਹ ਬਹਾਨਾ ਹੀ ਬਣਾਇਆ ਗਿਆ ਸੀ।

3) ਕੀ ਫ਼ੌਜੀ ਹਮਲਾ ਅੱਤਵਾਦੀਆਂ ਨੂੰ ਪਕੜਨ ਲਈ ਕੀਤਾ ਗਿਆ ਸੀ?

ਵਹਿਸ਼ੀਆਨਾ ਹਮਲੇ ਦਾ ਤੀਜਾ ਕਾਰਨ ਇਹ ਦੱਸਿਆ ਗਿਆ ਕਿ ਦਰਬਾਰ ਸਾਹਿਬ ਅੰਦਰ ਛੁਪੇ ਅੱਤਵਾਦੀਆਂ ਨੂੰ ਪਕੜਨਾ ਜ਼ਰੂਰੀ ਸੀ, ਕਿਉਂਕਿ ਉਹ ਹਿੰਦੂਆਂ ਦੀਆਂ ਲੁੱਟਾਂ-ਖੋਹਾਂ ਅਤੇ ਕਤਲ ਕਰਕੇ ਵਾਪਸ ਅੰਦਰ ਛੁਪ ਜਾਂਦੇ ਸਨ। ਇਸ ਤੋਂ ਪਹਿਲਾਂ ਕਿ ਅਸੀਂ ਇਸ ਵਿਸ਼ੇ 'ਤੇ ਵਿਚਾਰ ਕਰੀਏ, ਮੈਂ ਡਾ.ਕੇ.ਟੀ.ਲਾਲਵਾਨੀ ਅਤੇ ਐਸ.ਆਰ. ਆਇੰਗਰ ਵਲੋਂ ਪੰਜਾਬ ਸਮੱਸਿਆ ਸਬੰਧੀ ਨਿਰਪੱਖ ਛਾਣ-ਬੀਣ ਕਰਨ ਮਗਰੋਂ ਜੋ ਰੀਪੋਰਟ ਤਿਆਰ ਕੀਤੀ ਗਈ ਸੀ, ਉਸ ਵਿੱਚੋਂ ਇੱਕ ਟੂਕ ਦੇਣੀ ਜ਼ਰੂਰੀ ਸਮਝਦਾ ਹਾਂ। ਉਸ ਰੀਪੋਰਟ ਵਿੱਚ ਉਹਨਾਂ ਲਿਖਿਆ ਹੈ ਕਿ ਅਕਾਲੀ ਲੀਡਰ ਹਮੇਸ਼ਾ ਇਹ ਦਾਅਵਾ ਕਰਦੇ ਰਹੇ ਕਿ ਉਹਨਾਂ ਦਰਬਾਰ ਸਾਹਿਬ ਅੰਦਰ ਕਦੀ ਵੀ ਕਿਸੇ ਦੋਸ਼ੀ ਨੂੰ ਪਨਾਹ ਨਹੀਂ ਸੀ ਦਿੱਤੀ। ਅਕਾਲੀਆਂ ਦੇ ਇਸ ਕਥਨ ਦੀ ਪੁਸ਼ਟੀ ਪੰਜਾਬ ਪੁਲਸ ਦੇ ਮੁਖੀ ਪੀ.ਐਸ.ਭਿੰਡਰ ਦੇ ਬਿਆਨ ਤੋਂ ਵੀ ਹੁੰਦੀ ਹੈ, ਜਿਸ ਵਿੱਚ ਉਸ ਸਾਫ਼ ਸ਼ਬਦਾਂ ਵਿੱਚ ਮੰਨਿਆ ਹੈ ਕਿ ਸਰਕਾਰ ਕੋਲ ਇਸ ਗੱਲ ਦਾ ਕੋਈ ਸਬੂਤ ਨਹੀਂ –

"Akalis have always maintained that they are not shielding any criminals in Gurdwara. This now seems to be substantiated by the recent statement from the In spector General of Police P.S. Bhinder saying that there is no clear proof with the government that the men

wanted by the Police were hiding in Gurdwaras including the Golden Temple Complex."

"ਅਕਾਲੀ ਹਮੇਸ਼ਾ ਕਹਿੰਦੇ ਰਹੇ ਹਨ ਕਿ ਉਨ੍ਹਾਂ ਨੇ ਮੁਜਰਮਾਂ ਨੂੰ ਗੁਰਦੁਆਰਿਆਂ ਅੰਦਰ ਕਦੀ ਪਨਾਹ ਨਹੀਂ ਦਿੱਤੀ। ਇਸ ਗੱਲ ਦੀ ਪੁਸ਼ਟੀ ਪੀ. ਐਸ. ਭਿੰਡਰ, ਇਨਸਪੈਕਟਰ ਜਨਰਲ ਪੁਲਿਸ ਵਲੋਂ ਪਿਛੇ ਜਿਹੇ ਦਿੱਤੇ ਉਸ ਬਿਆਨ ਤੋਂ ਹੀ ਹੋ ਜਾਂਦੀ ਹੈ, ਜਿਸ ਵਿੱਚ ਉਸ ਨੇ ਕਿਹਾ ਹੈ ਕਿ ਸਰਕਾਰ ਪਾਸ ਇਸ ਗੱਲ ਦਾ ਕੋਈ ਸਬੂਤ ਨਹੀਂ ਕਿ ਗੁਰਦੁਅਰਿਆਂ ਅੰਦਰ ਸਮੇਤ ਦਰਬਾਰ ਸਾਹਿਬ ਕੰਪਲੈਕਸ ਅੰਮ੍ਰਿਤਸਰ ਦੇ, ਅਜਿਹੇ ਕੋਈ ਆਦਮੀ ਛੁਪੇ ਹੋਏ ਹਨ, ਜਿਨ੍ਹਾਂ ਦੀ ਪੁਲਿਸ ਨੂੰ ਤਲਾਸ਼ ਹੈ।"

ਇਸ ਤੋਂ ਵੱਧ ਹੋਰ ਕੀ ਸਬੂਤ ਹੋ ਸਕਦਾ ਹੈ ਕਿ ਦਰਬਾਰ ਸਾਹਿਬ ਅੰਦਰ ਕੋਈ ਦੋਸ਼ੀ ਜਾਂ ਮੁਜਰਮ ਨਹੀਂ ਸੀ। ਆਓ, ਵੇਖੀਏ ਕਿ ਇਸ ਕਥਨ ਵਿੱਚ ਕਿਤਨੀ ਕੁ ਸਚਾਈ ਹੈ।

ਓ. ਪੰਜਾਂ ਬਾਣੀਆਂ ਦਾ ਰੋਜ਼ ਪਾਠ ਕਰਨ ਵਾਲਾ ਅੰਮ੍ਰਿਤਧਾਰੀ ਸਿੰਘ ਨਿਰਦੋਸ਼ਾਂ ਦਾ ਰਾਖਾ ਤਾਂ ਬਣ ਸਕਦਾ ਹੈ, ਪਰ ਨਿਰਦੋਸ਼ਾਂ ਦਾ ਜਾਣ ਬੁਝ ਕੇ ਕਤਲ ਕਦੀ ਨਹੀਂ ਕਰ ਸਕਦਾ। ਉਹ ਨਿਰਦੋਸ਼ ਭਾਵੇਂ ਹਿੰਦੂ ਹੋਵੇ ਜਾਂ ਮੁਸਲਮਾਨ। ਇਸ ਲਈ ਸੰਤ ਭਿੰਡਰਾਂਵਾਲਿਆਂ ਜਾਂ ਉਹਨਾਂ ਦੇ ਅਨੁਆਈਆਂ ਸਿਰ ਨਿਰਦੋਸ਼ ਹਿੰਦੂਆਂ ਦੇ ਕਤਲ ਮੜ੍ਹਨਾ ਨਿਆਏਸ਼ੀਲ ਨਹੀਂ। ਸੰਤ ਜੀ ਨਾ ਤਾਂ ਅੱਤਵਾਦੀ ਸਨ ਅਤੇ ਨਾ ਹੀਂ ਦੋਸ਼ੀ। ਰਾਜੀਵ ਦੇ ਉਪਰਲੇ ਕਥਨ ਤੋਂ ਸਪਸ਼ਟ ਹੈ ਕਿ ਸੰਤ ਜੀ ਅੱਤਵਾਦੀ ਨਹੀਂ ਸਨ। ਬਾਕੀ ਰਹੀ ਗੱਲ ਦੋਸ਼ੀ ਦੀ। ਦੋਸ਼ੀ ਉਹ ਹੁੰਦਾ ਹੈ, ਜਿਸ ਨੂੰ ਅਦਾਲਤ ਨੇ ਦੋਸ਼ੀ ਸਾਬਤ ਕਰਕੇ ਦੋਸ਼ੀ ਕਰਾਰ ਦਿੱਤਾ ਹੋਵੇ। ਸਰਕਾਰ ਨੇ ਤਾਂ ਉਹਨਾਂ ਵਿਰੁਧ ਕੋਈ ਅਦਾਲਤੀ ਕਾਰਵਾਈ ਹੀ ਨਹੀਂ ਸੀ ਕੀਤੀ, ਫੇਰ ਉਹ ਦੋਸ਼ੀ ਕਿਵੇਂ ਹੋਏ?

ਜੇ ਦਲੀਲ ਖ਼ਾਤਰ ਇਹ ਮੰਨ ਵੀ ਲਈਏ ਕਿ ਉਹ ਇਤਨੇ ਖ਼ਤਰਨਾਕ ਅੱਤਵਾਦੀ ਸਨ, ਤਾਂ ਸੁਆਲ ਉਠਦਾ ਹੈ ਕਿ ਸਰਕਾਰ ਵਲੋਂ ਉਹਨਾਂ ਵਿਰੁਧ ਕੋਈ ਵੀ ਅਦਾਲਤੀ ਕਾਰਵਾਈ ਕਿਉਂ ਨਹੀਂ ਕੀਤੀ ਗਈ? ਮੁਜਰਮ ਹੋਣ ਦੀ ਹਾਲਤ ਵਿੱਚ ਪੁਲਸ ਵਲੋਂ ਉਹਨਾਂ ਦੀ ਗ੍ਰਿਫ਼ਤਾਰੀ ਦੇ ਵਾਰੰਟ ਕਿਉਂ ਨਾ ਜਾਰੀ ਕੀਤੇ ਗਏ? ਉਹਨਾਂ ਦੇ ਵਾਰੰਟ ਜਾਰੀ ਕਰਕੇ, ਉਹਨਾਂ ਦੀ ਗ੍ਰਿਫ਼ਤਾਰੀ ਦੀ ਮੰਗ ਕਿਉਂ ਨਾ ਕੀਤੀ ਗਈ? ਪੁਲਸ ਥਾਣਿਆਂ 'ਤੇ ਉਹਨਾਂ ਦੇ ਮੁਜਰਮ ਹੋਣ ਦਾ ਪਰਚਾ ਕਿਉਂ ਨਹੀਂ ਚਾਕ ਕੀਤਾ ਗਿਆ? ਜਾਂ ਉਹਨਾਂ ਨੂੰ ਗ੍ਰਿਫ਼ਤਾਰ ਕਰਨ ਲਈ ਕੋਈ ਵੀ ਕਾਨੂੰਨੀ ਉਪਰਾਲਾ ਕਿਉਂ ਨਹੀਂ ਕੀਤਾ

ਗਿਆ? ਸਾਫ਼ ਜ਼ਾਹਰ ਹੈ ਕਿ ਸਰਕਾਰ ਉਹਨਾਂ ਵਿਰੁਧ ਕੋਈ ਦੋਸ਼ ਸਾਬਤ ਕਰ ਸਕਣ ਦੇ ਅਸਮਰਥ ਸੀ।

ਤਿੰਨ ਸਾਲ ਪਹਿਲਾਂ ਇਸੇ ਸਰਕਾਰ ਵਲੋਂ ਗ੍ਰਿਫ਼ਤਾਰੀ ਦੀ ਮੰਗ ਹੋਣ 'ਤੇ 25 ਸਤੰਬਰ 1981 ਨੂੰ ਸੰਤ ਜਰਨੈਲ ਸਿੰਘ ਜੀ ਨੇ ਚੌਕ ਮਹਿਤਾ ਵਿਖੇ ਇਕ ਲੱਖ ਦੇ ਇੱਕਠ ਵਿੱਚ ਆਪਣੇ ਆਪ ਨੂੰ ਗ੍ਰਿਫ਼ਤਾਰੀ ਲਈ ਹਾਜ਼ਰ ਕੀਤਾ ਸੀ ਅਤੇ ਜਿਨ੍ਹਾਂ ਨੂੰ ਦਫ਼ਾ 302 ਤੇ ਦਫ਼ਾ 307 ਅਧੀਨ ਗ੍ਰਿਫ਼ਤਾਰ ਕਰਕੇ ਜੁਡੀਸ਼ੀਅਲ ਮੈਜਿਸਟਰੇਟ ਵਲੋਂ ਨਿਰਦੋਸ਼ ਕਰਾਰ ਦੇਕੇ ਬਰੀ ਕਰ ਦਿੱਤਾ ਗਿਆ ਸੀ। ਇਸੇ ਤਰ੍ਹਾਂ ਉਦੋਂ ਭਾ.ਅਮਰੀਕ ਸਿੰਘ ਜੀ ਨੂੰ ਵੀ ਦਫ਼ਾ 302 ਅਧੀਨ ਗ੍ਰਿਫ਼ਤਾਰ ਕਰਕੇ ਉਹਨਾਂ ਨੂੰ ਵੀ ਅਦਾਲਤ ਨੇ ਨਿਰਦੋਸ਼ ਕਰਾਰ ਦੇ ਕੇ ਰਿਹਾ ਕਰ ਦਿੱਤਾ ਸੀ।

ਹੁਣ ਸੁਆਲ ਉਠਦਾ ਹੈ ਕਿ ਚੁਰਾਸੀ ਦੇ ਹਮਲੇ ਸਮੇਂ ਸੰਤਾਂ ਨੂੰ ਗ੍ਰਿਫ਼ਤਾਰੀ ਦੇਣ ਲਈ ਕਿਉਂ ਨਾ ਆਖਿਆ ਗਿਆ? ਸਪਸ਼ਟ ਹੈ ਕਿ ਸਿੱਖ ਨਸਲਕੁਸ਼ੀ ਜੁ ਕਰਨੀ ਸੀ। ਜੇ ਸੰਤ ਜੀ ਇਤਨੇ ਖ਼ਤਰਨਾਕ ਸਨ, ਤਾਂ ਉਹਨਾਂ ਨੂੰ ਗੁਰੂ ਨਾਨਕ ਨਿਵਾਸ ਤੋਂ ਹੀ ਕਿਉਂ ਨਾ ਗ੍ਰਿਫ਼ਤਾਰ ਕਰ ਲਿਆ ਗਿਆ? ਉਦੋਂ ਉਹਨਾਂ ਨੂੰ ਪਕੜਨਾ ਵੀ ਕੋਈ ਔਖਾ ਨਹੀਂ ਸੀ। ਕਈ ਵਾਰੀ ਪਹਿਲਾਂ ਸਰਕਾਰੀ ਅਧਿਕਾਰੀ ਸਫ਼ੈਦ ਕਪੜਿਆਂ ਵਿੱਚ ਦਰਬਾਰ ਸਾਹਿਬ ਅੰਦਰੋਂ ਕਥਿਤ ਦੋਸ਼ੀਆਂ ਨੂੰ ਪਕੜ ਕੇ ਬਾਹਰ ਲੈ ਆਉਂਦੇ ਰਹੇ, ਉਸ ਵਾਰੀ ਇੰਜ ਕਿਉਂ ਨਹੀਂ ਸੀ ਕੀਤਾ ਗਿਆ? ਉਹਨਾਂ ਉਤੇ ਮੁਕੱਦਮਾ ਚਲਾ ਕੇ ਉਹਨਾਂ ਨੂੰ ਪਹਿਲਾਂ ਦੋਸ਼ੀ ਕਿਉਂ ਨਾ ਸਾਬਤ ਕੀਤਾ ਗਿਆ? ਇਸ ਲਈ ਕਿ ਨਾ ਉਹ ਦੋਸ਼ੀ ਸਨ ਅਤੇ ਨਾਹੀਂ ਸਰਕਾਰ ਕੋਲ ਕੋਈ ਸਬੂਤ ਹੀ ਸੀ। ਇਹ ਪੰਜਾਬ ਪੁਲਸ ਦਾ ਮੁੱਖੀ ਮੰਨ ਚੁੱਕਾ ਸੀ। ਜਦ ਤਕ ਸਰਕਾਰ ਉਹਨਾਂ 'ਤੇ ਮੁਕੱਦਮਾ ਚਲਾ ਕੇ ਉਹਨਾਂ ਨੂੰ ਮੁਜਰਮ ਸਾਬਤ ਨਹੀਂ ਕਰਦੀ, ਉਹ ਦੋਸ਼ੀ ਨਹੀਂ ਕਹੇ ਜਾ ਸਕਦੇ। ਸਮਝਣ ਵਾਲਿਆਂ ਲਈ ਮਤਲਬ ਸਾਫ਼ ਹੈ ਕਿ ਸਰਕਾਰ ਨੇ ਸਿੱਖ ਕੌਮ ਦੀ ਨਸਲ ਕੁਸ਼ੀ ਦਾ ਬਹਾਨਾ ਜੁ ਲੱਭਣਾ ਸੀ।

ਅ.ਵਿਚਾਰਣ ਵਾਲੀ ਗੱਲ ਹੈ ਕਿ- ਕੀ ਵਹਿਸ਼ੀਆਨਾ ਹਮਲਾ ਕਰਨ ਤੋਂ ਬਿਨਾਂ ਸਰਕਾਰ ਸਾਹਮਣੇ ਹੋਰ ਕੋਈ ਚਾਰਾ ਨਹੀਂ ਸੀ? ਕੀ ਹਮਲਾ ਕੀਤੇ ਬਿਨਾਂ ਹੋਰ ਕੋਈ ਰਾਹ ਬਾਕੀ ਨਹੀਂ ਸੀ ਰਹਿ ਗਿਆ? ਕੀ ਦਰਬਾਰ ਸਾਹਿਬ ਅੰਦਰ ਹਜ਼ਾਰਾਂ ਨਿਰਦੋਸ਼ਾਂ ਦਾ ਖ਼ੂਨ ਕੀਤੇ ਬਿਨਾਂ ਕਥਿਤ ਚਾਲੀ ਅੱਤਵਾਦੀਆਂ ਨੂੰ ਪਕੜਨ ਦਾ ਹੋਰ ਕੋਈ ਤਰੀਕਾ ਨਹੀਂ ਸੀ? ਕੀ ਦਰਬਾਰ ਸਾਹਿਬ ਕੰਪਲੈਕਸ ਦਾ ਰਸਦ-ਪਾਣੀ ਬੰਦ ਕਰਕੇ, ਜਾਂ ਬਿਜਲੀ-ਪਾਣੀ ਬੰਦ ਕਰਕੇ, ਉਹਨਾਂ ਨੂੰ ਬਾਹਰ ਆਉਣ 'ਤੇ

ਮਜਬੂਰ ਨਹੀਂ ਸੀ ਕੀਤਾ ਜਾ ਸਕਦਾ? ਇਹ ਸਭ ਕੁਝ ਕੀਤਾ ਜਾ ਸਕਦਾ ਸੀ, ਜੇ ਸਰਕਾਰ ਦਾ ਅਸਲੀ ਮੰਤਵ ਕਥਿਤ ਅੱਤਵਾਦੀਆਂ ਨੂੰ ਪਕੜਨਾ ਹੁੰਦਾ। ਸਰਕਾਰ ਤਾਂ ਸਿੱਖ ਕੌਮ ਦੀ ਹੋਂਦ ਨੂੰ ਖ਼ਤਮ ਕਰਨਾ ਚਾਹੁੰਦੀ ਸੀ।

ਇਥੇ ਇਹ ਗੱਲ ਪਾਠਕਾਂ ਦਾ ਖ਼ਾਸ ਧਿਆਨ ਮੰਗਦੀ ਹੈ ਕਿ ਸਰਕਾਰ ਨੂੰ ਕੇਵਲ ਸ਼ੱਕ ਸੀ ਕਿ ਕਥਿਤ 40 ਅੱਤਵਾਦੀਆਂ ਨੇ ਹਿੰਦੂਆਂ ਦੇ ਕਤਲ ਕੀਤੇ ਸਨ। ਅਸਲ 'ਚ ਕਤਲ ਕਰਵਾਏ ਗਏ ਸਨ ਸਰਕਾਰ ਦੀ ਆਪਣੀ ਥਰਡ ਏਜੰਸੀ ਵਲੋਂ, ਪਰ ਮੜ੍ਹ ਦਿੱਤੇ ਗਏ ਸਨ ਸੰਤਾਂ ਤੇ ਉਹਨਾਂ ਦੇ ਅਨੁਆਈਆਂ ਦੇ ਨਾਂ ਨਾਲ। ਥਰਡ ਏਜੰਸੀ ਵਲੋਂ ਕਰਵਾਏ ਗਏ ਹਿੰਦੂਆਂ ਦੇ ਕਤਲਾਂ ਦੇ ਜਵਾਬ ਵਿੱਚ ਕਰਨਾਲ ਤੇ ਪਾਨੀਪਤ ਵਿੱਚ ਗੁਰਦੁਆਰੇ ਸਾੜੇ ਜਾ ਚੁੱਕੇ ਸਨ, ਤੀਹ ਦੇ ਕਰੀਬ ਰਾਹ-ਗੁਜ਼ਰ ਸਿੱਖ ਕਤਲ ਕੀਤੇ ਜਾ ਚੁੱਕੇ ਸਨ, ਕਈਆਂ ਦੇ ਦਾੜ੍ਹੀ ਕੇਸ ਮੁੰਨ ਕੇ ਉਹਨਾਂ ਨੂੰ ਪਤਿਤ ਕੀਤਾ ਜਾ ਚੁੱਕਾ ਸੀ। ਕੀ ਸਰਕਾਰ ਨੂੰ ਦਸ-ਪੰਦਰਾਂ ਹਿੰਦੂਆਂ ਦੇ ਮਾਰੇ ਜਾਣ ਦਾ ਮੁੱਲ ਵਸੂਲ ਨਹੀਂ ਸੀ ਹੋਇਆ? ਕੀ ਸਰਕਾਰ ਦਾ ਇਤਨੇ ਕੁਝ ਨਾਲ ਮਨ ਸ਼ਾਂਤ ਨਹੀਂ ਸੀ ਹੋਇਆ? ਇਸ ਦਾ ਮਤਲਬ ਤਾਂ ਇਹ ਹੋਇਆ ਕਿ ਸਿੱਖਾਂ ਦਾ ਕਤਲ ਕਰਨ ਵਾਲੇ ਦੋਸ਼ੀ ਨਹੀਂ, ਦਿਨ ਦਿਹਾੜੇ ਸਭ ਦੇ ਸਾਹਮਣੇ ਸਿੱਖਾਂ ਨੂੰ ਮਾਰਿਆ ਗਿਆ, ਪੁਲਿਸ ਸਾਹਮਣੇ ਸਿੱਖਾਂ ਨੂੰ ਕਤਲ ਕੀਤਾ ਗਿਆ ਸੀ, ਕੀ ਸਿੱਖਾਂ ਦੇ ਕਾਤਲ ਦੋਸ਼ੀ ਨਹੀਂ? ਸਰਕਾਰ ਨੇ ਉਹਨਾਂ ਦੋਸ਼ੀਆਂ 'ਤੇ ਕਿਉਂ ਕੋਈ ਐਕਸ਼ਨ ਨਹੀਂ ਸੀ ਲਿਆ।

ਕੀ ਦਸ-ਪੰਦਰਾਂ ਹਿੰਦੂਆਂ ਦੇ ਮਾਰੇ ਜਾਣ ਦੇ ਸ਼ੱਕ ਵਿੱਚ ਕਥਿਤ ਮਸ਼ਕੂਕ ਅੱਤਵਾਦੀਆਂ ਨੂੰ ਪਕੜਨ ਲਈ ਹਜ਼ਾਰਾਂ ਯਾਤਰਾ ਕਰਨ ਗਏ ਨਿਰਦੋਸ਼ ਸਿੱਖਾਂ, ਇਸਤਰੀਆਂ, ਬੱਚਿਆਂ ਤੇ ਬਜ਼ੁਰਗਾਂ ਨੂੰ ਕੋਹ-ਕੋਹ ਕੇ ਮਾਰਨ ਵਾਲੇ ਦੋਸ਼ੀ ਨਹੀਂ? ਜੇ ਹਜ਼ਾਰਾਂ ਨਿਰਦੋਸ਼ਾਂ ਦਾ ਕਤਲੇਆਮ ਕਰਨ ਵਾਲੇ, ਅਕਾਲ ਤਖ਼ਤ ਸਾਹਿਬ ਢਾਹੁਣ ਵਾਲੇ ਅਤੇ ਹਜ਼ਾਰਾਂ ਨਿਹੱਥੇ ਸਿੱਖ ਸ਼ਹਿਰੀਆਂ ਨੂੰ ਗੋਲੀਆਂ ਨਾਲ ਭੁੰਨਣ ਵਾਲੇ ਦੋਸ਼ੀ ਨਹੀਂ, ਤਾਂ ਕਥਿਤ ਮਸ਼ਕੂਕ ਅੱਤਵਾਦੀ ਕਿਵੇਂ ਦੋਸ਼ੀ ਹੋ ਸਕਦੇ ਹਨ?

ਕੀ ਦਸ-ਪੰਦਰਾਂ ਹਿੰਦੂਆਂ ਦੇ ਮਸ਼ਕੂਕ ਕਾਤਲਾਂ ਦੀ ਸਜ਼ਾ ਸਿੱਖਾਂ ਦਾ ਅਕਾਲ ਤਖ਼ਤ ਸਾਹਿਬ ਢਹਿਢੇਰੀ ਕਰ ਦੇਣਾ ਹੈ? ਹਜ਼ਾਰਾਂ ਨੂੰ ਕੋਹ-ਕੋਹ ਕੇ ਮਾਰਨਾ ਹੈ? ਹਜ਼ਾਰਾਂ ਇਸਤਰੀਆਂ ਦੀ ਬੇਪਤੀ ਕਰਨੀ ਹੈ? ਹਜ਼ਾਰਾਂ ਬੱਚਿਆਂ ਨੂੰ ਯਤੀਮ ਬਨਾਣਾ ਹੈ? ਸਿੱਖ ਕੌਮ ਦੇ ਸਾਰੇ ਇਤਿਹਾਸਕ ਵਿਰਸੇ ਨੂੰ ਤਬਾਹ ਕਰ ਦੇਣਾ ਹੈ? ਸਿੱਖਾਂ ਦੇ ਪੰਜ ਸੌ ਸਾਲ

ਦੇ ਸਾਂਭੇ ਤੋਸ਼ਾਖ਼ਾਨੇ ਨੂੰ ਲੁੱਟਣਾ ਹੈ? ਅਤੇ ਮਸ਼ਕੂਕ ਅੱਤਵਾਦੀਆਂ ਨੂੰ ਵਿਜਯੰਤ ਟੈਂਕ ਦੇ ਜ਼ਹਿਰੀਲੇ ਗੋਲਿਆਂ ਨਾਲ ਮਾਰਨਾ ਹੈ? ਇਤਨੇ ਜ਼ੁਲਮ ਕਰਨ ਵਾਲਿਆਂ ਲਈ ਵੀ ਕੋਈ ਸਜ਼ਾ ਹੋਣੀ ਚਾਹੀਦੀ ਹੈ ਕਿ ਨਹੀਂ?

ਮਨੂਵਾਦੀ ਸਰਕਾਰ ਨੇ ਉਹਨਾਂ ਨੂੰ ਸਜ਼ਾ ਦੇਣੀ ਤਾਂ ਇੱਕ ਪਾਸੇ ਰਹੀ, ਉਹਨਾਂ ਵਹਿਸ਼ੀ ਕਾਤਲਾਂ ਨੂੰ ਤਰੱਕੀਆਂ ਦਿੱਤੀਆਂ, ਕਿਉਂਕਿ ਉਹਨਾਂ ਸਿੱਖਾਂ ਦਾ ਕਤਲੇਆਮ ਕਰਕੇ ਭਾਰਤ ਮਾਂ ਦੀ ਸਭ ਤੋਂ ਵੱਡੀ ਸੇਵਾ ਕੀਤੀ ਸੀ। ਜਿਹੜੇ ਫ਼ੌਜੀ ਸਿੱਖਾਂ ਨੂੰ ਮਾਰਦੇ-ਮਾਰਦੇ ਆਪ ਮਰ ਗਏ, ਉਹਨਾਂ ਦੀ ਬਹਾਦਰੀ ਦੀ ਦਾਦ ਦੇਂਦਿਆਂ ਉਹਨਾਂ ਦੇ ਪਰਿਵਾਰਾਂ ਨੂੰ ਇੱਕ-ਇੱਕ ਲੱਖ ਰੁਪਏ ਇਨਾਮ ਦਿੱਤੇ ਗਏ, ਜੋ ਚੀਨ ਤੇ ਪਾਕਿਸਤਾਨ ਨਾਲ ਲੜੀਆਂ ਲੜਾਈਆਂ ਵੇਲੇ ਵੀ ਨਹੀਂ ਸੀ ਕੀਤਾ ਗਿਆ। ਇਸ ਦਾ ਸਪਸ਼ਟ ਮਤਲਬ ਤਾਂ ਇਹ ਹੋਇਆ ਕਿ ਸਿੱਖ ਭਾਰਤ ਦੇ ਚੀਨ ਤੇ ਪਾਕਿਸਤਾਨ ਨਾਲੋਂ ਵੀ ਵੱਡੇ ਦੁਸ਼ਮਣ ਹਨ। ਕੀ ਕਦੀ ਸਿੱਖ ਲੀਡਰਾਂ ਦੀਆਂ ਅੱਖਾਂ ਤੋਂ ਖ਼ੁਦਗਰਜ਼ੀ ਦੇ ਖੋਪੇ ਲੱਥਣਗੇ?

ਏ.ਸਰਕਾਰ ਦੇ ਆਪਣੇ ਵਾਈਟ ਪੇਪਰ ਅਨੁਸਾਰ ਕਥਿਤ 40 ਅੱਤਵਾਦੀ ਤਾਂ ਦਰਬਾਰ ਸਾਹਿਬ ਕੰਪਲੈਕਸ ਅੰਦਰ ਛੁਪੇ ਹੋਏ ਸਨ, ਫੇਰ ਬਾਕੀ ਦੇ 42 ਇਤਿਹਾਸਕ ਗੁਰਦੁਆਰਿਆਂ ਵਿੱਚ ਬੁਚੱੜ ਫ਼ੌਜ ਵਲੋਂ ਨਿਰਦੋਸ਼ ਸਿੱਖਾਂ ਦਾ ਕਿਉਂ ਕਤਲੇਆਮ ਕੀਤਾ ਗਿਆ? ਸਾਰੇ ਪੰਜਾਬ ਵਿੱਚ ਕਿਉਂ ਸਿੱਖਾਂ ਨੂੰ ਵੇਖਦਿਆਂ ਸਾਰ ਗੋਲੀਆਂ ਨਾਲ ਭੁੰਨ ਦੇਣ ਦੇ ਫ਼ੌਜ ਨੂੰ ਹੁਕਮ ਦਿੱਤੇ ਗਏ ਸਨ? ਜ਼ਾਹਰ ਹੈ ਕਿ ਪੰਦਰਾਂ ਤੋਂ ਪੰਜਾਹ ਸਾਲ ਦੇ ਵੱਧ ਤੋਂ ਵੱਧ ਸਿੱਖਾਂ ਨੂੰ ਮਾਰ ਕੇ ਸਿੱਖਾਂ ਦੀ ਨਸਲ ਨੂੰ ਤਬਾਹ ਕਰਨ ਦਾ ਉਹ ਨਾਪਾਕ ਮਨਸੂਬਾ ਸੀ।

ਸ.ਹਮਲੇ ਤੋਂ ਪਹਿਲਾਂ ਪੰਜਾਬ ਦੇ ਹਰ ਪਿੰਡ ਵਿੱਚ ਸੀ.ਆਰ.ਪੀ.ਤੇ ਬੀ.ਐਸ.ਐਫ਼.ਦੇ ਜਵਾਨ ਤਾਇਨਾਤ ਸਨ। ਫਿਰ ਪੰਜਾਬ ਦੇ ਹਰ ਪਿੰਡ ਵਿੱਚ ਮਿਲਟਰੀ ਨੂੰ ਕਿਉਂ ਭੇਜਿਆ ਗਿਆ? ਸਾਫ਼ ਜ਼ਾਹਰ ਹੈ, ਸਿੱਖ ਨਸਲਕੁਸ਼ੀ ਕਰਨ ਲਈ। ਕਿਤਨੀ ਫ਼ੌਜ ਭੇਜੀ ਗਈ ਹੋਣੀ ਹੈ, ਇਸ ਦਾ ਅੰਦਾਜ਼ਾ ਉਹਨਾਂ ਫ਼ੌਜੀਆਂ ਲਈ ਭੇਜੀ ਸ਼ਰਾਬ ਤੋਂ ਲਗਾਇਆ ਜਾ ਸਕਦਾ ਹੈ। ਪੰਜਾਬ ਸਰਕਾਰ ਦੇ 'ਕਰ ਤੇ ਆਬਕਾਰੀ ਵਿਭਾਗ' ਨੇ ਆਪਣੇ ਇੱਕ ਨੋਟੀਫਿਕੇਸ਼ਨ ਰਾਹੀਂ ਸੱਤ ਲੱਖ ਰੱਮ ਦੀਆਂ ਬੋਤਲਾਂ, ਤੀਹ ਹਜ਼ਾਰ ਵਿਸਕੀ ਦੇ ਅੱਧੀਏ, ਸੱਠ ਹਜ਼ਾਰ ਬਰਾਂਡੀ ਦੇ ਅੱਧੀਏ, ਇੱਕ ਲੱਖ ਸੱਠ ਹਜ਼ਾਰ ਬੀਅਰ ਦੀਆਂ 'ਆਬਕਾਰੀ ਕਰ' ਮੁਕਤ ਬੋਤਲਾਂ ਦਾ ਪ੍ਰਬੰਧ ਕੀਤਾ ਸੀ। ਉਸ ਸਰਕਾਰੀ ਨੋਟੀਫ਼ਿਕੇਸ਼ਨ ਵਿੱਚ ਸਾਫ਼ ਸ਼ਬਦਾਂ ਵਿੱਚ ਲਿਖਿਆ ਹੋਇਆ ਸੀ ਕਿ ਇਹ ਸ਼ਰਾਬ

'ਆਪਰੇਸ਼ਨ ਬਲਿਊ ਸਟਾਰ' ਲਈ ਤਾਇਨਾਤ ਸੁਰੱਖਿਆ ਸੈਨਾਵਾਂ ਦੇ ਅਮਲੇ ਦੇ ਵਰਤੋਂ ਵਾਸਤੇ ਹੈ।

ਹ.ਹਮਲੇ ਦੇ ਨੇੜੇ-ਤੇੜੇ ਦਰਜਨ ਤੋਂ ਵੱਧ ਸਰਕਾਰੀ ਤੇ ਗ਼ੈਰ-ਸਰਕਾਰੀ ਗੁਪਤ ਏਜੰਸੀਆਂ ਦਰਬਾਰ ਸਾਹਿਬ ਅੰਦਰ ਤੇ ਬਾਹਰ ਕੰਮ ਕਰ ਰਹੀਆਂ ਸਨ। ਸਰਕਾਰ ਨੂੰ ਮਿੰਟ-ਮਿੰਟ ਦੀ ਖ਼ਬਰ ਪਹੁੰਚ ਰਹੀ ਸੀ। ਸਰਕਾਰ ਨੂੰ ਸਭ ਕੁਝ ਪਤਾ ਸੀ,ਸਰਕਾਰ ਦੀ ਪਲਾਨ ਮੁਤਾਬਕ ਹੀ ਥਰਡ ਏਜੰਸੀ ਵਲੋਂ ਉਹ ਸਾਰੀ ਖੇਡ ਖੇਡੀ ਜਾ ਰਹੀ ਸੀ। ਥਰਡ ਏਜੰਸੀ ਨੇ ਆਪ ਹੀ ਹਥਿਆਰ ਅੰਦਰ ਪਹੁੰਚਾਏ ਸਨ ਅਤੇ ਉਸ ਨੂੰ ਇੱਕ ਇੱਕ ਹਥਿਆਰ ਦੀ ਪੂਰੀ ਜਾਣਕਾਰੀ ਸੀ।

ਕੀ ਛੇ ਡਵੀਯਨਾਂ ਫ਼ੌਜ ਦੀਆਂ,ਦੋ ਜਨਰਲ, 24 ਟੈਂਕ ਸਣੇ ਤੋਪਖ਼ਾਨੇ ਦੇ,ਛੇ ਹੈਲੀਕਾਪਟਰ, ਬੱਕਤਰ-ਬੰਦ ਗੱਡੀਆਂ, 40 ਅਤਿਵਾਦੀਆਂ ਨੂੰ ਪਕੜਨ ਲਈ ਵਰਤੇ ਜਾਣੇ ਸਨ ਜਾਂ ਸਿੱਖ ਨਸਲਕੁਸ਼ੀ ਲਈ? ਹੋਰ ਵੇਖੋ, ਬੁੱਚੜ ਫ਼ੌਜ ਵਲੋਂ ਟੈਂਕ ਵੀ ਭਾਰਤੀ ਫ਼ੌਜ ਦਾ ਪ੍ਰਮੁੱਖ ਲੜਾਕੂ ਵਿਜਯੰਤ ਟੈਂਕ ਵਰਤਿਆ ਗਿਆ,ਜਿਸ ਦੀ 105 ਮਿਲੀਮੀਟਰ ਦੀ ਮੁੱਖ ਤੋਪ ਰਾਹੀਂ ਅਕਾਲ ਤਖ਼ਤ ਸਾਹਿਬ 'ਤੇ 'ਹਾਈ ਐਕਸਪਲੋਸਿਵ ਸਕੂਐਸ਼ ਹੈਡ' ਵਾਲੇ ਜ਼ਹਿਰੀਲੇ ਗੋਲੇ ਵਰ੍ਹਾਏ ਗਏ। ਜਨਰਲ ਜਗਜੀਤ ਸਿੰਘ ਅਰੋੜਾ,ਜਿਸ ਨੇ ਢੱਠੇ ਹੋਏ ਅਕਾਲ ਤਖ਼ਤ ਸਾਹਿਬ ਦਾ ਅਧਿਐਨ ਕੀਤਾ ਸੀ,ਦਾ ਖ਼ਿਆਲ ਹੈ ਕਿ ਲਗਭਗ 80 ਅਜਿਹੇ ਘਾਤਕ ਗੋਲੇ ਵਰ੍ਹਾਏ ਗਏ ਹੋਣਗੇ।

ਕ.ਫਿਰ ਹਮਲੇ ਦਾ ਦਿਨ ਵੀ ਉਹ ਚੁਣਿਆ,ਜਿਸ ਦਿਨ ਸਾਰੇ ਗੁਰਦੁਆਰੇ ਸੰਗਤਾਂ ਨਾਲ਼ ਖਚਾ-ਖਚ ਭਰੇ ਹੁੰਦੇ ਹਨ। ਵਾਧਾ ਇਹ ਕਿ ਇੰਦਰਾ ਨੇ ਹਮਲੇ ਤੋਂ ਚਾਰ ਦਿਨ ਪਹਿਲਾਂ ਟੀ.ਵੀ.'ਤੇ ਐਲਾਨ ਕਰਕੇ ਸਿੱਖ ਯਾਤਰੂਆਂ ਨੂੰ ਵਿਸ਼ਵਾਸ ਦਿਵਾਇਆ ਕਿ ਦਰਬਾਰ ਸਾਹਿਬ 'ਤੇ ਹਮਲਾ ਨਹੀਂ ਕੀਤਾ ਜਾਏਗਾ,ਤਾਂ ਜੋ ਵੱਧ ਤੋਂ ਵੱਧ ਸਿੱਖ ਸ਼ਹੀਦੀ ਗੁਰਪੁਰਬ ਸਮੇਂ ਗੁਰਦੁਆਰਿਆਂ ਅੰਦਰ ਇੱਕਠੇ ਹੋਣ ਅਤੇ ਇੱਕਠੇ ਹੋਏ ਸਿੱਖਾਂ ਦੀ ਅਸਾਨੀ ਨਾਲ ਨਸਲਕੁਸ਼ੀ ਹੋ ਸਕੇ। ਕੀ ਇਸ ਤੋਂ ਸਾਫ਼ ਜ਼ਾਹਰ ਨਹੀਂ ਕਿ ਸਰਕਾਰ ਨੇ ਸਿੱਖ ਨਸਲਕੁਸ਼ੀ ਕਰਨੀ ਸੀ? ਇਸ ਤੋਂ ਵੱਧ ਧੋਖਾ ਤੇ ਵਿਸ਼ਵਾਸਘਾਤ ਹੋਰ ਕੀ ਹੋ ਸਕਦਾ ਹੈ? ਇਸੇ ਕਰਕੇ ਗੁਰੂ ਸਾਹਿਬ ਨੇ ਬਿੱਪ੍ਰਾਂ 'ਤੇ ਵਿਸ਼ਵਾਸ ਨਾ ਕਰਨ ਦਾ ਆਦੇਸ਼ ਦਿੱਤਾ ਹੋਇਆ ਹੈ।

ਖ.ਸਿੱਖ ਨਸਲਕੁਸ਼ੀ ਦਾ ਇਸ ਤੋਂ ਵੱਧ ਹੋਰ ਕਿਹੜਾ ਵੱਡਾ ਸਬੂਤ ਹੋ ਸਕਦਾ ਹੈ ਕਿ ਦਰਬਾਰ ਸਾਹਿਬ ਦੇ ਹਮਲੇ ਲਈ ਭਾਰਤੀ ਫ਼ੌਜ ਚਕਰੌਤਾ ਦੀਆਂ ਪਹਾੜੀਆਂ 'ਤੇ ਦਰਬਾਰ ਸਾਹਿਬ ਦਾ ਮਾਡਲ ਬਣਾ ਕੇ

ਕਈ ਮਹੀਨੇ ਮਸ਼ਕਾਂ ਕਰਦੀ ਰਹੀ। ਬ੍ਰਾਹਮਣਵਾਦ ਵਲੋਂ ਸਿੱਖੀ ਦਾ ਰੜਕਦਾ ਕੰਡਾ ਕੱਢਣ ਲਈ ਅਤੇ ਬੋਧੀਆਂ ਵਾਂਗ ਸਿੱਖੀ ਦੀ ਹੋਂਦ ਖ਼ਤਮ ਕਰ ਦੇਣ ਦਾ ਸਿੱਖੀ ਉਪਰ ਉਹ ਆਖ਼ਰੀ ਵਾਰ ਸੀ। ਸਿੱਖ ਵਿਰੋਧੀ ਹਾਲਾਤ ਪੈਦਾ ਕਰਨ ਲਈ ਪੰਜਾਬ ਅੰਦਰ ਹਿੰਦੂਆਂ ਦੇ ਸਿਆਸੀ ਕਤਲ ਕਰਨ ਵਾਲੀ ਵੀ ਥਰਡ ਏਜੰਸੀ ਹੀ ਸੀ ਨਾ ਕਿ ਜੁਝਾਰੂ ਸਿੰਘ। ਹਮਲਾ ਕਰਨ ਦਾ ਬਹਾਨਾ ਲੱਭਣ ਲਈ ਅੱਤਵਾਦੀਆਂ ਨੂੰ ਪਕੜਨ ਦਾ ਫ਼ਰੇਬ ਕੀਤਾ ਗਿਆ ਸੀ। ਇਸ ਵਿੱਚ ਜ਼ਰਾ ਜਿੰਨਾ ਵੀ ਸ਼ਕ ਨਹੀਂ ਕਿ ਹਿੰਦੂ ਸਾਮਰਾਜ ਦੀ ਉਹ ਸਿੱਖ ਨਸਲਕੁਸ਼ੀ ਦੀ ਵਿਸਾਹਘਾਤਕ ਸਾਜ਼ਿਸ਼ ਸੀ।

ਗ.ਕੀ ਇਹ ਸਿੱਖ ਨਸਲਕੁਸ਼ੀ ਨਹੀਂ ਸੀ? 2 ਜੂਨ ਨੂੰ ਸਾਰਾ ਦਰਬਾਰ ਸਾਹਿਬ ਕੰਪਲੈਕਸ ਫ਼ੌਜ ਦੇ ਹਵਾਲੇ ਕਰ ਦਿੱਤਾ ਗਿਆ। 4 ਜੂਨ ਨੂੰ ਸਾਰਾ ਪੰਜਾਬ ਫ਼ੌਜ ਦੇ ਹਵਾਲੇ ਕਰ ਦਿੱਤਾ ਗਿਆ ਅਤੇ ਸਾਰੀ ਦੁਨੀਆ ਨਾਲੋਂ ਕੱਟ ਦਿੱਤਾ ਗਿਆ। ਸਾਰੇ ਪੰਜਾਬ ਵਿੱਚ ਚੱਪੇ-ਚੱਪੇ 'ਤੇ ਫ਼ੌਜ ਤਾਇਨਾਤ ਕਰ ਦਿੱਤੀ ਗਈ। ਸਾਰੇ ਪੰਜਾਬ ਵਿੱਚੋਂ ਸਭ ਪੱਤਰਕਾਰਾਂ ਨੂੰ ਬਾਹਰ ਕੱਢ ਦਿੱਤਾ ਗਿਆ। ਸਾਰੇ ਪੰਜਾਬ ਅੰਦਰ ਸਾਰੀ ਬਸ ਸਰਵਿਸ,ਸਾਰੀਆਂ ਰੇਲ ਗੱਡੀਆਂ ਅਤੇ ਹਵਾਈ ਉਡਾਨਾਂ ਬੰਦ ਕਰ ਦਿੱਤੀਆਂ ਗਈਆਂ। ਪਾਕਿਸਤਾਨ ਦੀਆਂ ਹੱਦਾਂ ਸੀਲ ਕਰ ਦਿੱਤੀਆਂ ਗਈਆਂ ਮਤਾਂ ਕੋਈ ਸਿੱਖ ਦੌੜਕੇ ਜ਼ਿੰਦਾ ਬਚ ਨਾ ਜਾਏ। ਡਾਕ-ਤਾਰ ਦੀਆਂ ਸੇਵਾਵਾਂ ਬੰਦ ਕਰ ਦਿੱਤੀਆਂ ਗਈਆਂ। ਟੈਲੀਫ਼ੂਨ ਕੱਟ ਦਿੱਤੇ ਗਏ।

ਸਾਰੇ ਅੰਮ੍ਰਿਤਸਰ ਸ਼ਹਿਰ ਦੀ ਬਿਜਲੀ ਕੱਟ ਦਿੱਤੀ ਗਈ। ਸਾਰੇ ਪੰਜਾਬ ਵਿੱਚ ਕਰਫ਼ਿਊ ਲਗਾ ਦਿੱਤਾ ਗਿਆ ਸਣੇ ਪਿੰਡਾਂ ਦੇ। ਬੁੱਚੜ ਫ਼ੌਜ ਦੀਆਂ 105 ਮਿਲੀਮੀਟਰ ਦੀਆਂ ਤੋਪਾਂ ਦੇ ਭਾਰੇ ਗੋਲਿਆਂ ਤੇ ਮਸ਼ੀਨਗੰਨਾਂ ਦੀ ਅੰਨ੍ਹੀ ਫ਼ਾਇਰਿੰਗ ਨੇ ਸਾਰੇ ਸ਼ਹਿਰ ਨੂੰ ਕੰਬਣੀ ਛੇੜ ਦਿੱਤੀ ਸੀ। ਮੀਲਾਂ ਤਕ ਦਰਵਾਜ਼ੇ ਤੇ ਖਿੜਕੀਆਂ ਖੜਕ-ਖੜਕ ਕੇ ਟੁਟਣੇ ਸ਼ੁਰੂ ਹੋ ਗਏ ਸਨ। ਹਰ ਪਾਸੇ ਭਿਆਨਕ ਜੰਗ ਦਾ ਨਜ਼ਾਰਾ ਸੀ,ਪਰ ਉਦੋਂ ਮਨੂ ਸਰਕਾਰ ਵਲੋਂ ਰੇਡੀਓ 'ਤੇ ਦੱਸਿਆ ਜਾ ਰਿਹਾ ਸੀ ਕਿ ਸ਼ਹਿਰ ਵਿੱਚ ਸਭ ਅਮਨ-ਅਮਾਨ ਹੈ। ਪੰਜਾਬ ਅੰਦਰ ਇੱਕੋ ਇੱਕ ਰਹਿ ਗਏ ਪੱਤਰਕਾਰ ਬ੍ਰਹਮ ਚੇਲਾਨੀ ਨੇ ਇਸ ਵਹਿਸ਼ੀ ਸਰਕਾਰ ਦੇ ਚਿੱਟੇ ਝੂਠ ਦਾ ਭਾਂਡਾ ਚੰਗੀ ਤਰ੍ਹਾਂ ਭੰਨਿਆ ਸੀ।

ਕੀ ਉਹ ਸਭ ਕੁਝ 40 ਅੱਤਵਾਦੀਆਂ ਨੂੰ ਪਕੜਨ ਲਈ ਕੀਤਾ ਗਿਆ ਸੀ ਜਾਂ ਸਿੱਖਾਂ ਦੀ ਨਸਲਘਾਤ ਕਰਨ ਲਈ? ਕੌਣ ਮੰਨੇਗਾ ਸਰਕਾਰ ਦੇ ਚਿੱਟੇ ਝੂਠ ਨੂੰ। ਕੋਈ ਸਿਰਫਿਰਿਆ ਹੀ ਮੰਨ

ਸਕਦਾ ਹੈ ਜਾਂ ਕੋਈ ਜ਼ਰਖ਼ਰੀਦ ਕੌਲੀਚੱਟ ਲੀਡਰ ਮੰਨ ਸਕਦਾ ਹੈ ਜਾਂ ਕੋਈ ਜ਼ਮੀਰ-ਵੇਚੂ ਜ਼ਰਖ਼ਰੀਦ ਲੇਖਕ ਮੰਨ ਸਕਦਾ ਹੈ, ਪਰ ਹਰ ਅਣਖ ਵਾਲਾ ਸਿੱਖ ਜਾਣਦਾ ਹੈ ਕਿ ਉਹ ਸਿੱਖ ਕੌਮ ਦੀ ਨਸਲਕੁਸ਼ੀ ਦਾ ਪਲਾਨ ਹੀ ਸੀ।

ਘ. ਮਨੂਵਾਦੀ ਸਰਕਾਰ ਦੀ ਚਾਣਕੀਆ ਨੀਤੀ ਆਪਣੇ ਦੁਸ਼ਮਣ ਨੂੰ ਹਮੇਸ਼ਾ ਧੋਖੇ ਨਾਲ ਮਾਰਦੀ ਹੈ। ਗਿਣੀ ਮਿਥੀ ਸਾਜ਼ਿਸ਼ ਅਨੁਸਾਰ ਸਿੱਖ ਨਸਲਕੁਸ਼ੀ ਦਾ ਇੱਕ ਹੋਰ ਗੁਝਾ ਜਾਲ ਵਿਛਾਇਆ ਗਿਆ। ਉਹ ਇਹ ਕਿ ਪੁਲਿਸ ਨੇ ਭਿੰਡਰਾਂਵਾਲਿਆਂ ਦੇ ਅਨੁਆਈਆਂ ਨੂੰ ਦਰਬਾਰ ਸਾਹਿਬ ਦੇ ਇਰਦ-ਗਿਰਦ ਤਕਰੀਬਨ 800 ਗਜ਼ ਦੂਰ ਤਕ ਨਾ ਕੇਵਲ ਆਪਣੇ ਕਬਜ਼ੇ ਜਮਾਉਣ ਦਿੱਤੇ, ਸਗੋਂ ਆਪਣੀ ਸੀ.ਆਈ.ਡੀ. (ਨੀਲੀ ਪਗੜੀਧਾਰ) ਰਾਹੀਂ ਉਹਨਾਂ ਦੀ ਮਾਇਕ ਸਹਾਇਤਾ ਵੀ ਕੀਤੀ ਅਤੇ ਉਹਨਾਂ ਦੇ ਰਹਿਣ ਲਈ ਸਹੂਲਤਾਂ ਦੇ ਪ੍ਰਬੰਧ ਵੀ ਕੀਤੇ, ਤਾਂ ਜੋ ਵੱਧ ਤੋਂ ਵੱਧ ਸਿੱਖ ਨੌਜਵਾਨ ਉਥੇ ਇੱਕਠੇ ਹੋਣ ਅਤੇ ਸਭ ਨੂੰ ਅਸਾਨੀ ਨਾਲ ਖ਼ਤਮ ਕੀਤਾ ਜਾ ਸਕੇ। ਇਸ ਪਿੱਛੇ ਇੱਕ ਹੋਰ ਗੁਝਾ ਨਾਪਾਕ ਮਨਸੂਬਾ ਵੀ ਸੀ। ਉਹ ਇਹ ਕਿ ਅੱਗੇ ਤੋਂ ਫ਼ੌਜੀ ਹਮਲਾ ਸੁਖਾਲਾ ਬਨਾਣ ਲਈ ਦਰਬਾਰ ਸਾਹਿਬ ਦੇ ਆਲੇ-ਦੁਆਲੇ ਨੂੰ ਰੜਾ ਮੈਦਾਨ ਬਣਾ ਦੇਣ ਦਾ। ਉਸ ਵਹਿਸ਼ੀਆਨਾ ਹਮਲੇ ਸਮੇਂ ਪੰਜ ਸੌ ਘਰਾਂ ਨੂੰ ਅਤੇ ਤਿੰਨ ਸੌ ਸਿੱਖ ਦੁਕਾਨਾਂ ਨੂੰ ਮਿੱਟੀ ਦਾ ਢੇਰ ਬਣਾ ਕੇ ਰੱਖ ਦਿੱਤਾ ਗਿਆ ਸੀ। ਇੱਕ ਪੱਥਰ ਨਾਲ ਤਿੰਨ ਸ਼ਿਕਾਰ ਮਾਰੇ। ਹਜ਼ਾਰਾਂ ਨੌਜਵਾਨ ਸਿੱਖਾਂ ਨੂੰ ਇੱਕਠੇ ਕਰਕੇ ਮਾਰ ਮੁਕਾਇਆ। ਦਰਬਾਰ ਸਾਹਿਬ ਨੂੰ ਰੜਾ ਮੈਦਾਨ ਬਣਾਇਆ ਅਤੇ ਹਜ਼ਾਰ ਤੋਂ ਵੱਧ ਸਿੱਖਾਂ ਨੂੰ ਆਰਥਕ ਤੌਰ ਤੇ ਤਬਾਹ ਕਰਕੇ ਰੱਖ ਦਿੱਤਾ।

ਙ. ਸਰਕਾਰ ਦੇ ਆਪਣੇ ਕਹਿਣ ਮੁਤਾਬਕ ਪਕੜਨਾ ਤਾਂ ਸੀ ਚਾਲੀ ਕਥਿਤ ਅੱਤਵਾਦੀਆਂ ਨੂੰ ਫਿਰ ਸਾਰੇ ਸਿੱਖ ਯਾਤਰੂ ਇਸਤਰੀਆਂ, ਬੱਚਿਆਂ, ਬਜ਼ੁਰਗਾਂ, ਜਵਾਨਾਂ ਨੂੰ ਕਿਉਂ ਗੋਲੀਆਂ ਨਾਲ ਭੁੰਨਿਆ ਗਿਆ? ਨਿਰਦੋਸ਼ ਯਾਤਰੂਆਂ ਦੇ ਹੱਥ ਪਿੱਛੇ ਬੰਨ੍ਹ-ਬੰਨ੍ਹ ਕੇ ਸਭ ਨੂੰ ਗੋਲੀਆਂ ਨਾਲ ਭੁੰਨਣ ਤੋਂ ਕੀ ਭਾਵ ਲਿਆ ਜਾ ਸਕਦਾ ਹੈ? ਸਾਰੇ ਪੰਜਾਬ ਵਿੱਚ ਫ਼ੌਜ ਨੂੰ ਇਹ ਹੁਕਮ ਕਿਉਂ ਦਿੱਤਾ ਗਿਆ ਕਿ 15 ਤੋਂ 50 ਸਾਲ ਦਾ ਕੋਈ ਸਿੱਖ ਬਚ ਕੇ ਨਾ ਨਿਕਲ ਸਕੇ। ਕੈਦੀ ਬਨਾਣ ਦੀ ਥਾਂ ਗੋਲੀਆਂ ਨਾਲ ਭੁੰਨਣ ਦੀਆਂ ਹਿਦਾਇਤਾਂ ਕਿਉਂ ਦਿੱਤੀਆਂ ਗਈਆਂ? ਸਾਫ਼ ਜ਼ਾਹਰ ਹੈ ਕਿ ਸਿੱਖਾਂ ਦੀ ਨਸਲ ਖ਼ਤਮ ਕਰਨੀ ਸੀ।

ਚ. ਸਰਕਾਰ ਅਨੁਸਾਰ ਚਾਲੀ ਅੱਤਵਾਦੀ ਤਾਂ ਦਰਬਾਰ ਸਾਹਿਬ ਅੰਦਰ ਸਨ। ਫ਼ੌਜ ਨੂੰ ਇਹ ਹਿਦਾਇਤਾਂ ਕਿਉਂ ਦਿੱਤੀਆਂ ਗਈਆਂ ਕਿ

ਸੜਕਾਂ 'ਤੇ ਜੋ ਸਿੱਖ ਸਾਹਮਣੇ ਆਵੇ ਜਾਂ ਹਜੂਮ ਨੂੰ ਵੇਖਦੇ ਸਾਰ ਫ਼ੌਰਨ ਗੋਲੀ ਮਾਰ ਦੇਵੋ। ਅੱਤਵਾਦੀ ਤਾਂ ਚਾਲੀ ਸਨ, ਪਰੰਤੂ ਫ਼ੌਜ ਨੂੰ ਇਹ ਖ਼ੁਫ਼ੀਆ ਸਰਕੁਲਰ ਕਿਉਂ ਜਾਰੀ ਕੀਤਾ ਗਿਆ ਕਿ ਸਾਰੇ ਅੰਮ੍ਰਿਤਧਾਰੀ ਸਿੱਖ ਖ਼ਤਰਨਾਕ ਹਨ, ਉਹਨਾਂ ਨੇ ਕਤਲ ਕਰਨ ਦੀਆਂ ਕਸਮਾਂ ਖਾਧੀਆਂ ਹੋਈਆਂ ਹਨ ਅਤੇ ਉਹ ਲੁੱਟਾਂ-ਖੋਹਾਂ ਕਰਨ ਵਾਲੇ ਹਨ। ਕੀ ਸਾਰੀ ਸਿੱਖ ਕੌਮ ਇਹੋ ਜੇਹੀ ਹੈ? ਕੀ ਇਹ ਸਿੱਖੀ ਉਪਰ ਵਾਰ ਨਹੀਂ? ਕੀ ਇਹ ਗੁਰੂ ਗੋਬਿੰਦ ਸਿੰਘ ਸਾਹਿਬ 'ਤੇ ਵਾਰ ਨਹੀਂ? ਸਿੱਖਾਂ ਵਿਰੁਧ ਅਜਿਹੇ ਫ਼ਤਵੇ ਤਾਂ ਮੁਗ਼ਲ ਬਾਦਸ਼ਾਹ ਔਰੰਗਜ਼ੇਬ ਨੇ ਵੀ ਨਹੀਂ ਸਨ ਦਿੱਤੇ। ਹੇਠਲੇ ਸਰਕੁਲਰ ਜਾਰੀ ਕਰਨ ਤੋਂ ਕੀ ਭਾਵ ਲਿਆ ਜਾ ਸਕਦਾ ਹੈ -

1) "Shoot at sight anyone on the streets and at once fire at the mob." (India Today 30-6-84)

2)"A recent circular issued to the units by way of baat cheet describes all Amritdharis as dangerous people, pledged to commit murder, arson and acts of terrorism, photocopies of this circular have found their way out of the army." (Indian Express 18 9 84)

ਛ.ਕਥਿਤ ਅੱਤਵਾਦੀਆਂ ਨੂੰ ਪਕੜਨ ਦੀ ਖੇਡ ਤਾਂ 6 ਜੂਨ ਨੂੰ ਹੀ ਖ਼ਤਮ ਹੋ ਗਈ ਸੀ। 7 ਜੂਨ ਨੂੰ ਸੰਤ ਜਰਨੈਲ ਸਿੰਘ ਜੀ, ਭਾ.ਅਮਰੀਕ ਸਿੰਘ ਅਤੇ ਭਾ.ਸੁਬੇਗ ਸਿੰਘ ਆਦਿਕ ਸ਼ਹੀਦਾਂ ਦੀਆਂ ਲਾਸ਼ਾਂ ਦੀ ਪ੍ਰਦਰਸ਼ਨੀ ਕਰਕੇ ਉਹਨਾਂ ਦੁਆਲੇ ਭੰਗੜੇ ਪਾਕੇ ਲੱਡੂ-ਮਿਠਾਈਆਂ, ਸ਼ਰਾਬਾਂ ਤੇ ਸਿਗਰਟਾਂ ਉਸ ਖ਼ੁਸ਼ੀ ਵਿੱਚ ਵੰਡੀਆਂ ਜਾ ਚੁੱਕੀਆਂ ਸਨ। ਬੁਚੱੜ ਫ਼ੌਜ ਦਾ ਸਾਰੇ ਕੰਪਲੈਕਸ ਉਤੇ ਪੂਰਾ ਕਬਜ਼ਾ ਹੋ ਚੁੱਕਾ ਸੀ।

ਹਜ਼ਾਰਾਂ ਸਿੱਖ ਯਾਤਰੂਆਂ ਦੇ ਵਹਿਸ਼ੀਆਨਾ ਕਤਲੇਆਮ ਮਗਰੋਂ ਸਿੱਖ ਕੌਮ ਦੇ ਪੰਜ ਸੌ ਸਾਲ ਦੇ ਇਤਿਹਾਸਕ ਵਿਰਸੇ ਦੀ ਸਭ ਤੋਂ ਵੱਡੀ ਲਾਇਬਰੇਰੀ ਸਾੜਨ ਤੋਂ ਕੀ ਭਾਵ ਲਿਆ ਜਾ ਸਕਦਾ ਹੈ? ਕੀ ਸਿੱਖ ਕੌਮ ਦੀ ਇਤਿਹਾਸਕ ਲਾਇਬਰੇਰੀ ਵੀ ਉਹਨਾਂ 40 ਕਥਿਤ ਅੱਤਵਾਦੀਆਂ ਨੂੰ ਪਕੜਨ ਵਿੱਚ ਆਉਂਦੀ ਹੈ? ਇਹ ਤਾਂ ਹਰ ਕੋਈ ਜਾਣਦਾ ਹੈ ਕਿ ਕਿਸੇ ਕੌਮ ਦੇ ਇਤਿਹਾਸ ਨੂੰ ਖ਼ਤਮ ਕਰ ਦੇਣ ਨਾਲ ਹੀ ਉਹ ਕੌਮ ਖ਼ਤਮ ਹੁੰਦੀ ਹੈ। ਸਾਫ਼ ਜ਼ਾਹਰ ਹੈ ਕਿ ਉਹ ਹਮਲਾ ਬੋਧੀਆਂ ਵਾਂਗ ਸਿੱਖ ਕੌਮ ਦੀ ਨਸਲ ਖ਼ਤਮ ਕਰ ਦੇਣ ਲਈ ਹੀ ਕੀਤਾ ਗਿਆ ਸੀ। ਇਹ ਇੱਕ ਵੱਖਰੀ ਗੱਲ ਹੈ ਕਿ ਸਿੱਖ ਕੌਮ ਨੂੰ ਖ਼ਤਮ ਕਰਨ ਵਾਲੇ ਆਪ ਹੀ ਖ਼ਤਮ ਹੁੰਦੇ ਆਏ ਹਨ।

ਜ.350 ਸਾਲਾਂ ਤੋਂ ਸੰਭਾਲ ਕੇ ਰੱਖੇ ਗੁਰੂ ਹਰਿਗੋਬਿੰਦ ਸਾਹਿਬ ਦੇ ਸ਼ਸਤਰਾਂ-ਤੇਗਾਂ, ਖੰਡੇ, ਢਾਲਾਂ. ਆਦਿਕ ਦੇ ਸਿੱਖ ਇਤਿਹਾਸਕ ਵਿਰਸੇ ਨੂੰ ਤੋੜ-ਭੰਨ ਕੇ ਸਾੜਕੇ ਸੁਆਹ ਕਰ ਦੇਣ ਤੋਂ ਕੀ ਭਾਵ ਲਿਆ ਜਾ ਸਕਦਾ ਹੈ? ਸਿੱਖ ਕੌਮ ਦੇ ਸਾਹਿਤਕ ਤੇ ਇਤਿਹਾਸਕ ਵਿਰਸਿਆਂ ਨੂੰ ਤਬਾਹ ਕਰਨ ਤੋਂ ਸਪਸ਼ਟ ਨਹੀਂ ਕਿ ਇਹ ਫ਼ਰੇਬੀ ਤੇ ਧੋਖੇਬਾਜ਼ ਸਰਕਾਰ ਸਿੱਖ ਕੌਮ ਦੀ ਹੋਂਦ ਖ਼ਤਮ ਕਰਨ 'ਤੇ ਤੁਲੀ ਹੋਈ ਹੈ। ਸਿੱਖ ਵਿਰਸੇ ਦੀ ਲਾਇਬਰੇਰੀ ਅਤੇ ਸਿੱਖ ਗੁਰੂਆਂ ਦੇ ਸ਼ਸਤਰਾਂ ਦਾ ਤਬਾਹ ਕੀਤੇ ਜਾਣ ਨਾਲ ਚਾਲੀ ਅੱਤਵਾਦੀਆਂ ਦਾ ਕੀ ਸਬੰਧ ਸੀ? ਸਿੱਖ ਕੌਮ ਨੂੰ ਸਿਰ ਜੋੜ ਕੇ ਸੋਚਣ ਦੀ ਲੋੜ ਹੈ।

ਪਹਿਲਾਂ ਦਰਬਾਰ ਸਾਹਿਬ ਅੰਦਰ ਨਾਦਰਸ਼ਾਹੀ ਲੁੱਟ ਮਚਾਈ ਗਈ। 32 ਲੱਖ ਰੁਪਏ ਦਸਵੰਧ ਦੀ ਕੈਸ਼ ਰਕਮ, ਸੋਨੇ ਦੀ ਮੁੱਠ ਵਾਲਾ ਪਿਸਤੌਲ, ਮ. ਰਣਜੀਤ ਸਿੰਘ ਅਤੇ ਹੋਰ ਸਿੱਖ ਮਹਾਰਾਜਿਆਂ ਵਲੋਂ ਭੇਟ ਕੀਤੀਆਂ ਭਾਂਤ-ਭਾਂਤ ਦੀਆਂ ਵੱਡਮੁੱਲੀਆਂ ਸੁਗਾਤਾਂ, 40 ਕਿਲੋ ਸੋਨਾ (ਜਿਹੜਾ ਕਿ ਗੁਰਬਚਨੇ ਨੂੰ ਮਾਰਨ ਵਾਲੇ ਨੂੰ ਸੋਨੇ ਨਾਲ ਤੋਲਣ ਲਈ ਇੱਕਠਾ ਕੀਤਾ ਗਿਆ ਸੀ) ਅਤੇ ਹੀਰੇ ਜਵਾਹਰਾਤ ਆਦਿਕ ਇਤਿਹਾਸਕ ਕੀਮਤੀ ਸੁਗਾਤਾਂ ਤੋਸ਼ੇਖ਼ਾਨੇ ਵਿੱਚੋਂ ਲੁੱਟੀਆਂ ਗਈਆਂ। ਹੋਰ ਤਾਂ ਹੋਰ ਭੁੱਖੜ ਫੌਜੀਆਂ ਲੰਗਰ ਦੇ ਅਮਿਣਵੇਂ ਘਿਉ, ਆਟੇ, ਦਾਲਾਂ ਅਤੇ ਕਣਕ ਦੇ ਅੰਬਾਰ ਵੀ ਲੁਟੱਕੇ ਖ਼ਾਲੀ ਕਰ ਵਿਖਾਏ। ਇਹ ਹੈ ਮਹਾਨ ਭਾਰਤ ਦੀ ਮਹਾਨ ਫੌਜ ਦਾ ਕਮੀਨਾ ਕਿਰਦਾਰ।

ਜਿਹੜੇ ਫੌਜੀ ਮਾਰੇ ਗਏ, ਉਹਨਾਂ ਦੀਆਂ ਜੇਬਾਂ ਤੇ ਟੋਪੀਆਂ ਵਿੱਚੋਂ ਤੋਸ਼ੇਖ਼ਾਨੇ ਦੇ ਲੁੱਟੇ ਹੀਰੇ ਜਵਾਹਰਾਤ ਨਿਕਲੇ ਸਨ। ਸਿੱਖ ਕੌਮ ਨੂੰ ਤਬਾਹ ਕਰ ਦੇਣ ਲਈ ਸਿੱਖਾਂ ਦੇ ਪੰਜ ਸੌ ਸਾਲ ਦੇ ਵਿਰਸੇ ਨੂੰ ਲੁੱਟਿਆ ਸਾੜਿਆ ਅਤੇ ਤਬਾਹ ਕੀਤਾ ਗਿਆ। ਖ਼ਾਸ ਖ਼ਾਸ ਲਿਖਤਾਂ ਦੇ ਸੌ ਤੋਂ ਵੱਧ ਬੋਰੇ ਭਰ ਕੇ ਬਾਹਰ ਲਿਜਾਏ ਗਏ ਅਤੇ ਬਾਕੀ ਦੀ ਲਾਇਬਰੇਰੀ ਨੂੰ ਫੂਕ ਦਿੱਤਾ ਗਿਆ। ਸਾਡੇ ਕੌਮ-ਵੇਚੂ ਲੀਡਰਾਂ ਅੱਜ ਤਕ ਉਸ ਮਹਾਨ ਵਿਰਸੇ ਦੀ ਕੋਈ ਉਘ-ਸੁਘ ਹੀ ਨਹੀਂ ਲਈ। ਲੈਣ ਵੀ ਕਿਉਂ? ਇਹ ਕਰੋੜਾਂ-ਅਰਬਾਂ ਵਿੱਚ ਖੇਡ ਰਹੇ ਹਨ। ਵਜ਼ਾਰਤਾਂ ਬਣ ਗਈਆਂ ਹਨ, ਕਰੋੜਾਂ-ਅਰਬਾਂ ਹੋਰ ਬਣਾਉਣ ਲਈ। ਇਹਨਾਂ ਭਾਣੇ ਕੌਮ ਤੇ ਕੌਮ ਦਾ ਵਿਰਸਾ ਤਬਾਹ ਹੋਵੇ, ਤਾਂ ਪਿਆ ਹੋਵੇ। 2500 ਪੁਰਾਤਨ ਹੱਥ ਲਿਖਤ ਬੀੜਾਂ ਨੂੰ ਅਗਨ ਭੇਟ ਕਰ ਦਿੱਤਾ ਗਿਆ, ਗੁਰੂ ਸਾਹਿਬਾਨ ਦੇ ਦਸਤਿ ਮੁਬਾਰਕ ਨਾਲ ਲਿਖੇ ਹੁਕਮਨਾਮੇ ਆਦਿਕ ਫੂਕ ਦਿੱਤੇ ਗਏ, 25 ਲੱਖ ਰੁਪਏ ਦੀਆਂ ਅਲਮਾਰੀਆਂ, ਰੈਕ, ਆਦਿਕ ਫ਼ਰਨੀਚਰ ਸਾੜਕੇ ਸੁਆਹ ਕਰ ਦਿੱਤੇ ਗਏ ਅਤੇਸਭ ਰੁਮਾਲੇ ਫੂਕ ਦਿੱਤੇ ਗਏ। ਅੱਜ

ਉਹਨਾਂ ਬੁਚੱੜਾਂ ਨਾਲ ਹੀ ਸਾਡੇ ਲੀਡਰ ਭਾਈਵਾਲੀ ਪਾਈ ਬੈਠੇ ਹਨ। ਇਹਨਾਂ ਨੂੰ ਕਦ ਹੋਸ਼ ਆਏਗੀ?

ਸੇਵਾਦਾਰਾਂ ਨੂੰ ਮਾਰ ਮੁਕਾ ਕੇ ਉਹਨਾਂ ਦੇ ਘਰਾਂ ਦੀ ਨਾਦਰਸ਼ਾਹੀ ਲੁੱਟ ਕੀਤੀ ਗਈ। ਇਸਤਰੀਆਂ ਦੀਆਂ ਪੱਤਾਂ ਲੁੱਟੀਆਂ ਗਈਆਂ ਅਤੇ ਫੇਰ ਗੋਲੀਆਂ ਨਾਲ ਭੁੰਨ ਕੇ ਉਹਨਾਂ ਨੂੰ ਖ਼ਤਮ ਕਰ ਦਿੱਤਾ ਗਿਆ। ਪਿਆਸ ਨਾਲ ਤੜਪਦਿਆਂ ਨੂੰ ਗੋਲੀਆਂ ਦਾਗੀਆਂ ਗਈਆਂ। ਘੋਨਮੋਨ ਜਨਰਲ ਬਰਾੜ ਨੇ ਦਮਦਮੀ ਟਕਸਾਲ ਦੇ ਪੰਜ ਤੋਂ ਨੌਂ ਸਾਲ ਦੇ 100 ਬੱਚਿਆਂ ਨੂੰ ਲਾਈਨਾਂ ਵਿੱਚ ਖੜੇ ਕਰਕੇ ਗੋਲੀਆਂ ਨਾਲ ਭੁੰਨਵਾਇਆ। ਇਸ ਨਿਰਦਈ, ਬੁੱਚੜ ਅਤੇ ਬੇ-ਸ਼ਰਮ ਫ਼ੌਜ ਨੇ ਤਾਂ ਜਨੇਵਾ ਕਨਵੈਨਸ਼ਨ ਦੇ ਸਾਰੇ ਅਸੂਲਾਂ ਨੂੰ ਛਿੱਕੇ 'ਤੇ ਟੰਗ ਕੇ ਆਪਣੇ ਹੀ ਹਜ਼ਾਰਾਂ ਨਿਰਦੋਸ਼ ਤੇ ਨਿਹੱਥੇ ਸ਼ਹਿਰੀ ਇਸਤਰੀਆਂ, ਬੱਚਿਆਂ, ਬਜ਼ੁਰਗਾਂ, ਜਵਾਨਾਂ, ਦੇ ਹੱਥ ਪਿੱਛੇ ਬੰਨ੍ਹਕੇ ਉਨ੍ਹਾਂ ਨੂੰ ਗੋਲੀਆਂ ਨਾਲ ਭੁੰਨਿਆ।

ਇਹ ਬੁਚੱੜ ਫ਼ੌਜ ਤਾਂ ਹਿਟਲਰ ਦੀ ਨਾਜ਼ੀ ਫ਼ੌਜ ਨੂੰ ਵੀ ਮਾਤ ਪਾ ਗਈ। ਇਸ ਜ਼ਾਲਮ ਮਨੂ ਸਰਕਾਰ ਦੇ ਜੱਜ ਵੀ ਸਿੱਖ ਨਸਲਕੁਸ਼ੀ ਕਰਨ ਵਿੱਚ ਪਿੱਛੇ ਨਹੀਂ ਸਨ ਰਹੇ। 4 ਤੋਂ 12 ਸਾਲ ਦੇ 28 ਬੱਚੇ ਸਣੇ ਨੇਤਰਹੀਣ ਬੱਚਿਆਂ ਦੇ, ਜਿਹੜੇ ਕਿ ਬੁਚੱੜ ਫ਼ੌਜ ਦੀ ਕਤਲੇਆਮ ਤੋਂ ਬਚ ਗਏ ਸਨ, ਉਹਨਾਂ ਨੂੰ ਦਫ਼ਾ 107 (ਅਮਨ ਭੰਗ ਕਰਨ) ਅਧੀਨ ਲੁਧਿਆਣਾ ਜੇਲ੍ਹ ਵਿੱਚ ਸੁਟਿਆ ਗਿਆ, ਜਿਸ ਅਨਰਥ ਨੂੰ ਵੇਖ ਕੇ ਹਿੰਦੂ ਅਖ਼ਬਾਰ 'ਇੰਡੀਅਨ ਐਕਸਪ੍ਰੈਸ' ਆਪਣੇ 29 ਅਗਸਤ 1984 ਦੇ ਪਰਚੇ ਵਿੱਚ ਦੇਣ ਲਈ ਮਜਬੂਰ ਹੋਇਆ।

ਦਰਬਾਰ ਸਾਹਿਬ ਨੂੰ ਤਬਾਹ ਕਰ ਦੇਣ ਦੇ ਮਨਸੂਬੇ ਅਧੀਨ ਬੜੀ ਬੇ-ਦਰਦੀ ਨਾਲ ਤਬਾਹੀ ਮਚਾਈ ਗਈ ਸੀ। ਪ੍ਰਕਰਮਾਂ ਦੀਆਂ ਕੰਧਾਂ, ਡਿਉੜੀਆਂ, ਬੁੰਗਿਆਂ ਅਤੇ ਹੋਰਨਾਂ ਇਮਾਰਤਾਂ 'ਤੇ ਹਜ਼ਾਰਾਂ ਗੋਲੀਆਂ ਗੋਲਿਆਂ ਦੇ ਨਿਸ਼ਾਨ ਤੇ ਮਘੋਰੇ ਪੈ ਗਏ ਸਨ। 300 ਤੋਂ ਵੱਧ ਗੋਲੀਆਂ ਗੋਲਿਆਂ ਦੇ ਨਿਸ਼ਾਨ ਇੱਕਲੇ ਦਰਬਾਰ ਸਾਹਿਬ ਦੀ ਮੁਖ ਬਿਲਡਿੰਗ 'ਤੇ ਪਏ ਸਨ। ਹਰਿਮੰਦਰ ਸਾਹਿਬ ਅੰਦਰ ਪ੍ਰਕਾਸ਼ ਹੋਏ ਗੁਰੂ ਗਰੰਥ ਸਾਹਿਬ ਦੇ ਗੋਲੀਆਂ ਨਾਲ 82 ਪੰਨਿਆਂ ਵਿੱਚ ਛੇਕ ਪੈ ਗਏ ਸਨ। ਉਥੇ ਕੀਰਤਨ ਕਰ ਰਹੇ ਕੀਰਤਨੀਆਂ ਨੂੰ ਗੋਲੀਆਂ ਨਾਲ ਉਥੇ ਹੀ ਭੁੰਨ ਕੇ ਰੱਖ ਦਿੱਤਾ ਗਿਆ।

ਬ੍ਰਾਹਮਣਵਾਦ ਨੇ ਆਪਣੇ ਘਿਨਾਉਣੇ ਕਾਲੇ ਕਾਰਿਆਂ ਦੇ ਨਿਸ਼ਾਨਾਂ ਨੂੰ, ਦਿੱਲੀ ਦੇ ਇੱਕ ਸਿੱਖ ਰਾਹੀਂ, ਰੰਗ-ਰੋਗਨ ਦੇ ਬਹਾਨੇ ਮਿਟਵਾ ਦਿੱਤਾ, ਤਾਂ ਜੋ ਦੁਨੀਆ ਨੂੰ ਅਤੇ ਆਉਣ ਵਾਲੀਆਂ ਸਿੱਖ ਨਸਲਾਂ ਨੂੰ

ਇਸ ਦੇ ਵਹਿਸ਼ੀਆਨਾ ਹਮਲੇ ਦੀ ਅਸਲੀਅਤ ਦਾ ਪਤਾ ਨਾ ਲਗ ਸਕੇ। ਸੁਆਰਥੀ, ਮੂੜ੍ਹ, ਕੌਲੀ-ਚੱਟ, ਤਕੜੇ ਪੈਸੇ ਦੀ ਚਮਕ-ਦਮਕ ਵੇਖ ਕੇ ਕੁਝ ਵੀ ਕਰਨ ਲਈ ਤਿਆਰ ਹੋ ਜਾਂਦੇ ਹਨ। ਦੋ ਸੌ ਮੀਟਰ ਦੀ ਵਿਥ 'ਤੇ ਹੀ ਇਸੇ ਮਨੂਵਾਦੀ ਸਰਕਾਰ ਨੇ ਜਲ੍ਹਿਆਂ ਵਾਲੇ ਬਾਗ਼ ਵਿੱਚ ਅੰਗਰੇਜ਼ੀ ਜਨਰਲ ਡਾਇਰ ਵਲੋਂ ਚਲਾਈਆਂ ਗਈਆਂ ਗੋਲੀਆਂ ਦੇ ਨਿਸ਼ਾਨਾਂ ਦੁਆਲੇ ਜਾਲੀ ਲਗਵਾ ਕੇ, ਉਸ ਜ਼ਖ਼ਮੀ ਯਾਦ ਨੂੰ ਸੁਰਖਿਅਤ ਰੱਖਿਆ ਹੋਇਆ ਹੈ। ਉਸ ਜਨਰਲ ਡਾਇਰ 'ਤੇ ਤਾਂ ਅੰਗਰੇਜ਼ੀ ਸਰਕਾਰ ਨੇ ਮੁਕੱਦਮਾ ਚਲਾਕੇ, ਉਸ ਦੇ ਕੀਤੇ ਜ਼ੁਲਮਾਂ ਦੀ ਉਸ ਨੂੰ ਸਜ਼ਾ ਵੀ ਦਿੱਤੀ ਸੀ, ਪਰ ਮਨੂ ਸਰਕਾਰ ਨੇ ਉਸ ਨਾਲੋਂ ਹਜ਼ਾਰਾਂ ਗੁਣਾ ਵੱਧ ਗੋਲੀਆਂ ਚਲਾ ਕੇ ਵਹਿਸ਼ੀਆਨਾ ਜ਼ੁਲਮ ਕਰਨ ਵਾਲੇ ਆਪਣੇ ਜਰਨੈਲਾਂ ਨੂੰ ਤਰੱਕੀਆਂ ਦਿੱਤੀਆਂ।

ਇਕੱਲੀ ਗੁਰੂ ਰਾਮਦਾਸ ਸਰਾਂ ਵਿੱਚ ਤਿੰਨ-ਚਾਰ ਹਜ਼ਾਰ ਤੋਂ ਵੱਧ ਨਿਹੱਥੇ ਤੇ ਨਿਰਦੋਸ਼ ਯਾਤਰੂ ਸਿੱਖਾਂ, ਇਸਤਰੀਆਂ, ਬੱਚਿਆਂ, ਬਜ਼ੁਰਗਾਂ, ਨੂੰ ਕੋਹ-ਕੋਹ ਕੇ ਮਾਰਿਆ ਗਿਆ। ਸਰਾਂ ਦਾ ਕੋਈ ਅਜਿਹਾ ਕਮਰਾ ਨਹੀਂ ਸੀ, ਜਿਥੇ ਲਾਸ਼ਾਂ ਨਹੀਂ ਸਨ। ਉਥੇ ਵੀ ਉਸੇ ਯੋਜਨਾ-ਬੱਧ ਤਰੀਕੇ ਨਾਲ ਸਿੱਖ ਨਸਲਕੁਸ਼ੀ ਕੀਤੀ ਗਈ। ਹਰ ਕਮਰੇ ਦੀ ਖਿੜਕੀ ਵਿੱਚੋਂ ਪਹਿਲਾਂ ਅੱਗ ਲਾਉਣ ਵਾਲਾ ਬੰਬ ਸੁਟਿਆ ਜਾਂਦਾ ਅਤੇ ਫੇਰ ਅੰਨ੍ਹੇਵਾਹ ਫ਼ਾਇਰਿੰਗ ਕਰਕੇ ਸਭ ਨੂੰ ਗੋਲੀਆਂ ਨਾਲ ਭੁੰਨ ਦਿੱਤਾ ਜਾਂਦਾ। ਗੁਰੂ ਰਾਮਦਾਸ ਸਰਾਂ ਦੇ ਵਿਹੜੇ ਵਿੱਚ ਡੇਢ ਹਜ਼ਾਰ ਤੋਂ ਵੱਧ ਸਿੰਘਾਂ ਸਿੰਘਣੀਆਂ ਨੂੰ ਇੱਕਠਿਆਂ ਬਿਠਾ ਕੇ ਸਰਾਂ ਦੀ ਉਪਰਲੀ ਮੰਜ਼ਲ ਤੋਂ ਗਰੇਨੇਡ ਸੁਟੇ ਗਏ। ਜਦ ਲੋਕਾਂ ਇਧਰ ਉਧਰ ਭੱਜਣਾ ਸ਼ੁਰੂ ਕੀਤਾ, ਤਾਂ ਚੌਹੀਂ ਪਾਸਿਉਂ ਬੁੱਚੜ ਫ਼ੌਜੀਆਂ ਸਭ ਨੂੰ ਗੋਲੀਆਂ ਨਾਲ ਭੁੰਨ ਸੁਟਿਆ। ਉਹਨਾਂ ਵਿੱਚ ਛੇ ਸੌ ਤੋਂ ਵੱਧ ਬੀਬੀਆਂ ਤੇ ਬੱਚਿਆਂ ਦਾ ਸ਼ਾਂਤਮਈ ਗ੍ਰਿਫ਼ਤਾਰੀ ਦੇਣ ਆਇਆ ਸੰਗਰੂਰ ਦਾ ਜਥਾ ਵੀ ਸੀ, ਜਿਸ ਦੀ ਕਮਾਂਡ ਜ਼ਿਲਾ ਸੰਗਰੂਰ ਦੇ ਜਥੇਦਾਰ ਨਛੱਤਰ ਸਿੰਘ ਤੇ ਉਹਨਾਂ ਦੀ ਮਾਤਾ ਜੀ ਕਰ ਰਹੇ ਸਨ। ਚਾਰ ਚੁਫੇਰੇ ਲਾਸ਼ਾਂ ਦੇ ਢੇਰ ਲੱਗ ਗਏ ਸਨ ਅਤੇ ਹਰ ਪਾਸੇ ਜ਼ਖ਼ਮੀ ਸਿੰਘ ਸਿੰਘਣੀਆਂ ਪਿਆਸ ਨਾਲ ਕਰਾਹ ਰਹੇ ਸਨ।

ਜੂਨ ਦਾ ਸੜਦਾ ਬਲਦਾ ਮਹੀਨਾ ਸੀ। 4 ਜੂਨ ਤੋਂ ਉਥੇ ਪਾਣੀ ਨਹੀਂ ਸੀ, ਕਿਉਂਕਿ ਬੁਚੱੜ ਫ਼ੌਜੀਆਂ ਨੇ ਪਾਣੀ ਦੀ ਟੈਂਕੀ ਤਬਾਹ ਕਰ ਦਿੱਤੀ ਸੀ ਅਤੇ ਹੈਂਡ ਪੰਪ ਉਥੇ ਕੋਈ ਹੈ ਹੀ ਨਹੀਂ ਸੀ। ਜੂਨ ਦੀ ਕਹਿਰਾਂ ਦੀ ਗਰਮੀ ਵਿੱਚ ਪਾਣੀ ਖੁਣੋਂ ਤੜਪ-ਤੜਪ ਕੇ ਸਿੰਘ, ਸਿੰਘਣੀਆਂ, ਬੱਚੇ, ਬਜ਼ੁਰਗ ਮਰ ਰਹੇ ਸਨ। ਚਾਰ ਚੁਫੇਰੇ ਖਿਲਰੀਆਂ ਲਾਸ਼ਾਂ ਵਿੱਚੋਂ ਜੇ ਕੋਈ ਪਾਣੀ ਲਈ ਤੜਫ ਰਿਹਾ ਜ਼ਖ਼ਮੀ ਸਿੰਘ ਪਾਣੀ

ਦਾ ਘੁਟ ਮੰਗਦਾ,ਤਾਂ ਉਸ ਨੂੰ ਉਸੇ ਵੇਲੇ ਗੋਲੀ ਨਾਲ ਭੁੰਨ ਕੇ ਚੁੱਪ ਕਰਾ ਦਿੱਤਾ ਜਾਂਦਾ। ਜਥੇਦਾਰ ਨਛੱਤਰ ਸਿੰਘ ਜ਼ਖ਼ਮੀ ਹਾਲਤ ਵਿੱਚ ਅੰਤਲੇ ਸਾਹਾਂ 'ਤੇ ਸਨ ਅਤੇ ਉਹਨਾਂ ਦੀ ਬਜ਼ੁਰਗ ਮਾਤਾ ਉਹਨਾਂ ਦੇ ਮੂੰਹ ਵਿੱਚ ਪਾਣੀ ਪਾਉਣ ਲਗੀ,ਤਾਂ ਇੱਕ ਫ਼ੌਜੀ ਨੇ ਉਸ ਨੂੰ ਬੱਟ ਮਾਰ ਕੇ ਆਖਿਆ ਕਿ 'ਹਟ ਬੁੜ੍ਹੀਆ,ਮਤ ਪਿਲਾ ਇਸ ਕੋ ਪਾਨੀ,ਮਰਨੇ ਦੋ ਇਸ ਕੋ।' ਇੱਕ 65 ਸਾਲ ਦਾ ਬਜ਼ੁਰਗ ਪਾਣੀ ਲਈ ਤੜਪ ਰਿਹਾ ਸੀ ਅਤੇ ਉਸ ਇੱਕ ਫ਼ੌਜੀ ਨੂੰ ਪੁੱਛਿਆ ਕਿ 'ਸਾਹਿਬ ਏਕ ਘੁੱਟ ਪਾਣੀ ਲੇ ਲੂੰ'। ਉਹ ਫੌਜੀ ਕੜਕਵੀਂ ਅਵਾਜ਼ ਵਿੱਚ ਗਾਲ੍ਹ ਕੱਢਦਿਆਂ ਬੋਲਿਆ,'ਪਾਨੀ ਨਹੀਂ ਮਿਲੇਗਾ। ਸਾਲਾ ਪਾਨੀ ਮਾਂਗਤਾ ਹੈ। ਪਹਿਲੇ ਕਹਿਤੇ ਥੇ ਹਰਿਆਣੇ ਕੋ ਪਾਨੀ ਨਹੀਂ ਦੇਨਾ, ਰਾਜਿਸਥਾਨ ਕੋ ਪਾਨੀ ਨਹੀਂ ਦੇਨਾ,ਅਬ ਤੁਮ ਕੋ ਹਰਮਜ਼ਾਦੇ ਪਾਨੀ ਪੀਨੇ ਕੇ ਲੀਏ ਭੀ ਨਹੀਂ ਮਿਲੇਗਾ।' ਮਾਵਾਂ ਭੈਣਾਂ ਦੀਆਂ ਗਾਲਾਂ ਕੱਢ ਕੇ ਹਰ ਸਿੱਖ ਨੂੰ ਦੁਰਕਾਰਿਆ,ਤਿਰਸਕਾਰਿਆ,ਫਿਟਕਾਰਿਆ ਗਿਆ। ਧੰਨ ਹਨ ਸਾਡੇ ਇਹ ਬੇਸ਼ਰਮ ਲੀਡਰ ਜਿਹੜੇ ਕੁਰਸੀਆਂ ਖਾਤਰ ਸਭ ਕੁਝ ਭੁਲਾਈ ਬੈਠੇ ਹਨ।

ਲੋਕਾਂ ਨੂੰ 4 ਜੂਨ ਤੋਂ ਬਾਅਦ ਪਾਣੀ ਨਹੀਂ ਸੀ ਮਿਲਿਆ। ਪੰਜ ਨੰਬਰ ਹਾਲ 'ਚ 35 ਬੰਦੇ ਸਨ,ਜਿਨ੍ਹਾਂ 'ਚੋਂ 31 ਪਿਆਸ ਨਾਲ ਤੜਪ ਤੜਪ ਕੇ ਮਰ ਗਏ। ਲੋਕ ਪਾਣੀ ਲਈ ਕਰਾਹ ਰਹੇ ਸਨ। ਅਜਿਹੀਆਂ ਹਜ਼ਾਰਾਂ ਲੂੰ-ਕੰਡੇ ਖੜ੍ਹੇ ਕਰ ਦੇਣ ਵਾਲੀਆਂ ਹੱਡਬੀਤੀਆਂ ਘਟਨਾਵਾਂ ਹਨ,ਜੋ ਲੇਖ ਨੂੰ ਸੀਮਤ ਰਖੱਣ ਖ਼ਾਤਰ ਇਥੇ ਨਹੀਂ ਦਿੱਤੀਆਂ ਜਾ ਸਕਦੀਆਂ। ਇਥੇ ਕੇਵਲ ਟ੍ਰਿਬਿਊਨ ਅਖ਼ਬਾਰ ਦੇ ਸਬ ਆਫ਼ਿਸ ਸ਼੍ਰੋਮਣੀ ਕਮੇਟੀ ਦੇ ਪਬਲਿਸਿਟੀ ਇੰਚਾਰਜ ਸ.ਗੁਰਮੀਤ ਸਿੰਘ ਚੀਮਾ ਦੀ ਹਮਲੇ ਸਮੇਂ ਦੀ ਇਕ ਅੱਖੀਂ ਡਿੱਠੀ ਪਾਣੀ ਦੀ ਹੱਡਬੀਤੀ ਘਟਨਾ ਦੇਣੀ ਜ਼ਰੂਰੀ ਸਮਝਦਾ ਹਾਂ,ਜਿਹੜੀ ਕਿ ਸ.ਹਰਬੀਰ ਸਿੰਘ ਭੰਵਰ ਨੇ 'ਡਾਇਰੀ ਦੇ ਪੰਨੇ' ਦੇ ਸਫ਼ਾ 129 'ਤੇ ਦਿੱਤੀ ਹੈ-

'ਇਉਂ ਲਗਦਾ ਸੀ ਜਿਵੇਂ ਫੌਜੀਆਂ ਨੂੰ ਸਿੱਖਾਂ ਦੇ ਖਿਲਾਫ ਭੜਕਾਇਆ ਗਿਆ ਹੋਵੇ,ਉਹ ਸਿੱਖ ਧਰਮ ਤੇ ਸ੍ਰੀ ਹਰਿਮੰਦਰ ਸਾਹਿਬ ਬਾਰੇ ਬੜੀਆਂ ਵਾਹਯਾਤ ਤੇ ਦਿਲ ਸਾੜਵੀਆਂ ਗੱਲਾਂ ਕਰ ਰਹੇ ਸਨ। ਇਸ ਦੀਆਂ ਮਿਸਾਲਾਂ ਇਸ ਪ੍ਰਕਾਰ ਹਨ: ਜਿਵੇਂ ਕਿ ਮੈਂ ਦੱਸਿਆ ਹੈ,ਪਾਣੀ ਦੀ ਟੈਂਕੀ ਤਬਾਹ ਹੋ ਚੁੱਕੀ ਸੀ,ਹੈਂਡ ਪੰਪ ਹੈ ਨਹੀਂ ਸੀ। ਲੋਕ ਪਾਣੀ ਤੋਂ ਪਿਆਸੇ ਮਰ ਰਹੇ ਸਨ। ਅਜੇਹੀ ਹਾਲਤ 'ਚ ਪਾਣੀ ਦੀਆਂ ਟੂਟੀਆਂ,ਜਿਥੇ ਲੋਕ ਇਸ਼ਨਾਨ ਕਰਦੇ ਸਨ ਤੇ ਕੁਝ ਲੋਕ ਪੇਸ਼ਾਬ ਕਰਦੇ ਸਨ,ਦਾ

ਪਾਣੀ ਗੰਦੀ ਨਾਲੀ ਤੋਂ ਉਛਲ ਕੇ ਇਕ ਛੋਟੀ ਛੱਪੜੀ ਦਾ ਰੂਪ ਧਾਰ ਚੁੱਕਾ ਸੀ, ਇਸ ਪਾਣੀ ਤੇ ਪੇਸ਼ਾਬ ਦੀ ਛੱਪੜੀ 'ਚ ਹੁਣ ਮਨੁੱਖੀ ਲਾਸ਼ਾਂ ਵੀ ਪਈਆਂ ਸਨ, ਜਿਨ੍ਹਾਂ ਦਾ ਲਹੂ ਵੀ ਇਸ 'ਚ ਮਿਲ ਚੁੱਕਾ ਸੀ ਅਤੇ ਸੱਚ ਜਾਣਿਓ ਇਹ ਮਨੁੱਖੀ ਲਹੂ ਤੇ ਪੇਸ਼ਾਬ ਮਿਲਿਆ ਪਾਣੀ ਹੀ ਅਸੀਂ ਸਵੇਰੇ ਚਾਰ ਵਜੇ ਤੋਂ ਲੈਕੇ ਡੇਢ ਵਜੇ ਦੁਪਹਿਰ ਤਕ ਫੌਜੀਆਂ ਦੇ ਤਰਲੇ ਲੈਕੇ ਪੀਂਦੇ ਰਹੇ ਸੀ। ਇਕ 65 ਕੁ ਸਾਲਾਂ ਦਾ ਸਿੱਖ ਬਜ਼ੁਰਗ ਪਾਣੀ ਲਈ ਤੜਫ ਰਿਹਾ ਸੀ ਉਸ ਨੇ ਇਕ ਫੌਜੀ ਨੂੰ ਕਿਹਾ, 'ਸਾਹਿਬ ਏਕ ਘੁੱਟ ਪਾਣੀ ਲੇ ਲੂੰ?' ਉਹ ਫੌਜੀ ਹਲਕੇ ਕੁੱਤੇ ਵਾਂਗ ਬੋਲਿਆ, 'ਪਾਣੀ ਨਹੀਂ ਮਿਲੇਗਾ। ਸਾਲਾ ਪਾਣੀ ਮਾਂਗਤਾ ਹੈ, ਪਹਿਲੇ ਕਹਿਤੇ ਥੇ ਹਰਿਆਣਾ ਕੋ ਪਾਣੀ ਨਹੀਂ ਦੇਨਾ, ਰਾਜਸਥਾਨ ਕੋ ਪਾਣੀ ਨਹੀਂ ਦੇਨਾ। ਅਬ ਤੁਮ ਕੋ ਹਰਾਮਜ਼ਾਦੇ ਪੀਨੇ ਕੇ ਲੀਏ ਭੀ ਪਾਣੀ ਨਹੀਂ ਮਿਲੇਗਾ'

(ਧੰਨਵਾਦ ਸਹਿਤ 'ਡਾਇਰੀ ਦੇ ਪੰਨੇ' ਸਫ਼ਾ 129 ਲਿਖਤ ਸ.ਹਰਬੀਰ ਸਿੰਘ ਜੀ ਭੰਵਰ)

ਇਤਨੀ ਵੱਡੀ ਪੱਧਰ ਦੇ ਕਤਲੇਆਮ ਮਗਰੋਂ ਜਦ ਫ਼ੌਜੀਆਂ ਲਈ ਲਾਸ਼ਾਂ ਸਾਂਭਣੀਆਂ ਔਖੀਆਂ ਹੋ ਗਈਆਂ, ਤਾਂ ਕਤਲੇਆਮ ਤੋਂ ਬਚ ਗਏ ਸਿੱਖਾਂ, ਇਸਤਰੀਆਂ, ਬੱਚਿਆਂ ਬਜ਼ੁਰਗਾਂ ਨੂੰ ਜੰਗੀ ਕੈਦੀ ਕਰਾਰ ਦੇ ਕੇ ਉਹਨਾਂ ਨੂੰ ਫ਼ੌਜੀ ਕੈਂਪਾਂ ਵਿੱਚ ਲਿਜਾਇਆ ਗਿਆ, ਜਿਥੇ ਉਹਨਾਂ ਦੀ ਪੁਣ-ਛਾਣ ਕੀਤੀ ਗਈ। 5 ਸਾਲ ਤੋਂ 80 ਸਾਲ ਦੇ ਬਜ਼ੁਰਗ ਤਕ ਦੇ ਪੁਲਿਸ ਨੇ ਫ਼ਿੰਗਰ ਪਰਿੰਟ ਲਏ ਅਤੇ ਸਲੇਟਾਂ 'ਤੇ ਉਹਨਾਂ ਦੇ ਨਾਂ ਲਿਖ ਕੇ, ਉਹਨਾਂ ਦੀਆਂ ਛਾਤੀਆਂ 'ਤੇ ਰੱਖ ਕੇ ਫ਼ੋਟੋਆਂ ਲਈਆਂ ਗਈਆਂ।

ਇੱਕ ਇੱਕ ਕਮਰੇ ਵਿੱਚ 60-70 ਮਨੁੱਖਾਂ ਨੂੰ ਪਸ਼ੂਆਂ ਵਾਂਗ ਵਾੜ ਦਿੱਤਾ ਗਿਆ, ਜਿਥੇ ਕੋਈ ਪੱਖਾ ਤਕ ਨਹੀਂ ਸੀ ਅਤੇ ਜੂਨ ਦਾ ਬਲਦਾ ਸੜਦਾ ਮਹੀਨਾ ਸੀ। ਪਸ਼ੂਆਂ ਨਾਲੋਂ ਵੀ ਭੈੜੀ ਖ਼ੁਰਾਕ। ਆਟੇ ਵਿੱਚ ਸੁੱਸਰੀ ਤੇ ਚਾਵਲਾਂ ਵਿੱਚ ਸੁੰਡੀਆਂ। ਦੇਣ ਵਾਲੇ ਫ਼ੌਜੀ ਮਾਵਾਂ ਭੈਣਾਂ ਦੀਆਂ ਗਾਲ੍ਹਾਂ ਕੱਢਕੇ, ਕੱਚੀਆਂ ਭੁੰਨੀਆਂ ਰੋਟੀਆਂ ਇੰਜ ਸੁਟਦੇ, ਜਿਵੇਂ ਕੁੱਤੇ ਅੱਗੇ ਸੁਟੀਆਂ ਜਾਂਦੀਆਂ ਹਨ। ਉਥੇ ਫ਼ੌਜੀ ਹਰ ਵੇਲੇ ਸਿੱਖਾਂ ਤੇ ਸਿੱਖਾਂ ਦੇ ਗੁਰਦੁਆਰਿਆਂ ਸਬੰਧੀ ਹੱਤਕ ਭਰੇ ਤਾਅਨੇ ਮਾਰ-ਮਾਰ ਕੇ ਸਿੱਖਾਂ ਦੀ ਅਣਖ ਤੇ ਗ਼ੈਰਤ 'ਤੇ ਸੱਟਾਂ ਮਾਰਕੇ ਸਿੱਖਾਂ ਨੂੰ ਗ਼ੁਲਾਮੀ ਦਾ ਅਹਿਸਾਸ ਕਰਾਉਂਦੇ ਸਨ। ਉਦੋਂ ਗ਼ਦਾਰ ਸਿੱਖ ਲੀਡਰਾਂ ਨੂੰ ਰੈਸਟ ਹਾਊਸਾਂ ਵਿੱਚ ਰੱਖਿਆ ਜਾ ਰਿਹਾ ਸੀ। ਹੈਰਾਨਗੀ ਹੁੰਦੀ ਹੈ

ਕਿ ਇਤਨੀ ਹੇਠੀ, ਇਤਨਾ ਅਪਮਾਨ ਅਤੇ ਇਤਨਾ ਤ੍ਰਿਸਕਾਰ ਹੋਣ ਮਗਰੋਂ ਵੀ ਸਿੱਖ ਕੌਮ ਨੇ ਕੋਈ ਸਬਕ ਨਹੀਂ ਸਿਖਿਆ।

ਸਾਰੇ ਪੰਜਾਬ ਨੂੰ ਦੁਨੀਆ ਨਾਲੋਂ ਕੱਟ ਦਿੱਤਾ ਗਿਆ ਸੀ। ਦਰਬਾਰ ਸਾਹਿਬ ਤਰਨ ਤਾਰਨ, ਗੁਰਦੁਆਰਾ ਦੂਖਨਿਵਾਰਨ ਸਾਹਿਬ ਆਦਿਕ 42 ਪ੍ਰਸਿਧ ਇਤਿਹਾਸਕ ਗੁਰਦੁਆਰਿਆਂ ਵਿੱਚ ਵੀ ਉਸੇ ਵਹਿਸ਼ੀਆਨਾ ਢੰਗ ਨਾਲ ਕਤਲੇਆਮ ਕੀਤਾ ਗਿਆ। ਹਮਲੇ ਦੀ ਖ਼ਬਰ ਸੁਣਦਿਆਂ ਹੀ ਸਿੱਖਾਂ ਹਰਿਮੰਦਰ ਸਾਹਿਬ ਵੱਲ ਵਹੀਰਾਂ ਘਤ ਦਿੱਤੀਆਂ, ਜਿਨ੍ਹਾਂ ਨੂੰ ਰਾਹ ਵਿੱਚ ਹੀ ਬੁਚੱੜ ਫ਼ੌਜ ਨੇ ਗੋਲੀਆਂ ਨਾਲ ਭੁੰਨ ਸੁੱਟਿਆ। ਹਜ਼ਾਰਾਂ ਸਿੱਖ ਸੰਗਤਾਂ ਨੂੰ ਦਰਬਾਰ ਸਾਹਿਬ ਤੇ ਹੋਰਨਾਂ ਗੁਰਦੁਆਰਿਆਂ ਅੰਦਰ ਅਤੇ ਹਜ਼ਾਰਾਂ ਦੀ ਗਿਣਤੀ ਵਿੱਚ ਪਿੰਡਾਂ ਵਿੱਚ ਸਿੱਖਾਂ, ਇਸਤਰੀਆਂ, ਬੱਚਿਆਂ ਨੂੰ ਸ਼ਹੀਦ ਕੀਤਾ ਗਿਆ। ਹਜ਼ਾਰਾਂ ਹੀ ਅੱਜ ਤਕ ਲਾ-ਪਤਾ ਹਨ। ਇਤਨੀ ਬੇ-ਦਰਦੀ ਨਾਲ, ਇਤਨੇ ਵਹਿਸ਼ੀਆਨਾ ਢੰਗ ਨਾਲ ਅਤੇ ਇਤਨੇ ਲੰਮੇ ਸਮੇਂ ਤਕ ਜ਼ੁਲਮ ਦਾ ਦੌਰ ਜਾਰੀ ਰੱਖਣ ਨਾਲ ਮਨੁਵਾਦ ਦਾ ਅਸਲੀ ਚਿਹਰਾ ਸਭ ਦੇ ਸਾਹਮਣੇ ਆ ਚੁੱਕਾ ਹੈ, ਸਿਵਾਏ ਬਾਦਲ, ਬਰਨਾਲੇ, ਟੌਹੜੇ, ਤਲਵੰਡੀ, ਵਰਗੇ ਗ਼ਦਾਰਾਂ ਦੇ। ਨਾ-ਅਹਿਲ ਤੇ ਜ਼ਮੀਰ ਫਿਰੋਸ਼ ਸਿੱਖ ਲੀਡਰ ਵੀ ਨਾਲ ਮਿਲ ਗਏ ਸਨ। ਟੌਹੜਾ 30 ਮਈ ਨੂੰ ਹਮਲੇ ਸਬੰਧੀ ਆਖਰੀ ਵਾਰ ਗਵਰਨਰ ਬੀ.ਡੀ.ਪਾਂਡੇ ਨੂੰ ਜਾ ਕੇ ਮਿਲਿਆ ਸੀ।

ਸਿੱਖਾਂ ਦੀ ਨਸਲਘਾਤ ਕਰਨ ਲਈ ਜਿਸ ਵਿਸਾਹਘਾਤ ਨਾਲ ਸਿੱਖਾਂ ਨੂੰ ਹਰ ਪਾਸਿਓਂ ਘੇਰਕੇ, ਜਿਸ ਢੰਗ ਨਾਲ ਚੁਣ-ਚੁਣ ਕੇ ਸਿੱਖਾਂ ਨੂੰ ਕੋਹ-ਕੋਹ ਕੇ ਮਾਰਿਆ ਗਿਆ ਅਤੇ ਜਿਸ ਵਿਉਂਤਬੰਦੀ ਨਾਲ ਸਿੱਖਾਂ ਨੂੰ ਗੋਲੀਆਂ ਨਾਲ ਭੁੰਨਿਆ ਗਿਆ, ਉਸ ਦਾ ਹੂ-ਬਹੂ ਖਿਚਿਆ ਨਕਸ਼ਾ 'ਆਰਮੀ ਐਕਸ਼ਨ ਇਨ ਪੰਜਾਬ' ਦੇ ਸਫ਼ਾ 46 ਦੀਆਂ ਹੇਠ ਲਿਖੀਆਂ ਲਾਈਨਾਂ ਪੜ੍ਹਨ ਵਾਲੀਆਂ ਹਨ-

> ***"The whole of Punjab and especially the Golden Temple Complex, was turned into a murderous mouse trap from where people could neither escape nor could they seek succour of any kind."***
>
> **(Army action in Punjab, page 46)**
>
> *"ਸਾਰਾ ਪੰਜਾਬ, ਵਿਸ਼ੇਸ਼ ਕਰਕੇ ਗੋਲਡਨ ਟੈਂਪਲ ਕੰਪਲੈਕਸ ਚੂਹੇ ਫਹਾਉਣ ਵਾਲੀ ਕੜਿੱਕੀ ਭਾਵ ਮੌਤ ਦੀ ਕੜਿੱਕੀ ਦਾ ਰੂਪ ਧਾਰੇ ਹੋਏ ਸਨ, ਜਿਸ ਅੰਦਰ ਫਸੇ ਲੋਕਾਂ ਲਈ ਨ ਨਿਕਲ ਸਕਣ ਦਾ ਕੋਈ ਰਾਹ ਸੀ ਅਤੇ ਨਾ ਹੀ ਕਿਸੇ ਸਹਾਇਤਾ*

ਲਈ ਚਾਰਾ-ਜੋਈ ਕਰ ਸਕਦੇ ਸਨ।"

(ਆਰਮੀ ਐਕਸ਼ਨ ਇਨ ਪੰਜਾਬ, ਸਫ਼ਾ 46)

ਉਪਰਲੀ ਹੀ ਪੁਸਤਕ ਦੇ ਸਫ਼ਾ 49 'ਤੇ ਹੇਠਲੀਆਂ ਦਰਜ ਲਾਈਨਾਂ ਉਸ ਵਹਿਸ਼ੀਆਨਾ ਹਮਲੇ ਦੀ ਇਤਿਹਾਸਕ ਥਾਂ ਵੀ ਬੜੇ ਭਾਵਪੂਰਤ ਢੰਗ ਨਾਲ ਪੇਸ਼ ਕਰਦੀਆਂ ਹਨ –

"Thus the operation Blue Star will go down in history as one of the biggest massacre of unarmed civilions by the organised military force of a nation."

"ਇਉਂ 'ਔਪਰੇਸ਼ਨ ਬਲਿਊ ਸਟਾਰ' ਇਤਿਹਾਸ ਅੰਦਰ ਇੱਕ ਕੌਮ ਦੀ ਜਥੇਬੰਦ ਫ਼ੌਜ ਵਲੋਂ ਨਿਹੱਥੇ ਸ਼ਹਿਰੀਆਂ ਦੇ ਇੱਕ ਬਹੁਤ ਵੱਡੇ ਕਤਲੇਆਮ ਕਰਕੇ ਜਾਣਿਆ ਜਾਏਗਾ।"

ਸਾਕਾ ਨੀਲਾ ਤਾਰਾ – ਖਾਸ ਘਟਨਾਵਾਂ

ਸਾਕਾ ਨੀਲਾ ਤਾਰਾ ਤੇ ਭਾਰਤੀ ਫੌਜ

ਫ਼ੌਜ ਵਲੋਂ ਲੁੱਟੇ ਗਏ ਤੋਸ਼ੇਖਾਨੇ ਦੀਆਂ ਅਮੁੱਲ ਵਸਤੂਆਂ ਦੀ ਸੰਖੇਪ ਸੂਚੀ

ਸਮੇਂ ਸਮੇਂ ਸਿੱਖ ਤੇ ਗ਼ੈਰ-ਸਿੱਖ ਸ਼ਰਧਾਲੂਆਂ, ਧਨਾਢਾਂ, ਰਾਜਿਆਂ ਅਤੇ ਮਹਾਰਾਜਿਆਂ ਵਲੋਂ ਸ਼ਰਧਾ ਵਜੋਂ ਚੜ੍ਹਾਈਆਂ ਗਈਆਂ ਕੀਮਤੀ ਤੇ ਅਮੁੱਲ ਵਸਤੂਆਂ ਦਾ ਵੇਰਵਾ ਇਸ ਪ੍ਰਕਾਰ ਹੈ:

ਇੱਕ ਗੂੜ੍ਹੇ ਲਾਲ ਰੰਗ ਦੀ ਮਖਮਲ ਦੀ ਚਾਨਣੀ, ਜਿਹੜੀ ਤਿੱਲੇ ਨਾਲ ਕਢੀ ਹੋਈ ਅਤੇ ਰੰਗ-ਬਰੰਗੇ ਬਹੁਮੁੱਲੇ ਮੋਤੀਆਂ ਦੀਆਂ ਝਾਲਰਾਂ ਨਾਲ ਸਜਾਈ ਹੋਈ ਸੀ। ਇਹ ਚਾਨਣੀ ਨਵਾਬ ਹੈਦਰਾਬਾਦ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਭੇਟਾ ਕੀਤੀ ਸੀ, ਜਿਨ੍ਹਾਂ ਨੇ ਉਹ ਹਰਿਮੰਦਰ ਸਾਹਿਬ 'ਤੇ ਚੜ੍ਹਾ ਦਿੱਤੀ ਸੀ। ਇਹ ਚਾਨਣੀ ਹੁਣ ਸੜ ਚੁੱਕੀ ਹੈ ਅਤੇ ਇਸ ਦੀ ਰਾਖ ਦੋਸ਼ਾਖ਼ਾਨੇ ਅੰਦਰ ਰੱਖੀ ਦੱਸੀ ਜਾਂਦੀ ਹੈ। ਨੌਂ ਮਣ ਤੇ ਚੌਦਾਂ ਸੇਰ ਚੰਦਨ ਵਿੱਚੋਂ 45 ਹਜ਼ਾਰ ਤਾਰਾਂ ਵਾਲਾ ਪੰਜ ਸਾਲ ਅਤੇ ਸਤ ਮਹੀਨੇ ਵਿੱਚ ਤਿਆਰ ਕੀਤਾ ਚੌਰ, ਜੋ ਇੱਕ ਮੁਸਲਮਾਨ ਫ਼ਕੀਰ ਹਾਜੀ ਮੁਹੰਮਦ ਮਸਕੀਨ ਵਲੋਂ ਹਰਿਮੰਦਰ ਸਾਹਿਬ ਵਿਖੇ 31 ਦਸੰਬਰ 1925 ਨੂੰ ਭੇਟਾ ਕੀਤਾ ਗਿਆ ਸੀ।

ਮਹਾਰਾਜਾ ਰਣਜੀਤ ਸਿੰਘ ਦੇ ਪੁੱਤਰ ਸ਼ਾਹਜ਼ਾਦਾ ਸ਼ੇਰ ਸਿੰਘ ਦੇ ਵਿਆਹ ਸਮੇਂ 108 ਸੁਚੇ ਮੋਤੀਆਂ ਜੜਿਆ ਸਿਹਰਾ। ਕੀਮਤੀ ਹੀਰਿਆਂ ਪੰਨਿਆਂ ਨਾਲ ਮੜ੍ਹਿਆ ਮੋਰ, ਜਿਸ ਦੀ ਗਰਦਨ ਨੀਲਮ ਦੀ ਬਣੀ ਹੋਈ ਹੈ ਅਤੇ ਜਿਸ ਦੀ ਚੁੰਝ ਵਿੱਚ ਮੋਤੀਆਂ ਦੀ ਮਾਲਾ ਪਕੜੀ ਹੋਈ ਹੈ। ਸੰਨ 1922-23 ਵਿੱਚ ਸ੍ਰੀ ਹਰਿਮੰਦਰ ਸਾਹਿਬ ਦੇ ਸਰੋਵਰ ਦੀ ਕਾਰ ਸੇਵਾ ਲਈ ਬਣੀਆਂ ਪੰਜ ਸੋਨੇ ਦੀਆਂ ਕਹੀਆਂ, ਜਿਨ੍ਹਾਂ ਦੇ ਦਸਤੇ ਚਾਂਦੀ ਦੇ ਹਨ। ਵੱਖ-ਵੱਖ ਸ਼ਰਧਾਲੂਆਂ ਵਲੋਂ ਭੇਟ ਕੀਤੀਆਂ 3 ਸੋਨੇ ਚਾਂਦੀ ਦੀਆਂ ਕਹੀਆਂ ਤੇ 10 ਚਾਂਦੀ ਦੇ ਬਾਟੇ। ਮਹਾਰਾਜਾ ਰਣਜੀਤ ਸਿੰਘ ਦੀ ਸੋਨੇ ਦੀ ਮੁੱਠ ਵਾਲੀ ਹੀਰੇ ਜੜੀ ਤਲਵਾਰ। ਸ੍ਰੀ ਹਰਿਮੰਦਰ ਸਾਹਿਬ ਦੇ ਚਾਰ ਦਰਵਾਜ਼ਿਆਂ ਦੀਆਂ ਸੋਨੇ ਦੀਆਂ ਜੋੜੀਆਂ। ਸ੍ਰੀ ਨਨਕਾਣਾ ਸਾਹਿਬ ਵਾਲੀ ਸ਼ਹੀਦੀ ਬੀੜ ਵੀ ਉਥੇ ਹੀ ਬਿਰਾਜਮਾਨ ਸੀ। ਇੱਕ ਸੋਨੇ ਦਾ ਛਤਰ, ਮੋਰ ਜੜਾਊ ਅਤੇ ਕਈ ਮੋਤੀਆਂ ਜੜੇ ਛਬੇ। ਸੋਨੇ ਦੀ ਪਾਲਕੀ। ਸੋਨੇ ਚਾਂਦੀ ਦੇ ਚੌਰ। ਸੋਨੇ ਦੇ ਹਾਰ। ਸੋਨੇ ਚਾਂਦੀ ਦੀਆਂ ਕਿਰਪਾਨਾਂ। ਸੋਨੇ ਚਾਂਦੀ ਦੇ ਬਣੇ ਚੱਕਰ-ਖੰਡੇ। ਮੋਤੀਆਂ ਹੀਰੇ

ਜੜਿਆ ਹਾਰ। ਚਾਂਦੀ ਦੀ ਤਸ਼ਤਰੀ, ਜੋ ਜਲੌ ਸਮੇਂ ਲਗਾਏ ਜਾਂਦੇ ਹਨ। 40 ਕਿਲੋ ਸੋਨਾ ਜਿਹੜਾ ਗੁਰਬਚਨੇ ਨਰਕਧਾਰੀ ਨੂੰ ਮਾਰਨ ਵਾਲੇ ਨੂੰ ਸੋਨੇ ਨਾਲ ਤੋਲਣ ਲਈ ਇੱਕਠਾ ਕੀਤਾ ਗਿਆ ਸੀ। ਸੋਨੇ ਦੀ ਮੁੱਠ ਵਾਲਾ ਪਿਸਤੌਲ। 32 ਲੱਖ ਰੁਪਏ ਦਸਵੰਧ ਦੀ ਕੈਸ਼ ਰਕਮ ਇਸ ਤੋਂ ਬਿਨਾਂ ਅਣਗਿਣਤ ਹੋਰ ਕੀਮਤੀ ਚਾਨਣੀਆਂ, ਸੋਨੇ ਦੇ ਸਿਹਰੇ, ਹਾਰ ਆਦਿਕ ਸ਼ਾਮਲ ਹਨ। ਅਕਾਲ ਤਖਤ ਸਾਹਿਬ ਅਤੇ ਬਾਬਾ ਅਟਲ ਸਾਹਿਬ ਦੇ ਜਲੌ ਦਾ ਸਾਮਾਨ ਵੀ ਉਥੇ ਹੀ ਹੁੰਦਾ ਸੀ।
(ਧੰਨਵਾਦ ਸਹਿਤ 'ਕਿਉਂ ਕੀਤੋ ਵੇਸਾਹੁ' ਸਫ਼ਾ 197 ਲਿਖਤ ਸ.ਨਰੈਣ ਸਿੰਘ ਜੀ।)

ਫੌਜੀਆਂ ਦੇ ਦਿਲਾਂ ਅੰਦਰ ਸਿੱਖ ਵਿਰੋਧੀ ਨਫਰਤ ਭਰੀ ਗਈ

ਸਿੱਖਾਂ ਦਾ ਖਾਤਮਾ ਕਰਨ ਲਈ ਚਾਣਕੀਆ ਨੀਤੀ ਵਲੋਂ ਬੜੀ ਖਤਰਨਾਕ ਖੇਡ ਖੇਡੀ ਗਈ ਸੀ। ਫੌਜੀਆਂ ਦੇ ਦਿਲਾਂ ਅੰਦਰ ਸਿੱਖ ਵਿਰੋਧੀ ਨਫਰਤ ਭਰੀ ਗਈ, ਉਨ੍ਹਾਂ ਨੂੰ ਦੱਸਿਆ ਗਿਆ ਕਿ ਗੁਰੂ ਗੋਬਿੰਦ ਸਿੰਘ ਦਹਿਸ਼ਤਵਾਦ ਦਾ ਸੋਮਾ ਹਨ, ਹਰ ਅੰਮ੍ਰਿਤਧਾਰੀ ਸਿੱਖ ਦਹਿਸ਼ਤਗਰਦ ਹੈ ਜਾਂ ਅਗੋਂ ਬਣਨ ਵਾਲਾ ਦਹਿਸ਼ਤਗਰਦ ਹੈ ਅਤੇ ਅਜਿਹੇ ਵਿਅਕਤੀ ਨੂੰ ਵੇਖਦੇ ਸਾਰ ਖਤਮ ਕਰ ਦੇਣਾ ਚਾਹੀਦਾ ਹੈ। ਜਿਸ ਨਾਲ ਸਿੱਖਾਂ ਦਾ ਖਾਤਮਾ ਕਰਨਾ ਸੁਰੱਖਿਆ ਬਲਾਂ ਦਾ ਨਿਸ਼ਾਨਾ ਬਣ ਗਿਆ ਸੀ। ਇਸ ਦੇ ਨਾਲ ਹੀ ਫੌਜੀਆਂ ਨੂੰ ਚੌਵੀ ਘੰਟੇ ਸ਼ਰਾਬ ਪਿਆਈ ਜਾਂਦੀ ਰਹੀ। ਸਾਕਾ ਨੀਲਾ ਤਾਰਾ ਦੇ ਫੌਜੀਆਂ ਲਈ ਸ਼ਰਾਬ ਪੀਣ ਦੀ ਖੁਲ੍ਹ ਦੇ ਦਿੱਤੀ ਗਈ। ਜਦ ਵੀ ਕੋਈ ਫੌਜੀ, ਜੋ ਵੀ ਪੀਣਾ ਚਾਹੇ, ਪੀ ਸਕਦਾ ਸੀ।

ਬਲਿਊ ਸਟਾਰ ਦੇ ਫੌਜੀਆਂ ਲਈ ਮੁਹੱਈਆ ਕੀਤੀ ਗਈ ਸ਼ਰਾਬ

40 ਅੱਤਵਾਦੀਆਂ ਨੂੰ ਪਕੜਨ ਲਈ ਜਾਂ ਸਿੱਖ ਨਸਲਘਾਤ ਕਰਨ ਲਈ ਫੌਜੀਆਂ ਨੂੰ ਸ਼ਰਾਬ ਪਿਆਉਣ ਦਾ ਪ੍ਰਬੰਧ ਕਰਨ ਵਾਸਤੇ ਪੰਜਾਬ ਸਰਕਾਰ ਦੇ 'ਕਰ ਅਤੇ ਆਬਕਾਰੀ ਵਿਭਾਗ' ਵਲੋਂ ਜਿਹੜਾ ਨੋਟੀਫਿਕੇਸ਼ਨ ਜਾਰੀ ਕੀਤਾ ਗਿਆ ਸੀ, ਉਸ 'ਚ ਸਾਫ ਕਿਹਾ ਗਿਆ ਸੀ ਕਿ ਉਹ ਸ਼ਰਾਬ ਬਲਿਊ ਸਟਾਰ ਲਈ ਤਾਇਨਾਤ ਸੁਰੱਖਿਆ ਸੈਨਾਵਾਂ ਦੇ ਅਮਲੇ ਦੀ ਵਰਤੋਂ ਵਾਸਤੇ ਸੀ। ਸਿੱਖਾਂ ਦੇ ਕਤਲੇਆਮ ਲਈ ਬਲਿਊ ਸਟਾਰ ਦੇ ਫੌਜੀਆਂ ਲਈ ਹੇਠ ਲਿਖੇ ਅਨੁਸਾਰ ਆਬਕਾਰੀ ਕਰ ਤੋਂ ਮੁਕਤ ਸ਼ਰਾਬ ਦੀਆਂ ਬੋਤਲਾਂ ਦਾ ਪ੍ਰਬੰਧ ਕੀਤਾ ਗਿਆ ਸੀ:

ਰੱਮ ਦੀਆਂ ਬੋਤਲਾਂ	7,00,000
ਵਿਸਕੀ ਦੇ ਅਧੀਏ	30,000
ਬਰਾਂਡੀ ਦੇ ਅਧੀਏ	60,000
ਬੀਅਰ ਦੀਆਂ ਬੋਤਲਾਂ	1,60,000

(ਧੰਨਵਾਦ ਸਹਿਤ ਅੰਮ੍ਰਿਤਸਰ ਸ਼੍ਰੀਮਤੀ ਗਾਂਧੀ ਦੀ ਅੰਤਲੀ ਲੜਾਈ ਸਫਾ 185, ਮਾਰਕ ਟੱਲੀ, ਸਤੀਸ਼ ਜੈਕਬ)

ਨਸ਼ੇ 'ਚ ਗੰਡੂਦ ਵਹਿਸ਼ੀ ਫੌਜੀਆਂ ਵਲੋਂ ਢਾਹੇ ਗਏ ਜ਼ੁਲਮ

ਤਪਦੀ ਦੁਪਹਿਰ ਵਿੱਚ ਸਿੰਘਾਂ ਦੇ ਹੱਥ ਪਿੱਛੇ ਬੰਨ੍ਹ ਕੇ ਉਹਨਾਂ ਨੂੰ ਲੋਹ ਵਾਂਗ ਤਪਦੇ ਫਰਸ਼ 'ਤੇ ਸੁੱਟ ਦਿੱਤਾ ਗਿਆ; ਕਈਆਂ ਨੇ ਪਲਟੀਆਂ ਮਾਰ ਕੇ ਸਰੀਰ ਨੂੰ ਝੁਲਸਣ ਤੋਂ ਬਚਾਉਣ ਦੇ ਯਤਨ ਕੀਤੇ; ਜਿਹੜੇ ਇਸ ਤਰ੍ਹਾਂ ਨਾ ਕਰ ਸਕੇ, ਉਹ ਬੁਰੀ ਤਰ੍ਹਾਂ ਸੜ ਗਏ ਅਤੇ ਉਹਨਾਂ ਦਾ ਮਾਸ ਹੀ ਨਾਲੋਂ ਲਹਿ ਗਿਆ। ਅਜਿਹੇ ਸਿੰਘਾਂ ਵਿੱਚੋਂ ਇਕ ਸਿੰਘ ਜੋ ਬਾਅਦ 'ਚ ਜੋਧਪੁਰ ਜੇਲ੍ਹ ਵਿੱਚ ਪੰਜ ਸਾਲ ਰਿਹਾ, ਉਹ ਦੱਸਦਾ ਹੈ ਕਿ ਇਹ ਜ਼ੁਲਮ ਵੇਖ ਕੇ ਇਕ ਮੁਸਲਮਾਨ ਫੌਜੀ ਅਫਸਰ ਧਾਹਾਂ ਮਾਰ ਕੇ ਰੋ ਪਿਆ ਅਤੇ ਫਿਰ ਉਸ ਸਖਤੀ ਨਾਲ ਉਹ ਵਹਿਸ਼ੀਆਨਾ ਖੇਡ ਬੰਦ ਕਰਵਾ ਕੇ ਕਈ ਸਿੱਖ ਨੌਜਵਾਨਾਂ ਦੀਆਂ ਜਾਨਾਂ ਬਚਾਈਆਂ। ਉਸ ਸਿੰਘ ਅਨੁਸਾਰ ਉਹਨਾਂ ਨੂੰ ਬਾਅਦ ਵਿੱਚ ਪਤਾ ਲੱਗਿਆ ਕਿ ਉਹ ਇਕ ਮੁਸਲਮਾਨ ਫੌਜੀ ਸੀ।

ਦਰਬਾਰ ਸਾਹਿਬ ਦੀ ਬੇਹੁਰਮਤੀ 'ਤੇ ਹਰ ਪਾਸਿਓਂ ਸਿੱਖ ਵਹੀਰਾਂ ਘੱਤ ਕੇ ਸੈਂਕੜੇ ਹਜ਼ਾਰਾਂ ਅੰਮ੍ਰਿਤਸਰ ਵੱਲ ਦੌੜੇ। ਇਕ ਫੌਜੀ ਅਨੁਸਾਰ ਹਰ ਘੰਟੇ ਨਾਲ ਹਜੂਮ 'ਚ ਵਾਧਾ ਹੋ ਰਿਹਾ ਸੀ। ਹਰ ਅਗਲਾ ਹਜੂਮ ਜਿਹੜਾ ਸਾਨੂੰ ਮਿਲਦਾ, ਵਧੇਰੇ ਰੋਹ 'ਚ ਹੁੰਦਾ ਅਤੇ ਸਾਨੂੰ ਉਸ ਦੇ ਵਿਰੁੱਧ ਉਤਨੀ ਜ਼ਿਆਦਾ ਤਾਕਤ ਵਰਤਣੀ ਪੈਂਦੀ ਸੀ। ਹਜ਼ਾਰਾਂ ਦੀ ਗਿਣਤੀ 'ਚ ਲੋਕ ਮਾਰੇ ਗਏ ਸਨ। ਫੌਜ ਨੇ ਦਿਲ ਖੋਲ੍ਹ ਕੇ ਬੰਦੂਕ ਦੀ ਵਰਤੋਂ ਕੀਤੀ ਅਤੇ ਜਿਤਨੇ ਵੱਧ ਤੋਂ ਵੱਧ ਸਿੱਖ ਮਾਰ ਸਕਦੇ ਸਨ, ਉਹਨਾਂ ਬੜੀ ਬੇਕਿਰਕੀ ਨਾਲ ਮਾਰੇ। ਹੈਲੀਕਾਪਟਰਾਂ ਦੀਆਂ ਗਸ਼ਤੀ ਪਾਰਟੀਆਂ ਪੰਜਾਬ ਦੇ ਸਾਰੇ ਪਿੰਡਾਂ 'ਤੇ ਅੱਖ ਰੱਖ ਰਹੀਆਂ ਸਨ, ਸਾਰੇ ਪੰਜਾਬ 'ਚ ਸੈਂਕੜੇ ਵਾਇਰਲੈਸ ਸੈਟਾਂ ਰਾਹੀਂ ਸਾਰੇ ਅਫਸਰਾਂ ਲਈ 'ਗਲੀਆਂ ਬਜ਼ਾਰਾਂ ਵਿੱਚ ਦਿਸਦੇ ਕਿਸੇ ਵੀ ਵਿਅਕਤੀ ਨੂੰ ਵੇਖਦਿਆਂ ਸਾਰ ਗੋਲੀ ਮਾਰ ਦਿੱਤੀ ਜਾਏ ਅਤੇ ਹਜੂਮ 'ਤੇ ਤੁਰੰਤ ਗੋਲੀਆਂ ਚਲਾਈਆਂ ਜਾਣ' ਦੇ ਹੁਕਮ ਬਾਰ-ਬਾਰ ਦੁਹਰਾਏ ਜਾ ਰਹੇ ਸਨ।

ਇੰਦਰਾ ਡੈਣ ਵਲੋਂ 3 ਜੂਨ ਤੋਂ 7 ਜੂਨ ਤਕ ਦੇ ਸਾਕਾ ਨੀਲਾ ਤਾਰਾ ਦੇ ਸਮੇਂ 'ਚ 100,000 ਤੋਂ 1,20,000 ਸਿੱਖ ਨੌਜਵਾਨਾਂ, ਬਜ਼ੁਰਗਾਂ, ਇਸਤਰੀਆਂ ਤੇ ਬੱਚਿਆਂ ਦਾ ਘਾਣ ਕੀਤਾ ਗਿਆ ਸੀ। ਇਥੇ ਇਹ ਗੱਲ ਧਿਆਨ 'ਚ ਰੱਖਣ ਵਾਲੀ ਹੈ ਕਿ ਸਿੱਖਾਂ ਦਾ ਕਤਲੇਆਮ ਅੱਜ ਤਕ ਜਾਰੀ ਹੈ।

ਫੌਜੀ ਇਤਨੇ ਪੱਥਰ ਦਿਲ ਸਨ ਕਿ ਨਿਹੱਥੇ ਡਰਦਿਆਂ ਦੀਆਂ ਚੀਕਾਂ, ਸੜਦਿਆਂ ਦੀਆਂ ਆਹਾਂ, ਮਰਦਿਆਂ ਦੇ ਕੀਰਨੇ, ਬੱਚਿਆਂ ਦੀ ਬੇਬਸੀ, ਇਸਤਰੀਆਂ ਦੀ ਬੇਪਤੀ, ਨਿਹੱਥਿਆਂ ਦੇ ਤਰਲੇ ਅਤੇ ਕਰਾਹੁੰਦੇ ਫੱਟੜ ਵੀ ਉਹਨਾਂ 'ਤੇ ਕੋਈ ਅਸਰ ਨਾ ਕਰ ਸਕੇ। ਚੁਰਾਸੀ ਦੇ ਘੱਲੂਘਾਰਿਆਂ ਸਮੇਂ ਸਿੱਖਾਂ ਦੇ ਅਖੌਤੀ ਹਮਦਰਦ ਗੁਜਰਾਲ ਨੂੰ ਵੀ ਸੱਪ ਸੁੰਘ ਗਿਆ ਸੀ।

ਸਿੱਖ ਕੌਮ ਨੂੰ ਸਿਰ ਜੋੜ ਕੇ ਸੋਚਣ ਦੀ ਲੋੜ ਹੈ। ਚਾਲੀ ਅੱਤਵਾਦੀਆਂ ਨੂੰ ਪਕੜਨ ਦੇ ਬਹਾਨੇ ਜਿਹੜਾ ਜ਼ੁਲਮ ਤੇ ਅਤਿਆਚਾਰ ਹੈ, ਜਿਹੜਾ ਇਸ ਮੱਕਾਰ ਸਰਕਾਰ ਨੇ ਨਹੀਂ ਕੀਤਾ। ਦਰਬਾਰ ਸਾਹਿਬ ਦੇ ਆਸ ਪਾਸ ਦੀਆਂ ਇਮਾਰਤਾਂ ਉਤੇ ਟੈਂਕਾਂ ਨਾਲ ਗੋਲੇ ਮਾਰ-ਮਾਰ ਕੇ ਹਰ ਪਾਸੇ ਤਬਾਹੀ ਮਚਾਈ ਗਈ। ਅਕਾਲ ਤਖ਼ਤ ਸਾਹਿਬ ਢਹਿ-ਢੇਰੀ ਕਰਨ ਮਗਰੋਂ ਸਾਰੇ ਦਰਬਾਰ ਸਾਹਿਬ ਅੰਦਰ ਨਿਰਦੋਸ਼ ਸਿੱਖ ਯਾਤਰੂਆਂ ਦੀ ਕਤਲੇਆਮ ਕੀਤੀ ਗਈ। ਚਾਰੇ ਪਾਸੇ ਪਰਕਰਮਾਂ 'ਤੇ ਲਾਸ਼ਾਂ ਦੇ ਢੇਰ ਲਗ ਗਏ ਸਨ। ਲਾਲ ਸੂਹੇ ਸਰੋਵਰ ਵਿੱਚ ਲਾਸ਼ਾਂ ਤਰ ਰਹੀਆਂ ਸਨ। ਲਾਸ਼ਾਂ ਦੇ ਇਤਨੇ ਢੇਰ ਲਗ ਗਏ ਸਨ ਕਿ 20 ਜੂਨ ਤਕ ਰਾਗੀ ਸਿੰਘ ਨੱਕ 'ਤੇ ਰੁਮਾਲ ਰੱਖ ਕੇ ਕੀਰਤਨ ਲਈ ਅੰਦਰ ਜਾਂਦੇ ਰਹੇ, ਕਿਉਂਕਿ ਹਜ਼ਾਰਾਂ ਲਾਸ਼ਾਂ ਨਹੀਂ ਸਨ ਸਾਂਭੀਆਂ ਜਾ ਸਕੀਆਂ। ਜ਼ੁਲਮ ਤੇ ਕਹਿਰ ਦੀ ਵੀ ਕੋਈ ਹੱਦ ਹੁੰਦੀ ਹੈ। ਦਰਬਾਰ ਸਾਹਿਬ ਅੰਦਰ ਅਤੇ ਬਾਹਰ ਆਲੇ ਦੁਆਲੇ ਅਜਿਹੀ ਨਾਦਰਸ਼ਾਹੀ ਲੁੱਟ ਮਚਾਈ ਕਿ ਰਹੇ ਰੱਬ ਦਾ ਨਾਂ।

ਵਹਿਸ਼ੀ ਫੌਜੀਆਂ ਵਲੋਂ ਢਾਹੇ ਗਏ ਜ਼ੁਲਮਾਂ ਬਾਰੇ ਏ.ਆਰ.ਦਰਸ਼ੀ ਨੇ ਆਪਣੀ ਪੁਸਤਕ 'ਜਾਂਬਾਜ਼ ਰਾਖਾ' ਦੇ ਸਫਾ 112-113 'ਤੇ ਖਾਲਸਾ ਸਕੂਲ ਪਾਉਂਟਾ ਸਾਹਿਬ ਦੀ ਇਕ ਸਿੱਖ ਅਧਿਆਪਕਾਂ ਦੀ ਹੱਡਬੀਤੀ ਦਾ ਜ਼ਿਕਰ ਕੀਤਾ ਹੈ, ਜਿਸ ਨੇ ਅਰਸ਼ੀ ਸਾਹਿਬ ਨੂੰ ਦੱਸਿਆ ਕਿ ਉਹ ਤੇ ਉਸ ਦੇ ਦੋ ਅਧਿਆਪਕ ਸਾਥੀ - ਇਕ ਮਰਦ ਤੇ ਇਕ ਔਰਤ ਛੇ ਤੋਂ ਚੌਦਾਂ ਸਾਲ ਤਕ ਦੀ ਉਮਰ ਦੇ 65 ਬੱਚੇ ਲੈਕੇ ਬੱਸ ਰਾਹੀਂ 2 ਜੂਨ 1984 ਨੂੰ ਗੁਰੂ ਅਰਜਨ ਸਾਹਿਬ ਦਾ ਸ਼ਹੀਦੀ ਗੁਰਪੁਰਬ ਮਨਾਉਣ ਲਈ ਦਰਬਾਰ ਸਾਹਿਬ ਪਹੁੰਚੇ। ਫੌਜ ਵਲੋਂ ਸਖਤ

ਕਰਫਿਊ ਕਾਰਨ ਉਹ ਉਥੇ ਘਿਰ ਗਏ ਅਤੇ ਗੁਰੂ ਰਾਮਦਾਸ ਸਰਾਂ ਦੇ ਹਾਲ ਕਮਰੇ 'ਚ ਸੁੰਗੜ ਕੇ ਟਿਕ ਗਏ।

ਖੂਨ ਦੇ ਤਿਹਾਏ ਫੌਜੀ ਆਏ ਅਤੇ ਮਰਦ ਅਧਿਆਪਕ ਦੇ ਨਾਲ 33 ਬੱਚਿਆਂ ਨੂੰ 5-6 ਦੀ ਵਿਚਕਾਰਲੀ ਰਾਤ ਨੂੰ ਗੋਲੀਆਂ ਨਾਲ ਭੁੰਨ ਸੁੱਟਿਆ। ਜੇਲ੍ਹ 'ਚ ਬੰਦ ਉਸ ਅਧਿਆਪਕਾ ਨੇ ਦੱਸਿਆ ਕਿ ਫੌਜੀਆਂ ਨੇ ਉਸ ਨਾਲ ਮੂੰਹ ਕਾਲਾ ਕੀਤਾ ਅਤੇ ਉਸ ਦੀ ਸਾਥਣ ਅਧਿਆਪਕਾ ਨੂੰ ਅਣਦੱਸੀ ਥਾਂ ਤੇ ਲੈ ਗਏ। ਜ਼ਿੰਦਾ ਬਚ ਗਏ ਬਾਕੀ ਦੇ 32 ਬੱਚਿਆਂ ਨੂੰ ਵੀ ਦਰਸ਼ੀ ਸਾਹਿਬ ਜੇਲ੍ਹ 'ਚ ਮਿਲੇ ਜੋ ਫੌਜੀਆਂ ਦੀ ਦਹਿਸ਼ਤ ਨਾਲ ਸਹਿਮੇ ਪਏ ਸਨ। ਫੌਜੀਆਂ ਦੀ ਵਹਿਸ਼ਤ ਬਾਰੇ ਅਰਸ਼ੀ ਸਾਹਿਬ ਲਿਖਦੇ ਹਨ:

'ਮੈਂ ਵਹਿਸ਼ਤ ਦੀ ਇਹ ਭਿਅੰਕਰ ਤੇ ਹੌਲਨਾਕ ਕਹਾਣੀ ਸੁਣ ਕੇ ਹੱਕਾ-ਬੱਕਾ ਰਹਿ ਗਿਆ। ਮੈਂ ਕਦੇ ਕਿਆਸ ਵੀ ਨਹੀਂ ਸੀ ਕਰ ਸਕਦਾ ਕਿ ਭਾਰਤੀ ਫੌਜ ਇੰਨੀ ਨਿਰਦਈ, ਇੰਨੀ ਜ਼ਾਲਮ, ਇੰਨੀ ਰਾਖਸ਼ੀ ਅਤੇ ਇੰਨੀ ਚਰਿਤਰਹੀਣ ਹੋ ਸਕਦੀ ਹੈ।' (ਜਾਂਬਾਜ਼ ਰਾਖਾ ਸਫਾ 112-113, ਏ.ਆਰ.ਦਰਸ਼ੀ)

ਪਾਕਿਸਤਾਨ ਨਾਲ ਲੜਾਈ ਤੋਂ ਵੀ ਵੱਧ ਫੌਜ ਝੋਕੀ ਗਈ ਸੀ

ਇਹ ਟੱਕਰ ਹਥਿਆਰਾਂ ਦੇ ਪੱਖੋਂ ਅਤੇ ਨਫਰੀ ਦੇ ਪੱਖੋਂ ਬਿਲਕੁਲ ਬੇਮੇਚੀ ਸੀ। ਇਕ ਪਾਸੇ ਦੁਨੀਆ ਦੀ ਸ਼ਕਤੀਸ਼ਾਲੀ ਫੌਜ ਜਿਸ ਕੋਲ ਟੈਂਕ, ਬਖਤਰਬੰਦ ਗੱਡੀਆਂ, ਹਵਾਈ ਜਹਾਜ਼, ਹੈਲੀਕਾਪਟਰ, ਤੋਪਖਾਨੇ, ਸਪੈਸ਼ਲ ਕਮਾਂਡੋਜ਼ ਸਨ। ਸੱਤ ਡਵੀਯਨਾਂ ਫੌਜ ਦੀਆਂ ਸਨ। ਇਕੱਲੇ ਦਰਬਾਰ ਸਾਹਿਬ 'ਤੇ ਹਮਲਾ ਕਰਨ ਲਈ 15000 ਫੌਜੀ ਹਿੱਸਾ ਲੈ ਰਹੇ ਸੀ। ਦੂਜੇ ਪਾਸੇ ਗਿਣਤੀ ਦੇ ਡੇਢ ਕੁ ਸੌ ਜੁਝਾਰੂ ਸਿੰਘ ਸਨ ਜਿਨ੍ਹਾਂ ਕੋਲ ਹਲਕੀਆਂ ਮਸ਼ੀਨਗੰਨਾਂ ਹੀ ਸਨ, ਕੋਈ ਭਾਰੀ ਮਸ਼ੀਨਗੰਨ ਨਹੀਂ ਸੀ। ਇਹ ਆਪਣੇ ਧਰਮ ਤੇ ਆਪਣੇ ਸਭਿਆਚਾਰ ਦੀ ਰਾਖੀ ਲਈ ਲੜ ਰਹੇ ਸਨ ਕਿਸੇ ਦੇ ਧਰਮ ਜਾਂ ਸਭਿਆਚਾਰ ਨੂੰ ਉਜਾੜਨ ਲਈ ਨਹੀਂ।

ਫੌਜੀ ਜਰਨੈਲ ਜਿਸ ਲੜਾਈ ਨੂੰ ਦੋ ਜਾਂ ਤਿੰਨ ਘੰਟਿਆਂ 'ਚ ਸਮੇਟ ਦੇਣ ਦੀ ਖੁਸ਼ਫਹਿਮੀ ਪਾਈ ਬੈਠੇ ਸਨ, ਉਹ ਸਭ ਕਾਫੂਰ ਹੋ ਕੇ ਉਡ ਗਈ ਸੀ। ਫੌਜਾਂ ਮਸ਼ੀਨਗੰਨਾਂ ਦੇ ਗੋਲੇ ਵਰ੍ਹਾ ਕੇ ਹੰਭ ਗਈਆਂ ਸਨ ਪਰ ਦੋ ਘੰਟਿਆਂ 'ਚ ਉਨ੍ਹਾਂ ਦੇ ਫੰਨੇ ਖਾਂ ਕਹੇ ਜਾਂਦੇ ਕਮਾਂਡੋਜ਼ ਪਰਕਰਮਾਂ 'ਚ ਪੈਰ ਨਹੀ ਸਨ ਧਰ ਸਕੇ।

ਦਰਬਾਰ ਸਾਹਿਬ ਨੂੰ ਜਿੱਤੇ ਹੋਏ ਇਲਾਕੇ ਵਾਂਗ ਸਮਝਿਆ ਗਿਆ ਅਤੇ ਜੇਤੂ ਸਿਪਾਹੀਆਂ ਦੇ ਸ਼ਰਾਬ, ਕਬਾਬ ਅਤੇ ਸਿਗਰਟਾਂ ਦੇ ਦੌਰ ਚਲ

ਦੇ ਰਹੇ ਸਨ। ਜੇਤੂ ਫੌਜੀਆਂ ਵਲੋਂ ਦਰਬਾਰ ਸਾਹਿਬ ਅੰਦਰ ਜਾਣ ਬੂਝ ਕੇ ਬੂਟਾਂ ਸਮੇਤ ਤੁਰਨਾ-ਫਿਰਨਾ ਵੀ ਸਿੱਖੀ ਦੀ ਅਣਖ ਨੂੰ ਭੰਨਣ ਲਈ ਕੀਤਾ ਗਿਆ ਸੀ।

ਦਰਬਾਰ ਸਾਹਿਬ ਅੰਮ੍ਰਿਤਸਰ 'ਤੇ ਫੌਜਾਂ ਦੀ ਜਿੱਤ ਹੁੰਦਿਆਂ ਸਾਰ ਅੰਮ੍ਰਿਤਸਰ ਵਿੱਚ ਹਿੰਦੂਆਂ ਵਲੋਂ ਜਸ਼ਨ ਮਨਾਏ ਗਏ, ਮਿਠਾਈਆਂ ਵੰਡੀਆਂ ਗਈਆਂ ਅਤੇ ਫੌਜੀਆਂ ਨੂੰ ਸ਼ਰਾਬਾਂ ਪਿਲਾਈਆਂ ਗਈਆਂ। ਜਿੱਥੇ ਦੁਨੀਆ ਭਰ ਦੇ ਹਿੰਦੂਆਂ ਵਲੋਂ ਇਸ ਜਿੱਤ ਨੂੰ ਹਿੰਦੂ ਮੱਤ ਦੀ ਸਿੱਖ ਮੱਤ 'ਤੇ ਜਿੱਤ ਵਜੋਂ ਧੂਮ-ਧਾਮ ਨਾਲ ਮਨਾਇਆ ਗਿਆ, ਉਥੇ ਸਿੱਖ ਮਾਨਸਿਕਤਾ ਇਸ ਬੇਹੁਰਮਤੀ ਨਾਲ ਜ਼ਖ਼ਮੀ ਹੋਕੇ ਬਹੁਤ ਪੀੜਤ ਹੋਈ।

ਜਦ ਸੰਤ ਭਿੰਡਰਾਂਵਾਲੇ ਅਤੇ ਉਨ੍ਹਾਂ ਦੇ ਸਾਥੀ ਦਰਬਾਰ ਸਾਹਿਬ ਦੀ ਰਾਖੀ ਕਰ ਰਹੇ ਸਨ ਤਾਂ ਲੌਂਗੋਵਾਲ-ਟੌਹੜਾ ਆਦਿ ਗ਼ਦਾਰਾਂ ਦਾ ਟੋਲਾ ਸ਼੍ਰੋਮਣੀ ਕਮੇਟੀ ਦੇ ਦਫਤਰ 'ਚ ਲੁਕ ਕੇ ਬੈਠਿਆ ਰਿਹਾ। ਇਹਨਾਂ ਗ਼ਦਾਰਾਂ ਨੇ ਸਹੁੰਆਂ ਖਾਧੀਆਂ ਸਨ ਜਾਨਾਂ ਵਾਰ ਦੇਣ ਦੀਆਂ। ਜਦ ਮੌਕਾ ਆਇਆ ਤਾਂ ਚੂਹਿਆਂ ਵਾਂਗ ਲੁਕ ਗਏ ਅਤੇ ਉਥੋਂ ਕੱਢੇ ਜਾਣ ਲਈ ਬੇਸਬਰੀ ਨਾਲ ਫੌਜ ਦੀ ਉਡੀਕ ਕਰਦੇ ਰਹੇ। ਸਿੱਖਾਂ ਇਤਿਹਾਸ 'ਚ ਇਹ ਪਹਿਲੇ ਡਰਪੋਕ ਗ਼ਦਾਰ ਹਨ ਜਿਨ੍ਹਾਂ ਦਰਬਾਰ ਸਾਹਿਬ ਦੀ ਰਾਖੀ ਲਈ ਜਾਨਾਂ ਵਾਰਨ ਦੀ ਬਜਾਏ ਆਪਣੀਆਂ ਜਾਨਾਂ ਬਚਾਈਆਂ।

ਜਦ ਕਮਾਂਡੋ ਇਹਨਾਂ ਗ਼ਦਾਰਾਂ ਨੂੰ ਲੱਭਦੇ-ਲੱਭਦੇ ਦਾਖਲ ਹੋਏ ਤਾਂ ਉਥੇ ਲੁਕੇ ਸਾਰੇ ਵਿਅਕਤੀਆਂ ਨੇ ਬਿਨਾਂ ਕਿਸੇ ਹੀਲ-ਹੁੱਜਤ ਦੇ ਬਾਹਵਾਂ ਖੜੀਆਂ ਕਰਕੇ ਆਤਮ ਸਮਰਪਣ ਕਰ ਦਿੱਤਾ। ਇਹਨਾਂ 'ਚ ਲੌਂਗੋਵਾਲ, ਟੌਹੜਾ, ਭਾਨ ਸਿੰਘ, ਬਲਵੰਤ ਸਿੰਘ ਰਾਮੂਵਾਲੀਆ ਅਤੇ ਸ਼੍ਰੋਮਣੀ ਕਮੇਟੀ ਦਾ ਸਹਾਇਕ ਸਕੱਤਰ ਅਬਿਨਾਸ਼ੀ ਸਿੰਘ ਸ਼ਾਮਲ ਸਨ। ਟੌਹੜੇ ਤੇ ਲੌਂਗੋਵਾਲ ਨੂੰ ਬਾਕੀਆਂ ਨਾਲੋਂ ਵੱਖ ਕਰਕੇ ਸੁਰੱਖਿਅਤ ਥਾਂ ਲਿਜਾਇਆ ਗਿਆ ਅਤੇ ਬਾਕੀਆਂ ਨੂੰ ਗੁਰੂ ਰਾਮਦਾਸ ਸਰਾਂ ਦੇ ਅੰਦਰਲੇ ਅਹਾਤੇ 'ਚ ਬਿਠਾ ਬਿਠਾ ਦਿੱਤਾ ਗਿਆ। ਉਪਰੋਂ ਗੋਲੀ ਚਲਾ ਦਿੱਤੀ ਗਈ ਅਤੇ ਹੱਥਗੋਲੇ ਸੁੱਟ ਕੇ ਬਹੁਤਿਆਂ ਨੂੰ ਖਤਮ ਕਰ ਦਿੱਤਾ ਗਿਆ।

ਫੌਜੀਆਂ ਗ਼ਦਾਰ ਲੀਡਰਾਂ ਨੂੰ ਬਚਾਇਆ

ਸ਼੍ਰੋ.ਗੁ.ਪ੍ਰ.ਕਮੇਟੀ ਦੇ ਜਨਰਲ ਸਕੱਤਰ ਅਨੁਸਾਰ ਜਦ ਅਕਾਲੀ ਆਗੂਆਂ ਨੂੰ ਲੱਭਕੇ ਹਿਰਾਸਤ 'ਚ ਲਿਆ ਜਾ ਰਿਹਾ ਸੀ ਤਾਂ ਕੋਈ 250 ਬੰਦੇ ਵੀ ਤੇਜਾ ਸਿੰਘ ਸਮੁੰਦਰੀ ਹਾਲ ਤੋਂ ਬਾਹਰ ਆ ਗਏ।

ਫੌਜੀਆਂ ਨੇ ਉਹਨਾਂ 'ਤੇ ਅੰਨ੍ਹੇਵਾਹ ਗੋਲੀਆਂ ਦੀ ਬੁਛਾੜ ਕੀਤੀ ਅਤੇ ਇਕ ਗਰੀਨੇਡ ਸ਼ੁੱਟਿਆ। ਇਤਨੇ ਚਿਰ 'ਚ ਲੌਂਗੋਵਾਲ ਆਇਆ ਅਤੇ ਉਸ ਕਿਹਾ ਕਿ ਉਹਨਾਂ ਨੂੰ ਨਾ ਮਾਰੋ ਉਹ ਅੱਤਵਾਦੀ ਨਹੀਂ ਸਗੋਂ ਸ਼੍ਰੋ.ਗੁ.ਪ੍ਰ.ਕਮੇਟੀ ਦੇ ਕਰਮਚਾਰੀ ਹਨ। ਪਰ ਉਹਨਾਂ ਫੌਜੀਆਂ ਨੂੰ ਤਾਂ ਕੇਵਲ ਗਦਾਰ ਲੀਡਰਾਂ ਨੂੰ ਬਚਾਉਣ ਦੇ ਹੀ ਆਰਡਰ ਸਨ। ਆਮ ਸਿੱਖਾਂ ਨੂੰ ਤਾਂ ਖਤਮ ਕੀਤਾ ਜਾਣਾ ਸੀ। 70 ਬੰਦੇ ਮਾਰ ਦਿੱਤੇ ਗਏ ਜਿਨ੍ਹਾਂ 'ਚ 35 ਔਰਤਾਂ ਸਨ ਅਤੇ 5 ਬੱਚੇ ਸਨ।

ਸ਼੍ਰੋ.ਗੁ.ਪ੍ਰ.ਕਮੇਟੀ ਦੇ ਸਕੱਤਰ ਭਾਨ ਸਿੰਘ ਅਨੁਸਾਰ 6 ਜੂਨ ਨੂੰ ਜਦ ਉਸ ਨੇ ਜ਼ਖਮੀਆਂ ਲਈ ਡਾਕਟਰੀ ਸਹਾਇਤਾ ਮੰਗੀ ਤਾਂ ਉਸ ਵੇਖਿਆ ਕਿ 35-36 ਸਿੱਖ ਨੌਜਵਾਨਾਂ ਦੇ ਸਿਰਾਂ ਦੇ ਉਪਰ ਹੱਥ ਖੜੇ ਕਰਾਕੇ ਕਤਾਰ 'ਚ ਖੜੇ ਕੀਤਿਆਂ ਨੂੰ ਇਕ ਮੇਜਰ ਗੋਲੀ ਮਾਰਨ ਦਾ ਹੁਕਮ ਦੇਣ ਵਾਲਾ ਸੀ। ਉਦੋਂ ਉਸ ਨੇ ਜੱਦ ਜ਼ਖਮੀਆਂ ਲਈ ਡਾਕਟਰੀ ਸਹਾਇਤਾ ਲਈ ਕਿਹਾ ਤਾਂ ਅੱਗੋਂ ਉਹ ਮੇਜਰ ਲੋਹਾ ਲਾਖਾ ਹੋ ਗਿਆ। ਉਸ ਤੇਜ਼ੀ ਨਾਲ ਉਸ ਦੇ ਸਿਰ ਤੋਂ ਪੱਗ ਲਾਹੀ ਅਤੇ ਆਪਣੇ ਸਿਪਾਹੀਆਂ ਨੂੰ ਆਖਿਆ ਕਿ ਇਸ ਨੂੰ ਗੋਲੀ ਮਾਰ ਦਿਓ। ਉਸ ਪਿੱਛੇ ਮੁੜ ਕੇ ਜ਼ਖਮੀਆਂ ਦੇ ਉਪਰ ਦੀ ਛਲਾਂਗਾਂ ਮਾਰਦੇ ਨੇ ਆਪਣੀ ਜਾਨ ਬਚਾਈ ਸੀ। ਉਹ 35-36 ਸਿੱਖ ਗੋਲੀਆਂ ਨਾਲ ਭੁੰਨ ਦਿੱਤੇ ਗਏ ਸਨ।

6 ਜੂਨ ਨੂੰ 'ਕੁਮਾਓਂ ਰਜਮੈਂਟ ਵਲੋਂ ਸਵੇਰੇ ਗੁਰੂ ਰਾਮਦਾਸ ਸਰਾਂ 'ਚੋਂ 150 ਕੁ ਬੰਦਿਆਂ ਨੂੰ ਬਾਹਰ ਕੱਢਕੇ ਹੱਥ ਖੜੇ ਕਰਨ ਲਈ ਕਿਹਾ ਅਤੇ ਉਹਨਾਂ ਨੂੰ ਗੋਲੀਆਂ ਨਾਲ ਭੁੰਨ ਦਿੱਤਾ ਗਿਆ। ਬੀ.ਬੀ.ਸੀ. ਦੇ ਮਾਰਕ ਟਲੀ ਨੇ ਇਹ ਘਟਨਾ ਆਪਣੀ ਪੁਸਤਕ 'ਚ ਨੋਟ ਕੀਤੀ ਹੈ। ਇਵੇਂ ਹੀ ਉਦੋਂ ਕੁਝ ਸਿੱਖਾਂ ਨੂੰ ਆਪਣੀਆਂ ਪਗੜੀਆਂ ਲਾਹ ਦੇਣ ਦਾ ਹੁਕਮ ਦਿੱਤਾ ਗਿਆ ਜਿਨ੍ਹਾਂ ਨਾਲ ਉਹਨਾਂ ਦੇ ਹੱਥ ਪਿੱਛੇ ਬੰਨ ਦਿੱਤੇ ਗਏ ਅਤੇ ਫੌਜੀਆਂ ਨੇ ਆਪਣੀਆਂ ਰਫਲਾਂ ਦੇ ਬੱਟ ਉਹਨਾਂ ਦੇ ਸਿਰਾਂ 'ਚ ਮਾਰੇ।

ਅਪਨੇ ਸੇਵਕ ਕੀ ਸਰਪਰ ਰਾਖੈ॥ (ਪੰ: ੨੮੫)

ਅਸਾਵੀਂ ਜੰਗ

ਗਿਣਤੀ ਪੱਖੋਂ

ਨਫਰੀ ਦੇ ਹਿਸਾਬ ਨਾਲ, ਹਥਿਆਰਾਂ ਦੀ ਖੂਬੀ ਪੱਖੋਂ, ਹਥਿਆਰਾਂ ਦੇ ਭੰਡਾਰ ਪੱਖੋਂ ਅਤੇ ਰਸਦ ਪਾਣੀ ਦੇ ਪਹੁੰਚਾਉਣ ਪੱਖੋਂ ਇਹ ਇਕ ਬਿਲਕੁਲ ਬੇਮੇਚੀ ਟੱਕਰ ਸੀ। ਇਕ ਪਾਸੇ ਸੰਤ ਜਰਨੈਲ ਸਿੰਘ, ਭਾਈ ਅਮਰੀਕ ਸਿੰਘ ਧਾਰਮਿਕ ਆਗੂ ਅਤੇ ਮੇਜਰ ਜਨਰਲ (ਰਟਾਇਰਡ) ਸੁਬੇਗ ਸਿੰਘ ਸਨ ਜਿਨ੍ਹਾਂ ਦੇ ਨਾਲ ਡੇਢ ਸੌ ਦੇ ਕਰੀਬ ਆਪਣੇ ਧਰਮ ਦੇ ਰਾਖੇ ਸਾਧਾਰਨ ਸਿੰਘ ਸਨ। ਦੂਜੇ ਪਾਸੇ ਦੁਨੀਆ ਦੀਆਂ ਸ਼ਕਤੀਸ਼ਾਲੀ ਫੌਜਾਂ 'ਚੋਂ ਗਿਣੀ ਜਾਂਦੀ ਭਾਰਤੀ ਫੌਜ ਦੇ ਲੈਫ. ਜਨਰਲ ਕੇ. ਸੁੰਦਰਜੀ, ਲੈਫ. ਜਨਰਲ ਰਣਜੀਤ ਸਿੰਘ ਦਿਆਲ ਅਤੇ ਕੁਲਦੀਪ ਸਿੰਘ ਬਰਾੜ ਦੀ ਕਮਾਨ ਹੇਠ ਚੌਣਵੀਂ ਭਾਰਤੀ ਫੌਜ ਸੀ।

ਗਿਣਤੀ ਪੱਖੋਂ ਜੁਝਾਰੂ ਸਿੰਘ ਡੇਢ ਸੌ ਤੋਂ ਵੱਧ ਨਹੀਂ ਸਨ। ਇਸ ਦੇ ਮੁਕਾਬਲੇ ਤੇ ਇਕੱਲੇ ਦਰਬਾਰ ਕੰਪਲੈਕਸ 'ਤੇ ਹਮਲੇ ਦੀ ਕਾਰਵਾਈ ਲਈ ਘੱਟੋ-ਘੱਟ ਪੰਦਰਾਂ ਹਜ਼ਾਰ ਫੌਜੀ ਹਿੱਸਾ ਲੈ ਰਹੇ ਸਨ। ਭਾਰਤ ਦੀਆਂ ਕੁਲ ਮਿਲਾ ਕੇ ਸੱਤ ਡਵੀਜ਼ਨਾਂ ਨੂੰ ਲੜਾਈ ਲਈ ਲਾਮਬੰਦ ਕੀਤਾ ਗਿਆ ਸੀ। ਭਾਰਤੀ ਫੌਜ ਕੋਲ ਉੱਤਮ ਹਥਿਆਰਾਂ ਤੋਂ ਬਿਨਾਂ ਲੜਾਈ ਦੇ ਹੁਨਰ 'ਚ ਨਿਪੁੰਨ ਚੋਟੀ ਦੇ ਜਰਨੈਲ ਸਨ।

ਹਥਿਆਰਾਂ ਪੱਖੋਂ

ਸਿੱਖ ਧਰਮ ਦੇ ਰਾਖਿਆਂ ਕੋਲ ਬਿਲਕੁਲ ਸਾਧਾਰਨ ਰਵਾਇਤੀ ਹਥਿਆਰ ਸਨ। ਉਨ੍ਹਾਂ ਕੋਲ ਐਲ.ਐਮ.ਜੀ. ਤੋਂ ਵਧੀਆ ਕੋਈ ਹਥਿਆਰ ਨਹੀਂ ਸੀ। ਗਿਣਤੀ ਦੀਆਂ ਸਟੇਨਗੰਨਾਂ, 30 ਬੋਰ ਦੀਆਂ ਕਾਰਬਾਈਨਾਂ, 303 ਬੋਰ ਦੀਆਂ ਰਾਈਫਲਾਂ, ਵੱਖ-ਵੱਖ ਬੋਰਾਂ ਦੇ ਪਿਸਤਲ, ਰਿਵਾਲਵਰ ਅਤੇ ਕੁਝ ਗਿਣਤੀ ਦੇ ਹੱਥ ਗੋਲੇ ਸਨ।

ਦੂਜੇ ਪਾਸੇ ਭਾਰਤੀ ਫੌਜ ਕੋਲ ਹਰ ਕਿਸਮ ਦੇ ਵਿਗਿਆਨਕ ਹਥਿਆਰਾਂ ਦੇ ਅਸੀਮਤ ਭੰਡਾਰ ਸਨ। ਉਨ੍ਹਾਂ ਕੋਲ ਵਿਜੰਤਾ ਟੈਂਕ, ਭਾਰੀ ਹਾਵਿਟਜ਼ਰ ਤੋਪਾਂ, ਹਾਵਲ ਗੰਨਾਂ ਜਿਨ੍ਹਾਂ ਨਾਲ 20 ਪਾਊਡਰ ਗੋਲੇ ਦਾਗੇ ਜਾ ਸਕਦੇ ਹਨ, ਮਸ਼ੀਨਗੰਨਾਂ, ਲਾਈਟ ਮਸ਼ੀਨਗੰਨਾਂ, ਤੋਪਖਾਨੇ, ਅੱਗ ਲਾਊ ਬੰਬ, ਭਾਰੀ ਵਿਸਫੋਟਕ ਜ਼ਹਿਰੀਲੇ ਗੋਲੇ, ਗੈਸ ਬੰਬ, ਬਖਤਰਬੰਦ ਗੱਡੀਆਂ, ਹੈਲੀਕਾਪਟਰ ਆਦਿਕ ਹਰ ਕਿਸਮ ਦਾ ਨਵੀਨ ਤੇ ਮਾਰੂ ਜੰਗੀ ਸਮਾਨ ਮੌਜੂਦ ਸੀ। ਭਾਰਤੀ ਫੌਜ ਨੂੰ ਲੋੜ ਪੈਣ ਤੇ ਬਾਰ-ਬਾਰ

ਨਵੀਨ ਕੁਮਕ ਮਿਲਦੀ ਰਹੀ ਸੀ।

ਸਾਜ਼ੋ ਸਾਮਾਨ ਤੇ ਰਸਦ ਪਾਣੀ ਦੇ ਪੱਖੋਂ

ਜੁਝਾਰੂ ਸਿੰਘਾਂ ਦੁਆਲੇ ਫੌਜ ਦਾ ਕਰੜਾ ਘੇਰਾ ਸੀ ਜਿਸ ਕਰਕੇ ਉਹ ਕੋਈ ਵੀ ਜੰਗੀ ਹਥਿਆਰ ਜਾਂ ਰਸਦ ਪਾਣੀ ਨਹੀਂ ਸਨ ਲਿਆ ਸਕਦੇ। ਇਥੋਂ ਤਕ ਕਿ ਬਿਜਲੀ ਤੇ ਪਾਣੀ ਦੀ ਸਪਲਾਈ ਵੀ ਕੱਟ ਦਿੱਤੀ ਗਈ ਸੀ। ਕਹਿਰਾਂ ਦੀ ਜੂਨ ਦੀ ਗਰਮੀ 'ਚ ਪੀਣ ਲਈ ਆਪਣੇ ਸਰੀਰਾਂ 'ਚੋਂ ਨੁੱਚੜ ਰਹੇ ਪਸੀਨੇ ਤੋਂ ਛੁਟ ਪਾਣੀ ਦਾ ਘੁੱਟ ਵੀ ਨਹੀਂ ਸੀ। ਉਨ੍ਹਾਂ ਸੱਤ ਰਾਤਾਂ ਤੇ ਸੱਤ ਦਿਨ ਸੌਂ ਕੇ ਨਹੀਂ ਸੀ ਵੇਖਿਆ। ਆਪਣੇ ਟਿਕਾਣਿਆਂ ਨੂੰ ਮਜ਼ਬੂਤ ਬਣਾਈ ਰੱਖਣ ਲਈ ਉਨ੍ਹਾਂ ਕੋਲ ਕੁਝ ਵੀ ਨਹੀਂ ਸੀ ਸਿਵਾਏ ਭੁਜੇ ਹੋਏ ਦਾਣਿਆਂ ਦੇ। ਨਾ ਉਨ੍ਹਾਂ ਕੋਲ ਵਿਗਿਆਨਕ ਹਥਿਆਰ ਸਨ। ਇਸ ਦੇ ਬਾਵਜੂਦ ਨਿਧੜਕ ਜੁਝਾਰੂ ਸਿੰਘਾਂ ਬੜੀ ਬਹਾਦਰੀ ਨਾਲ, ਬੜੀ ਦ੍ਰਿੜਤਾ ਨਾਲ ਅਤੇ ਬੜੀ ਜਵਾਂਮਰਦੀ ਨਾਲ ਸ਼ਕਤੀਸ਼ਾਲੀ ਭਾਰਤੀ ਫੌਜ ਨੂੰ ਪੰਜ ਦਿਨ ਤਕ ਖੁੱਡੇ ਲਾਈ ਰੱਖਿਆ ਸੀ।

ਭਾਰਤੀ ਫੌਜ ਦੀ ਸਿਰਮੌਰ ਜਾਣੀ ਜਾਂਦੀ 9ਵੀਂ ਡਿਵੀਜ਼ਨ, ਤਾਮਿਲ ਨਾਡੂ ਤੋਂ ਮਦਰਾਸੀ, ਬਿਹਾਰੀ, ਜੰਮੂ-ਕਸ਼ਮੀਰ ਤੋਂ ਡੋਗਰੇ, ਉੱਤਰ ਪ੍ਰਦੇਸ਼ ਤੋਂ ਕਮਾਊਂ ਤੇ ਗੜ੍ਹਵਾਲੀਏ ਅਤੇ ਰਾਜਸਥਾਨ ਤੋਂ ਰਾਜਪੂਤ ਵੀ ਸਨ। ਦੁਨੀਆ ਦੇ ਦਿਖਾਵੇ ਲਈ ਨਾਂ-ਮਾਤਰ ਦੇ ਕੁਝ ਸਿੱਖ ਵੀ ਸ਼ਾਮਲ ਕੀਤੇ ਗਏ ਜਿਹੜੇ ਜ਼ਿਆਦਾਤਰ ਨਿਰੰਕਾਰੀਆਂ ਦੇ ਸਮਰਥਕ ਸਨ ਅਤੇ ਕੁਝ ਹੋਰ ਮਜਬੂਰ ਸਿੱਖ ਵੀ ਸਨ।

ਸਿੱਖ ਸੂਰਮਿਆਂ ਭਾਰਤੀ ਫੌਜ ਨੂੰ ਕਿਵੇਂ ਚਣੇ ਚਬਾਏ?

ਸਿਖਲਾਈ ਲੈ ਚੁੱਕੇ ਪਹਿਲੀ ਬਟਾਲੀਅਨ ਦੇ ਕਮਾਂਡੋਆਂ, ਜਿਨ੍ਹਾਂ ਨੇ ਬੁਲਟ ਪਰੂਫ ਜੈਕਟਾਂ ਤੇ ਕਾਲੀਆਂ ਵਰਦੀਆਂ ਪਾਈਆਂ ਹੋਈਆਂ ਸਨ, ਨੂੰ ਦਰਬਾਰ ਸਾਹਿਬ ਸਮੂਹ ਦੇ ਮੁੱਖ ਦੁਆਰ ਰਾਹੀਂ ਦਾਖਲ ਹੋਣ ਦੇ ਹੁਕਮ ਦਿੱਤੇ ਗਏ। ਰਸਤੇ ਦੇ ਦੋਹਾਂ ਪਾਸਿਆਂ ਤੋਂ ਘਾਤ ਲਾਈ ਬੈਠੇ ਜੁਝਾਰੂ ਸਿੰਘਾਂ ਨੇ ਉਨ੍ਹਾਂ ਨੂੰ ਮਾਰ ਮੁਕਾਇਆ। ਫੇਰ 10ਵੀਂ ਗਾਰਡ ਬਟਾਲੀਅਨ ਦੀ ਮੱਦਦ ਨਾਲ ਬੇਹੋਸ਼ ਕਰਨ ਵਾਲੇ ਬੰਬ ਸੁੱਟੇ ਗਏ ਅਤੇ ਬੇਹੋਸ਼ ਹੋਏ ਸਿੰਘਾਂ ਨੂੰ ਗੋਲੀਆਂ ਮਾਰ ਕੇ ਕਮਾਂਡੋ ਅੰਦਰ ਦਾਖਲ ਹੋਏ। ਉਨ੍ਹਾਂ ਨੂੰ ਚੌਹਾਂ ਪਾਸਿਆਂ ਤੋਂ ਗੋਲੀਆਂ ਦੀ ਬੁਛਾੜ ਦਾ ਸਾਹਮਣਾ ਕਰਨਾ ਪਿਆ। ਜਨਰਲ ਸੁਬੇਗ ਸਿੰਘ ਦੀ ਯੋਜਨਾਬੱਧ ਯੁੱਧਨੀਤੀ ਨੇ

ਤਿੰਨਾਂ ਭਾਰਤੀ ਜਨਰਲਾਂ ਨੂੰ ਮਾਤ ਕਰ ਵਿਖਾਇਆ। ਰਾਖੇ ਜੁਝਾਰੂਆਂ ਨਵੇਂ ਗਾਰਡਾਂ ਦੀ ਵੀ ਵਾਢੀ ਕਰ ਵਿਖਾਈ।

ਫੇਰ ਦੋ ਸੌ ਕਮਾਂਡੋ ਅਤੇ ਇਤਨੇ ਹੀ ਗਾਰਡਾਂ ਵਲੋਂ ਕੀਤਾ ਗਿਆ ਤੀਜਾ ਹੱਲਾ ਕੁਝ ਕਾਮਯਾਬ ਹੋਇਆ। ਉਨ੍ਹਾਂ ਦੇ ਕੁਝ ਕਮਾਂਡੋ ਅਕਾਲ ਤਖਤ ਦੇ ਸਾਹਮਣੇ ਪਹੁੰਚਣ 'ਚ ਕਾਮਯਾਬ ਹੋ ਗਏ। ਜਿਉਂ ਹੀ ਉਹ ਅਕਾਲ ਤਖਤ ਤੇ ਦਰਸ਼ਨੀ ਡਿਉਢੀ ਦੇ ਵਿਚਾਲੇ ਵਿਹੜੇ 'ਚ ਪਹੁੰਚੇ ਤਾਂ ਅਕਾਲ ਤਖਤ ਦੇ ਅੰਦਰ ਟਿਕਾਣੇ ਬਣਾਈ ਬੈਠੇ ਜੁਝਾਰੂ ਦਸਤਿਆਂ ਨੇ ਕੁਝ ਕਮਾਂਡੋ ਭੁੰਨ ਸੁੱਟੇ ਅਤੇ ਕੁਝ ਭੱਜ ਕੇ ਨਿਕਲ ਗਏ।

ਮਦਰਾਸੀਆਂ ਨੂੰ ਸਰਾਂ ਵਾਲੇ ਪਾਸਿਉਂ ਦਾਖਲ ਹੋਣ ਦਾ ਹੁਕਮ ਦਿੱਤਾ ਗਿਆ। ਉਹ ਪ੍ਰਕਰਮਾਂ ਦੇ ਨੇੜੇ ਤੇੜੇ ਵੀ ਨਾ ਪਹੁੰਚ ਸਕੇ। ਸੁੰਦਰਜੀ ਤੇ ਦਿਆਲ ਨੇ ਕਮਾਂਡੋਜ਼ ਨੂੰ ਚੌਥਾ ਹੱਲਾ ਬੋਲਣ ਦਾ ਹੁਕਮ ਦਿੱਤਾ। ਇਸ ਵਾਰ ਮਦਰਾਸੀਆਂ ਨੂੰ 7ਵੀਂ ਗੜ੍ਹਵਾਲ ਰਾਈਫਲਜ਼ ਦੀਆਂ ਦੋ ਹੋਰ ਕੰਪਨੀਆਂ ਦੀ ਕੁਮਕ ਦੇਕੇ ਦੱਖਣੀ ਦੁਆਰ ਵਲੋਂ ਦਾਖਲ ਹੋਣ ਦੇ ਹੁਕਮ ਦਿੱਤੇ ਗਏ। ਸਿੰਘਾਂ ਨੇ ਮਦਰਾਸੀਆਂ ਤੇ ਗੜ੍ਹਵਾਲੀਆਂ ਦਾ ਫੇਰ ਬੁਰੀ ਤਰ੍ਹਾਂ ਮੂੰਹ ਭੰਨਿਆ।

ਬ੍ਰਿਗੇਡੀਅਰ ਏ.ਕੇ.ਦੀਵਾਨ ਨੇ ਬਰਾੜ ਨੂੰ ਹੋਰ ਕੁਮਕ ਭੇਜਣ ਲਈ ਆਖਿਆ। ਇਸ ਤਰ੍ਹਾਂ ਨਵੀਂ ਕੁਮਕ ਨਾਲ ਮਜ਼ਬੂਤ ਹੋ ਕੇ ਅਕਾਲ ਤਖਤ ਸਾਹਿਬ 'ਤੇ ਕਬਜ਼ਾ ਕਰਨ ਲਈ ਕਈ ਹਮਲੇ ਕੀਤੇ ਗਏ। ਹਰ ਵਾਰ ਫੌਜੀਆਂ ਨੂੰ ਭੱਜਣ ਲਈ ਮਜਬੂਰ ਹੋਣਾ ਪਿਆ। ਭਾਰਤੀ ਫੌਜ ਦੇ ਅਜਿਹੇ ਦੰਦ ਖੱਟੇ ਹੋਏ ਕਿ ਅਕਾਲ ਤਖਤ ਤੇ ਸੰਤ ਭਿੰਡਰਾਂਵਾਲੇ ਨੂੰ ਜਿਤਣਾ ਅਸੰਭਵ ਨਜ਼ਰ ਆਇਆ। ਬ੍ਰਿਗੇਡੀਅਰ ਦੀਵਾਨ ਨੇ ਅਕਾਲ ਤਖਤ ਨੂੰ ਉਡਾ ਦੇਣ ਲਈ ਜਨਰਲ ਬਰਾੜ ਤੋਂ ਵਿਜੰਤਾ ਟੈਂਕ ਦੀ ਵਰਤੋਂ ਕਰਨ ਦੀ ਇਜਾਜ਼ਤ ਮੰਗੀ। ਉਸ ਇਹ ਦਲੀਲ ਦਿੱਤੀ ਕਿ ਜੇ ਉਸ ਨੂੰ ਟੈਂਕ ਦੇ ਵਰਤਣ ਦੀ ਇਜਾਜ਼ਤ ਨਾ ਦਿੱਤੀ ਗਈ ਤਾਂ ਉਸ ਹਾਲਤ 'ਚ ਜੰਗ 'ਚ ਘਿਰੇ ਹੋਏ ਫੌਜੀਆਂ ਦੇ ਖਤਮ ਹੋਣ 'ਚ ਬਹੁਤੀ ਦੇਰ ਨਹੀਂ ਲੱਗਣੀ। ਇਸ ਤਰ੍ਹਾਂ ਜ਼ਹਿਰੀਲੇ ਬੰਬਾਂ ਦਾ ਮੀਂਹ ਵਰ੍ਹਾਇਆ ਗਿਆ ਅਤੇ ਜੁਝਾਰੂ ਸਿੰਘਾਂ ਨੂੰ ਮਾਰ ਮੁਕਾ ਕੇ ਸ਼ਹੀਦ ਕਰ ਦਿੱਤਾ ਗਿਆ ਸੀ।

ਫੌਜੀ ਜਰਨੈਲਾਂ ਵਲੋਂ ਮਾਰੀਆਂ ਗਈਆਂ ਬੜ੍ਹਕਾਂ ਝੂਠੀਆਂ ਸਾਬਤ ਹੋਈਆਂ। 3 ਜੂਨ ਨੂੰ ਅੰਮ੍ਰਿਤਸਰ ਛਾਉਣੀ ਵਿਖੇ ਫੌਜੀ ਹਮਲੇ ਲਈ ਸਥਾਪਤ ਕੀਤੇ ਗਏ 'ਕੰਟਰੋਲ ਰੂਮ' ਅੰਦਰ ਭਾਰਤੀ ਫੌਜ, ਸੀ.ਆਰ.ਪੀ., ਬੀ.ਐਸ.ਐਫ., ਖੁਫੀਆ ਏਜੰਸੀਆਂ, ਪੰਜਾਬ ਪੁਲਿਸ ਦੇ ਉਚ ਅਧਿਕਾਰੀਆਂ ਅਤੇ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ

ਦੀ ਮੀਟਿੰਗ ਦੌਰਾਨ ਜਨਰਲ ਬਰਾੜ ਨੇ ਕਿਹਾ ਸੀ ਕਿ 'ਸਾਡੀ ਕੋਸ਼ਿਸ਼ ਹੋਵੇਗੀ ਕਿ ਉਹ (ਅੱਤਵਾਦੀ ਸਿੱਖ) ਬਸ ਦੋ ਘੰਟਿਆਂ ਅੰਦਰ ਹੀ ਗੋਡੇ ਟੇਕ ਦੇਣ'।

ਉਸ ਮੀਟਿੰਗ 'ਚ ਬੈਠੇ ਡਿਪਟੀ ਕਮਿਸ਼ਨਰ ਸ.ਗੁਰਦੇਵ ਸਿੰਘ ਨੂੰ ਸੰਬੋਧਨ ਕਰਕੇ ਜਨਰਲ ਬਰਾੜ ਨੇ ਜਦ ਉਸ ਤੋਂ ਉਸ ਦੇ ਵਿਚਾਰ ਪੁੱਛੇ ਤਾਂ ਉਸ ਉੱਤਰ 'ਚ ਕਿਹਾ ਕਿ ਸੰਤ ਭਿੰਡਰਾਂਵਾਲੇ ਆਤਮ ਸਮਰਪਣ ਨਹੀਂ ਕਰਨਗੇ। ਇਹ ਸੁਣ ਕੇ ਜਨਰਲ ਬਰਾੜ ਗੁੱਸੇ ਨਾਲ ਲਾਲ ਪੀਲਾ ਹੋ ਕੇ ਬੋਲਿਆ ਕਿ:

> 'ਜਦੋਂ ਟੈਂਕ ਗੜਗੜਾਉਂਦੇ ਹਨ, ਜਹਾਜ਼ ਸ਼ੂਕਦੇ ਹਨ ਅਤੇ ਜ਼ਮੀਨ ਅੱਗ ਛੱਡਣ ਲੱਗਦੀ ਹੈ ਤਾਂ ਕਹਿੰਦੇ ਕਹਾਉਂਦੇ ਜਰਨੈਲਾਂ ਦੀਆਂ ਵੀ ਪਤਲੂਨਾਂ ਅੰਦਰ ਲੱਤਾਂ ਕੰਬਣ ਲੱਗ ਪੈਂਦੀਆਂ ਹਨ। ਦੇਖ ਲੈਣਾ, ਇਹ ਸ਼ਖਸ (ਭਾਵ ਸੰਤ ਜਰਨੈਲ ਸਿੰਘ) ਵੀ ਸਿਰਫ ਦੋ ਘੰਟਿਆਂ ਅੰਦਰ ਹੀ ਗੋਡਿਆਂ ਪਰਨੇ ਹੋ ਜਾਵੇਗਾ'।

ਦੋ ਘੰਟਿਆਂ ਅੰਦਰ ਆਤਮ ਸਮਰਪਣ ਕਰਵਾ ਲੈਣ ਦਾ ਮਤ ਇਕੱਲੇ ਜਨਰਲ ਬਰਾੜ ਦਾ ਹੀ ਨਹੀਂ ਸੀ ਸਗੋਂ ਸਿੱਖ ਨਸਲਕੁਸ਼ੀ ਦੀ ਵਿਉਂਤਬੰਦੀ ਕਰਨ ਵਾਲੀ ਸਮੁੱਚੀ ਢਾਂਣੀ ਦੀ ਇਹ ਰਾਏ ਸੀ ਕਿ ਇਕ ਭੀੜੀ ਜਿਹੀ ਥਾਂ ਅੰਦਰ ਘਿਰੇ ਹੋਏ ਸਾਧਾਰਨ ਹਥਿਆਰਾਂ ਨਾਲ ਲੈਸ ਹੋਏ ਡੇਢ ਦੋ ਸੌ ਫੌਜੀ ਸਿਖਲਾਈ ਤੇ ਅਭਿਆਸ ਤੋਂ ਕੋਰੇ ਵਿਅਕਤੀ ਅਤਿ ਨਵੀਨ ਕਿਸਮ ਦੇ ਮਾਰੂ ਹਥਿਆਰਾਂ ਨਾਲ ਲੈਸ ਪੇਸ਼ਾਵਰ ਫੌਜੀ ਲਸ਼ਕਰਾਂ ਸਾਹਮਣੇ ਕਿੰਨਾ ਚਿਰ ਟਿਕ ਸਕਣਗੇ।

ਇਹੀ ਕਾਰਨ ਸੀ ਕਿ ਭਾਰਤੀ ਫੌਜ ਨੂੰ ਆਪਣੇ ਕਿਆਸੇ ਅਨੁਮਾਨੋਂ ਬਾਹਰਾ ਜਾਨੀ ਨੁਕਸਾਨ ਤੇ ਨਮੋਸ਼ੀ ਝੱਲਣੀ ਪਈ ਸੀ। ਜਿਵੇਂ ਆਮ ਹੋਇਆ ਕਰਦਾ ਹੈ ਆਪਣੀ ਕਮਜ਼ੋਰੀ ਨੂੰ ਛੁਪਾਉਣ ਲਈ ਕਿਸੇ ਹੋਰ ਦੇ ਸਿਰ ਘੜਾ ਭੰਨ ਦਿੱਤਾ ਜਾਂਦਾ ਹੈ। ਖੁਫੀਆ ਏਜੰਸੀਆਂ ਨੂੰ ਬਲੀ ਦਾ ਬੱਕਰਾ ਬਣਾਇਆ ਗਿਆ। ਜੁਝਾਰੂਆਂ ਕੋਲ ਜਿਹੜੇ ਹਥਿਆਰ ਅੰਦਰ ਪਹੁੰਚਾਏ ਗਏ ਸਨ, ਉਸ ਬਾਰੇ ਫੌਜੀਆਂ ਨੂੰ ਪੂਰਾ ਗਿਆਨ ਸੀ। ਫੌਜੀਆਂ ਵੱਲੋਂ ਆਪਣੀ ਅਯੋਗਤਾ ਨੂੰ ਛੁਪਾਉਣ ਲਈ ਇਕ ਤੋਂ ਬਾਅਦ ਦੂਜਾ ਝੂਠ ਬੋਲਿਆ ਗਿਆ। ਇਹ ਦੱਸਿਆ ਗਿਆ ਕਿ ਦਰਬਾਰ ਸਾਹਿਬ ਅੰਦਰੋਂ ਹਥਿਆਰ ਬਣਾਉਣ ਦੀ ਫੈਕਟਰੀ ਫੜੀ ਗਈ ਪਰ ਕੋਈ ਵਿਡੀਓ ਤਸਵੀਰ ਪੇਸ਼ ਨਾ ਕੀਤੀ ਜਾ ਸਕੀ।

ਲਾਇਬਰੇਰੀ ਸਾੜਨ ਦੇ ਝੂਠ 'ਤੇ ਪਰਦਾ ਪਾਉਣ ਵੇਲੇ ਤਾਂ ਇਹ ਕਿਹਾ ਗਿਆ ਸੀ ਕਿ ਸਿੱਖ ਜੁਝਾਰੂਆਂ ਕੋਲ ਤੀਲੀ ਬਾਲ ਕੇ ਚਲਾਉਣ

ਵਾਲੇ ਦੇਸੀ ਹੱਥ ਗੋਲੇ ਸਨ, ਪਰ ਜੁਝਾਰੂਆਂ ਵਲੋਂ ਕਿਆਸੇ ਬਾਹਰੋਂ ਕੀਤੇ ਨੁਕਸਾਨ ਵੇਲੇ ਆਪਣੀ ਅਯੋਗਤਾ ਨੂੰ ਛੁਪਾਉਣ ਲਈ ਜੁਝਾਰੂਆਂ ਕੋਲ ਨਵੀਨ ਕਿਸਮ ਦੇ ਮਾਰੂ ਹਥਿਆਰ ਫੜੇ ਜਾਣ ਦੀਆਂ ਅਫਵਾਹਾਂ ਨਸ਼ਰ ਕੀਤੀਆਂ ਗਈਆਂ।

ਆਪਣੀ ਕਮਜ਼ੋਰੀ ਨੂੰ ਛੁਪਾਉਣ ਲਈ ਇਕ ਹੋਰ ਮਨਘੜਤ ਕਹਾਣੀ ਨਸ਼ਰ ਕੀਤੀ ਗਈ ਕਿ ਅੱਤਵਾਦੀਆਂ ਨੇ ਪਰਕਰਮਾਂ ਦੇ ਹੇਠਾਂ ਸੁਰੰਗਾਂ ਬਣਾ ਰੱਖੀਆਂ ਸਨ। ਜਿਨ੍ਹਾਂ ਦੇ ਮਘੋਰਿਆਂ 'ਚੋਂ ਨਿਕਲ ਕੇ ਫੌਜ 'ਤੇ ਹਮਲਾ ਕਰਕੇ ਫਿਰ ਉਨ੍ਹਾਂ 'ਚ ਅਲੋਪ ਹੋ ਜਾਂਦੇ ਸਨ। ਫਿਰ ਉਹੀ ਗੱਲ ਕਿ ਕੋਈ ਸਬੂਤ ਪੇਸ਼ ਨਾ ਕਰ ਸਕੇ ਕਿ ਉਹ ਸੁਰੰਗਾਂ ਕਿਥੇ ਸਨ ਅਤੇ ਕਦੋਂ ਖੋਦੀਆਂ ਗਈਆਂ ਜਦ ਕਿ ਚਾਰ ਖੁਫੀਆ ਏਜੰਸੀਆਂ ਦਰਬਾਰ ਸਾਹਿਬ ਅੰਦਰ ਦੋ ਸਾਲ ਤੋਂ ਕੰਮ ਕਰ ਰਹੀਆਂ ਸਨ। ਕੀ ਖੁਫੀਆ ਏਜੰਸੀਆਂ ਇਤਨੀਆਂ ਨਿਕੰਮੀਆਂ ਸਨ ਕਿ ਉਨ੍ਹਾਂ ਨੂੰ ਸੁਰੰਗਾਂ ਦਾ ਬਿਲਕੁਲ ਪਤਾ ਹੀ ਨਹੀ ਸੀ। ਸਚਾਈ ਤਾਂ ਇਹ ਹੈ ਕਿ ਦਰਬਾਰ ਸਾਹਿਬ ਅੰਦਰ ਨਾ ਕੋਈ ਅਸਲੇ ਦੀ ਫੈਕਟਰੀ ਸੀ ਅਤੇ ਨਾਹੀ ਸੁਰੰਗਾਂ ਹੀ ਸਨ।

ਅਸਲ 'ਚ ਉਨ੍ਹਾਂ ਘੁਮੰਡੀ ਜਰਨੈਲਾਂ ਕੋਲ ਸਾਰੀ ਜਾਣਕਾਰੀ ਮੌਜੂਦ ਸੀ। ਜੁਝਾਰੂਆਂ ਦੀ ਗਿਣਤੀ, ਉਨ੍ਹਾਂ ਦੇ ਹਰ ਇਕ ਛੋਟੇ ਵੱਡੇ ਹਥਿਆਰ ਦੀ ਅਤੇ ਉਨ੍ਹਾਂ ਦੇ ਮੋਰਚਿਆਂ ਬਾਰੇ ਪੂਰੀ ਜਾਣਕਾਰੀ ਸੀ। ਉਨ੍ਹਾਂ ਨੂੰ ਜਿਹੜਾ ਅਸਲੀ ਟਪਲਾ ਲੱਗਿਆ, ਉਹ ਸੀ ਜੁਝਾਰੂਆਂ ਦੇ ਉਦੇਸ਼ ਪ੍ਰਤੀਦ੍ਰਿੜਤਾ ਤੇ ਸਮਰਥਾ ਬਾਰੇ। ਕਿਸੇ ਵੀ ਲੜਾਈ ਦਾ ਨਿਰਣਾ ਨਿਰਾ ਨਫਰੀ ਤੇ ਹਥਿਆਰ ਨਹੀ ਕਰਦੇ ਸਗੋਂ ਲੜਨ ਵਾਲਿਆਂ ਦਾ ਆਪਣੇ ਉਦੇਸ਼ ਲਈ ਪ੍ਰਤੀਬੱਧਤਾ ਦਾ ਜਜ਼ਬਾ ਕਰਦਾ ਹੈ। ਬਾਅਦ 'ਚ ਜਨਰਲ ਬਰਾੜ ਨੇ ਇਹ ਅਸਲੀਅਤ ਲੁਕਵੇਂ ਢੰਗ ਨਾਲ ਕਬੂਲ ਕੀਤੀ ਕਿ:

> *'ਖਾੜਕੂ ਜਿਸ ਸਿਦਕ-ਦਿਲੀ ਨਾਲ ਆਪਣੇ ਮੋਰਚਿਆਂ 'ਤੇ ਡਟੇ ਰਹੇ, ਉਨ੍ਹਾਂ ਨੇ ਜਿਸ ਸਿਰੜ ਤੇ ਸੂਰਮਗਤੀ ਨਾਲ ਲੜਾਈ ਲੜੀ ਅਤੇ ਜੋ ਕਮਾਲ ਦਾ ਹੌਂਸਲਾ ਦਿਖਾਇਆ, ਉਸ ਦੀ ਸ਼ਲਾਘਾ ਕਰਨੀ ਬਣਦੀ ਹੈ'।*

ਇਵੇਂ ਹੀ ਸਤੀਸ਼ ਜੈਕਬ ਮੁਤਾਬਕ 'ਜਿਨ੍ਹਾਂ ਫੌਜੀ ਅਫਸਰਾਂ ਨਾਲ ਮੈਂ ਗੱਲ ਕੀਤੀ ਉਹ ਸੰਤ ਭਿੰਡਰਾਂਵਾਲੇ ਦੇ ਸ਼ਰਧਾਲੂਆਂ ਦੇ ਹੌਸਲੇ ਤੇ ਵਚਨਬੱਧਤਾ ਤੋਂ ਬਹੁਤ ਹੈਰਾਨ ਸਨ।

ਹਫਤੇ ਦੇ ਅੰਦਰ-ਅੰਦਰ ਗਿਆਨੀ ਸਾਹਿਬ ਸਿੰਘ ਨੇ ਇੰਦਰਾ ਡੈਣ 'ਤੇ ਗੁਰਬਾਣੀ ਦੇ ਹਥਿਆਰ ਨਾਲ ਜਵਾਬੀ ਹੱਲਾ ਕਰਨ ਦਾ ਫੈਸਲਾ

ਕੀਤਾ। ਗੁਰੂ ਨਾਨਕ ਸਾਹਿਬ ਦੇ ਬਾਬਰ ਦੇ ਜ਼ੁਲਮਾਂ ਦੀ ਨਿਖੇਧੀ ਕਰਨ ਵਾਲੇ ਸ਼ਬਦ, ਭਾਈ ਗੁਰਦਾਸ ਦੀ ਵਾਰ 'ਚੋਂ ਹਾਕਮਾਂ ਦੀ ਕੁੱਤਿਆਂ ਵਰਗੀ ਖਸਲਤ, ਬ੍ਰਾਹਮਣਾਂ ਦੀ ਹੈਂਕੜ ਦੀ ਨਿਖੇਧੀ ਕਰਦੇ ਕਬੀਰ ਜੀ ਦੇ ਸ਼ਬਦ ਅਤੇ ਹੋਰ ਅਜਿਹੇ ਢੁਕਵੇਂ ਸ਼ਬਦਾਂ ਦੇ ਗਾਇਨ ਕਰਕੇ ਸਿੱਖੀ ਸਪਿਰਿਟ ਨੂੰ ਬੁੱਝਣ ਤੋਂ ਬਚਾਉਣ 'ਚ ਕਾਫੀ ਸਹਾਈ ਹੋਏ ਸਨ। ਬੂਟਾ ਸਿੰਘ ਇਸ ਤੋਂ ਕਾਫੀ ਔਖਾ ਹੋਇਆ ਸੀ।

ਚੁਰਾਸੀ ਦੇ ਹਮਲੇ ਦੇ ਰੋਸ ਵਜੋਂ ਪਾਰਲੀਮੈਂਟ ਤੋਂ ਅਸਤੀਫਾ ਦੇਣ ਤੋਂ ਕੁਝ ਚਿਰ ਬਾਅਦ ਸ. ਅਮਰਿੰਦਰ ਸਿੰਘ ਨੇ ਸਿੱਖ ਫੋਰਮ ਦਾ ਗਠਨ ਕੀਤਾ ਸੀ ਜਿਸ ਵਿੱਚ ਬੰਗਲਾ ਦੇਸ਼ ਦੇ ਨਿਰਮਾਤਾ ਜਰਨੈਲ ਜਗਜੀਤ ਸਿੰਘ ਅਰੋੜਾ, ਲੈ. ਜ. ਗੁਰਬਚਨ ਸਿੰਘ 'ਬੁਚ', ਮਹਾਰਾਜਾ ਬ੍ਰਿਗੇਡੀਅਰ ਸੁਖਜੀਤ ਸਿੰਘ ਕਪੂਰਥਲਾ, ਭਾਈ ਅਸ਼ੋਕ ਸਿੰਘ ਬਾਗੜੀਆ ਅਤੇ ਕੁਝ ਹੋਰ ਸੱਜਣ ਵੀ ਸਨ। ਬਾਅਦ ਵਿੱਚ ਜਦ ਅਕਾਲੀ ਸਰਕਾਰ ਨੇ ਦਿੱਲੀ ਸਰਕਾਰ ਦੀ ਪ੍ਰੇਰਣਾ 'ਤੇ ਹਰਿਮੰਦਰ ਸਾਹਿਬ 'ਤੇ ਪੁਲਿਸ ਚੜ੍ਹਾਈ ਤਾਂ ਮਹਾਰਾਜਾ ਅਮਰਿੰਦਰ ਸਿੰਘ ਨੇ ਫਿਰ ਸਰਕਾਰ ਛੱਡੀ।

ਗੱਲਬਾਤ ਲਈ ਲਿਆਂਦੇ ਗਏ ਸਿੱਖ ਜਰਨੈਲਾਂ ਨੇ ਅਕਾਲੀਆਂ ਨੂੰ ਦੱਸਿਆ ਕਿ ਇੰਦਰਾ ਨੇ ਫੈਸਲਾ ਕੀਤਾ ਹੈ ਕਿ ਅਕਾਲੀਆਂ 'ਤੇ ਅਜੇ ਵੀ ਵਿਸ਼ਵਾਸ ਨਹੀਂ ਕੀਤਾ ਜਾ ਸਕਦਾ ਜਿਸ ਲਈ ਅਕਾਲ ਤਖਤ ਦੀ ਕਾਰ ਸੇਵਾ ਵਾਸਤੇ ਬਾਬਾ ਸੰਤਾ ਸਿੰਘ ਦੇ ਟੋਲੇ ਨੂੰ ਕਾਰ ਸੇਵਾ ਲਈ ਲਿਆਂਦਾ ਗਿਆ ਹੈ। ਪੰਜ ਸਿੰਘ ਸਾਹਿਬਾਨ ਨੇ ਤੁਰੰਤ ਕਾਰਵਾਈ ਕਰਦਿਆਂ ਹੁਕਮਨਾਮਾ ਜਾਰੀ ਕਰ ਦਿੱਤਾ ਜਿਸ ਅਨੁਸਾਰ ਉਹਨਾਂ ਦੀ ਪ੍ਰਵਾਨਗੀ ਤੋਂ ਬਿਨਾਂ ਕਾਰ ਸੇਵਾ 'ਚ ਭਾਗ ਲੈਣ ਤੋਂ ਸਿੱਖਾਂ ਨੂੰ ਰੋਕ ਦਿੱਤਾ। ਸੰਤਾ ਸਿੰਘ ਨੇ ਹਾਜ਼ਰ ਹੋਣ ਤੋਂ ਇਨਕਾਰ ਕਰ ਦਿੱਤਾ। ਸਿੱਟੇ ਵਜੋਂ ਉਸ ਨੂੰ ਪੰਥ 'ਚੋਂ ਛੇਕ ਦਿੱਤਾ ਗਿਆ। ਕਾਂਗਰਸ ਦੇ ਅਮਰਿੰਦਰ ਸਿੰਘ ਨੇ ਕਿਹਾ ਸੀ ਕਿ :

'ਸਰਕਾਰ ਦਾ ਬਣਾਇਆ ਅਕਾਲ ਤਖਤ ਢਾਹ ਦਿੱਤਾ ਜਾਏਗਾ। ਅਤੇ ਜੇ ਹੋਰ ਕੋਈ ਨਹੀਂ ਢਾਹੁੰਦਾ ਤਾਂ ਮੈਂ ਢਾਹ ਦਿਆਂਗਾ।'

ਇਸ ਤੋਂ ਸਿੱਖ ਸੰਗਤਾਂ ਨੂੰ ਕਾਫੀ ਹੁੰਗਾਰਾ ਮਿਲਿਆ।

ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੀ ਸ਼ਹਾਦਤ

ਮੱਕਾਰ ਹਿੰਦੂਤਵੀਆਂ ਵਲੋਂ ਸੰਤ ਜਰਨੈਲ ਸਿੰਘ ਦੀ ਸ਼ਹਾਦਤ ਸਬੰਧੀ ਕਈ ਮਨਘੜਤ ਕਹਾਣੀਆਂ ਘੁਮਾਈਆਂ ਗਈਆਂ। ਜਰਵਾਣੀਆਂ, ਜਾਬਰ ਅਤੇ ਲੋਟੂ ਤਾਕਤਾਂ ਆਪਣੀ ਗ਼ੁਲਾਮ ਕੌਮ ਦੀ ਹਰ ਮਹਾਨ

ਸ਼ਹਾਦਤ ਦੇ ਲਿਸ਼ਕਾਰੇ ਤੋਂ ਕੰਬਦੀਆਂ ਹੁੰਦੀਆਂ ਹਨ ਅਤੇ ਉਨ੍ਹਾਂ ਨੂੰ ਝੂਠ ਤੇ ਫਰੇਬ ਦੇ ਕਾਲੇ ਪਰਦਿਆਂ ਥੱਲੇ ਢੱਕਣ ਦੀ ਕੋਸ਼ਿਸ਼ ਕਰਦੀਆਂ ਹਨ। ਸਿੱਖ ਕੌਮ ਦੇ ਮਹਾਨ ਸ਼ਹੀਦ ਸੰਤ ਜਰਨੈਲ ਸਿੰਘ ਦੀ ਸ਼ਹਾਦਤ ਨੂੰ ਧੁੰਦਲਾਉਣ ਤੇ ਰੋਲਣ ਲਈ ਹਿੰਦੂਤਵੀਆਂ ਵਲੋਂ ਕਈ ਮਨਘੜਤ ਤੇ ਝੂਠੀਆਂ ਕਹਾਣੀਆਂ ਨਸ਼ਰ ਕੀਤੀਆਂ ਗਈਆਂ। ਇਕ ਇਹ ਕਹਾਣੀ ਧੁਮਾਈ ਗਈ ਕਿ ਉਹ ਫੌਜ ਦੀ ਗੋਲੀ ਨਾਲ ਨਹੀਂ ਮਾਰੇ ਗਏ ਸਗੋਂ ਲੜਾਈ ਦੇ ਆਖਰੀ ਸਮੇਂ ਅਕਾਲ ਤਖਤ ਦੇ ਅੰਦਰ ਖਾੜਕੂ ਧੜਿਆਂ ਦੀ ਆਪੋ 'ਚ ਖੜਕ ਪਈ ਅਤੇ ਵਿਰੋਧੀ ਧੜੇ (ਬੱਬਰ ਖਾਲਸਾ) ਦੇ ਖਾੜਕੂਆਂ ਨੇ ਗੋਲੀ ਮਾਰ ਕੇ ਖਤਮ ਕਰ ਦਿੱਤਾ। ਫਿਰ ਇਹ ਧੁਮਾਇਆ ਗਿਆ ਕਿ ਨਿਰਾਸਤਾ-ਵਸ ਸੰਤ ਭਿੰਡਰਾਂਵਾਲੇ ਨੇ ਆਤਮ ਹੱਤਿਆ ਕਰ ਲਈ ਸੀ। ਫਿਰ ਸਰਕਾਰੀ ਤੌਰ ਤੇ ਇਹ ਬਿਆਨ ਦਿੱਤਾ ਗਿਆ ਕਿ ਫੌਜ ਜਦ ਅਕਾਲ ਤਖਤ ਦੇ ਤਹਿਖਾਨੇ ਅੰਦਰ ਦਾਖਲ ਹੋਈ ਤਾਂ ਉਥੇ ਸੰਤ ਭਿੰਡਰਾਂਵਾਲੇ ਤੇ ਭਾਈ ਅਮਰੀਕ ਸਿੰਘ ਦੇ ਮ੍ਰਿਤਕ ਸਰੀਰ ਵੇਖੇ ਗਏ ਜਿਨ੍ਹਾਂ ਦੀ ਸ਼ਨਾਖਤ ਕਰਾਈ ਗਈ। ਕੌਮ ਦੀ ਬਦਕਿਸਮਤੀ ਕਹੋ ਜਾਂ ਤਰਾਸਦੀ ਕਹੋ, ਵੀਹਵੀਂ ਸਦੀ ਦੇ ਮਹਾਨ ਸਿੱਖ ਸੰਤ ਜਰਨੈਲ ਸਿੰਘ ਨੂੰ ਜੀਉਂਦਿਆਂ ਦੱਸ ਕੇ ਆਪਣੇ ਹੀ ਸਬੰਧੀਆਂ ਵਲੋਂ ਉਨ੍ਹਾਂ ਦੀ ਅਦੁੱਤੀ ਸ਼ਹਾਦਤ ਨੂੰ ਰੋਲਿਆ ਜਾ ਰਿਹਾ ਹੈ।

ਹਮਲੇ ਸਬੰਧੀ ਸਿਆਸੀ ਪਾਰਟੀਆਂ ਦੇ ਵਿਚਾਰ

ਓਪਰੇਸ਼ਨ ਬਲਿਊ ਸਟਾਰ, ਓਪਰੇਸ਼ਨ ਵੂੱਡਰੋਜ਼ ਅਤੇ ਓਪਰੇਸ਼ਨ ਸ਼ਾਂਤੀ ਦੌਰਾਨ ਸਾਰੀਆਂ ਭਾਰਤੀ ਸਿਆਸੀ ਪਾਰਟੀਆਂ ਨੇ ਸਿੱਖਾਂ ਨੂੰ ਮਰਵਾਉਣ 'ਚ ਹਿੱਸਾ ਪਾਇਆ ਸੀ। ਸਿੱਖ ਨਸਲਕੁਸ਼ੀ 'ਚ ਬੀ.ਜੇ.ਪੀ., ਜਾਣੇ ਪਛਾਣੇ ਕਾਂਗਰਸੀਆਂ ਅਤੇ ਮਾਰਕਸੀ ਕਮਿਊਨਿਸਟ ਪਾਰਟੀ ਦੇ ਕਾਰਕੁਨਾਂ ਨੇ ਪਿੰਡਾਂ, ਕਸਬਿਆਂ ਅਤੇ ਸ਼ਹਿਰਾਂ 'ਚ ਸਿੱਖਾਂ ਨੂੰ ਮਰਵਾਉਣ 'ਚ ਵੱਧ ਚੜ੍ਹਕੇ ਹਿੱਸਾ ਪਾਇਆ ਸੀ। ਕਈਆਂ ਨੇ ਪੁਰਾਣੀਆਂ ਦੁਸ਼ਮਣੀਆਂ ਦੀ ਕਿੜ ਕੱਢਣ ਲਈ ਵੀ ਸਿੱਖਾਂ ਨੂੰ ਮਰਵਾਇਆ।

ਵਿਰੋਧੀ ਧਿਰਾਂ ਦੇ ਆਗੂ ਇੰਦਰਾ ਦੀ ਕਾਰਵਾਈ 'ਤੇ ਬਹੁਤ ਖੁਸ਼ ਸਨ ਅਤੇ ਕੱਟੜ ਹਿੰਦੂਪੁਣੇ ਨੂੰ ਹਵਾ ਦੇ ਰਹੇ ਸਨ। ਭਾਜਪਾ ਨੇ ਕਿਹਾ ਕਿ ਉਹ ਕਾਰਵਾਈ ਅੱਜ ਤੋਂ ਛੇ ਮਹੀਨੇ ਪਹਿਲਾਂ ਹੋਣੀ ਚਾਹੀਦੀ ਸੀ। ਕਮਿਊਨਿਸਟ ਪਾਰਟੀ ਮਾਸਕੋ ਵਲੋਂ ਦਿੱਤੀ ਗਈ ਸੇਧ 'ਤੇ ਚੱਲ ਕੇ ਵਹਿਸ਼ੀਆਨਾ ਹਮਲੇ ਦੀ ਸਮਰਥਕ ਬਣੀ ਰਹੀ। ਫੌਜ ਨੂੰ ਹਰ ਐਰਾ-ਗੈਰਾ ਗਊ ਵਾਂਗ ਪਵਿੱਤਰ ਸਮਝ ਰਿਹਾ ਸੀ। ਅਖੌਤੀ ਸਿੱਖਾਂ ਦਾ ਹਮਦਰਦ ਚੰਦਰ ਸ਼ੇਖਰ ਵੀ ਫੌਜ ਦੀ ਆਲੋਚਨਾ ਕਰਨ ਤੋਂ ਡਰਦਾ ਰਿਹਾ।

ਪਲਾਨ ਨੂੰ ਬੜੀ ਹੁਸ਼ਿਆਰੀ ਨਾਲ ਸਿਰੇ ਚਾੜ੍ਹਿਆ ਗਿਆ

ਸਿੱਖ ਨਸਲਕੁਸ਼ੀ ਦਾ ਪਲਾਨ ਇਕ ਬਹੁਤ ਸੋਚਿਆ ਸਮਝਿਆ ਪਲਾਨ ਸੀ। ਇਸ ਨੂੰ ਇੰਦਰਾ ਗਾਂਧੀ ਨੇ ਬਹੁਤ ਦੂਰਦਰਸ਼ੀ ਨਾਲ ਸਿਰੇ ਚਾੜ੍ਹਿਆ। ਦੇਸ਼ ਵਾਸੀਆਂ ਅਤੇ ਵਿਦੇਸ਼ੀਆਂ ਦੀਆਂ ਨਜ਼ਰਾਂ 'ਚ ਇਸ ਨੂੰ ਉਚਿਤ ਠਹਿਰਾਉਣ ਲਈ ਉਸ ਨੇ ਸਰਬਪੱਖੀ ਕਦਮ ਚੁੱਕੇ ਸਨ। ਉਸ ਨੇ ਇਕ ਅੱਧ ਨੂੰ ਛੱਡ ਕੇ ਸਿੱਖ ਕੌਮ ਦੇ ਤਕਰੀਬਨ ਸਾਰੇ ਲੀਡਰ ਖਰੀਦ ਲਏ ਸਨ। ਜਿਹੜੇ ਨਹੀਂ ਸਨ ਖਰੀਦੇ ਗਏ, ਉਹਨਾਂ ਨਾਲ ਆਪਣੇ ਪਿੱਠੂ ਜੋੜ ਦਿੱਤੇ ਸਨ।

ਉਸ ਨੇ ਆਪਣੀਆਂ ਖੁਫੀਆ ਏਜੰਸੀਆਂ ਦੀ ਸਰਪ੍ਰਸਤੀ ਹੇਠ ਸੁਰੱਖਿਆ ਬਲਾਂ ਅਤੇ ਪੁਲਿਸ ਰਾਹੀਂ ਪੰਜਾਬ ਅੰਦਰ 1982 ਦੇ ਨੇੜੇ ਤੇੜੇ ਹਿੰਸਕ ਕਾਰਵਾਈਆਂ ਸ਼ੁਰੂ ਕਰਵਾਈਆਂ ਜਿਨ੍ਹਾਂ ਦੇ ਜਵਾਬੀ ਹਮਲੇ ਆਪਣੇ ਕਾਤਲਾਂ ਦੇ ਬਣਾਏ ਟੋਲਿਆਂ ਤੋਂ ਕਰਵਾਏ ਗਏ। ਇਸ ਤਰ੍ਹਾਂ ਉਸ ਦੀਆਂ ਖੁਫੀਆ ਏਜੰਸੀਆਂ ਵਲੋਂ ਇਕ ਪਾਸੇ ਸਿੱਖਾਂ ਦੇ ਮਨਾਂ ਅੰਦਰ ਹਿੰਸਕ ਭਾਵਨਾ ਦੇ ਬੀਜ ਬੀਜਣੇ ਸ਼ੁਰੂ ਕੀਤੇ ਗਏ ਅਤੇ ਦੂਜੇ ਪਾਸੇ ਹਿੰਦੂਆਂ ਅੰਦਰ ਸਿੱਖ ਵਿਰੋਧੀ ਨਫਰਤ ਪੈਦਾ ਕਰਕੇ ਉਨ੍ਹਾਂ ਦੀ ਪੁਸ਼ਤ ਪਨਾਹੀ ਕੀਤੀ ਗਈ। ਫੌਜੀਆਂ ਦੇ ਦਿਲਾਂ ਅੰਦਰ ਸਿੱਖ ਵਿਰੋਧੀ ਜ਼ਹਿਰ ਭਰੀ ਗਈ ਅਤੇ ਚੌਵੀ ਘੰਟੇ ਸ਼ਰਾਬ ਪਿਆਈ ਰੱਖੀ।

ਬੇਗੈਰਤ ਸਿੱਖ ਲੀਡਰਾਂ ਕੋਈ ਰਿਪੋਰਟ ਤਿਆਰ ਨਹੀਂ ਕੀਤੀ

ਸਿੱਖ ਕੌਮ ਦੀ ਤਰਾਸਦੀ ਵੇਖੋ ਕਿ ਬੇਗੈਰਤ ਸਿੱਖ ਲੀਡਰਾਂ ਨੇ ਅੱਜ ਤਕ ਸਾਕਾ ਨੀਲਾ ਤਾਰਾ ਦੀ ਨਾ ਤਾਂ ਕੋਈ ਜਵਾਬੀ ਰਿਪੋਰਟ ਤਿਆਰ ਕੀਤੀ, ਨਾ ਹਜ਼ਾਰਾਂ ਹੀ ਨਿਰਦੋਸ਼ ਸਿੱਖਾਂ ਦੇ ਮਾਰੇ ਜਾਣ ਦੀ ਕੋਈ ਰਿਪੋਰਟ ਤਿਆਰ ਕੀਤੀ, ਨਾ ਕੌਮ ਦੇ ਹੋਏ ਨੁਕਸਾਨ ਦਾ ਲੇਖਾ ਜੋਖਾ ਕੀਤਾ, ਨਾ ਲੁੱਟੇ ਗਏ ਸਿੱਖ ਤੋਸ਼ੇਖਾਨੇ ਦੀ ਕੋਈ ਜਾਂਚ ਪੜਤਾਲ ਕੀਤੀ ਅਤੇ ਨਾ ਹੀ ਤਬਾਹ ਕੀਤੀ ਗਈ ਤੇ ਲੁੱਟੀ ਗਈ ਸਿੱਖ ਕੌਮ ਦੀ ਲਾਇਬਰੇਰੀ ਦੀ ਕੋਈ ਪੁੱਛ-ਗਿਛ ਕੀਤੀ। ਸਿੱਖਾਂ ਨੂੰ ਮੂਰਖ ਬਣਾਉਣ ਲਈ ਕਮਿਸ਼ਨਾਂ ਦੇ ਗਧੀਗੇੜ ਵਿੱਚ ਹੁਣ ਤਕ ਪਾਈ ਰੱਖਿਆ ਹੈ। ਦਰਬਾਰ ਸਾਹਿਬ 'ਤੇ ਵਹਿਸ਼ੀਆਨਾ ਹਮਲਾ ਕਰਵਾਉਣ ਵਾਲੇ ਹੀ ਮੁੜ ਸਿੱਖ ਕੌਮ ਦੇ ਲੀਡਰ ਬਣੇ ਬੈਠੇ ਹਨ।

ਤਬਾਹੀ ਦੇ ਨਿਸ਼ਾਨ ਮਿਟਾ ਦਿੱਤੇ ਗਏ

ਭਾਰਤੀ ਸਰਕਾਰ ਨੇ ਅੱਜ ਤਕ ਜਲਿਆਂਵਾਲਾ ਬਾਗ ਦੇ ਕੁਝ

ਗੋਲੀਆਂ ਦੇ ਨਿਸ਼ਾਨ ਕੌਮੀ ਯਾਦਗਾਰ ਵਜੋਂ ਸੰਭਾਲ ਕੇ ਰੱਖੇ ਹੋਏ ਹਨ। ਚੁਰਾਸੀ ਦੇ ਵਹਿਸ਼ੀਆਨਾ ਹਮਲੇ ਦੇ ਨਿਸ਼ਾਨ ਕਿਉਂ ਨਹੀਂ ਸਾਂਭ ਕੇ ਰੱਖੇ ਗਏ? ਇਹਨਾਂ ਨੂੰ ਕਿਉਂ ਮਿਟਾ ਦਿੱਤਾ ਗਿਆ? ਹਜ਼ਾਰਾਂ ਗੁਣਾ ਵੱਧ ਦਰਬਾਰ ਸਾਹਿਬ ਸਮੂਹ 'ਤੇ ਦਾਗੇ ਗੋਲੇ ਗੋਲੀਆਂ ਅਤੇ ਬੰਬਾਰੀ ਦੇ ਨਿਸ਼ਾਨ ਸੰਭਾਲ ਕੇ ਕੌਮੀ ਯਾਦਗਾਰ ਕਿਉਂ ਨਹੀਂ ਕਾਇਮ ਕੀਤੀ ਗਈ? ਕੀ ਦਰਬਾਰ ਸਾਹਿਬ 'ਤੇ ਕੀਤਾ ਗਿਆ ਹਮਲਾ ਜਲ੍ਹਿਆਂਵਾਲੇ ਬਾਗ਼ ਨਾਲੋਂ ਘੱਟ ਸੀ? ਸੈਂਕੜੇ ਗੁਣਾ ਵੱਧ ਜਾਨੀ, ਮਾਲੀ ਅਤੇ ਇਤਿਹਾਸਕ ਨੁਕਸਾਨ ਕੀਤਾ ਗਿਆ ਸੀ। ਹਰਿਮੰਦਰ ਸਾਹਿਬ ਦੀ ਪ੍ਰਕਰਮਾਂ ਦਾ ਇਕ ਇੰਚ ਵੀ ਅਜਿਹਾ ਨਹੀਂ ਸੀ ਬਚਿਆ ਜਿਹੜਾ ਗੋਲੀਆਂ-ਗੋਲਿਆਂ ਨਾਲ ਛਲਣੀ ਨਾ ਹੋਇਆ ਹੋਵੇ।

ਕੋਈ ਇਕ ਦੀਵਾਰ ਜਾਂ ਅਕਾਲ ਤਖਤ ਸਾਹਿਬ ਦਾ ਕੁਝ ਹਿੱਸਾ ਜਾਂ ਹਰਿਮੰਦਰ ਸਾਹਿਬ 'ਤੇ ਗੋਲੀਆਂ ਦੇ ਕੁਝ ਨਿਸ਼ਾਨ ਤਾਂ ਇਤਿਹਾਸਕ ਯਾਦ ਲਈ ਸਾਂਭ ਕੇ ਰੱਖੇ ਜਾ ਸਕਦੇ ਸਨ। ਦਰਬਾਰ ਸਾਹਿਬ 'ਤੇ ਕੀਤੇ ਗਏ ਵਹਿਸ਼ੀਆਨਾ ਹਮਲੇ ਦੀਆਂ ਯਾਦਾਂ ਕਿਉਂ ਨਹੀਂ ਸੰਭਾਲ ਕੇ ਰੱਖੀਆਂ ਗਈਆਂ? ਜਿਹੜਾ ਵੀ ਕੋਈ ਅੰਮ੍ਰਿਤਸਰ ਆਉਂਦਾ ਹੈ, ਉਹ ਜਲ੍ਹਿਆਂਵਾਲੇ ਬਾਗ਼ ਵੀ ਜਾਂਦਾ ਹੈ। ਸਿੱਖ ਕੌਮ ਦੇ ਗ਼ਦਾਰ ਕਾਮਰੇਡ ਟੌਹੜੇ ਦੀ ਮਿਲੀਭੁਗਤ ਨਾਲ ਦਰਬਾਰ ਸਾਹਿਬ 'ਤੇ ਕੀਤੇ ਗਏ ਵਹਿਸ਼ੀਆਨਾ ਹਮਲੇ ਦੇ ਸਾਰੇ ਨਿਸ਼ਾਨ ਮਿਟਾ ਕੇ ਰੱਖ ਦਿੱਤੇ ਗਏ ਹਨ।

ਦੂਰਦ੍ਰਿਸ਼ਟ ਤੇ ਅਣਖੀਲੀਆਂ ਕੌਮਾਂ ਆਪਣੀ ਕੌਮ ਦੇ ਲੋਕਾਂ 'ਤੇ ਹੋਏ ਜ਼ੁਲਮਾਂ ਦੇ ਸਬੂਤ ਇਕੱਠੇ ਕਰ ਕੇ ਸੰਭਾਲਦੀਆਂ ਹਨ। ਅਮਰੀਕਾ ਵਲੋਂ ਹੀਰੋਸ਼ੀਮਾ ਤੇ ਨਾਗਾਸਕੀ 'ਤੇ ਸੁੱਟੇ ਗਏ ਐਟਮ ਬੰਬਾਂ ਨਾਲ ਹੋਈ ਤਬਾਹੀ ਦੀਆਂ ਯਾਦਗਾਰਾਂ ਨੂੰ ਜਾਪਾਨ ਨੇ ਆਉਣ ਵਾਲੀਆਂ ਨਸਲਾਂ ਦੀ ਚਿਤਾਵਨੀ ਲਈ ਕੇਵਲ ਸੰਭਾਲ ਕੇ ਹੀ ਨਹੀਂ ਰੱਖਿਆ ਹੋਇਆ ਸਗੋਂ ਪੂਰੇ ਦਾ ਪੂਰਾ ਸ਼ਹਿਰ ਜਿਉਂ ਦਾ ਤਿਉਂ ਸੰਭਾਲ ਛੱਡਿਆ ਹੋਇਆ ਹੈ। ਜਾਪਾਨ ਆਪਣੇ 'ਤੇ ਹੋਏ ਜ਼ੁਲਮ ਭੁੱਲਣ ਲਈ ।ਤਆਰ ਨਹੀਂ ਸੀ ਹੋਇਆ, ਆਖਿਰ ਅਮਰੀਕਾ ਨੂੰ ਮਾਫੀ ਮੰਗਣੀ ਪਈ ਸੀ। ਇਵੇਂ ਹੀ ਜਾਪਾਨੀਆਂ ਵਲੋਂ ਫਿਲਪੀਨੀ ਔਰਤਾਂ ਨਾਲ ਮਾੜਾ ਸਲੂਕ ਕਰਨ ਲਈ ਮਾਫੀ ਵੀ ਮੰਗਣੀ ਪਈ ਅਤੇ ਇਵਜ਼ਾਨਾ ਵੀ ਦੇਣਾ ਪਿਆ ਸੀ। ਸਾਡੇ ਬੇਜ਼ਮੀਰੇ ਡੋਗਰੇ ਲੀਡਰ ਕੌਮ ਨੂੰ ਕਹਿੰਦੇ ਹਨ ਕਿ 'ਬੀਤੇ ਨੂੰ ਹੁਣ ਭੁੱਲ ਜਾਓ'।

ਸਿੱਖ ਕੌਮ ਨੂੰ ਗੰਭੀਰਤਾ ਨਾਲ ਇਸ ਮਸਲੇ 'ਤੇ ਵਿਚਾਰ ਕਰਨ ਦੀ ਲੋੜ ਹੈ ਕਿ ਗੋਲੀਆਂ ਦੇ ਨਿਸ਼ਾਨਾਂ ਨੂੰ ਕਿਉਂ ਮਿਟਾ ਦਿੱਤਾ ਗਿਆ? ਇਹਨਾਂ ਨੂੰ ਮਿਟਾਉਣ ਦਾ ਕੀ ਉਦੇਸ਼ ਸੀ? ਇਹਨਾਂ ਨੂੰ ਮਿਟਾਉਣ ਦਾ

ਕਿਸ ਨੇ ਫੈਸਲਾ ਲਿਆ? ਇਹਨਾਂ ਨੂੰ ਮਿਟਾਉਣ ਵਾਲੇ ਕੌਣ ਸਨ? ਕੀ ਇਹ ਨਿਸ਼ਾਨ ਜਲ੍ਹਿਆਂਵਾਲੇ ਬਾਗ਼ 'ਚ ਚੱਲੀਆਂ ਗੋਲੀਆਂ ਨਾਲੋਂ ਕੌਮੀ ਯਾਦਗਾਰ ਵਜੋਂ ਘੱਟ ਮਹੱਤਵਪੂਰਨ ਸਨ? ਜੇ ਉਹ ਨਿਸ਼ਾਨ ਕੁਝ ਵਿਅਕਤੀਆਂ ਦੀ ਮਨਮਰਜ਼ੀ ਨਾਲ ਮਿਟਾਏ ਗਏ ਸਨ ਤਾਂ ਉਹ ਨਿਹੰਗ ਸੰਤਾ ਸਿੰਘ ਨਾਲੋਂ ਕਿਵੇਂ ਵੀ ਘੱਟ ਦੋਸ਼ੀ ਨਹੀਂ। ਉਨ੍ਹਾਂ ਨੂੰ ਪੰਥ 'ਚੋਂ ਕਿਉਂ ਨਹੀਂ ਛੇਕਿਆ ਗਿਆ?

ਹਰਿਮੰਦਰ ਸਾਹਿਬ ਸਮੂਹ ਨਾ ਕੇਵਲ ਸਿੱਖਾਂ ਦਾ ਮਹਾਨ ਪਵਿੱਤਰ ਅਸਥਾਨ ਹੀ ਹੈ ਸਗੋਂ ਇਸ ਦੀਆਂ ਇਤਿਹਾਸਕ ਇਮਾਰਤਾਂ ਸਿੱਖਾਂ ਤੋਂ ਇਲਾਵਾ ਸਮੁੱਚੀ ਮਨੁੱਖਤਾ ਦਾ ਸਾਂਭਿਆ ਖ਼ਜ਼ਾਨਾ ਹਨ। ਚਾਹੀਦਾ ਤਾਂ ਇਹ ਸੀ ਕਿ ਇਹਨਾਂ ਨੂੰ ਤਬਾਹ ਕਰਨ ਵਾਲੀ ਜ਼ਾਲਮ ਭਾਰਤੀ ਸਰਕਾਰ ਨੂੰ ਦੁਨੀਆ ਦੀ ਕਚਹਿਰੀ 'ਚ ਖੜਾ ਕੀਤਾ ਜਾਂਦਾ। ਪਰ ਸਿੱਖ ਲੀਡਰ ਆਪ ਵੀ ਤਾਂ ਇਸ ਹਮਲੇ ਦੇ ਉਤਨੇ ਹੀ ਮੁਜਰਮ ਸਨ ਜਿਸ ਕਰਕੇ ਇਹਨ੍ਹਾਂ ਕੁਝ ਵੀ ਨਹੀ ਕੀਤਾ।

ਦੁਨੀਆ ਅੰਦਰ ਜਿੱਥੇ ਕਿਤੇ ਵੀ ਲੜਾਈ ਦੇ ਕਾਰਨ ਜਾਂ ਹੋਰ ਕਿਸੇ ਕਾਰਨ ਕਿਸੇ ਵੀ ਇਤਿਹਾਸਕ ਪੁਰਾਣੀ ਇਮਾਰਤ ਨੂੰ ਨੁਕਸਾਨ ਪਹੁੰਚਦਾ ਹੈ ਤਾਂ ਯੂਨੈਸਕੋ ਠੀਕ ਕਰਵਾ ਕੇ ਪੁਰਾਣੀ ਹਾਲਤ 'ਚ ਬਹਾਲ ਕਰਵਾਉਂਦੀ ਹੈ। ਜਦ ਤੁਰਕੀ ਨੇ ਗਰੀਸ ਦੀਆਂ ਇਤਿਹਾਸਕ ਇਮਾਰਤਾਂ ਨੂੰ ਖੰਡਰ ਬਣਾ ਦਿੱਤਾ ਸੀ ਤਾਂ ਯੂਨੈਸਕੋ ਨੇ ਮੁਰੰਮਤ ਕਰਵਾ ਕੇ ਪੁਰਾਣੀ ਹਾਲਤ 'ਚ ਬਹਾਲ ਕਰਵਾ ਦਿੱਤਾ ਸੀ। ਸਾਕਾ ਨੀਲਾ ਤਾਰਾ ਤੋਂ ਬਾਅਦ ਅਕਾਲ ਤਖਤ ਸਾਹਿਬ ਦੀ ਇਤਿਹਾਸਕ ਬਿਲਡਿੰਗ ਵਾਸਤੇ ਯੂਨੈਸਕੋ ਤੋਂ ਮੱਦਦ ਲਈ ਜਾ ਸਕਦੀ ਸੀ ਤਾਂ ਜੋ ਇਤਿਹਾਸਕ ਇਮਾਰਤਾਂ ਨੂੰ ਪੁਜੇ ਨੁਕਸਾਨ ਨੂੰ ਠੀਕ ਕਰਵਾ ਕੇ ਪੁਰਾਣੀ ਹਾਲਤ 'ਚ ਸੁਰਜੀਤ ਕੀਤਾ ਜਾ ਸਕੇ। ਇਵੇਂ ਹੀ ਭਾਰਤੀ ਫੌਜ ਪੁਰਾਤਨ ਸਿੱਖ ਲਾਇਬਰੇਰੀ ਦੀਆਂ ਬਹੁਤ ਸਾਰੀਆਂ ਪੁਰਾਣੀਆਂ ਹੱਥ ਲਿਖਤਾਂ ਚੁੱਕ ਕੇ ਲੈ ਗਈ ਸੀ, ਯੂਨੈਸਕੋ ਨੂੰ ਇਸ ਬਾਰੇ ਵੀ ਪਹੁੰਚ ਕੀਤੀ ਜਾ ਸਕਦੀ ਹੈ। ਸਿੱਖ ਕੌਮ ਦਾ ਇਹ ਫੌਰੀ ਧਿਆਨ ਮੰਗਦਾ ਗੰਭੀਰ ਮਸਲਾ ਹੈ।

ਸ਼ਾਕਾ ਨੀਲਾ ਤਾਰਾ ਸਬੰਧੀ ਕੁਝ ਲੋਕਾਂ ਦੇ ਵਿਚਾਰ

'ਅਕਾਲ ਤਖਤ ਨੂੰ ਦੇਖ ਕੇ ਇਹ ਲੱਗਦਾ ਹੈ ਕਿ ਇਸ ਨੂੰ ਬੰਬਾਂ ਨਾਲਉਡਾਇਆ ਗਿਆ ਹੋਵੇ। ਇਹ ਇਮਾਰਤ ਮਹਾਂਯੁੱਧ 'ਚ ਹੋਈ ਬਰਲਿਨ ਦੀ ਇਮਾਰਤਾਂ ਦੀ ਤਬਾਹੀ ਦੀ ਹੀ ਪ੍ਰਤੀਕ ਹੈ। ਗੋਲਡਨ ਟੈਂਪਲ ਕੰਪਲੈਕਸ 'ਚ ਹਰੇਕ ਇਮਾਰਤ ਗੋਲੀਆਂ ਦੀ ਸ਼ਿਕਾਰ ਹੋਈ ਹੈ ਤੇ ਹਵਾ 'ਚੋਂ ਇਸ ਭਿਅੰਕਰ ਤਬਾਹੀ 'ਚ ਹੋਈਆਂ ਮੌਤਾਂ ਦੀ ਬਦਬੂ ਹਾਲੇ ਵੀ ਆਉਂਦੀ ਹੈ'

(ਟੈਲੀਗਰਾਫ, ਲੰਡਨ ਜੂਨ 15, 1984)

'ਬੀ. ਜੇ. ਪੀ. ਪ੍ਰਧਾਨ ਅਟਲ ਬਿਹਾਰੀ ਵਾਜਪਾਈ, ਲੋਕ ਦਲ ਪ੍ਰਧਾਨ ਚਰਨ ਸਿੰਘ, ਦੋਹਾਂ ਕਮਿਊਨਿਸਟ ਪਾਰਟੀਆਂ (ਜਿਹੜੀਆਂ ਕਿ ਆਪਣੇ ਆਪ ਨੂੰ ਧਰਮ ਨਿਰਪੱਖ ਪਾਰਟੀਆਂ ਵਜੋਂ ਪੇਸ਼ ਕਰਦੀਆਂ ਹਨ ਪਰ ਮੂਲ ਰੂਪ 'ਚ ਫਿਰਕੂ ਹੀ ਹਨ) ਦੇ ਲੀਡਰ ਆਦਿਕ ਸਭ ਜੰਗਜੂ ਸਿੱਖਾਂ ਦੇ ਖਿਲਾਫ ਫੌਜੀ ਕਾਰਵਾਈ ਦੇ ਸਮਰਥਕ ਸਨ। ਇਥੋਂ ਤਕ ਕਿ ਹਰਚੰਦ ਸਿੰਘ ਲੌਂਗੋਵਾਲ, ਸਾਬਕਾ ਮੰਤਰੀ ਬਲਵੰਤ ਸਿੰਘ, ਸੁਰਜੀਤ ਸਿੰਘ ਬਰਨਾਲਾ ਅਤੇ ਕੁਝ ਹੋਰ ਅਕਾਲੀ ਨੇਤਾਵਾਂ ਨੇ ਕੇਵਲ ਕੇਂਦਰ ਨੂੰ ਖੁਸ਼ ਕਰਨ ਲਈ ਅਤੇ ਮਗਰੋਂ ਸਿਆਸੀ ਤਾਕਤ ਹਥਿਆਉਣ ਲਈ ਚੋਰੀ-ਛਿੱਪੇ ਫੌਜੀ ਕਾਰਵਾਈ ਦੀ ਹਮਾਇਤ ਕੀਤੀ। ਇਸ ਤਰ੍ਹਾਂ ਸਮੁੱਚੀਆਂ ਹਿੰਦੂ ਪਾਰਟੀਆਂ ਅਤੇ ਸਿੱਖਾਂ ਵਿਚਲੇ ਗਦਾਰ ਅਕਾਲੀ ਨੇਤਾ ਇਕੋ ਅਵਾਜ਼ 'ਚ ਚੀਕ ਉਠੇ, ਦਰਬਾਰ ਸਾਹਿਬ ਸਮੂਹ 'ਤੇ ਹਮਲਾ ਕਰੋ ਅਤੇ ਖਾੜਕੂ ਸਿੱਖਾਂ ਨੂੰ ਸਬਕ ਸਿਖਾਓ।' (ਏ. ਆਰ. ਦਰਸ਼ੀ ਲੇਖਕ 'ਜਾਂਬਾਜ਼ ਰਾਖਾ' 'ਚੋਂ)

'ਇਸ ਤਰ੍ਹਾਂ ਓਪਰੇਸ਼ਨ ਬਲਿਊਸਟਾਰ ਇਤਿਹਾਸ 'ਚ ਕਿਸੇ ਕੌਮ ਦੀ ਸੰਗਠਿਤ ਫੌਜੀ ਤਾਕਤ ਵਲੋਂ ਬੇਹਥਿਆਰੇ ਸ਼ਹਿਰੀਆਂ ਦੇ ਸਭ ਤੋਂ ਵੱਡੇ ਕਤਲੇਆਮ ਵਜੋਂ ਲਿਖਿਆ ਜਾਏਗਾ।' ਅਤੇ ਸ਼ਬਦ 'ਬੇਹਥਿਆਰੇ' ਸੋਚ ਸਮਝ ਕੇ ਵਰਤਿਆ ਜਾ ਰਿਹਾ ਹੈ ਕਿਉਂਕਿ ਦੋਹਾਂ ਧਿਰਾਂ 'ਚ ਹਥਿਆਰਾਂ ਦਾ ਫਰਕ ਇੰਨਾ ਜ਼ਿਆਦਾ ਸੀ ਕਿ ਗੁਰਦੁਆਰੇ 'ਤੇ ਫੌਜੀ ਹਮਲੇ ਦਾ ਵਿਰੋਧ ਕਰ ਰਹੇ ਲੋਕਾਂ ਨੂੰ ਸ਼ਾਇਦ ਹੀ ਹਥਿਆਰਬੰਦ ਕਿਹਾ ਜਾ ਸਕੇ'

(ਜੀ.ਕੇ.ਸੀ.ਰੈਡੀ)

'110 ਗਜ਼ ਦੇ ਫਾਸਲੇ ਦੇ ਅੰਦਰ ਅੰਦਰ ਲਾਈਟ ਮਸ਼ੀਨ ਗੰਨਾਂ ਬੀੜੀਆਂ ਹੋਈਆਂ ਸਨ। ਮੈਂ ਆਪਣੇ ਫੌਜੀ ਜੀਵਨ ਦੇ 30 ਸਾਲਾਂ ਵਿੱਚ ਇਸ ਤਰ੍ਹਾਂ ਦੀ ਫਾਇਰ ਪਾਵਰ ਨਹੀਂ ਵੇਖੀ, ਪਾਕਿਸਤਾਨ ਨਾਲ ਜੰਗ ਦੇ ਦੌਰਾਨ ਵੀ ਨਹੀਂ ਵੇਖੀ।

(ਜਨਰਲ ਰਣਜੀਤ ਸਿੰਘ ਦਿਆਲ)

'ਜਿਨ੍ਹਾਂ ਫੌਜੀ ਅਫ਼ਸਰਾਂ ਨਾਲ ਮੈਂ ਗੱਲ ਕੀਤੀ, ਉਹ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਸੇਵਕਾਂ ਦੇ ਹੌਸਲੇ ਅਤੇ ਵਚਨਬੱਧਤਾ ਤੋਂ ਬਹੁਤ ਹੈਰਾਨ ਸਨ। ਇਕ ਅਫ਼ਸਰ ਨੇ ਕਿਹਾ, 'ਭਾਈ, ਉਨ੍ਹਾਂ ਕਿਆ ਜ਼ੋਰਦਾਰ ਮੁਕਾਬਲਾ ਕੀਤਾ। ਜੇ ਮੇਰੇ ਕੋਲ ਅਜਿਹੀਆਂ ਤਿੰਨ ਡਵੀਯਨਾਂ ਹੋਣ, ਤਾਂ ਮੈਂ ਕਿਸੇ ਦਿਨ ਵੀ ਜ਼ਿਆ (ਪਾਕਿਸਤਾਨ ਦਾ ਉਸ ਸਮੇਂ ਦਾ ਰਾਸ਼ਟਰਪਤੀ) ਦੇ ਛੱਕੇ ਛੁਡਾ ਦੇਵਾਂ।'

(ਸਤੀਸ਼ ਜੈਕਬ)

'ਜਿਸ ਦ੍ਰਿੜਤਾ ਨਾਲ ਖਾੜਕੂ ਆਪਣੇ ਮੋਰਚਿਆਂ ਤੇ ਡਟੇ ਰਹੇ, ਜਿਸ ਸੂਰਮਗਤੀ ਨਾਲ ਉਨ੍ਹਾਂ ਨੇ ਲੜਾਈ ਲੜੀ ਅਤੇ ਜਿਹੋ ਜਿਹਾ ਹੌਸਲਾ ਉਨ੍ਹਾਂ ਨੇ ਦਿਖਾਇਆ, ਉਸ ਦੀ ਸਿਫ਼ਤ ਕੀਤੀ ਜਾਣੀ ਚਾਹੀਦੀ ਹੈ। ਇਸ ਦੇ ਫਲਸਰੂਪ ਜਰਨੈਲ ਸਿੰਘ ਭਿੰਡਰਾਂਵਾਲਾਂ ਰਾਤੋ ਰਾਤ ਹੀਰੋ ਬਣ ਗਿਆ। ਉਨ੍ਹਾਂ ਲੋਕਾਂ ਲਈ ਵੀ ਜੋ ਉਸ ਨੂੰ ਅਤੇ ਉਸ ਦੀਆਂ ਪਹਿਲੀਆਂ ਕਾਰਵਾਈਆਂ ਨੂੰ ਘ੍ਰਿਣਾ ਕਰਦੇ ਸਨ।'

(ਲੈਫ਼ਃ ਜਨਰਲ ਕੁਲਦੀਪ ਸਿੰਘ ਬਰਾੜ)

ਰੋਸ ਕਰਨ ਵਾਲੇ ਸਿੱਖ ਵਿਅਕਤੀ

ਸਿਮਰਨਜੀਤ ਸਿੰਘ ਮਾਨ ਨੇ ਭਾਰਤੀ ਪੁਲਿਸ ਸਰਵਿਸ ਤੋਂ ਅਸਤੀਫਾ ਦੇ ਦਿੱਤਾ ਸੀ। ਉਸ ਵਲੋਂ ਰਾਸ਼ਟਰਪਤੀ ਜ਼ੈਲ ਸਿੰਘ ਨੂੰ ਹੇਠ ਲਿਖੀ ਚਿੱਠੀ ਨੇ ਕੌਮੀ ਤੇ ਕੌਮਾਂਤਰੀ ਮੀਡੀਆ ਦਾ ਧਿਆਨ ਖਿੱਚਿਆ ਸੀਃ

'ਤੁਹਾਡੀ ਪ੍ਰਧਾਨ ਮੰਤਰੀ, ਸ਼੍ਰੀਮਤੀ ਇੰਦਰਾ ਗਾਂਧੀ ਨੇ ਆਪਣੀ ਜ਼ਾਲਮ ਕਾਰਵਾਈ ਨਾਲ ਮਹਿਮੂਦ ਗਜ਼ਨਵੀ ਨੂੰ ਵੀ ਪਿੱਛੇ ਛੱਡ ਦਿੱਤਾ ਹੈ ਅਤੇ ਸ਼ੰਕਰਾਚਾਰੀਆ ਵਾਂਗ, ਜਿਸ ਨੇ ਭਾਰਤ 'ਚੋਂ ਬੁੱਧ ਮੱਤ ਨੂੰ ਖਤਮ ਕਰ ਦਿੱਤਾ ਸੀ, ਉਸ ਨੇ ਇਹ ਕਾਰਵਾਈ ਕਰਕੇ ਮਸ਼ਕੂਕ ਨਾਮਣਾ ਖੱਟ ਲਿਆ ਹੈ, ਭਾਵੇਂ ਹਿੰਦੂਆਂ ਲਈ ਉਹ ਸ਼ੰਕਰਾਚਾਰੀਆ ਤੋਂ ਮਗਰੋਂ ਸਭ ਤੋਂ

ਵੱਡੀ ਹਿੰਦੂ ਆਗੂ ਬਣ ਗਈ ਹੈ।'

ਸਾਕਾ ਨੀਲਾ ਤਾਰਾ ਉਪਰੰਤ ਅਮਿਰਿੰਦਰ ਸਿੰਘ ਜੋ ਕਾਂਗਰਸ ਆਈ ਦਾ ਪਾਰਲੀਮੈਂਟ ਮੈਂਬਰ ਸੀ ਤੇ ਜਿਹੜਾ ਇੰਦਰਾ ਦੇ ਵਧੇਰੇ ਨੇੜੇ ਸੀ, ਨੇ ਪਾਰਲੀਮੈਂਟ ਤੇ ਪਾਰਟੀ ਤੋਂ ਅਸਤੀਫਾ ਦੇ ਦਿੱਤਾ ਸੀ। ਇਵੇਂ ਹੀ ਦਵਿੰਦਰ ਸਿੰਘ ਗਰਚਾ ਨੇ ਪਾਰਲੀਮੈਂਟ ਤੋਂ ਅਸਤੀਫਾ ਦੇ ਦਿੱਤਾ ਸੀ ਪਰ ਪਾਰਟੀ ਮੈਂਬਰ ਬਣਿਆ ਰਿਹਾ ਸੀ।

ਨਾਰਵੇ ਦੇ ਓਸਲੋ ਵਿਚਲੇ ਚਾਰਜ 'ਡੀ ਅਫੇਅਰਜ਼ ਦੇ ਹਰਿੰਦਰ ਸਿੰਘ ਖਾਲਸਾ ਨੇ ਸਾਕਾ ਨੀਲਾ ਤਾਰਾ ਵਿਰੁੱਧ ਰੋਸ ਵਜੋਂ ਇੰਡੀਅਨ ਫਾਰਨ ਸਰਵਿਸ ਤੋਂ ਅਸਤੀਫਾ ਦੇ ਦਿੱਤਾ ਸੀ।

ਵਹਿਸ਼ੀਆਨਾ ਹਮਲੇ ਨਾਲ ਕੁਝ ਸਿੱਖਾਂ ਦੀਆਂ ਅੱਖਾਂ ਖੋਲ੍ਹੀਆਂ

ਸਿੱਖਾਂ ਦਾ ਮੱਧ ਵਰਗ ਆਪਣੇ ਆਪ ਨੂੰ ਹਿੰਦੂਆਂ ਨਾਲੋਂ ਵੱਧ ਦੇਸ ਭਗਤ ਸਮਝਦਾ ਰਿਹਾ ਅਤੇ ਆਪਣੇ ਆਪ ਨੂੰ ਪਹਿਲਾਂ ਭਾਰਤੀ ਤੇ ਪਿੱਛੋਂ ਸਿੱਖ ਸਮਝਦਾ ਰਿਹਾ। ਦਰਬਾਰ ਸਾਹਿਬ 'ਤੇ ਕੀਤੇ ਵਹਿਸ਼ੀਆਨਾ ਹਮਲੇ ਬਾਅਦ ਉਨ੍ਹਾਂ ਨੂੰ ਪਹਿਲੀ ਵਾਰ ਅਹਿਸਾਸ ਹੋਇਆ ਕਿ ਜਿਸ ਦੇਸ ਨੂੰ ਉਹ ਹਿੰਦੂਆਂ ਨਾਲੋਂ ਵੱਧ ਕੇ ਆਪਣਾ ਦੇਸ ਸਮਝਦੇ ਰਹੇ, ਉਹ ਅਸਲ 'ਚ ਹਿੰਦੂਆਂ ਦਾ ਹੀ ਭਾਰਤ ਵਰਸ਼ ਹੈ।

ਉਨ੍ਹਾਂ ਨੂੰ ਪਹਿਲੀ ਵਾਰ ਭਾਵੇਂ ਥੋੜੇ ਚਿਰ ਲਈ ਹੀ ਹੋਸ਼ ਆਈ ਕਿ ਉਹ ਸੈਕੂਲਰ ਇੰਡੀਆ 'ਚ ਨਹੀਂ ਸਗੋਂ ਹਿੰਦੂ ਇੰਡੀਆ 'ਚ ਰਹਿ ਰਹੇ ਹਨ।

ਖੁਸ਼ਵੰਤ ਸਿੰਘ ਜਿਹੜਾ ਸਿੱਖਾਂ ਦੀਆਂ ਸਭ ਧਾਰਮਿਕ, ਸਭਿਆਚਾਰਕ ਅਤੇ ਸਿਆਸੀ ਮੰਗਾਂ ਦੀ ਖੁਲ੍ਹਮ-ਖੁਲ੍ਹਾ ਵਿਰੋਧਤਾ ਕਰਦਾ ਹੁੰਦਾ ਸੀ, ਅਕਾਲੀਆਂ ਨੂੰ ਫਿਰਕੂ ਗਰਦਾਨਦਾ ਹੁੰਦਾ ਸੀ ਅਤੇ ਉਨ੍ਹਾਂ ਨੂੰ ਸਮੇਤ ਸੰਤ ਜਰਨੈਲ ਸਿੰਘ ਦੇ 'ਮੂਰਖ' ਤੇ 'ਜਾਹਲ' ਤਕ ਦੱਸਣ 'ਚ ਫਖ਼ਰ ਸਮਝਦਾ ਹੁੰਦਾ ਸੀ, ਉਸ ਨੂੰ ਵੀ ਲੋਕਾਂ ਤੋਂ ਬਿਨਾਂ ਅਖਬਾਰਾਂ ਦੇ ਸੰਪਾਦਕਾਂ ਨੇ ਵੀ ਫਿਰਕਾਪ੍ਰਸਤ ਕਰਕੇ ਭੰਡਿਆ ਜਦ ਉਸ ਨੇ ਦਰਬਾਰ ਸਾਹਿਬ 'ਤੇ ਕੀਤੇ ਹਮਲੇ ਦੇ ਵਿਰੋਧ 'ਚ ਆਪਣਾ ਪਦਮ ਭੂਸ਼ਨ ਅਵਾਰਡ ਰਾਸ਼ਟਰਪਤੀ ਨੂੰ ਵਾਪਸ ਕਰ ਦਿੱਤਾ ਸੀ। ਉਸ ਨੂੰ ਇਹ ਤਸਲੀਮ ਕਰਨਾ ਪਿਆ ਕਿ:

' - - ਮੈਂ ਸੈਕੂਲਰ ਇੰਡੀਆ 'ਚ ਨਹੀਂ ਸਗੋਂ ਇਕ ਹਿੰਦੂ ਇੰਡੀਆ 'ਚ ਰਹਿ ਰਿਹਾ ਹਾਂ'।

ਦਰਬਾਰ ਸਾਹਿਬ 'ਤੇ ਹੋਏ ਜ਼ੁਲਮ ਨੂੰ ਆਏ ਗਏ ਲੋਕਾਂ ਨੂੰ ਦੱਸਣ 'ਚ ਸਾਹਿਬ ਸਿੰਘ ਸਭ ਤੋਂ ਮੂਹਰੇ ਸੀ। ਉਸ ਨੇ ਇੰਦਰਾ ਨੂੰ ਦੱਸਿਆ ਕਿ

ਇਤਿਹਾਸ 'ਚ ਉਹ ਪਹਿਲੀ ਵਿਅਕਤੀ ਹੈ ਜਿਸ ਨੇ ਅਕਾਲ ਤਖਤ ਸਾਹਿਬ ਨੂੰ ਢਾਹਿਆ ਜਿਸ ਨੂੰ ਅਹਿਮਦ ਸ਼ਾਹ ਅਬਦਾਲੀ ਵੀ ਨਹੀ ਸੀ ਢਾਹ ਸਕਿਆ।

ਘੱਲੂਘਾਰੇ ਦਾ ਇਤਿਹਾਸਕ ਪੱਖ ਸਿੱਖ ਕੌਮ ਦਾ ਭਿਅੰਕਰ ਸ਼ੋਕ ਦਿਹਾੜਾ

ਜੂਨ 1984 'ਚ ਦਰਬਾਰ ਸਾਹਿਬ 'ਤੇ ਹਮਲਾ 222 ਵਰ੍ਹੇ ਬਾਅਦ ਹੋਇਆ ਸੀ। ਇੰਦਰਾ ਤੋਂ ਪਹਿਲਾਂ ਅਹਿਮਦ ਸ਼ਾਹ ਅਬਦਾਲੀ ਨੇ ਸੰਨ 1762 'ਚ ਇਸ ਪਾਵਨ ਅਸਥਾਨ 'ਤੇ ਆਪਣਾ ਆਖਰੀ ਹਮਲਾ ਕੀਤਾ ਸੀ। ਚੁਰਾਸੀ ਦਾ ਸਾਲ ਸਿੱਖ ਕੌਮ ਦੇ ਇਤਿਹਾਸ 'ਚ ਇਕ ਭਿਅੰਕਰ ਸਾਲ ਵਜੋਂ ਜਾਣਿਆ ਜਾਂਦਾ ਰਹੇਗਾ।

1884 ਵਿੱਚ ਅਮਰੀਕਾ ਵਿੱਚ ਅਜ਼ਾਦੀ ਦਾ ਮੁਨਾਰਾ ਗੱਡਿਆ ਗਿਆ ਸੀ ਅਤੇ ਐਨ ਉਸ ਤੋਂ 100 ਸਾਲ ਮਗਰੋਂ ਅਜ਼ਾਦੀ ਦੀ ਮੰਗ ਕਰ ਰਹੇ ਸਿੱਖਾਂ ਦੇ ਹਰਿਮੰਦਰ ਸਾਹਿਬ 'ਤੇ ਵਹਿਸ਼ੀ ਫੌਜਾਂ ਚਾੜ੍ਹ ਕੇ ਗੰਗੂ ਦੀ ਔਲਾਦ ਇੰਦਰਾ ਗਾਂਧੀ ਨੇ ਸਿੱਖ ਨਸਲਕੁਸ਼ੀ ਕਰਦਿਆਂ ਸਿੱਖਾਂ ਦੇ ਖੂਨ ਦਾ ਦਰਿਆ ਵਗਾਇਆ ਜਿਸ ਨੂੰ ਹਿੰਦੂਆਂ 'ਦੁਰਗਾ ਦੇਵੀ' ਨਾਲ ਸਨਮਾਨਿਆ। ਜਿਵੇਂ ਮਹਿਮੂਦ ਗ਼ਜ਼ਨਵੀ ਨੂੰ ਉਸ ਦੇ ਸਮਕਾਲੀ ਮੁਸਲਮਾਨ 'ਗ਼ਾਜ਼ੀ' ਸਮਝਕੇ ਸਨਮਾਨਦੇ ਸਨ ਅਤੇ ਹਿੰਦੂ ਉਸ ਨੂੰ ਅੱਜ ਤਕ ਜ਼ਾਲਮ ਗਰਦਾਨਦੇ ਹਨ। ਇਵੇਂ ਹੀ ਹਿੰਦੂ ਭਾਵੇਂ ਇੰਦਰਾ ਨੂੰ ਦੁਰਗਾ ਦੇਵੀ ਸਮਝਣ, ਪਰ ਅੱਜ ਦੇ ਸਿੱਖ ਅਤੇ ਆਉਣ ਵਾਲੀਆਂ ਸਿੱਖ ਨਸਲਾਂ ਉਸ ਨੂੰ ਵਹਿਸ਼ੀ ਖੂਨੀ ਡੈਣ ਹੀ ਸਮਝਦੇ ਰਹਿਣਗੇ।

ਸਾਕਾ ਨੀਲਾ ਤਾਰਾ ਤੋਂ ਥੋੜਾ ਸਮਾਂ ਪਹਿਲਾਂ ਅਰੁਣ ਸ਼ੌਰੀ ਨੇ ਇੰਡੀਅਨ ਐਕਸਪ੍ਰੈਸ਼ ਵਿੱਚ ਤਿੰਨ ਲੇਖ ਲਿਖ ਕੇ ਇਹ ਕਿਹਾ ਸੀ ਕਿ ਸਿੱਖ ਪ੍ਰਚਕਾਰਿਆਂ ਵੱਸ ਨਹੀਂ ਆਉਣੇ, ਮੀਰੀ ਪੀਰੀ ਦਾ ਸਿਧਾਂਤ ਪੁਆੜੇ ਦੀ ਜੜ੍ਹ ਹੈ। ਅਕਾਲ ਤਖਤ ਨੂੰ ਤਬਾਹ ਕੀਤਾ ਜਾਣਾ ਸ਼ਾਇਦ ਸਿਧਾਂਤਕ ਪੈਂਤੜਾ ਹੀ ਸੀ ਭਾਵ ਸਿੱਖ ਸੰਸਥਾ ਨੂੰ ਖਤਮ ਕਰ ਦੇਣਾ ਸੀ। ਬ੍ਰਾਹਮਣਵਾਦ ਇਹ ਗੱਲ ਭੁੱਲ ਗਿਆ ਕਿ ਅਕਾਲ ਤਖਤ ਸਾਹਿਬ ਦੀ ਬਿਲਡਿੰਗ ਢਾਹੁਣ ਨਾਲ ਸਿੱਖੀ ਦਾ ਮੀਰੀ ਪੀਰੀ ਦਾ ਸਿਧਾਂਤ ਖਤਮ ਨਹੀਂ ਹੋ ਸਕਦਾ।

ਇੰਦਰਾ ਨੇ 'ਹੇਗ' ਤੇ 'ਜਨੇਵਾ' ਕਨਵੈਨਸ਼ਨਾਂ ਨੂੰ ਛਿੱਕੇ 'ਤੇ ਟੰਗ ਕੇ ਆਪਣੀ ਸਿੱਖ ਜੰਗ (ਸਿੱਖ ਨਸਲਕੁਸ਼ੀ) ਦੌਰਾਨ ਜਿਹੜਾ ਅਣਮਨੁੱਖੀ

ਸਲੂਕ ਸਿੱਖਾਂ ਨਾਲ ਕੀਤਾ, ਉਹ 1971 ਦੇ ਪਾਕਿਸਤਾਨੀ ਜੰਗੀ ਕੈਦੀਆਂ ਨਾਲੋਂ ਹਜ਼ਾਰ ਦਰਜੇ ਬਦਤਰ ਸੀ। ਇਹ ਹੈ ਹਿੰਦੂਤਵੀਆਂ ਦਾ ਸਭਿਆਚਾਰ। ਨਾ ਸਿੱਖਾਂ ਦੇ ਕਤਲੇਆਮ ਦਾ ਵੇਰਵਾ ਦਿੱਤਾ ਅਤੇ ਨਾਹੀਂ ਮਾਰੇ ਗਏ ਫੌਜੀਆਂ ਦਾ। ਚੁਰਾਸੀ ਦਾ ਖੂਨੀ ਘੱਲੂਘਾਰਾ ਸਿੱਖ ਮਨਾਂ ਦੀਆਂ ਡੂੰਘਾਣਾ 'ਚ ਉਤਰ ਗਿਆ ਹੈ। ਇਸ ਨੇ ਸਿੱਖ ਮਨਾਂ ਨੂੰ ਜ਼ਖਮੀ ਕਰਕੇ ਰੱਖ ਦਿੱਤਾ ਹੈ, ਜੋ ਹੁਣ ਨਾਸੂਰ ਬਣ ਚੁੱਕਾ ਹੈ। ਇਹ ਘੱਲੂਘਾਰਾ ਕੇਵਲ ਇਕ ਸ਼ਰਧਾਂਜਲੀ ਸਮਾਰੋਹ ਨਹੀਂ ਹੈ। ਇਹ ਇਕ ਸੰਕਲਪ ਦਾ ਚਿੰਨ੍ਹ ਹੈ ਜਿਸ ਸੰਕਲਪ ਲਈ ਹਜ਼ਾਰਾਂ ਸਿੱਖ ਨੌਜਵਾਨਾਂ, ਇਸਤਰੀਆਂ ਬੱਚਿਆਂ ਤੇ ਬਜ਼ੁਰਗਾਂ ਨੇ ਸ਼ਹਾਦਤਾਂ ਦਿੱਤੀਆਂ ਹਨ। ਇਸ ਨੂੰ ਹਰ ਸਾਲ ਸੰਕਲਪ ਦਿਹਾੜੇ ਵਜੋਂ ਮਨਾ ਕੇ ਸਿੱਖੀ ਦੇ ਵਿਰੋਧੀਆਂ ਦਾ ਡੱਟ ਕੇ ਜਵਾਬ ਦਿੱਤਾ ਜਾਣਾ ਚਾਹੀਦਾ ਹੈ। ਇਹ ਹੀ ਸ਼ਹੀਦਾਂ ਨੂੰ ਅਸਲੀ ਸ਼ਰਧਾਂਜਲੀ ਹੋਵੇਗੀ। ਅੱਜ ਵਿਰੋਧੀ ਸ਼ੇ੍ਆਮ ਬਾਰ-ਬਾਰ ਹਿੱਕ ਥਾਪੜ ਕੇ ਕਹਿ ਰਹੇ ਹਨ ਕਿ ਸਿੱਖੀ ਕੁਝ ਵਰ੍ਹਿਆਂ ਦੀ ਹੀ ਮਹਿਮਾਨ ਹੈ। ਸਿੱਖ ਘੁਰਾੜੇ ਮਾਰ ਰਹੇ ਹਨ। ਅੱਜ ਸਿੱਖੀ ਅਣਖ ਪਦਾਰਥਵਾਦ ਦੀ ਸ਼ਿਕਾਰ ਹੋਈ ਪਈ ਹੈ। 'ਮੈਨੂੰ ਕੀ' ਦੀ ਪ੍ਰਵਿਰਤੀ ਪੂਰੀ ਸਿੱਖ ਕੌਮ 'ਤੇ ਭਾਰੂ ਹੋ ਚੁੱਕੀ ਹੈ। ਅੱਜ ਸਾਡੀ ਜ਼ਿੰਦਗੀ ਰੋਟੀ ਖਾਣ ਤੇ ਸੌਣ ਤਕ ਸੀਮਤ ਹੋ ਗਈ ਹੈ ਜੋ ਕਿ ਪਸ਼ੂਆਂ ਦੀ ਖਸਲਤ ਹੈ।

ਚੁਰਾਸੀ ਦਾ ਘੱਲੂਘਾਰਾ ਸਿੱਖ ਕੌਮ ਲਈ ਬਹੁਤ ਜ਼ਿਆਦਾ ਮਾਰੂ ਸਾਬਤ ਹੋਇਆ। ਇਹ ਯੋਜਨਾਬੱਧ ਹਮਲਾ ਸਿੱਖ ਨਸਲਕੁਸ਼ੀ ਕਰਨ ਦੇ ਆਖਰੀ ਵਾਰ ਵਜੋਂ ਕੀਤਾ ਗਿਆ ਸੀ। ਜੇ ਸੱਚਮੁੱਚ ਹੀ ਸੀਨੇ ਵਿੱਚ ਸਿੱਖੀ ਦਾ ਦਰਦ ਹੈ ਤਾਂ ਇੰਤਜ਼ਾਰ ਕਾਹਦੀ? ਆਓ, ਸਿੱਖੀ ਦੇ ਵਿਰੋਧੀਆਂ ਵਿਰੁੱਧ ਡੱਟ ਜਾਈਏ। ਅੱਜ ਹਜ਼ਾਰਾਂ ਜਾਂ ਲੱਖਾਂ 'ਚ ਚਸ਼ਮਦੀਦ ਗਵਾਹ ਹਨ ਜੋ ਸਿੱਖ ਦੁਖਾਂਤ ਦੇ ਭਿਅੰਕਰ ਸ਼ੋਅਲਿਆਂ ਦੀਆਂ ਯਾਦਾਂ ਸਾਂਭੀ ਬੈਠੇ ਹਨ, ਪਰ ਉਹਨਾਂ ਸ਼ੋਅਲਿਆਂ ਦਾ ਸੇਕ ਇਤਨਾ ਮੱਧਮ ਪੈ ਚੁੱਕਾ ਹੈ ਜਿਵੇਂ ਕਿ ਉਹ ਰਾਖ ਦਾ ਢੇਰ ਬਣ ਚੁੱਕੇ ਹੋਣ ਅਤੇ ਜਿਨ੍ਹਾਂ 'ਚ ਕੋਈ ਚਿਣਗ ਬਾਕੀ ਨਹੀਂ ਰਹਿ ਗਈ ਹੋਵੇ। ਜਿਹੜੀ ਚਿਣਗ ਸ਼ੋਅਲਾ ਬਣਨ ਦੇ ਸਮਰਥ ਨਹੀਂ ਰਹਿੰਦੀ, ਉਸ ਨੂੰ ਰਾਖ ਕਹਿਣਾ ਹੀ ਠੀਕ ਹੈ। ਜਿਨ੍ਹਾਂ ਅੰਦਰ ਇਤਿਹਾਸ ਸਿਰਜਣ ਦੀ ਸਮਰਥਾ ਬਾਕੀ ਨਹੀਂ ਰਹੀ ਭਾਵ ਇਤਿਹਾਸ ਨੂੰ ਕੋਈ ਨਵਾਂ ਮੋੜ ਨਹੀਂ ਦੇ ਸਕਦੇ, ਤਾਂ ਉਹ ਲੋਕ ਰਾਖ ਦੇ ਢੇਰ ਬਰਾਬਰ ਹੀ ਤਾਂ ਹਨ।

ਸਿੱਖ ਕੌਮ ਦੀ ਫੱਟੀ ਪੋਚੇ ਜਾਣ ਬਾਰੇ ਇੰਦਰਾ ਨੂੰ ਪੂਰਾ ਯਕੀਨ ਸੀ

ਸਿੱਖ ਕੌਮ ਦੇ ਮਲੀਆਮੇਟ ਕੀਤੇ ਜਾਣ ਦਾ ਇੰਦਰਾ ਗਾਂਧੀ ਨੂੰ

ਇਤਨਾ ਪੱਕਾ ਯਕੀਨ ਸੀ ਕਿ ਉਸ ਨੇ 1978 'ਚ ਸਵਿਟਜ਼ਰਲੈਂਡ ਤੋਂ ਫਰਾਂਸੀਸੀ ਵਿੱਚ ਛਪੀ ਆਪਣੀ ਪੁਸਤਕ 'ਇੰਟਰਨਲ ਇੰਡੀਆ' ਵਿੱਚੋਂ ਸਿੱਖਾਂ ਦੇ ਦਰਬਾਰ ਸਾਹਿਬ ਦੇ ਸਾਰੇ ਹਵਾਲੇ ਕੱਢ ਦਿੱਤੇ ਸਨ ਅਤੇ ਜਿਥੋਂ ਤਕ ਹੋ ਸਕਿਆ ਸਿੱਖਾਂ ਦਾ ਜ਼ਿਕਰ ਤਕ ਵੀ 'ਚੋਂ ਕੱਢ ਦੇਣ ਦੀ ਕੋਸ਼ਿਸ਼ ਕੀਤੀ। ਉਸ ਨੂੰ ਪੂਰਾ ਯਕੀਨ ਸੀ ਕਿ ਸਿੱਖ ਇਕਾਈ ਭਾਰਤ ਵਿੱਚ ਟਿਕੀ ਰਹਿਣ ਵਾਲੀ ਇਕਾਈ ਨਹੀ ਸੀ ਕਿਉਂਕਿ ਉਸ ਨੇ ਇਸ ਦੀ ਫੱਟੀ ਪੋਚ ਹੀ ਦੇਣੀ ਸੀ। ਇਥੇ ਮੈਂ ਪਾਠਕਾਂ ਦਾ ਧਿਆਨ ਖੁਸ਼ਵੰਤ ਸਿੰਘ ਵੱਲ ਵੀ ਦਿਵਾਉਣਾ ਚਾਹੁੰਦਾ ਹਾਂ।

ਉਸ ਨੇ ਵੀ ਇਹੀ ਗੱਲ ਲਿਖੀ ਸੀ ਕਿ ਉਹ ਆਪਣੀ ਪੁਸਤਕ ਜਲਦੀ ਵਿੱਚ ਛਪਵਾ ਰਿਹਾ ਸੀ ਕਿਉਂਕਿ ਉਸ ਦੀ ਕੌਮ ਨੇ ਬਹੁਤਾ ਚਿਰ ਨਹੀਂ ਰਹਿਣਾ। ਉਸ ਨੂੰ ਵੀ ਸਿੱਖਾਂ ਦੇ ਤਬਾਹ ਕੀਤੇ ਜਾਣ ਦਾ ਪੂਰਾ ਗਿਆਨ ਸੀ।

ਖੁਸ਼ਵੰਤ ਸਿੰਘ ਨੂੰ ਸਿੱਖ ਨਸਲਘਾਤ ਦਾ ਪਤਾ ਸੀ

ਖੁਸ਼ਵੰਤ ਸਿੰਘ ਨੇ ਆਪਣੀ 1951 'ਚ ਛਪੀ ਪੁਸਤਕ 'ਦੀ ਸਿੱਖਜ਼' ਦੀ ਭੂਮਿਕਾ 'ਚ ਪੇਸ਼ੀਨਗੋਈ ਕੀਤੀ ਸੀ ਕਿ ਇਸ ਸਦੀ ਦੇ ਅਖੀਰ ਤਕ ਸਿੱਖ ਮੱਤ ਦੀ ਹੋਂਦ ਖਤਮ ਹੋ ਜਾਏਗੀ। 1991 'ਚ ਆਪਣੀ ਇਕ ਹੋਰ ਲੰਡਨ ਤੋਂ ਛਪੀ ਪੁਸਤਕ 'ਹਿਸਟਰੀ ਆਫ ਦੀ ਸਿੱਖਜ਼' ਵਿੱਚ ਉਸ ਦੱਸਿਆ ਕਿ ਉਹ ਸਿੱਖ ਇਤਿਹਾਸ ਲਿਖਣ ਵਿੱਚ ਕਾਹਲੀ ਕਰ ਰਿਹਾ ਸੀ ਕਿਉਂਕਿ ਇਸ ਸਦੀ ਦੇ ਅੰਤ ਤਕ ਸਿੱਖ ਭਾਈਚਾਰੇ ਦੀ ਹੋਂਦ ਹੀ ਨਹੀਂ ਰਹਿਣੀ। ਇਸ ਨਾਲ ਹਿੰਦੂ ਕਾਂਗਰਸ ਦੀ ਨਹਿਰੂਵਾਦੀ ਸਰਕਾਰ ਨੂੰ ਅਤਿਅੰਤ ਖੁਸ਼ੀ ਹੋਈ ਅਤੇ ਉਹਨਾਂ ਨੂੰ ਯਕੀਨ ਹੋਇਆ ਕਿ ਸਿੱਖ ਨਸਲਕੁਸ਼ੀ ਦੀਆਂ ਸਕੀਮਾਂ ਕੰਮ ਕਰ ਰਹੀਆਂ ਸਨ। ਉਸ ਆਖਿਆ ਕਿ:

> *'ਮੈਂ ਇਹ ਅੰਦਾਜ਼ਾ ਇਸ ਤੱਥ ਦੇ ਆਧਾਰ 'ਤੇ ਕਰ ਰਿਹਾ ਹਾਂ ਕਿ ਭਾਰਤ ਸਰਕਾਰ ਸਿੱਖਾਂ ਪ੍ਰਤੀ ਉਹਨਾਂ ਰਜਮੈਂਟਲ ਹੁਕਮਾਂ ਨੂੰ ਲਾਗੂ ਕਰਨਾ ਬੰਦ ਕਰ ਰਹੀ ਹੈ, ਜਿਹੜੇ ਫੌਜ ਵਿੱਚ ਸਿੱਖਾਂ ਤੋਂ ਮੰਗ ਕਰਦੇ ਸਨ ਕਿ ਉਹ ਆਪਣੇ ਖਾਲਸਾ ਚਿੰਨ੍ਹ ਕਾਇਮ ਰੱਖਣ, ਜਿਵੇਂ ਕਿ ਅੰਗਰੇਜ਼ ਮੰਗ ਕਰਦੇ ਸ਼ਨ।'*

ਇਸ ਤੋਂ ਬਿਨਾਂ ਉਸ ਨੂੰ ਕਾਂਗਰਸ ਦੀ ਸਿੱਖ ਨਸਲਘਾਤ ਦੀ ਨੀਤੀ ਦਾ ਵੀ ਪਤਾ ਸੀ। ਇਸ ਦੇ ਨਾਲ ਹੀ ਉਹਨੂੰ ਸਿੱਖਾਂ ਨਾਲ ਸਿਵਲ ਤੇ ਮਿਲਟਰੀ ਵਿੱਚ ਪੱਖਪਾਤੀ ਨੀਤੀਆਂ ਦਾ ਵੀ ਪੂਰਾ ਗਿਆਨ ਸੀ। ਇਹਨਾਂ ਤੱਥਾਂ ਤੋਂ ਉਸ ਇਹ ਨਿਰਣਾ ਲਿਆ ਕਿ ਬ੍ਰਾਹਮਣਵਾਦ ਇਸ

ਸਦੀ ਦੇ ਅਖੀਰ ਤਕ ਸਿੱਖੀ ਨੂੰ ਹੜੱਪ ਕਰ ਲਵੇਗਾ।

ਜਿਸ ਨੋ ਤੂ ਰਖਵਾਲਾ, ਮਾਰੇ ਤਿਸੁ ਕਉਣ॥
(ਗੁਰੂ ਗਰੰਥ ਸਾਹਿਬ ਪੰਨਾ 961)

ਜਿਸ ਤੂ ਰਾਖਹਿ ਤਿਸੁ ਕਉਨ ਮਾਰੈ॥
(ਗੁਰੂ ਗਰੰਥ ਸਾਹਿਬ ਪੰਨਾ 1139)

ਜ਼ੁਲਮ ਦੀ ਅੱਤ ਨਾਲ ਜ਼ਾਲਮ ਦਾ ਅੰਤ

ਜ਼ੁਲਮ ਦੀ ਅੱਤ ਨਾਲ ਜ਼ਾਲਮ ਦਾ ਅੰਤ ਹੋਣਾ ਕੁਦਰਤ ਦਾ ਨੇਮ ਹੈ। ਵਹਿਸ਼ੀ ਜ਼ਾਲਮ ਅਜਿਹੀਆਂ ਸਕੀਮਾਂ ਉਦੋਂ ਹੀ ਬਣਾਂਦਾ ਹੁੰਦਾ ਹੈ ਜਦ ਕਿਸੇ ਜ਼ਾਲਮ ਦਾ ਅੰਤ ਹੋਣਾ ਹੁੰਦਾ ਹੈ। ਅਜਿਹੀ ਹਾਲਤ 'ਚ ਉਸ 'ਤੇ ਕਿਸੇ ਦੀ ਕੋਈ ਦਲੀਲ ਅਸਰ ਨਹੀਂ ਕਰਦੀ। ਇੰਦਰਾ ਦੇ ਦਿਲ ਦਿਮਾਗ 'ਤੇ ਸਿੱਖ ਨਸਲਘਾਤ ਦੇ ਪਲਾਨ ਨੂੰ ਸਿਰੇ ਚਾੜ੍ਹਕੇ ਇਤਿਹਾਸ 'ਚ ਹਿੰਦੂ ਧਰਮ ਦੀ ਰੱਖਿਅਕ ਬਣਨ ਦਾ ਭੂਤ ਸਵਾਰ ਹੋ ਚੁੱਕਾ ਸੀ ਅਤੇ ਉਸ ਨੇ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਸਨ। ਉਸ ਤੋਂ ਉਰੇ ਉਹ ਕਿਸੇ ਦਲੀਲ ਨੂੰ ਮੰਨਣ ਲਈ ਤਿਆਰ ਨਹੀਂ ਸੀ।

ਸਿਰ 'ਤੇ ਮੰਡਲਾ ਰਹੀ ਮੌਤ ਦੇ ਇੰਦਰਾ ਦੇ ਅਖੀਰਲੇ ਚਾਰ ਦਿਨ ਉਸ 'ਤੇ ਬੋਝ ਬਣੇ ਰਹੇ। 27 ਅਕਤੂਬਰ ਚੁਰਾਸੀ ਨੂੰ ਉਸ ਨੇ ਅਚਨਚੇਤ ਕਸ਼ਮੀਰ ਦਾ ਦੌਰਾ ਕੀਤਾ। ਦੂਜੇ ਦਿਨ ਉਸ ਨੇ ਦਿੱਲੀ ਪਹੁੰਚ ਕੇ ਜਨਰਲ ਵੈਦਿਯ ਨੂੰ ਬੁਲਾ ਭੇਜਿਆ ਅਤੇ ਅਚਾਨਕ ਜੰਗ ਛਿੜ ਜਾਣ ਦੀ ਹਾਲਤ 'ਚ ਜੰਮੂ ਕਸ਼ਮੀਰ 'ਚ ਭਾਰਤੀ ਫੌਜ ਦੀ ਪੂਰੀ ਤਿਆਰੀ ਬਾਰੇ ਜਾਣਕਾਰੀ ਪ੍ਰਾਪਤ ਕੀਤੀ। ਉਸ ਤੋਂ ਬਾਅਦ ਇੰਦਰਾ ਨੇ ਆਪਣੇ ਮੁਖ ਸਕੱਤਰ ਅਲੈਗਜ਼ਾਡਰ ਨੂੰ ਪੰਜਾਬ ਤੇ ਕਸ਼ਮੀਰ ਵਿੱਚ ਵਾਪਰਨ ਜਾ ਰਹੀਆਂ ਸੰਭਾਵੀ ਘਟਨਾਵਾਂ ਬਾਰੇ ਉਪ-ਰਾਸ਼ਟਰਪਤੀ ਆਰ.ਵੈਂਕਟਰਮਨ ਨੂੰ ਪੂਰੀ ਤਰ੍ਹਾਂ ਜਾਣੂ ਕਰਾਉਣ ਦੀਆਂ ਹਿਦਾਇਤਾਂ ਦਿੱਤੀਆਂ। ਜਿਸ ਨੇ ਉਪ-ਰਾਸ਼ਟਰਪਤੀ ਨੂੰ 30 ਅਕਤੂਬਰ 1984 ਨੂੰ ਸੰਭਾਵੀ ਘਟਨਾਵਾਂ ਤੋਂ ਜਾਣੂ ਕਰਵਾਇਆ। ਪਾਕਿਸਤਾਨ ਨਾਲ ਜੰਗ ਛੇੜ ਕੇ ਓਪਰੇਸ਼ਨ ਸ਼ਾਂਤੀ (ਸਿੱਖ ਨਸਲਘਾਤ) ਅਮਲ 'ਚ ਆਉਂਣ ਤੋਂ ਬਾਅਦ ਜ਼ੈਲ ਸਿੰਘ ਦੀ ਲੋੜ ਖਤਮ ਹੋ ਜਾਣੀ ਸੀ, ਜਿਸ ਦੀ ਕੁਰਸੀ ਉਪ-ਰਾਸ਼ਟਰਪਤੀ ਨੂੰ ਹੀ ਦਿੱਤੀ ਜਾਣੀ ਸੀ।

27 ਅਕਤੂਰ ਨੂੰ ਉਸ ਨੇ ਭੁਵਨੇਸ਼ਵਰ ਵਿਖੇ ਇਕ ਆਮ ਜਲਸੇ 'ਚ ਆਪਣੀ ਹਿੰਸਕ ਮੌਤ ਦਾ ਜ਼ਿਕਰ ਕੀਤਾ। ਇਵੇਂ ਹੀ ਸ਼ਾਮ ਦੇ ਖਾਣੇ ਵੇਲੇ ਉੜੀਸਾ ਦੇ ਗਵਰਨਰ ਬੀ.ਐਨ.ਪਾਂਡੇ ਨਾਲ ਵੀ ਇਸ ਵਿਸ਼ੇ 'ਤੇ

ਗੱਲਬਾਤ ਦੁਹਰਾਈ। ਜਦੋਂ ਕੋਈ ਸ਼ੈਤਾਨੀ ਤਾਕਤ ਕੋਈ ਅਜਿਹਾ ਕੰਮ ਕਰਨ 'ਤੇ ਤੁਲ ਜਾਂਦੀ ਹੈ ਜਿਸ ਨਾਲ ਕੁਦਰਤ ਦੇ ਕਿਸੇ ਖਾਸ ਹਿੱਸੇ ਨੂੰ ਖਤਮ ਕਰ ਦੇਣ ਦੀ ਵਿਉਂਤਬੰਦੀ ਹੁੰਦੀ ਹੈ ਤਾਂ ਕੁਦਰਤ ਉਸ ਨੂੰ ਰੋਕਣ ਲਈ ਕਿਸੇ ਨੂੰ ਤਿਆਰ ਕਰ ਦਿੰਦੀ ਹੈ।

ਇੰਦਰਾ ਦੀ ਸੁਰੱਖਿਆ ਵਿਚਲੇ ਇਕ ਸਬ-ਇੰਨਸਪੈਕਟਰ ਸ.ਬੇਅੰਤ ਸਿੰਘ ਨੂੰ ਪ੍ਰਧਾਨ ਮੰਤਰੀ ਦੇ ਵਿਸ਼ੇਸ਼ ਸਹਾਇਕ ਆਰ.ਕੇ.ਧਵਨ ਤੋਂ ਇੰਦਰਾ ਵਲੋਂ ਸਿੱਖ ਨਸਲਘਾਤ ਦੇ ਪਲਾਨ ਨੂੰ ਸਿਰੇ ਚਾੜ੍ਹੇ ਜਾਣ ਦੀ ਰੂਪ ਰੇਖਾ ਦਾ ਪਤਾ ਲੱਗ ਚੁੱਕਾ ਸੀ। ਜਿਸ ਨੂੰ ਰੋਕਣ ਲਈ ਉਸ ਸੂਰਮੇ ਨੇ ਜਾਨ ਦੀ ਬਾਜ਼ੀ ਲਾਈ। ਇੰਦਰਾ ਦੇ ਕਤਲ ਦੇ ਪਿੱਛੇ ਕੰਮ ਕਰਨ ਵਾਲਾ ਮੁਖ ਦਿਮਾਗ ਸ.ਬੇਅੰਤ ਸਿੰਘ ਦਾ ਸੀ ਜਿਸ ਨੇ ਸ.ਸਤਵੰਤ ਸਿੰਘ ਨੂੰ ਆਪਣੇ ਨਾਲ ਮਿਲਾਇਆ। ਇਹ ਦੋਵੇਂ ਸੂਰਮੇ ਸਿੱਖ ਕੌਮ,ਸਿੱਖ ਧਰਮ ਅਤੇ ਸਿੱਖੀ ਦੀ ਚੜ੍ਹਦੀ ਕਲਾ ਲਈ ਆਪਣਾ ਆਪ ਨਿਛਾਵਰ ਕਰ ਗਏ। ਜੇ ਇਹ ਮਹਾਨ ਸੂਰਮੇ ਵੇਲੇ ਸਿਰ ਉਸ ਡੈਣ ਦਾ ਸਿਰ ਨਾ ਫਿਹੰਦੇ ਤਾਂ ਉਸ ਸੱਪਣੀ ਦੇ ਪਲਾਨ ਨੇ ਸਿੱਖ ਕੌਮ,ਸਿੱਖ ਧਰਮ ਅਤੇ ਸਿੱਖ ਹੋਂਦ ਦਾ ਸਫਾਇਆ ਕਰ ਦੇਣਾ ਸੀ।

ਉਸੇ ਤਿਆਰ ਪਈ ਸਕੀਮ ਨੂੰ ਰਾਜੀਵ ਨੇ ਇੰਦਰਾ ਦੇ ਕਤਲ ਸਮੇਂ ਵਰਤਿਆ ਜਿਸ ਨਾਲ ਭਾਰਤ ਦੇ ਸਾਰੇ ਸ਼ਹਿਰਾਂ 'ਚ ਪੰਜਾਹ ਹਜ਼ਾਰ ਤੋਂ ਵੱਧ ਨਿਰਦੋਸ਼ ਸਿੱਖਾਂ ਦਾ ਘਾਣ ਕੀਤਾ ਗਿਆ,ਜ਼ਲੀਲ ਕਰ ਕੇ ਕੋਹ-ਕੋਹ ਕੇ ਮਾਰਿਆ ਗਿਆ ਅਤੇ ਸਿੱਖਾਂ ਦੇ ਅਰਬਾਂ ਰੁਪਏ ਦੇ ਘਰਾਂ, ਜਾਇਦਾਦਾਂ, ਬੱਸਾਂ,ਟਰੱਕਾਂ,ਕਾਰਾਂ,ਗੁਰਦੁਆਰਿਆਂ ਦੀ ਲੁੱਟਮਾਰ ਅਤੇ ਸਾੜ-ਫੂਕ ਕੀਤੀ ਗਈ ਸੀ। ਜੇ ਇੰਦਰਾ ਮਰਦੀ ਨਾ ਅਤੇ ਸ਼ਾਂਤੀ ਓਪਰੇਸ਼ਨ ਗੁਰੂ ਨਾਨਕ ਸਾਹਿਬ ਦੇ ਗੁਰਪੁਰਬ ਸਮੇਂ (8 ਨਵੰਬਰ) ਦੇ ਅੱਗਲ-ਪਿੱਛਲ ਅਮਲ 'ਚ ਲਿਆਂਦਾ ਗਿਆ ਹੁੰਦਾ ਤਾਂ ਉਸ ਦੇ ਬੜੇ ਹੀ ਭਿਆਨਕ ਸਿੱਟੇ ਨਿਕਲਣੇ ਸਨ। ਇੰਦਰਾ 'ਰਾਜ ਕਰੇਗਾ ਖਾਲਸਾ' ਦੇ ਸਿੱਖ ਆਦਰਸ਼ ਨੂੰ 'ਯਾਦ ਕਰੇਗਾ ਖਾਲਸਾ' 'ਚ ਬਦਲ ਕੇ ਨਵਾਂ ਇਤਿਹਾਸ ਸਿਰਜਣਾ ਚਾਹੁੰਦੀ ਸੀ। ਸਿੱਖ ਕੌਮ ਦੀ ਫੱਟੀ ਪੋਚਦੀ-ਪੋਚਦੀ ਇੰਦਰਾ ਦੀ ਆਪਣੀ ਫੱਟੀ ਹੀ ਪੋਚੀ ਗਈ ਸੀ। ਵਹਿਸ਼ੀਆਨਾ ਹਮਲੇ ਦੀ ਕਮਾਂਡ ਕਰਨ ਵਾਲਾ ਜਨਰਲ ਸੁੰਦਰ ਜੀ ਪਛਤਾਵੇ ਦੀ ਅੱਗ 'ਚ ਸੜਦਾ ਰਿਹਾ,ਮਾਨਸਿਕ ਰੋਗੀ ਬਣਿਆ ਰਿਹਾ,ਗੁੰਮ-ਸੁੰਮ ਰਹਿਣ ਲੱਗ ਪਿਆ ਸੀ ਅਤੇ ਬੜੀ ਤਰਸਯੋਗ ਹਾਲਤ 'ਚ ਮਰਿਆ।

ਪਾਰਬ੍ਰਹਮਿ ਅਪਣਾ ਬਿਰਦੁ ਪ੍ਰਗਟਾਇਆ॥
ਦੋਖੀ ਅਪਣਾ ਕੀਤਾ ਪਾਇਆ॥

(ਗੁਰੂ ਗਰੰਥ ਸਾਹਿਬ)

ਭਾਗ 6

ਸਿੱਖ ਨਸਲਘਾਤ ਦਾ ਤੀਜਾ ਦੌਰ
ਅਕਤੂਬਰ-ਨਵੰਬਰ ਚੁਰਾਸੀ ਦਾ ਘੱਲੂਘਾਰਾ

ਘੱਲੂਘਾਰੇ ਦਾ ਪਿਛੋਕੜ - ਓਪਰੇਸ਼ਨ ਸ਼ਾਂਤੀ

ਓਪਰੇਸ਼ਨ ਸ਼ਾਂਤੀ, ਸਾਕਾ ਨੀਲਾ ਤਾਰਾ ਤੋਂ ਬਾਅਦ ਅਮਲ 'ਚ ਲਿਆਂਦਾ ਜਾਣਾ ਸੀ ਜਿਸ ਰਾਹੀਂ ਸਾਰੇ ਭਾਰਤ ਅੰਦਰ ਸਿੱਖਾਂ ਨੂੰ ਤਬਾਹ ਕਰਕੇ, ਉਹਨਾਂ ਨੂੰ ਮਾਰ ਮੁਕਾ ਕੇ, ਬਚ ਗਿਆਂ ਨੂੰ ਗ਼ੁਲਾਮ ਬਣਾ ਕੇ, ਭਾਰਤ ਅੰਦਰ ਸ਼ਾਂਤੀ ਪੈਦਾ ਕੀਤੀ ਜਾਣੀ ਸੀ। ਇਸ ਦੀ ਲਪੇਟ 'ਚ ਭਾਰਤ ਦੇ ਸਾਰੇ ਸਿੱਖ ਆ ਜਾਣੇ ਸਨ ਪਰ ਇੰਦਰਾ ਦੇ ਕਤਲ ਹੋ ਜਾਣ ਕਾਰਨ ਇਹ ਪਲਾਨ ਸਿਰੇ ਨਾ ਚੜ੍ਹ ਸਕੀ ਅਤੇ ਜਿਸ ਨੂੰ ਰਾਜੀਵ ਨੇ ਨਵੰਬਰ ਚੁਰਾਸੀ 'ਚ ਵਰਤਿਆ ਸੀ।

ਸਿੱਖ ਨਸਲਘਾਤ ਦਾ ਇਹ ਆਖਰੀ ਸ਼ੈਤਾਨੀ ਪਲਾਨ ਸੀ। ਇਸ ਨੂੰ ਅਮਲ 'ਚ ਲਿਆਉਣ ਲਈ ਦੋ ਢੰਗ ਸੋਚੇ ਗਏ ਸਨ। ਇਕ ਇਹ, ਕਿ ਸਾਕਾ ਨੀਲਾ ਤਾਰਾ ਦੇ ਕਤਲੇਆਮ ਮਗਰੋਂ ਜੇ ਸਿੱਖਾਂ ਨੇ ਹਿੰਦੂਆਂ ਵਿਰੁੱਧ ਕੋਈ ਹਰਕਤ ਕੀਤੀ ਤਾਂ ਉਸ ਦੇ ਬਹਾਨੇ ਸਾਰੇ ਹਿੰਦੁਸਤਾਨ 'ਚ ਸਿੱਖਾਂ ਦਾ ਕਤਲੇਆਮ ਕਰਵਾਇਆ ਜਾਣਾ ਸੀ। ਦੂਜਾ ਇਹ, ਕਿ ਜੇ ਸਿੱਖਾਂ ਵਲੋਂ ਹਿੰਦੂਆਂ ਵਿਰੁੱਧ ਬਦਲੇ ਦੀ ਕੋਈ ਹਰਕਤ ਨਾ ਹੋਈ ਤਾਂ ਉਸ ਹਾਲਤ 'ਚ ਪਾਕਿਸਤਾਨ ਨਾਲ ਕਸ਼ਮੀਰ ਦੇ ਬਹਾਨੇ ਸਾਰੀ ਹਿੰਦ-ਪਾਕ ਸਰਹੱਦ ਦੇ ਨਾਲ-ਨਾਲ ਵੱਡੀਆਂ ਝੜਪਾਂ ਸ਼ੁਰੂ ਕਰਕੇ ਪੰਜਾਬ ਦੀਆਂ ਸਾਰੀਆਂ ਹੱਦਾਂ ਨਾਲ ਲੱਗਦੇ ਸਾਰੇ ਵੱਡੇ ਸ਼ਹਿਰਾਂ ਨੂੰ ਮੈਦਾਨੇ ਜੰਗ ਬਣਾ ਦਿੱਤਾ ਜਾਣਾ ਸੀ ਤੇ ਖਾਸ ਕਰਕੇ ਅੰਮ੍ਰਿਤਸਰ, ਬਟਾਲਾ, ਗੁਰਦਾਸਪੁਰ, ਜਲੰਧਰ, ਫਿਰੋਜ਼ਪੁਰ, ਕਪੂਰਥਲਾ, ਹੁਸ਼ਿਆਰਪੁਰ ਆਦਿ ਜ਼ਿਲਿਆਂ 'ਚ ਫੌਜ ਰਾਹੀਂ ਅਤੇ ਨੀਮ ਫੌਜੀ ਦਸਤਿਆਂ ਰਾਹੀਂ ਸਿੱਖ ਨਸਲਘਾਤ ਕੀਤੀ ਜਾਣੀ ਸੀ।

ਆਪਣੀਆਂ ਹੀ ਫੌਜਾਂ ਤੋਂ ਬੰਬਾਰੀ ਕਰਕੇ ਦਰਬਾਰ ਸਾਹਿਬ ਦੀ ਇੱਟ ਨਾਲ ਇੱਟ ਖੜਕਾਈ ਜਾਣੀ ਸੀ ਅਤੇ ਸਿੱਖਾਂ ਦੀ ਨਸਲਘਾਤ ਕੀਤੀ ਜਾਣੀ ਸੀ। ਬਹਾਨਾ ਸਿੱਖਾਂ ਵਲੋਂ ਕੀਤੀ ਗਈ ਬਗ਼ਾਵਤ ਦੱਸਿਆ ਜਾਣਾ ਸੀ. ਜਿਹੜੇ ਕਿ ਪਾਕਿਸਤਾਨ ਨਾਲ ਮਿਲ ਗਏ ਸਨ। ਇਸ ਬਗ਼ਾਵਤ ਦੇ ਬਹਾਨੇ ਪੰਜਾਬ ਅੰਦਰ ਅਤੇ ਸਾਰੇ ਭਾਰਤ 'ਚ ਸਿੱਖਾਂ ਦੀ ਲੁੱਟ-ਮਾਰ, ਸਾੜ-ਫੂਕ ਅਤੇ ਵੱਡੇ ਪੈਮਾਨੇ 'ਤੇ ਕਤਲੇਆਮ ਕੀਤਾ ਜਾਣਾ ਸੀ। ਸਿੱਖੀ ਦੀ ਹੋਂਦ ਸਦਾ ਲਈ ਖਤਮ ਕਰ ਦੇਣ ਲਈ

'ਓਪਰੇਸ਼ਨ ਸ਼ਾਂਤੀ' ਨਵੰਬਰ ਦੇ ਪਹਿਲੇ ਹਫਤੇ ਗੁਰੂ ਨਾਨਕ ਸਾਹਿਬ ਦੇ ਗੁਰਪੁਰਬ 'ਤੇ ਇਕੱਠੇ ਹੋਏ ਸਿੱਖਾਂ ਨੂੰ ਸਦਾ ਦੀ ਨੀਂਦ ਸੁਆ ਦੇਣ ਲਈ ਵਰਤਿਆ ਜਾਣਾ ਸੀ। ਇਸ ਕੰਮ ਨੂੰ ਸਿਰੇ ਚਾੜ੍ਹਨ ਲਈ ਸਾਰੇ ਭਾਰਤ 'ਚ ਕਾਂਗਰਸ ਆਈ ਦੇ ਯੂਥ ਵਿੰਗ ਵਲੋਂ ਬਦਮਾਸ਼ਾਂ, ਲੁਟੇਰਿਆਂ ਅਤੇ ਗੁੰਡੇ ਅਨਸਰਾਂ ਨੂੰ ਬਾਕਾਇਦਾ ਜਥੇਬੰਦ ਕੀਤਾ ਗਿਆ ਸੀ। ਉਹਨਾਂ ਨੇ ਵੱਖ-ਵੱਖ ਸ਼ਹਿਰਾਂ 'ਚ ਸਿੱਖਾਂ ਦੇ ਘਰਾਂ, ਫੈਕਟਰੀਆਂ, ਸਕੂਲਾਂ ਕਾਲਜਾਂ, ਗੁਰਦੁਆਰਿਆਂ, ਬੱਸਾਂ-ਟਰੱਕਾਂ-ਕਾਰਾਂ ਦੇ ਨੰਬਰ ਨੋਟ ਕਰਕੇ ਲਿਸਟਾਂ ਵੀ ਤਿਆਰ ਕਰ ਲਈਆਂ ਹੋਈਆਂ ਸਨ। ਉਹ ਹੁਕਮ ਦੀ ਉਡੀਕ 'ਚ ਤਿਆਰ ਸਨ।

ਪਾਕਿਸਤਾਨ ਦੇ ਬਾਰਡਰ 'ਤੇ ਫੌਜਾਂ ਤਾਇਨਾਤ ਕਰਨੀਆਂ ਸ਼ੁਰੂ ਹੋ ਗਈਆਂ ਸਨ ਅਤੇ ਲੜਾਈ ਛੇੜਨ ਦੀਆਂ ਤਰੀਕਾਂ ਦੀ ਚਰਚਾ ਹੋਣੀ ਵੀ ਸ਼ੁਰੂ ਹੋ ਗਈ ਸੀ। ਲੜਾਈ ਛੇੜੇ ਜਾਣ ਦੀਆਂ ਖੁਫੀਆ ਖਬਰਾਂ ਕੌਮਾਂਤਰੀ ਖੁਫੀਆ ਏਜੰਸੀਆਂ ਤਕ ਵੀ ਪਹੁੰਚ ਗਈਆਂ ਸਨ ਜਾਂ ਪਹੁੰਚਾ ਦਿੱਤੀਆਂ ਗਈਆਂ ਸਨ। ਪਾਕਿਸਤਾਨ ਦੇ ਪ੍ਰਧਾਨ ਜ਼ੀਆ-ਉਲ -ਹੱਕ ਨੂੰ ਜਦ ਇਹ ਖਬਰਾਂ ਪਹੁੰਚੀਆਂ ਤਾਂ ਉਸ ਨੇ ਭਾਰਤ ਨਾਲ ਜੰਗ ਟਾਲਣ ਲਈ ਆਪਣੇ ਦਿੱਲੀ ਦੇ ਸਫੀਰ ਹਮਾਯੂੰ ਨੂੰ ਹਿਦਾਇਤ ਕੀਤੀ ਕਿ ਉਹ ਇੰਦਰਾ ਤਕ ਬਿਨਾਂ ਕਿਸੇ ਸ਼ਰਤ ਦੇ ਸਿੱਧੀ ਗੱਲ-ਬਾਤ ਕਰਨ ਦਾ ਸੁਝਾਅ ਪਹੁੰਚਾਏ। ਹਮਾਯੂੰ ਨੇ ਸਿੱਧਾ ਪੀ.ਸੀ.ਅਲੈਗਜ਼ਾਂਡਰ ਨੂੰ ਮਿਲ ਕੇ ਆਪਣੇ ਪ੍ਰਧਾਨ ਦਾ ਸੁਝਾਅ ਪਹੁੰਚਾਇਆ ਸੀ।

ਅਕਾਲ ਤਖ਼ਤ ਸਾਹਿਬ ਦੇ ਢਾਹੇ ਜਾਣ ਅਤੇ ਗਿਣੀ ਮਿਥੀ ਸਕੀਮ ਅਨੁਸਾਰ ਇਤਨੀ ਵੱਡੀ ਪੱਧਰ ਦੇ ਕਤਲੇਆਮ ਕੀਤੇ ਜਾਣ ਉਪਰੰਤ ਇੰਦਰਾ ਸਰਕਾਰ ਨੂੰ ਸਿੱਖਾਂ ਵਲੋਂ ਬਦਲੇ ਦੀ ਭਾਵਨਾ ਦੀ ਪੂਰੀ ਆਸ ਸੀ, ਜਿਸ ਬਹਾਨੇ ਉਸ, ਪੰਜਾਬ ਤੋਂ ਬਾਹਰ ਦੇ ਪੰਦਰਾਂ ਤੋਂ ਪੰਜਾਹ ਸਾਲ ਦੀ ਉਮਰ ਦੇ ਸਿੱਖਾਂ ਨੂੰ ਮਾਰ ਮੁਕਾਉਣ ਦੀ ਸਕੀਮ ਵੀ ਨਾਲ ਹੀ ਤਿਆਰ ਕਰਵਾ ਰੱਖੀ ਸੀ। ਬੜੇ ਹੀ ਵਿਉਂਤਬੰਦ ਢੰਗ ਨਾਲ ਵੋਟਰ ਲਿਸਟਾਂ ਤੋਂ ਪੰਜਾਬੋਂ ਬਾਹਰ ਭਾਰਤ ਦੇ ਹੋਰਨਾਂ ਸੂਬਿਆਂ ਦੇ ਸ਼ਹਿਰਾਂ ਵਿੱਚ ਵਸਦੇ ਸਿੱਖਾਂ ਦੇ ਘਰਾਂ, ਦੁਕਾਨਾਂ, ਫੈਕਟਰੀਆਂ, ਸਕੂਲਾਂ-ਕਾਲਜਾਂ, ਲਾਇਬਰੇਰੀਆਂ ਅਤੇ ਗੁਰਦੁਆਰਿਆਂ 'ਤੇ ਨਿਸ਼ਾਨੀਆਂ ਲਗਾ ਕੇ ਲਿਸਟਾਂ ਤਿਆਰ ਕਰ ਰੱਖੀਆਂ ਸਨ। ਇਥੋਂ ਤਕ ਕਿ ਸਿੱਖਾਂ ਦੇ ਸਕੂਟਰਾਂ, ਟੈਕਸੀਆਂ, ਕਾਰਾਂ, ਬਸਾਂ, ਕੋਚਾਂ, ਟਰੱਕਾਂ ਦੇ ਨੰਬਰ ਵੀ ਵੇਹਿਕਲ ਰਜਿਸਟਰੇਸ਼ਨ ਦਫ਼ਤਰਾਂ ਤੋਂ ਲੈ ਕੇ ਲਿਸਟਾਂ ਤਿਆਰ ਕਰ ਰੱਖੀਆਂ ਸਨ। ਦਿੱਲੀ ਵਿੱਚ ਤਾਂ ਵੋਟਰ ਲਿਸਟਾਂ ਦੇ ਨਾਲ-ਨਾਲ ਰਾਸ਼ਨ ਕਾਰਡਾਂ ਦਾ ਵੀ ਪ੍ਰਬੰਧ ਕੀਤਾ ਗਿਆ ਸੀ। ਇਸ ਪਲਾਨ ਨੂੰ ਸਿਰੇ ਚਾੜ੍ਹਨ ਲਈ

ਗੁੰਡੇ ਵੀ ਹਰ ਸ਼ਹਿਰ ਵਿੱਚ ਤਿਆਰ ਕਰ ਦਿੱਤੇ ਗਏ ਸਨ।

ਜਦ ਸਾਰੀਆਂ ਸਕੀਮਾਂ ਤਿਆਰ ਹੋ ਗਈਆਂ, ਤਾਂ ਉਹਨਾਂ ਨੂੰ ਅਮਲ ਵਿੱਚ ਲਿਆਉਣ ਲਈ ਰਾਤ ਦਿਨ ਰੇਡੀਓ, ਟੈਲੀਵਿਯਨ, ਅਖ਼ਬਾਰਾਂ, ਰਾਹੀਂ ਸਿੱਖਾਂ ਵਿਰੁੱਧ ਜ਼ਹਿਰ ਉਗਲ ਕੇ ਸਿੱਖਾਂ ਵਿਰੁੱਧ ਨਫ਼ਰਤ ਤੇ ਘਿਰਣਾ ਦੀਆਂ ਦੀਵਾਰਾਂ ਉਚੀਆਂ ਕੀਤੀਆਂ ਜਾਂਦੀਆਂ ਰਹੀਆਂ। ਇਸ ਤਰ੍ਹਾਂ ਸਿੱਖਾਂ ਦੇ ਕਤਲੇਆਮ ਦੀ ਜ਼ਮੀਨ ਤਿਆਰ ਕੀਤੀ ਜਾਂਦੀ ਰਹੀ। ਸਿੱਖਾਂ ਵਲੋਂ ਕੋਈ ਬਦਲਾ ਨਾ ਲਿਆ ਗਿਆ, ਕਿਉਂਕਿ ਸਿੱਖ ਲੀਡਰਾਂ ਆਪਣੀ ਚੌਧਰ ਵਿੱਚ ਰੋੜਾ ਬਣਨ ਵਾਲੇ ਸੰਤ ਜਰਨੈਲ ਸਿੰਘ ਨੂੰ ਮਰਵਾਉਣ ਲਈ ਆਪ ਹੀ ਤਾਂ ਸਰਕਾਰ ਨੂੰ ਹਮਲੇ ਦਾ ਸੱਦਾ ਦਿੱਤਾ ਸੀ, ਉਹ ਤਾਂ ਰੈਸਟ ਹਾਊਸਾਂ ਵਿੱਚ ਪਹੁੰਚਾ ਦਿੱਤੇ ਗਏ ਸਨ। ਲੀਡਰਾਂ ਬਿਨਾਂ ਕਿਸ ਬਦਲੇ ਦੀ ਸੋਚਣੀ ਸੀ? ਸਿੱਖਾਂ ਵਲੋਂ ਕੋਈ ਪ੍ਰਤੀਕਰਮ ਨਾ ਹੋਣ 'ਤੇ ਉਹ ਸਕੀਮ ਨਾ ਵਰਤੀ ਜਾ ਸਕੀ ਅਤੇ ਉਸ ਤਿਆਰ ਪਈ ਸਕੀਮ ਨੂੰ ਰਾਜੀਵ ਨੇ ਇੰਦਰਾ ਦੇ ਕਤਲ ਸਮੇਂ ਵਰਤ ਕੇ ਨਵੰਬਰ ਚੁਰਾਸੀ ਦਾ ਘਲੂਘਾਰਾ ਵਰਤਾਇਆ ਸੀ।

ਹਿੰਦੂਤਵੀ ਵਹਿਸ਼ਤ ਦਾ ਤਾਂਡਵ ਨਾਚ

ਜਦ ਹਜ਼ਾਰਾਂ ਸਿੱਖ ਜਵਾਨਾਂ, ਬੱਚਿਆਂ, ਇਸਤਰੀਆਂ, ਬਜ਼ੁਰਗਾਂ ਦੇ ਖ਼ੂਨ ਨਾਲ ਹੱਥ ਰੰਗਣ ਵਾਲੀ ਇੰਦਰਾ ਨੂੰ ਸੋਧਾ ਲਾਇਆ ਗਿਆ ਸੀ ਅਤੇ ਵੱਖ-ਵੱਖ ਪ੍ਰਾਂਤਾਂ ਦੇ ਮੁਖ ਮੰਤਰੀ ਦਿੱਲੀ ਪਹੁੰਚੇ ਸਨ, ਤਾਂ ਉਹਨਾਂ ਨੂੰ ਰਾਜੀਵ ਨੇ ਟੀ.ਵੀ.'ਤੇ ਕਿਹਾ ਸੀ ਕਿ 'ਜਾਓ, ਆਪੋ ਆਪਣੇ ਸੂਬਿਆਂ ਵਿੱਚ ਅਤੇ ਕਰੋ ਆਪਣਾ ਕੰਮ, ਇਥੇ ਤੁਸੀਂ ਕੀ ਕਰ ਰਹੇ ਹੋ?' ਉਹਨਾਂ ਸਾਰਿਆਂ ਨੇ ਵਾਪਸ ਜਾ ਕੇ ਤਿਆਰ ਪਏ ਪਲਾਨ ਮੁਤਾਬਕ ਆਪੋ ਆਪਣੇ ਸੂਬਿਆਂ ਦੀ ਵਾਗਡੋਰ ਗੁੰਡਿਆਂ, ਕਾਤਲਾਂ, ਲੁਟੇਰਿਆਂ ਅਤੇ ਧਾੜਵੀਆਂ ਦੇ ਹਵਾਲੇ ਕਰ ਦਿੱਤੀ ਅਤੇ ਪੁਲਸ ਨੂੰ ਉਹਨਾਂ ਦੀ ਸਹਾਇਤਾ ਕਰਨ 'ਤੇ ਲਾ ਦਿੱਤਾ, ਤਾਂ ਜੋ ਸਿੱਖਾਂ ਨੂੰ ਮਾਰ ਮੁਕਾਉਣ ਦੀ ਉਸ ਤਿਆਰ ਪਈ ਸਕੀਮ ਨੂੰ ਸਿਰੇ ਚਾੜ੍ਹਨ ਵਿੱਚ ਕਿਸੇ ਕਿਸਮ ਦਾ ਕੋਈ ਵਿਘਨ ਨਾ ਪੈ ਸਕੇ। ਬਸ ਫੇਰ ਕੀ ਸੀ।

ਸਿੱਖਾਂ ਦੀ 15 ਤੋਂ 50 ਸਾਲ ਦੀ ਪੀੜ੍ਹੀ ਨੂੰ ਖ਼ਤਮ ਕਰਕੇ ਸਿੱਖ ਨਸਲਘਾਤ ਕਰਕੇ, ਬਾਕੀ ਦੇ ਬਚ ਗਇਆਂ ਸਿੱਖਾਂ ਨੂੰ ਹੀਣਿਆਂ ਬਣਾਕੇ, ਗੁਲਾਮ ਬਣਾਈ ਰੱਖਣ ਦੇ ਮਨਸੂਬੇ ਅਧੀਨ ਸਿੱਖਾਂ ਨੂੰ ਘਰਾਂ ਵਿੱਚੋਂ ਘਸੀਟ ਕੇ, ਬਾਹਰ ਸੜਕਾਂ 'ਤੇ ਲਿਆਕੇ, ਲੋਹੇ ਦੇ ਰਾਡਾਂ ਨਾਲ ਉਹਨਾਂ ਦੇ ਸਿਰ ਭੰਨ-ਭੰਨ ਕੇ, ਅਧਮੋਏ ਕਰ ਦੇਣ ਮਗਰੋਂ ਉਹਨਾਂ ਨੂੰ ਜੀਉਂਦੇ ਸਾੜਿਆ ਗਿਆ। ਕਈਆਂ ਦੇ ਪਹਿਲਾਂ ਦਾੜ੍ਹੀ-ਕੇਸ ਕਤਲ ਕੀਤੇ ਗਏ ਅਤੇ ਫੇਰ ਉਹਨਾਂ 'ਤੇ ਤੇਲ ਛਿੜਕ ਕੇ ਅੱਗ ਲਾ ਦਿੱਤੀ ਗਈ। ਜੀਉਂਦੇ ਸੜਦੇ-ਤੜਪਦੇ ਸਿੱਖਾਂ ਨੂੰ ਵੇਖ ਕੇ ਮੋਨਾ-ਮੋਨਾ ਕਹਿਕੇ, ਉਹਨਾਂ ਦੀਆਂ ਖਿੱਲੀਆਂ ਉਡਾਈਆਂ ਗਈਆਂ।

ਆਦਮੀਆਂ ਨੂੰ ਮਾਰ ਦੇਣ ਮਗਰੋਂ ਮਾਵਾਂ ਦੀਆਂ ਗੋਦਾਂ ਵਿੱਚੋਂ ਦੁੱਧ ਚੁੰਘਦੇ ਬੱਚਿਆਂ ਨੂੰ ਧੂਹ-ਧੂਹ ਕੇ ਬਲਦੀਆਂ ਅੱਗਾਂ ਵਿੱਚ ਜੀਉਂਦਿਆਂ ਸੁੱਟ ਕੇ ਭੁੰਨ ਦਿੱਤਾ ਗਿਆ। ਆਦਮੀਆਂ ਤੇ ਬੱਚਿਆਂ ਨੂੰ ਮਾਰ ਮੁਕਾਉਣ ਮਗਰੋਂ ਇਸਤਰੀਆਂ ਨੂੰ ਨੰਗਿਆਂ ਕਰਕੇ ਪਸ਼ੂਆਂ ਵਾਂਗ ਸੜਕਾਂ 'ਤੇ ਹੀ ਉਹਨਾਂ ਨਾਲ ਬਲਾਤਕਾਰ ਕੀਤਾ ਗਿਆ। ਵੀਹ ਵੀਹ ਸਾਲ ਦੇ ਵਹਿਸ਼ੀ ਮੁੰਡਿਆਂ ਨੇ ਪੰਜਾਹ ਤੇ ਅੱਸੀ ਸਾਲ ਦੀਆਂ ਮਾਂ-ਬਰਾਬਰ ਇਸਤਰੀਆਂ ਨਾਲ ਗੈਂਗ ਬਲਾਤਕਾਰ ਕੀਤਾ। ਕਈ ਹਾਲਤਾਂ ਵਿੱਚ ਅਧਮੋਏ ਪੁੱਤਰਾਂ ਸਾਹਮਣੇ ਉਹਨਾਂ ਦੀਆਂ ਮਾਵਾਂ ਨਾਲ, ਅਧਮੋਏ ਭਰਾਵਾਂ ਸਾਹਮਣੇ ਉਹਨਾਂ ਦੀਆਂ ਭੈਣਾਂ ਨਾਲ ਅਤੇ ਅਧਮੋਏ ਪਿਉ ਤੇ ਸਹੁਰਿਆਂ ਸਾਹਮਣੇ ਉਹਨਾਂ ਦੀਆਂ ਧੀਆਂ ਤੇ ਨੂੰਹਾਂ ਨਾਲ ਬਲਾਤਕਾਰ ਕਰਕੇ, ਮਨੁੱਖਤਾ ਨੂੰ ਸ਼ਰਮਾਇਆ ਗਿਆ। ਇੱਥੋਂ ਤਕ ਕਿ ਉਹਨਾਂ ਗੁੰਡਿਆਂ ਨੌਂ-ਨੌਂ ਤੇ ਦਸ-ਦਸ ਸਾਲ ਦੀਆਂ ਬੱਚੀਆਂ ਨਾਲ ਵੀ ਮੂੰਹ

ਕਾਲਾ ਕੀਤਾ। ਹਿੰਦੂ ਸਾਮਰਾਜ ਦੀ ਉਹ ਵੇਦਕ ਪ੍ਰਦਰਸ਼ਨੀ ਪੂਰੇ ਚਾਰ ਦਿਨ ਹੁੰਦੀ ਰਹੀ। ਮੌਕੇ ਦੇ ਕੁਝ ਗਵਾਹਾਂ ਨੇ ਦੱਸਿਆ ਕਿ ਇੱਕ ਥਾਣੇਦਾਰ ਨੇ ਧਾੜਵੀਆਂ ਨੂੰ ਕਿਹਾ ਕਿ 'ਇਨ ਕੋ ਮਾਰਨੇ ਕੇ ਲੀਏ ਤੁਮਹਾਰੇ ਪਾਸ ਤੀਨ ਦਿਨ ਹੈਂ। ਅਪਨਾ ਕਾਮ ਹੁਸ਼ਿਆਰੀ ਸੇ ਕਰੋ। ਕਿਸੀ ਏਕ ਕੋ ਭੀ ਜ਼ਿੰਦਾ ਨਾ ਛੋੜੋ, ਨਹੀਂ ਤੋ ਮੁਝੇ ਸਜ਼ਾ ਮਿਲੇਗੀ।'

ਸਿੱਖਾਂ ਦੀਆਂ ਦੁਕਾਨਾਂ, ਕਾਰਾਂ, ਬੱਸਾਂ, ਸਕੂਟਰਾਂ, ਟੈਕਸੀਆਂ, ਘਰਾਂ, ਕਾਰਖਾਨਿਆਂ ਨੂੰ ਸਾੜਿਆ ਗਿਆ। 350 ਦੇ ਕਰੀਬ ਦਿੱਲੀ ਤੇ ਆਸ ਪਾਸ ਦੇ ਗੁਰਦੁਆਰੇ ਸਾੜੇ-ਫੂਕੇ ਗਏ। ਗਲਾਂ ਵਿੱਚ ਟਾਇਰ ਪਾ-ਪਾ ਕੇ ਸਿੱਖਾਂ ਨੂੰ ਜੀਉਂਦਿਆਂ ਸਾੜਿਆ ਗਿਆ। ਸੜਕਾਂ 'ਤੇ ਜਿਥੇ ਵੀ ਕੋਈ ਸਿੱਖ ਸਾਹਮਣੇ ਆਇਆ, ਉਸ ਨੂੰ ਉਥੇ ਹੀ ਮਾਰ ਦਿੱਤਾ ਗਿਆ। ਭਾਵੇਂ ਉਹ ਅਕਾਲੀ ਸੀ, ਕਾਂਗਰਸੀ ਸੀ ਜਾਂ ਕਾਮਰੇਡ। ਉਹਨਾਂ ਕਿਸੇ ਸਿੱਖ ਨੂੰ ਨਹੀਂ ਬਖਸ਼ਿਆ। ਕਾਨਪੁਰ, ਬੁਖਾਰੋ, ਲਖਨਊ ਕਲਕੱਤਾ, ਪਟਨਾ ਸਾਹਿਬ, ਸਹਾਰਨਪੁਰ ਆਦਿਕ ਵੱਡੇ-ਵੱਡੇ ਸ਼ਹਿਰਾਂ ਵਿੱਚ ਸਭ ਪਾਸੇ ਉਸੇ ਪਲਾਨ ਨਾਲ, ਉਸੇ ਢੰਗ ਨਾਲ ਅਤੇ ਐਨ ਉਹੀ ਹਥਿਆਰ ਵਰਤਿਆ ਗਿਆ, ਜੋ ਦਿੱਲੀ ਵਿੱਚ ਵਰਤਿਆ ਗਿਆ। ਕਿਸੇ ਵੀ ਪਾਰਟੀ ਜਾਂ ਉਸ ਪਾਰਟੀ ਦੇ ਲੀਡਰ ਨੇ ਸਾਰੇ ਮੁਲਕ ਵਿੱਚ ਸਿੱਖਾਂ ਉਤੇ ਢਾਹੇ ਗਏ ਕਹਿਰਾਂ ਦੇ ਜ਼ੁਲਮ ਵਿਰੁਧ ਅੱਜ ਤਕ ਅਵਾਜ਼ ਨਹੀਂ ਉਠਾਈ। ਮਨੂ ਪਾਰਲੀਮੈਂਟ ਦੇ ਕਿਸੇ ਇੱਕ ਵੀ ਐਮ.ਪੀ. ਨੇ ਇਤਨੇ ਜ਼ੁਲਮ ਵਿਰੁੱਧ ਹਾਅ ਦਾ ਨਾਅਰਾ ਨਹੀਂ ਮਾਰਿਆ। ਕਿਸੇ ਵੀ ਦੋਸ਼ੀ ਨੂੰ ਅੱਜ ਤਕ ਸਜ਼ਾ ਨਹੀਂ ਦਿੱਤੀ ਗਈ। ਸਾਡੇ ਸੁਆਰਥੀ ਲੀਡਰ ਇਹਨਾਂ ਹੀ ਫ਼ਿਰਕੂਆਂ ਤੋਂ ਮੁੜ ਆਸਾਂ ਲਾਈ ਬੈਠੇ ਹਨ।

ਦਿੱਲੀ ਵਿੱਚ ਕਹਿਰਾਂ ਦੇ ਹੋਏ ਜ਼ੁਲਮ, ਵਹਿਸ਼ੀਅ ਕਤਲੇਆਮ ਅਤੇ ਇਸਤਰੀਆਂ ਦੀਆਂ ਹੋਈਆਂ ਬੇਪਤੀਆਂ ਨੂੰ ਵੇਖਕੇ ਉਥੋਂ ਦੀਆਂ ਦੋ ਨਿਰਪੱਖ ਸੰਸਥਾਵਾਂ 'ਪੀਪਲਜ਼ ਯੂਨੀਅਨ ਫ਼ਾਰ ਸਿਵਲ ਰਾਈਟਸ' (P.U.C.L.) ਅਤੇ ਪੀਪਲਜ਼ ਯੂਨੀਅਨ ਫ਼ਾਰ ਡੈਮੋਕਰੈਟਿਕ ਰਾਈਟਸ' (P.U.D.R.) ਨੇ ਲੂੰ-ਕੰਡੇ ਖੜੇ ਕਰ ਦੇਣ ਵਾਲੀ 54 ਸਫ਼ੇ ਦੀ ਰੀਪੋਰਟ ਛਾਪੀ। ਉਪਰਲੀਆਂ ਸੰਸਥਾਵਾਂ ਵਿੱਚ ਰੀਟਾਇਰਡ ਜੱਜ, ਵਕੀਲ ਅਤੇ ਸ਼ਹਿਰ ਦੇ ਪਤਵੰਤੇ ਨਿਰਪੱਖ ਲੋਕ ਸਨ, ਜਿਨ੍ਹਾਂ ਦਾ ਕਿਸੇ ਪਾਰਟੀ ਨਾਲ ਕੋਈ ਸਬੰਧ ਨਹੀਂ ਸੀ। ਉਹਨਾਂ ਲੋਕਾਂ ਟੈਕਸੀਆਂ ਦੇ ਕਾਫ਼ਲੇ ਦੇ ਰੂਪ ਵਿੱਚ ਵੱਖ ਵੱਖ ਬਸਤੀਆਂ ਵਿੱਚ ਆਪ ਜਾਕੇ, ਥਾਂ-ਥਾਂ 'ਤੇ ਘੁੰਮ ਫਿਰ ਕੇ, ਮੌਕੇ 'ਤੇ ਪਹੁੰਚ ਕੇ ਸਭ ਕੁਝ ਅੱਖੀ ਵੇਖਿਆ। ਕੈਂਪਾਂ ਵਿੱਚ ਜਾ ਕੇ ਪੀੜਤ ਲੋਕਾਂ, ਵਿਧਵਾ ਹੋਈਆਂ ਇਸਤਰੀਆਂ ਅਤੇ ਯਤੀਮ ਹੋਏ ਬੱਚਿਆਂ ਨੂੰ ਮਿਲੇ। ਉਨ੍ਹਾਂ ਦੀਆਂ ਦਰਦ ਭਰੀਆਂ ਹੱਡਬੀਤੀਆਂ ਆਪਣੀ ਕੰਨੀਂ

ਸੁਣੀਆਂ। ਪੁਲਸ ਤੇ ਫ਼ੌਜੀ ਅਧਿਕਾਰੀਆਂ ਨੂੰ ਮਿਲੇ, ਸਿਆਸੀ ਆਗੂਆਂ ਨੂੰ ਮਿਲੇ, ਅਖ਼ਬਾਰੀ ਨੁਮਾਇੰਦਿਆਂ ਨੂੰ ਮਿਲੇ ਅਤੇ ਅਖ਼ਬਾਰਾਂ ਵਿੱਚ ਛਪੀਆਂ ਰੀਪੋਰਟਾਂ ਨੂੰ ਪੜ੍ਹਿਆ। ਇਹ ਸਭ ਕੁਝ ਕਰਨ ਮਗਰੋਂ ਉਨ੍ਹਾਂ ਨੇ ਆਪਣੀਆਂ ਨਿਰਪੱਖ ਤੇ ਸੁਤੰਤਰ ਖੋਜਾਂ ਦੇ ਆਧਾਰ 'ਤੇ ਜੋ ਸਰਬ ਸੰਮਤੀ ਨਾਲ ਸਿੱਟੇ ਕੱਢੇ, ਉਨ੍ਹਾਂ ਵਿੱਚੋਂ ਹੇਠ ਲਿਖੇ ਕੁਝ ਪਹਿਰੇ ਪਾਠਕਾਂ ਦਾ ਖ਼ਾਸ ਧਿਆਨ ਮੰਗਦੇ ਹਨ –

1) **"There is no doubt about this that it was well-planned, possibly the plan had been worked out much earlier, that in case such situation arose, this would be done, how the politicians would take advantage."**

"ਇਸ ਵਿੱਚ ਸ਼ਕ ਦੀ ਬਿਲਕੁਲ ਕੋਈ ਗੁੰਜਾਇਸ਼ ਨਹੀਂ ਕਿ ਇਹ ਸਾਰਾ ਕੁਝ ਬਹੁਤ ਚੰਗੀ ਤਰ੍ਹਾਂ ਵਿਉਂਤਿਆ ਗਿਆ ਸੀ ਅਤੇ ਜਾਪਦਾ ਹੈ ਕਿ ਇਹ ਪਲਾਨ ਬਹੁਤ ਪਹਿਲਾਂ ਉਲੀਕਿਆ ਗਿਆ ਸੀ, ਤਾਂ ਜੋ ਜਦ ਵੀ ਲੋੜ ਪਏ, ਤਾਂ ਉਸ ਦੀ ਵਰਤੋਂ ਕੀਤੀ ਜਾ ਸਕੇ ਅਤੇ ਸਿਆਸੀ ਆਗੂ ਇਸ ਦਾ ਲਾਭ ਲੈ ਸਕਣ।"

(ਮੈਂ ਇਥੇ ਸੁਹਿਰਦ ਪਾਠਕਾਂ ਦਾ ਧਿਆਨ ਆਪਣੀ ਖੋਜ ਦੇ ਤੱਥਾਂ ਵੱਲ ਦਿਵਾਉਣਾ ਚਾਹੁੰਦਾ ਹਾਂ। ਸਿਵਾਏ ਇਹਨਾਂ ਸਤਰਾਂ ਦੇ ਲਿਖਾਰੀ ਨੇ ਸਰਕਾਰ ਦੀ ਇਸ ਤਿਆਰ ਪਈ ਸਕੀਮ ਦਾ ਨਾ ਅੱਜ ਤਕ ਕਿਸੇ ਨੇ ਜ਼ਿਕਰ ਕੀਤਾ ਹੈ ਅਤੇ ਨਾ ਹੀਂ ਇਸ ਸਬੰਧੀ ਕਿਸੇ ਨੇ ਖੋਜ ਹੀ ਕੀਤੀ ਹੈ। ਇਹ ਇਤਿਹਾਸਕ ਤੱਥ ਸਿੱਖ ਇਤਿਹਾਸ ਦਾ ਜ਼ਰੂਰੀ ਭਾਗ ਬਣਨਗੇ। –ਲੇਖਕ)

2) **"The attacks on members of Sikh community were the outcome of well organised plan marked by acts of both commision and omission by important politicians of the Congress (I) at the top and by authorities in the admistration - - The attacks on Sikhs followed a common pattern in all colonies and were masterminded by some powerful organised group - - There was also a definite pattern discernible in the choice of victoms as they largely belonged to the age-group 20 to 50."**

"ਸਿੱਖਾਂ ਉਪਰ ਕੀਤੇ ਗਏ ਵਾਰ ਸੋਚ ਸਮਝ ਕੇ ਬਾਕਾਇਦਾ ਉਲੀਕੀ ਗਈ ਵਿਉਂਤ (plan) ਅਨੁਸਾਰ ਹੀ ਕੀਤੇ ਗਏ ਸਨ, ਜਿਸ ਦੀ ਵਰਤੋਂ ਕਾਂਗਰਸ ਦੇ ਜਾਣੇ ਪਛਾਣੇ ਉਘੇ ਸਿਆਸੀ ਬੰਦਿਆਂ ਵਲੋਂ ਮਿਲੀ ਸੇਧ ਅਧੀਨ ਹਕੂਮਤ ਦੇ ਮੁਖੀ ਕਰਮਚਾਰੀ ਕਰ ਰਹੇ ਸਨ। ਉਹ ਸੇਧ ਇਤਨੀ ਸਪਸ਼ਟ ਸੀ ਕਿ ਸਭ ਕਿਸੇ ਨੂੰ ਪਤਾ ਸੀ ਕਿ ਕੀ ਕਰਨਾ ਹੈ ਅਤੇ ਕੀ ਨਹੀਂ ਕਰਨਾ। – – ਸਿੱਖਾਂ ਉਪਰ ਹੋਏ ਵਾਰ ਸਾਰੀਆਂ ਆਬਾਦੀਆਂ (colonies) ਵਿੱਚ ਇਕ-ਸਾਰ ਤੇ ਇੱਕੋ ਭਾਂਤ (Pattern) ਦੇ ਸਨ। ਇਨ੍ਹਾਂ ਦੀ ਇਕਸਾਰਤਾ ਇਸ ਗੱਲ ਦਾ ਪਰਤੱਖ ਸਬੂਤ ਸੀ ਕਿ ਇਹ ਸਾਰੇ ਮਜ਼ਬੂਤ ਜਥੇਬੰਦ ਧੜੇ ਦੇ ਦਿਮਾਗ਼ ਦੀ ਕਾਢ ਸੀ। – – ਏਨਾ ਹੀ ਨਹੀਂ, ਸਗੋਂ ਇਸ ਵਿਉਂਤ ਅਧੀਨ ਮਾਰੇ ਜਾਣ ਵਾਲੇ ਬੰਦਿਆਂ ਦੀ ਚੋਣ ਕਰਨ ਦਾ ਪੈਟਰਨ ਵੀ ਇੱਕਸਾਰ ਸੀ। ਉਹ ਸੀ 20 ਤੋਂ 50 ਸਾਲ ਤਕ ਦੇ ਮਨੁੱਖਾਂ ਦਾ ਕਤਲ ਕਰਨਾ।"

(ਇਹ ਬਿਆਨ ਵੀ ਇਹਨਾਂ ਸਤਰਾਂ ਦੇ ਲਿਖਾਰੀ ਦੀ ਖੋਜ ਦੀ ਪੁਸ਼ਟੀ ਕਰਦੀ ਹੈ।)

3) "The happenings in Tirlokpury between oct.31 and nov. 2 were a gruesome picture of intense butchery. Within 48 hours at least 400 Sikhs mainly youngmen were burnt alive with the connivance of local police machinery and active participation of an organised group of miscre ants led by a Congress (I) councillor Ashok Kumar."

"31 ਅਕਤੂਬਰ ਤੋਂ 2 ਨਵੰਬਰ ਤਕ ਤ੍ਰਿਲੋਕਪੁਰੀ ਵਿੱਚ ਵਰਤੇ ਹਾਲਾਤ ਸਿਖਰ ਦੇ ਕਸਾਈਪੁਣੇ ਦੀ ਇੱਕ ਅਤਿ ਭਿਆਨਕ ਤਸਵੀਰ ਸਨ। 48 ਘੰਟਿਆਂ ਦੇ ਅੰਦਰ-ਅੰਦਰ 400 ਸਿੱਖਾਂ, ਵਧੇਰੇ ਕਰਕੇ ਨੌਜਵਾਨਾਂ ਨੂੰ, ਲੋਕਲ ਪੁਲਸ ਦੀ ਮਿਲੀਭੁਗਤ ਅਤੇ ਇੰਦਰਾ ਕਾਂਗਰਸ ਦੇ ਕੌਂਸਲਰ ਅਸ਼ੋਕ ਕੁਮਾਰ ਦੀ ਅਗਵਾਈ ਹੇਠ ਲਿਆਂਦੇ ਬਦਮਾਸ਼ਾਂ ਦੇ ਜਥੇਬੰਦ ਗ੍ਰੋਹ ਨੇ ਜੀਉਂਦੇ ਸਾੜਕੇ ਸੁਆਹ ਕਰ ਦਿੱਤਾ ਸੀ।"

4) It was a continuous spree of arson, rape and murders."

"ਇਹ ਸਾੜ ਫੂਕ, ਬਲਾਤਕਾਰੀ ਅਤੇ ਕਤਲਾਂ ਦੀ ਮਹਿਫ਼ਲ ਦਾ ਨਿਰੰਤਰ ਚੱਲ ਰਿਹਾ ਦੌਰ ਸੀ।"

5) "Its (Government) deliberate inaction and its callousness towards relief are far-reaching." - - "It is indeed a matter of great concern that the Govt. has made no serious enquiries into the entire tragic episode, which seems to be so well planned and designed."

"ਸਰਕਾਰ ਵਲੋਂ ਪੀੜਤ ਲੋਕਾਂ ਨੂੰ ਸਹਾਰਾ ਤੇ ਸਹਾਇਤਾ ਦੇਣ ਦੇ ਕੰਮ ਵਿੱਚ ਵਿਖਾਈ ਨਿਰਦਇਤਾ ਤੇ ਲਾਪ੍ਰਵਾਹੀ ਨੇ ਅਖ਼ੀਰਲੀ ਹੱਦ ਛੂਹ ਲਈ ਸੀ। - - ਇਹ ਇੱਕ ਚਿੰਤਾ-ਜਨਕ ਗੱਲ ਬਣ ਜਾਂਦੀ ਹੈ ਅਤੇ ਇਸ ਵਿੱਚ ਉਕੱਾ ਹੀ ਸ਼ਕ ਨਹੀਂ, ਜਦ ਅਸੀਂ ਵੇਖਦੇ ਹਾਂ ਕਿ ਸਰਕਾਰ ਵਲੋਂ ਇਸ ਭਿਅੰਕਰ ਦੁਖਾਂਤ ਕਾਂਡ ਦੀ ਕੋਈ ਪੁੱਛ-ਪੜਤਾਲ ਨਹੀਂ ਕੀਤੀ ਗਈ, ਜੋ ਕਿ ਸੋਚਿਆ ਸਮਝਿਆ ਪਲਾਨ ਜਾਪਦਾ ਹੈ।"

ਉਪਰਲੀਆਂ ਮਨੁੱਖੀ ਅਧਿਕਾਰਾਂ ਦੀਆਂ ਨਿਰਪੱਖ ਜਥੇਬੰਦੀਆਂ ਦਾ ਕਹਿਣਾ ਹੈ ਕਿ ਸਰਕਾਰ ਨੇ ਇਤਨੇ ਭਿਅੰਕਰ ਦੁਖਾਂਤ ਦੀ ਕੋਈ ਪੁੱਛ-ਪੜਤਾਲ ਨਹੀਂ ਕਰਾਈ। ਹੁਣ ਸੁਆਲ ਉਠਦਾ ਹੈ ਕਿ ਸਰਕਾਰ ਕਿਸ ਗੱਲ ਦੀ ਪੁੱਛ-ਪੜਤਾਲ ਕਰਾਏ? ਸਿੱਖ ਨਸਲਕੁਸ਼ੀ ਦੇ ਪਲਾਨ ਮੁਤਾਬਕ ਉਸ ਆਪ ਹੀ ਤਾਂ ਸਿੱਖਾਂ ਦਾ ਕਤਲੇਆਮ ਕਰਾਇਆ ਸੀ। ਕੀ ਉਹ ਆਪ ਆਪਣੇ ਕਾਲੇ ਕਾਰਿਆਂ ਦਾ ਆਪ ਭਾਂਡਾ ਫੋੜਦੀ? ਮਨੂ ਸਰਕਾਰ ਦੇ ਕਾਲੇ ਕਾਰਿਆਂ ਦੀ ਪੁੱਛ-ਪੜਤਾਲ ਕਰਨ ਦੀ ਜੁਰਅਤ ਕਿਸ ਵਿੱਚ ਹੈ? ਲਾਵਾਰਸ ਲਾਸ਼ਾਂ ਦੀ ਛਾਣਬੀਣ ਕਰਨ ਵਾਲੇ ਸਰਦਾਰ ਖਾਲੜਾ ਨੂੰ ਅਜਿਹੇ ਢੰਗ ਨਾਲ ਖੁਰਦ-ਬੁਰਦ ਕੀਤਾ ਗਿਆ, ਤਾਂ ਜੋ ਕੋਈ ਹੋਰ ਅਜਿਹਾ ਕੰਮ ਕਰਨ ਦੀ ਮੁੜ ਜੁਰਅਤ ਹੀ ਨਾ ਕਰੇ।

ਬਸ ਫਿਰ ਕੀ ਸੀ, ਤਿਆਰ ਪਏ ਓਪਰੇਸ਼ਨ ਸ਼ਾਂਤੀ ਦੀਆਂ ਕਾਰਵਾਈਆਂ ਸ਼ੁਰੂ ਕਰ ਦਿੱਤੀਆਂ ਗਈਆਂ। ਬ੍ਰਾਹਮਣੀ ਇੰਦਰਾ ਦੇ ਮੰਤਰੀ ਮੰਡਲ ਦੇ ਇਕ ਵਜ਼ੀਰ ਅਰੁਣ ਨਹਿਰੂ ਨੇ ਓਪਰੇਸ਼ਨ ਸ਼ਾਂਤੀ ਦੀ ਕਮਾਂਡ ਆਪਣੇ ਹੱਥ 'ਚ ਲੈ ਲਈ ਸੀ। ਦਿੱਲੀ 'ਚ ਕਾਂਗਰਸੀ ਮੈਂਬਰਾਂ, ਦਿੱਲੀ ਕਾਰਪੋਰੇਸ਼ਨ ਦੇ ਮੈਂਬਰਾਂ ਅਤੇ ਯੂਥ ਕਾਂਗਰਸ ਦੇ ਮੈਂਬਰਾਂ ਨੂੰ ਆਦੇਸ਼ ਦੇ ਦਿੱਤੇ ਗਏ ਅਤੇ ਪੁਲਿਸ ਨੂੰ ਵੀ ਹੁਕਮ ਦੇ ਦਿੱਤੇ ਗਏ ਕਿ ਲੋੜ ਪੈਣ 'ਤੇ ਉਹਨਾਂ ਦੀ ਸਹਾਇਤਾ ਕਰੇ। ਰਾਜੀਵ ਜਦ ਆਪਣੀ ਮਰੀ ਹੋਈ ਮਾਂ ਦਾ ਮੂੰਹ ਵੇਖ ਕੇ ਬਾਹਰ ਆਇਆ ਤਾਂ

ਅਗੋਂ 'ਖੂਨ ਕਾ ਬਦਲਾ ਖੂਨ ਸੇ' ਦੇ ਨਾਅਰਿਆਂ ਨਾਲ ਸਵਾਗਤ ਕੀਤਾ ਗਿਆ।

ਬਾਹਰਲੀ ਦਿੱਲੀ ਤੋਂ ਕਾਂਗਰਸ ਆਈ ਦੇ ਐਮ.ਪੀ.ਸੱਜਣ ਕੁਮਾਰ, ਕਾਂਗਰਸ ਆਈ ਦੇ ਐਮ.ਪੀ.ਧਰਮ ਦਾਸ ਸ਼ਾਸਤਰੀ ਅਤੇ ਜਗਦੀਸ਼ ਟਾਈਟਲਰ ਆਦਿ ਨੇ ਬਣੇ ਪਏ ਓਪਰੇਸ਼ਨ ਸ਼ਾਂਤੀ ਪਲਾਨ ਨੂੰ ਫਿਰ ਪੂਰੀ ਤਰ੍ਹਾਂ ਘੋਖ ਕੇ ਅੰਤਮ ਛੁਹਾਂ ਦੇਣ ਲਈ ਸਾਰੀ ਰਾਤ ਮੀਟਿੰਗਾਂ ਕੀਤੀਆਂ ਤਾਂ ਜੋ ਕਿਸੇ ਤਰ੍ਹਾਂ ਵੀ ਸਿੱਖਾਂ ਨੂੰ ਨੇਸਤੋ-ਨਾਬੂਦ ਕਰਨ 'ਚ ਕੋਈ ਕਸਰ ਬਾਕੀ ਨਾ ਰਹਿ ਜਾਏ।

ਨਾਂਗਲੋਈ ਦੇ ਇਕ ਪੀੜਤ ਸ.ਦਾਰਾ ਸਿੰਘ ਨੇ ਦੱਸਿਆ ਕਿ ਉਸ ਨੇ 1 ਨਵੰਬਰ ਨੂੰ ਆਪਣੇ ਇਲਾਕੇ ਵਿੱਚ ਬਾਹਰੀ ਦਿੱਲੀ ਦੇ ਸਾਬਕਾਂ ਐਮ.ਪੀ.ਸੱਜਣ ਕੁਮਾਰ ਨੂੰ ਕੋਈ ਇਕ ਹਜ਼ਾਰ ਹਥਿਆਰਬੰਦ ਵਿਅਕਤੀਆਂ ਦੇ ਹਜੂਮ ਦੀ ਅਗਵਾਈ ਕਰ ਰਹੇ ਨੂੰ ਵੇਖਿਆ। ਦਾਰਾ ਸਿੰਘ ਨੇ ਇਹ ਵੀ ਦੱਸਿਆ ਕਿ 31 ਅਕਤੂਬਰ ਦੀ ਸ਼ਾਮ ਨੂੰ ਉਹਨਾਂ ਦੇ ਇਲਾਕੇ ਵਿੱਚ ਕੋਈ ਤੀਹ ਦੇ ਕਰੀਬ ਵਿਅਕਤੀ ਆਏ ਜਿਨ੍ਹਾਂ ਕੋਲ ਸਿੱਖਾਂ ਦੇ ਘਰਾਂ ਦੀਆਂ ਲਿਸਟਾਂ ਸਨ:

'ਮੈਂ ਉਨ੍ਹਾਂ ਨੂੰ ਸਿੱਖਾਂ ਦੇ ਘਰਾਂ 'ਤੇ ਨਿਸ਼ਾਨ ਲਾਉਂਦੇ ਵੀ ਵੇਖਿਆ ਸੀ ਪਰੰਤੂ ਉਸ ਵਕਤ ਮੈਨੂੰ ਉਨ੍ਹਾਂ ਦੇ ਇਰਾਦਿਆਂ ਦੀ ਸਮਝ ਨਹੀਂ ਪਈ ਸੀ।'

ਬੰਦਿਆਂ ਨੂੰ ਮਾਰਿਆ ਗਿਆ, ਬੱਚਿਆਂ ਨੂੰ ਕਤਲ ਕੀਤਾ ਗਿਆ, ਇਸਤਰੀਆਂ ਦੀ ਪਤ ਲੁੱਟੀ ਗਈ ਸੜਕਾਂ 'ਤੇ ਹੀ, ਘਰ ਲੁੱਟੇ, ਉਜਾੜੇ ਤੇ ਸਾੜੇ ਗਏ, ਅਨੇਕਾਂ ਨੂੰ ਜੀਉਂਦਿਆਂ ਤੜਪਾ ਤੜਪਾ ਕੇ ਸਾੜਿਆ ਗਿਆ। ਦਿੱਲੀ ਕੌਂਸਲ ਦੇ ਕਾਂਗਰਸੀ ਮੈਂਬਰ ਅਰਜਨ ਦਾਸ ਨੇ 30-35 ਕਾਰਕੁੰਨਾਂ ਨੂੰ ਲੈਕੇ ਆਈ.ਐਨ.ਏ.ਮਾਰਕੀਟ 'ਚ ਜਾ ਕੇ ਸ਼ੁਰੂ ਕਰਵਾਇਆ ਸਿੱਖਾਂ ਦਾ ਕਤਲੇਆਮ।

ਗੁਰਦੁਆਰੇ ਸਾੜੇ ਗਏ ਅਤੇ ਨੀਚਤਮ ਤੋਂ ਨੀਚਤਮ ਕਾਰੇ ਕੀਤੇ ਗਏ। ਗੁਰੂ ਗਰੰਥ ਸਾਹਿਬ 'ਤੇ ਮਲ-ਮੂਤਰ ਕੀਤਾ ਗਿਆ। ਦਿੱਲੀ ਦੇ ਗੁੰਡਿਆਂ ਦੀ ਅਗਵਾਈ ਕਰਨ ਵਾਲੇ ਐਚ.ਕੇ.ਐਲ.ਭਗਤ ਨੇ ਆਪਣੇ ਗੁੰਡਿਆਂ ਨੂੰ ਵੰਗਾਰਿਆ ਕਿ 'ਇਥੇ ਇਕੱਠੇ ਹੋਣ ਦਾ ਕੀ ਕੰਮ ਹੈ' ਭਾਵ ਜਾਓ ਤੇ ਕਰੋ ਆਪਣਾ ਕੰਮ।

ਆਲ ਇੰਡੀਆ ਰੇਡੀਓ ਜੋ ਪਹਿਲਾਂ ਤੋਂ ਸਿੱਖ ਨਫਰਤ ਫੈਲਾਉਣ 'ਚ ਸਰਗਰਮ ਸੀ, ਨੇ ਮਾਰਨ ਵਾਲਿਆਂ ਦੀ ਸ਼ਨਾਖਤ ਦੇਂਦਿਆਂ ਦੱਸਿਆ ਕਿ ਦੋ ਸਿੱਖ ਸਨ ਅਤੇ ਤੀਜਾ ਮੋਨਾ ਸਿੱਖ ਸੀ। ਕੀ ਮੋਨਾ ਹਿੰਦੂ ਨਹੀਂ ਸੀ ਹੋ ਸਕਦਾ? ਯੂ.ਐਨ.ਆਈ.ਤੇ ਪੀ.ਟੀ.ਆਈ.ਖਬਰ

ਏਜੰਸੀਆਂ ਨੇ ਮੌਕੇ ਦੇ ਗਵਾਹਾਂ ਦਾ ਹਵਾਲਾ ਦੇਕੇ ਤਿੰਨ ਬੰਦਿਆਂ ਦੀ ਸ਼ਮੂਲੀਅਤ ਦੱਸੀ ਸੀ। ਜਿਨ੍ਹਾਂ 'ਚੋਂ ਬੇਅੰਤ ਸਿੰਘ ਮੌਕੇ 'ਤੇ ਮਰ ਗਿਆ ਸੀ, ਸਤਵੰਤ ਸਿੰਘ ਬਚ ਗਿਆ ਸੀ ਅਤੇ ਤੀਜਾ ਜ਼ਖਮੀ ਹੋ ਗਿਆ ਸੀ।

ਸਭ ਪਾਸੇ ਹਿੰਸਾ ਦਾ ਢੰਗ ਇਕੋ ਜਿਹਾ ਸੀ, ਮਾਰਨ ਦਾ ਢੰਗ ਇਕੋ ਜਿਹਾ ਅਤੇ ਮਾਰਨ ਦੇ ਹਥਿਆਰ ਵੀ ਐਨ ਇਕੋ ਜਿਹੇ ਜਿਵੇਂ ਕਿ, ਇਕੋ ਹੀ ਥਾਂ ਤੇ ਬਣੇ ਹੋਣ। ਸਭ ਕੋਲ ਸਿੱਖਾਂ ਦੇ ਘਰਾਂ, ਫੈਕਟਰੀਆਂ, ਬੱਸਾਂ, ਟਰੱਕਾਂ, ਕਾਰਾਂ, ਸਕੂਲਾਂ ਤੇ ਕਾਲਜਾਂ ਦੀਆਂ ਸੂਚੀਆਂ ਸਨ। ਜਾਣਕਾਰ ਹਲਕਿਆਂ ਅਨੁਸਾਰ ਪਾਈਪਾਂ ਰਾਡਾਂ ਦਾ ਆਰਡਰ ਗੁੜਗਾਉਂ ਦੇ ਇਕ ਸਿੱਖ ਦੀ ਫੈਕਟਰੀ ਨੂੰ ਅਗਸਤ 1984 'ਚ ਦਿੱਤਾ ਗਿਆ ਸੀ। ਸਿੱਖਾਂ ਦੇ ਸਿਰਾਂ 'ਤੇ ਰਾਡਾਂ ਮਾਰ-ਮਾਰ ਕੇ, ਸਿਰ ਫੇਹ ਕੇ, ਉਹਨਾਂ ਨੂੰ ਮਾਰ ਕੇ, ਇਸਤਰੀਆਂ ਨਾਲ ਸੜਕਾਂ 'ਤੇ ਹੀ ਬਲਾਤਕਾਰ ਕੀਤੇ ਗਏ ਅਤੇ ਗੁੰਡਿਆਂ ਵਲੋਂ ਸਿੱਖਾਂ ਨੂੰ ਵੰਗਾਰਾਂ ਪਾਈਆਂ ਗਈਆਂ ਕਿ 'ਸਿੱਖੋ, ਤੁਸੀਂ ਕਹਿੰਦੇ ਹੁੰਦੇ ਹੋ ਕਿ ਤੁਸੀਂ (ਅਠ੍ਹਾਰਵੀਂ ਸਦੀ 'ਚ ਵਿਦੇਸ਼ੀ ਹਮਲਾਵਰਾਂ ਤੋਂ) ਹਿੰਦੂ ਔਰਤਾਂ ਦੀ ਇਜ਼ਤ ਦੀ ਰਾਖੀ ਕੀਤੀ ਸੀ, ਹੁਣ ਆਓ ਤੇ ਆਪਣੀਆਂ ਔਰਤਾਂ ਦੀ ਇਜ਼ਤ ਦੀ ਰਾਖੀ ਕਰੋ।' ਬਦਮਾਸ਼ ਕਾਤਲਾਂ ਦੀਆਂ ਟੋਲੀਆਂ ਵਲੋਂ ਜੀਉਂਦੇ ਮਾਸੂਮ ਬੱਚਿਆਂ ਦੇ ਪੇਟ ਪਾੜੇ ਗਏ, ਬੱਚਿਆਂ ਦੀਆਂ ਆਂਦਰਾਂ ਬਾਹਰ ਕੱਢੀਆਂ ਗਈਆਂ, ਮਾਵਾਂ ਗਸ਼ ਖਾਕੇ ਡਿੱਗ ਪਈਆਂ ਸਨ। ਜ਼ੁਲਮ ਦੀ ਵੀ ਕੋਈ ਹੱਦ ਹੁੰਦੀ ਹੈ। ਇਹਨਾਂ ਵਹਿਸ਼ੀ ਹਿੰਦੂਤਵੀਆਂ ਇਹੋ ਕੁਝ ਗੁਜਰਾਤ 'ਚ ਮੁਸਲਮਾਨਾਂ ਨਾਲ ਕੀਤਾ।

ਜਿਊਂਦੇ ਸਿੱਖਾਂ ਨੂੰ ਸਾੜਨਾ, ਸਿੱਖ ਇਸਤਰੀਆਂ ਦੇ ਬਲਾਤਕਾਰ ਕਰਨੇ, ਭਿਆਨਕ ਡਰ ਤੇ ਵਹਿਸ਼ਤ ਫੈਲਾਉਣੀ ਅਤੇ ਅਣਖਹੀਣਤਾ ਦੀ ਭਾਵਨਾ ਪੈਦਾ ਕਰਕੇ ਸਿੱਖਾਂ ਅੰਦਰ ਗੁਲਾਮੀ ਦੀ ਮਾਨਸਿਕਤਾ ਨੂੰ ਪੱਕਿਆਂ ਕਰਨ ਲਈ ਕੀਤਾ ਗਿਆ ਸੀ। ਤੇਜਵੰਤ ਸਿੰਘ, ਜਿਸ ਨੇ ਸਿੱਖਾਂ ਦੀ ਵਿਰੋਧਤਾ ਦੇ ਬਾਵਜੂਦ ਇੰਦਰਾ ਗਾਂਧੀ ਦੇ ਕਹਿਣ 'ਤੇ ਅਕਾਲ ਤਖਤ ਦੀ ਮੁੜ ਉਸਾਰੀ ਕਰਵਾਈ ਸੀ, ਦੇ ਜਨਕ ਸਿਨਮੇ ਨੂੰ ਸਾੜ ਦਿੱਤਾ ਗਿਆ। ਉਸ ਦੇ ਹਿੰਦੂ ਹਿਮੈਤੀਆਂ ਨੇ ਵੀ ਗੁੰਡਿਆਂ ਨੂੰ ਵਾਸਤੇ ਪਾਏ ਪਰ ਉਹਨਾਂ ਗੁੰਡਿਆਂ ਨੇ ਉਸ ਨੂੰ 'ਭਾੜੇ ਦਾ ਟੱਟੂ' ਗਰਦਾਨ ਕੇ ਸਿਨਮਾ ਸਾੜ ਦਿੱਤਾ ਸੀ।

ਪੁਲਿਸ ਦਾ ਰੋਲ

ਪੁਲਿਸ ਦੀ ਗੁੰਡਿਆਂ ਨੂੰ ਪੂਰੀ ਹਿਮਾਇਤ ਹਾਸਲ ਸੀ। ਜਾਂ ਤਾਂ

ਪੁਲਿਸ ਖੜੀ ਵੇਖਦੀ ਰਹੀ ਜਾਂ ਲੋੜ ਪੈਣ 'ਤੇ ਗ਼ੁੰਡਿਆਂ ਦੀ ਸਹਾਇਕ ਬਣਦੀ ਰਹੀ ਅਤੇ ਸਿੱਖਾਂ ਦੇ ਲਸੰਸੀ ਹਥਿਆਰ ਖੋਹ ਲੈਂਦੀ ਰਹੀ ਤਾਂ ਜੋ ਗ਼ੁੰਡਿਆਂ ਨੂੰ ਸਿੱਖਾਂ ਦੇ ਕਤਲੇਆਮ 'ਚ ਕੋਈ ਰੁਕਾਵਟ ਨਾ ਪਏ। ਸਰਗਰਮ ਉੱਚ ਪੁਲਿਸ ਅਧਿਕਾਰੀਆਂ 'ਚ ਮਲਹੋਤਰਾ ਅਸਿਸਟੈਂਟ ਕਮਿਸ਼ਨਰ ਪੁਲਿਸ, ਜੈ ਸਿੰਘ (ਐਸ.ਐਚ.ਓ), ਰਾਓ ਰਾਮ ਮੇਹਰ (ਐਸ.ਐਚ.ਓ), ਹਰੀ ਰਾਮ ਭਟੀ (ਐਸ.ਐਚ.ਓ), ਰਵਤਾਸ ਸਿੰਘ (ਐਸਐਚ.ਓ), ਸਦਰ ਥਾਣਾ ਨਵੀਂ ਦਿੱਲੀ, ਸੂਰਵੀਰ ਸਿੰਘ (ਐਸ.ਐਚ.ਓ.) ਕਲਿਆਣ ਪੁਰੀ, ਆਰ.ਡੀ.ਸਿੰਘ ਐਸ.ਆਈ (ਦੁਰਗਾਪੁਰੀ) ਅਤੇ ਆਰ.ਕੇ.ਪੁਰਮ ਦੇ ਐਸ.ਐਚ.ਓ ਤੇ ਸਿਪਾਹੀ, ਤ੍ਰਿਲੋਕ ਪੁਰੀ ਦਾ ਐਸ.ਐਚ.ਓ ਤਿਆਗੀ, ਇੰਸਪੈਕਟਰ ਰਾਨਾ, ਏ.ਐਸ.ਆਈ ਬਖਸ਼ੀ ਅਤੇ ਸ਼ਕਰਪੁਰ ਦੇ ਐਸ.ਆਈ ਮੂਲ ਚੰਦ ਦੇ ਨਾਂ ਵਰਨਣ ਯੋਗ ਹਨ। ਰਿਪੋਰਟ 'ਚ 200 ਦੇ ਕਰੀਬ ਗ਼ੁੰਡਿਆਂ ਦੇ ਨਾਂ ਵੀ ਦਰਜ ਹਨ। ਇਹ ਰਿਪੋਰਟ ਲਗਪਗ ਸਾਰੇ ਅਖਬਾਰਾਂ ਨੇ ਛਾਪੀ। 'ਇੰਡੀਆ ਟੂਡੇ' ਦੇ ਪੱਤਰ-ਪ੍ਰੇਰਕਾਂ ਦੀ ਇਕ ਟੀਮ ਨੇ ਆਪਣੀ ਰਿਪੋਰਟ 'ਚ ਦੱਸਿਆ ਕਿ ਪੁਲਿਸ ਦੇ ਮਿਲੇ ਹੋਏ ਹੋਣ ਅਤੇ ਸਰਗਰਮ ਸ਼ਮੂਲੀਅਤ ਦੇ ਆਮ ਸਬੂਤ ਮਿਲਦੇ ਹਨ। ਹਿੰਦੂ ਗ਼ੁੰਡਿਆਂ ਨੂੰ ਪੂਰੀ ਖੁੱਲ੍ਹ ਦੇਣ ਲਈ ਸਾਰੇ ਸਿੱਖ ਸਿਪਾਹੀਆਂ ਨੂੰ ਪਿੱਛੇ ਬੁਲਾ ਲਿਆ ਗਿਆ ਸੀ ਜਿਹੜੇ ਕਿ ਕੁਲ ਸਿਪਾਹੀਆਂ ਦਾ ਵੀਹਵਾਂ ਹਿੱਸਾ ਬਣਦੇ ਸਨ। ਇਥੋਂ ਤਕ ਕਿ ਦਿੱਲੀ ਛਾਵਣੀ ਵਿਚਲੇ ਸਿੱਖ ਫੌਜੀਆਂ ਤੋਂ ਵੀ ਹਥਿਆਰ ਲੈ ਲਏ ਗਏ ਸਨ ਅਤੇ ਉਹਨਾਂ ਨੂੰ ਬੈਰਕਾਂ ਤਕ ਸੀਮਤ ਕਰ ਦਿੱਤਾ ਗਿਆ ਸੀ। 1 ਨਵੰਬਰ 1984 ਤੋਂ 4 ਨਵੰਬਰ 1984 ਤਕ ਜਾਂ ਤਾਂ ਪੁਲਿਸ ਖਾਮੋਸ਼ ਦਰਸ਼ਕ ਬਣੀ ਰਹੀ ਜਾਂ ਡਿਊਟੀ ਤੋਂ ਗ਼ੈਰ-ਹਾਜ਼ਰ ਰਹੀ ਜਾਂ ਫਿਰ ਸਿੱਧੇ ਤੌਰ ਤੇ ਲੁੱਟ-ਮਾਰ 'ਚ ਸ਼ਾਮਲ ਰਹੀ। ਸੁਲਤਾਨ ਪੁਰੀ, ਤ੍ਰਿਲੋਕ ਪੁਰੀ ਅਤੇ ਮੰਗੋਲਪੁਰੀ 'ਚੋਂ ਬਚ ਗਏ ਪੀੜਤ ਲੋਕਾਂ ਨੇ ਦੱਸਿਆ ਕਿ ਪੁਲਿਸ ਆਪਣੀਆਂ ਜੀਪਾਂ 'ਚੋਂ ਪਟਰੋਲ ਤੇ ਡੀਜ਼ਲ ਦੇ ਰਹੀ ਸੀ। ਕੁਝ ਸਿਪਾਹੀਆਂ ਨੇ ਹਿੰਦੂ ਪਰਿਵਾਰਾਂ ਵਲੋਂ ਸਿੱਖਾਂ ਨੂੰ ਬਚਾਉਣ ਦੀਆਂ ਕੋਸ਼ਸ਼ਾਂ ਰੋਕੀਆਂ। ਇਕ ਸਿਪਾਹੀ ਨੇ ਇਕ ਹਿੰਦੂ ਨੂੰ ਕਿਹਾ:

'ਤੂੰ ਜਾਟ ਏਂ, ਤੈਨੂੰ ਇਨ੍ਹਾਂ ਸਿੱਖਾਂ ਨੂੰ ਮਾਰ ਦੇਣਾ ਚਾਹੀਦਾ ਸੀ।'

ਪੁਲਿਸ ਵਲੋਂ ਗ਼ੁੰਡਿਆਂ ਨੂੰ ਖੁਲ੍ਹੇਆਮ ਹੱਲਾਸ਼ੇਰੀ ਦਿੱਤੀ ਗਈ

'ਸਿੱਖੋਂ ਕੋ ਮਾਰਨੇ ਔਰ ਬਰਬਾਦ ਕਰਨੇ ਕੇ ਲੀਏ ਆਪ ਲੋਗੋਂ ਕੇ ਪਾਸ ਆਜ ਕੀ ਸ਼ਾਮ ਔਰ ਰਾਤ ਬਾਕੀ ਹੈ। ਇਸ ਲੀਏ ਤੁਮ ਅਪਨਾ

ਕਾਮ ਖਤਮ ਕਰ ਸਕਤੇ ਹੋ' ਯਮਨਾਪੁਰੀ ਤੇ ਯਮੁਨਾ ਵਿਹਾਰ ਦੇ ਪੁਲਿਸ ਅਫਸਰ ਆਪਣੇ ਇਲਾਕੇ ਦੇ ਗੁੰਡਿਆਂ ਨੂੰ ਕਹਿੰਦੇ ਸੁਣੇ ਗਏ। 'ਆਪ ਲੋਗੋਂ ਕੋ ਪੂਰੇ ਤੀਨ ਦਿਨ ਦੀਏ ਥੇ ਸਿੱਖੋਂ ਕੋ ਖਤਮ ਕਰਨੇ ਕੇ ਲੀਏ,ਮਗਰ ਅਭੀ ਤਕ ਯਹ ਕਾਮ ਅਧੂਰਾ ਨਜ਼ਰ ਆ ਰਹਾ ਹੈ' ਰਜੌਰੀ ਪੁਲਿਸ ਸਟੇਸ਼ਨ ਦੇ ਪੁਲਿਸ ਅਫਸਰਾਂ ਵਲੋਂ ਤਿੰਨ ਨਵੰਬਰ ਦੀ ਸਵੇਰ ਨੂੰ ਕਹਿੰਦੇ ਸੁਣਿਆ ਗਿਆ। 'ਆਪ ਲੋਗੋਂ ਕੇ ਪਾਸ ਦੋ ਦਿਨ ਥੇ ਸਿੱਖੋਂ ਕੋ ਖਤਮ ਕਰਨੇ ਕੇ ਲੀਏ,ਮਗਰ ਲੱਗਤਾ ਹੈ ਸਿੱਖ ਆਪ ਕੋ ਖਤਮ ਕਰ ਦੇਂਗੇ,ਕਿਉਂਕਿ ਤੁਮ ਅਭੀ ਤਕ ਅਪਨਾ ਕਾਮ ਪੂਰਾ ਨਹੀਂ ਕਰ ਸਕੇ' 1 ਨਵੰਬਰ ਨੂੰ ਸਵੇਰੇ ਪੁਲਿਸ ਦੇ ਸਿਪਾਹੀ ਆਪਣੇ ਗੁੰਡਿਆਂ ਨੂੰ ਕਹਿੰਦੇ ਸੁਣੇ ਗਏ।

ਕਾਤਲਾਂ ਦਾ ਪ੍ਰਬੰਧ,ਉਹਨਾਂ ਨੂੰ ਹਥਿਆਰਬੰਦ ਕਰਨ,ਉਹਨਾਂ ਨੂੰ ਲੋੜੀਂਦਾ ਸਾਜ਼ੋਸਾਮਾਨ ਦੇਣ,ਉਹਨਾਂ ਨੂੰ ਇਲਾਕੇ ਵੰਡ ਕੇ ਦੇਣ,ਸਭ ਨੂੰ ਹਥਿਆਰ ਦੇਣ,ਉਹਨਾਂ ਨੂੰ ਵੱਖ-ਵੱਖ ਇਲਾਕਿਆਂ 'ਚ ਭੇਜਣ ਅਤੇ ਲੋੜੀਦੀਆਂ ਹਿਦਾਇਤਾਂ ਦੇਕੇ ਉਤਸ਼ਾਹਤ ਕਰਨ ਦਾ ਸਾਰਾ ਕੰਮ ਕਾਂਗਰਸ ਦੇ ਐਚ.ਕੇ.ਐਲ.ਭਗਤ, ਜਗਦੀਸ਼ ਟਾਈਟਲਰ, ਸੱਜਣ ਕੁਮਾਰ ਆਦਿਕ ਕਰ ਰਹੇ ਸਨ।

ਦਿਨ ਦਿਹਾੜੇ ਐਡਾ ਜ਼ੁਲਮ ਕਰਨ ਮਗਰੋਂ ਕਿਸੇ ਨੂੰ ਅੱਜ ਤਕ ਸਜ਼ਾ ਨਹੀਂ ਦਿੱਤੀ ਗਈ। ਐਡਾ ਅਨਰਥ। ਸਾਰੇ ਭਾਰਤ ਵਿੱਚ ਪੰਜਾਹ ਹਜ਼ਾਰ ਤੋਂ ਵੱਧ ਸਿੱਖਾਂ ਦਾ ਕਤਲੇਆਮ ਕੀਤਾ ਗਿਆ ਤੇ ਕੇਵਲ ਦੋ ਬੰਦਿਆਂ ਨੂੰ ਇਕ ਘਰ ਦੇ ਚਾਰ ਜੀਆਂ ਨੂੰ ਮਾਰਨ ਦੀ ਸਜ਼ਾ ਦਿੱਤੀ ਗਈ ਤੇ ਉਹ ਵੀ ਅਦਾਲਤ ਨੇ ਘਟਾ ਦਿੱਤੀ ਕਿ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੋਈ ਹੱਤਿਆ ਦੇ ਰੋਹ ਵਿੱਚ ਅੰਨ੍ਹੇ ਹੋਕੇ ਕੀਤਾ ਗਿਆ ਸੀ। ਉਸੇ ਕਾਨੂੰਨ ਨੇ ਉਹਨਾਂ ਸਿੱਖਾਂ ਨੂੰ ਝੱਟ ਫਾਂਸੀ ਲਾਇਆ ਜਿਨ੍ਹਾਂ ਨੇ ਅਕਾਲ ਤਖਤ ਸਾਹਿਬ ਤੇ ਦਰਬਾਰ ਸਾਹਿਬ 'ਤੇ ਭਾਰਤੀ ਫ਼ੌਜ ਵਲੋਂ ਕੀਤੇ ਵਹਿਸ਼ੀਆਨਾ ਹਮਲੇ ਦੇ ਰੋਹ ਵਿੱਚ ਆ ਕੇ ਇੰਦਰਾ ਗਾਂਧੀ ਤੇ ਜਨਰਲ ਵੈਦਿਆ ਨੂੰ ਮਾਰਿਆ ਸੀ। ਉਦੋਂ ਦੇ ਹਜ਼ਾਰਾਂ ਬੇਗੁਨਾਹ ਸਿੱਖ ਅੱਜ ਤੱਕ ਜੇਲ੍ਹ ਕੋਠੜੀਆਂ ਵਿੱਚ ਗਲ੍ਹ ਰਹੇ ਹਨ।

ਕੁਝ ਪੱਤਰਕਾਰਾਂ ਨੇ ਤ੍ਰਿਲੋਕਪੁਰੀ 'ਚ 350 ਲਾਸ਼ਾਂ ਵੇਖੀਆਂ ਪਰ ਪੁਲਿਸ ਕਮਿਸ਼ਨਰ ਨੇ ਕਿਹਾ ਕਿ 15 ਜਾਂ 20 ਬੰਦੇ ਹਿੰਸਕ ਘਟਨਾਵਾਂ ਨਾਲ ਮਰੇ। ਕਈ ਪੱਤਰਕਾਰਾਂ ਮੰਗਲਪੁਰੀ ਗਏ ਅਤੇ ਉਨ੍ਹਾਂ ਸੈਂਕੜੇ ਲਾਸ਼ਾਂ ਇਕ ਨਾਲੇ 'ਚ ਸੁੱਟ ਦਿੱਤੀਆਂ ਹੋਈਆਂ ਵੇਖੀਆਂ। 5 ਨਵੰਬਰ 1984 ਨੂੰ ਜਦ ਕੇਂਦਰੀ ਜ਼ਿਲਾ ਪੁਲਿਸ ਨੇ 300 ਤੋਂ ਵੱਧ ਗੁੰਡਿਆਂ ਨੂੰ ਪਕੜਿਆ ਤਾਂ ਧਰਮ ਦਾਸ ਸ਼ਾਸਤਰੀ ਐਮ.ਪੀ.ਸਮੇਤ ਕਾਂਗਰਸ

ਆਈ ਦੇ ਕਈ ਲੀਡਰਾਂ ਨੇ ਕਿਹਾ ਕਿ 'ਪੁਲਿਸ ਲੁਟਿਆ ਮਾਲ ਬਰਾਮਦ ਕਰ ਲਏ,ਪਰ ਉਨ੍ਹਾਂ ਨੂੰ ਗ੍ਰਿਫਤਾਰ ਕਰਨ ਦੀ ਲੋੜ ਨਹੀਂ। ਉਹ ਦੋਸ਼ੀ ਨਹੀਂ ਹਨ।'

ਪੁਲਿਸ ਵਲੋਂ 1 ਨਵੰਬਰ ਨੂੰ ਝੂਠੀਆਂ ਅਫਵਾਹਾਂ ਫੈਲਾਈਆਂ ਗਈਆਂ ਕਿ ਸਿੱਖਾਂ ਨੇ ਇਕੱਠਿਆਂ ਹੋਕੇ ਕੁਝ ਇਲਾਕਿਆਂ 'ਤੇ ਧਾਵਾ ਬੋਲ ਦਿੱਤਾ ਹੈ। ਇਕ ਹੋਰ ਅਫਵਾਹ ਕਿ ਸਿੱਖਾਂ ਨੇ ਚੰਦਰਾਵਲ ਜਲ ਭੰਡਾਰ ਜਿਥੋਂ ਦਿੱਲੀ ਨੂੰ ਪਾਣੀ ਸਪਲਾਈ ਕੀਤਾ ਜਾਂਦਾ ਹੈ, 'ਚ ਜ਼ਹਿਰ ਘੋਲ ਦਿੱਤਾ ਹੈ। ਇਕ ਹੋਰ ਅਫਵਾਹ ਕਿ ਪੰਜਾਬ 'ਚੋਂ ਆ ਰਹੀਆਂ ਰੇਲਗੱਡੀਆਂ 'ਚ ਸਫਰ ਕਰ ਰਹੇ ਹਿੰਦੂਆਂ ਦੀ ਸਿੱਖਾਂ ਨੇ ਕੱਟ-ਵੱਢ ਕੀਤੀ ਹੈ।

ਦਿੱਲੀ ਟਰਾਂਸਪੋਰਟ ਕਾਰਪੋਰੇਸ਼ਨ ਵੀ ਪੂਰੀ ਤਰ੍ਹਾਂ ਸਹਾਇਕ ਬਣੀ ਰਹੀ। ਇਸ ਨੇ ਹਰਿਆਣੇ ਅਤੇ ਨਾਲ ਲੱਗਦੇ ਇਲਾਕਿਆਂ 'ਚੋਂ ਗੁੰਡਿਆਂ ਨੂੰ ਇਕੱਠੇ ਕਰਨ ਜਾਂ ਇਕ ਥਾਂ ਤੋਂ ਦੂਜੀ ਥਾਂ ਲਿਜਾਣ ਲਈ ਜਾਂ ਉਹਨਾਂ ਨੂੰ ਘਰੋ ਘਰੀਂ ਪਹੁੰਚਾਉਣ ਲਈ ਆਪਣੀਆਂ ਬੱਸਾਂ ਦੇ ਰੱਖੀਆਂ ਸਨ।

ਭਾਰਤੀ ਟੀ.ਵੀ.(ਦੂਰਦਰਸ਼ਨ) ਤਾਂ ਪਹਿਲਾਂ ਹੀ ਪਿੱਛਲੇ ਦਹਾਕੇ ਤੋਂ ਸਿੱਖ ਵਿਰੋਧੀ ਨਫਰਤ ਫੈਲਾਉਣ 'ਚ ਪੂਰੀ ਤਰ੍ਹਾਂ ਸਰਗਰਮ ਸੀ। ਗੁੰਡਿਆਂ ਵਲੋਂ ਲਾਏ ਜਾ ਰਹੇ ਹੇਠ ਲਿਖੇ ਨਾਅਰਿਆਂ ਨੂੰ ਬਾਰ-ਬਾਰ ਪ੍ਰਸਾਰਨ 'ਚ ਇਸ ਨੇ ਕੋਈ ਕਸਰ ਨਹੀਂ ਸੀ ਛੱਡੀ:-

'ਸਰਦਾਰ ਕੌਮ ਕੇ .ਗਦਾਰ'

'ਖ਼ੂਨ ਕਾ ਬਦਲਾ ਖ਼ੂਨ ਸੇ'

ਜਹਾਂਗੀਰ ਪੁਰੀ,ਰਾਜੌਰੀ ਗਾਰਡਨ,ਸੁਭਾਸ਼ ਨਗਰ,ਜਨਕਪੁਰੀ, ਗਰੇਟਰ ਕੈਲਾਸ਼, ਕਲਿਆਨਪੁਰੀ,ਮੰਗੋਲਪੁਰੀ,ਸੁਲਤਾਨਪੁਰੀ, ਤਰੀਲੋਕਪੁਰੀ ਆਦਿ ਬਸਤੀਆਂ 'ਚ ਸਥਾਨਕ ਹਿੰਦੂ ਤੇ ਮੁਸਲਮਾਨ ਹੇਠ ਲਿਖੇ ਨਾਅਰੇ ਲਾਉਣ ਲੱਗ ਪਏ:-

'ਹਿੰਦੂ ਭਾਈ, ਮੁਸਲਿਮ ਭਾਈ, ਸਰਦਾਰੋਂ ਕੀ ਕਰੋ ਸਫਾਈ'

'ਸਰਦਾਰੋਂ ਕੋ ਜਲਾ ਦੋ, ਲੂਟ ਲੋ, ਸਰਦਾਰੋਂ ਕੋ ਮਾਰ ਦੋ'

ਦਿੱਲੀ ਵੱਲ ਆ ਰਹੀਆਂ ਰੇਲ ਗਡੀਆਂ 'ਚ ਸਿੱਖਾਂ ਦਾ ਕਤਲੇਆਮ

31 ਅਕਤੂਬਰ 1984: ਜੈਪੁਰ ਤੋਂ ਦਿੱਲੀ ਆ ਰਹੀ ਗਡੀ 'ਚੋਂ 28 ਸਿੱਖ ਮਾਰ ਦਿੱਤੇ ਗਏ। ਇਕ ਸਿੱਖ ਡਾਕਟਰ 5 ਘੰਟੇ ਟੱਟੀ 'ਚ

ਛੁਪਿਆ ਰਹਿਣ ਕਰਕੇ ਬਚ ਗਿਆ। ਇਕ ਹੋਰ ਗੱਡੀ 'ਚੋਂ 43 ਸਿੱਖ ਮਾਰ ਕੇ ਜਲਾ ਦਿੱਤੇ ਗਏ। ਗ਼ਾਜ਼ੀਆਬਾਦ ਸਟੇਸ਼ਨ 'ਤੇ ਜ਼ਖਮੀ ਕਰਕੇ ਜ਼ਿੰਦਾ ਜਲਾ ਦਿੱਤੇ ਗਏ। ਇਹ ਹਾਲ ਦਿੱਲੀ ਵੱਲ ਆ ਰਹੀਆਂ ਸਭ ਰੇਲ ਗਡੀਆਂ ਨਾਲ ਹੋ ਰਿਹਾ ਸੀ। ਦਿੱਲੀ 'ਚ ਕੇਸ਼ ਦਾੜ੍ਹੀਆਂ ਮੁੰਨ ਕੇ ਜ਼ਿੰਦਾ ਜਲਾ ਦੇਣ ਦੇ ਬਹੁਤ ਕੇਸ ਹੋਏ। ਡਰ ਦੇ ਮਾਰੇ ਕਰਨਾਲ ਦੇ ਸਾਰੇ ਪੇਂਡੂ ਸਿੱਖਾਂ ਨੇ ਕੇਸ ਕਤਲ ਕਰਵਾ ਦਿੱਤੇ ਸਨ। ਇਕ ਅੰਦਾਜ਼ੇ ਅਨੁਸਾਰ ਲੱਖ ਤੋਂ ਵੱਧ ਸਿੱਖਾਂ ਨੇ ਕੇਸ ਕਤਲ ਕਰਵਾਏ ਹੋਣੇ ਹਨ।

ਬਕਾਰੋ ਸਟੀਲ ਪਲਾਂਟ ਸ਼ਹਿਰ 'ਚ ਕਈ ਮੋਟਰਪਾਰਟਸ ਦੀਆਂ ਸਿੱਖ ਦੁਕਾਨਾਂ ਸਨ। ਉਨ੍ਹਾਂ ਦੁਕਾਨਾਂ ਤੋਂ ਹੀ ਟਾਇਰ ਲੈਕੇ ਪਟਰੋਲ ਪਾਕੇ ਗਲੇ 'ਚ ਪਾ ਪਾ ਕੇ ਅੱਗ ਲਾਕੇ ਸਿੱਖਾਂ ਨੂੰ ਤੜਪਾ ਤੜਪਾ ਕੇ ਸਾੜਿਆ ਮਾਰਿਆ ਗਿਆ। ਸਿੱਖਾਂ ਦੇ ਟਰੱਕ ਤੇ ਦੁਕਾਨਾਂ ਸਾੜ ਦਿੱਤੀਆਂ ਗਈਆਂ। ਹਜ਼ਾਰਾਂ ਸਿੱਖਾਂ ਦਾ ਜਾਨੀ ਤੇ ਕਰੋੜਾਂ ਰੁਪਏ ਦਾ ਨੁਕਸਾਨ ਕੀਤਾ ਗਿਆ। ਇਥੇ 12 ਸਾਲ ਦੀਆਂ ਬੱਚੀਆਂ ਦੀ ਵੀ ਪੱਤ ਲੁੱਟੀ ਗਈ ਅਤੇ ਫਿਰ ਕਤਲ ਕਰਕੇ ਨਾਲੇ 'ਚ ਸੁੱਟ ਦਿੱਤਾ ਗਿਆ। ਮਕਾਨਾਂ ਅੰਦਰ ਤੀਵੀਆਂ ਤੇ ਆਦਮੀ ਬੰਦ ਕਰਕੇ ਡਾਇਨਾਮਾਈਟ ਨਾਲ ਉਡਾ ਦਿੱਤੇ ਗਏ।

ਦਿੱਲੀ ਮਗਰੋਂ ਇਥੇ ਸਭ ਤੋਂ ਜ਼ਿਆਦਾ ਜਾਨੀ ਤੇ ਮਾਲੀ ਨੁਕਸਾਨ ਹੋਇਆ। ਲੁੱਟ-ਮਾਰ ਕੀਤੀ ਗਈ, ਜ਼ਿੰਦਾ ਜਲਾ ਦੇਣ ਦੀਆਂ ਵਾਰਦਾਤਾਂ ਅਤੇ ਸਾੜ ਫੂਕ ਕੀਤੀ ਗਈ। ਕੋਈ ਦੋ ਹਜ਼ਾਰ ਤੋਂ ਵੱਧ ਸਿੱਖ ਮਾਰਿਆ ਗਿਆ। ਪੰਜਾਹ ਗੁਰਦੁਆਰੇ ਸਾੜੇ ਗਏ ਸਣੇ ਗੁਰੂ ਗਰੰਥ ਸਾਹਿਬ ਦੇ ਬਹੁਤ ਸਾਰੇ ਸਰੂਪਾਂ ਦੇ। ਸਿਰਫ ਦੋ ਗੁਰਦੁਆਰੇ ਬਚੇ। ਅਜਿਹੀਆਂ ਸ਼ਰਮਨਾਕ, ਹੌਲਨਾਕ ਅਤੇ ਲੂੰ ਕੰਡੇ ਖੜੇ ਕਰ ਦੇਣ ਵਾਲੀਆਂ ਵਾਰਦਾਤਾਂ ਰਾਂਚੀ, ਧਨਬਾਦ, ਲਖਨਊ, ਸਹਾਰਨਪੁਰ, ਜਮਨਾ ਨਗਰ, ਕਰਨਾਲ, ਰੋਹਤਕ ਆਦਿ ਵੀ ਹੋਈਆਂ। ਸਹਾਰਨਪੁਰ ਮੁਸਲਮਾਨ ਵੀ ਹਿੰਦੂਆਂ ਨਾਲ ਰਲ ਗਏ ਸਨ। ਪਟਨਾ ਸਾਹਿਬ ਵੀ ਬਹੁਤ ਜਾਨੀ ਨੁਕਸਾਨ ਹੋਇਆ।

ਗੁੜਗਾਉਂ 'ਚ ਹਜ਼ਾਰਾਂ ਦੀ ਗਿਣਤੀ 'ਚ ਕੁਹਾੜੀਆਂ, ਤ੍ਰਿਸ਼ੂਲ, ਮਿੱਟੀ ਦੇ ਤੇਲ ਦੀਆਂ ਪੀਪੀਆਂ ਲੈਕੇ ਸਿੱਖਾਂ ਨੂੰ ਮਾਰੀ ਜਾ ਰਹੇ ਸਨ ਅਤੇ ਸਾੜੀ ਜਾ ਰਹੇ ਸਨ। ਡੀ.ਐਸ.ਪੀ. ਤੇ ਜ਼ਿਲਾ ਮੈਜਿਸਟਰੇਟ ਸਾਹਮਣੇ ਖੜੇ ਵੇਖ ਰਹੇ ਸਨ। 50 ਸਿੱਖ ਮਾਰ ਦਿੱਤੇ ਗਏ। ਰੈਣ ਸਬਾਈ ਕੀਰਤਨ ਕਰਨ ਵਾਲੀ ਇਕ ਬੀਬੀ ਦੇ ਅੱਠ ਮੈਂਬਰਾਂ ਨੂੰ ਕਤਲ ਕਰ ਦਿੱਤਾ ਗਿਆ। ਕੇਸ ਕਤਲ ਕਰਕੇ, ਘਰ-ਬਾਰ ਲੁੱਟ ਕੇ ਫੂਕਦੇ ਰਹੇ। ਦਿੱਲੀ ਗੁੜਗਾਉਂ ਸੜਕ 'ਤੇ 250 ਟਰੱਕ ਸਾੜੇ ਗਏ। ਡਰਾਈਵਰਾਂ

ਨੂੰ ਸਾੜਿਆ ਗਿਆ। ਗਲਾਂ 'ਚ ਟਾਇਰ ਪਾ ਕੇ ਉਨ੍ਹਾਂ ਨੂੰ ਸਾੜਿਆ ਗਿਆ। ਆਸ ਪਾਸ ਦੇ ਸਾਰੇ ਗੁਰਦੁਆਰੇ ਸਾੜ ਦਿੱਤੇ ਗਏ। ਰੇਵਾੜੀ 'ਚ ਬੜੀ ਬੁਰੀ ਤਰ੍ਹਾਂ ਸਾੜ-ਫੂਕ ਕੀਤੀ ਗਈ। ਪਲਵਲ 'ਚ ਸੁੱਤੇ ਪਏ ਇਕ ਗਰੰਥੀ ਤੇ ਇਕ ਯਾਤਰੂ ਨੂੰ ਮੰਜਿਆਂ ਨਾਲ ਬੰਨ੍ਹਕੇ ਅੱਗ ਲਾ ਦਿੱਤੀ ਅਤੇ ਗੁਰਦੁਆਰਾ ਵੀ ਸਾੜ ਦਿੱਤਾ ਗਿਆ। ਪਲਵਲ ਸਟੇਸ਼ਨ ਤੇ 20 ਸਿੱਖਾਂ ਨੂੰ ਕੱਢ ਕੇ ਅੱਗ ਲਾ ਦਿੱਤੀ ਗਈ।

ਮਿਸਰਾ ਕਮਿਸ਼ਨ ਅਨੁਸਾਰ 31 ਅਕਤੂਬਰ ਨੂੰ ਦਿੱਲੀ 'ਚ ਗੁੰਡਿਆਂ ਵਲੋਂ ਅੱਗਾਂ ਲਾਉਣ, ਲੁੱਟਮਾਰ ਕਰਨ ਅਤੇ ਸਿੱਖਾਂ ਦੇ ਕਤਲ ਕਰਨ ਦੀਆਂ 119 ਵਾਰਦਾਤਾਂ ਦਾ ਜ਼ਿਕਰ ਕੀਤਾ ਗਿਆ ਹੈ ਜਿਨ੍ਹਾਂ 'ਚੋਂ 13 ਵਾਰਦਾਤਾਂ ਗੁਰਦੁਆਰਿਆਂ 'ਚ ਹੋਈਆਂ ਸਨ। ਦਿੱਲੀ 'ਚ ਐਲ.ਕੇ.ਐਲ.ਭਗਤ ਗੁੰਡਿਆਂ ਦੇ ਸਰਗਨੇ ਨੇ ਚਾਰਜ ਸੰਭਾਲਿਆ, ਜੋ ਹੁਣ ਵੀ ਦੋ ਘੰਟੇ ਦੇ ਨੋਟਿਸ ਤੇ ਇਕ ਲੱਖ ਗੁੰਡੇ ਇਕੱਠੇ ਕਰ ਸਕਦਾ ਹੈ।

'ਪੀਪਲਜ਼ ਯੂਨੀਅਨ ਫਾਰ ਡੈਮੋਕਰੈਟਕ ਰਾਈਟਸ' ਤੇ 'ਪੀਪਲਜ਼ ਯੂਨੀਅਨ ਫਾਰ ਸਿਵਲ ਲਿਬਰਟੀਜ਼' ਨਾਂ ਦੀਆਂ ਦੋ ਗ਼ੈਰ-ਸਿਆਸੀ ਤੇ ਗ਼ੈਰ-ਸਿੱਖ ਸੰਸਥਾਵਾਂ, ਜਿਨ੍ਹਾਂ 'ਚ ਇਕ ਵੀ ਸਿੱਖ ਮੈਂਬਰ ਨਹੀਂ ਸੀ, ਨੇ 54 ਸਫੇ ਦੀ ਰਿਪੋਰਟ 'ਹੂ ਇਜ਼ ਗਿਲਟੀ?' (ਦੋਸ਼ੀ ਕੌਣ ਹੈ?) ਰਿਪੋਰਟ ਛਾਪੀ। ਇਹ ਰਿਪੋਰਟ ਚਸ਼ਮਦੀਦ ਗਵਾਹਾਂ, ਪੀੜਤ ਵਿਅਕਤੀਆਂ, ਫੌਜੀ ਅਧਿਕਾਰੀਆਂ, ਸਿਆਸੀ ਤੇ ਵਿਰੋਧੀ ਪਾਰਟੀਆਂ ਦੇ ਲੀਡਰਾਂ, ਅਖਬਾਰਾਂ ਦੀਆਂ ਰਿਪੋਰਟਾਂ, ਦਿੱਲੀ ਦੇ ਵੱਖ-ਵੱਖ ਫਸਾਦ ਗ੍ਰਸੇ ਇਲਾਕਿਆਂ 'ਚ ਘੁੰਮ ਫਿਰ ਕੇ ਸਾਂਝੀ ਟੀਮ ਨੇ ਇਹ ਰਿਪੋਰਟ ਤਿਆਰ ਕੀਤੀ ਸੀ। ਦੋਹਾਂ ਦਾ ਯਕੀਨ ਹੈ ਕਿ ਇਹ ਘੱਲੂਘਾਰਾ ਇਕਦਮ ਦੁਖ ਖੁਣੋਂ ਨਹੀਂ ਸ਼ੁਰੂ ਹੋਇਆ। ਮਾਰ ਧਾੜ ਦਾ ਸਭ ਪਾਸੇ ਇਕੋ ਜਿਹਾ ਪੈਟਰਨ ਸੀ। ਹਰ ਪਾਸੇ ਇਕੋ ਜਿਹੀਆਂ ਅਫਵਾਹਾਂ ਫੈਲਾਈਆਂ ਗਈਆਂ ਕਿ ਸਿੱਖ ਖੁਸ਼ੀ 'ਚ ਮਠਿਆਈਆਂ ਵੰਡ ਰਹੇ ਹਨ।

ਪੰਜਾਬ ਤੋਂ ਪੁਰਾਣੀ ਦਿੱਲੀ ਸਟੇਸ਼ਨ ਤੇ ਹਿੰਦੂਆਂ ਦੀਆਂ ਲਾਸ਼ਾਂ ਦੀਆਂ ਭਰੀਆਂ ਟਰੇਨਾਂ ਪਹੁੰਚ ਰਹੀਆਂ ਹਨ। ਪੀਣ ਵਾਲੇ ਪਾਣੀ 'ਚ ਜ਼ਹਿਰ ਪਾ ਦਿੱਤਾ ਗਿਆ ਹੈ। ਦੋਹਾਂ ਸੰਸਥਾਵਾਂ ਦੀਆਂ ਟੀਮਾਂ ਨੇ ਸਬੰਧਤ ਇਲਾਕਿਆਂ ਦਾ ਦੌਰਾ ਕਰਦੇ ਇਸ ਸਬੰਧੀ ਅਨਾਊਨਸਮੈਂਟ ਕਰਦਿਆਂ ਸੁਣਿਆ ਸੀ। ਇਹ ਸਭ ਝੂਠਾ ਪਰਾਪੇਗੰਡਾ ਲੋਕਾਂ ਨੂੰ ਭੜਕਾਉਣ ਲਈ ਕੀਤਾ ਗਿਆ ਸੀ। ਕਾਂਗਰਸ ਆਈ ਦੇ ਲੋਕ ਅਗਵਾਈ ਕਰ ਰਹੇ ਸਨ। ਹਥਿਆਰ ਬੰਦ ਫੋਰਸ ਕਿਥੇ ਸੀ? ਗ੍ਰਹਿ ਮੰਤਰੀ ਕਿਥੇ ਸੀ? ਮਾੜੀ ਜਿਹੀ ਗੱਲ 'ਤੇ ਫੋਰਸ ਪਹੁੰਚ ਜਾਂਦੀ ਹੈ। 50,000 ਸ਼ਰਨਾਰਥੀ

ਕੈਂਪ 'ਚ ਸਨ ਕੋਈ ਮਦਦ ਸਰਕਾਰ ਵੱਲੋਂ ਨਹੀਂ ਪਹੁੰਚੀ। ਕਿਉਂ? ਸਾਨੂੰ ਉਨ੍ਹਾਂ ਹਿੰਦੂਆਂ ਦੀ ਪ੍ਰਸੰਸਾ ਕਰਨੀ ਬਣਦੀ ਹੈ ਜਿਨ੍ਹਾਂ ਨੇ ਆਪਣੇ ਗੁਆਂਢੀ ਸਿੱਖਾਂ ਨੂੰ ਬਚਾਇਆ ਸੀ।

ਸਿੱਖ ਫੌਜੀਆਂ ਨੂੰ ਅਮਨ ਕਾਇਮ ਕਰਨ 'ਤੇ ਨਹੀਂ ਲਾਇਆ ਗਿਆ

31 ਅਕਤੂਬਰ ਨੂੰ ਮੇਰਠ ਤੋਂ ਇਕ ਬ੍ਰਿਗੇਡ ਤਿੰਨ ਫੌਜੀ ਪਲਟਨਾਂ ਅਤੇ ਇਕ ਤੋਪਖਾਨੇ ਦੀ ਪਲਟਨ ਦਿੱਲੀ ਪਹੁੰਚ ਗਏ ਸਨ ਪਰ ਕਿਸੇ ਨੇ ਉਹਨਾਂ ਨੂੰ ਅਮਨ ਕਾਇਮ ਕਰਨ 'ਤੇ ਨਹੀ ਲਾਇਆ। ਸਿੱਖਾਂ ਦੇ ਕਤਲੇਆਮ ਕਰਨ ਬਾਅਦ ਜਦ ਹਿਫਾਜ਼ਤੀ ਡਿਊਟੀ ਤੇ ਫੌਜੀਆਂ ਨੂੰ ਲਾਇਆ ਗਿਆ ਤਾਂ ਪਲਟਨ ਨੰਬਰ 15 ਜੋ ਸਿੱਖਾਂ ਦੀ ਸੀ, ਨੂੰ ਹਿਫਾਜ਼ਤੀ ਡਿਊਟੀ 'ਤੇ ਨਹੀਂ ਲਾਇਆ ਗਿਆ, ਬਾਕੀ ਸਭ ਨੂੰ ਲਾਇਆ ਗਿਆ।

ਹੋਰਨਾਂ ਹਿੰਦੂ ਲੀਡਰਾਂ ਵਾਂਗ ਇੰਦਰਾ ਲਈ ਵੀ ਉਸ ਦੇ ਖਾਸ ਚਮਚਿਆਂ ਨੂੰ ਛੱਡ ਕੇ ਸਾਰੇ ਸਿੱਖ ਦੁਸ਼ਮਣ ਸਨ ਅਤੇ ਵਿਸ਼ਵਾਸ ਕੀਤੇ ਜਾਣ ਦੇ ਯੋਗ ਨਹੀ ਸਨ। ਆਪਣੇ 11-12 ਜੂਨ 1984 ਦੇ ਲਦਾਖ ਦੇ ਦੌਰੇ ਵੇਲੇ ਇਹ ਹਿਦਾਇਤਾਂ ਦਿੱਤੀਆਂ ਸਨ ਕਿ ਹੈਲੀਪੈਡ ਦੀ ਰਾਖੀ ਲਈ ਲਾਏ ਗਏ ਸਿੱਖ ਫੌਜੀ ਦਸਤਿਆਂ ਨੂੰ ਬਦਲ ਦਿੱਤਾ ਜਾਏ। ਸਿੱਖਾਂ ਦੀ ਵਫਾਦਾਰੀ 'ਤੇ ਇਤਨੀ ਬੇਵਿਸ਼ਵਾਸੀ ਪੈਦਾ ਕਰ ਦਿੱਤੀ ਗਈ ਸੀ ਕਿ ਸਿੱਖ ਫੌਜੀ ਤੇ ਸਿੱਖ ਫੌਜੀ ਅਫਸਰ ਤਿੰਨ ਸਾਲ ਤਕ ਆਪਣੇ ਭਵਿੱਖ ਬਾਰੇ ਰਾਤ ਦਿਨ ਚਿੰਤਾਤੁਰ ਰਹੇ। ਸਿੱਖ ਅਫਸਰਾਂ ਨੂੰ ਕਮਾਂਡ ਕਰਨ ਦੀਆਂ ਡਿਊਟੀਆਂ ਦੀ ਥਾਂ ਪ੍ਰਬੰਧਕੀ ਕੰਮਾਂ 'ਤੇ ਲਾਣਾ ਸ਼ੁਰੂ ਕਰ ਦਿੱਤਾ ਗਿਆ ਜਿਸ ਤੋਂ ਸਾਫ ਨਜ਼ਰ ਆ ਰਿਹਾ ਸੀ ਕਿ ਸਿੱਖ ਫੌਜੀ ਅਫਸਰ ਉਚ ਅਹੁਦਿਆਂ ਤੋਂ ਹਟਾ ਦਿੱਤੇ ਜਾਣਗੇ।

5-6 ਅਕਤੂਬਰ 1983 ਦੀ ਰਾਤ ਨੂੰ ਪੰਜਾਬ 'ਚ ਜਦੋਂ 6 ਮੁਸਾਫਰਾਂ ਨੂੰ ਬੱਸ 'ਚੋਂ ਬਾਹਰ ਕੱਢ ਕੇ ਕਤਲ ਕੀਤਾ ਗਿਆ ਸੀ (ਕਤਲ ਕਰਨ ਵਾਲੇ ਵੀ ਖੁਫੀਆ ਏਜੰਸੀ ਵਾਲੇ ਸਨ), ਤਾਂ ਦਰਬਾਰਾ ਸਿੰਘ (ਆਪਣੇ ਹੀ ਪਿੰਠੂ) ਦੀ ਸਰਕਾਰ ਭੰਗ ਕਰ ਦਿੱਤੀ ਗਈ ਸੀ ਅਤੇ ਰਾਸ਼ਟਰਪਤੀ ਰਾਜ ਲਾਗੂ ਕਰ ਦਿੱਤਾ ਗਿਆ ਸੀ। ਕਤਲਾਂ ਦੀਆਂ ਵਾਰਦਾਤਾਂ ਨਾ ਰੁਕੀਆਂ ਤਾਂ ਪੰਜਾਬ ਗੜਬੜ ਵਾਲਾ ਇਲਾਕਾ ਕਰਾਰ ਦੇ ਦਿੱਤਾ ਗਿਆ ਸੀ। ਇਹ ਸਭ ਖੇਡ ਭਾਵੇਂ ਸਿੱਖ ਨਸਲਕੁਸ਼ੀ ਲਈ ਕੀਤੀ ਗਈ ਸੀ, ਪਰ ਫਿਰ ਇਸ ਸਭ ਕੁਝ ਕਰ੍ਨ ਦਾ ਆਧਾਰ ਤਾਂ

ਕਤਲ ਹੀ ਸਨ ਨਾ।

ਫੌਜੀ, ਨੀਮ ਫੌਜੀ ਤੇ ਪੁਲਿਸ ਅਫਸਰਾਂ ਨੂੰ ਕਿਸੇ ਵੀ ਵਿਅਕਤੀ ਨੂੰ ਬਿਨਾਂ ਕਾਰਣ ਦੱਸੇ ਪਕੜਨ, ਤਲਾਸ਼ੀ ਲੈਣ ਅਤੇ ਗੋਲੀ ਤਕ ਮਾਰਨ ਦੀ ਖੁੱਲ੍ਹ ਦੇ ਦਿੱਤੀ ਗਈ ਸੀ। ਪਰ ਦਿੱਲੀ ਤੇ ਦੇਸ਼ ਦੇ ਹੋਰ ਸਭ ਇਲਾਕਿਆਂ 'ਚ ਸਿੱਖਾਂ ਦੇ ਦਿਨ ਦਿਹਾੜੇ ਕਤਲੇਆਮ ਕਰਨ, ਜੀਉਂਦਿਆਂ ਸਾੜਨ, ਸਿੱਖ ਇਸਤਰੀਆਂ ਦੀ ਬੇਪਤੀ ਕਰਨ ਅਤੇ ਉਹਨਾਂ ਦੀ ਜਾਇਦਾਦ ਦੀ ਸਾੜ ਫੂਕ ਕਰਨ 'ਤੇ ਸਰਕਾਰ ਦੇ ਕੰਨ ਤੇ ਜੂੰ ਤਕ ਨਹੀਂ ਸਰਕੀ। ਸਰੀਂ ਨਿਰਪੱਖ ਸੰਸਥਾਵਾਂ ਦੀ ਪੜਤਾਲ ਕਰਕੇ ਰਿਪੋਰਟ ਪੇਸ਼ ਕਰਨ ਦੇ ਬਾਵਜੂਦ ਕਾਤਲਾਂ ਹਰਕ੍ਰਿਸ਼ਨ ਲਾਲ ਭਗਤ, ਜਗਦੀਸ਼ ਟਾਈਟਲਰ, ਲਲਿਤ ਮਾਕਿਨ ਨੂੰ ਪ੍ਰਧਾਨ ਮੰਤਰੀ ਵਲੋਂ ਤਰੱਕੀਆਂ ਦਿੱਤੀਆਂ ਗਈਆਂ ਸਨ।

ਚੁਰਾਸੀ ਦਾ ਘੱਲੂਘਾਰਾ ਵਿਉਂਤਿਆ ਹੋਇਆ ਸਿੱਖਾਂ ਦਾ ਕਤਲੇਆਮ ਸੀ। ਵਹਿਸ਼ੀ ਹਿੰਦੂ ਧਾੜਾਂ ਨੇ ਦਿੱਲੀ, ਕਾਨ੍ਹਪੁਰ, ਬੋਕਾਰੋ, ਕਲਕਤੇ, ਪਾਨੀਪਤ, ਕਰਨਾਲ ਆਦਿਕ ਸਾਰੇ ਵੱਡੇ-ਵੱਡੇ ਸ਼ਹਿਰਾਂ ਵਿੱਚ ਸਿੱਖਾਂ ਦਾ ਸ਼ਿਕਾਰ ਖੇਡ ਕੇ ਜਿਸ ਬੇਰਹਿਮੀ ਤੇ ਜ਼ਾਲਮਾਨਾ ਢੰਗ ਨਾਲ 60 ਹਜ਼ਾਰ ਦੇ ਕਰੀਬ ਨਿਰਦੋਸ਼ ਸਿੱਖਾਂ ਦਾ ਕਤਲੇਆਮ ਕੀਤਾ, ਉਸ ਦੀ ਮਿਸਾਲ ਮਿਲਣੀ ਮੁਸ਼ਕਲ ਹੈ। ਸੈਂਕੜੇ ਸਿੱਖ ਬੀਬੀਆਂ ਦੀ ਬੇਪਤੀ ਕੀਤੀ ਗਈ, ਤਿੰਨ ਸੌ ਤੋਂ ਵੱਧ ਗੁਰਧਾਮਾਂ ਨੂੰ ਨੁਕਸਾਨ ਪਹੁੰਚਾਇਆ ਜਾਂ ਤਬਾਹ ਕੀਤਾ ਗਿਆ। ਹੁਣ ਸੁਆਲ ਉਠਦਾ ਹੈ ਕਿ ਕੀ ਸਿੱਖਾਂ ਦਾ ਕਤਲੇਆਮ ਕਰਨ ਵਾਲੇ ਹਿੰਦੂ ਦਹਿਸ਼ਤਗਰਦਾਂ ਨੂੰ ਵੀ ਕੋਈ ਕਟਹਿਰੇ ਵਿੱਚ ਖੜ੍ਹਾ ਕਰੇਗਾ?

ਪਿਛਲੇ ਵੀਹ ਸਾਲਾਂ ਵਿੱਚ ਕਈ ਰੰਗ ਦੀਆਂ ਸਰਕਾਰਾਂ ਆਈਆਂ, ਗੁਜਰਾਲ ਦੀ ਸਰਕਾਰ ਵੀ ਆਈ, ਪ੍ਰਕਾਸ਼ ਸਿੰਘ ਬਾਦਲ ਦੀ ਭਾਈਵਾਲ ਵਾਜਪਾਈ ਸਰਕਾਰ ਵੀ ਸਿੱਖਾਂ ਦੇ ਕਿਸੇ ਇਕ ਕਾਤਲ ਨੂੰ ਸਜ਼ਾ ਨਾ ਦੇ ਸਕੀ। ਬੀ.ਜੇ.ਪੀ. ਨੂੰ ਪੁੱਛਣਾ ਬਣਦਾ ਹੈ ਕਿ ਜਦ ਤੁਹਾਡੀਆਂ ਅੱਖਾਂ ਸਾਹਮਣੇ ਸਿੱਖਾਂ ਨੂੰ ਕੋਹ-ਕੋਹ ਕੇ ਮਾਰਿਆ ਜਾ ਰਿਹਾ ਸੀ, ਤਾਂ ਤੁਸੀਂ ਕਿਥੇ ਲੁਕੇ ਬੈਠੇ ਸੀ? ਤੁਸੀਂ ਸਿੱਖਾਂ ਦੀ ਢਾਲ ਕਿਉਂ ਨਾ ਬਣੇ? ਤੁਸੀਂ ਸਿੱਖਾਂ ਦੇ ਕਤਲੇਆਮ ਵਿਰੁੱਧ ਅੱਜ ਤਕ ਹਾਅ ਦਾ ਨਾਅਰਾ ਕਿਉਂ ਨਹੀਂ ਮਾਰਿਆ? ਤੁਸੀਂ ਸਿੱਖਾਂ ਦੇ ਕਤਲੇਆਮ ਦੇ ਜ਼ਿਮੇਵਾਰ ਕਿਸੇ ਇਕ ਵੀ ਕਾਂਗਰਸੀ ਨੂੰ ਅੱਜ ਤਕ ਕਿਉਂ ਹੱਥ ਨਹੀ ਪਾਇਆ?

ਇਕੱਲੇ ਦਿੱਲੀ ਵਿੱਚ ਸਿੱਖਾਂ ਦੀ ਤਿੰਨ ਅਰਬ ਰੁਪਏ ਦੀ ਜਾਇਦਾਦ ਤਬਾਹ ਕੀਤੀ ਗਈ ਸੀ ਅਤੇ ਦੋ ਹਜ਼ਾਰ ਟਰੱਕ ਤੇ ਟੈਕਸੀਆਂ ਫੂਕ

ਦਿੱਤੀਆਂ ਗਈਆਂ ਸਨ। ਨਾਦਰਸ਼ਾਹ ਨੇ ਵੀ ਇਤਨੀ ਮਾਰ-ਧਾੜ, ਕਤਲੋ਼ਗਾਰਤ ਅਤੇ ਲੁੱਟ-ਖਸੁੱਟ ਨਹੀਂ ਸੀ ਕੀਤੀ। ਅਜਿਹਾ ਜ਼ੁਲਮ ਤਾਂ 1947 ਦੇ ਫਸਾਦਾਂ ਸਮੇਂ ਵੀ ਨਹੀਂ ਸੀ ਹੋਇਆ। ਸਿੱਖ ਫੌਜੀ ਅਫਸਰ ਅਤੇ ਜਵਾਨ ਕਤਲ ਕਰ ਦਿੱਤੇ ਗਏ, ਨਾਲ ਦੇ ਗ਼ੈਰ-ਸਿੱਖ ਜਵਾਨ ਚੁੱਪ ਕਰਕੇ ਵੇਖਦੇ ਰਹੇ।

ਭਾਰਤ ਵਿੱਚ ਵਸਦੇ ਸਿੱਖਾਂ ਦਾ ਵਿਉਂਤਬੱਧ ਢੰਗ ਨਾਲ ਕਤਲੇਆਮ ਕਰਵਾਇਆ ਗਿਆ, ਸਿੱਖਾਂ ਨੂੰ ਜਿਉਂਦੇ ਸਾੜਿਆ ਗਿਆ, ਸਿੱਖ ਬੱਚੀਆਂ ਤੇ ਔਰਤਾਂ ਦੇ ਬਲਾਤਕਾਰ ਕੀਤੇ ਗਏ, ਅਕਾਲ ਤਖਤ ਨੂੰ ਢਾਹਿਆ ਗਿਆ, ਗੁਰਦੁਆਰੇ ਸਾੜੇ ਗਏ, ਸਿੱਖ ਜਵਾਨੀ ਦਾ ਘਾਣ ਕੀਤਾ ਗਿਆ, ਇਸ ਸਭ ਵਹਿਸ਼ੀਪੁਣੇ ਨੂੰ ਅੱਤਵਾਦ ਨਹੀਂ ਕਿਹਾ ਗਿਆ, ਕਿਉਂ? ਸਰਕਾਰੀਆਂ ਏਜੰਸੀਆਂ ਵਲੋਂ ਬੰਬ ਧਮਾਕੇ ਕੀਤੇ ਗਏ, ਲੁੱਟਾਂ-ਖੋਹਾਂ ਕੀਤੀਆਂ ਗਈਆਂ, ਸਾੜ-ਫੂਕ ਕੀਤੀ ਗਈ ਅਤੇ ਨਾਂ ਮੜ੍ਹ ਦਿੱਤਾ ਗਿਆ ਖਾੜਕੂਆਂ ਦੇ। ਭਾਰਤੀ ਹਾਕਮਾਂ ਨੇ ਸਿੱਖਾਂ ਦਾ ਖੁਰਾ ਖੋਜ ਮਿਟਾ ਦੇਣ ਦੇ ਉਦੇਸ਼ ਨਾਲ ਸਮੁੱਚੇ ਭਾਰਤ ਵਿੱਚ ਕੋਈ ਪੰਜਾਹ ਹਜ਼ਾਰ ਸਿੱਖਾਂ ਨੂੰ ਜਿਉਂਦੇ ਸਾੜ ਦਿੱਤਾ, ਹਜ਼ਾਰਾਂ ਸਿੱਖ ਬੀਬੀਆਂ ਤੇ ਬੱਚੀਆਂ ਨਾਲ ਸ਼ਰੇਆਮ ਸੜਕਾਂ 'ਤੇ ਜਾਨਵਰਾਂ ਬਲਾਤਕਾਰ ਕੀਤੇ ਗਏ, ਸਿੱਖਾਂ ਦੇ ਘਰਾਂ, ਫੈਕਟਰੀਆਂ, ਜਾਇਦਾਦਾਂ, ਗੁਰਦੁਆਰਿਆਂ ਨੂੰ ਅੱਗਾਂ ਲਾਈਆਂ ਗਈਆਂ, ਮਾਸੂਮ ਬੱਚਿਆਂ ਨੂੰ ਕੋਹ-ਕੋਹ ਕੇ ਮਾਰਿਆ ਗਿਆ, ਭਾਰਤ ਦੀ ਪੁਲਿਸ ਤੇ ਫੌਜ ਉਹਨਾਂ ਬਦਮਾਸ਼ਾਂ ਦਾ ਸਾਥ ਦਿੰਦੀ ਰਹੀ। ਉਨ੍ਹਾਂ ਕਾਤਲਾਂ ਨੂੰ ਫਾਂਸੀ ਕਿਉਂ ਨਹੀਂ ਚਾੜ੍ਹਿਆ ਗਿਆ?

ਵਹਿਸ਼ੀਆਨਾ ਕੁਟਾਪਾ, ਵਹਿਸ਼ੀਆਨਾ ਤਸੀਹੇ, ਬਲਾਤਕਾਰ, ਤਲਾਸ਼ੀਆਂ ਕਰਵਾ- ਕਰਵਾ ਕੇ ਸਿੱਖ ਕੀ ਕਰਨਗੇ? ਇਹ ਤਾਂ ਵਕਤ ਹੀ ਦੱਸੇਗਾ। ਜੇ ਪੂਰੀ ਸਿੱਖ ਕੌਮ ਆਪਣੀ ਹੋ ਰਹੀ ਹੇਠੀ ਤੇ ਨਮੋਸ਼ੀ ਮਹਿਸੂਸ ਕਰਨ ਲੱਗ ਪਈ, ਤਾਂ ਇਹ ਭੁੱਖੇ ਸ਼ੇਰ ਵਾਂਗ ਤਰਥਲੀ ਮਚਾ ਸਕਣ ਦੇ ਵੀ ਕਾਬਲ ਹੈ।

ਖ਼ੂਨੀ ਘੱਲੂਘਾਰੇ ਸਬੰਧੀ ਲੋਕਾਂ ਦੇ ਵਿਚਾਰ

ਚੁਰਾਸੀ ਦੇ ਸਿੱਖ ਕਤਲੇਆਮ ਦੀਆਂ ਪਰਤਾਂ ਹੌਲੀ-ਹੌਲੀ ਕਰਕੇ ਖੁੱਲ੍ਹੀਆਂ। ਜਨਰਲ ਜਗਜੀਤ ਸਿੰਘ ਅਰੋੜਾ ਨੇ ਨਾਨਾਵਤੀ ਕਮਿਸ਼ਨ ਨੂੰ ਇਕ ਹਲਫੀਆ ਬਿਆਨ ਦਿੱਤਾ:-

'ਮੈਂ ਸਾਬਕਾ ਚੀਫ਼ ਮਾਰਸ਼ਲ ਅਰਜਨ ਸਿੰਘ ਅਤੇ ਸਾਬਕਾ ਬਰਗੇਡੀਅਰ ਸੁਖਜੀਤ ਸਿੰਘ ਇਕ ਨਵੰਬਰ ਨੂੰ ਉਸ ਵੇਲੇ ਦੇ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਨੂੰ ਮਿਲੇ ਤੇ ਖ਼ੂਨ ਖਰਾਬਾ ਰੋਕਣ ਲਈ ਕਿਹਾ। ਪਰ ਗਿਆਨੀ ਜ਼ੈਲ ਸਿੰਘ ਦਾ ਜੁਆਬ ਸੀ ਕਿ ਉਸ ਕੋਲ ਦਖ਼ਲਅੰਦਾਜ਼ੀ ਕਰਨ ਦਾ ਅਧਿਕਾਰ ਨਹੀ ਹੈ। ਇਹ ਪੁੱਛੇ ਜਾਣ ਤੇ ਕਿ ਕੀ ਫੌਜ ਨੂੰ ਬੁਲਾਇਆ ਗਿਆ ਹੈ, ਉਨ੍ਹਾਂ ਨੇ ਕਿਹਾ, 'ਮੈਂ ਨਰਸਿਮ੍ਹਾ ਰਾਓ (ਉਸ ਵੇਲੇ ਦੇ ਗ੍ਰਹਿ ਮੰਤਰੀ) ਦੇ ਸੰਪਰਕ ਵਿੱਚ ਨਹੀਂ ਹਾਂ ਤੇ ਨਾਲ ਹੀ ਉਨ੍ਹਾਂ ਨੇ ਰਾਓ ਨੂੰ ਮਿਲਣ ਲਈ ਕਿਹਾ'

ਇਸ ਤੋਂ ਬਾਦ ਜਦ ਅਸੀਂ ਗ੍ਰਹਿ ਮੰਤਰੀ ਨਾਲ ਗੱਲ ਕਰਨ ਦੀ ਕੋਸ਼ਿਸ਼ ਕੀਤੀ, ਤਾਂ ਅੱਗੋਂ ਜੁਆਬ ਮਿਲਦਾ ਕਿ ਉਹ ਮੀਟਿੰਗ ਵਿੱਚ ਹਨ। ਮੈਂ ਉਸ ਵੇਲੇ ਸ.ਪਤਵੰਤ ਸਿੰਘ ਤੇ ਇੰਦਰ ਕੁਮਾਰ ਗੁਜਰਾਲ ਨੂੰ ਨਾਲ ਲੈਕੇ ਬਿਨਾਂ ਸਮਾਂ ਲਿਆਂ ਰਾਓ ਨੂੰ ਮਿਲਣ ਦਾ ਮਨ ਬਣਾਇਆ ਅਤੇ 3 ਵਜੇ ਉਹਨਾਂ ਦੇ ਘਰ ਪਹੁੰਚੇ। ਉਨ੍ਹਾਂ ਨੂੰ ਹੈਰਾਨੀ ਹੋਈ ਕਿ ਕੋਈ ਮੀਟਿੰਗ ਨਹੀ ਸੀ ਹੋ ਰਹੀ ਅਤੇ ਉਥੇ ਬਿਲਕੁਲ ਸ਼ਾਂਤੀ ਸੀ। ਉਹਨਾਂ ਦੇ ਕਹਿਣ ਤੇ ਰਾਓ ਮਿਲਣ ਲਈ ਬਾਹਰ ਆ ਗਏ। ਸੈਨਾ ਬੁਲਾਉਣ ਤੇ ਉਹਨਾਂ ਕਿਹਾ ਸ਼ਾਮ ਤੱਕ ਆ ਜਾਵੇਗੀ। ਪੁਲਸ ਤੇ ਸੈਨਾ ਦੇ ਵਿਚਕਾਰ 'ਸਾਂਝਾ ਕੰਟਰੋਲ' ਬਣਾਉਣ ਦਾ ਸੁਝਾਅ ਦੇਣ 'ਤੇ ਉਨ੍ਹਾਂ ਨੇ ਕਿਹਾ 'ਦੇਖੇਂਗੇ, ਸੈਨਾ ਆ ਜਾਏ'।

• 1971 ਦੀ ਜੰਗ ਦੇ ਜੇਤੂ ਨਾਇਕ ਲੈਫਟੀਨੈਂਟ ਜਨਰਲ ਜਗਜੀਤ ਸਿੰਘ ਨੂੰ ਇਹ ਕਹਿਣ ਲਈ ਮਜਬੂਰ ਹੋਣਾ ਪਿਆ ਸੀ:

'ਮੈਂ ਅੱਜ ਇਹ ਗੱਲ ਬੁਰੀ ਤਰ੍ਹਾਂ ਮਹਿਸੂਸ ਕਰ ਰਿਹਾ ਹਾਂ ਕਿ ਮੈਨੂੰ ਆਪਣੇ ਦੇਸ 'ਚ ਇਕ ਇਜ਼ਤਦਾਰ ਸ਼ਹਿਰੀ ਨਹੀਂ ਸਮਝਿਆ ਜਾਂਦਾ, ਕਿਉਂਕਿ ਮੈਂ ਇਕ ਸਿੱਖ ਹਾਂ'

• ਖੁਸ਼ਵੰਤ ਸਿੰਘ ਜਿਹੜਾ ਕਿ ਹਮੇਸ਼ਾ ਸਰਕਾਰ ਦਾ ਪੱਖ ਪੂਰਦਾ ਰਿਹਾ, ਦਾ ਕਹਿਣਾ ਹੈ:

'ਇਨ੍ਹਾਂ ਦਿਨਾਂ ਵਿੱਚ ਮੈਨੂੰ ਇੰਜ ਲੱਗ ਰਿਹਾ ਸੀ ਜਿਵੇਂ ਮੈਂ ਨਾਜ਼ੀ ਜਰਮਨੀ ਵਿੱਚ ਰਹਿ ਰਿਹਾ ਹੋਵਾਂ।'

• ਸਾਬਕਾ ਪ੍ਰਧਾਨ ਮੰਤਰੀ ਇੰਦਰ ਕੁਮਾਰ ਨੇ ਆਪਣੀ ਡਾਇਰੀ ਵਿੱਚ ਲਿਖਿਆ ਹੈ:

'ਦਿੱਲੀ ਸੜ ਰਹੀ ਹੈ, ਲਾਸ਼ਾਂ ਨਾਲ ਭਰੀਆਂ ਗੱਡੀਆਂ ਆ ਰਹੀਆਂ ਹਨ, 1947 ਵਰਗੀ ਗੱਲ ਵਾਪਰ ਰਹੀ ਹੈ। ਜਨਰਲ ਜਗਜੀਤ ਸਿੰਘ ਅਰੋੜਾ ਨੇ ਸਾਡੇ ਘਰ ਰਾਤ ਕੱਟੀ। 1971 ਦੀ ਬੰਗਲਾ ਦੇਸ਼ ਜੰਗ ਦਾ ਹੀਰੋ ਆਪਣੇ ਘਰ ਸੌਂ ਨਾ ਸਕਿਆ।'

• (ਸੀਕਰੀ ਕਮਿਸ਼ਨ ਰਿਪੋਰਟ ਸਫਾ 35)

'ਇਸ ਮੌਕੇ ਦਾ ਦੁਖਦਾਈ ਪਹਿਲੂ ਇਹ ਸੀ ਕਿ ਭਾਰਤ ਵਿੱਚ ਫਸਾਦਾਂ ਦੇ ਇਤਿਹਾਸ ਵਿੱਚ ਪਹਿਲੀ ਵਾਰ ਧਾਰਮਿਕ ਅਸਥਾਨਾਂ 'ਤੇ ਯੋਜਨਾ ਬੱਧ ਤਰੀਕੇ ਨਾਲ ਹਮਲਾ ਕੀਤਾ ਗਿਆ। ਦਿੱਲੀ ਵਿੱਚ 450 ਗੁਰਦੁਆਰੇ ਹਨ। ਇਹਨਾਂ ਵਿੱਚੋਂ 325 ਗੁਰਦੁਆਰਿਆਂ ਨੂੰ ਤਬਾਹ ਕਰ ਦਿੱਤਾ ਗਿਆ ਜਾਂ ਨੁਕਸਾਨ ਪਹੁੰਚਾਇਆ ਗਿਆ।

•ਹਰਜੀ ਮਲਿਕ – ਨਵੰਬਰ 1984 ਦੌਰਾਨ ਹਿੰਦੂ ਪ੍ਰਤੀਕਰਮ ਹਿੰਸਾ ਦਾ ਉਦੇਸ਼ ਸੀ ਹਰ ਇਕ ਸਿੱਖ ਨੂੰ ਇਹ ਮਹਿਸੂਸ ਕਰਾਉਣਾ ਕਿ ਇਸ ਦੇਸ਼ ਵਿੱਚ ਉਸ ਲਈ ਕੋਈ ਥਾਂ ਨਹੀਂ ਹੈ। ਅਸ਼ਾਂਤ ਕਰ ਰਹੇ ਇਨ੍ਹਾਂ ਸਵਾਲਾਂ ਬਾਰੇ ਹਿੰਦੂਆਂ ਦੀ ਬਹੁਤ ਸਾਰੀ ਗਿਣਤੀ ਦੇ, ਖਾਸ ਕਰਕੇ ਦਿੱਲੀ ਵਿੱਚ ਪ੍ਰਗਟਾਏ ਗਏ ਉਮੀਦੋਂ ਬਾਹਰੇ ਪ੍ਰਤੀਕਰਮ 'ਤੇ ਸਿੱਖਾਂ ਨੂੰ ਬਹੁਤ ਹੈਰਾਨੀ ਹੋਈ ਅਤੇ ਰੋਹ ਚੜਿਆ। ਉਨ੍ਹਾਂ ਵਿੱਚੋਂ ਕਈ ਸਾਰਿਆਂ ਨੇ ਆਪਣੇ ਸਿੱਖ ਦੋਸਤਾਂ ਅਤੇ ਪੜੋਸੀਆਂ ਨੂੰ ਮਦਦ ਅਤੇ ਸ਼ਰਣ ਦਿੱਤੀ ਸੀ। ਬਹੁਤ ਸਾਰਿਆਂ ਨੇ ਦਰਿੰਦਗੀ ਤੇ ਵਹਿਸ਼ੀਪੁਣਾ ਆਪਣੀ ਅੱਖੀਂ ਤੱਕਿਆ ਸੀ। ਹੋਰਨਾਂ ਨੇ ਹਿੰਸਾ ਬਾਰੇ ਚਸ਼ਮਦੀਦ ਗਵਾਹਾਂ ਤੋਂ ਸੁਣਿਆ ਸੀ। ਫਿਰ ਵੀ ਉਨ੍ਹਾਂ ਨੇ ਜਾਬਰਾਨਾ ਢੰਗ ਨਾਲ ਜ਼ੋਰ ਦਿੱਤਾ ਕਿ

'ਸਿੱਖਾਂ ਨੂੰ ਸਬਕ ਸਿਖਾਉਣਾ ਜ਼ਰੂਰੀ ਸੀ।'

'ਇਹ ਉਨ੍ਹਾਂ ਨਾਲ ਹੋਣਾ ਹੀ ਸੀ।'

'ਸਿੱਖਾਂ ਨਾਲ ਉਹ ਹੀ ਹੋਇਆ, ਜਿਸ ਦੇ ਉਹ ਯੋਗ ਸਨ।'

'ਉਨ੍ਹਾਂ ਨੂੰ ਆਪਣੀ ਥਾਂ ਦਾ ਪਤਾ ਹੋਣਾ ਚਾਹੀਦਾ ਹੈ।'

ਸਹੀ ਤੌਰ ਤੇ ਸਿੱਖਾਂ ਦਾ ਕੀ ਦੋਸ਼ ਸੀ? ਉਨ੍ਹਾਂ ਨੂੰ ਸਬਕ ਸਿਖਾਉਣਾ ਕਿਉਂ ਜ਼ਰੂਰੀ ਸੀ? ਇਸ ਨੂੰ ਸਪਸ਼ਟ ਨਾ ਕੀਤਾ ਗਿਆ। ਪ੍ਰਾਪੇਗੰਡਾ

ਏਨਾ ਛਲਪੂਰਣ ਸੀ ਕਿ ਵਿਵੇਕ ਅਤੇ ਦਲੀਲ ਸਿੱਖਾਂ ਦੀ ਆਮ ਬਦਖੋਈ ਦੇ ਬੋਲਾਂ ਵਿੱਚ ਖੋ ਗਈ, ਜਿਹੜੀ ਸਹਿਜੇ-ਸਹਿਜੇ ਹਿੰਦੂ ਬਹੁਗਿਣਤੀ ਦੇ ਮਨ ਵਿੱਚ ਘਰ ਕਰ ਚੁੱਕੀ ਸੀ। ਇਕ ਸਾਲ ਬਾਅਦ ਇਕ ਅਜੀਬ ਰੋਲ ਉਭਰ ਆਇਆ ਹੈ ਜਿਸ ਨੇ ਸਿਰਫ਼ ਸਿੱਖਾਂ ਨੂੰ ਹੀ ਨਹੀਂ, ਦੂਸਰਿਆਂ ਨੂੰ ਵੀ ਅਸ਼ਾਂਤ ਕੀਤਾ, ਸ਼ਿਕਾਇਤ ਕੰਨੀ ਪੈਂਦੀ ਹੈ:

'ਉਹ (ਜੋ ਸਿੱਖ ਬਚਾਏ ਗਏ ਸਨ) ਸ਼ੁਕਰਗੁਜ਼ਾਰ ਨਹੀਂ ਹਨ। ਇਸ ਸਭ ਦੇ ਬਾਵਜੂਦ ਉਹਨਾਂ ਨੇ ਸਿਰ ਝੁਕਾਉਣਾ ਨਹੀਂ ਸਿੱਖਿਆ ਹੈ, ਉਹ ਅਜੇ ਵੀ ਆਪਣੀ ਗਰਦਨ ਅਕੜਾ ਕੇ ਤੁਰਦੇ ਹਨ।'

• (ਸੀਕਰੀ ਕਮਿਸ਼ਨ ਦੀ ਰਿਪੋਰਟ ਸਫਾ 32)

'ਗ਼ੈਰ ਕਾਂਗਰਸੀ ਪਾਰਟੀਆਂ ਦਾ ਵਤੀਰਾ ਲਾਪਰਵਾਹੀ ਵਾਲਾ ਸੀ। ਇਸ ਗੱਲ ਨੇ ਵੀ ਸਾਨੂੰ ਓਨਾ ਹੀ ਬੇਚੈਨ ਕੀਤਾ। ਸਾਨੂੰ ਇਨ੍ਹਾਂ ਵਿੱਚੋਂ ਕਿਸੇ ਵੀ ਪਾਰਟੀ ਵਲੋਂ ਕਿਸੇ ਵੀ ਇਲਾਕੇ ਵਿੱਚ ਜਾ ਕੇ ਕੋਈ ਮਹੱਤਵਪੂਰਨ ਰੋਲ ਅਦਾ ਕਰਨ, ਸਿੱਖਾਂ ਨੂੰ ਸੁਰੱਖਿਆ ਦੇਣ, ਪਨਾਹ ਦੇਣ ਜਾਂ ਰੀਲੀਫ਼ ਦੇਣ ਦੀ ਕੋਈ ਵੀ ਜਾਣਕਾਰੀ ਨਹੀਂ ਮਿਲੀ। ਇਹ ਰਾਜਧਾਨੀ ਦੀ ਸਿਆਸੀ ਜ਼ਿੰਦਗੀ 'ਤੇ ਇਕ ਉਦਾਸਮਈ ਟਿੱਪਣੀ ਹੈ ਕਿ ਜਦੋਂ ਸਿਆਸੀ ਪਾਰਟੀਆਂ ਦੇ ਕਾਰਕੁੰਨਾਂ ਦੀ ਸਭ ਤੋਂ ਵੱਧ ਲੋੜ ਪਈ, ਉਨ੍ਹਾਂ 'ਤੇ ਫਸਾਦ ਭੜਕਾਉਣ ਜਾਂ ਨਾਮੁਆਫ਼ੀ ਯੋਗ ਲਾਪਰਵਾਹੀ ਦੇ ਦੋਸ਼ ਲੱਗ ਰਹੇ ਸਨ

• ਸਾਕਾ ਨੀਲਾ ਤਾਰਾ ਤੋਂ ਥੋੜਾ ਸਮਾਂ ਪਹਿਲਾਂ ਅਰੁਣ ਸ਼ੋਰੀ ਨੇ ਇੰਡੀਅਨ ਐਕਸਪ੍ਰੈਸ਼ ਵਿੱਚ ਤਿੰਨ ਲੇਖ ਲਿਖ ਕੇ ਇਹ ਕਿਹਾ ਸੀ ਕਿ ਸਿੱਖ ਪੁਚਕਾਰਿਆਂ ਵੱਸ ਨਹੀਂ ਆਉਣੇ, ਮੀਰੀ ਪੀਰੀ ਦਾ ਸਿਧਾਂਤ ਪੁਆੜੇ ਦੀ ਜੜ੍ਹ ਹੈ।

•ਸੰਜੀਵ ਗੌੜ ਅਨੁਸਾਰ:

'ਬਹੁਗਿਣਤੀ ਫਿਰਕੇ ਨੇ ਮਾਸੂਮ ਸਿੱਖਾਂ ਦੀ ਵਹਿਸ਼ੀ ਨਸਲਕੁਸ਼ੀ ਦੇ ਹੱਕ 'ਚ ਫੈਸਲਾ ਦਿੱਤਾ ਹੈ।'

(ਪੰਜਾਬ ਇਕ ਸਾਲ ਮਗਰੋਂ-ਵਿਸ਼ੇਸ਼ ਰਿਪੋਰਟ 9 ਜੂਨ 1985)

• ਜਵਾਹਰ ਲਾਲ ਯੂਨੀਵਰਸਿਟੀ ਦੇ ਸਿਆਸੀ ਵਿਭਾਗ ਦੇ ਮੁਖੀ ਪ੍ਰੋ: ਅਸ਼ਵਨੀ ਭੈ ਅਨੁਸਾਰ:

ਜਵਾਹਰ ਲਾਲ ਯੂਨੀਵਰਸਿਟੀ ਦੇ ਸਿਆਸੀ ਵਿਭਾਗ ਦੇ ਮੁਖੀ ਪ੍ਰੋ: ਅਸ਼ਵਨੀ ਭੈ ਨੇ ਇਕ ਅੱਖੀਂ ਡਿੱਠੀ ਘਟਨਾ ਬਾਰੇ ਦੱਸਿਆ ਕਿ 80 ਸਿੱਖ ਬੱਚੇ ਤੋਂ ਲੈਕੇ ਬੁੱਢੇ ਤਕ ਸਣੇ ਔਰਤਾਂ ਦੇ ਇਕ

ਮਕਾਨ ਦੇ ਇਕ ਕੋਨੇ 'ਚ ਬਰਾਂਡੇ ਨੂੰ ਟਪਣ ਦੀਆਂ ਕੋਸ਼ਿਸ਼ਾਂ ਕਰ ਰਹੇ ਸਨ:

'ਮੇਰੇ ਖੌਫ ਦੀ ਕੋਈ ਹੱਦ ਨ ਰਹੀ ਜਦੋਂ ਬਾਹਰ ਲਾਠੀਆਂ ਤੇ ਹਥਿਆਰਾਂ ਨਾਲ ਲੈਸ ਭੀੜ ਨੇ ਉਸ ਮਕਾਨ ਨੂੰ ਅੱਗ ਲਾ ਦਿੱਤੀ।'

ਜ਼ਮੀਰ ਵੇਚੂ ਕਾਂਗਰਸੀਆਂ ਨੇ ਨਾ ਕਦੀ ਕਤਲੇਆਮ ਵਿਰੁੱਧ ਅਵਾਜ਼ ਉਠਾਈ ਸੀ ਅਤੇ ਨਾ ਹੀਂ ਉਜੜੇ ਸਿੱਖਾਂ ਦੇ ਵਸੇਬੇ ਲਈ। ਕਿਉਂਕਿ ਇਹ ਆਪ ਸਾਰੇ ਉਸ ਹਮਲੇ ਲਈ ਹਰੀ ਝੰਡੀ ਦੇਣ ਵਾਲੇ ਸਨ। ਅੱਜ ਤਕ ਕਿਸੇ ਕਾਂਗਰਸੀ ਸਿੱਖ ਨੇ ਜਾਂ ਕਿਸੇ ਅਕਾਲੀ ਲੀਡਰ (ਬਾਦਲ ਟੌਹੜੇ ਆਦਿ) ਨੇ ਬਾਤਚੀਤ ਗਸ਼ਤੀ ਪੱਤਰ ਨੰਬਰ 153 ਜੁਲਾਈ 1984 ਵਿਰੁੱਧ ਬੋਲਣ ਦੀ ਜੁਰਅੱਤ ਨਹੀਂ ਕੀਤੀ ਜਿਸ 'ਚ ਸਾਰੇ ਅੰਮ੍ਰਿਤਧਾਰੀ ਸਿੱਖਾਂ ਨੂੰ ਖਤਰਨਾਕ, ਲੁੱਟਮਾਰ ਕਰਨ ਵਾਲੇ ਅਤੇ ਕਤਲ ਕਰਨ ਦੀ ਸਹੁੰ ਖਾਧੀ ਹੋਈ ਦੱਸਿਆ ਗਿਆ ਸੀ। ਇਹ ਗੁਰੂ ਗੋਬਿੰਦ ਸਿੰਘ 'ਤੇ ਹਮਲਾ ਸੀ, ਸਿੱਖੀ 'ਤੇ ਵਾਰ ਸੀ, ਸਾਰੀ ਸਿੱਖ ਕੌਮ 'ਤੇ ਵਾਰ ਸੀ, ਔਰੰਗਜ਼ੇਬ ਨੇ ਵੀ ਅੰਮ੍ਰਿਤਧਾਰੀਆਂ ਵਿਰੁੱਧ ਅਜਿਹਾ ਫੁਰਮਾਨ ਨਹੀ ਸੀ ਜਾਰੀ ਕੀਤਾ।

ਤਵਲੀਨ ਸਿੰਘ ਨੇ ਚੁਰਾਸੀ ਦੇ ਘੱਲੂਘਾਰੇ ਤੋਂ ਜਲਦੀ ਹੀ ਬਾਅਦ ਵੱਖ-ਵੱਖ ਵਰਗਾਂ ਦੇ ਆਮ ਲੋਕਾਂ ਤੋਂ ਬਿਨਾਂ, ਪੜ੍ਹੇ ਲਿਖੇ ਦਰਮਿਆਨੇ ਤਬਕੇ ਦੇ ਲੋਕਾਂ ਅਤੇ ਉੱਚ ਵਰਗ ਦੇ ਲੋਕਾਂ ਨਾਲ ਗੱਲਬਾਤ ਕੀਤੀ ਅਤੇ ਜੋ ਜਵਾਬ ਉਸ ਨੂੰ ਮਿਲੇ, ਉਹ ਹੇਠ ਲਿਖੇ ਅਨੁਸਾਰ ਸਨ:

'ਹਿੰਦੂਆਂ ਦੀ ਬਹੁਗਿਣਤੀ ਮਹਿਸੂਸ ਕਰ ਰਹੀ ਸੀ ਕਿ ਕਾਤਲ ਗਰੋਹ ਠੀਕ ਕਰ ਰਹੇ ਸਨ ਅਤੇ ਸਿੱਖਾਂ ਨੂੰ ਸਬਕ ਸਿਖਾਉਣ ਦੀ ਲੋੜ ਹੈ।' (ਤਵਲੀਨ ਸਿੰਘ)

'ਹਰ ਕੋਈ ਇਹ ਮਹਿਸੂਸ ਕਰਦਾ ਲੱਗਦਾ ਸੀ ਕਿ ਮਾਸੂਮ ਸਿੱਖਾਂ ਦਾ ਕਤਲ ਕੀਤਾ ਜਾਣਾ ਉਚਿਤ ਸੀ। (ਤਵਲੀਨ ਸਿੰਘ)

1984 ਦੇ ਸਿੱਖ ਕਤਲੇਆਮ ਦੀ ਜਾਂਚ ਕਰਨ ਵਾਲੇ ਕਮਿਸ਼ਨਾਂ ਨੇ ਸਰਕਾਰ ਵਲੋਂ ਕਾਤਲਾਂ ਦੀ ਹਿਮਾਇਤ ਕੀਤੇ ਜਾਣ ਦੀਆਂ ਸਪਸ਼ਟ ਟਿਪਣੀਆਂ ਕੀਤੀਆਂ ਹਨ। ਇਸ ਸਬੰਧੀ ਜਸਟਿਸ ਰੰਗਨਾਥ ਮਿਸ਼ਰਾ ਦੀ ਜਾਂਚ ਰਿਪੋਰਟ ਮੁਤਾਬਕ 'ਕਤਲੇਆਮ ਪੂਰੀ ਤਰ੍ਹਾਂ ਪੁਲਿਸ ਅਤੇ ਪ੍ਰਸ਼ਾਸਨ ਦੇ ਘਟੀਆ ਵਿਹਾਰ ਅਤੇ ਸਿੱਖ ਭਾਈਚਾਰੇ ਦੀ ਰਾਖੀ ਨਾ ਕਰਨ ਕਰਕੇ ਫੈਲੇ ਸਨ।'

ਵਹਿਸ਼ੀਆਨਾ ਕਤਲੇਆਮ, ਦੰਗੇ ਕਿਵੇਂ ਹੋਏ?

ਹਿੰਦੂ ਸਰਕਾਰ ਵਲੋਂ ਕਮਿਸ਼ਨ ਕਾਇਮ ਕਰਨੇ ਲੋਕਾਂ ਦੀਆਂ ਅੱਖਾਂ ਵਿੱਚ ਮਿੱਟੀ ਘੱਟਾ ਪਾ ਕੇ ਇਕ ਸਿਆਸੀ ਡਰਾਮਾ ਖੇਡਣ ਤੋਂ ਵੱਧ ਹੋਰ ਕੁਝ ਨਹੀਂ ਹੁੰਦਾ। ਸਿੱਖਾਂ ਦਾ ਕਤਲੇਆਮ ਯੋਜਨਾਬੱਧ ਢੰਗ ਨਾਲ ਲੰਮੇ ਸਮੇਂ ਦੀ ਤਿਆਰੀ ਨਾਲ ਕੀਤਾ ਗਿਆ ਸੀ। ਭਾਰਤੀ ਹਾਕਮਾਂ ਤੇ ਉਸ ਦੇ ਹੱਥਠੋਕਿਆਂ ਵਲੋਂ ਸਿੱਖਾਂ ਦੇ ਕਤਲੇਅਮ ਨੂੰ ਦੰਗੇ ਕਹਿਣਾ ਅਤੇ ਖਾਸ ਕਰਕੇ ਉਥੋਂ ਦੀ ਸਾਰੀ ਪ੍ਰੈਸ ਵਲੋਂ ਦੰਗੇ ਲਿਖਣਾ ਅਤਿ ਦਰਜੇ ਦੀ ਫਿਰਕਾਪ੍ਰਸਤੀ ਦੀ ਸ਼ਰਮਨਾਕ ਮਿਸਾਲ ਸਾਡੇ ਸਾਹਮਣੇ ਹੈ। ਉਸ ਰੌਂਗਟੇ ਖੜ੍ਹੇ ਕਰਨ ਵਾਲੇ ਭਿਆਨਕ ਸਾਕੇ ਵਿੱਚ ਹਾਕਮ ਪਾਰਟੀ ਦੇ ਸਰਗਨੇ ਅਗਵਾਈ ਕਰ ਰਹੇ ਸਨ। ਉਸ ਵਹਿਸ਼ੀਆਨਾ ਕਤਲੇਆਮ ਨੂੰ ਹਿੰਦੂ-ਸਿੱਖ ਦੰਗੇ (ਫ਼ਸਾਦ) ਕਹਿਣਾ ਅਤਿ ਦੀ ਨੀਚਤਾ ਨਹੀਂ ਤਾਂ ਹੋਰ ਕੀ ਹੈ? ਉਹ ਤਾਂ ਸਰਕਾਰੀ ਗੁੰਡਿਆਂ ਵਲੋਂ ਗਿਣੀ ਮਿਥੀ ਸਾਜ਼ਿਸ਼ ਮੁਤਾਬਕ ਸਿੱਖਾਂ ਦਾ ਇਕਪਾਸੜ ਕਤਲੇਆਮ ਕੀਤਾ ਗਿਆ ਸੀ।

ਸਿੱਖਾਂ ਨੂੰ ਘਰਾਂ ਵਿੱਚੋਂ ਬਾਹਰ ਘਸੀਟ ਕੇ ਲਿਆ ਕੇ, ਉਹਨਾਂ ਦੇ ਦਾੜ੍ਹੀ ਕੇਸ ਕੱਟ ਕੇ, ਖਿੱਲੀ ਉਡਾਂਦਿਆਂ ਮੋਨਾ-ਮੋਨਾ ਕਹਿ ਕੇ ਹੱਸਦੇ, ਉਸ ਨੂੰ ਨੱਚਣ ਲਈ ਮਜਬੂਰ ਕਰਦੇ ਅਤੇ ਅੰਤ ਨੂੰ ਉਸ 'ਤੇ ਮਿੱਟੀ ਦਾ ਤੇਲ ਪਾਕੇ, ਉਸ ਨੂੰ ਅੱਗ ਲਾ ਕੇ ਜ਼ਿੰਦਾ ਜਲਾ ਦੇਂਦੇ ਸਨ। ਸਿੱਖਾਂ ਨੂੰ ਮਾਰਨ ਮਗਰੋਂ ਸਿੱਖ ਇਸਤਰੀਆਂ ਦੇ ਬਲਾਤਕਾਰ ਕੀਤੇ ਜਾਂਦੇ। ਸਿੱਖ ਬੱਚਿਆਂ ਨੂੰ ਫੁੱਟਬਾਲ ਦੀ ਤਰ੍ਹਾਂ ਠੁੱਡੇ ਮਾਰ-ਮਾਰ ਕੇ ਜਾਂ ਗੰਦੇ ਨਾਲੇ ਵਿੱਚ ਸੁੱਟ ਦਿੰਦੇ ਜਾਂ ਅੱਗ ਵਿੱਚ ਜਿਉਂਦੇ ਸਾੜ ਦਿੰਦੇ ਸਨ। ਕਈ ਸਿੱਖਾਂ ਦੇ ਸਿਰਾਂ ਨੂੰ ਅੱਗ ਲਾ ਦਿੰਦੇ, ਕਈਆਂ ਦੀਆਂ ਲੱਤਾਂ ਨੂੰ ਅੱਗ ਲਾ ਦਿੰਦੇ ਅਤੇ ਜਿਉਂਦਿਆਂ ਨੂੰ ਸਾੜ ਦਿੰਦੇ ਸਨ। ਗੁੰਡੇ ਤਾਹਨੇ ਮਾਰ-ਮਾਰ ਕੇ ਸਿੱਖਾਂ ਦਾ ਕਤਲੇਆਮ ਕਰਦੇ ਸਨ:-

'ਯੇਹ ਖਾਲਿਸਤਾਨ ਚਾਹਤੇ ਹੈਂ,
ਚਲੋ ਹਮ ਯਹੀਂ ਖਾਲਿਸਤਾਨ ਬਨਾ ਦੇਤੇ ਹੈਂ'

ਹੁਣ ਸੁਆਲ ਉਠਦਾ ਹੈ ਕਿ ਇਤਨੀ ਹੇਠੀ ਕੀਤੇ ਜਾਣ ਮਗਰੋਂ ਕੀ ਸਿੱਖ ਕੌਮ ਨੇ ਜਾਂ ਇਸ ਦੇ ਲੀਡਰਾਂ ਨੇ ਕੋਈ ਸਬਕ ਸਿੱਖਿਆ? ਬਿਲਕੁਲ ਨਹੀਂ। ਸਿੱਖ ਕੌਮ ਦੀ ਇਤਨੀ ਹੇਠੀ ਹੋਣ ਮਗਰੋਂ ਅੱਜ ਵੀ ਸਾਡੇ ਲੀਡਰਾਂ ਦੀ ਦੌੜ ਉਹਨਾਂ ਹੀ ਬੁਚੱੜਾਂ ਦੀਆਂ ਵਜ਼ੀਰੀਆਂ ਤਕ ਹੀ ਸੀਮਤ ਹੈ। ਸ਼ਰਮ-ਹਯਾ ਤਾਂ ਇਹਨਾਂ ਘੋਲ ਕੇ ਪੀ ਲਈ ਹੋਈ ਹੈ। ਜਿਸ ਭਾਜਪਾ ਨੇ ਦਰਬਾਰ ਸਾਹਿਬ 'ਤੇ ਹਮਲਾ ਕਰਨ ਅਤੇ ਹਜ਼ਾਰਾਂ ਸਿੱਖਾਂ ਨੂੰ ਕੋਹ-ਕੋਹ ਕੇ ਮਾਰਨ ਵਾਲੀ ਇੰਦਰਾ ਨੂੰ

ਵਧਾਈ ਦੇਂਦਿਆਂ ਆਖਿਆ ਸੀ ਕਿ ਉਹ ਹਮਲਾ ਛੇ ਮਹੀਨੇ ਪਹਿਲਾਂ ਕਰਨਾ ਚਾਹੀਦਾ ਸੀ, ਜਿਸ ਭਾਜਪਾ ਨੇ ਹਜ਼ਾਰਾਂ ਨਿਰਦੋਸ਼ ਸਿੱਖਾਂ ਦਾ ਕਤਲੇਆਮ ਕਰਨ ਵਾਲੀ ਇੰਦਰਾ ਨੂੰ ਇਸ ਕਾਲੇ ਕਾਰੇ ਵਜੋਂ 'ਦੇਵੀ' ਦੀ ਉਪਾਧੀ ਨਾਲ ਸਨਮਾਨਿਆ ਸੀ, ਜਿਸ ਭਾਜਪਾ ਨੇ ਅਕਾਲ ਤਖਤ ਸਾਹਿਬ ਦੀ ਇੱਟ ਨਾਲ ਇੱਟ ਖੜਕਾਏ ਜਾਣ 'ਤੇ ਜਸ਼ਨ ਮਨਾਏ ਅਤੇ ਪੱਤਰਕਾਰਾਂ ਵਿੱਚ ਲੱਡੂ ਵੰਡੇ, ਜਿਸ ਭਾਜਪਾ ਦੀਆਂ ਕੁੜੀਆਂ ਨੇ ਸਿੱਖਾਂ ਦੀ ਸਰਬ-ਪੱਖੀ ਤਬਾਹੀ ਕਰਨ ਵਾਲੇ ਮਸਤੇ ਹੋਏ ਫ਼ੌਜੀਆਂ ਵਿੱਚ ਮਿਠਾਈਆਂ ਤੇ ਸਿਗਰਟਾਂ ਵੰਡੀਆਂ, ਉਹਨਾਂ ਨੂੰ ਸ਼ਰਾਬਾਂ ਪਿਲਾਈਆਂ ਅਤੇ ਭੰਗੜੇ ਪਾਏ, ਜਿਸ ਭਾਜਪਾ ਵਲੋਂ ਆਪਣੇ ਜਲੂਸਾਂ ਵਿੱਚ 'ਮਾਰੋ ਸਰਦਾਰੋਂ ਕੋ, ਦੇਸ਼ ਕੇ ਗ਼ਦਾਰੋਂ ਕੋ' ਦੇ ਨਾਅਰਿਆਂ ਨਾਲ ਸਿੱਖਾਂ ਵਿਰੁੱਧ ਜ਼ਹਿਰ ਉਗਲਿਆ, ਜਿਸ ਭਾਜਪਾ ਵਲੋਂ 'ਊੜਾ ਈੜੀ ਨਹੀਂ ਪੜ੍ਹੇਗੋਂ, ਜੂੜਾ ਜੂੜੀ ਕਾਟ ਧਰੇਂਗੇ' ਦੇ ਨਾਅਰੇ ਲਾਏ ਗਏ, ਜਿਹੜੀ ਭਾਜਪਾ 'ਕੱਛ, ਕੜਾ, ਕਿਰਪਾਨ, ਸਿੱਖੋਂ ਕੋ ਭੇਜੋ ਪਾਕਿਸਤਾਨ' ਦੇ ਨਾਅਰੇ ਨਾਲ ਸਿੱਖਾਂ ਨੂੰ ਦੇਸ਼ ਨਿਕਾਲਾ ਦੇਣਾ ਚਾਹੁੰਦੀ ਹੈ, ਉਸ ਸਿੱਖ ਦੁਸ਼ਮਣ ਤੇ ਪੰਥ ਦੁਸ਼ਮਣ ਭਾਜਪਾ ਨਾਲ ਸਿੱਖ ਕੌਮ ਦੀ ਸਿਆਸੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਦਾ ਪ੍ਰਧਾਨ ਪ੍ਰਕਾਸ਼ ਸਿੰਘ ਬਾਦਲ ਭਾਈਵਾਲੀ ਪਾਈ ਬੈਠਾ ਹੈ।

ਇਤਨੀ ਜ਼ਲਾਲਤ ਤੇ ਹੇਠੀ ਹੋਣ ਮਗਰੋ ਵੀ ਇਹ, ਬੁਚੱੜ ਹਿੰਦੂ ਸਾਮਰਾਜ ਦੀਆਂ ਚਪਲਾਂ ਚੱਟਣ ਲਈ ਉਤਾਵਲੇ ਹਨ। ਫਿਟਕਾਰ ਹੈ, ਉਹਨਾਂ ਸੁਆਰਥੀ, ਬੇ-ਗ਼ੈਰਤ ਅਤੇ ਗ਼ਦਾਰ ਲੀਡਰਾਂ ਨੂੰ, ਜਿਹੜੇ ਕੌਮ ਦੀ ਹੋਈ ਇਤਨੀ ਹੇਠੀ ਮਗਰੋਂ ਵੀ ਕੁਰਸੀਆਂ ਤੇ ਵਜ਼ੀਰੀਆਂ ਖ਼ਾਤਰ ਜ਼ਮੀਰਾਂ ਵੇਚੀ ਬੈਠੇ ਹਨ। ਜਿਨ੍ਹਾਂ ਦਰਬਾਰ ਸਾਹਿਬ ਦੇ ਹਮਲੇ ਦੀ ਖ਼ੁਸ਼ੀ ਵਿੱਚ ਲੱਡੂ ਵੰਡੇ, ਜਿਨ੍ਹਾਂ ਵਹਿਸ਼ੀ ਜਨੂਨੀਆਂ ਸਿੱਖ ਬੀਬੀਆਂ ਦੀਆਂ ਪੱਤਾਂ ਲੁਟੀਆਂ, ਅੱਜ ਉਹੀ ਸਾਡੇ ਲੀਡਰਾਂ ਦੇ ਯਾਰ ਹਨ। ਜਿਨ੍ਹਾਂ ਪਿੱਛਲੇ ਪੰਜਾਹ ਸਾਲਾਂ ਵਿੱਚ ਹਮੇਸ਼ਾ ਹੀ ਸਿੱਖਾਂ ਦੀ ਹੋਂਦ ਮਿਟਾਉਣ ਦੇ ਹਰ ਮੌਕੇ ਨੂੰ ਪੂਰੀ ਤਰ੍ਹਾਂ ਵਰਤਿਆ, ਉਹਨਾਂ ਨਾਲ ਹੀ ਅੱਜ ਸਾਡੇ ਲੀਡਰਾਂ ਭਾਈਵਾਲੀ ਪਾਈ ਹੋਈ ਹੈ। ਕਦ ਤਕ ਕੌਮ ਧਨਾਢਾਂ ਦੇ ਕਾਰਖ਼ਾਨਿਆਂ ਨੂੰ ਬਚਾਉਣ ਲਈ ਗ਼ੁਲਾਮ ਬਣੀ ਰਹੇਗੀ? 'ਵਖਤੁ ਵੀਚਾਰੇ ਸੁ ਬੰਦਾ ਹੋਇ॥' ਦੇ ਗੁਰ ਫ਼ੁਰਮਾਨ ਮੁਤਾਬਕ ਕੌਮ ਨੂੰ ਅੱਜ ਜਾਗਣ ਦੀ ਲੋੜ ਹੈ।

ਆਰ.ਐਸ.ਐਸ. ਸਬੰਧੀ ਸੰਖੇਪ ਜਾਣਕਾਰੀ

ਆਰ.ਐਸ.ਐਸ.ਦਾ ਛੋਟਾ ਨਾਂ ਸੰਘ ਹੈ,ਇਸ ਦੇ ਮੈਂਬਰ ਨੂੰ ਸਵੈਮ ਸੇਵਕ ਅਤੇ ਇਸ ਦੀ ਬੁਨਿਆਦੀ ਇਕਾਈ ਨੂੰ ਸ਼ਾਖਾ ਕਿਹਾ ਜਾਂਦਾ ਹੈ। ਸੰਘ ਦਾ ਮੁੱਖ ਦਫਤਰ ਨਾਗਪੁਰ ਵਿੱਚ ਹੈ ਅਤੇ ਐਸ ਵੇਲੇ ਸੰਘ ਦੇ ਸਰਸੰਘ ਚਾਲਕ ਰਾਜਿੰਦਰ ਸਿੰਘ ਉਰਫ 'ਰਾਜੂ ਭਈਆ' ਹੈ।

ਸਵੈਮ ਸੇਵਕਾਂ ਦੀ ਵਰਦੀ ਵਿੱਚ ਨਾਗਪੁਰੀ ਸਟਾਈਲ ਖਾਕੀ ਨਿੱਕਰ,ਚਿੱਟੀ ਕਮੀਜ਼,ਕਾਲੀ ਟੋਪੀ ਜਾਂ ਕਾਲੀ ਪਗੜੀ ਜਾਂ ਇਸਤਰੀਆਂ ਲਈ ਕਾਲੀ ਚੁੰਨੀ ਤੇ ਲਾਠੀ ਸ਼ਾਮਲ ਹੈ। ਨੌਜਵਾਨਾਂ,ਅਧਖੜਾਂ ਤੇ ਇਸਤਰੀਆਂ ਦੀਆਂ ਅਲੱਗ-ਅਲੱਗ ਸ਼ਾਖਾਂ ਲਾਈਆਂ ਜਾਂਦੀਆਂ ਹਨ। ਸ਼ਾਖਾ ਦੇ ਲੱਠਬੰਦ ਮੈਂਬਰ ਨਿੱਤ ਸਵੇਰੇ ਖਾਕੀ ਨਿੱਕਰਾਂ ਪਹਿਨ ਕੇ ਪਾਰਕਾਂ ਜਾਂ ਗਰਾਊਂਡਾਂ ਵਿੱਚ ਇਕੱਠੇ ਹੁੰਦੇ ਹਨ,ਦੇਸੀ ਖੇਡਾਂ ਰਾਹੀਂ ਕਸਰਤਾਂ ਕਰਨ ਤੋਂ ਪਹਿਲਾਂ ਭਗਵਾਂ ਝੰਡਾ ਝੁਲਾਉਂਦੇ ਹਨ,'ਨਮਸਤੇ ਸਦਾ ਵਤਸਲੇ ਮਾਤਰੀ ਭੂਮੀ' ਦਾ ਫਿਰਕੂ ਤਰਾਨਾ ਗਾ ਕੇ ਭਾਰਤ ਮਾਤਾ ਨੂੰ ਸਲਾਮੀ ਦਿੰਦੇ ਹਨ ਅਤੇ ਹਿੰਦੂ ਨੌਜਵਾਨਾਂ ਦੇ ਮਨਾਂ ਅੰਦਰ ਹਿੰਦੂਤਵ ਦਾ ਜਜ਼ਬਾ ਜਗਾਉਂਦੇ ਹਨ। ਆਪਣੇ ਮੁੱਖੀ ਨੂੰ ਇਹ 'ਸਰਸੰਘਚਾਲਕ' ਆਖਦੇ ਹਨ।

ਆਰ.ਐਸ.ਐਸ.ਦੇ ਹੁਣ ਤੱਕ ਦੇ ਮੁੱਖੀ:

1) ਹੈਡਗੇਵਾਰ	1925 - 1940
2) ਗੋਲਵਾਲਕਰ	1940 - 1973
3) ਦੇਵਰਸ	1973 - 1994
4) ਰਾਜੂ	1994 - 2000
5) ਸੁਦਰਸ਼ਨ	2000 - ਹੁਣ ਤੱਕ

ਭਾਰਤ ਵਿੱਚ ਲੱਗ ਰਹੀਆਂ ਸ਼ਾਖਾਵਾਂ ਦਾ ਵੇਰਵਾ

ਯੂ.ਪੀ.	10,000	ਮਹਾਂਰਾਸ਼ਟਰ	5,000
ਕੇਰਲਾ	4,149	ਰਾਜਸਥਾਨ	3,500
ਮੱਧ ਪ੍ਰਦੇਸ਼	3,230	ਦਿੱਲੀ	2,500
ਕਰਨਾਟਕਾ	2,305	ਬਿਹਾਰ	2,300
ਗੁਜਰਾਤ	1,900	ਪੰਜਾਬ	1,775
ਆਂਧਰਾ ਪ੍ਰਦੇਸ਼	2,660	ਹਰਿਆਣਾ	1,600

ਪੱਛਮੀ ਬੰਗਾਲ	1,500	ਉੜੀਸਾ	1,481
ਤਾਮਿਲਨਾਡੂ	1,051	ਆਸਾਮ	900

ਕਸ਼ਮੀਰ ਤੇ ਹਿਮਾਚਲ 450

ਜ਼ਰੂਰੀ ਨੋਟ: ਹੁਣ ਦੀ ਗਿਣਤੀ ਉਪਰਲੇ ਅੰਕੜਿਆਂ ਨਾਲੋਂ ਬਹੁਤ ਵੱਧ ਹੋਣੀ ਹੈ।

ਪੂਰਵ ਸੈਨਿਕ ਸੇਵਾ ਪਰਿਸ਼ਦ:-

ਇਹ, ਇਹਨਾਂ ਦੇ ਸਾਬਕਾਂ ਫੌਜੀਆਂ ਦਾ ਮਜ਼ਬੂਤ ਵਿੰਗ ਹੈ। ਇਸ ਦੀ ਸਥਾਪਨਾ 1993 ਵਿੱਚ ਕੀਤੀ ਗਈ ਸੀ, ਤਾਂ ਜੋ ਉਹਨਾਂ ਦੀਆਂ ਸੇਵਾਵਾਂ ਲੈਕੇ ਆਰ.ਐਸ.ਐਸ.ਦੇ ਨਵੇਂ ਰੰਗਰੂਟਾਂ ਨੂੰ ਫ਼ੌਜੀ ਸਿਖਲਾਈ ਦਿੱਤੀ ਜਾ ਸਕੇ। ਭਾਰਤ ਦੇ ਅਠਾਰਾਂ ਸੂਬਿਆਂ ਵਿੱਚ ਫੈਲੇ ਇਸ ਦੇ ਪੰਜਾਹ ਲੱਖ ਤੋਂ ਉਪਰ ਮੈਂਬਰ ਹਨ। ਇਸ ਵਿੰਗ ਦੇ ਅਧੀਨ 15 ਰਿਹਾਇਸ਼ੀ ਮਿਲਟਰੀ ਸਕੂਲ ਵੀ ਚੱਲਦੇ ਹਨ, ਜਿੱਥੇ ਪੜ੍ਹਦੇ ਬੱਚਿਆਂ-ਨੌਜਵਾਨਾਂ ਨੂੰ **Services Selection Board** ਦੇ ਇਮਤਿਹਾਨਾਂ ਲਈ ਵਿਸ਼ੇਸ਼ ਤੌਰ ਤੇ ਤਿਆਰ ਕੀਤਾ ਜਾਂਦਾ ਹੈ, ਤਾਂ ਜੋ ਹਥਿਆਰਬੰਦ ਫ਼ੌਜਾਂ ਵਿੱਚ ਵੱਧ ਤੋਂ ਵੱਧ ਅਫ਼ਸਰ ਹਿੰਦੂਤਵੀ ਵਿਚਾਰਧਾਰਾ ਵਾਲੇ ਹੀ ਭਰਤੀ ਹੋਣ, ਜੋ ਹਿੰਦੂ ਰਾਸ਼ਟਰ ਦੀ ਮਜ਼ਬੂਤੀ ਲਈ ਕੰਮ ਕਰ ਸਕਣ। ਭਾਰਤੀ ਫ਼ੌਜ ਦੇ ਕੋਈ ਪੰਜ ਸੌ ਹਿੰਦੂ ਅਫ਼ਸਰ ਆਰ.ਐਸ.ਐਸ.ਦੇ ਰੈਗੂਲਰ ਮੈਂਬਰ ਹਨ, ਜੋ ਰੋਜ਼ਾਨਾਂ ਸ਼ਾਖਾਵਾਂ ਵਿੱਚ ਜਾ ਕੇ ਹਥਿਆਰ ਚਲਾਉਣ ਦੀ ਟਰੇਨਿੰਗ ਨਵੇਂ ਰੰਗਰੂਟਾਂ ਨੂੰ ਦੇਂਦੇ ਹਨ। ਆਰਮੀ ਦਾ ਝੰਡਾ 'ਦੁਰਗਾ', 'ਸ਼ਿਵਜੀ' ਤੇ 'ਹਨੂਮਾਨ' ਦੇ ਹਥਿਆਰਾਂ ਦਾ ਮਿਲਵਾਂ ਪ੍ਰਤੀਕ ਹੈ।

ਭਾਜਪਾ (ਭਾਰਤੀ ਜਨਤਾ ਪਾਰਟੀ) ਇਸ ਦਾ ਸਿਆਸੀ ਵਿੰਗ ਹੈ। ਸੰਘ ਚੀਫ ਵਲੋਂ ਭਾਜਪਾ ਦੇ ਅਹਿਮ ਉੱਚੇ ਅਹੁਦੇ ਸਵੈਮ ਸੇਵਕਾਂ ਨੂੰ ਦਿਵਾ ਕੇ ਸੰਘ ਦੀ ਰਾਜਨੀਤਕ ਸ਼ਾਖਾ ਤੇ ਮਕੁੰਮਲ ਕੰਟਰੋਲ ਰੱਖਿਆ ਜਾਂਦਾ ਹੈ। ਮੌਜੂਦਾ ਕੇਂਦਰੀ ਗ੍ਰਹਿ ਮੰਤਰੀ ਤੇ ਪਹਿਲੇ ਭਾਜਪਾ ਪ੍ਰਧਾਨ ਲਾਲ ਕਿਸ਼ਨ ਅਡਵਾਨੀ ਨਿੱਕਰਧਾਰੀ ਸੰਘੀ ਪ੍ਰਚਾਰਕ ਸਨ ਅਤੇ ਅੱਜ ਦਾ ਬੀ.ਜੇ.ਪੀ ਮੁੱਖੀ ਕੁਸ਼ਾ ਭਾਓ ਠਾਕਰੇ ਵੀ ਸੰਘ ਦਾ ਮੁੱਖ ਪ੍ਰਚਾਰਕ ਹੈ।

ਸੰਘ ਹਿੰਦੂਤਵੀ ਸਿਧਾਂਤ ਭਾਰਤ ਵਿੱਚ ਇਸਲਾਮ ਤੇ ਈਸਾਈਅਤ ਦੇ ਵਿਕਾਸ ਦੇ ਸਖਤ ਖਿਲਾਫ ਹੈ। ਇਹ ਮਜ਼ਹਬੀ ਦੰਗੇ ਕਰਵਾ ਕੇ ਮੁਸ਼ਲਮਾਨਾਂ ਤੇ ਈਸਾਈਆਂ ਨੂੰ ਦੇਸ਼ ਨਿਕਾਲਾ ਦੇਣ ਜਾਂ ਉਹਨਾਂ ਦੀ

ਗਿਣਤੀ ਘਟਾਉਣ ਦੀਆਂ ਸਕੀਮਾਂ ਬਣਾਉਂਦਾ ਰਹਿੰਦਾ ਹੈ। ਸੰਘ ਮੁਤਾਬਕ ਮੁਸਲਮਾਨ ਤੇ ਈਸਾਈ ਕਦੇ ਵੀ ਦੇਸ਼ ਭਗਤ ਨਹੀਂ ਹੋ ਸਕਦੇ ਕਿਉਂਕਿ ਉਹਨਾਂ ਦੀ ਪ੍ਰੇਰਨਾ ਦੇ ਸੋਮੇ ਰੋਮ ਤੇ ਮੱਕੇ ਮਦੀਨੇ ਦੇਸੋਂ ਬਾਹਰ ਦੇ ਹਨ। ਸਿੱਖਾਂ ਨੂੰ ਹਿੰਦੂਆਂ 'ਚ ਜਜ਼ਬ ਕਰਕੇ ਸਿੱਖ ਵਿਰਸੇ ਦਾ ਮਾਲਕ ਬਣਨਾ ਇਸ ਦਾ ਨਿਸ਼ਾਨਾ ਹੈ।

ਖੁਫ਼ੀਆ ਏਜੰਸੀਆਂ – Research & Analysis Wing (RAW)

ਆਰ.ਐਸ.ਐਸ.ਨੇ ਬਦਨਾਮ ਖੁਫ਼ੀਆ ਏਜੰਸੀ ਰਾਅ ਜੂਨ 1984 'ਚ ਹਰਿਮੰਦਰ ਸਾਹਿਬ 'ਤੇ ਕੀਤੇ ਗਏ ਹਮਲੇ ਤੋਂ ਪਹਿਲਾਂ ਖੜ੍ਹੀ ਕੀਤੀ ਸੀ। ਇਸ ਏਜੰਸੀ ਦੇ ਕੋਈ 20 ਲੱਖ ਤੋਂ ਉਪਰ ਮੈਂਬਰ ਹਨ, ਜੋ ਦੁਨੀਆ ਦੇ ਸਾਰੇ ਦੇਸ਼ਾਂ ਅੰਦਰ ਜਾਸੂਸੀ ਕਰਦੇ ਹਨ। ਇਹਨਾਂ ਨੇ ਪਾਕਿਸਤਾਨ, ਨੇਪਾਲ, ਭੂਟਾਨ, ਬਰਮਾ, ਸ੍ਰੀਲੰਕਾ, ਬੰਗਲਾਦੇਸ਼, ਇਰਾਨ, ਅਫ਼ਗਾਨਿਸਤਾਨ, ਇਰਾਕ, ਸਾਉਦੀ ਅਰੇਬੀਆ ਤੋਂ ਬਿਨਾਂ ਅਮਰੀਕਾ, ਯੋਰਪੀਨ ਦੇਸ਼ਾਂ, ਅਸਟਰੇਲੀਆ ਕੈਨੇਡਾ ਆਦਿਕ ਮੁਲਕਾਂ ਵਿੱਚ ਵੀ ਛੱਡੇ ਹੋਏ ਹਨ। ਇਹਨਾਂ ਨੂੰ ਬਾਕਾਇਦਾ ਚੰਗੀ ਤਕੜੀ ਤਨਖ਼ਾਹ ਦੇ ਨਾਲ-ਨਾਲ ਵਿਸ਼ੇਸ਼ ਪ੍ਰਾਪਤੀ ਉਪਰੰਤ ਵਾਧੂ ਮਿਹਨਤਾਨਾ ਦਿੱਤਾ ਜਾਂਦਾ ਹੈ। ਇਸ ਦਾ ਪਹਿਲਾ ਵੱਡਾ ਕਾਰਨਾਮਾ ਹਰਿਮੰਦਰ ਸਾਹਿਬ 'ਤੇ ਫ਼ੌਜੀ ਹਮਲਾ ਕਰਵਾਉਣਾ ਸੀ ਅਤੇ ਦੂਜਾ ਸਿੱਖ ਸੰਘਰਸ਼ ਦੇ ਅੰਦਰ ਵੜ ਕੇ ਢਾਹ ਲਾਉਣਾ ਸੀ। ਇਹਨਾਂ ਨੂੰ ਹਰ ਤਰ੍ਹਾਂ ਦੀ ਟਰੇਨਿੰਗ ਦਿੱਤੀ ਜਾਂਦੀ ਹੈ। ਇਸ ਨੇ ਜੇਕਰ ਆਪਣੇ ਮੈਂਬਰ ਸਿੱਖਾਂ ਅੰਦਰ ਵਾੜਨੇ ਹੋਣ, ਤਾਂ ਅੰਮ੍ਰਿਤਧਾਰੀ ਤੇ ਪੱਕੇ ਨਿਤਨੇਮੀ ਬਣਾ ਕੇ ਭੇਜੇ ਜਾਂਦੇ ਹਨ। ਜੇਕਰ ਮੁਸਲਮਾਨਾਂ ਵਿੱਚ ਵਾੜਨੇ ਹੋਣ, ਤਾਂ ਪੱਕੇ ਨਮਾਜ਼ੀ ਮੁਸਲਮਾਨ ਬਣਾ ਕੇ ਭੇਜੇ ਜਾਂਦੇ ਹਨ। ਇਨ੍ਹੀਂ ਦਿਨੀ ਇਹੋ ਜਿਹੇ 'ਨਕਲੀ ਮੁਸਲਮਾਨ' 'ਕਸ਼ਮੀਰੀ ਖਾੜਕੂਆਂ'ਦੇ ਭੇਸ ਵਿੱਚ ਕਸ਼ਮੀਰ ਵਿੱਚ ਵਿਚਰ ਰਹੇ ਹਨ। ਇਹ ਏਜੰਸੀ ਭਾਰਤ ਵਿੱਚ ਕੋਈ 400 ਹਥਿਆਰ ਸਿਖਲਾਈ ਕੈਂਪ ਚਲਾ ਰਹੀ ਹੈ। ਜਿਸ ਦੇ ਟਰੇਂਡ ਕੀਤੇ ਅੱਤਵਾਦੀ ਗੁਆਂਢੀ ਮੁਲਕਾਂ ਵਿੱਚ ਗੜਬੜ ਫੈਲਾ ਰਹੇ ਹਨ। ਹਥਿਆਰ ਸਿਖਲਾਈ ਕੈਂਪਾਂ ਲਈ ਮੈਂਬਰ ਆਰ.ਐਸ.ਐਸ.ਦੀਆਂ ਸ਼ਾਖ਼ਾਵਾਂ ਵਿੱਚੋਂ ਲਏ ਜਾਂਦੇ ਹਨ।

ਨਾਜ਼ੀਵਾਦੀ ਆਰ.ਐਸ.ਐਸ.ਦੀ ਫਿਲਾਸਫੀ

ਆਰ.ਐਸ.ਐਸ.ਦੇ ਸੰਚਾਲਕ ਗੋਲਵਾਲਕਰ ਨੇ 1938 ਵਿੱਚ ਆਪਣੀ ਪੁਸਤਕ ਵਿਚ ਹਿਟਲਰ ਦੀ ਨਸਲਵਾਦੀ ਤੇ ਪਸਾਰਵਾਦੀ ਸੋਚ ਅਨੁਸਾਰ ਯਹੂਦੀਆਂ ਵਿਰੁੱਧ ਨਫ਼ਰਤ ਨੂੰ ਸਲਾਹਿਆ ਸੀ–

"ਜਰਮਨੀ ਨੇ ਇਹ ਸਾਬਤ ਕਰ ਵਿਖਾਇਆ ਹੈ ਕਿ ਵੱਖੋ-ਵੱਖਰੀਆਂ ਸੰਸਕ੍ਰਿਤੀਆਂ ਅਤੇ ਨਸਲਾਂ ਨੂੰ ਇਕੋ ਤਰ੍ਹਾਂ ਪਰੋਇਆ ਜਾਣਾ ਕਿਸੇ ਤਰ੍ਹਾਂ ਮੁਮਕਿਨ ਨਹੀਂ। ਸਾਨੂੰ ਹਿੰਦੁਸਤਾਨੀਆਂ ਨੂੰ ਇਸ ਤਰਜਬੇ ਤੋਂ ਸਿੱਖਣਾ ਚਾਹੀਦਾ ਹੈ ਅਤੇ ਫ਼ਾਇਦਾ ਉਠਾਉਣਾ ਚਾਹੀਦਾ ਹੈ। ਹਿੰਦੁਸਤਾਨ ਵਿੱਚ ਜੋ ਗ਼ੈਰ ਹਿੰਦੂ ਲੋਕ ਹਨ ਜਾਂ ਤਾਂ ਉਹ ਹਿੰਦੂ ਸਭਿਆਚਾਰ ਅਤੇ ਭਾਸ਼ਾ ਨੂੰ ਸਵੀਕਾਰ ਕਰਨ, ਹਿੰਦੂ ਧਰਮ ਦਾ ਆਦਰ-ਸਨਮਾਨ ਕਰਨਾ ਸਿੱਖਣ, ਹਿੰਦੂ ਨਸਲ ਅਤੇ ਸਭਿਆਚਾਰ ਦੇ ਗੁਣ ਗਾਨ ਦੇ ਇਲਾਵਾ ਕੋਈ ਵਿਚਾਰ ਆਪਣੇ ਮਨ ਵਿੱਚ ਨਾ ਲਿਆਉਣ। ਯਾਨੀ ਇਸ ਸ਼ਬਦ ਵਿੱਚ ਉਹ ਵਿਦੇਸ਼ੀ ਹੋਣਾ ਬੰਦ ਕਰਨ ਜਾਂ ਉਹ ਇਸ ਦੇਸ਼ ਵਿੱਚ ਹਿੰਦੂ ਰਾਸ਼ਟਰ ਦੇ ਪੂਰੀ ਤਰ੍ਹਾਂ ਗ਼ੁਲਾਮ ਬਣ ਕੇ ਰਹਿਣ, ਕਿਸੇ ਚੀਜ਼ ਦਾ ਦਾਅਵਾ ਨਾ ਕਰਨ, ਕਿਸੇ ਚੀਜ਼ ਦੀ ਇੱਛਾ ਨਾ ਕਰਨ, ਉਨ੍ਹਾਂ ਨੂੰ ਕੋਈ ਚੀਜ਼ ਨਹੀਂ ਮਿਲੇਗੀ, ਚੰਗਾ ਵਰਤਾਅ ਤਾਂ ਬਹੁਤ ਦੂਰ ਦੀ ਗੱਲ ਹੈ, ਉਨ੍ਹਾਂ ਨੂੰ ਨਾਗਰਿਕ ਅਧਿਕਾਰ ਵੀ ਨਹੀਂ ਮਿਲਣਗੇ:

(ਧੰਨਵਾਦ ਸਹਿਤ-ਪ੍ਰੋ. ਬਲਵਿੰਦਰਪਾਲ ਸਿੰਘ, ਸਿੱਖ ਵਿਰਸਾ ਕੈਨੇਡਾ ਮਈ 2000)

ਜਿਨ੍ਹਾਂ ਦਿਨਾਂ ਵਿੱਚ ਹਿਟਲਰ ਯਹੂਦੀਆਂ ਦਾ ਘਾਣ ਕਰ ਰਿਹਾ ਸੀ, ਹਿੰਦੂ ਚਿੰਤਕ ਗੋਲਵਾਲਕਰ ਨੇ ਹਿਟਲਰ ਦੀ ਤਾਰੀਫ਼ ਵਿੱਚ ਕਿਹਾ ਸੀ-

'ਜੋ ਹੱਲ ਹਿਟਲਰ ਨੇ ਯਹੂਦੀਆਂ ਦਾ ਕੱਢਿਆ ਹੈ, ਭਾਰਤ ਨੂੰ ਹਿੰਦੂ ਰਾਸ਼ਟਰ ਬਣਾਉਣ ਲਈ ਇਹ ਹੀ ਯੋਗ ਹੱਲ ਗੈਰ-ਹਿੰਦੂਆਂ ਨਾਲ ਨਿਪਟਣ ਦਾ ਹੈ'

ਜਿਵੇਂ ਹਿਟਲਰ ਨੇ ਜਰਮਨ ਲੋਕਾਂ ਅਤੇ ਜਰਮਨ ਬੱਚਿਆਂ ਦੇ ਦਿਮਾਗ਼ਾਂ ਅੰਦਰ ਜਰਮਨ ਨਸਲ ਦੇ ਉੱਤਮ ਹੋਣ ਦੇ ਵਿਚਾਰ ਕੁੱਟ-ਕੁੱਟ ਕੇ ਭਰਨ ਲਈ ਸਾਲਾਂ ਬੱਧੀ ਮੁਹਿੰਮ ਚਲਾਈ ਸੀ, ਇਵੇਂ ਹੀ ਭਾਰਤ ਵਿੱਚ ਆਰ.ਐਸ.ਐਸ. ਦੀ 'ਵਿਦਿਆ ਭਾਰਤੀ' ਸੰਸਥਾ ਵਲੋਂ 25 ਹਜ਼ਾਰ ਤੋਂ ਵੱਧ ਇਹੋ ਜਿਹੇ ਸਕੂਲ ਚਲਾਏ ਜਾ ਰਹੇ ਹਨ ਜਿਨ੍ਹਾਂ ਵਿੱਚ ਛੋਟੀ ਉਮਰ ਦੇ ਬੱਚਿਆਂ ਨੂੰ 'ਹਿੰਦੂ ਮੂਲਵਾਦ ਦੀ ਟਰੇਨਿੰਗ ਦਿੱਤੀ ਜਾ ਰਹੀ ਹੈ।

ਅਜ਼ਾਦੀ ਮਿਲੇ ਨੂੰ ਅੱਜੇ ਦੋ ਮਹੀਨੇ ਵੀ ਪੂਰੇ ਨਹੀਂ ਸੀ ਹੋਏ ਕਿ 10 ਅਕਤੂਬਰ 1947 ਨੂੰ ਭਾਰਤ ਦੇ ਗ੍ਰਹਿ ਮੰਤਰਾਲੇ ਦੀਆਂ ਹਿਦਾਇਤਾਂ ਵਾਲਾ ਪੰਜਾਬ ਸਰਕਾਰ ਵਲੋਂ ਸਿੱਖਾਂ ਨੂੰ 'ਜਰਾਇਮ ਪੇਸ਼ਾ

ਕੌਮ' ਐਲਾਨਣ ਵਾਲਾ ਸਰਕੁਲਰ ਸ.ਕਪੂਰ ਸਿੰਘ ਆਈ.ਸੀ.ਐਸ. ਵਲੋਂ (ਆਪਣੀ ਨੌਕਰੀ ਗਵਾ ਕੇ) ਦੁਨੀਆ ਸਾਹਮਣੇ ਲਿਆਂਦਾ ਸੀ।

10 ਜੁਲਾਈ 1984 ਨੂੰ ਭਾਰਤੀ ਫ਼ੌਜ ਦੇ ਪੰਦਰਾਂ ਰੋਜ਼ਾ ਗਜ਼ਟ-'ਬਾਤ-ਚੀਤ' ਰਾਹੀਂ ਸਭ ਅੰਮ੍ਰਿਤਧਾਰੀ ਸਿੱਖਾਂ ਨੂੰ ਲੁਟੇਰੇ, ਕਾਤਲ ਅਤੇ ਖ਼ਤਰਨਾਕ ਲੋਕ ਦੱਸਦਿਆਂ-ਇਹਨਾਂ ਦਾ ਸਫਾਇਆ ਕਰਣ ਦਾ ਆਦੇਸ਼ ਇਕ ਸਰਕੁਲਰ ਰਾਹੀਂ ਦਿੱਤਾ ਗਿਆ ਸੀ।

ਭਾਰਤ ਦੀ ਵਾਗਡੋਰ ਫਾਸ਼ੀਵਾਦੀਆਂ ਦੇ ਹੱਥਾਂ 'ਚ

ਭਾਰਤੀ ਲੋਕ ਸਭਾ ਨੇ ਮਨੋਹਰ ਜੋਸ਼ੀ ਨੂੰ ਆਪਣਾ ਨਵਾਂ ਸਪੀਕਰ ਚੁਣਿਆ। ਮਨੋਹਰ ਜੋਸ਼ੀ ਇਕ ਸ਼ਿਵ ਸੈਨਿਕ ਹੈ ਅਤੇ ਫਿਰਕੂ ਜ਼ਹਿਰ ਦੇ ਵਣਜਾਰੇ ਬਾਲ ਠਾਕਰੇ ਦਾ ਕੱਟੜ ਚੇਲਾ ਹੈ। ਬੀ.ਜੇ.ਪੀ.ਨੇ ਇਸ ਦਾ ਨਾਂ ਪੇਸ਼ ਕੀਤਾ ਅਤੇ ਤੇਲਗੂ ਦੇਸ਼ਮ ਨੇ ਇਸ ਦੀ ਤਾਈਦ ਕੀਤੀ। ਕਾਂਗਰਸ ਜਾਂ ਕਿਸੇ ਹੋਰ ਵਿਰੋਧੀ ਪਾਰਟੀ ਨੇ ਆਪਣਾ ਉਮੀਦਵਾਰ ਨਹੀਂ ਸੀ ਖੜਾ ਕੀਤਾ।

ਜੋਸ਼ੀ 1993 ਵਿੱਚ ਉਵੇਂ ਹੀ ਆਗੂ ਵਜੋਂ ਉਭਰਿਆ ਸੀ, ਜਿਵੇਂ ਕਿ ਅੱਜ ਕੱਲ੍ਹ ਗੁਜਰਾਤ ਦਾ ਨਰਿੰਦਰ ਮੋਦੀ ਮੁਸਲਮਾਨਾਂ ਦੇ ਕੀਤੇ ਗਏ ਕਤਲੇਆਮ ਨਾਲ ਉਭਰ ਰਿਹਾ ਹੈ। ਉਦੋਂ ਵੀ ਸ਼ਿਵ ਸੈਨਿਕਾਂ ਨੇ ਮੁਸਲਮਾਨਾਂ ਦਾ ਬਹੁਤ ਬੇਕਿਰਕੀ ਨਾਲ ਕਤਲੇਆਮ ਕੀਤਾ ਸੀ। ਉਦੋਂ ਹਰ ਨਿਰਪੱਖ ਦਰਸ਼ਕ ਨੇ ਇਹ ਦੋਸ਼ ਲਾਇਆ ਸੀ ਕਿ ਉਹ ਕਤਲੇਆਮ ਲਈ ਸ਼ਿਵ ਸੈਨਿਕਾਂ ਨੂੰ ਬਾਲ ਠਾਕਰੇ ਤੇ ਮਨੋਹਰ ਜੋਸ਼ੀ ਨੇ ਭੜਕਾਇਆ ਸੀ। ਬਾਅਦ ਵਿੱਚ ਕ੍ਰਿਸ਼ਨਾ ਕਮਿਸ਼ਨ ਨੇ ਇਸ ਦੋਸ਼ ਦੀ ਪੁਸ਼ਟੀ ਕਰ ਦਿੱਤੀ ਸੀ।

ਫਾਸ਼ਿਸ਼ਟ ਬਿਰਤੀ ਵਾਲਾ ਲਾਲ ਕ੍ਰਿਸ਼ਨ ਅਡਵਾਨੀ ਭਾਜਪਾ ਸਰਕਾਰ ਵੇਲੇ ਭਾਰਤ ਦਾ ਉਪ ਪ੍ਰਧਾਨ ਮੰਤਰੀ ਬਣਿਆ। ਵਾਜਪਾਈ ਦੇ ਮੰਤਰੀ ਮੰਡਲ ਦੀ ਇਹ ਅਦਲਾਬਦਲੀ ਵਿਅਕਤੀਗਤ ਦੀ ਥਾਂ ਸਿਆਸੀ ਸੋਚ ਦੀ ਹੈ। ਆਰ.ਐਸ.ਐਸ.ਦੇ ਇਕ ਸੀਨੀਅਰ ਆਗੂ ਨੇ ਬਿਆਨ ਦਿੱਤਾ ਕਿ 'ਅਸੀਂ ਕਿੰਨੇ ਚਿਰ ਤੋਂ ਚਾਹ ਰਹੇ ਸਾਂ ਕਿ ਲਾਲ ਕ੍ਰਿਸ਼ਨ ਅਡਵਾਨੀ ਜੀ ਨੂੰ ਉਪ ਪ੍ਰਧਾਨ ਮੰਤਰੀ ਬਣਾਇਆ ਜਾਵੇ ਪਰ ਸਾਡੀ ਬੇਨਤੀ ਨੂੰ ਨਾ ਮੰਨਿਆ ਗਿਆ।' ਇਕ ਹੋਰ ਆਰ.ਐਸ.ਐਸ.ਦੇ ਬੁਲਾਰੇ ਜੀ.ਐਮ.ਵੈਦਿਆ ਨੇ ਕਿਹਾ ਕਿ 'ਅਸੀਂ ਅਡਵਾਨੀ ਜੀ ਦੀ ਨਵੀਂ ਨਿਯੁਕਤੀ 'ਤੇ ਖੁਸ਼ ਹਾਂ।'

ਉਪ ਪ੍ਰਧਾਨ ਮੰਤਰੀ ਬਣਦੇ ਸਾਰ ਹੀ ਅਡਵਾਨੀ ਆਰ.ਐਸ.ਐਸ.ਦੇ

ਝੰਡੇਵਾਲੇ (ਦਿੱਲੀ) ਹੈਡ ਕੁਆਰਟਰ ਪਹੁੰਚਿਆ ਅਤੇ ਆਰ.ਐਸ.ਐਸ.ਦੇ ਆਗੂਆਂ ਦਾ ਧੰਨਵਾਦ ਕੀਤਾ। ਜਦ ਡੈਣ ਇੰਦਰਾ ਨੇ ਦਰਬਾਰ ਸਾਹਿਬ 'ਤੇ ਵਹਿਸ਼ੀਆਨਾ ਹਮਲਾ ਕੀਤਾ ਸੀ ਤਾਂ ਇਸ ਨੇ ਗੱਜ-ਵੱਜ ਕੇ ਕਿਹਾ ਸੀ ਕਿ ਇਹ ਛੇ ਮਹੀਨੇ ਪਹਿਲਾਂ ਹੋ ਜਾਣਾ ਚਾਹੀਦਾ ਸੀ। ਇਹ ਅਡਵਾਨੀ ਹੀ ਸੀ ਜਿਸ ਨੇ ਪੰਜਾਬ ਆ ਕੇ ਹਜ਼ਾਰਾਂ ਸਿੱਖਾਂ ਦਾ ਝੂਠੇ ਪੁਲਿਸ ਮੁਕਾਬਲਿਆਂ ਰਾਹੀਂ ਵਹਿਸ਼ੀਆਨਾ ਕਤਲ ਕਰਨ ਵਾਲੇ ਪੁਲਸੀਆਂ ਨੂੰ ਦੋਸ਼ ਮੁਕਤ ਕਰ ਦੇਣ ਦੀ ਵਕਾਲਤ ਕੀਤੀ ਸੀ। ਇਹ ਅਡਵਾਨੀ ਹੀ ਸੀ ਜਿਸ ਨੇ ਬਾਬਰੀ ਮਸਜਿਦ ਤਬਾਹ ਕਰ ਦੇਣ ਦੇ ਮਕਸਦ ਨਾਲ ਹਿੰਦੂਆਂ ਨੂੰ ਭੜਕਾਉਣ ਲਈ ਸੋਮਨਾਥ ਤੋਂ ਰੱਥ ਯਾਤਰਾ ਕੱਢੀ ਸੀ। ਇਹ ਉਹੀ ਅਡਵਾਨੀ ਹੈ ਜੋ ਗੁਜਰਾਤ 'ਚ ਹਜ਼ਾਰਾਂ ਮੁਸਮਾਨਾਂ ਦੇ ਕਾਤਲ ਗੁਜਰਾਤ ਦਾ ਮੁੱਖ ਮੰਤਰੀ ਨਰਿੰਦਰ ਮੋਦੀ ਦੀ ਪਿੱਠ 'ਤੇ ਡੱਟ ਕੇ ਖੜ੍ਹਾ ਹੈ।

ਆਰ.ਐਸ.ਐਸ.ਵਲੋਂ ਜਾਰੀ ਕੀਤੇ ਗਏ ਸਰਕੁਲਰ

ਆਰ.ਐਸ.ਐਸ.ਅਤੇ ਇਸ ਦੀਆਂ ਸਹਿਯੋਗੀ ਸੰਸਥਾਵਾਂ ਵਲੋਂ ਆਪਣੀਆਂ ਬਰਾਂਚਾਂ ਨੂੰ ਭੇਜੇ ਕੁਝ ਸਰਕੁਲਰ ਹੇਠਾਂ ਦਿੱਤੇ ਜਾ ਰਹੇ ਹਨ ਜੋ ਪਾਠਕਾਂ ਦਾ ਵਿਸ਼ੇਸ਼ ਧਿਆਨ ਮੰਗਦੇ ਹਨ। ਬਜਰੰਗ ਬਲੀ ਵਲੋਂ ਛਾਪਿਆ ਗਿਆ ਹੇਠ ਲਿਖਿਆ ਜ਼ਹਿਰੀਲਾ ਸਿੱਖ ਵਿਰੋਧੀ ਇਸ਼ਤਿਹਾਰ ਜੋ ਖ਼ਬਰ ਦੇ ਤੌਰ ਤੇ ਇਹ ਪੋਸਟਰ ਹੂ-ਬ-ਹੂ ਅਜੀਤ ਅਖ਼ਬਾਰ ਵਿੱਚ ਵੀ ਛਪਿਆ ਸੀ-

ਬਜਰੰਗ ਬ੍ਰਿਗੇਡ ਲਖਨਊ ਸ਼ਾਖਾ
ਹਿੰਦੂ ਏਕਤਾ! ਅਮਰ ਰਹੇ!!
ਸਾਥੀਓ,

ਇਸ ਹਿੰਦੁਸਤਾਨ ਕੀ ਧਰਤੀ ਪਰ ਬੁਧੀ ਵ ਵਿਵੇਕ ਸੇ ਰਹਿਤ ਸਿੱਖ, ਰੰਗ ਰਲੀਆਂ ਮਨਾ ਰਹੇ ਹੈਂ ਔਰ ਜੀਵਨ ਕਾ ਅਸਲ ਅਨੰਦ ਲੂਟ ਰਹੇ ਹੈਂ ਜਿਸ ਸੇ ਇਨਕਾ ਦਿਮਾਗ਼ ਸਾਤਵੇਂ ਅਸਮਾਨ ਪਰ ਚਲਾ ਗਯਾ ਹੈ। ਯੇ ਦੁਸ਼ਟ ਸਰਦਾਰ ਲੋਗ ਬਸੋਂ,ਟਰੇਨੋਂ ਵ ਹਵਾਈ ਜਹਾਜ਼ੋਂ ਮੇਂ ਹਿੰਦੂਓਂ ਕਾ ਚਲਨਾ ਫਿਰਨਾ ਕਠਿਨ ਕਰ ਰਹੇ ਹੈਂ। ਮੁੱਠੀ ਭਰ ਸਰਦਾਰ ਸਾਰੇ ਹਿੰਦੁਸਤਾਨ ਕੋ ਤਬਾਹ ਕਰ ਰਹੇਂ ਹੈਂ। ਅਗਰ ਸਹਿਮੇਂ ਰਹਿਤੇ ਹਮ ਲੋਗ ਨਹੀਂ ਸੰਭਲਤੇ ਔਰ ਇਨ ਸਰਦਾਰੋਂ ਕਾ ਸਫ਼ਾਇਆ ਨਹੀਂ ਕਰਤੇ,ਔਰ ਅਗਰ ਇਸੀ ਤਰਹ ਗਿਆਨੀ ਜ਼ੈਲ ਸਿੰਹ, ਬੂਟਾ ਸਿੰਹ ਕੋ ਅਪਨੇ ਦੇਸ਼ ਕੀ ਗੱਦੀਓਂ ਪਰ ਬਿਠਾਏ ਰਖਤੇ ਹੈਂ ਤੋ ਯੇ

ਰਾਕਸ਼ ਹਿੰਦੁਸਤਾਨ ਮੇਂ ਹਿੰਦੂਉਂ ਕਾ ਨਾਮੋ ਨਿਸ਼ਾਨ ਮਿਟਾ ਦੇਂਗੇ।

ਇਸ ਲੀਏ ਹਮ ਹਿੰਦੂ ਜਨ,ਹਿੰਦੁਸਤਾਨ ਕਾ ਅਸਤੀਤਵ ਬਨਾਏ ਰਖਨੇ ਕੇ ਲੀਏ ਬਜਰੰਗ ਬ੍ਰਿਗੇਡ ਕਾ ਗਠਨ ਕੀਆ ਹੈ। ਹਮਾਰਾ ਅਭਿਆਸ ਸ੍ਰੀਮਤੀ ਇੰਦਰਾ ਗਾਂਧੀ ਜੀ ਕੀ ਬਰਸੀ 31 ਅਕਤੂਬਰ ਸੇ ਸ਼ੁਰੂ ਹੋਗਾ। ਹਿੰਦੂ ਭਾਈਉਂ ਸੇ ਨਿਵੇਦਨ ਹੈ ਕਿ ਤਨ ਮਨ ਧਨ ਸੇ ਹਮ ਲੋਗੋਂ ਕੇ ਅਭਿਮਾਨ ਮੇਂ ਸਹਿਯੋਗ ਦੇਂ ਵ ਭਾਗ ਲੇਂ। ਹਮਾਰੇ ਪ੍ਰੀਏ ਨੇਤਾ (ਇੰਦਰਾ ਗਾਂਧੀ ਜੀ) ਕੀ ਦੂਸਰੀ ਬਰਸੀ ਆਨੇ ਸੇ ਪਹਿਲੇ ਹਮੇਂ ਦੇਖਨਾ ਹੈ ਕਿ ਭਾਰਤ ਮਾਤਾ ਕੀ ਪਵਿਤਰ ਧਰਤੀ ਪਰ ਗਦਾਰੋਂ ਜੈਸੀ ਦੁਸ਼ਟ ਕੌਮ ਕਾ ਏਕ ਭੀ ਵਿਅਕਤੀ ਦਿਖਾਈ ਨਾ ਪੜੇ। ਇਨਕਾ ਕਤਲੇਆਮ ਕਰਕੇ ਇਨਕੀ ਲਾਸੇਂ ਧਰਤੀ ਮਾਂ ਕੀ ਪਵਿੱਤਰ ਗੋਦ ਮੇਂ ਬਿਛਾਨਾ ਹੈ। ਇਸ ਪਵਿੱਤਰ ਯੱਗ ਮੇਂ ਆਪ ਲੋਗ ਤਨ ਮਨ ਧਨ ਔਰ ਸ਼ਸਤਰ ਕਾ ਦਾਨ ਦੇਂ। ਯੇ ਪਵਿੱਤਰ ਕਾਰਯ ਹਮੇਂ ਉਤਰ ਪ੍ਰਦੇਸ਼ ਕੀ ਪਵਿੱਤਰ ਧਰਤੀ ਲਖਨਊ ਸੇ ਆਰੰਭ ਕਰਨਾ ਹੈ।

ਇਸ ਸੇ ਤਮਾਮ ਫ਼ਾਇਦੇ ਹੋਂਗੇ। ਬੁਧੀ ਵ ਵਿਵੇਕ ਸੇ ਦੂਰ ਰਹਿਨੇ ਵਾਲੇ ਸਰਦਾਰੋਂ ਕੀ ਜਾਤੀ ਜੈਸੇ ਜਾਨਵਰੋਂ ਕੇ ਬੋਝ ਸੇ ਭਾਰਤ ਮਾਤਾ ਕੋ ਰਾਹਤ ਮਿਲੇਗੀ,ਔਰ ਇਨਹੋਂ ਨੇ ਬਲ ਸੇ ਜੋ ਧਨ ਪਰ ਕਬਜ਼ਾ ਕਰ ਰਖਾ ਹੈ,ਉਸ ਕਾ ਹਿੰਦੂ ਭਾਈਉਂ ਕੋ ਉਪਯੋਗ ਕਰਨੇ ਕਾ ਸ਼ੁਭ ਅਵਸਰ ਮਿਲੇਗਾ। ਹਮਾਰੀ ਦ੍ਰਿੜ ਪ੍ਰਤਿਗਿਆ ਹੈ ਕਿ ਹਮ ਅਪਨੇ ਇਸ ਉਦੇਸ਼ਯ ਕੋ ਸ਼ੀਘਰ ਹੀ ਪੂਰਾ ਕਰੇਂਗੇ। ਸਰਦਾਰ ਰੂਪੀ ਕੌਮ ਕਾ ਏਕ ਬੱਚਾ ਭੀ ਇਸ ਯੱਗ ਕੀ ਸਾਮਗ੍ਰੀ ਬਨਨੇ ਸੇ ਨਹੀਂ ਬਚ ਸਕੇਗਾ। ਅਬ ਇਨ ਸਰਦਾਰੋਂ ਕੋ ਦੁਨੀਆ ਮੇਂ ਕੋਈ ਭੀ ਨਹੀਂ ਬਚਾ ਸਕਤਾ:

ਜਯ ਬਜਰੰਗ ਬਲੀ

ਹਮ ਹੈਂ ਆਪ ਕੇ

ਬਜਰੰਗ ਬ੍ਰਿਗੇਡ ਲਖਨਊ ਸ਼ਾਖਾ (ਉਤਰ ਪ੍ਰਦੇਸ਼)

(ਧੰਨਵਾਦ ਸਹਿਤ – ਸ.ਬਲਜੀਤ ਸਿੰਘ ਖ਼ਾਲਸਾ,ਸਿੱਖ ਵਿਰਸਾ ਕੈਨੇਡਾ ਜੁਲਾਈ,2000)

ਆਰ.ਐਸ.ਐਸ.ਦੇ ਹੈਡਕੁਆਰਟਰ ਤੋਂ ਜਾਰੀ ਹੋਇਆ ਸਰਕੁਲਰ (2 ਜਨਵਰੀ 2001)

2 ਜਨਵਰੀ 2001 ਨੂੰ ਇਸ ਦੇ ਹੈਡਕੁਆਰਟਰ ਵਲੋਂ ਹੇਠ ਲਿਖਿਆ ਸਰਕੁਲਰ ਜਾਰੀ ਕੀਤਾ ਗਿਆ ਹੈ –

'ਸਿੱਖੋਂ ਕੋ ਵਿਸ਼ਾਲ ਹਿੰਦੂ ਧਰਮ ਮੇਂ ਲਾਨਾ ਹਮਰਾ ਪਰਮ

ਕਰਤੱਵਯ ਹੈ, ਇਸ ਕੇ ਲੀਏ ਅਭਿਆਨ ਤੇਜ਼ ਕੀਆ ਜਾਏ'

ਇਸਾਈਆਂ, ਮੁਸਲਮਾਨਾਂ, ਦਲਿਤਾਂ, ਸਿੱਖਾਂ ਅਤੇ ਹੋਰ ਘਟ ਗਿਣਤੀਆਂ ਨੂੰ ਹਿੰਦੁਸਤਾਨ 'ਚੋਂ ਖ਼ਤਮ ਕਰਨ ਲਈ ਆਰ.ਐਸ.ਐਸ. ਦੇ ਹੈਡਕੁਆਰਟਰ ਵਲੋਂ ਬਰਾਂਚਾਂ ਨੂੰ ਭੇਜਿਆ ਗੁਪਤ ਪੱਤਰ –

ਸਥਾਨਕ ਲੀਡਰੋ, – ਪੁਰਾਣੀਆਂ ਜ਼ਿਮੇਵਾਰੀਆਂ ਤੋਂ ਅਤਿਰਿਕਤ ਕੁਝ ਹੋਰ ਜ਼ਿਮੇਵਾਰੀਆਂ ਨਿਯੁਕਤ ਕੀਤੀਆਂ ਗਈਆਂ ਹਨ ਅਤੇ ਉਨ੍ਹਾਂ ਦੀ ਸੋਧ ਕੀਤੀ ਜਾਵੇਗੀ। ਵਾਲੰਟੀਅਰਾਂ ਅਤੇ ਨਵੇਂ ਰੰਗਰੂਟਾਂ ਨੂੰ ਇਸ ਪ੍ਰਕਾਰ ਸਿਖਿਆ ਪ੍ਰਦਾਨ ਕੀਤੀ ਜਾਵੇ। ਉਨ੍ਹਾਂ ਦੀ ਜੋ ਪ੍ਰਕਿਰਿਆ ਹੈ, ਉਹ ਮੁੱਖ ਦਫ਼ਤਰ ਨੂੰ ਲਿਖ ਭੇਜੋ। ਸਿਖਿਆ ਦੇਣ ਤੋਂ ਬਾਅਦ ਇਸ ਕਾਗਜ਼ ਨੂੰ ਜਲਾ ਦਿੱਤਾ ਜਾਵੇ।

1) ਹਥਿਆਰਾਂ ਤੇ ਬਾਰੂਦ ਦੇ ਇਕੱਠੇ ਕਰਨ ਦੀ ਪ੍ਰਕਿਰਿਆ ਨੂੰ ਤੇਜ਼ ਕੀਤਾ ਜਾਵੇ। ਅਵਰਣਾਂ ਦੇ ਮਨ ਮੁੜ ਜਿੱਤੇ ਜਾਣ ਅਤੇ ਪੱਛੜੀਆਂ ਜ਼ਾਤਾਂ ਨੂੰ ਮੁਸਲਮਾਨਾਂ ਅਤੇ ਅੰਬੇਦਕਰ ਦੇ ਪੈਰੋਕਾਰਾਂ ਵਿਰੁੱਧ ਲੜਨ ਲਈ ਤਿਆਰ ਕੀਤਾ ਜਾਏ।

2) ਸਰਕਾਰੀ ਅਧਿਕਾਰੀਆਂ ਵਿੱਚ ਹਿੰਦੂਤਵ ਨੂੰ ਵਧਾਉਣ-ਫੈਲਾਉਣ ਦੀਆਂ ਕੋਸ਼ਿਸ਼ਾਂ ਨੂੰ ਤੇਜ਼ ਕੀਤਾ ਜਾਵੇ।

3) ਅਵਰਣਾਂ ਦੇ ਮਨ ਮੁੜ ਜਿੱਤੇ ਜਾਣ ਅਤੇ ਪੱਛੜੀਆਂ ਜ਼ਾਤਾਂ ਨੂੰ ਮੁਸਲਮਾਨਾਂ ਅਤੇ ਅੰਬੇਦਕਰ ਦੇ ਪੈਰੋਕਾਰਾਂ ਵਿਰੁੱਧ ਲੜਨ ਲਈ ਤਿਆਰ ਕੀਤਾ ਜਾਏ।

4) ਡਾਕਟਰਾਂ ਅਤੇ ਕੈਮਿਸਟਾਂ ਵਿੱਚ ਹਿੰਦੂਤਵ ਦੀ ਭਾਵਨਾ ਦੇ ਪ੍ਰਸਾਰ ਨੂੰ ਵਧਾਇਆ ਜਾਵੇ, ਤਾਂ ਜੁ ਉਹਨਾਂ ਨੂੰ ਅਵਰਣਾਂ (ਸਿੱਖਾਂ), ਆਦਵਾਸੀਆਂ ਅਤੇ ਮੁਸਲਮਾਨਾਂ ਵਿੱਚ ਨਕਲੀ, ਮਿਆਦ ਸਮਾਪਤੀ ਵਾਲੀਆਂ ਅਤੇ ਜ਼ਹਿਰੀਲੀਆਂ ਦਵਾਈਆਂ ਦੀ ਵੰਡ ਲਈ ਪ੍ਰੇਰਤ ਕੀਤਾ ਜਾ ਸਕੇ। ਅਖੌਤੀ ਸ਼ੂਦਰਾਂ ਦੇ ਨਵ-ਜਨਮੇ ਬੱਚਿਆਂ ਨੂੰ ਅਪੰਗ ਬਣਾਉਣ ਲਈ ਟੀਕੇ ਲਾਏ ਜਾਣ ਅਤੇ ਸ਼ੂਦਰਾਂ, ਮੁਸਲਮਾਨਾਂ ਤੇ ਈਸਾਈਆਂ ਦੀਆਂ ਬਸਤੀਆਂ ਵਿੱਚ ਖੂਨ ਦਾਨ ਕੈਂਪ ਲਾਏ ਜਾਣ। ਨਵ-ਜਨਮੇ ਅਵਰਨਾਂ (ਜਿਹੜੇ ਵਰਨ ਵੰਡ ਨਹੀਂ ਮੰਨਦੇ) ਅਤੇ ਦਲਿਤਾਂ ਨੂੰ 'ਓਮ' ਅਤੇ ਜੈ ਸ਼੍ਰੀ ਰਾਮ ਦਾ ਸਹੀ ਉਚਾਰਨ ਸਿਖਾਉਣਾ।

5) ਦਲਿਤਾਂ ਤੇ ਪੱਛੜਿਆਂ ਦੀਆਂ ਬਸਤੀਆਂ ਵਿੱਚ 'ਓਮ' ਅਤੇ 'ਜੈ

ਸ੍ਰੀ ਰਾਮ' ਨੂੰ ਆਪਸੀ ਸੰਬੋਧਨ ਸਮੇਂ ਪ੍ਰਚੱਲਤ ਕੀਤਾ ਜਾਵੇ ਅਤੇ ਉਹਨਾਂ ਦੇ ਬੱਚਿਆਂ ਨੂੰ ਹਿੰਦੂਤਵ ਦੀ ਸਿਖਲਾਈ ਦਿੱਤੀ ਜਾਵੇ।

6) ਹਿੰਦੂ-ਵਿਰੋਧੀ (ਬ੍ਰਾਹਮਣਾਂ ਵਿਰੋਧੀ) ਅਖੌਤੀ ਧਰਮ-ਨਿਰਪੇਖਤਾ ਦਾ ਬਾਈਕਾਟ ਕੀਤਾ ਜਾਵੇ।

7) ਅਵਰਨਾਂ ਤੇ ਪੱਛੜੇ ਵਰਗਾਂ ਦੀ ਅਬਾਦੀ ਵਾਲੇ ਇਲਾਕਿਆਂ ਵਿੱਚ ਸਰਗਰਮ ਜਰਾਇਮ ਪੇਸ਼ਾ ਲੋਕਾਂ ਨੂੰ ਸ਼ਰਾਬ, ਨਸ਼ੀਲੀਆਂ ਵਸਤਾਂ, ਦਵਾਈਆਂ, ਜੂਏਬਾਜ਼ੀ ਤੇ ਲਾਟਰੀਆਂ ਰਾਹੀਂ ਆਪਣੀ ਆਮਦਨ ਵਧਾਉਣ ਲਈ ਪ੍ਰੇਰਿਆ ਜਾਵੇ। ਇਹਨਾਂ ਇਲਾਕਿਆਂ ਵਿਚਲੇ ਦਫ਼ਤਰਾਂ ਅਤੇ ਆਮ ਥਾਵਾਂ ਉਤੇ ਧਾਰਮਿਕ ਸਮਾਰੋਹ ਤੇ ਜਗਰਾਤੇ ਆਯੋਜਤ ਕੀਤੇ ਜਾਣ। ਨਵੇਂ ਮੰਦਰਾਂ ਦੀ ਉਸਾਰੀ ਤੇ ਪੁਰਾਣੇ ਮੰਦਰਾਂ ਦੀ ਮੁੜ-ਉਸਾਰੀ ਲਈ ਫ਼ੰਡ ਇੱਕਠੇ ਕੀਤੇ ਜਾਣ। ਦੰਗਿਆਂ ਦੌਰਾਨ ਗ਼ੈਰ-ਹਿੰਦੂ ਵਪਾਰੀਆਂ ਦੀ ਜਾਇਦਾਦ ਨੂੰ ਲੁੱਟਣ ਦਾ ਕਾਰਜ ਤੇਜ਼ ਕੀਤਾ ਜਾਵੇ।

8) ਅਵਰਨਾਂ, ਮੁਸਲਮਾਨਾਂ ਤੇ ਈਸਾਈਆਂ ਦੀਆਂ ਮੁਟਿਆਰਾਂ ਨੂੰ ਦੇਹ ਵਪਾਰ ਦੇ ਧੰਦੇ ਵਿੱਚ ਸ਼ਾਮਲ ਹੋਣ ਲਈ ਉਕਸਾਇਆ ਜਾਵੇ। ਢਾਂਡੇਵਾਲਾ ਮੌਲਾ (Code Word) ਜਾਰੀ ਰੱਖਣਾ।

9) ਅਵਰਨਾਂ, ਪੱਛੜੀਆਂ ਜ਼ਾਤਾਂ, ਮੁਸਲਮਾਨਾਂ, ਈਸਾਈਆਂ ਤੇ ਖ਼ਾਸ ਕਰਕੇ ਅੰਬੇਦਕਰ ਦੇ ਹਮਾਇਤੀਆਂ ਦੇ ਸਕੂਲਾਂ ਵਿੱਚ ਸਿੱਖਿਆ ਪ੍ਰਾਪਤੀ ਜਾਣ ਵਾਲੇ ਬੱਚਿਆਂ ਨੂੰ ਸੋਇਮ ਸੇਵਕਾਂ, ਛਾਬੜੀ ਫ਼ਰੋਸ਼ਾਂ ਤੇ ਅਧਿਆਪਕਾਂ ਰਾਹੀਂ ਅਜਿਹੀਆਂ ਖਾਣ-ਪੀਣ ਵਾਲੀਆਂ ਵਸਤਾਂ ਪ੍ਰਾਪਤ ਕਰਵਾਈਆਂ ਜਾਣ, ਜਿਹੜੀਆਂ ਉਹਨਾਂ ਦੇ ਮਾਨਸਿਕ ਤੇ ਵਿਕਾਸ ਨੂੰ ਖੁੰਢਾ ਕਰ ਦੇਣ।

10) ਅਵਰਨਾਂ, ਪੱਟੀਦਰਜ ਜ਼ਾਤਾਂ, ਪੱਟੀਦਰਜ ਕਬੀਲਿਆਂ ਅਤੇ ਸ਼ੂਦਰਾਂ ਦੇ ਵੱਧ ਤੋਂ ਵੱਧ ਬੱਚਿਆਂ ਨੂੰ ਸਿੱਖਿਆ ਪ੍ਰਾਪਤੀ ਲਈ ਆਪਣੇ ਸਕੂਲਾਂ ਵਿੱਚ ਦਾਖ਼ਲ ਕਰਕੇ ਉਹਨਾਂ ਨੂੰ ਹਦਾਇਤਾਂ ਅਨੁਸਾਰ ਆਪਣੇ ਢੰਗ ਦਾ ਇਤਿਹਾਸ ਪੜ੍ਹਾਇਆ ਜਾਵੇ।

11) ਫ਼ਸਾਦਾਂ ਦੌਰਾਨ ਮੁਸਲਮਾਨਾਂ ਅਤੇ ਅਵਰਨਾਂ ਦੀਆਂ ਔਰਤਾਂ ਨਾਲ ਸਮੂਹਿਕ ਬਲਾਤਕਾਰ ਕੀਤੇ ਜਾਣ। ਦੋਸਤਾਂ ਮਿੱਤਰਾਂ ਅਤੇ ਪਹਿਚਾਣ ਵਾਲਿਆਂ ਦਾ ਬਿਲਕੁਲ ਲਿਹਾਜ਼ ਨਾ ਕੀਤਾ ਜਾਵੇ। ਇਸ ਕਾਰਜ ਲਈ ਸੂਰਤ ਵਾਲੇ ਮਾਡਲ ਦੀ ਪੈਰਵੀ ਕੀਤੀ ਜਾਵੇ।

12) ਮੁਸਲਮਾਨਾਂ, ਅੰਬੇਦਕਾਰ ਦੇ ਹਿਮਇਤੀਆਂ ਤੇ ਬੋਧੀਆਂ ਵਿਰੁੱਧ

ਫਿਰਕੂ ਫ਼ਸਾਦ ਭੜਕਾਉਣ ਦੀ ਪ੍ਰਕਿਰਿਆ ਨੂੰ ਤੇਜ਼ ਕੀਤਾ ਜਾਵੇ। ਫ਼ਸਾਦਾਂ ਦੌਰਾਨ ਦੂਰ-ਦੁਰਾਡੇ ਦੇ ਕਾਰਕੁੰਨਾਂ ਨੂੰ ਨਵੇਂ ਸ਼ਰਾਰਤੀਆਂ ਨਾਲ ਲਿਆਂਦਾ ਜਾਵੇ। ਇਸ ਮੰਤਵ ਦੀ ਪੂਰਤੀ ਲਈ ਪੁਲਿਸ ਅਤੇ ਨੀਮ ਹਥਿਆਰਬੰਦ ਫ਼ੋਰਸ ਨੂੰ ਵੀ ਭਰੋਸੇ ਵਿੱਚ ਲਿਆ ਜਾਵੇ।

13) ਗ਼ੈਰ ਹਿੰਦੂ ਧਾਰਮਿਕ ਸਥਾਨਾਂ ਤੇ ਇਮਾਰਤਾਂ ਨੇੜੇ ਹਿੰਦੂ ਦੇਵੀ-ਦੇਵਤਿਆਂ ਦੀਆਂ ਮੂਰਤੀਆਂ ਨੂੰ ਜ਼ਮੀਨ ਹੇਠ ਦਬਾਉਣ ਦਾ ਕਾਰਜ ਜਾਰੀ ਰੱਖਿਆ ਜਾਵੇ। ਇਸ ਮਾਮਲੇ ਵਿੱਚ ਕਿਸੇ ਵੀ ਕਿਸਮ ਦੀ ਲੋੜੀਂਦੀ ਮਦਦ ਲਈ ਹੈੱਡ ਕੁਆਰਟਰ ਨਾਲ ਸੰਪਰਕ ਕੀਤਾ ਜਾਵੇ। ਅਜਿਹਾ ਸਾਹਿਤ ਰਚਿਆ ਜਾਵੇ, ਜਿਸ ਨਾਲ ਇਹ ਸਾਬਤ ਕੀਤਾ ਜਾ ਸਕੇ ਕਿ ਚਰਚ, ਮਸਜਿਦਾਂ ਅਤੇ ਸਤੂਪੇ (ਬੋਧੀ) ਪੁਰਾਣੇ ਹਿੰਦੂ ਧਰਮ ਅਸਥਾਨ ਸਨ, ਜਿਨ੍ਹਾਂ ਨੂੰ ਈਸਾਈ, ਮੁਸਲਮਾਨ ਤੇ ਬੋਧੀ ਹਮਲਾਵਰਾਂ ਨੇ ਢਹਿ-ਢੇਰੀ ਕਰ ਦਿੱਤਾ ਸੀ।

14) ਮੁਸਿਲਮ ਵਿਰੋਧੀ, ਈਸਾਈ ਵਿਰੋਧੀ ਅਤੇ ਅੰਬੇਦਕਰ ਵਿਰੋਧੀ ਸਾਹਿਤ ਦੀ ਪ੍ਰਕਾਸ਼ਨਾ ਨੂੰ ਤੇਜ਼ ਕੀਤਾ ਜਾਵੇ। ਵੱਧ ਤੋਂ ਵੱਧ ਅਜਿਹਾ ਇਤਿਹਾਸ ਘੜਿਆ ਜਾਵੇ, ਜਿਸ ਤੋਂ ਇਹ ਸਾਬਤ ਹੋ ਸਕੇ ਇਹ ਕਿ ਸਮਰਾਟ ਅਸ਼ੋਕ ਗ਼ੈਰ-ਬੌਧੀ ਸੀ ਅਤੇ ਸ਼ਹਿਨਸ਼ਾਹ ਅਕਬਰ ਮੁਸਲਿਮ ਧਰਮ ਦਾ ਪੈਰੋਕਾਰ ਹੋਣ ਦੀ ਥਾਂ ਨਾਸਤਕ ਸੀ।

15) ਹਿੰਦੂ ਵਿਰੋਧੀ (ਬ੍ਰਾਹਮਣ ਵਿਰੋਧੀ) ਸਾਹਿਤ, ਦਲਿਤ, ਮੁਸਲਿਮ, ਈਸਾਈ, ਬੋਧੀ ਅਤੇ ਅੰਬੇਦਕਰ-ਪੱਖੀ ਸਾਹਿਤ ਨੂੰ ਬਰਬਾਦ ਕੀਤਾ ਜਾਵੇ। ਕਿਰਪਾ ਕਰਕੇ ਇਸ ਗੱਲ ਨੂੰ ਯਕੀਨੀ ਬਣਾਓ ਕਿ ਕਾਲਜ ਤੇ ਪਬਲਿਕ ਜਾਂ ਸਰਕਾਰੀ ਲਾਇਬਰੇਰੀਆਂ 'ਚ ਅਜਿਹਾ ਸਾਹਿਤ ਕੋਈ ਥਾਂ ਹਾਸਲ ਨਾ ਕਰ ਸਕੇ। ਪੱਛੜੀਆਂ ਜਾਤਾਂ ਅਤੇ ਅੰਬੇਦਕਰ ਦੇ ਹਿਮਾਇਤੀਆਂ ਵਿੱਚ ਹਿੰਦੀ ਸਾਹਿਤ ਨੂੰ ਜ਼ੋਰ-ਸ਼ੋਰ ਨਾਲ ਪ੍ਰਚਲਤ ਕੀਤਾ ਜਾਵੇ।

16) ਪੱਛੜੀਆਂ ਜ਼ਾਤਾਂ ਤੇ ਪੱਛੜੇ ਕਬੀਲਿਆਂ ਦੇ ਉਮੀਦਵਾਰਾਂ ਦੇ ਸਰਕਾਰੀ ਨੌਕਰੀਆਂ ਵਿਚਲੇ ਹਿੱਸੇ ਨੂੰ ਪੂਰਾ ਕਰਨ ਲਈ ਨਵੀਆਂ ਨਿਯੁੱਕਤੀਆਂ ਬਾਰੇ ਜਾਰੀ ਕੀਤੀਆਂ ਗਈਆਂ ਹਿਦਾਇਤਾਂ, ਪ੍ਰਸ਼ਾਸਨ ਤੇ ਸਾਰਬਜਨਕ ਅਦਾਰਿਆਂ ਵਿੱਚ ਮਿਲਣ ਵਾਲੀਆਂ ਤਰੱਕੀਆਂ ਬਾਰੇ ਦਿਸ਼ਾ-ਨਿਰਦੇਸ਼ਾਂ ਨੂੰ ਅਣਗੌਲਿਆ ਕਰ ਦਿੱਤਾ ਜਾਵੇ। ਉਹਨਾਂ ਦੇ ਸੇਵਾ ਰਿਕਾਰਡ ਨੂੰ ਲਗਾਤਾਰ ਖ਼ਰਾਬ ਕੀਤਾ ਜਾਵੇ।

17) ਆਪਣੇ ਦੇਵੀ-ਦੇਵਤਿਆਂ ਤੇ ਖ਼ਾਸ ਕਰਕੇ ਸ੍ਰੀ ਰਾਮ ਚੰਦਰ ਬਾਰੇ

ਪ੍ਰਚਾਰ ਸਮੱਗਰੀ ਸਟਿੱਕਰ, ਕੈਲਿੰਡਰ, ਪੈਂਫ਼ਲਿਟ ਆਦਿ ਦੀ ਵੱਧ ਤੋਂ ਵੱਧ ਪ੍ਰਕਾਸ਼ਨਾ ਕੀਤੀ ਜਾਵੇ। ਰਮਾਇਣ ਕਥਾ ਅਤੇ ਜਗਰਾਤਿਆਂ ਦੇ ਪ੍ਰੋਗਰਾਮ ਨੂੰ ਵੱਧ ਤੋਂ ਵੱਧ ਤੇਜ਼ ਕੀਤਾ ਜਾਵੇ।

18) ਅਵਰਣਾਂ ਅਤੇ ਪੱਛੜੀਆਂ ਜਾਤਾਂ ਵਿੱਚ ਵਹਿਮਾਂ-ਭਰਮਾਂ ਭਾਵ ਅੰਧ ਵਿਸ਼ਵਾਸ ਨੂੰ ਪ੍ਰਚਾਰਿਆ ਤੇ ਪ੍ਰਸਾਰਿਆ ਜਾਵੇ। ਇਸ ਮੰਤਵ ਲਈ ਸਾਧੂਆਂ ਤੇ ਬਾਬਿਆਂ ਨੂੰ ਵਰਤਿਆ ਜਾਵੇ।

19) ਜੈਨੀਆਂ, ਬੋਧੀਆਂ, ਮੁਸਲਮਾਨਾਂ ਅਤੇ ਸਿੱਖਾਂ ਦਾ ਹਿੰਦੂਕਰਣ ਜਾਰੀ ਰੱਖਿਆ ਜਾਵੇ। ਪਟਨੇ ਵਾਲੇ ਮਾਡਲ ਦੇ ਆਧਾਰ 'ਤੇ (Code Word) ਜੈਨ ਮੰਦਰਾਂ ਵਿੱਚ ਸ੍ਰੀ ਰਾਮ ਦੀ ਪੂਜਾ ਸ਼ੁਰੂ ਕਰਵਾਈ ਜਾਵੇ।

20) ਕਮਿਊਨਿਜ਼ਮ, ਕਮਿਊਨਿਸਟਾਂ, ਅੰਬੇਦਕਰਵਾਦ ਤੇ ਉਸ ਦੇ ਹਮਾਇਤੀਆਂ, ਇਸਲਾਮੀ ਸਿੱਖਿਆਵਾਂ, ਈਸਾਈ ਮਿਸ਼ਨਰੀਆਂ ਤੇ ਪ੍ਰਚਾਰਕਾਂ 'ਤੇ ਹਮਲਿਆਂ ਨੂੰ ਤੇਜ਼ ਕੀਤਾ ਜਾਵੇ।

21) ਮੰਡਲ-ਵਿਰੋਧੀ ਤੇ ਪੱਛੜੀਆਂ ਜਾਤਾਂ ਵਿਰੋਧੀ ਨੀਤੀਆਂ ਖ਼ਿਲਾਫ਼ ਅਵਾਜ਼ ਬੁਲੰਦ ਕੀਤੀ ਜਾਵੇ।

22} ਅਵਰਣਾਂ, ਸ਼ੂਦਰਾਂ (ਪੱਛੜੇ ਵਰਗਾਂ) ਦੀਆਂ ਵੱਖ-ਵੱਖ ਜਾਤਾਂ ਵਿਚਾਲੇ ਮੱਤਭੇਦਾਂ ਨੂੰ ਉਕਸਾਇਆ ਜਾਵੇ। ਇਸ ਲਈ ਹੇਠ ਲਿਖੀ ਕੂਟਨੀਤੀ ਅਪਣਾਈ ਜਾਵੇ।

23) ਅੰਬੇਦਕਰ ਦੇ ਬੁੱਤਾਂ ਤੇ ਹਮਲਿਆਂ ਦਾ ਸਿਲਸਲਾ ਜਾਰੀ ਰੱਖਿਆ ਜਾਵੇ।

24) ਚਾਣਕੀਆ ਨੀਤੀ ਤੇ ਅਮਲ ਜਾਰੀ ਰੱਖੋ।

25) ਅਵਰਣਾਂ ਤੇ ਪੱਛੜੀਆਂ ਜਾਤੀਆਂ ਦੀਆਂ ਤ੍ਰੀਮਤਾਂ ਨਾਲ ਗੰਧਰਵ ਨੀਤੀ ਵਾਲੇ ਜਿਣਸੀ ਸਬੰਧਾਂ ਨੂੰ ਉਤਸ਼ਾਹਤ ਕੀਤਾ ਜਾਵੇ। ਉਨ੍ਹਾਂ ਦੀਆਂ ਯੁਵਤੀਆਂ ਦੇ ਗੁਪਤ ਅੰਗਾਂ ਨੂੰ ਨੰਗਿਆਂ ਕਰਕੇ ਤਸਵੀਰਾਂ ਤੇ ਵੀਡੀਓ ਤਕਨੀਕ ਨਾਲ ਫ਼ਿਲਮਾਂ ਬਣਾਈਆਂ ਜਾਣ ਅਤੇ ਇਸ ਮਕਸਦ ਖਾਤਰ ਉਹਨਾਂ ਨੂੰ ਹਲਕੇ ਨਸ਼ੀਲੇ ਪਦਾਰਥਾਂ ਦਾ ਸੇਵਨ ਕਰਾਇਆ ਜਾਵੇ।

26) ਆਦੀਵਾਸੀਆਂ ਅਤੇ ਅਵਰਨਾਂ ਦੀ ਪੌਸ਼ਟਿਕ ਤੱਤਾਂ ਦੀ ਘਾਟ ਵਾਲੀ ਖ਼ੁਰਾਕ ਜਾਰੀ ਰੱਖੋ। ਉਨ੍ਹਾਂ ਵਲੋਂ ਪੀਤੀ ਜਾਣ ਵਾਲੀ ਸ਼ਰਾਬ ਵਿੱਚ ਜ਼ਹਿਰ ਮਿਲਾਵਟ ਹਿਦਾਇਤਾਂ ਅਨੁਸਾਰ ਜਾਰੀ ਰੱਖੀ

ਜਾਵੇ। ਦਲਿਤਾਂ,ਮੁਸਲਮਾਨਾਂ ਤੇ ਪੱਛੜਿਆਂ ਦੀ ਵਸੋਂ ਵਾਲੇ ਇਲਾਕਿਆਂ ਦੀਆਂ ਦੁਕਾਨਾਂ ਤੇ ਬਜ਼ਾਰਾਂ ਵਿੱਚ ਨਕਲੀ ਦਵਾਈਆਂ ਤੇ ਮਸਾਲਿਆਂ ਦੀ ਵੇਚ-ਵੰਡ ਦਾ ਸਿਲਸਿਲਾ ਤੇਜ਼ ਕੀਤਾ ਜਾਵੇ।

27) ਇਲੈਕਟ੍ਰਾਨਿਕਸ ਪ੍ਰਿੰਟ ਮੀਡੀਏ 'ਤੇ ਮੁਕੰਮਲ ਕਬਜ਼ਾ ਕਾਇਮ ਰੱਖਿਆ ਜਾਵੇ ਤੇ ਪ੍ਰਚਾਰ ਸਾਧਨਾਂ ਵਿੱਚ ਦਾਖ਼ਲ ਹੋਣ ਵਾਲਿਆਂ ਨੂੰ ਨਕਾਰਿਆ ਜਾਵੇ। ਉਰਦੂ ਤੇ ਅੰਗਰੇਜ਼ੀ ਮੀਡੀਏ 'ਤੇ ਨਜ਼ਰ ਰੱਖੀ ਜਾਵੇ। ਹਿੰਦੂ ਧਰਮ ਦੇ ਪ੍ਰਚਾਰ ਲਈ ਵੱਧ ਤੋਂ ਵੱਧ ਥਾਂ ਹਾਸਲ ਕੀਤੀ ਜਾਵੇ।

28) ਦਲਿਤਾਂ,ਪੱਛੜਿਆਂ ਤੇ ਆਦਿਵਾਸੀਆਂ ਤੇ ਏਥੋਂ ਤੱਕ ਕਿ ਮੁਸਲਮਾਨ ਤੇ ਈਸਾਈ ਆਗੂਆਂ ਨੂੰ ਵੀ ਆਪਣੀਆਂ ਸਿਆਸੀ ਪਾਰਟੀਆਂ ਵਿੱਚ ਸ਼ਾਮਲ ਹੋਣ ਲਈ ਪਰੇਰਿਆ ਜਾਵੇ,ਤਾਂ ਜੋ ਅੰਬੇਦਕਰਵਾਦੀਆਂ ਤੇ ਮੁਸਲਮਾਨਾਂ ਦੀਆਂ ਸਿਆਸੀ ਪਾਰਟੀਆਂ ਤੇ ਗ਼ੈਰ-ਸਿਆਸੀ ਸੰਸਥਾਵਾਂ ਨੂੰ ਕਮਜ਼ੋਰ ਕੀਤਾ ਜਾ ਸਕੇ।

29) ਦਲਿਤਾਂ ਤੇ ਮੁਸਲਿਮ ਲੇਖਕਾਂ ਨੂੰ ਰੁਪਏ ਤੇ ਯੋਗ ਮਾਣ-ਸਨਮਾਨਾਂ ਰਾਹੀਂ ਉਤਸ਼ਾਹਤ ਕਰਕੇ ਮੁਸਲਿਮ ਵਿਰੋਧੀ,ਦਲਿਤ ਵਿਰੋਧੀ ਤੇ ਅੰਬੇਦਕਰਵਾਦ ਵਿਰੋਧੀ ਸਾਹਿਤ ਲਿਖਣ ਲਈ ਪ੍ਰੇਰਿਆ ਜਾਵੇ। ਪੁਣਛਾਣ ਕਰਨ ਲਈ ਗ਼ੈਰ-ਰਵਾਇਤੀ ਤਰੀਕੇ ਅਪਣਾਏ ਜਾਣ।

30) ਵਪਾਰੀਆਂ,ਜੌਹਰੀਆਂ ਤੇ ਸ਼ਾਹੂਕਾਰਾਂ ਨੂੰ ਅਜਿਹੀਆਂ ਨੀਤੀਆਂ ਅਪਣਾਉਣਲਈ ਪ੍ਰੇਰਿਆ ਜਾਵੇ,ਤਾਂ ਜੋ ਉਹ ਗ਼ੈਰ-ਹਿੰਦੂਆਂ ਨੂੰ ਲੁੱਟਣ ਦੀ ਨੀਤੀ ਦਾ ਪ੍ਰਯੋਗ ਕਰਨ।

31) ਗ਼ੈਰ ਹਿੰਦੂ ਤੇ ਹਿੰਦੂ ਵਿਰੋਧੀ ਵਿਅੱਕਤੀਆਂ ਅਤੇ ਸੰਸਥਾਵਾਂ,ਜਿਹੜੀਆਂ ਹਿੰਦੂ ਵਿਰੋਧੀ ਤੇ ਬ੍ਰਾਹਮਣ ਵਿਰੋਧੀ ਸਰਗਰਮੀਆਂ ਵਿੱਚ ਰੁਝੀਆਂ ਹੋਣ,ਦੀਆਂ ਗਤੀਵਿਧੀਆਂ ਬਾਰੇ ਮੁੱਖ ਦਫਤਰ ਨੂੰ ਫ਼ੌਰੀ ਜਾਣਕਾਰੀ ਭੇਜੀ ਜਾਵੇ।

32) ਹਿੰਦੂ ਵਿਰੋਧੀ ਵਿਅੱਕਤੀਆਂ ਨੂੰ ਮਾਰਨ ਦੀ ਯੋਜਨਾ ਨੂੰ ਅਮਲ ਵਿੱਚ ਲਿਆਂਦਾ ਜਾਵੇ। ਪੁਲਿਸ ਤੇ ਨੀਮ ਸੁਰੱਖਿਆ ਬਲਾਂ ਹੱਥੋਂ ਉਹਨਾਂ ਕਥਿਤ ਮੁਕਾਬਲਿਆਂ ਵਿੱਚ ਮਰਵਾਇਆ ਜਾਵੇ ਅਤੇ ਹਿਦਾਇਤਾਂ ਅਨੁਸਾਰ ਉਨ੍ਹਾਂ ਦੀਆਂ ਲਾਸ਼ਾਂ ਨੂੰ ਖੁਰਦ-ਬੁਰਦ ਕੀਤਾ ਜਾਵੇ। ਵਿਸਲਾਂ ਵਜਾਉਣ ਵਾਲੇ ਕੋਡ ਜਾਰੀ ਰੱਖੇ ਅਤੇ ਨਕਲੀ ਧਰਮ ਵਾਲੇ ਸਿੱਕੇ ਦੀ ਵਰਤੋਂ ਕੀਤੀ ਜਾਵੇ।

33) ਪੂਰਨਮਾਸ਼ੀ ਵਾਲੀਆਂ ਮੀਟਿੰਗਾਂ ਅਤੇ ਸੋਇਮ ਸੇਵਕਾਂ ਦੀਆਂ ਦੂਜੀਆਂ ਸਰਗਰਮੀਆਂ ਜਾਰੀ ਰੱਖੀਆਂ ਜਾਣ।

34) 'ਜੈ ਸ੍ਰੀ ਰਾਮ' ਦੇ ਨਾਅਰੇ ਬੁਲੰਦ ਕਰਨ ਦਾ ਸਿਲਸਿਲਾ ਜਾਰੀ ਰੱਖਿਆ ਜਾਵੇ।

ਜੈ ਸ਼੍ਰੀ ਰਾਮ

411/RO 3003 H/ RSS CO3

(ਧੰਨਵਾਦ ਸਹਿਤ – ਚੜ੍ਹਦੀ ਕਲਾ ਕੈਨੇਡਾ ਜੁਲਾਈ 5-11, 2000 ਅਤੇ ਸ਼ਹਾਦਤ ਜੁਲਾਈ 2000)

ਉਪਰਲੇ ਸਰਕੁਲਰ ਦਾ ਹੀ ਸਿੱਟਾ ਜਾਪਦਾ ਹੈ ਕਿ ਅੱਜ ਹਰਿਮੰਦਰ ਸਾਹਿਬ ਦਾ ਪਾਣੀ ਇਸ਼ਨਾਨ ਕਰਨ ਜਾਂ ਪੀਣ ਯੋਗ ਨਹੀਂ ਰਿਹਾ। ਇਹ ਜਲ ਰਾਵੀ ਰਾਹੀਂ ਆਉਂਦਾ ਹੈ ਜੋ ਪਠਾਨਕੋਟ ਦੇ ਰਾਹ ਤੋਂ ਆਉਂਦੀ ਹੈ। ਪਠਾਨਕੋਟ ਦੀਆਂ ਫ਼ੈਕਟਰੀਆਂ ਦਾ ਗੰਦਾ ਪਾਣੀ ਇਸ 'ਚ ਸੁੱਟ ਕੇ, ਜਾਣ ਬੁਝ ਕੇ ਇਸ ਰਾਵੀ ਦੇ ਪਾਣੀ ਨੂੰ ਪਲੀਤ ਕੀਤਾ ਜਾਂਦਾ ਹੈ। ਇਸ ਨਾਲ ਖੇਤੀ ਬਾੜੀ, ਜੋ ਸਿੱਖਾਂ ਨਾਲ ਸਬੰਧਤ ਹੈ, ਕਰਨ ਵਾਲੇ ਸਿੱਖ ਪਾਣੀ ਦੀ ਪਲੀਤੀ ਕਾਰਨ ਬਿਮਾਰ ਹੋ ਰਹੇ ਹਨ। ਕਈਆਂ ਬਿਮਾਰੀਆਂ ਦੇ ਸ਼ਿਕਾਰ ਹੋ ਰਹੇ ਹਨ। ਸ਼੍ਰੋਮਣੀ ਕਮੇਟੀ ਆਰ.ਐਸ.ਐਸ. ਦੇ ਹੱਥਾਂ ਵਿੱਚ ਹੈ, ਉਸ ਦੇ ਸਿੱਖ ਨਸਲਘਾਤ ਦੇ ਏਜੰਡੇ ਅਨੁਸਾਰ ਹੀ ਇਹ ਸਭ ਕੁਝ ਹੋ ਰਿਹਾ ਹੈ। ਸਿੱਖ ਸ਼ਕਲ ਵਾਲੇ, ਖਰੀਦੇ ਹੋਏ, ਮੂਰਤੀ ਪੂਜ, ਮੰਦਰਾਂ ਵਿੱਚ ਟੱਲ ਖੜਕਾਉਣ ਵਾਲੇ, ਹਵਨ ਕਰਾਉਣ ਵਾਲੇ, ਮਥੇ 'ਤੇ ਤਿਲਕ ਲੱਗਵਾ ਕੇ ਧੰਨ ਭਾਗ ਸਮਝਣ ਵਾਲਾ ਡੋਗਰਾ ਪ੍ਰਕਾਸ਼ ਸਿੰਘ ਬਾਦਲ ਆਪਣੇ ਨਿਜੀ ਲਾਭਾਂ ਖ਼ਾਤਰ ਸਿੱਖੀ ਦੀ ਫੱਟੀ ਪੋਚਣ ਵਿੱਚ ਲੱਗਾ ਹੋਇਆ ਹੈ। ਸਿੱਖਾਂ ਨੂੰ ਹਿੰਦੂਤਵੀਆਂ ਦੇ ਉਪਰਲੇ ਸਰਕੁਲਰ ਤੋਂ ਸੁਚੇਤ ਹੋ ਕੇ ਵਿਚਰਨ ਦੀ ਲੋੜ ਹੈ।

ਹਿੰਦੂ ਹਿੰਦੀ ਹਿੰਦੁਸਤਾਨ ਦੀ ਮੁੱਦਈ ਬੀ.ਜੇ.ਪੀ. ਵਲੋਂ ਯੂ.ਪੀ. ਵਿੱਚ

ਸਿੱਖਾਂ-ਮੁਸਲਮਾਨਾਂ 'ਤੇ ਅੱਖ ਰੱਖਣ ਵਾਲਾ ਇਕ ਨਵਾਂ ਸਰਕੁਲਰ'

ਸਰਕੁਲਰ ਦਾ ਪਿਛੋਕੜ :

'ਯੂ.ਪੀ. ਸਰਕਾਰ ਵਲੋਂ ਸ਼ਰਾਰਤ ਭਰਿਆ ਇਕ ਸਰਕੁਲਰ – ਮੁਸਲਮਾਨਾਂ, ਸਿੱਖਾਂ ਤੇ ਰੀਟਾਇਰ ਫ਼ੌਜੀਆਂ ਨੂੰ 'ਸ਼ਕੀ' ਦੱਸਿਆ' ਦੇ ਸਿਰਲੇਖ ਹੇਠ ਦਿੱਤੀ ਖ਼ਬਰ ਨਾਲ ਭਾਰਤ ਦੇ ਬੀ.ਜੇ.ਪੀ. ਹਾਕਮਾਂ ਤੇ ਯੂ.ਪੀ. ਵਿਚਲੀ ਜਨਸੰਘੀ ਸਰਕਾਰ ਵਲੋਂ ਸਿੱਖਾਂ ਮੁਸਲਮਾਨਾਂ ਨੂੰ

ਤੰਗ ਕਰਕੇ ਭਜਾਉਣ ਜਾਂ ਹਿੰਦੂ ਸਾਗਰ ਵਿੱਚ ਗਰਕ ਕਰਨ ਦੀ ਨੀਤੀ ਦਾ ਪਰਦਾ ਫ਼ਾਸ਼ ਕੀਤਾ ਹੈ। ਪਹਿਲਾਂ ਹੀ ਇਹਨਾਂ ਦੀਆਂ ਨੀਤੀਆਂ ਤੇ ਡੋਗਰੇ ਪ੍ਰਕਾਸ਼ ਸਿੰਘ ਬਾਦਲ ਦੀ ਮਿਲੀਭੁਗਤ ਨਾਲ ਯੂ.ਪੀ.ਵਿਚਲੇ ਊਧਮ ਸਿੰਘ ਨਗਰ ਜ਼ਿਲ੍ਹੇ ਦੇ ਮਾਸੂਮ ਸਿੱਖ, ਉਤਰਾਂਚਲ ਦੇ ਭੇੜੀਏ ਦੇ ਹਵਾਲੇ ਕੀਤੇ ਜਾ ਚੁੱਕੇ ਹਨ।

ਯੂ.ਪੀ.ਸਰਕਾਰ ਵਲੋਂ ਜਾਰੀ ਕੀਤੇ ਸਰਕੁਲਰ ਦਾ ਪਰਦਾਫਾਸ਼ ਕਰਨ ਦਾ ਕਰੈਡਿਟ ਲਖਨਊ ਤੋਂ ਛਪਦੀ ਪ੍ਰਸਿੱਧ ਅਖਬਾਰ 'ਦੀ ਮਿਲਟ੍ਰੀ ਗਜ਼ਟ' ਨੂੰ ਜਾਂਦਾ ਹੈ, ਜਿਸ ਨੇ ਕਿ ਆਪਣੇ 10 ਅਗਸਤ, 2001 ਦੇ ਅੰਕ ਵਿੱਚ ਯੂ.ਪੀ.ਸਰਕਾਰ ਵਲੋਂ ਜਾਰੀ ਇਕ ਨਵੇਂ ਸਰਕੁਲਰ ਤੋਂ ਪਰਦਾ ਚੁੱਕਿਆ ਹੈ।

ਸਰਕੁਲਰ :-

ਸਰਕੁਲਰ ਦਾ ਨੰਬਰ ਐਸ.ਟੀ / ਐਸ.ਐਸ.ਪੀ.32/ 2001/ 4140

ਇਹ ਸਰਕੁਲਰ ਮਈ 2001 ਵਿੱਚ ਜਾਰੀ ਕੀਤਾ ਗਿਆ ਸੀ, ਜਿਸ ਤੇ ਬੀ.ਬੀ.ਬਖ਼ਸ਼ੀ, ਐਸ.ਐਸ.ਪੀ.ਲਖਨਊ ਦੇ ਦਸਤਖ਼ਤ ਵੀ ਹਨ (ਭਾਵ ਯੂ.ਪੀ.ਸਰਕਾਰ ਨੇ ਐਸ.ਐਸ.ਪੀਆਂ ਨੂੰ ਭੇਜਿਆ-ਜਿਨ੍ਹਾਂ ਨੇ ਦਸਤਖ਼ਤ ਕਰਕੇ -ਅੱਗੇ ਪੁਲਿਸ ਥਾਣਿਆਂ ਤੇ ਪੁਲਿਸ ਅਫ਼ਸਰਾਂ ਨੂੰ ਭੇਜਿਆ)। ਇਸ ਸਰਕੁਲਰ ਦਾ ਪੰਜਾਬੀ ਅਨੁਵਾਦ ਹੇਠ ਲਿਖੇ ਅਨੁਸਾਰ ਹੈ :-

> 'ਪਾਕਿਸਤਾਨ ਦੀ ਆਈ.ਐਸ.ਆਈ.ਏਜੰਸੀ, ਯੂ.ਪੀ. ਦੀ ਧਾਰਮਿਕ, ਸਮਾਜਿਕ, ਆਰਥਿਕ ਤੇ ਸੰਪਰਦਾਇਕ ਸਥਿਤੀ ਨੂੰ ਖ਼ਰਾਬ ਕਰਨ ਲਈ ਅੱਡੀ-ਚੋਟੀ ਦਾ ਜ਼ੋਰ ਲਗਾ ਰਹੀ ਹੈ। ਮੁਸਲਮਾਨ ਤੇ ਸਿੱਖ ਨੌਜਵਾਨਾਂ ਨੂੰ ਤੋੜਫੋੜ ਦੀਆਂ ਕਾਰਵਾਈਆਂ ਵਿੱਚ ਸ਼ਾਮਲ ਕਰਨ ਲਈ ਕਈ ਲਾਲਚ ਦਿੱਤੇ ਜਾ ਰਹੇ ਹਨ। ਆਈ.ਐਸ.ਆਈ ਸਿੱਖਾਂ ਤੇ ਮੁਸਲਮਾਨਾਂ ਨਾਲ ਦੋਸਤੀ ਕਰਕੇ ਹਿੰਦੂਆਂ ਦੇ ਖ਼ਿਲਾਫ਼ ਨਫਰਤ ਦੇ ਬੀਜ ਬੀਜ ਰਹੀ ਹੈ।

ਦਹਿਸ਼ਤਗਰਦੀ ਵਧਾਉਣ ਲਈ ਬਾਹਰਲੇ ਦੇਸ਼ਾਂ ਵਿੱਚ ਬੈਠੇ ਦਹਿਸ਼ਤਗਰਦਾਂ ਨਾਲ ਤਾਲਮੇਲ ਵਧਾਇਆ ਜਾ ਰਿਹਾ ਹੈ। ਭਾਰੀ ਭੀੜ ਵਾਲੀਆਂ ਥਾਵਾਂ ਜਿਵੇਂ ਰੇਲਵੇ ਸਟੇਸ਼ਨਾਂ ਤੇ ਬੱਸ ਅੱਡਿਆਂ ਆਦਿ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਅੱਡ-ਅੱਡ ਥਾਵਾਂ ਤੋਂ ਨੌਜਵਾਨਾਂ ਨੂੰ ਭਰਤੀ ਕਰਕੇ ਸਿਖਲਾਈ ਲਈ ਪਾਕਿਸਤਾਨ ਭੇਜਿਆ ਜਾ ਰਿਹਾ ਹੈ। ਆਈ.ਐਸ.ਆਈ ਦੇ ਮਾੜੇ ਇਰਾਦਿਆਂ ਨੂੰ ਠੱਲ੍ਹ ਪਾਉਣ ਲਈ ਹੇਠ ਲਿਖੀ ਯੋਜਨਾ ਉਲੀਕੀ ਗਈ ਹੈ -

1. ਹਰ ਥਾਣੇ ਦਾ ਇੰਚਾਰਜ ਐਸ.ਐਚ.ਓ ਆਪਣੇ ਥਾਣੇ ਦੇ ਹਲਕੇ

ਵਿਚਲੇ ਸਿੱਖ ਤੇ ਮੁਸਲਮਾਨ ਪਰਿਵਾਰਾਂ ਦਾ ਇਕ ਰਜਿਸਟਰ ਤਿਆਰ ਕਰੇ ਅਤੇ ਉਹਨਾਂ ਤੇ ਸਖ਼ਤ ਅੱਖ ਰੱਖੀ ਜਾਏ ਤੇ ਉਹਨਾਂ ਦਾ ਬਿਉਰਾ ਰਜਿਸਟਰ ਵਿੱਚ ਦਰਜ ਕੀਤਾ ਜਾਵੇ।

ਇਹਨਾਂ ਸਿੱਖ ਤੇ ਮੁਸਲਮਾਨ ਪਰਿਵਾਰਾਂ ਦੇ ਬਾਹਰਲੇ ਦੇਸ਼ਾਂ ਵਿੱਚ ਜਾਣ ਵਾਲੇ ਤੇ ਬਾਹਰਲੇ ਦੇਸਾਂ ਵਿੱਚ ਰਹਿੰਦੇ ਲੋਕਾਂ ਦਾ ਵੀ ਰਜਿਸਟਰ ਤਿਆਰ ਕੀਤਾ ਜਾਵੇ। ਇਲਾਕੇ ਦੇ ਸਤਿਕਾਰਿਤ ਹਿੰਦੂ, ਮੁਸਲਮਾਨ ਤੇ ਸਿੱਖ ਨੁਮਾਇੰਦਿਆਂ ਨੂੰ ਹਰ ਮਹੀਨੇ ਕਿਸੇ ਨਾ ਕਿਸੇ ਸੈਮੀਨਾਰ ਜਾਂ ਵੀਚਾਰ ਚਰਚਾ ਦੇ ਬਹਾਨੇ, ਆਈ. ਐਸ. ਆਈ ਦੀਆਂ ਖ਼ਤਰਨਾਕ ਚਾਲਾਂ ਸਬੰਧੀ ਜਾਣਕਾਰੀ ਮੁਹੱਈਆ ਕਰਵਾਈ ਜਾਏ।'

2. 'ਨਵੇਂ ਬਣ ਰਹੇ ਮਦਰੱਸਿਆਂ (ਇਸਲਾਮਿਕ ਸਕੂਲਾਂ) ਤੇ ਮਸੀਤਾਂ ਤੇ ਅੱਖ ਰੱਖੀ ਜਾਵੇ ਤੇ ਧਾਰਮਿਕ ਸਮਾਗਮਾਂ ਵਿੱਚ ਸ਼ਾਮਲ ਹੋਣ ਵਾਲੇ ਵਿਅਕਤੀਆਂ ਦੀ ਵੀ ਨਜ਼ਰਸਾਨੀ ਕੀਤੀ ਜਾਵੇ। ਇਲਾਕੇ ਦੇ ਟਰਾਂਸਪੋਰਟਰਾਂ ਤੇ ਪੀ. ਸੀ. ਓ ਜ਼ (ਪਬਲਿਕ ਕਾਲ ਆਫਿਸਿਜ਼-ਜਿੱਥੋਂ ਲੋਕ ਫੋਨ ਕਰਦੇ ਹਨ) ਦੀ ਵੀ ਲਿਸਟ ਤਿਆਰ ਕੀਤੀ ਜਾਵੇ। ਇਲਾਕੇ ਦੇ ਐਸ. ਐਚ. ਓ ਤੇ ਸਰਕੂਲਰ ਅਫਸਰ ਉਹਨਾਂ ਸ਼ੱਕੀ ਪੀ. ਸੀ. ਓ ਜ਼ ਦੀ ਪਛਾਣ ਕਰਨ ਜਿੱਥੋਂ ਪਾਕਿਸਤਾਨ ਤੇ ਹੋਰ ਮਿਡਲ ਈਸਟ ਦੇ ਦੇਸ਼ਾਂ ਨੂੰ ਕਾਲਾਂ ਕੀਤੀਆਂ ਜਾਂਦੀਆਂ ਹਨ। ਇਹਨਾਂ ਕਾਲਾਂ ਦਾ ਮਾਨੀਟਰ ਕੀਤਾ ਜਾਵੇ। ਘੱਟ ਗਿਣਤੀਆਂ (ਮੁਸਲਮਾਨਾਂ ਤੇ ਸਿੱਖਾਂ) ਦੇ ਉਹਨਾਂ ਲੋਕਾਂ ਜੋ ਬਹੁਤ ਵਧੀਆ ਆਬਾਦੀਆਂ ਵਿੱਚ ਰਹਿੰਦੇ ਹਨ ਜਾਂ ਬਹੁਤ ਗਰੀਬੀ ਮਾਰੇ ਇਲਾਕਿਆਂ ਵਿੱਚ ਵਸਦੇ ਹਨ ਤੇ ਬਹੁਤ ਸਖ਼ਤ ਅੱਖ ਰੱਖੀ ਜਾਵੇ। ਜਿਹੜੇ ਵੀ ਸ਼ੱਕੀ ਕਿਸਮ ਦੇ ਲੋਕ ਨਜ਼ਰ ਆਉਂਦੇ ਹਨ ਉਹਨਾਂ ਦੀ ਫ਼ੌਰਨ ਸ਼ਨਾਖ਼ਤ ਕਰਕੇ ਉਹਨਾਂ ਖ਼ਿਲਾਫ਼ ਐਕਸ਼ਨ ਆਰੰਭਿਆ ਜਾਵੇ।'

3. ਡਿਸਟ੍ਰਿਕਟ ਮੈਜਿਸਟ੍ਰੇਟ, ਘੱਟ ਗਿਣਤੀ ਫਿਰਕਿਆਂ (ਸਿੱਖਾਂ ਮੁਸਲਮਾਨਾਂ) ਵਲੋਂ ਖਰੀਦੀਆਂ ਗਈਆਂ ਜ਼ਮੀਨਾਂ, ਘਰਾਂ, ਪਲਾਟਾਂ ਦਾ ਵੇਰਵਾ ਤਿਆਰ ਕਰਨ। ਲੀਜ਼ ਤੇ ਲਈਆਂ ਗਈਆਂ ਜ਼ਮੀਨਾਂ ਨੂੰ ਵੀ ਸ਼ਾਮਲ ਕੀਤਾ ਜਾਵੇ।

4. ਇਸ ਕਿਸਮ ਦੇ ਉਦਾਹਰਣ ਸਾਹਮਣੇ ਆਏ ਹਨ, ਜਿਸ ਵਿੱਚ ਰੀਟਾਇਰ ਹੋਏ ਜਾਂ ਨੌਕਰੀ ਕਰ ਰਹੇ ਫ਼ੌਜੀ 'ਏਜੰਟਾਂ' ਦੇ ਤੌਰ ਤੇ ਕੰਮ ਕਰਦੇ ਵੇਖੇ ਗਏ ਹਨ। ਇਸ ਲਈ ਥਲ ਸੈਨਾ, ਜਲ ਸੈਨਾ ਜਾਂ ਹਵਾਈ ਸੈਨਾ ਦੇ ਰੀਟਾਇਰ (ਘੱਟ ਗਿਣਤੀਆਂ ਦੇ) ਫੌਜੀਆਂ ਦਾ

ਬਿਉਰਾ ਤਿਆਰ ਕੀਤਾ ਜਾਵੇ। ਫੌਜ ਦੀ ਕੇਂਦਰੀ ਕਮਾਂਡ ਲਖਨਊ ਸ਼ਹਿਰ ਵਿੱਚ ਸਥਿਤ ਹੈ -ਇਸ ਲਈ ਇਹ ਹਿਦਾਇਤ ਬੜੀ ਮਹੱਤਵਪੂਰਨ ਹੈ।

5. ਹਰ ਐਸ.ਐਚ.ਓ ਦਹਿਸ਼ਤਗਰਦਾਂ ਨੂੰ ਪਨਾਹ ਦੇਣ ਵਾਲੇ ਸਿੱਖਾਂ, ਮੁਸਲਮਾਨਾਂ ਦੀ ਲਿਸਟ ਤਿਆਰ ਕਰੇ। ਇਹਨਾਂ ਦੇ ਘਰੀਂ ਆਉਣ ਵਾਲੇ ਪ੍ਰਾਹੁਣਿਆਂ ਦੀ ਛਾਣਬੀਣ ਕੀਤੀ ਜਾਵੇ ਤੇ ਸਬੰਧਤ ਜਾਣਕਾਰੀ ਡਿਪਟੀ ਸੁਪਰਡੈਂਟ ਪੁਲਿਸ (ਪਰੋਸੀਕਿਊਸ਼ਨ) ਤੱਕ ਪਹੁੰਚਾਈ ਜਾਵੇ।

6. ਬਾਹਰਲੇ ਦੇਸ਼ਾਂ ਵਿੱਚ ਜਾਣ ਵਾਲੇ ਮੁਸਲਮਾਨਾਂ, ਵਿਸ਼ੇਸ਼ ਕਰਕੇ ਮੁਸਲਿਮ ਦੇਸ਼ਾਂ ਵਿਚਲੇ ਬੰਦਿਆਂ ਤੇ ਵਿਸ਼ੇਸ਼ ਨਜ਼ਰ ਰੱਖੀ ਜਾਵੇ। ਲਖਨਊ ਤੋਂ ਸ਼ਾਰਜਾ ਆਉਣ ਜਾਣ ਵਾਲੀਆਂ ਹਵਾਈ ਉਡਾਣਾਂ ਵਿੱਚ ਆਉਣ ਜਾਣ ਵਾਲੇ ਮੁਸਲਮਾਨ ਮੁਸਾਫ਼ਰਾਂ ਦੀ ਲਿਸਟ ਲਗਾਤਾਰ ਤਿਆਰ ਕੀਤੀ ਜਾਂਦੀ ਰਹੇ।

7. ਪਾਕਿਸਤਾਨ ਸਥਿਤ ਗੁਰਦੁਆਰਾ ਨਨਕਾਣਾ ਸਾਹਿਬ (ਜਨਮ ਸਥਾਨ ਸ੍ਰੀ ਗੁਰੂ ਨਾਨਕ ਦੇਵ ਜੀ) ਜਾਣ ਵਾਲੇ ਸਿੱਖਾਂ ਦੀ ਲਿਸਟ ਤਿਆਰ ਕੀਤੀ ਜਾਵੇ। ਇਹਨਾਂ ਤੇ ਸਖ਼ਤ ਨਿਗਾਹ ਰੱਖੀ ਜਾਵੇ ਤੇ ਇਹਨਾਂ ਸਬੰਧੀ ਲਖਨਊ ਦੇ ਸਬੰਧਤ ਅਧਿਕਾਰੀਆਂ ਨੂੰ ਸੂਚਿਤ ਕੀਤਾ ਜਾਵੇ।

ਰੌਲਾ ਪੈ ਜਾਣ ਕਰਕੇ ਯੂ.ਪੀ. ਸਰਕਾਰ ਉਪਰੋਕਤ ਸਰਕੁਲਰ ਜਾਰੀ ਕਰਨ ਤੋਂ ਮੁਨਕਰ ਹੋ ਰਹੀ ਹੈ ਕਿਉਂਕਿ ਉਥੇ ਚੋਣਾਂ ਸਿਰ ਤੇ ਹਨ। ਮੁਸਲਮਾਨਾਂ ਤੇ ਸਿੱਖਾਂ ਨੂੰ ਇਸ ਤੋਂ ਸਬਕ ਸਿੱਖਣ ਦੀ ਲੋੜ ਹੈ।

ਆਰ.ਐਸ.ਐਸ.ਦੀ ਸਰਬ ਭਾਰਤੀ ਜਨਰਲ ਕੌਂਸਲ ਵਿੱਚ ਪੇਸ਼ ਮਤੇ 'ਗੋਧਰਾ ਅਤੇ ਇਸ ਪਿਛੋਂ' ਵਿੱਚ ਕਿਹਾ ਗਿਆ ਹੈ ਕਿ:

- 'ਮੁਸਲਮਾਨਾਂ ਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਉਹਨਾਂ ਦੀ ਅਸਲੀ ਸੁਰੱਖਿਆ ਬਹੁਗਿਣਤੀ ਦੀ ਸ਼ੁਭ-ਇੱਛਾ ਤੇ ਨਿਰਭਰ ਕਰਦੀ ਹੈ।' (ਹਿੰਦੁਸਤਾਨ ਟਾਈਮਜ਼ 18 ਮਾਰਚ 2002)

ਆਰ.ਐਸ.ਐਸ.ਭਾਵੇਂ ਜਿਤਨੀ ਮਰਜ਼ੀ ਕੋਸ਼ਿਸ਼ ਕਰ ਲਵੇ, ਫਾਸ਼ੀਆਂ ਦਾ ਦੌਰ ਬਹੁਤੀ ਦੇਰ ਨਹੀ ਚੱਲਦਾ। ਫਾਸ਼ੀਵਾਦ ਲੋਕਾਂ ਨੂੰ ਡਰਾ ਸਕਦਾ ਹੈ, ਧਮਕਾ ਸਕਦਾ ਹੈ ਪਰ ਖਤਮ ਨਹੀ ਕਰ ਸਕਦਾ। ਇਕ ਮਾੜੇ ਸਿੱਖ ਨੂੰ ਖ਼ਤਮ ਕਰੋਗੇ ਤਾਂ ਦੂਜਾ ਉਠ ਪਏਗਾ, ਇਕ ਮਾੜੇ ਮੁਸਲਮਾਨ ਨੂੰ ਦਬਾਉਗੇ ਤਾਂ ਦੂਜਾ ਖੜ੍ਹਾ ਹੋ ਜਾਏਗਾ, ਇਕ ਮਾੜੇ ਈਸਾਈ ਨੂੰ ਮਾਰੋਗੇ

ਤਾਂ ਇਕ ਮਾੜਾ ਹਿੰਦੂ ਪੈਦਾ ਹੋ ਜਾਏਗਾ। ਇਹ ਕੁਦਰਤ ਦਾ ਕਾਨੂੰਨ ਹੈ ਕਿ ਜਦ ਵੀ ਕੋਈ ਫਾਸ਼ੀ ਹਿੰਸਕ ਦੀ ਅੱਤ ਕਰ ਦਿੰਦਾ ਹੈ ਤਾਂ ਉਸ ਨੂੰ ਸੋਧਣ ਲਈ ਕੁਦਰਤ ਕਿਸੇ ਨਾ ਕਿਸੇ ਨੂੰ ਭੇਜ ਦਿੰਦੀ ਹੈ।

ਮਤ ਕੋਈ ਸਮਝੇ ਕਿ ਸਿੱਖ ਨਸਲਘਾਤ ਬੰਦ ਹੋ ਗਈ ਹੈ। ਸਿੱਖਾਂ ਦਾ ਕਤਲੇਆਮ ਉਵੇਂ ਹੀ ਜਾਰੀ ਹੈ। ਫ਼ਰਕ ਸਿਰਫ ਇਹ ਹੈ ਕਿ ਪਹਿਲਾਂ ਖਾੜਕੂਆਂ ਦੇ ਬਹਾਨੇ ਫ਼ੌਜ ਤੇ ਪੁਲਿਸ ਕਰ ਰਹੀ ਸੀ, ਹੁਣ ਸਰਕਾਰ ਨੇ ਯੂਪੀ, ਬਿਹਾਰ ਤੋਂ ਚੋਣਵੇਂ ਗੁੰਡੇ ਬਦਮਾਸ਼ ਲਿਆ ਵਸਾਏ ਹਨ, ਜਿਨ੍ਹਾਂ ਨੂੰ ਪੁਲਿਸ, ਆਰ.ਐਸ.ਐਸ. ਤੇ ਨੀਮ ਫ਼ੌਜੀਆਂ ਦੀ ਹਿਮਾਇਤ ਹਾਸਲ ਹੈ। ਇਹ ਕੰਮ ਹੁਣ ਉਹ ਕਰ ਰਹੇ ਹਨ। ਇਕੱਲੇ ਪਿਛਲੇ ਸਾਲ ਉਹਨਾਂ ਗੁੰਡਿਆਂ ਕੋਈ 1000 ਦੇ ਕਰੀਬ ਸਿੱਖਾਂ ਦੇ ਕਤਲ ਕੀਤੇ ਹਨ।

ਜੋ ਕੰਮ ਪਹਿਲਾਂ ਕਾਲੇ ਕੱਛੇ ਵਾਲੇ ਬਦਮਾਸ਼ਾਂ ਤੋਂ ਕਰਾਇਆ ਜਾਂਦਾ ਸੀ, ਹੁਣ ਭਈਆਂ ਤੋਂ ਕਰਾਇਆ ਜਾਂਦਾ ਹੈ। ਪੰਜਾਬ ਦੇ ਵੱਖ-ਵੱਖ ਜ਼ਿਲਿਆਂ ਵਿੱਚ ਸਿੱਖਾਂ ਦੀਆਂ 1900 ਲੁੱਟਮਾਰ ਦੀਆਂ ਵਾਰਦਾਤਾਂ ਹੋਈਆਂ। ਸਿੱਖਾਂ ਦੇ ਘਰ ਲੁੱਟਦੇ ਨੇ, ਸੁੱਤੇ ਪਿਆਂ ਦੇ ਅੰਗ-ਪੈਰ ਕੱਟ-ਵੱਢ ਜਾਂਦੇ ਨੇ, ਟਿਊਬਵੈੱਲ ਦੀਆਂ ਮੋਟਰਾਂ ਚੋਰੀ ਕਰਦੇ ਨੇ, ਤੇਜ਼ ਹਥਿਆਰਾਂ ਨਾਲ ਲੈਸ ਹੁੰਦੇ ਹਨ। ਇਹ ਬਦਮਾਸ਼ ਗੁੰਡੇ ਸਿੱਖਾਂ ਦੀਆਂ ਸਕੂਲ ਪੜ੍ਹਦੀਆਂ ਕੁੜੀਆਂ ਨੂੰ ਵੀ ਉਧਾਲ ਰਹੇ ਨੇ, ਜਿਨ੍ਹਾਂ ਨਾਲ ਬਲਾਤਕਾਰ ਕੀਤੇ ਜਾਂਦੇ ਹਨ। ਪਿਛਲੇ ਸਾਲ ਸੌ ਕੁੜੀਆਂ ਉਧਾਲੀਆਂ ਗਈਆਂ, ਇਹ ਅੰਕੜੇ ਸਰਕਾਰੀ ਹਨ, ਅਸਲੀਅਤ ਇਹਨਾਂ ਨਾਲੋਂ ਬਹੁਤ ਜ਼ਿਆਦਾ ਹੈ। ਬਲਾਤਕਾਰਾਂ ਵਿੱਚ ਬਾਦਲ ਢਾਣੀ ਦੇ ਕਾਕੇ, ਸਰਕਾਰੀ ਅਫ਼ਸਰ ਅਤੇ ਆਰ.ਐਸ.ਐਸ. ਦੇ ਗੁੰਡੇ ਵੀ ਸ਼ਾਮਲ ਹੁੰਦੇ ਹਨ। ਇਸ ਤਰ੍ਹਾਂ ਸਿੱਖ ਆਪਣੇ ਘਰ ਵਿੱਚ ਹੀ ਲੁੱਟੇ-ਪੁੱਟੇ-ਬੇਪਤੇ ਕੀਤੇ ਜਾ ਰਹੇ ਹਨ। ਆਰ.ਐਸ.ਐਸ. ਦੀ ਕਮਾਂਡ ਹੇਠਾਂ ਭਈਏ ਸਿੱਖਾਂ ਦੀ ਨਸਲਘਾਤ ਕਰ ਰਹੇ ਹਨ।

ਕੀ ਸਿੱਖ ਖਤਮ ਹੋ ਗਏ ਹਨ?

ਸਿੱਖ ਕੌਮ ਦੇ ਇਤਿਹਾਸ ਵਿੱਚ ਇਕ ਅਜਿਹਾ ਸਮਾਂ ਵੀ ਆਇਆ ਜਦ ਸਿੱਖਾਂ ਦੀ ਕੁਲ ਗਿਣਤੀ ਘੱਟ ਕੇ ਦੋ ਢਾਈ ਹਜ਼ਾਰ ਤਕ ਪਹੁੰਚ ਗਈ ਸੀ। ਫ਼ਰੁਖ਼ਸੀਅਰ ਵਰਗਿਆਂ ਨੇ ਵੀ ਉਦੋਂ ਸਿੱਖ ਕੌਮ ਨੂੰ ਖ਼ਤਮ ਕਰ ਦੇਣ ਦੀਆਂ ਡੀਂਗਾਂ ਮਾਰੀਆਂ ਸਨ, ਪਰ ਸਿੱਖ ਕੌਮ ਨੂੰ ਉਹ ਮਿਟਾਉਂਦਾ ਮਿਟਾਉਂਦਾ ਆਪ ਹੀ ਮਿਟ ਗਿਆ ਸੀ। ਮੀਰ ਮਨੂ ਤੇ ਖ਼ਾਨ ਬਹਾਦਰ ਸਿੰਘਾਂ ਨੂੰ ਮੁਕਾਉਂਦੇ ਮੁਕਾਉਂਦੇ ਆਪ ਮੁੱਕ ਗਏ ਸਨ। ਲੱਖੂ ਤੇ ਜੱਸੂ ਸਿੱਖਾਂ ਦਾ ਖੁਰਾ ਖੋਜ ਮਿਟਾਉਂਦੇ ਮਿਟਾਉਂਦੇ ਆਪ ਹੰਕਾਰ ਦੇ ਖੂਹ ਵਿੱਚ ਗ਼ਰਕ ਹੋ ਗਏ ਅਤੇ ਇੰਦਰਾ ਤੇ ਰਾਜੀਵ ਗਾਂਧੀ ਸਿੱਖ ਨਸਲਕੁਸ਼ੀ ਕਰ ਦੇਣ ਦੇ ਸੁਪਨੇ ਲੈਂਦੇ-ਲੈਂਦੇ ਆਪ ਫੀਤਾ-ਫੀਤਾ ਹੋ ਕੇ ਸੁਆਹ ਹੋ ਗਏ ਅਤੇ ਸਿੱਖ ਕੌਮ ਜਿਉਂ ਦੀ ਤਿਉਂ ਕਾਇਮ ਹੈ।

ਸਿੱਖ ਜੁਝਾਰੂਆਂ ਦਾ ਲੱਕ ਤੋੜ ਦੇਣ ਅਤੇ ਉਹਨਾਂ ਨੂੰ ਮਾਰ ਮੁਕਾਉਣ ਦੀਆਂ ਬੜ੍ਹਕਾਂ ਮਾਰਨ ਵਾਲੇ ਵਕਤੀ ਤੇ ਆਰਜ਼ੀ ਕਾਮਯਾਬੀ ਦੇ ਨਸ਼ੇ ਵਿੱਚ ਅੰਨ੍ਹੇ ਹੋ ਚੁੱਕੇ ਹਨ। ਜ਼ਰਖ਼ਰੀਦ ਹਾਕਮਾਂ ਦੇ ਹੰਕਾਰ ਦਾ ਨਸ਼ਾ ਟੁੱਟਣ ਵਾਲਾ ਹੈ। ਅਜਿਹੀਆਂ ਡੀਂਗਾਂ ਕਦੀ ਰਿਬੈਰੋ ਤੇ ਰੇਅ ਨੇ ਵੀ ਮਾਰੀਆਂ ਸਨ। ਉਹਨਾਂ ਸਿੱਖ ਸੰਘਰਸ਼ ਦੇ ਖ਼ਾਤਮੇ ਦੇ ਦਾਅਵੇ ਕਰਨ ਵਾਲਿਆਂ ਨੂੰ ਸਿਰ ਲੁਕਾਉਣ ਲਈ ਵਿਦੇਸ਼ਾਂ ਵਿੱਚ ਵੀ ਥਾਂ ਨਹੀਂ ਸੀ ਮਿਲਦੀ। ਅਜਿਹੀਆਂ ਡੀਂਗਾਂ ਮਾਰਨ ਵਾਲੇ ਬੇਜ਼ਮੀਰੇ ਤਾਂ ਜਲਾਦਾਂ ਨਾਲੋਂ ਵੀ ਜ਼ਿਆਦਾ ਨੀਚ ਹਨ। ਜੱਲਾਦ ਤਾਂ ਕਾਨੂੰਨ ਦੇ ਮੁਜਰਮਾਂ ਨੂੰ ਸਜ਼ਾ ਵਜੋਂ ਮਾਰਦੇ ਹਨ, ਪਰ ਇਹ ਤਾਂ ਹਜ਼ਾਰਾਂ ਨਿਰਦੋਸ਼ ਸਿੱਖਾਂ ਦਾ ਕਤਲ ਕਰਦੇ ਕਰਵਾਉਂਦੇ ਹਨ। ਅਜਿਹੇ ਜ਼ਰਖ਼ਰੀਦਾਂ ਤੋਂ ਬੜ੍ਹਕਾਂ ਮਰਵਾਉਣ ਦਾ ਮੰਤਵ ਇਕ ਪਾਸੇ ਤਾਂ ਹਿੰਦੂ ਬਹੁਗਿਣਤੀ ਦੀ ਵਾਹ-ਵਾਹ ਖੱਟਣੀ ਹੁੰਦੀ ਹੈ ਅਤੇ ਦੂਜੇ ਪਾਸੇ ਸਿੱਖ ਕੌਮ ਦਾ ਮਨੋਬਲ ਡੇਗਣਾ ਹੁੰਦਾ ਹੈ। ਅਜਿਹੇ ਮਿੱਟੀ ਦੇ ਮਾਧੋਆਂ ਨੂੰ ਬਾਂਦਰਾਂ ਵਾਂਗ ਨਚਾ ਕੇ ਕੇਂਦਰੀ ਸਰਕਾਰ ਹਿੰਦੂਆਂ ਤੋਂ ਨਾਮਣਾ ਤਾਂ ਖੱਟ ਸਕਦੀ ਹੈ, ਪਰ ਸਿੱਖ ਕੌਮ ਦਾ ਮਨੋਬਲ ਨਹੀਂ ਡੇਗ ਸਕਦੀ।

ਮਤ ਕੋਈ ਸਮਝੇ ਕਿ ਹੁਣ ਸ਼੍ਰੋਮਣੀ ਕਮੇਟੀ ਤੇ ਅਕਾਲ ਤਖਤ 'ਤੇ ਬਾਦਲ ਡੋਗਰੇ ਦੀ ਮਿਲੀਭੁਗਤ ਨਾਲ ਆਰ.ਐਸ.ਐਸ. ਦਾ ਕਬਜ਼ਾ ਹੋ ਗਿਆ ਹੈ, ਗੁਰਦੁਆਰਿਆਂ ਦੀਆਂ ਗੋਲਕਾਂ ਤੇ ਪਲੇਟਫਾਰਮਾਂ 'ਤੇ ਫੈਲਾਦੀ ਪੰਜਾ ਜਮਾ ਲਿਆ ਹੈ, ਸਿੱਖ ਸਿਆਸਤ 'ਚੋਂ ਇਹ ਪੰਥਕ ਜਜ਼ਬਾ ਤੇ ਸਿੱਖੀ ਨਿਸ਼ਾਨੇ ਖਾਰਜ ਕਰ ਦੇਣਗੇ, ਸਿੱਖੀ ਲਈ ਹਾਅ ਦਾ ਨਾਅਰਾ ਮਾਰਨ ਵਾਲਿਆਂ ਨੂੰ ਨੁਕਰੇ ਲਾ ਦਿੱਤਾ ਜਾਏਗਾ ਅਤੇ ਪੰਥ 'ਚ ਹੁਣ ਕੋਈ ਸੰਗ੍ਰਾਮ ਕਰਨ ਜੋਗਾ ਨਹੀਂ ਰਹਿ ਜਾਏਗਾ। ਇਹ

ਬਿਪਤਾ ਸਦਾ ਨਹੀਂ ਰਹਿਣੀ। ਇਹ ਕੁਦਰਤ ਦਾ ਅਸੂਲ ਹੈ। ਖਾਲਸੇ ਦੇ ਬੋਲਬਾਲੇ ਜ਼ਰੂਰ ਹੋਣਗੇ।

ਸਿੱਖ ਕੌਮ 'ਤੇ ਕਈ ਵੇਰਾਂ ਜ਼ੁਲਮ ਦੀਆਂ ਹਨੇਰੀਆਂ ਤੇ ਝੱਖੜ ਝੁੱਲੇ ਹਨ। ਹਰ ਹਨੇਰੀ, ਹਰ ਤੁਫ਼ਾਨ ਅਤੇ ਹਰ ਜ਼ੁਲਮ ਦੀ ਭੱਠੀ ਵਿੱਚੋਂ ਇਸ ਬਹਾਦਰ ਕੌਮ ਦੇ ਸੂਰਮੇ ਸਟੀਲ ਬਣ ਕੇ ਨਿਕਲਦੇ ਰਹੇ। ਜਿਤਨੀ ਵੱਡੀ ਚੋਟ ਇਸ 'ਤੇ ਪੈਂਦੀ ਹੈ, ਉਤਨਾ ਹੀ ਜ਼ਿਆਦਾ ਖ਼ਾਲਸਾ ਪ੍ਰਚੰਡ ਹੋ ਕੇ ਉਭਰਦਾ ਹੈ। ਇਹ ਇਕ ਵੇਰਾਂ ਦੀ ਗੱਲ ਨਹੀਂ, ਬਲਕਿ ਕਈ ਵੇਰਾਂ ਦੀ ਅਜ਼ਮਾਈ ਹੋਈ ਇਤਿਹਾਸਕ ਸੱਚਾਈ ਹੈ। ਗੁਰੂ ਗੋਬਿੰਦ ਸਿੰਘ ਸਾਹਿਬ ਦਾ ਹਰ ਸਿੱਖ ਜਿਤਨਾ ਚੰਗਾ ਸੰਤ ਸਿਪਾਹੀ ਹੈ, ਉਤਨਾ ਹੀ ਚੰਗਾ ਜਰਨੈਲ। ਹਰ ਨਵੇਂ ਆਏ ਜਰਨੈਲ ਨੇ ਆਪਣੇ ਪਹਿਲੇ ਜਰਨੈਲ ਨਾਲੋਂ ਸਗੋਂ ਹੋਰ ਵੱਧ ਕੇ ਸੰਘਰਸ਼ ਨੂੰ ਅੱਗੇ ਤੋਰਿਆ। ਇਹੀ ਕਾਰਨ ਹੈ ਕਿ ਸਿੱਖ ਸੰਘਰਸ਼ ਨਿੱਤ ਨਵੀਆਂ ਪੁਲਾਂਘਾਂ ਪੁੱਟਦਾ ਰਿਹਾ।

ਕਦੀ ਹਿੰਦੂ ਸਾਮਰਾਜ ਦੇ ਬੁੱਚੜ ਜਲਾਦ ਕੇ.ਪੀ.ਐਸ.ਗਿੱਲ ਨੇ ਡੀਂਗ ਮਾਰੀ ਸੀ ਕਿ ਪੰਜਾਬ ਅੰਦਰ 150 ਖਾੜਕੂ ਬਾਕੀ ਰਹਿ ਗਏ ਹਨ, ਜਿਨ੍ਹਾਂ ਨੂੰ ਮਾਰਚ 93 ਤੱਕ ਖ਼ਤਮ ਕਰ ਦਿੱਤਾ ਜਾਵੇਗਾ। ਜਿਸ ਨਾਲ ਸਿੱਖ ਤੀਹ ਸਾਲਾਂ ਤਕ ਉਠਣ ਜੋਗੇ ਨਹੀਂ ਰਹਿਣਗੇ। ਸਿੱਖਾਂ ਦਾ ਖੁਰਾ ਖੋਜ ਮਿਟਾ ਦੇਣ ਦੀਆਂ ਅਜਿਹੀਆਂ ਡੀਂਗਾਂ ਅਹਿਮਦ ਸ਼ਾਹ ਅਬਦਾਲੀ ਤੇ ਮੁਗਲ ਬਾਦਸ਼ਾਹਾਂ ਨੇ ਵੀ ਮਾਰੀਆਂ ਸਨ। ਕਿੱਥੇ ਹਨ ਅੱਜ ਉਹ ਆਪ; ਕਿੱਥੇ ਹਨ ਉਹਨਾਂ ਦੇ ਲਖਪਤ ਤੇ ਜਸਪਤ; ਕਿੱਥੇ ਹਨ ਜ਼ਕਰੀਆ ਖ਼ਾਂ ਤੇ ਮੀਰ ਮਨੂ ਆਦਿਕ ਜਲਾਦ?

ਸਿੱਖਾਂ ਦੀ ਨਸਲਕੁਸ਼ੀ ਦੇ ਸੁਪਨੇ ਲੈਣ ਵਾਲੀ, ਸਿੱਖਾਂ ਦਾ ਅਕਾਲ ਤਖ਼ਤ ਸਾਹਿਬ ਢਾਹੁਣ ਵਾਲੀ, ਸਿੱਖਾਂ ਦੇ ਵਿਰਸੇ ਦੀ ਸਾੜ-ਫੂਕ ਕਰਵਾਉਣ ਵਾਲੀ ਅਤੇ ਪੰਜਾਹ ਹਜ਼ਾਰ ਨਿਰਦੋਸ਼ ਸਿੱਖਾਂ ਦਾ ਖ਼ੂਨ ਪੀਣ ਵਾਲੀ ਇੰਦਰਾ ਡੈਣ ਕਿੱਥੇ ਹੈ ਅੱਜ? ਸੰਤ ਜਰਨੈਲ ਸਿੰਘ ਜੀ ਭਿੰਡਰਾਂਵਾਲੇ ਤੇ ਭਾਈ ਅਮਰੀਕ ਸਿੰਘ ਜੀ ਆਦਿਕ ਦੀਆਂ ਸ਼ਹਾਦਤਾਂ ਵੇਲੇ ਵੀ ਤੁਸਾਂ ਅਜਿਹੇ ਦਾਅਵੇ ਕੀਤੇ ਸਨ। 'ਜਬੈ ਬਾਣ ਲਾਗਿਯੋ ਤਬੈ ਰੋਸ ਜਾਗਿਯੋ' ਦੇ ਮਹਾਨ-ਵਾਕ ਅਨੁਸਾਰ ਨਵੇਂ ਤੋਂ ਨਵੇਂ ਸੂਰਬੀਰ ਮੈਦਾਨੇ ਜੰਗ ਵਿੱਚ ਕੁਦ ਪੈਂਦੇ ਰਹੇ॥ ਖ਼ਾਲਿਸਤਾਨ ਲਿਬਰੇਸ਼ਨ ਫ਼ੋਰਸ ਦੇ ਚੀਫ਼ ਜਨਰਲ ਭਾਈ ਅਵਤਾਰ ਸਿੰਘ ਬ੍ਰਹੱਮਾ ਤੇ ਕਮਾਂਡੋ ਫ਼ੋਰਸ ਦੇ ਚੀਫ਼ ਜਨਰਲ ਭਾਈ ਲਾਭ ਸਿੰਘ ਜੀ ਨੂੰ ਸ਼ਹੀਦ ਕਰ ਕੇ ਤੁਸਾਂ ਸਿੱਖ ਸੰਘਰਸ਼ ਦਾ ਲੱਕ ਤੋੜ ਦੇਣ ਦੀ ਫੜ੍ਹ ਮਾਰੀ ਸੀ, ਪਰ ਥੋੜ੍ਹੀ ਦੇਰ ਮਗਰੋਂ ਹੀ ਮੈਦਾਨੇ ਜੰਗ ਵਿੱਚ ਇਕ ਨਵਾਂ ਸ਼ੇਰ ਚੀਫ਼ ਜਨਰਲ ਭਾਈ ਗੁਰਜੰਟ ਸਿੰਘ 'ਬੁੱਧ ਸਿੰਘ ਵਾਲਾ' ਆ ਨਿੱਤਰਿਆ ਸੀ, ਜਿਸ ਦੀ

ਗਰਜ ਨਾਲ ਪੁਲਸੀਏ ਕੰਬਦੇ ਸਨ। ਇਵੇਂ ਹੀ ਤੁਸਾਂ ਚੀਫ ਜਨਰਲ ਭਾਈ ਗੁਰਜੰਟ ਸਿੰਘ ਅਤੇ ਭਾਈ ਸੁਖਦੇਵ ਸਿੰਘ ਬੱਬਰ ਨੂੰ ਸ਼ਹੀਦ ਕਰ ਕੇ ਫੇਰ ਅਜਿਹੀਆਂ ਡੀਂਗਾਂ ਮਾਰੀਆਂ ਸਨ।

ਸਿੱਖ ਕੌਮ ਦੇ ਕਾਤਲਾਂ ਨੂੰ ਹਮੇਸ਼ਾ ਯਾਦ ਰੱਖਣਾ ਚਾਹੀਦਾ ਹੈ ਕਿ ਸਿੱਖ ਕੌਮ ਨਾ ਕਦੇ ਆਪਣੇ ਮਿੱਤਰ ਦੀ ਮਿੱਤਰਤਾ ਨੂੰ ਭੁਲਾਉਂਦੀ ਹੈ ਅਤੇ ਨਾ ਹੀ ਆਪਣੇ ਦੁਸ਼ਮਣ ਦੀ ਦੁਸ਼ਮਣੀ ਨੂੰ। ਸਿੱਖਾਂ ਦੇ ਕਾਤਲ ਧਰਤੀ ਦੇ ਜਿਹੜੇ ਵੀ ਖੂੰਜੇ ਜਾ ਲੁਕਣ, ਸਿੱਖ ਉਥੇ ਪਹੁੰਚ ਕੇ, ਲੱਭ ਕੇ, ਭਾਜੀ ਮੋੜ ਕੇ ਆਉਣਗੇ। ਅੱਜ ਦੇ ਸਿੱਖਾਂ ਦੇ ਕਾਤਲਾਂ ਦਾ ਵੀ ਹਾਲ ਕੱਲ੍ਹ ਨੂੰ ਇਹੋ ਹੋਣਾ ਹੈ। ਸਿੱਖਾਂ ਨੂੰ ਧਰਮ ਪਿਆਰਾ ਹੈ ਜਾਨ ਪਿਆਰੀ ਨਹੀਂ। ਕੌਮ ਸਾਡੀ ਉਹ ਹੈ ਜੋ ਵੰਡ ਕੇ ਛਕਦੀ ਹੈ ਅਤੇ ਸਿਰ ਤਲੀ 'ਤੇ ਧਰ ਕੇ ਲੜਦੀ ਹੈ।

ਸਿੱਖਾਂ ਵਰਗੀ ਅਣਖੀਲੀ ਤੇ ਗੌਰਵਮਈ ਕੌਮ ਅੰਦਰੋਂ ਉਠੀ ਅਜ਼ਾਦੀ ਦੀ ਲਹਿਰ ਨੂੰ ਕੁਚਲ ਦੇਣਾ ਅਸੰਭਵ ਹੈ। ਸਿੱਖ ਕੌਮ ਕਈ ਘੱਲੂਘਾਰਿਆਂ ਵਿੱਚ ਦੀ ਨਿਕਲੀ ਹੈ ਅਤੇ ਹਰ ਵਾਰੀ ਮਜ਼ਬੂਤ ਹੋ ਕੇ ਨਿਕਲੀ ਹੈ। ਇਸ 'ਤੇ ਕਈ ਵਾਰੀ ਮਾਰੂ ਵਾਰ ਹੋਏ ਅਤੇ ਵਕਤੀ ਤੌਰ ਤੇ ਕਈ ਵਾਰੀ ਇਸ ਨੂੰ ਢਾਹਾਂ ਲੱਗੀਆਂ, ਪਰ ਹਰ ਵਾਰੀ ਇਹ ਮੁੜ-ਮੁੜ ਕੇ ਉਭਰਦੀ ਰਹੀ ਹੈ। ਵਕਤੀ ਤੌਰ ਤੇ ਸੰਗੀਨਾਂ ਦੇ ਜ਼ੋਰ ਨਾਲ ਸਰਕਾਰ ਠੱਲ੍ਹ ਪਾਉਣ ਵਿੱਚ ਸਫਲ ਹੋ ਵੀ ਜਾਏ, ਤਾਂ ਵੀ ਅਜਿਹੀਆਂ ਲਹਿਰਾਂ ਸਮਾਂ ਪਾ ਕੇ ਹੋਰ ਵਧੇਰੇ ਵਿਸਫੋਟਕ ਰੂਪ ਧਾਰ ਲੈਂਦੀਆਂ ਹਨ ਅਤੇ ਕਾਬੂ ਤੋਂ ਬਾਹਰ ਹੋ ਜਾਂਦੀਆਂ ਹਨ ਜਿਵੇਂ ਕਿ ਇਰਾਨ ਦੇ ਲੋਕਾਂ ਨੇ ਸ਼ਾਹ ਦੀ ਸਾਰੀ ਤਾਕਤ ਨੂੰ ਨਾਕਾਮ ਕਰ ਕੇ ਰੱਖ ਦਿੱਤਾ ਸੀ।

ਪਿਛਲੇ ਪੰਜ ਦਹਾਕਿਆਂ ਤੋਂ ਬੇਜ਼ਮੀਰੇ ਸਿੱਖ ਲੀਡਰਾਂ ਨੂੰ ਵਜ਼ੀਰੀਆਂ ਦੀ ਹੱਡੀ ਵੀ ਪਾਈ ਗਈ, ਸ਼ੁਹਰਤ ਦੇ ਗਫੇ ਵੀ ਵੰਡੇ ਗਏ, ਤਗਮੇ ਵੀ ਦਿੱਤੇ ਗਏ, ਕੁਰਸੀਆਂ ਦੇ ਲਾਲਚ ਵੀ ਦਿੱਤੇ ਗਏ, ਦੌਲਤ ਦੇ ਅੰਬਾਰ ਵੀ ਲੁਟਾਏ ਗਏ, ਢਾਈ ਲੱਖ ਸਿੱਖਾਂ ਦਾ ਕਤਲੇਆਮ ਵੀ ਕੀਤਾ ਗਿਆ, ਕੋਹ-ਕੋਹ ਕੇ ਵੀ ਮਾਰਿਆ ਗਿਆ, ਜਿਉਂਦਿਆਂ ਵੀ ਸਾੜਿਆ ਗਿਆ, ਜੇਲ੍ਹਾਂ 'ਚ ਵੀ ਗਾਲਿਆ ਗਿਆ, ਤਸੀਹੇ ਦੇ-ਦੇ ਕੇ ਵੀ ਮਾਰਿਆ ਗਿਆ, ਵੱਡੇ ਲਸ਼ਕਰਾਂ ਦੀ ਧਮਕੀ ਨਾਲ ਵੀ ਭੈਭੀਤ ਕਰਨ ਦੇ ਯਤਨ ਕੀਤੇ ਗਏ ਪਰ ਫਿਰ ਵੀ ਸਿੱਖੀ ਅਣਖ ਉਥੇ ਦੀ ਉਥੇ ਹੀ ਰਹੀ। ਇਸ ਨਾਲ ਬ੍ਰਾਹਮਣਵਾਦੀ ਹਉਮੈਂ (Ego) 'ਤੇ ਭਾਰੀ ਸੱਟ ਵਜੀ ਹੈ ਅਤੇ ਉਸ ਲਈ ਇਹ ਅਸਹਿ ਨਾਸੂਰ ਬਣ ਚੁੱਕੀ ਹੈ।

ਹੁਣ ਸੁਆਲ ਉਠਦਾ ਹੈ ਕਿ ਕੀ ਸਿੱਖੀ ਮਿੱਟ ਗਈ ਹੈ? ਢਾਈ

ਲੱਖ ਸਿੱਖਾਂ ਦਾ ਖ਼ੂਨ ਵਹਾਉਣ ਨਾਲ ਕੀ ਸਿੱਖ ਹਿੰਦੂ ਬਣ ਗਏ ਹਨ? ਕੀ ਸਿੱਖੀ ਨੂੰ ਮਾਰ ਮਿਟਾਉਣ ਵਾਲਿਆਂ ਦਾ ਉਹੀ ਹਾਲ ਨਹੀਂ ਹੋਇਆ, ਜੋ ਅੱਜ ਤਕ ਸਿੱਖੀ ਨੂੰ ਮਿਟਾਉਂਦੇ ਮਿਟਾਉਂਦੇ ਪਹਿਲੇ ਨਾਢੂ ਖ਼ਾਨਾਂ ਦਾ ਹੋਇਆ? ਕੀ ਅੱਜ ਦੇ ਹਾਕਮ ਇਸ ਤੋਂ ਕੋਈ ਸਬਕ ਸਿਖਣ ਲਈ ਤਿਆਰ ਹਨ? ਕੀ ਅੱਜ ਦੇ ਬ੍ਰਾਹਮਣਵਾਦੀ ਹਾਕਮ ਸਾਹਮਣੇ ਦੀਵਾਰ 'ਤੇ ਲਿਖੇ ਨੂੰ ਪੜ੍ਹਨ ਲਈ ਤਿਆਰ ਹਨ? ਕਿਥੇ ਹਨ ਸਿੱਖੀ ਨੂੰ ਖ਼ਤਮ ਕਰਨ ਵਾਲੇ ਅੱਜ ਦੇ ਨਾਢੂ ਖ਼ਾਂ? ਕਿਥੇ ਹੈ ਇੰਦਰਾ ਗਾਂਧੀ? ਕਿਥੇ ਹੈ ਰਾਜੀਵ ਗਾਂਧੀ? ਕਿਥੇ ਹੈ ਭਾਰਤ ਦੀਆਂ ਬੁੱਚੜ ਫ਼ੌਜਾਂ ਦਾ ਜਨਰਲ ਵੈਦਿਆ? ਕਿਥੇ ਹੈ ਗੁਰਬਚਨਾ, ਜਿਹੜਾ ਆਪਣੇ ਆਪ ਨੂੰ ਰੱਬ ਅਖਵਾਉਂਦਾ ਸੀ? ਕਿਥੇ ਹੈ ਜ਼ਕਰੀਆ ਬੇਅੰਤ ਸਿੰਹੁ, ਜਿਸ ਹਜ਼ਾਰਾਂ ਸਿੰਘਾਂ ਦੇ ਖ਼ੂਨ ਨਾਲ ਹੱਥ ਰੰਗੇ? ਅੱਜ ਦੇ ਹਾਕਮ ਟੋਲੇ ਨੂੰ ਧਿਆਨ ਨਾਲ ਸੋਚਣਾ ਚਾਹੀਦਾ ਹੈ ਕਿ ਜਦ ਸਿੱਖੀ ਨੂੰ ਖ਼ਤਮ ਨਹੀਂ ਕੀਤਾ ਜਾ ਸਕਦਾ, ਤਾਂ ਇਤਨਾ ਜ਼ੁਲਮ ਕਿਉਂ? ਇਤਨੀ ਦਰਿੰਦਗੀ ਕਿਉਂ? ਇਤਨਾ ਵਹਿਸ਼ੀਪੁਣਾ ਕਿਉਂ?

ਬ੍ਰਾਹਮਣਵਾਦ ਨਾਜ਼ੀਵਾਦ ਵਾਂਗ ਨਸਲਵਾਦ ਤੇ ਪਸਾਰਵਾਦ ਦਾ ਧਾਰਨੀ ਹੈ। ਇਹ ਫ਼ਲਸਫ਼ਾ ਮਨੁੱਖ ਵਿਰੋਧੀ ਹੈ, ਸਮਾਜ ਵਿਰੋਧੀ ਹੈ ਅਤੇ ਰੱਬ ਵਿਰੋਧੀ ਹੈ। ਮਨੁੱਖੀ ਨਸਲ ਨਾਲ ਜਿਤਨੀ ਬੇਇਨਸਾਫ਼ੀ, ਜਿਤਨਾ ਦੁਰਵਿਵਹਾਰ, ਜਿਤਨਾ ਅਨਰਥ, ਜਿਤਨੇ ਜ਼ੁਲਮ ਅਤੇ ਜਿਤਨੇ ਅਤਿਆਚਾਰ ਇਸ ਫ਼ਲਸਫ਼ੇ ਨੇ ਕੀਤੇ, ਉਤਨੇ ਚੰਗੇਜ਼ ਖ਼ਾਂ, ਨਾਦਰਸ਼ਾਹ, ਔਰੰਗਜ਼ੇਬ ਅਤੇ ਹਿਟਲਰ ਆਦਿਕ ਸਾਰੇ ਜ਼ਾਲਮ ਡਿਕਟੇਟਰਾਂ ਨੇ ਵੀ ਨਹੀਂ ਕੀਤੇ ਹੋਣੇ। ਉਹ ਡਿਕਟੇਟਰ ਤਾਂ ਸਮੇਂ-ਸਮੇਂ ਆਉਂਦੇ ਰਹੇ, ਕੁਝ ਸਾਲ ਜ਼ੁਲਮ ਕਰਕੇ ਖ਼ਤਮ ਹੋ ਜਾਂਦੇ ਰਹੇ ਪਰੰਤੂ ਬ੍ਰਾਹਮਣਵਾਦੀ ਫ਼ਲਸਫ਼ੇ ਦੇ ਅਨਰਥ ਤਾਂ ਹਜ਼ਾਰਾਂ ਸਾਲਾਂ ਤੋਂ ਕਰੋੜਾਂ ਮਨੁੱਖ ਹੰਢਾਉਂਦੇ ਆ ਰਹੇ ਹਨ ਅਤੇ ਅੱਜ ਵੀ ਹੰਢਾ ਰਹੇ ਹਨ।

ਮਤ ਕੋਈ ਸਮਝੇ ਕਿ ਸਿੱਖ ਨਸਲਘਾਤ ਦਾ ਕੰਮ ਬੰਦ ਹੋ ਗਿਆ ਹੈ। ਬ੍ਰਾਹਮਣਵਾਦ ਵਲੋਂ 1996 ਤੋਂ ਪੰਜਵੇਂ ਦੌਰ ਲਈ ਤਿਆਰੀਆਂ ਹੋ ਰਹੀਆਂ ਹਨ। ਇਸ ਆਖਰੀ ਮਾਰੂ ਵਾਰ ਦੌਰਾਨ ਅੰਦਰੋਂ ਤੇ ਬਾਹਰੋਂ ਇੱਕਠੀਆਂ ਸੱਟਾਂ ਮਾਰੀਆਂ ਜਾਣਗੀਆਂ। ਇਕ ਪਾਸੇ ਸਿੱਖ ਸੰਸਥਾਵਾਂ 'ਤੇ ਕਾਬਜ਼ ਹੋਕੇ ਅੰਦਰੋਂ ਵਾਰ ਕਰਨ ਦੀਆਂ ਤਿਆਰੀਆਂ ਹੋ ਰਹੀਆਂ ਹਨ ਅਤੇ ਦੂਜੇ ਪਾਸੇ ਦੋ ਲੱਖ ਵਾਲੰਟੀਅਰਾਂ ਨੂੰ ਹਥਿਆਰਬੰਦ ਕੀਤਾ ਜਾ ਰਿਹਾ ਹੈ। ਜਦ ਇਹ ਦੋਵੇਂ ਪੱਖ ਤਿਆਰ ਹੋ ਗਏ ਤਾਂ ਗੁਜਰਾਤ ਵਾਂਗ ਕੋਈ ਨਾ ਕੋਈ ਗੜਬੜ ਦਾ ਬਹਾਨਾ ਬਣਾ ਕੇ ਇਹ ਆਖਰੀ ਵਾਰ ਸ਼ੁਰੂ ਕਰ ਦਿੱਤਾ ਜਾਏਗਾ।

ਆਰ.ਐਸ.ਐਸ.ਸਭ ਇਤਿਹਾਸਕ ਗੁਰਦੁਆਰਿਆਂ 'ਤੇ ਕਾਬਜ਼ ਹੋ ਚੁੱਕੀ ਹੈ। ਹਜ਼ੂਰ ਸਾਹਿਬ ਮੈਨੇਜਮੈਂਟ ਬੋਰਡ ਦੇ ਮੌਜੂਦਾ ਪ੍ਰਬੰਧ ਵਿੱਚ ਰਾਸ਼ਟਰੀਆ ਸਿੱਖ ਸੰਗਤ ਨਾਲ ਸਬੰਧਤ ਪੰਜ ਮੈਂਬਰ ਹਨ, ਜੋ ਆਰ.ਐਸ.ਐਸ.ਦੀ ਇਕ ਬਰਾਂਚ ਹੈ। ਉਥੇ ਆਰਤੀਆਂ ਅਤੇ ਦਸਮ ਗਰੰਥ ਦਾ ਪ੍ਰਕਾਸ਼ ਕੀਤੇ ਜਾਂਦੇ ਹਨ। ਇਵੇਂ ਹੀ ਪਟਨਾ ਸਾਹਿਬ ਵਿਖੇ ਆਰ.ਐਸ.ਐਸ.ਕਾਬਜ਼ ਹੈ। ਸਿੱਖ ਕੌਮ ਦੇ ਸਾਰੇ ਅਦਾਰਿਆਂ ਤੇ ਸੰਸਥਾਵਾਂ 'ਤੇ ਆਰ.ਐਸ.ਐਸ.ਕਾਬਜ਼ ਹੋ ਚੁੱਕੀ ਹੈ। ਸ਼੍ਰੋਮਣੀ ਕਮੇਟੀ, ਅਕਾਲ ਤਖਤ ਸਾਹਿਬ, ਦਮਦਮੀ ਟਕਸਾਲ, ਅਖੰਡ ਕੀਰਤਨੀ ਜੱਥਾ ਆਦਿਕ ਨਾਲ ਗੁਪਤ ਸਮਝੌਤੇ ਕਰਕੇ ਸਭ ਨੂੰ ਆਪਣੀ ਬੁੱਕਲ 'ਚ ਲੈ ਲਿਆ ਹੋਇਆ ਹੈ। ਹੁਣ ਸ਼੍ਰੋਮਣੀ ਕਮੇਟੀ ਦੇ ਪੈਸੇ ਨਾਲ ਹੀ ਸਿੱਖੀ ਦੀ ਫੱਟੀ ਪੋਚੀ ਜਾ ਰਹੀ ਹੈ। ਬ੍ਰਾਹਮਣਵਾਦ ਨੇ ਆਪਣੇ ਵਲੋਂ ਸਿੱਖ ਧਰਮ, ਸਿੱਖ ਇਤਿਹਾਸ, ਸਿੱਖ ਸਭਿਆਚਾਰ ਅਤੇ ਸਿੱਖੀ ਹੋਂਦ 'ਤੇ ਅਜਿਹੀਆਂ ਜਾਨਲੇਵਾ ਕਰਾਰੀਆਂ ਸੱਟਾਂ ਮਾਰੀਆਂ ਹਨ ਕਿ ਸਿੱਖੀ ਕੁਚਲੇ ਜਾਣ ਦੀ ਨੌਬਤ ਤਕ ਪਹੁੰਚ ਗਈ ਹੈ।

ਗੁਰੂ ਦੀ ਅਲੌਕਿਕ ਸ਼ਕਤੀ ਨਾਲ ਹੀ ਸਿੱਖੀ ਬਚ ਸਕਣੀ ਹੈ। ਮੇਰਾ ਇਹ ਪੱਕਾ ਵਿਸ਼ਵਾਸ ਹੈ ਕਿ ਸਿੱਖਾਂ ਨੂੰ ਕੋਈ ਨਹੀਂ ਖਤਮ ਕਰ ਸਕਦਾ। ਸਾਨੂੰ ਆਪਣੇ ਗੁਰੂ ਦੇ ਫੁਰਮਾਨ 'ਤੇ ਪੂਰਾ ਭਰੋਸਾ ਹੋਣਾ ਚਾਹੀਦਾ ਹੈ:

'ਜਿਸ ਨੋ ਤੂ ਰਖਵਾਲਾ, ਮਾਰੇ ਤਿਸੁ ਕਉਣ॥

(ਗੁਰੂ ਗਰੰਥ ਸਾਹਿਬ ਪੰ:961)

ਜਿਸੁ ਤੂ ਰਾਖਹਿ ਤਿਸੁ ਕਉਨੁ ਮਾਰੈ॥

(ਗੁਰੂ ਗਰੰਥ ਸਾਹਿਬ ਪੰ:1139)

ਸਿੱਖ ਕੌਮ ਦੀਆਂ ਅੱਖਾਂ ਕਦੋਂ ਖੁਲ੍ਹਣਗੀਆਂ?

ਖ਼ਤਰੇ ਦੀ ਘੰਟੀ ਤਾਂ ਕਦੋਂ ਦੀ ਵਜ ਰਹੀ ਹੈ,ਘੂਕ ਸੁੱਤੀ ਪਈ ਸਿੱਖ ਕੌਮ ਦੀਆਂ ਕਦੋਂ ਅੱਖਾਂ ਖੁਲ੍ਹਣਗੀਆਂ? ਅਕਾਲ ਤਖ਼ਤ ਸਾਹਿਬ ਅਤੇ ਸ਼੍ਰੋ.ਗੁ.ਪ੍ਰ.ਕਮੇਟੀ 'ਤੇ ਆਰ.ਐਸ.ਐਸ.ਦਾ ਕਬਜ਼ਾ ਹੋ ਚੁੱਕਾ ਹੈ। ਉਸ ਦੇ ਆਦੇਸ਼ਾਂ ਨਾਲ ਸਿਗਰਟਾਂ ਤੇ ਬੀੜੀਆਂ ਪੀਣ ਵਾਲੇ ਭਈਏ ਗੁਰੂ ਕਾ ਲੰਗਰ ਤਿਆਰ ਕਰਨ 'ਤੇ ਲਾਏ ਗਏ ਹਨ ਅਤੇ ਉਨ੍ਹਾਂ ਨੂੰ ਤਕੜੀਆਂ ਤਨਖ਼ਾਹਾਂ ਦਿੱਤੀਆਂ ਜਾ ਰਹੀਆਂ ਹਨ। ਪੰਜਾਬੋਂ ਬਾਹਰ ਦੇ ਗੁਰਦੁਆਰੇ ਤਾਂ ਪਹਿਲਾਂ ਹੀ ਇਹਨਾਂ ਦੇ ਹੱਥਾਂ ਵਿੱਚ ਸਨ,ਹੁਣ ਪੰਜਾਬ ਦੇ ਸਾਰੇ ਇਤਿਹਾਸਕ ਗੁਰਦੁਆਰੇ ਵੀ ਆਰ.ਐਸ.ਐਸ.ਦੇ ਹੱਥਾਂ ਵਿੱਚ ਆ ਗਏ ਹਨ। ਜਦ ਕਾਫ਼ਰ ਹੀ ਕਾਬੇ ਵਿੱਚ ਕਾਬਜ਼ ਹੋ ਜਾਏ,ਤਾਂ ਈਮਾਨ ਕਿਥੋਂ ਬਚੇਗਾ? ਪਾਕਿਸਤਾਨ ਨੇ ਤਾਂ ਉਥੋਂ ਦੇ ਗੁਰਦੁਆਰਿਆਂ ਦੀ ਪ੍ਰਬੰਧਕ ਕਮੇਟੀ ਬਣਾ ਦਿੱਤੀ ਹੈ। ਭਾਰਤ ਦੀ ਬਣੀ ਹੋਈ ਗੁਰਦੁਆਰਾ ਪ੍ਰਬੰਧਕ ਕਮੇਟੀ 'ਤੇ ਭਾਰਤੀ ਹਾਕਮਾਂ ਦੀ ਫ਼ਾਸ਼ੀ ਜਮਾਤ ਆਰ.ਐਸ.ਐਸ.ਨੇ ਕਬਜ਼ਾ ਕਰ ਲਿਆ ਹੈ। ਰੋਜ਼ ਨਿੱਤ ਨਵੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਨਾਲੋਂ" ਇਕੋ ਅਜ਼ਾਦੀ ਦੀ ਲੜਾਈ ਲੜਨ ਦੀ ਲੋੜ ਹੈ,ਜਿਸ ਨਾਲ ਕੌਮ ਦੇ ਸਾਰੇ ਦਰਪੇਸ਼ ਮਸਲੇ ਹੱਲ ਹੋ ਜਾਣਗੇ। ਅਜ਼ਾਦੀ ਦੀ ਲੜਾਈ ਲੜਨੀ ਵੀ ਸ਼ਾਂਤਮਈ ਢੰਗ ਨਾਲ ਹੈ ਤਾਂ ਜੋ ਹਾਕਮ ਜਮਾਤ ਨੂੰ ਸਿੱਖ ਨਸਲਕੁਸ਼ੀ ਕਰਨ ਦਾ ਮੌਕਾ ਨਾ ਮਿਲ ਸਕੇ। ਅਜ਼ਾਦੀ ਸਾਡਾ ਜਮਾਂਦਰੂ ਹੱਕ ਹੈ।

ਰੱਬ ਨਾ ਕਰੇ ਜੇ ਚੁਰਾਸੀ ਦੇ ਘਲੂਘਾਰੇ ਵਾਂਗ ਅੱਜ ਆਰ.ਐਸ.ਐਸ. ਦੀਆਂ ਫ਼ਾਸ਼ੀ ਹਥਿਆਰਬੰਦ ਧਾੜਾਂ,ਜਿਨ੍ਹਾਂ ਦੀ ਗਿਣਤੀ ਦੋ ਲੱਖ ਤੋਂ ਉਪਰ ਹੈ,ਸਿੱਖਾਂ ਦੇ ਘਰਾਂ 'ਤੇ ਚੜ੍ਹ ਆਉਣ,ਤਾਂ ਕੀ ਸਿੱਖ ਕ੍ਰਿਪਾਨ ਚਲਾਕੇ ਜਾਂ ਹੋਰ ਕਿਸੇ ਯੋਗ ਹਥਿਆਰ ਨਾਲ ਉਹਨਾਂ ਦਾ ਮੁਕਾਬਲਾ ਕਰ ਸਕਣਗੇ ? ਸਿੱਖ ਆਪਣੇ ਬਚਾਓ ਲਈ ਤਿਆਰ ਹੋਣ ਜਾਂ ਨਾ ਹੋਣ,ਆਰ, ਐਸ,ਐਸ,ਤੇ ਬਜਰੰਗ ਬਲੀ ਵਰਗੀਆਂ ਫ਼ਾਸ਼ੀ ਸੰਸਥਾਵਾਂ ਸਿੱਖਾਂ ਤੇ ਮੁਸਲਮਾਨਾਂ ਦਾ ਸਫ਼ਾਇਆ ਕਰਨ ਲਈ ਟਰੇਨਿੰਗ ਲੈ ਰਹੀਆਂ ਹਨ। ਜਿਸ ਹਿੰਦੂ ਬਹੁ-ਗਿਣਤੀ ਕੋਲ 20 ਲੱਖ ਤੋਂ ਵੱਧ ਫ਼ੌਜ ਤੇ ਪੁਲਿਸ ਹੈ,ਜਿਸ ਕੌਮ ਕੋਲ ਸਾਰੇ ਹਿੰਦੁਸਤਾਨ ਦਾ ਰਾਜਭਾਗ ਹੈ,ਜਿਸ ਕੌਮ ਦੇ ਹੱਥ ਵਿੱਚ ਸਾਰੇ ਮੁਲਕ ਦੀ ਵਾਗਡੋਰ ਹੈ,ਜਿਸ ਕੌਮ ਦੇ ਹੱਥ ਵਿੱਚ ਸਾਰਾ ਕਾਨੂੰਨ ਹੈ,ਉਹ ਬਹੁਗਿਣਤੀ ਵਾਲੀ ਕੌਮ ਤਾਂ ਆਰ.ਐਸ.ਐਸ.ਅਤੇ ਬਜਰੰਗ ਬਲੀ ਵਰਗੀਆਂ ਫ਼ਾਸ਼ੀ ਸੰਸਥਾਵਾਂ ਨੂੰ ਹਥਿਆਰਬੰਦ ਕਰ ਰਹੀ ਹੈ,ਉਹਨਾਂ ਨੂੰ ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਟਰੇਨਿੰਗ ਦੇਕੇ ਰੋਜ਼ ਕਸਰਤਾਂ ਕਰਾਈਆਂ ਜਾ ਰਹੀਆਂ ਹਨ ਅਤੇ

ਰਿਟਾਇਰਡ ਹਿੰਦੂ ਫੌਜੀਆਂ ਰਾਹੀਂ ਵਿਗਿਆਨਕ ਹਥਿਆਰਾਂ ਦੀ ਟਰੇਨਿੰਗ ਦਿੱਤੀ ਜਾ ਰਹੀ ਹੈ। ਦੋ ਲੱਖ ਵਾਲੰਟੀਅਰ ਹਥਿਆਰਬੰਦ ਟਰੇਨਿੰਗ ਲੈ ਚੁੱਕੇ ਹਨ ਅਤੇ ਹਰ ਹੱਥ ਆਏ ਮੌਕੇ ਲਈ ਤਿਆਰ ਬੈਠੇ ਹਨ।

ਹਿੰਦੂਤਵੀਏ ਹੁਣ ਪੰਜਾਬ ਵਿੱਚ ਤਰਥੱਲੀ ਮਚਾਉਣ ਵਾਲੇ ਹਨ। ਖ਼ੁਫ਼ੀਆਂ ਰਿਪੋਰਟਾਂ ਅਨੁਸਾਰ ਇਹ ਫ਼ਾਸ਼ੀ ਹਰਿਮੰਦਰ ਸਾਹਿਬ ਦੀ ਇੱਟ ਨਾਲ ਇੱਟ ਖੜਕਾਉਣ ਦੀਆਂ ਤਿਆਰੀਆਂ ਕਰ ਰਹੇ ਹਨ। ਬਜਰੰਗ ਬਲੀ, ਸ਼ਿਵ ਸੈਨਾ ਅਤੇ ਆਰ.ਐਸ.ਐਸ. ਦੇ ਦਫ਼ਤਰਾਂ ਵਿੱਚ ਘਟਗਿਣਤੀਆਂ ਨੂੰ ਤਬਾਹ ਕਰਨ ਲਈ ਬੰਬ ਬਣਨੇ ਸ਼ੁਰੂ ਹੋ ਗਏ ਜਾਪਦੇ ਹਨ। ਪਿੱਛੇ ਜਿਹੇ ਅੰਮ੍ਰਿਤਸਰ ਦੇ ਸ਼ਿਵਾਲਾ ਮੰਦਰ ਨੇੜੇ ਸ਼ਿਵ ਸੈਨਾ ਤੇ ਬਜਰੰਗ ਬਲੀ ਦੇ ਦਫ਼ਤਰ ਵਿੱਚ ਹੋਇਆ ਜ਼ੋਰਦਾਰ ਧਮਾਕਾ ਇਸ ਗੱਲ ਦੀ ਪੁਸ਼ਟੀ ਕਰਦਾ ਹੈ।

ਸਾਡੇ ਲੀਡਰਾਂ ਜਾਂ ਵਿਦਵਾਨ ਵਰਗ ਨੇ ਕਦੀ ਸੋਚਿਆ ਹੈ ਕਿ ਬਹੁਗਿਣਤੀ ਕੌਮ ਨੂੰ ਕਿਸ ਕੋਲੋਂ ਖ਼ਤਰਾ ਹੈ? ਇਹ ਸਭ ਕੁਝ ਕਿਉਂ ਹੋ ਰਿਹਾ ਹੈ? ਸਾਡੀ ਕੌਮ ਘੂਕ ਸੁਤੀ ਪਈ ਹੈ। ਨਵੰਬਰ ਚੁਰਾਸੀ ਦਾ ਘੱਲੂਘਾਰਾ ਭੁਲਾਈ ਬੈਠੀ ਹੈ। ਆਉਣ ਵਾਲਾ ਘੱਲੂਘਾਰਾ ਚੁਰਾਸੀ ਦੇ ਘੱਲੂਘਾਰੇ ਨਾਲੋਂ ਜ਼ਿਆਦਾ ਭਿਆਨਕ ਹੋਵੇਗਾ। ਕਿਉਂਕਿ ਉਸ ਲਈ ਹੁਣ ਤੋਂ ਫ਼ਾਸ਼ੀ ਸੰਸਥਾਵਾਂ ਨੂੰ ਬਾਕਾਇਦਾ ਟਰੇਨਿੰਗ ਦਿੱਤੀ ਜਾ ਰਹੀ ਹੈ। ਨਵੰਬਰ ਚੁਰਾਸੀ ਵਿੱਚ ਤਾਂ ਕਾਂਗਰਸ ਨੇ ਹਰ ਸ਼ਹਿਰ ਵਿੱਚ ਕੁਝ ਗੁੰਡੇ ਹੀ ਤਿਆਰ ਕੀਤੇ ਹੋਏ ਸਨ ਸਿੱਖ ਨਸਲਕੁਸ਼ੀ ਲਈ। ਮਦਹੋਸ਼ ਸਿੱਖ ਕੌਮ ਨੂੰ ਆਪਣੇ ਬਚਾਓ ਦਾ ਕੋਈ ਫ਼ਿਕਰ ਨਹੀਂ। ਜੇ ਸਿੱਖੀ ਨੂੰ ਬਚਾਣਾ ਹੈ ਤਾਂ ਹਰ ਸਿੱਖ ਮਰਦ, ਇਸਤਰੀ ਤੇ ਬੱਚੇ ਨੂੰ ਸ਼ਸਤਰ-ਬੱਧ ਹੋਣ ਦੀ ਫ਼ੌਰੀ ਲੋੜ ਹੈ। ਬਿਆਨ ਦਾਗਣ ਨਾਲ ਕੁਝ ਨਹੀਂ ਸੰਵਰਨਾ।

ਬ੍ਰਾਹਮਣਵਾਦ ਦਾ ਇਹ ਫ਼ੈਸਲਾ ਹੈ ਕਿ ਭਾਰਤ ਹਿੰਦੂ ਰਾਸ਼ਟਰ ਹੈ। ਮੰਦਰ ਨੂੰ ਮੰਨਣ ਵਾਲਿਆਂ, ਵਰਨ ਵੰਡ ਨੂੰ ਮੰਨਣ ਵਾਲਿਆਂ ਅਤੇ ਮਨੂ ਸਿਮਰਤੀ ਨੂੰ ਮੰਨਣ ਵਾਲਿਆਂ ਦਾ ਇਹ ਰਾਸ਼ਟਰ ਹੈ। ਹਿੰਦੂ ਹੀ ਇਸ ਰਾਸ਼ਟਰ ਦਾ ਅਸਲੀ ਸ਼ਹਿਰੀ ਹੈ। ਇਸ ਰਾਸ਼ਟਰ ਦੇ ਸ਼ਹਿਰੀ ਦੀ ਪਛਾਣ ਹੈ-ਹਿੰਦੂ, ਹਿੰਦੀ, ਹਿੰਦੁਸਤਾਨ। ਬੁੱਤ-ਪੂਜਾ ਤੇ ਵਰਨ-ਵੰਡ ਮਿਟਾਉਣ ਵਾਲਿਆਂ ਦੀ ਇਥੇ ਕੋਈ ਥਾਂ ਨਹੀਂ। ਭਾਵੇਂ ਉਹ ਗੁਰਦੁਆਰੇ ਹੋਣ ਤੇ ਭਾਵੇਂ ਮਸਜਿਦਾਂ, ਇਹ ਹਿੰਦੂ ਰਾਸ਼ਟਰ ਦੇ ਵਿਰੋਧੀ ਹਨ।

ਹਿੰਦੂ ਰਾਸ਼ਟਰ ਦੇ ਵਿਰੋਧੀ ਗੁਰਦੁਆਰੇ ਤੇ ਮਸਜਿਦਾਂ ਢਾਹ ਕੇ ਉਥੇ ਰਾਮ-ਕ੍ਰਿਸਨ ਦੇ ਮੰਦਰ ਬਣਨੇ ਹਨ। ਮਸਜਿਦ ਨੂੰ ਸਿਜਦਾ ਕਰਨ ਵਾਲੇ ਮਲੇਛ ਅੱਤਵਾਦੀ ਹਨ ਅਤੇ ਗੁਰਦੁਆਰੇ ਜਾਣ ਵਾਲੇ ਅੱਤਵਾਦੀ

ਤੇ ਵੱਖਵਾਦੀ ਹਨ। ਮਲੇਛਾਂ ਤੇ ਅੱਤਵਾਦੀਆਂ ਦਾ ਸਫ਼ਾਇਆ ਕਰਨਾ ਹਿੰਦੂ ਰਾਸ਼ਟਰ ਦਾ ਧਰਮ ਹੈ। ਕੋਈ ਸਮਝੇ ਜਾਂ ਨਾ ਸਮਝੇ, ਮਨੂ ਸਰਕਾਰ ਨੇ ਆਪਣਾ ਪ੍ਰੋਗਰਾਮ ਜਾਰੀ ਰੱਖਿਆ ਹੋਇਆ ਹੈ ਅਤੇ ਉਤਨਾ ਚਿਰ ਜਾਰੀ ਰੱਖੇਗੀ, ਜਦ ਤਕ ਕਿ ਉਹ ਸਿੱਖਾਂ ਤੇ ਮੁਸਲਮਾਨਾਂ ਨੂੰ ਮੁੜ ਹਿੰਦੂ ਨਹੀਂ ਬਣਾ ਲੈਂਦੀ। ਇਹ ਹੈ ਬ੍ਰਾਹਮਣਵਾਦ ਦਾ ਸੰਦੇਸ਼। ਕੀ ਕਦੀ ਸਿੱਖ ਲੀਡਰ ਇਸ ਸੱਚ ਨੂੰ ਜਾਨਣ ਦੀ ਕੋਸ਼ਿਸ਼ ਕਰਨਗੇ?

ਗੁਜਰਾਤ ਵਿੱਚ ਮੁਸਲਮਾਨਾਂ ਦੇ ਕਤਲੇਆਮ ਦੇ ਟਰੇਲਰ ਤੋਂ ਸਪਸ਼ਟ ਹੈ ਕਿ ਹਿੰਦੂਤਵੀਏ ਘੱਟ ਗਿਣਤੀਆਂ ਨਾਲ ਕੀ ਕਰਨ ਵਾਲੇ ਹਨ। ਜੇ ਸਿੱਖਾਂ ਨੇ ਇਹਨਾਂ ਦੇ ਧਰਮ, ਸਭਿਆਚਾਰ ਅਤੇ ਗ਼ੁਲਾਮੀ ਕਬੂਲਣ ਵਿੱਚ ਢਿੱਲ ਮੱਠ ਕੀਤੀ ਤਾਂ 84 ਤੋਂ ਵੀ ਵਧੇਰੇ ਭਿਅੰਕਰ ਕਤਲੇਆਮ ਦੇ ਦੁਹਰਾਏ ਜਾਣਾ ਦਿਵਾਰ 'ਤੇ ਲਿਖਿਆ ਸਾਫ ਨਜ਼ਰ ਆ ਰਿਹਾ ਹੈ। ਹਰ ਜੀਵ-ਜੰਤੂ ਨੂੰ ਆਪਣੀ ਹੋਂਦ ਕਾਇਮ ਰੱਖਣ ਲਈ ਆਪਣੀ ਸਵੈ-ਰੱਖਿਆ ਆਪ ਕਰਨੀ ਪੈਂਦੀ ਹੈ। ਕੁਦਰਤ ਨੇ ਹਰ ਜੀਵ-ਜੰਤੂ ਨੂੰ ਆਪਣੇ ਬਚਾਓ ਕਰਨ ਦੀ ਸੂਝ ਦੇ ਰੱਖੀ ਹੈ, ਵਸੀਲੇ ਦੇ ਰੱਖੇ ਹਨ ਅਤੇ ਲੋੜੀਂਦੀ ਸ਼ਕਤੀ ਵੀ ਦੇ ਰੱਖੀ ਹੈ। ਕੌਮ ਦਾ ਇਕ ਅਦਨਾ ਜਿਹਾ ਲਿਖਾਰੀ ਹੋਣ ਦੇ ਨਾਤੇ ਕੌਮ ਨੂੰ ਚਿਤਾਵਨੀ ਦੇਣ ਦਾ ਆਪਣਾ ਫ਼ਰਜ਼ ਨਿਭਾਉਂਣ ਦਾ ਇਹ ਨਿਮਾਣਾ ਜਿਹਾ ਯਤਨ ਕੀਤਾ ਹੈ।

ਵਾਹਿਗੁਰੂ ਜੀ ਕਾ ਖਾਲਸਾ।
ਵਾਹਿਗੁਰੂ ਜੀ ਕੀ ਫਤਹਿ॥

ਪੰਥ ਦਰਦੀਆਂ ਨੂੰ ਅਪੀਲ

ਗੁਰੂ ਪਿਆਰੇ ਖਾਲਸਾ ਜੀਓ,

ਵਾਹਿਗੁਰੂ ਜੀ ਕਾ ਖਾਲਸਾ।
ਵਾਹਿਗੁਰੂ ਜੀ ਕੀ ਫਤਹਿ॥

ਆਪ ਜੀ ਨਾਲ ਕੌਮੀ ਦਰਦ ਸਾਂਝਾ ਕਰਨ ਦਾ ਮੌਕਾ ਲੈਣ ਲੱਗਾ ਹਾਂ ਅਤੇ ਆਸ ਕਰਦਾ ਹਾਂ ਕਿ ਆਪ ਜੀ ਕੁਝ ਕੀਮਤੀ ਮਿੰਟ ਦੇਕੇ ਮੇਰੀ ਬੇਨਤੀ ਧਿਆਨ ਨਾਲ ਪੜ੍ਹਨ ਦੀ ਖੇਚਲ ਕਰੋਗੇ। ਅੱਜ ਆਰ.ਐਸ.ਐਸ.ਸਭ ਇਤਿਹਾਸਕ ਗੁਰਦੁਆਰਿਆਂ 'ਤੇ ਕਾਬਜ਼ ਹੋ ਚੁੱਕੀ ਹੈ। ਹਜ਼ੂਰ ਸਾਹਿਬ ਮੈਨੇਜਮੈਂਟ ਬੋਰਡ ਦੇ ਮੌਜੂਦਾ ਪ੍ਰਬੰਧ ਵਿੱਚ ਰਾਸ਼ਟਰੀਆ ਸਿੱਖ ਸੰਗਤ ਨਾਲ ਸਬੰਧਤ ਪੰਜ ਮੈਂਬਰ ਹਨ, ਜੋ ਆਰ.ਐਸ.ਐਸ.ਦੀ ਇਕ ਬਰਾਂਚ ਹੀ ਹੈ। ਉਥੇ ਆਰਤੀਆਂ ਅਤੇ ਦਸਮ ਗਰੰਥ ਦਾ ਪ੍ਰਕਾਸ਼ ਕੀਤੇ ਜਾਂਦੇ ਹਨ। ਇਵੇਂ ਹੀ ਪਟਨਾ ਸਾਹਿਬ ਵਿਖੇ ਆਰ.ਐਸ.ਐਸ.ਕਾਬਜ਼ ਹੈ। ਸਿੱਖ ਕੌਮ ਦੇ ਸਾਰੇ ਅਦਾਰਿਆਂ ਤੇ ਸੰਸਥਾਵਾਂ 'ਤੇ ਆਰ.ਐਸ.ਐਸ.ਕਾਬਜ਼ ਹੋ ਚੁੱਕੀ ਹੈ। ਹੁਣ ਸ਼੍ਰੋਮਣੀ ਕਮੇਟੀ ਦੇ ਪੈਸੇ ਨਾਲ ਹੀ ਸਿੱਖੀ ਦੀ ਫੱਟੀ ਪੋਚੀ ਜਾ ਰਹੀ ਹੈ। ਬ੍ਰਾਹਮਣਵਾਦ ਨੇ ਆਪਣੇ ਵਲੋਂ ਸਿੱਖ ਧਰਮ, ਸਿੱਖ ਇਤਿਹਾਸ, ਸਿੱਖ ਸਭਿਆਚਾਰ ਅਤੇ ਸਿੱਖੀ ਹੋਂਦ 'ਤੇ ਅਜਿਹੀਆਂ ਜਾਨਲੇਵਾ ਕਰਾਰੀਆਂ ਸੱਟਾਂ ਮਾਰੀਆਂ ਹਨ ਕਿ ਸਿੱਖੀ ਕੁਚਲੇ ਜਾਣ ਦੀ ਨੌਬਤ ਤਕ ਪਹੁੰਚ ਗਈ ਹੈ।

ਅੱਜ ਸਿੱਖ ਕੌਮ ਸਹਿਮੀ ਪਈ ਹੈ। ਆਰ.ਐਸ.ਐਸ.ਤੇ ਬਜਰੰਗ ਦਲ ਦੇ ਹਮਲਿਆਂ ਤੋਂ ਡਰ ਕੇ ਪੰਜਾਬੀ ਸੂਬੀ ਦੇ ਛੇ ਜ਼ਿਲਿਆਂ 'ਚ ਸੁੰਗੜੀ ਪਈ ਹੈ ਅਤੇ ਹਿੰਦੂ ਹਾਕਮਾਂ ਦੀ ਦਬੇਲ ਬਣਕੇ, ਪੰਜਾਬੀ ਨੂੰ ਤਿਆਗ ਕੇ, ਰਾਸ਼ਟਰੀ ਭਾਸ਼ਾ ਤੇ ਅੰਗਰੇਜ਼ੀ ਪੜ੍ਹਨ ਲੱਗ ਪਈ ਹੈ। ਸਿੱਖ ਲੀਡਰ ਇਥੋਂ ਤਕ ਭੈਭੀਤ ਹੋ ਚੁੱਕੇ ਹਨ ਕਿ ਸਿੱਖੀ ਦੀ ਗੱਲ ਕਰਨੀ ਜਿਵੇਂ ਕਿ ਜੁਰਮ ਹੋਵੇ। ਫਿਰਕੂ ਹਿੰਦੂਆਂ ਤੋਂ ਇਹ ਕਾਇਰ ਤੇ ਬੁਜ਼ਦਿਲ ਇਤਨੇ ਭੈਭੀਤ ਹੋ ਗਏ ਹਨ ਕਿ ਆਪਣੇ ਪੰਥਕ ਝੰਡੇ ਨੂੰ ਤਿਆਗ ਕੇ ਹਿੰਦੂ ਸਿੱਖ ਏਕਤਾ ਦਾ ਝੰਡਾ ਉਚਾ ਕਰਨ 'ਚ ਫਖਰ ਸਮਝਦੇ ਹਨ।

ਅਸੀਂ ਗ਼ੁਲਾਮੀ ਕਿਉਂ ਕਬੂਲੀ ਹੋਈ ਹੈ ਅਤੇ ਆਪਣੇ ਪੈਰੀ ਆਪ ਗ਼ੁਲਾਮੀ ਦੇ ਸੰਗਲ ਕਿਉਂ ਪਾਈ ਬੈਠੇ ਹਾਂ? ਕੀ ਖ਼ੂਨੀ ਖਲੂਘਾਰਿਆਂ ਦੇ ਵੇਲੜਿਆਂ ਵਿੱਚ ਪੀੜੇ ਜਾਣ ਅਤੇ ਕਹਿਰਾਂ ਦੇ ਵਹਿਸ਼ੀਆਨਾ

ਜ਼ੁਲਮਾਂ ਦੇ ਅਜ਼ਾਬ ਹੰਢਾਉਣ ਉਪਰੰਤ ਅਸੀਂ ਕੋਈ ਸਬਕ ਸਿਖਿਆ? ਕੀ ਅਸੀਂ ਬ੍ਰਾਹਮਣ-ਬਾਣੀਏ ਦੇ ਗ਼ੁਲਾਮ ਰਹਿ ਕੇ ਆਪਣੀ ਨਵੇਕਲੀ ਹੋਂਦ ਆਪ ਖ਼ਤਮ ਕਰਵਾ ਦੇਣੀ ਹੈ?

ਸਾਡੇ ਸਾਹਮਣੇ ਹੁਣ ਦੋ ਹੀ ਰਾਹ ਹਨ। ਇਕ ਤਾਂ ਇਹ ਕਿ ਆਪਣੇ ਵਿਅਕਤੀਗਤ ਹਿਤਾਂ ਨੂੰ ਪਹਿਲ ਦੇਕੇ ਜਿਉਂ ਦੀ ਤਿਉਂ ਹਾਲਤ 'ਚ ਜ਼ਿੰਦਗੀ ਗੁਜ਼ਾਰੀ ਜਾਏ। ਸਮੇਂ ਦੀ ਲਹਿਰ ਨਾਲ ਚਲਿਆ ਜਾਏ, ਦੁਨੀਆ 'ਚ ਜਿਹੜੀ ਵੀ ਜੇਤੂ ਧਿਰ ਹੈ, ਉਸ ਦੇ ਜੀਵਨ ਢੰਗ ਨੂੰ ਅਪਣਾ ਲਿਆ ਜਾਏ, ਜਿਸ ਨਾਲ ਅਸੀਂ ਅਰਾਮ ਦੀ ਜ਼ਿੰਦਗੀ ਤਾਂ ਗੁਜ਼ਾਰ ਸਕਾਂਗੇ, ਪਰ ਸਾਡੀ ਹੋਂਦ ਦਾ ਧੁਰਾ ਬਿਨਸ ਜਾਏਗਾ।

ਦੂਸਰਾ ਰਾਹ ਹੈ ਸਾਡਾ ਸ਼ਾਨਦਾਰ ਵਿਰਸਾ। ਬ੍ਰਹਮੰਡਵਾਦੀ ਜੀਵਨ ਫਲਸਫਾ ਅਤੇ ਉਸ ਅਨੁਸਾਰ ਪੈਦਾ ਕੀਤਾ ਸ਼ਾਨਦਾਰ ਇਤਿਹਾਸ। ਸਾਨੂੰ ਆਪਣੇ ਗੁਰਮਤਿ ਗਾਡੀ ਰਾਹ ਨੂੰ ਵਾਚਣ ਦੀ ਲੋੜ ਹੈ, ਆਪਣੇ ਸ਼ਾਨਦਾਰ ਵਿਰਸੇ ਨੂੰ ਪਛਾਣਨ ਦੀ ਲੋੜ ਹੈ ਅਤੇ ਉਸ ਤੋਂ ਪ੍ਰੇਰਤ ਹੋਕੇ ਵਚਨਬੱਧਤਾ ਨਾਲ ਪੰਥ ਲਈ ਕੁਝ ਕਰਨ ਦੀ ਲੋੜ ਹੈ। ਸਿੱਖ ਇਤਿਹਾਸ ਦੀਆਂ ਘਟਨਾਵਾਂ ਸਾਡੇ ਲਈ ਚਾਨਣ ਮੁਨਾਰੇ ਦਾ ਕੰਮ ਕਰ ਸਕਦੀਆਂ ਹਨ।

ਕਿਸੇ ਕੌਮ ਦਾ ਪਤਨ ਉਦੋਂ ਆਉਂਦਾ ਹੈ ਜਦੋਂ ਉਸ ਕੌਮ ਦੀ ਨੌਜਵਾਨ ਪੀੜੀ ਆਪਣੇ ਕੌਮੀ ਵਿਰਸੇ ਨੂੰ ਪਿੱਠ ਦੇਕੇ ਆਪਣੇ ਕੌਮੀ ਜ਼ਬਤ ਨੂੰ ਤਿਆਗ ਦੇਂਦੀ ਹੈ। ਨੌਜਵਾਨ ਪੀੜੀ ਹੀ ਸਾਡੀ ਕੌਮ ਦੇ ਕੱਲ੍ਹ ਦੇ ਵਾਰਿਸ ਹਨ। ਇਹ ਹੀ ਸਾਡੀ ਕੌਮ ਦਾ ਅਸਲ ਸਰਮਾਇਆ ਹਨ। ਅੱਜ ਦੀ ਸਾਡੀ ਨੌਜਵਾਨ ਪੀੜੀ ਬੜੀ ਤੇਜ਼ੀ ਨਾਲ ਸਿੱਖੀ ਨਾਲੋਂ ਟੁੱਟ ਰਹੀ ਹੈ ਜਿਸ ਦੇ ਜ਼ਿਮੇਵਾਰ ਅਸੀਂ ਹਾਂ। ਨਾ ਸਕੂਲਾਂ, ਕਾਲਜਾਂ ਤੇ ਯੂਨੀਵਰਸਿਟੀਆਂ 'ਚ ਇਹਨਾਂ ਦੇ ਪੜ੍ਹਨ ਲਈ ਕੋਈ ਸਿੱਖ ਸਾਹਿਤ ਹੁੰਦਾ ਹੈ, ਨਾ ਸਾਡੀਆਂ ਅਖਬਾਰਾਂ ਰਿਸਾਲਿਆਂ 'ਚ ਇਹਨਾਂ ਲਈ ਕੁਝ ਹੁੰਦਾ ਹੈ ਅਤੇ ਨਾ ਹੀਂ ਰਮਾਇਣ-ਮਹਾਂਭਾਰਤ ਦੀਆਂ ਮਿਥਿਹਾਸਕ ਕਹਾਣੀਆਂ ਜਾਂ ਇਧਰ-ਉਧਰ ਦੇ ਟੋਟਕੇ ਸੁਣਾ ਕੇ ਡਾਲਰ-ਪੌਂਡ ਇਕੱਠੇ ਕਰਨ ਵਾਲੇ ਕਥਾਕਾਰਾਂ ਦੀਆਂ ਵਿਆਖਿਆਵਾਂ 'ਚ ਹੀ। ਇਹ ਸਿੱਖੀ ਬਾਰੇ ਕਿਥੋਂ ਸਿੱਖਣ? ਕੌਮ ਦੀ ਇਸ ਘਾਟ ਨੂੰ ਸਾਹਮਣੇ ਰੱਖ ਕੇ ਅਸੀਂ ਵਿਗਿਆਨਕ ਸਿੱਖ ਸਾਹਿਤ ਪੈਦਾ ਕਰਨ ਦਾ ਕੰਮ ਅਰੰਭਿਆ ਹੋਇਆ ਹੈ।

ਸਿੱਖ ਧਰਮ, ਸਿੱਖ ਸਭਿਆਚਾਰ, ਸਿੱਖ ਇਤਿਹਾਸ ਅਤੇ ਸਿੱਖ ਅਜ਼ਾਦੀ ਦੀ ਜੱਦੋਜਹਿਦ ਸਬੰਧੀ ਘੱਟ ਤੋਂ ਘੱਟ ਕੀਮਤ ਨਾਲ ਵੱਧ ਤੋਂ ਵੱਧ ਵਿਗਿਆਨਕ ਸਾਹਿਤ ਪੈਦਾ ਕਰਨਾ ਸਾਡਾ ਨਿਸ਼ਾਨਾ ਹੈ। ਸਿੱਖ ਕੌਮ ਦੇ

ਨਿਧੜਕ ਲੇਖਕ ਸ.ਸਰੂਪ ਸਿੰਘ ਜੀ ਨਾਰੰਗ ਅਤੇ ਪ੍ਰੋਫੈਸਰ ਬਲਵਿੰਦਰਪਾਲ ਸਿੰਘ ਜੀ ਵਰਗੇ ਵਿਦਵਾਨ ਲੇਖਕਾਂ ਦਾ ਸਾਨੂੰ ਪੂਰਾ ਸਹਿਯੋਗ ਹਾਸਲ ਹੈ। ਸਾਨੂੰ ਫੌਰੀ ਲੋੜ ਹੈ ਵਿਅਕਤੀਗਤ ਕੌਮ ਦਰਦੀ ਗੁਰਸਿੱਖਾਂ, ਸੂਝਵਾਨ ਗੁਰਦੁਆਰਿਆਂ ਦੇ ਪ੍ਰਬੰਧਕਾਂ ਅਤੇ ਸਿੱਖ ਅਦਾਰਿਆਂ ਦੇ ਸਹਿਯੋਗ ਦੀ, ਤਾਂ ਜੋ ਅਸੀਂ ਵੱਧ ਤੋਂ ਵੱਧ ਨਰੋਆ ਸਾਹਿਤ ਪੈਦਾ ਕਰ ਸਕੀਏ।

ਹਰ ਅਜਿਹੇ ਕੌਮੀ ਕੰਮ 'ਚ ਕੌਮ ਦੇ ਹਰ ਸੁਹਿਰਦ ਮੈਂਬਰ ਦਾ ਯੋਗਦਾਨ ਪਾਣਾ ਕੌਮੀ ਫਰਜ਼ ਬਣਦਾ ਹੈ। ਜਿਸ ਤਰ੍ਹਾਂ ਦਾ ਵੀ ਕੋਈ ਯੋਗਦਾਨ ਪਾ ਸਕਦਾ ਹੈ, ਉਹ ਆਪਣੀ ਯੋਗਤਾ ਮੁਤਾਬਕ ਜ਼ਰੂਰ ਯੋਗਦਾਨ ਪਾਏ। ਸਭ ਦੇ ਸਹਿਯੋਗ ਨਾਲ ਹੀ ਅਜਿਹੇ ਕੌਮੀ ਕੰਮ ਸਿਰੇ ਚੜ੍ਹਦੇ ਹਨ। ਇਸ 'ਚ ਮਾਇਆ ਦੇ ਯੋਗਦਾਨ ਦੀ ਵੀ ਜ਼ਰੂਰਤ ਹੈ। ਇਸ ਮਹਾਨ ਕੰਮ 'ਚ ਜਿੱਥੇ ਲੇਖਕ ਨਿਸ਼ਕਾਮ ਸੇਵਾ ਕਰ ਰਹੇ ਹਨ, ਉਥੇ ਅਸੀਂ ਵੀ ਕੁਝ ਮੈਂਬਰ ਆਪਣੇ ਵਲੋਂ ਯੋਗਤਾ ਅਨੁਸਾਰ ਮਾਇਆ ਦੀ ਸੇਵਾ ਕਰ ਰਹੇ ਹਾਂ। ਸਾਡੇ ਲੇਖਕਾਂ ਨੇ ਵੀ ਕੁਝ ਮਾਇਕ ਯੋਗਦਾਨ ਪਾਉਣ ਦੀ ਇੱਛਾ ਪ੍ਰਗਟ ਕੀਤੀ ਹੈ।

ਇਸ ਦੇ ਨਾਲ ਹੀ ਕਰੋੜਾਂ 'ਚ ਪੰਥ ਤੋਂ ਵਿਛੜੇ ਸਿਕਲੀਗਰ ਤੇ ਵਣਜਾਰੇ ਸਿੱਖਾਂ 'ਚ ਸਿੱਖੀ ਦੇ ਪ੍ਰਚਾਰ ਦੀ ਸੇਵਾ ਵੀ ਅਸੀਂ ਕਰ ਰਹੇ ਹਾਂ। ਉਨ੍ਹਾਂ ਵਾਸਤੇ ਗੁਰਦੁਆਰੇ ਬਣਵਾਏ ਜਾ ਰਹੇ ਹਨ, ਉਨ੍ਹਾਂ ਦੀ ਪੜ੍ਹਾਈ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ ਅਤੇ ਉਨ੍ਹਾਂ 'ਚ ਸਿੱਖੀ ਪ੍ਰਚਾਰ ਕੀਤਾ ਜਾ ਰਿਹਾ ਹੈ। ਇਸ ਸੇਵਾ 'ਚ ਵੀ ਯੋਗਦਾਨ ਪਾਉਣ ਵਾਲਿਆਂ ਦੀ ਲੋੜ ਹੈ। ਅਸੀਂ ਜਿਹੜੀਆਂ ਪਹਿਲੀਆਂ ਪੁਸਤਕਾਂ ਛਪਵਾਈਆਂ ਹਨ, ਉਹ ਸਾਥੋਂ ਮੰਗਵਾਈਆਂ ਜਾ ਸਕਦੀਆਂ ਹਨ ਜਿਹੜੀਆਂ ਕਿ ਰੌਂਗਟੇ ਖੜੇ ਕਰ ਦੇਣ ਵਾਲੀਆਂ ਪੁਸਤਕਾਂ ਹਨ।

ਕਿਵੇਂ ਸਿੱਖ ਕੌਮ ਦੀ ਹਰ ਸੰਸਥਾ 'ਤੇ ਸਰਕਾਰੀ ਗ਼ਦਾਰਾਂ ਦਾ ਟੋਲਾ ਕਾਬਜ਼ ਰਿਹਾ ਹੈ? ਸਿੱਖ ਕੌਮ ਅੰਦਰ ਸੁਹਿਰਦ ਲੀਡਰਾਂ ਦੀ ਘਾਟ ਕਿਉਂ ਰਹੀ ਅਤੇ ਗ਼ਦਾਰਾਂ ਦੀ ਭਰਮਾਰ ਕਿਉਂ ਹੈ? ਸਿੱਖ ਕੌਮ ਦਾ ਬੇੜਾ ਖੋਭਣ ਵਾਲੇ ਕੌਣ? ਹੁਣ ਕੌਮ ਨਿਰਾਸ਼ਾ ਦੀ ਖੱਡ ਵਿੱਚੋਂ ਕਿਵੇਂ ਨਿਕਲੇ? ਆਦਿਕ ਹਜ਼ਾਰਾਂ ਹੋਰ ਅਜਿਹੇ ਸਵਾਲਾਂ ਦੇ ਗੁਰਮਤਿ ਚਿੰਤਨ ਦੀ ਰੋਸ਼ਨੀ ਵਿੱਚ, ਇਤਿਹਾਸਕ ਹਵਾਲਿਆਂ ਨਾਲ, ਅੰਕੜਿਆਂ ਨਾਲ ਅਤੇ ਦਲੀਲਾਤਮਕ ਢੰਗ ਨਾਲ ਜਵਾਬ ਪੜ੍ਹਨ ਲਈ ਸਾਡੀਆਂ ਹੇਠ ਲਿਖੀਆਂ ਛਪ ਚੁੱਕੀਆਂ ਪੁਸਤਕਾਂ ਮੰਗਵਾ ਕੇ ਪੜ੍ਹੋ-

1) ਬਹਾਦਰ ਸਿੱਖ ਕੌਮ ਕਿਵੇਂ ਪਿੰਜਰੇ ਵਿੱਚ ਪਈ? ਪੰਜਾਬੀ

2) ਖ਼ਾਲਸੇ ਦੀ ਸਾਜਨਾ ਦਾ 300ਵਾਂ ਜਨਮ ਦਿਹਾੜਾ ਪੰਜਾਬੀ

3) **Khalsa : The saint soldier**
The ideal man of Guru Nanak **English**

4) **Miri Piri : The cosmic concept of**
balanced way of life. **English**

5) **The Divine message of Guru Nanak can**
save the human race from a catastrophic end. **English**

ਨਵੀਆਂ ਛਪਵਾਈਆਂ ਜਾ ਰਹੀਆਂ ਪੁਸਤਕਾਂ:

1) ਗੁਰਮਤਿ ਇਨਕਲਾਬ ਪ੍ਰੋ: ਬਲਵਿੰਦਰਪਾਲ ਸਿੰਘ

2) ਪੰਜਾਬ ਬਰਬਾਦੀ ਦੇ ਰਾਹ ਤੇ

3) ਸਿੱਖ ਨਸਲਕੁਸ਼ੀ ਤੇ ਚੁਰਾਸੀ ਦੇ ਘੱਲੂਘਾਰੇ ਸ. ਸਰੂਪ ਸਿੰਘ ਨਾਰੰਗ

4) 'ਸਿੱਖ ਨਸਲਕੁਸ਼ੀ ਤੇ ਖੂਨੀ ਸਿੱਖ ਸੰਘਰਸ਼'
(ਸਿੱਖ ਨਸਲਕੁਸ਼ੀ ਦਾ ਚੌਥਾ ਦੌਰ –
1985 ਤੋਂ 1995) ਸ. ਸਰੂਪ ਸਿੰਘ ਨਾਰੰਗ


5) ਇਥੋਂ ਹੁਣ ਕਿਧਰ ਨੂੰ? ਸ. ਸਰੂਪ ਸਿੰਘ ਨਾਰੰਗ


ਸਤਿਕਾਰ ਸਹਿਤ ਆਪ ਜੀ ਵਲੋਂ ਸਹਿਯੋਗ ਦੀ ਆਸ 'ਚ,

ਗੁਰੂ ਪੰਥ ਦਾ ਦਾਸ,

ਭਾਈ ਤਰਸੇਮ ਸਿੰਘ ਦਿਉਲ
Guru Nanak Parkashan Academy,
P.O. Box 621,
Willenhall, West Midland. WV 13 2 YS
Tel: 01902 608306
Email : Deol _bsc @ hotmail . com

ਸਿੱਖ ਨਸਲਕੁਸ਼ੀ ਦਾ ਇਤਿਹਾਸ





ਪੰਥ ਦਾ ਮਹਾਨ ਸ਼ਹੀਦ
ਮਨੁੱਖੀ ਅਧਿਕਾਰਾਂ ਦਾ ਚੈਂਪੀਅਨ ਜਿਸ ਨੇ
25000 ਲਾਸ਼ਾਂ ਦਾ ਪਾਜ਼ ਉਧੇੜਿਆ

ਭਾਈ ਜਸਵੰਤ ਸਿੰਘ ਖਾਲੜਾ

ਸਿੱਖ ਨਸਲਕੁਸ਼ੀ ਦਾ ਇਤਿਹਾਸ (ਜੂਨ '84)




ਬਾਬਾ ਠਾਰਾ ਸਿੰਘ,ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਅਤੇ ਭਾਈ ਅਮਰੀਕ ਸਿੰਘ



ਜਨਰਲ ਸੁਬੇਗ ਸਿੰਘ



ਭਾਈ ਸਤਵੰਤ ਸਿੰਘ ਤੇ ਭਾਈ ਬੇਅੰਤ ਸਿੰਘ



ਭਾਈ ਸੁੱਖਦੇਵ ਸਿੰਘ ਤੇ ਭਾਈ ਹਰਜਿੰਦਰ ਸਿੰਘ ਜਿੰਦਾ



ਸ਼ਹੀਦ ਭਾਈ ਕੇਹਰ ਸਿੰਘ

ਸਿੱਖ ਨਸਲਕੁਸ਼ੀ ਦਾ ਇਤਿਹਾਸ



ਭਾਈ ਗੁਰਮੁੱਖ ਸਿੰਘ ਗੜ੍ਹਵਈ



ਜਥੇਦਾਰ ਸੁਜਾਨ ਸਿੰਘ ਮਨਾਵਾਂ



ਜਥੇਦਾਰ ਰਾਮ ਸਿੰਘ ਸੁਲਤਾਨਪੁਰੀ



ਗਿਆਨੀ ਜੋਗਿੰਦਰ ਸਿੰਘ



ਭਾਈ ਦਲਬੀਰ ਸਿੰਘ ਅਭਿਆਸੀ



ਭਾਈ ਕਾਬਲ ਸਿੰਘ ਮੱਲਕਟੋਰਾ



ਭਾਈ ਸਵਰਨ ਸਿੰਘ ਰੋਡੇ



ਭਾਈ ਹਰਚਰਨ ਸਿੰਘ ਮੁਕਤਾ



ਜਥੇਦਾਰ ਮੋਹਰ ਸਿੰਘ



ਜਥੇਦਾਰ ਸੁਰਿੰਦਰ ਸਿੰਘ ਵਡਿੰਗ



ਭਾਈ ਰਛਪਾਲ ਸਿੰਘ ਪੀ.ਏ.



ਭਾਈ ਮੇਜਰ ਸਿੰਘ ਨਾਗੋਕੇ

ਸਿੱਖ ਨਸਲਕੁਸ਼ੀ ਦਾ ਇਤਿਹਾਸ



ਭਾਈ ਤਰਲੋਚਨ ਸਿੰਘ



ਭਾਈ ਸ਼ਾਮ ਸਿੰਘ ਮਕੂਦੜਾਂ



ਬਾਪੂ ਗੁਰਦਿਆਲ ਸਿੰਘ ਫੌਜੀ



ਭਾਈ ਸੁਰਿੰਦਰ ਸਿੰਘ ਢਲੀਪੁਰ



ਭਾਈ ਨੰਦ ਸਿੰਘ ਮਹਿਤਾ



ਭਾਈ ਸ਼ੇਰ ਸਿੰਘ



ਭਾਈ ਤੇਜਾ ਸਿੰਘ



ਭਾਈ ਅਜੈਬ ਸਿੰਘ ਡਰਾਇਵਰ




ਭਾਈ ਰਸਾਲ ਸਿੰਘ ਫਿਰੋਜ਼ਪੁਰ



ਭਾਈ ਬਲਵਿੰਦਰ ਸਿੰਘ ਵੜੈਂਗ



ਭਾਈ ਪਿਆਰਾ ਸਿੰਘ



ਭਾਈ ਕਸ਼ਮੀਰ ਸਿੰਘ

ਸਿੱਖ ਨਸਲਕੁਸ਼ੀ ਦਾ ਇਤਿਹਾਸ



ਭਾਈ ਤਰਲੋਚਨ ਸਿੰਘ



ਭਾਈ ਸ਼ਾਮ ਸਿੰਘ ਮਕੂਦੜਾਂ



ਬਾਪੂ ਗੁਰਦਿਆਲ ਸਿੰਘ ਫੌਜੀ



ਭਾਈ ਸੁਰਿੰਦਰ ਸਿੰਘ ਢਲੀਪੁਰ



ਭਾਈ ਨੰਦ ਸਿੰਘ ਮਹਿਤਾ



ਭਾਈ ਸ਼ੇਰ ਸਿੰਘ



ਭਾਈ ਤੇਜਾ ਸਿੰਘ



ਭਾਈ ਅਜੈਬ ਸਿੰਘ ਡਰਾਇਵਰ



ਭਾਈ ਰਸਾਲ ਸਿੰਘ ਫਿਰੋਜ਼ਪੁਰ



ਭਾਈ ਬਲਵਿੰਦਰ ਸਿੰਘ ਵੜਿੰਗ



ਭਾਈ ਪਿਆਰਾ ਸਿੰਘ



ਭਾਈ ਕਸ਼ਮੀਰ ਸਿੰਘ

ਸਿੱਖ ਨਸਲਕੁਸ਼ੀ ਦਾ ਇਤਿਹਾਸ



ਭਾਈ ਤਰਲੋਚਨ ਸਿੰਘ



ਭਾਈ ਸ਼ਾਮ ਸਿੰਘ ਮਕੂਦੜਾਂ



ਬਾਪੂ ਗੁਰਦਿਆਲ ਸਿੰਘ ਫੌਜੀ



ਭਾਈ ਸੁਰਿੰਦਰ ਸਿੰਘ ਢਲੀਪੁਰ



ਭਾਈ ਨੰਦ ਸਿੰਘ ਮਹਿਤਾ



ਭਾਈ ਸ਼ੇਰ ਸਿੰਘ



ਭਾਈ ਤੇਜਾ ਸਿੰਘ



ਭਾਈ ਅਜੈਬ ਸਿੰਘ ਡਰਾਇਵਰ




ਭਾਈ ਰਸਾਲ ਸਿੰਘ ਫਿਰੋਜ਼ਪੁਰ



ਭਾਈ ਬਲਵਿੰਦਰ ਸਿੰਘ ਵੜੈਂਗ



ਭਾਈ ਪਿਆਰਾ ਸਿੰਘ



ਭਾਈ ਕਸ਼ਮੀਰ ਸਿੰਘ



Servants of the Panth

British Sikh Council UK

P.O. Box 621, Willenhall, West Midlands, WV13 2RL

Tel: 01902 608 306 – 07968 128166

www.britishsikhcouncil.org.uk